www.sikhbookclub.com

ਉਦਾਸੀ ਸੰਪ੍ਰਦਾਇ

ਉਦਭਵ ਤੇ ਵਿਕਾਸ

ਡਾ. ਪਰਮਜੀਤ ਸਿੰਘ ਮਾਨਸਾ

www.sikhbookclub.com

ਉਦਾਸੀ ਸੰਪ੍ਰਦਾਇ, ਸਿੱਖ ਧਰਮ ਦੀ ਇਕ ਪ੍ਰਮੁੱਖ ਸੰਪ੍ਰਦਾਇ ਹੈ, ਜਿਸ ਦੀ ਨੀਂਹ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਰੱਖੀ ਸੀ। 'ਉਦਾਸੀ' ਤੋਂ ਭਾਵ ਹੈ, ਆਤਮ-ਸੰਜਮੀ ਮਨੁੱਖ, ਜੋ ਸੰਸਾਰਕ ਮੋਹ-ਮਾਇਆ ਤੋਂ ਵਿਰੱਕਤ ਜਾਂ ਬੇਪਰਵਾਹ ਹੈ। ਗੁਰੂ ਨਾਨਕ ਦੇਵ ਜੀ ਦਾ ਸਪੁੱਤਰ ਹੋਣ ਦੇ ਨਾਤੇ, ਗੁਰੂ-ਪਰੰਪਰਾ ਵਿਚ ਬਾਬਾ ਸ੍ਰੀ ਚੰਦ ਜੀ ਦਾ ਮਾਣ-ਸਤਿਕਾਰ ਬਣਿਆ ਰਿਹਾ ਅਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਬਾਬਾ ਜੀ ਦੀ ਸੇਵਾ ਵਿਚ ਸਮਰਪਿਤ ਕਰ ਦਿੱਤਾ ਸੀ। ਬਾਬਾ ਗੁਰਦਿੱਤਾ ਜੀ ਨੇ ਸੰਪ੍ਰਦਾਇ ਦੇ ਪ੍ਰਚਾਰ ਨੂੰ ਵਿਵਸਥਿਤ ਰੂਪ ਦਿੱਤਾ ਅਤੇ ਉਦਾਸੀ ਮਹਾਂਪੁਰਖ ਦੇਸ਼ ਦੇ ਕਈ ਕੋਨਿਆਂ ਵਿਚ ਲੋਕ-ਸੇਵਾ ਤੇ ਧਰਮ-ਪ੍ਰਚਾਰ ਲਈ ਜੁਟੇ ਰਹੇ।

ਅਠਾਰ੍ਹਵੀਂ ਸਦੀ ਵਿਚ ਸਿੱਖ ਪੰਥ ਦੇ ਜ਼ਾਲਮ ਹਕੂਮਤ ਨਾਲ ਲਹੂ-ਵੀਟਵੇਂ ਸੰਘਰਸ਼ ਦੌਰਾਨ ਉਦਾਸੀ ਸੰਤਾਂ ਨੇ ਸਿੱਖ ਗੁਰਧਾਮਾਂ ਦੀ ਸੇਵਾ-ਸੰਭਾਲ ਵੀ ਕੀਤੀ ਤੇ ਧਰਮ- ਪ੍ਰਚਾਰ ਦਾ ਕਾਰਜ ਨਿਰੰਤਰ ਜਾਰੀ ਰੱਖ ਕੇ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਗੁਰਬਾਣੀ ਨਾਲ ਜੋੜੀ ਰੱਖਿਆ। ਗੁਰਬਾਣੀ ਦੀ ਵਿਆਖਿਆ ਸੰਬੰਧੀ ਉਦਾਸੀ ਵਿਦਵਾਨਾਂ ਦਾ ਯੋਗਦਾਨ ਉਲੇਖਨੀਯ ਰਿਹਾ ਹੈ ਤੇ ਸਿੱਖ-ਸਾਹਿਤ ਪ੍ਰਤਿ ਉਨ੍ਹਾਂ ਦੀ ਦੇਣ ਮਹੱਤਵਪੂਰਣ ਹੈ। ਪਰੰਤੂ 1925 ਦੇ ਗੁਰਦੁਆਰਾ ਐਕਟ ਬਣਨ ਤੋਂ ਬਾਅਦ ਜ਼ਿਆਦਾਤਰ ਉਦਾਸੀ ਡੇਰੇ/ਅਖਾੜੇ ਸਿੱਖੀ ਮੁੱਖਧਾਰਾ ਤੋਂ ਦੂਰ ਹੁੰਦੇ ਗਏ। ਪਰੰਤੂ ਹੁਣ ਵੀ ਪੂਰੇ ਦੇਸ਼ ਵਿਚ ਇਨ੍ਹਾਂ ਡੇਰਿਆਂ/ਅਖਾੜਿਆਂ ਵੱਲੋਂ ਲੋਕ-ਸੇਵਾ ਤੇ ਧਰਮ-ਪ੍ਰਚਾਰ ਦਾ ਕਾਰਜ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਦੇ ਲੋਕ-ਧਰਮ ਉੱਤੇ ਇਨ੍ਹਾਂ ਦਾ ਚੋਖਾ ਪ੍ਰਭਾਵ ਹੈ।

ਹੱਥਲੀ ਪੁਸਤਕ ਇਸ ਸੰਪ੍ਰਦਾਇ ਦੇ ਇਤਿਹਾਸ, ਦਾਰਸ਼ਨਿਕ ਪਰਿਪੇਖ ਅਤੇ ਰਹੁ-ਰੀਤਾਂ ਆਦਿ ਬਾਰੇ ਪ੍ਰਾਥਮਿਕ ਸਰੋਤਾਂ ਦੇ ਆਧਾਰ 'ਤੇ ਪ੍ਰਮਾਣਿਕ ਜਾਣਕਾਰੀ ਮੁਹੱਈਆ ਕਰਵਾਂਦੀ ਹੈ ਅਤੇ ਸੰਪ੍ਰਦਾਇ ਦੇ ਡੇਰਿਆਂ/ਮਹਾਂਪੁਰਖਾਂ ਬਾਰੇ ਵਿਸਤ੍ਰਿਤ ਵੇਰਵੇ ਵੀ ਪ੍ਰਸਤੁਤ ਕਰਦੀ ਹੈ, ਜਿਨ੍ਹਾਂ ਤੋਂ ਇਸ ਸੰਪ੍ਰਦਾਇ ਵੱਲੋਂ ਸਿੱਖੀ ਪ੍ਰਚਾਰ ਲਈ ਪਾਏ ਯੋਗਦਾਨ ਦੀ ਟੋਹ ਮਿਲਦੀ ਹੈ।

www.sikhbookclub.com

ਉਦਾਸੀ ਸੰਪ੍ਰਦਾਇ

ਉਦਭਵ ਤੇ ਵਿਕਾਸ

www sikhbookclub.com

ਏਸੇ ਕਲਮ ਤੋਂ :

ਪੁਸਤਕਾਂ :

- *ਪੰਡਿਤ ਤਾਰਾ ਸਿੰਘ ਨਰੋਤਮ : ਜੀਵਨ, ਰਚਨਾ ਤੇ ਸਿਧਾਂਤ* (2008)
- *ਸੋ ਕਿਉ ਮੰਦਾ ਆਖੀਐ* (2009)
- *ਨਿਰਮਲ ਪੰਥ ਦਾ ਇਤਿਹਾਸ* (ਦੋ ਭਾਗ - 2009)
- *ਅਨੰਦ ਕਾਰਜ ਸੰਸਕਾਰ : ਖ਼ਾਲਸਾ ਬਿਵਾਹ ਪੱਧਤ ਦੇ ਪਰਿਪੇਖ ਵਿਚ* (2010)
- *ਨਿਰਮਲੇ ਸੰਤਾਂ ਦੀ ਪੰਜਾਬੀ ਸਾਹਿਤ ਨੂੰ ਦੇਣ* (2012)
- *ਭਾਈ ਮਹਾਰਾਜ ਸਿੰਘ : ਜੀਵਨ ਤੇ ਸ਼ਹਾਦਤ* (2014)
- *ਪੰਡਿਤ ਈਸ਼ਰ ਸਿੰਘ : ਜੀਵਨ, ਰਚਨਾ ਤੇ ਸਿਧਾਂਤ* (2016)
- *ਜਪੁਜੀ ਸਾਹਿਬ : ਬਹੁਪੱਖੀ ਅਧਿਐਨ ਤੇ ਵਿਆਖਿਆ* (2020)

ਟ੍ਰੈਕਟ :

- *ਚੜ੍ਹਿਆ ਸੋਧਣਿ ਧਰਤਿ ਲੁਕਾਈ* (2019)
- *ਕਲਿ ਤਾਰਣ ਗੁਰ ਨਾਨਕ ਆਇਆ* (2019)
- *ਸਤਿਗੁਰ ਨਾਨਕ ਪ੍ਰਗਟਿਆ* (2019)

ਛਪਾਈ ਅਧੀਨ :

- *ਪੰਡਿਤ ਗਣੇਸ਼ਾ ਸਿੰਘ : ਜੀਵਨ, ਰਚਨਾ ਤੇ ਸਿਧਾਂਤ*
- *ਨਿਰਮਲ ਪੰਥ ਪ੍ਰਦੀਪਕਾ ਦੀ ਸੰਪਾਦਨਾ*
- *ਸ੍ਰੀ ਗੁਰ ਤੀਰਥ ਸੰਗ੍ਰਹਿ ਦੀ ਸੰਪਾਦਨਾ*
- *ਸ੍ਰੀ ਗੁਰਮਤਿ ਨਿਰਣਯ ਸਾਗਰ ਦੀ ਸੰਪਾਦਨਾ*

www.sikhbookclub.com

ਉਦਾਸੀ ਸੰਪ੍ਰਦਾਇ

ਉਦਭਵ ਤੇ ਵਿਕਾਸ

ਡਾ. ਪਰਮਜੀਤ ਸਿੰਘ ਮਾਨਸਾ

ਸਿੰਘ ਬ੍ਰਦਰਜ਼
ਅੰਮ੍ਰਿਤਸਰ

www sikhbookclub.com

UDASI SAMPARDAI : UDBHAV TE VIKAS
[Origin and Development of Udasis, a Sikh Sect]
by

Dr. PARMJEET SINGH MANSA
HOUSE NO. 104, WARD NO. 4, DHUDIAN WAL ROAD,
BABA DEEP SINGH NAGAR, OPP. GATE NO. 2,
RAIL COACH FACTORY, KAPURTHALA - 144 602
Mob.: 99883-51990

© ਲੇਖਕ

ISBN 81-7205-657-5

ਪਹਿਲੀ ਵਾਰ ਸਤੰਬਰ 2021

ਮੁੱਲ : 400-00 ਰੁਪਏ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006
ਫੋਨ : 0183-2545787, ਮੋਬਾਇਲ : 99150-48005

S.C.O. 223-224, ਸਿਟੀ ਸੈਂਟਰ, ਅੰਮ੍ਰਿਤਸਰ - 143 001
ਫੋਨ : 0183-2543965, 2550739
E-mail : singhbro1@yahoo.co.in
Website : www.singhbrothers.com

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

www sikhbookclub.com

ਸਮਰਪਣ

ਗੁਰਬਾਣੀ ਦੇ ਧੁਰੰਧਰ ਵਿਦਵਾਨ
ਸਰਬ-ਸ਼ਾਸਤ੍ਰ ਨਿਸ਼ਣਾਤ ਵਿਆਖਿਆਨ ਵਾਚਸਪਤੀ
ਸੱਚਖੰਡਵਾਸੀ ਸਵਾਮੀ ਸੰਤ ਦਾਸ ਜੀ
ਤੇ
ਸਵਾਮੀ ਈਸ਼ਵਰ ਦਾਸ ਜੀ
ਨੂੰ
ਅਤਿ ਸ਼ਰਧਾ ਸਹਿਤ ਸਤਿਕਾਰ

www sikhbookclub.com

www.sikhbookclub.com

ਤਤਕਰਾ

ਹਉ ਮੂਰਖੁ ਕਾਰੈ ਲਾਈਆ —ਲੇਖਕ 9

ਦੋ ਸ਼ਬਦ —ਰਤਨ ਸਿੰਘ ਜੱਗੀ 10

ਭੂਮਿਕਾ —ਲੇਖਕ 13

- ਅਧਿਆਇ ਪਹਿਲਾ
  ਤਤਕਾਲੀਨ ਪਰਿਸਥਿਤੀਆਂ 31
- ਅਧਿਆਇ ਦੂਜਾ
  ਉਦਾਸੀ ਸੰਪ੍ਰਦਾਇ ਦਾ ਉਦਭਵ ਤੇ ਵਿਕਾਸ 52
- ਅਧਿਆਇ ਤੀਜਾ
  ਬਾਬਾ ਸ੍ਰੀ ਚੰਦ ਜੀ : ਜੀਵਨ ਬ੍ਰਿਤਾਂਤ ਅਤੇ ਉਦਾਸੀ ਸੰਪ੍ਰਦਾ 70
- ਅਧਿਆਇ ਚੌਥਾ
  ਉਦਾਸੀਨ ਸੰਪ੍ਰਦਾਇ ਦੇ ਸਤੰਭ : ਚਾਰ ਧੂਣੇ ਅਤੇ ਛੇ ਬਖ਼ਸ਼ਿਸ਼ਾਂ 89
- ਅਧਿਆਇ ਪੰਜਵਾਂ
  ਉਦਾਸੀ ਸੰਤਾਂ ਦੇ ਪ੍ਰਸਿੱਧ ਡੇਰੇ 150
- ਅਧਿਆਇ ਛੇਵਾਂ
  ਉਦਾਸੀ ਸੰਪ੍ਰਦਾਇ ਦੇ ਪ੍ਰਸਿੱਧ ਸੰਤ 216
- ਅਧਿਆਇ ਸੱਤਵਾਂ
  ਉਦਾਸੀ ਸੰਤਾਂ ਦੀਆਂ ਰਹੁ-ਰੀਤਾਂ ਤੇ ਦਾਰਸ਼ਨਿਕ ਸਿਧਾਂਤਾਂ ਪ੍ਰਤੀ ਪਹੁੰਚ 238
- ਅਧਿਆਇ ਅੱਠਵਾਂ
  ਮਾੜ੍ਹਿਆਂ ਦਾ ਅਧਿਆਤਮਕ ਪਰਿਪੇਖ 260
- ਅਧਿਆਇ ਨੌਂਵਾਂ
  ਉਦਾਸੀ ਸੰਤਾਂ ਦਾ ਸਿੱਖ ਧਰਮ ਦੇ ਪ੍ਰਚਾਰ ਵਿਚ ਯੋਗਦਾਨ 276

www sikhbookclub.com

- ਅਧਿਆਇ ਦਸਵਾਂ
  ਉਦਾਸੀ ਸੰਤਾਂ ਦੀ ਗੁਰਬਾਣੀ ਵਿਆਖਿਆਕਾਰੀ ਪ੍ਰਤੀ ਪਹੁੰਚ 302
- ਅਧਿਆਇ ਗਿਆਰ੍ਹਵਾਂ
  ਉਦਾਸੀ ਸੰਤਾਂ ਵੱਲੋਂ ਬਿਹਾਰ ਵਿਚ ਗੁਰਮਤਿ ਪ੍ਰਚਾਰ 330
- ਅਧਿਆਇ ਬਾਰ੍ਹਵਾਂ
  ਉਦਾਸੀ ਸੰਤਾਂ ਦੀ ਪੰਜਾਬੀ ਸਾਹਿਤ ਨੂੰ ਦੇਣ 339
- ਅਧਿਆਇ ਤੇਰ੍ਹਵਾਂ
  ਸ੍ਰੀ ਪੰਚਾਇਤੀ ਅਖਾੜਾ (ਬੜਾ) ਉਦਾਸੀਨ ਨਿਰਵਾਣ 352

ਅੰਤਿਕਾ :
ਉਦਾਸੀਨ ਆਸ਼ਰਮ ਪ੍ਰੀਤਮ ਭਵਨ, ਜਲੰਧਰ (ਇਕ ਸੰਖੇਪ ਪਰਿਚਯ) 371

www.sikhbookclub.com

ਹਉ ਮੂਰਖੁ ਕਾਰੈ ਲਾਈਆ

ਮੈਂ ਜਲੰਧਰ ਪ੍ਰੈੱਸ ਕਲੱਬ ਵਿਖੇ ਕਿਤਾਬ ਲੋਕ ਆਰੋਪਣ ਸਮਾਗਮ 'ਤੇ ਗਿਆ ਸੀ। ਇਹ ਸਮਾਗਮ ਸ. ਕਰਮਜੀਤ ਸਿੰਘ ਜੀ ਇੰਜੀਨੀਅਰ ਸਾਹਿਬ ਨੇ ਆਯੋਜਿਤ ਕੀਤਾ ਸੀ। ਉਹਨਾਂ ਨੇ ਇਸ ਸਮਾਗਮ ਵਿਚ ਆਪਣੇ ਪਿਤਾ ਜੀ ਸ. ਰਣਜੀਤ ਸਿੰਘ 'ਖੜਗ' ਜੀ ਵੱਲੋਂ ਲਿਖੇ ਲੇਖਾਂ ਨੂੰ ਸੰਪਾਦਿਤ ਕਰ ਕੇ ਦੋ ਕਿਤਾਬਾਂ ਦੀ ਸੁੰਦਰ ਸਿਰਜਣਾ ਕੀਤੀ ਸੀ। ਇਕ ਕਿਤਾਬ *ਨਾਨਕ ਸ਼ਾਇਰ ਇਵ ਕਹਿਆ* ਅਤੇ ਦੂਸਰੀ *ਸਿੱਖ ਇਤਿਹਾਸ ਦੇ ਕੁਝ ਅਣਫਰੋਲੇ ਪੱਤਰੇ* ਦਾ ਰੀਲੀਜ਼ (ਲੋਕ ਆਰੋਪਣ) ਸਮਾਗਮ ਸੀ। ਇਸ ਸ਼ੁੱਭ ਅਵਸਰ 'ਤੇ ਪਤਵੰਤੇ ਤੇ ਵਿਦਵਾਨ ਸੱਜਣ ਪਹੁੰਚੇ ਹੋਏ ਸਨ। ਇਸ ਸਮਾਗਮ ਦੇ ਮੁੱਖ ਮਹਿਮਾਨ ਸਵਾਮੀ ਸ਼ਾਂਤਾਨੰਦ ਜੀ ਮਹਾਂਮੰਡਲੇਸ਼ਵਰ ਸ੍ਰੀ ਪ੍ਰੀਤਮ ਭਵਨ ਉਦਾਸੀਨ ਆਸ਼ਰਮ, ਜਲੰਧਰ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਸੋ ਸਮੁੱਚੇ ਸਮਾਗਮ ਦੀ ਸਮਾਪਤੀ ਉਪਰੰਤ ਉਹਨਾਂ ਨੇ ਮੇਰੇ 'ਤੇ ਕਿਰਪਾ ਦ੍ਰਿਸ਼ਟੀ ਪਾਉਂਦੇ ਹੋਏ ਆਪਣੇ ਕੋਲ ਬੁਲਾ ਕੇ ਨਿੱਘਾ ਪਿਆਰ ਬਖ਼ਸ਼ਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਸਵਾਮੀ ਸ਼ਾਂਤਾਨੰਦ ਜੀ ਮਹਾਂਮੰਡਲੇਸ਼ਵਰ ਸ੍ਰੀ ਪ੍ਰੀਤਮ ਭਵਨ ਉਦਾਸੀ ਆਸ਼ਰਮ, ਜਲੰਧਰ ਵੀ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਸਮਾਗਮ ਦੀ ਸਮਾਪਤੀ ਉਪਰੰਤ ਉਹਨਾਂ ਨੇ ਆਪਣੀ ਦਿੱਬ-ਦ੍ਰਿਸ਼ਟੀ ਮੇਰੇ 'ਤੇ ਵਰਸਾਉਂਦੇ ਹੋਏ ਆਪਣੇ ਕੋਲ ਬੁਲਾ ਕੇ ਨਿੱਘਾ ਪਿਆਰ ਬਖ਼ਸ਼ਿਆ। ਮੈਂ ਉਚਿਤ ਮੌਕਾ ਜਾਣ ਕੇ ਉਹਨਾਂ ਨੂੰ ਆਪਣੇ ਮਨ ਦਾ ਸੰਕਲਪ ਵਿਅਕਤ ਕੀਤਾ ਕਿ ਮੈਂ ਉਦਾਸੀ ਸੰਪ੍ਰਦਾ ਬਾਰੇ ਵੀ ਕਿਤਾਬ ਲਿਖਣੀ ਚਾਹੁੰਦਾ ਹਾਂ, ਕਿਉਂਕਿ ਮੈਂ ਪਹਿਲਾਂ ਨਿਰਮਲ ਸੰਪ੍ਰਦਾਇ ਬਾਰੇ ਖੋਜ ਕਾਰਜ ਕਰ ਰਿਹਾ ਹਾਂ। ਇਸ ਲਈ ਮੇਰੇ ਮਨ ਦਾ ਸੰਕਲਪ ਸੀ ਕਿ ਉਦਾਸੀ ਸੰਪ੍ਰਦਾ 'ਤੇ ਵੀ ਖੋਜ ਭਰਪੂਰ ਕਿਤਾਬ ਲਿਖੀ ਜਾਵੇ। ਸੋ, ਸਵਾਮੀ ਜੀ ਨੇ ਆਪਣੀ ਨਦਰ-ਏ-ਰਹਿਮਤ ਆਪਣਾ ਆਸ਼ੀਰਵਾਦ ਮੈਨੂੰ ਬਖ਼ਸ਼ਿਆ।

ਸੰਤਾਂ-ਮਹਾਂਪੁਰਸ਼ਾਂ ਦੇ ਹੱਥਾਂ ਵਿਚ ਬੇਅੰਤ ਰਹਿਮਤਾਂ ਹੁੰਦੀਆਂ ਹਨ। ਮੈਨੂੰ ਪਤਾ ਸੀ ਕਿ ਇਹ ਕਾਰਜ ਕਠਿਨਾਈਆਂ ਭਰਪੂਰ ਹੈ। ਮੇਰੇ ਵਰਗੇ ਅਲਪ ਬੁੱਧੀ ਦੇ ਧਾਰਨੀ ਲਈ ਇਹ ਕਾਰਜ ਸੰਪੂਰਨ ਕਰਨਾ ਬਹੁਤ ਔਖਾ ਸੀ, ਪਰ ਗੁਰੂ ਮਹਾਰਾਜ ਜੀ ਦੀ ਕਿਰਪਾ ਨਾਲ ਸਫਲ ਹੋ ਗਿਆ। ਬਹੁਤ ਸਾਰੀਆਂ ਕਮੀਆਂ ਰਹਿ ਗਈਆਂ ਹੋਣਗੀਆਂ। ਸੋ, ਪਾਠਕਾਂ ਦੇ ਉਸਾਰੂ ਸੁਝਾਵਾਂ ਨਾਲ ਉਹਨਾਂ ਨੂੰ ਅਗਲੀ ਐਡੀਸ਼ਨ ਵਿਚ ਦੂਰ ਕਰਨ ਦਾ ਯਤਨ ਕਰਾਂਗਾ। ਇਕ ਵਾਰ ਫਿਰ ਸਭ ਦਾ ਧੰਨਵਾਦ।

ਦਾਸਰਾ,

ਪਰਮਜੀਤ ਸਿੰਘ ਮਾਨਸਾ

www.sikhbookclub.com

ਦੋ ਸ਼ਬਦ

ਉਦਾਸੀ ਸੰਪ੍ਰਦਾਇ ਬਾਰੇ ਕਿਸੇ ਵਿਵਸਥਿਤ ਪੁਸਤਕ ਦੀ ਘਾਟ ਸਦਾ ਮਹਿਸੂਸ ਹੁੰਦੀ ਰਹੀ ਹੈ। ਸਹੀ ਜਾਣਕਾਰੀ ਦੇ ਅਭਾਵ ਵਿਚ ਇਸ ਸੰਪ੍ਰਦਾਇ ਦੀ ਜਾਣਕਾਰੀ ਧੁਮਿਲ ਹੁੰਦੀ ਜਾ ਰਹੀ ਸੀ। ਵਕਤ ਆਇਆ ਤਾਂ ਮਹਾਂਮੰਡਲੇਸ਼ਵਰ ਸਵਾਮੀ ਸ਼ਾਂਤਾਨੰਦ ਜੀ ਨੇ ਡਾ. ਪਰਮਜੀਤ ਸਿੰਘ ਮਾਨਸਾ ਵਰਗੇ ਜਗਿਆਸੂ ਨੂੰ ਇਸ ਸੰਪ੍ਰਦਾਇ ਬਾਰੇ ਪੁਸਤਕ ਲਿਖਣ ਲਈ ਪ੍ਰੇਰਿਤ ਕੀਤਾ। ਡਾ. ਮਾਨਸਾ ਨੇ ਜਿਸ ਸਿਦਕ-ਦਿਲੀ ਅਤੇ ਦ੍ਰਿੜ੍ਹਤਾ ਨਾਲ ਪੁਸਤਕ ਲਿਖਣ ਦਾ ਕੰਮ ਸੰਪੰਨ ਕੀਤਾ, ਉਹ ਸ਼ਲਾਘਾਯੋਗ ਹੈ।

ਉਦਾਸੀ ਸੰਪ੍ਰਦਾਇ ਦਾ ਆਰੰਭ ਭਾਈ ਗੁਰਦਾਸ ਜੀ ਅਨੁਸਾਰ ਭਾਵੇਂ ਗੁਰੂ ਨਾਨਕ ਦੇਵ ਜੀ ਦੁਆਰਾ ਧਾਰਨ ਕੀਤੀਆਂ ਉਦਾਸੀਆਂ ਤੋਂ ਹੀ ਹੋ ਗਿਆ ਸੀ (ਬਾਬੇ ਭੇਖ ਬਣਾਇਆ ਉਦਾਸੀ ਦੀ ਰੀਤਿ ਚਲਾਈ), ਪਰ ਇਸ ਨੂੰ ਸਹੀ ਸਰੂਪ ਪ੍ਰਦਾਨ ਕਰਨ ਲਈ ਬਾਬਾ ਸ੍ਰੀਚੰਦ ਜੀ ਦੀ ਭੂਮਿਕਾ ਅਪਰ-ਅਪਾਰ ਹੈ। ਉਦਾਸੀਆਂ ਦੌਰਾਨ ਗੁਰੂ ਨਾਨਕ ਦੇਵ ਜੀ ਨੇ ਸੰਸਾਰਕ ਮੋਹ-ਮਾਇਆ ਅਤੇ ਪਰਿਵਾਰਕ ਸੰਬੰਧਾਂ ਤੋਂ ਉੱਚੇ ਉਠ ਕੇ ਲੋਕ ਕਲਿਆਣ ਲਈ ਦੇਸ਼-ਵਿਦੇਸ਼ ਦੀ ਯਾਤਰਾ ਕਰਦੇ ਹੋਇਆਂ ਸੱਚਾ ਮਨੁੱਖ ਬਣਨ ਲਈ ਸਭ ਨੂੰ ਪ੍ਰੇਰਣਾ ਦਿੱਤੀ। ਉਦਾਸੀਆਂ ਦੀ ਸਮਾਪਤੀ ਤੋਂ ਬਾਦ ਉਨ੍ਹਾਂ ਨੇ ਫਿਰ ਗ੍ਰਿਹਸਥੀਆਂ ਵਾਲਾ ਆਚਰਣ ਅਪਣਾ ਲਿਆ।

ਗੁਰੂ ਨਾਨਕ ਦੇਵ ਜੀ ਦੁਆਰਾ ਤਿਆਗਿਆ ਉਦਾਸੀ ਭੇਖ ਉਨ੍ਹਾਂ ਦੇ ਸਪੁੱਤਰ ਬਾਬਾ ਸ੍ਰੀਚੰਦ ਜੀ ਨੇ ਧਾਰਨ ਕਰ ਲਿਆ। ਇਥੋਂ ਗੁਰੂ ਨਾਨਕ ਮਤ ਅਤੇ ਉਦਾਸੀ ਮਤ ਵਿਚ ਬੁਨਿਆਦੀ ਅੰਤਰ ਪੈਦਾ ਹੋ ਗਿਆ, ਜਿਸ ਦਾ ਆਧਾਰ ਨਿਵਿਰਤੀ-ਮੂਲਕ ਅਤੇ ਪ੍ਰਵਿਰਤੀ-ਮੂਲਕ ਮਾਨਤਾਵਾਂ ਸਨ। ਗੁਰੂ ਨਾਨਕ ਦੇਵ ਜੀ ਦਾ ਸਪੁੱਤਰ ਹੋਣ ਨਾਤੇ ਗੁਰੂ ਪਰੰਪਰਾ ਵਿਚ ਬਾਬਾ ਸ੍ਰੀਚੰਦ ਜੀ ਦਾ ਮਾਣ-ਸਤਿਕਾਰ ਬਣਿਆ ਰਿਹਾ। ਉਨ੍ਹਾਂ ਦੁਆਰਾ ਚਲਾਈ ਧਰਮ-ਪ੍ਰਚਾਰ-ਲਹਿਰ ਨੂੰ ਜਾਰੀ ਰੱਖਣ ਲਈ ਛੇਵੇਂ ਗੁਰੂ ਸਾਹਿਬ ਜੀ ਨੇ ਆਪਣੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਸਮਰਪਿਤ ਕਰ ਦਿੱਤਾ। ਬਾਬਾ ਗੁਰਦਿੱਤਾ ਜੀ ਨੇ ਸੰਪ੍ਰਦਾਇ ਦੇ ਪ੍ਰਚਾਰ ਨੂੰ ਵਿਵਸਥਿਤ ਰੂਪ ਦੇਣ ਲਈ ਚਾਰ ਧੂਣਿਆਂ ਦੀ ਸਥਾਪਨਾ ਕੀਤੀ। ਪਰਵਰਤੀ ਗੁਰੂ ਸਾਹਿਬਾਨ ਵੱਲੋਂ ਛੇ ਬਖ਼ਸ਼ਿਸ਼ਾਂ ਦਾ ਆਯੋਜਨ ਹੋਇਆ। ਇਸ ਤਰ੍ਹਾਂ ਚਾਰ ਧੂਣਿਆਂ ਅਤੇ ਛੇ ਬਖ਼ਸ਼ਿਸ਼ਾਂ ਵਾਲੇ ਦਸ ਸਾਧ (ਦਸਨਾਮੀ ਸਾਧੂ) ਅਖਵਾਏ, ਜਿਨ੍ਹਾਂ ਵਿੱਚੋਂ ਅਧਿਕਤਰ ਬ੍ਰਾਹਮਣ ਸਨ। ਫਲਸਰੂਪ ਇਸ ਸੰਪ੍ਰਦਾਇ ਵਿਚ ਸਹਿਜੇ ਸਹਿਜੇ ਬ੍ਰਾਹਮਣੀ ਪ੍ਰਵਿਰਤੀਆਂ ਦਾ ਪ੍ਰਵੇਸ਼ ਹੋਣ ਲੱਗ ਗਿਆ ਅਤੇ ਪੰਜ ਦੇਵ ਉਪਾਸਨਾ ਦਾ ਮਹੱਤਵ ਵੱਧ ਗਿਆ। ਉੱਨ੍ਹੀਵੀਂ ਸਦੀ ਵਿਚ

www sikhbookclub.com

ਬਾਬਾ ਪ੍ਰੀਤਮ ਦਾਸ ਅਤੇ ਬਾਬਾ ਬਨਖੰਡੀ ਨੇ ਖਿੰਡੀ-ਪੁੰਡੀ ਸਥਿਤੀ ਨੂੰ ਸੰਗਠਿਤ ਕਰਨ ਲਈ ਵੱਡੇ ਉਦਾਸੀਨ ਅਖਾੜੇ ਦੀ ਸਥਾਪਨਾ ਕੀਤੀ। ਪਰ ਇਸ ਸੰਪ੍ਰਦਾਇ ਦਾ ਸਿਧਾਂਤਕ ਸਰੂਪ ਉਹ ਨਾ ਰਿਹਾ, ਜੋ ਇਸ ਦੇ ਆਰੰਭ ਵੇਲੇ ਸੀ।

ਸੰਨ 1925 ਵਿਚ ਗੁਰਦੁਆਰਾ ਐਕਟ ਪਾਸ ਹੋਣ ਨਾਲ ਇਸ ਸੰਪ੍ਰਦਾਇ ਨੂੰ ਸਿੱਖ ਧਰਮ ਤੋਂ ਨਿਖੇੜ ਦਿੱਤਾ ਗਿਆ ਅਤੇ ਹੌਲੀ ਹੌਲੀ ਉਦਾਸੀ ਡੇਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣਾ ਬੰਦ ਹੋ ਗਿਆ। ਅਧਿਕਾਂਸ਼ ਡੇਰੇ ਸਨਾਤਨੀ ਮੰਦਰਾਂ ਦਾ ਰੂਪ ਧਾਰਨ ਕਰ ਗਏ। ਉਦਾਸੀ ਸਾਧਾਂ ਨੇ 'ਉਦਾਸੀ' ਸ਼ਬਦ ਦੀ ਆਪਣੇ ਆਸ਼ੇ ਅਨੁਰੂਪ ਵਿਆਖਿਆ ਕਰਕੇ ਇਸ ਦਾ ਸੰਬੰਧ ਬ੍ਰਹਮਾ ਦੇ ਪੁੱਤਰ ਸਨਤ ਕੁਮਾਰ ਨਾਲ ਜੋੜਨ ਦਾ ਯਤਨ ਕੀਤਾ ਜਾਣ ਲੱਗਿਆ।

ਸਿੱਖ ਧਰਮ ਦੇ ਵਿਕਾਸ ਵਿਚ ਇਸ ਸੰਪ੍ਰਦਾਇ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਇਕ ਇਹ ਕਿ ਦੇਸ਼-ਵਿਦੇਸ਼ ਵਿਚ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਜਿਤਨੇ ਧਰਮ-ਧਾਮ ਹੁਣ ਮਿਲਦੇ ਹਨ, ਉਨ੍ਹਾਂ ਵਿੱਚੋਂ ਬਹੁਤਿਆਂ ਦੀ ਨਿਸ਼ਾਨਦੇਹੀ ਉਦਾਸੀ ਸਾਧਾਂ ਨੇ ਕੀਤੀ ਹੈ। ਦੂਜਾ ਇਹ ਕਿ ਇਨ੍ਹਾਂ ਨੇ ਗੁਰਮੁਖੀ ਲਿਪੀ ਦੇ ਮਾਧਿਅਮ ਦੁਆਰਾ ਗੁਰਮਤਿ ਦਾ ਪ੍ਰਚਾਰ ਕੀਤਾ। ਗੁਰਬਾਣੀ ਦੀ ਮੌਖਿਕ ਅਤੇ ਲਿਖਤ ਦੋਹਾਂ ਤਰ੍ਹਾਂ ਦੀ ਵਿਆਖਿਆ ਕੀਤੀ। ਹਰੀਆ ਜੀ, ਆਨੰਦਘਣ, ਅਮੀਰਦਾਸ, ਸੁਖਬਾਸੀ ਰਾਮ, ਸੰਤਰੇਣ ਆਦਿ ਨੇ ਅਨੇਕ ਸਾਹਿਤਕ ਰਚਨਾਵਾਂ ਵੀ ਸਿੱਖ-ਧਰਮ-ਸਾਹਿਤ ਦੇ ਪੇਟੇ ਪਾਈਆਂ। ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਅਤੇ ਬਾਣੀ ਦੀਆਂ ਪੋਥੀਆਂ ਲਿਖ, ਲਿਖਵਾ ਕੇ ਧਰਮ-ਧਾਮਾਂ ਵਿਚ ਸਥਾਪਤ ਕਰਵਾਈਆਂ ਅਤੇ ਸ਼ਰਧਾਲੂਆਂ ਨੂੰ ਵੀ ਘਰਾਂ ਵਿਚ ਪਠਨ-ਪਾਠਨ ਲਈ ਉਪਲਬਧ ਕੀਤੀਆਂ।

ਕਾਲਾਂਤਰ ਵਿਚ ਉਦਾਸੀ ਸਾਧਾਂ ਦੇ ਆਪਸੀ ਮਤ-ਵਿਰੋਧ ਅਤੇ ਪਰਦਰਸ਼ਤਾ ਕਾਰਨ ਕਈ ਅਖਾੜੇ ਬਣਦੇ ਗਏ। ਇਨ੍ਹਾਂ ਵਿੱਚੋਂ ਸੰਗਤ ਸਾਹਿਬ (ਭਾਈ ਫੇਰੂ) ਦੇ ਸਾਧ ਸੰਤੋਖ ਦਾਸ, ਹਰਿ ਨਾਰਾਇਣ ਦਾਸ, ਸੂਰਦਾਸ ਆਦਿ ਨੇ ਕਨਖਲ (ਹਰਿਦੁਆਰ) ਵਿਚ 'ਸ੍ਰੀ ਗੁਰੂ ਨਯਾ ਅਖਾੜਾ ਉਦਾਸੀਨ' ਕਾਇਮ ਕੀਤਾ। ਇਸ ਅਖਾੜੇ ਵਿਚ ਪੁਰਾਤਨ ਮਰਯਾਦਾ ਨੂੰ ਜਾਰੀ ਰੱਖਦੇ ਹੋਇਆਂ ਮੂਲ ਉਦਾਸੀ ਸੰਪ੍ਰਦਾਇ ਦੇ ਸਹੀ ਸਰੂਪ ਨੂੰ ਪ੍ਰਤਿਬਿੰਬਤ ਕੀਤਾ।

ਇਸ ਅਖਾੜੇ ਦੇ ਮਹਾਂਮੰਡਲੇਸ਼ਵਰ ਸਵਾਮੀ ਈਸ਼ਰਦਾਸ ਜੀ ਸਨ, ਜਿਨ੍ਹਾਂ ਦਾ ਕੇਂਦਰ ਸਥਾਨ ਉਦਾਸੀਨ ਆਸ਼ਰਮ, ਗੋਪਾਲ ਨਗਰ, ਜਲੰਧਰ ਸੀ। ਮੇਰਾ ਉਨ੍ਹਾਂ ਦੇ ਨਾਲ ਸੰਪਰਕ ਸੰਨ 1994 ਈ. ਵਿਚ ਬਾਬਾ ਸ੍ਰੀਚੰਦ ਜੀ ਮਹਾਰਾਜ ਦੀ ਪੰਜਵੀਂ ਸ਼ਤਾਬਦੀ ਮਨਾਉਣ ਸਮੇਂ ਹੋਇਆ। ਉਨ੍ਹਾਂ ਦੇ ਦੇਹ ਅਵਸਾਨ ਤੋਂ ਬਾਅਦ ਪ੍ਰਬੁੱਧ ਵਿਦਵਾਨ ਸਵਾਮੀ ਸ਼ਾਂਤਾਨੰਦ ਜੀ ਮਹਾਂਮੰਡਲੇਸ਼ਵਰ ਪਦ 'ਤੇ ਸੁਭਾਇਮਾਨ ਹਨ। ਡਾ. ਪਰਮਜੀਤ ਸਿੰਘ ਮਾਨਸਾ ਵੱਲੋਂ *ਉਦਾਸੀ ਸੰਪ੍ਰਦਾਇ: ਉਦਭਵ ਤੇ ਵਿਕਾਸ* ਪੁਸਤਕ ਬੜੇ ਵਿਵਸਥ ਢੰਗ ਨਾਲ ਲਿਖੀ ਗਈ ਹੈ। ਇਸ ਮਹਤੱਵਪੂਰਨ ਕਾਰਜ ਲਈ ਡਾ. ਪਰਮਜੀਤ ਸਿੰਘ ਮਾਨਸਾ ਵਧਾਈ ਪ੍ਰਾਪਤ ਕਰਨ ਦੇ ਅਧਿਕਾਰੀ ਹਨ।

www.sikhbookclub.com

ਮੇਰੇ ਮਨ ਵਿਚ ਵਿਸ਼ਵਾਸ ਦੀ ਜੋ ਲਹਿਰ ਉੱਠ ਰਹੀ ਹੈ, ਉਸ ਅਨੁਸਾਰ ਇਹ ਪੁਸਤਕ ਉਦਾਸੀ ਸੰਪ੍ਰਦਾਇ ਲਈ ਚਾਨਣ-ਮੁਨਾਰੇ ਦੀ ਭੂਮਿਕਾ ਨਿਭਾਏਗੀ।

ਰਤਨ ਸਿੰਘ ਜੱਗੀ
ਸਾਬਕਾ ਪ੍ਰੋਫ਼ੈਸਰ ਅਤੇ ਹੈੱਡ,
ਡਿਪਾਰਟਮੈਂਟ ਆਫ਼ ਪੰਜਾਬੀ ਲਿਟਰੇਰੀ ਸਟੱਡੀਜ਼,
ਮੁੱਖ ਸੰਪਾਦਕ, ਖੋਜ ਪੱਤ੍ਰਿਕਾ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਮਿਤੀ : 29-7-2021

#4193, ਅਰਬਨ ਅਸਟੇਟ-2,
ਪਟਿਆਲਾ - 147 002

www.sikhbookclub.com

ਭੂਮਿਕਾ

ਦੁਨੀਆਂ ਦੇ ਹਰ ਇਕ ਕੋਨੇ ਵਿਚ ਧਰਮ ਦੀ ਹੋਂਦ ਪਾਈ ਜਾਂਦੀ ਹੈ। ਸੰਸਾਰ ਵਿਚ ਜਿਥੇ ਵੀ ਮਨੁੱਖ ਵੱਸਿਆ ਹੋਇਆ ਹੈ, ਉਥੇ ਸਾਨੂੰ ਧਾਰਮਿਕ ਅਕੀਦੇ ਦਿਖਾਈ ਦਿੰਦੇ ਹਨ। ਦੁਨੀਆਂ ਬਹੁ-ਰੰਗੀ ਹੈ। ਇਸ ਲਈ ਲੋਕਾਈ ਦੇ ਧਰਮ ਵੀ ਵੱਖਰੇ-ਵੱਖਰੇ ਹਨ। ਇਹਨਾਂ ਅਨੇਕਾਂ ਧਰਮਾਂ ਵਿੱਚੋਂ ਛੇ ਧਰਮਾਂ ਨੂੰ ਪ੍ਰਮੁੱਖਤਾ ਪ੍ਰਾਪਤ ਹੈ। ਜਿਨ੍ਹਾਂ ਵਿੱਚੋਂ ਈਸਾਈ ਧਰਮ, ਇਸਲਾਮ ਧਰਮ, ਹਿੰਦੂ ਧਰਮ, ਬੁੱਧ ਧਰਮ, ਜੈਨ ਧਰਮ ਤੇ ਸਿੱਖ ਧਰਮ ਹਨ। ਇਨ੍ਹਾਂ ਧਰਮਾਂ ਨੂੰ ਯੂ.ਐਨ.ਓ. ਵੱਲੋਂ ਵੀ ਮਾਨਤਾ ਪ੍ਰਾਪਤ ਹੈ।

ਧਰਮਾਂ ਦਾ ਮੁੱਖ ਕਾਰਜ ਮਨੁੱਖੀ ਸਮਾਜ ਨੂੰ ਸ਼ਾਂਤੀ ਤੇ ਸੰਤੁਲਨ ਬਖ਼ਸ਼ਣਾ ਹੁੰਦਾ ਹੈ। ਇਸ ਲਈ ਧਰਮ ਮਨੁੱਖੀ ਸਮਾਜ ਦਾ ਅਨਿੱਖੜਵਾਂ ਅੰਗ ਹੈ। ਧਰਮ ਤੇ ਸਮਾਜ ਦਾ ਤਾਣੇ-ਪੇਟੇ ਵਾਲਾ ਕੰਮ ਹੁੰਦਾ ਹੈ। ਜਿਵੇਂ ਤਾਣੇ-ਪੇਟੇ ਨਾਲ ਹੀ ਕੱਪੜਾ ਬੁਣਿਆ ਜਾਂਦਾ ਹੈ, ਠੀਕ ਇਸੇ ਤਰ੍ਹਾਂ ਹੀ ਧਰਮ ਤੋਂ ਬਿਨਾਂ ਸਮਾਜ ਦਾ ਰਹਿਣਾ ਬਹੁਤ ਮੁਸ਼ਕਲ ਹੈ ਤੇ ਸਮਾਜ ਦਾ ਧਰਮ ਤੋਂ ਬਿਨਾਂ ਕੰਮ ਨਹੀਂ ਚੱਲਦਾ। ਦੋਵੇਂ ਇਕ ਦੂਜੇ 'ਤੇ ਨਿਰਭਰ ਕਰਦੇ ਹਨ।

ਵੱਡੇ ਧਰਮਾਂ ਨੂੰ ਪ੍ਰਫੁੱਲਤ ਕਰਨ ਲਈ ਧਾਰਮਿਕ ਸੰਪ੍ਰਦਾਵਾਂ ਦਾ ਚੱਲਣ ਵੀ ਦੁਨੀਆਂ ਵਿਚ ਦੇਖਣ ਨੂੰ ਮਿਲਦਾ ਹੈ। ਹਰ ਇਕ ਧਰਮ ਵਿਚ ਧਰਮ ਸੰਪ੍ਰਦਾਵਾਂ ਦੀ ਪਰਿਪਾਟੀ ਸਾਫ਼ ਰੂਪ ਵਿਚ ਦਿਖਾਈ ਦਿੰਦੀ ਹੈ। ਸੰਪ੍ਰਦਾਵਾਂ ਹਰ ਇਕ ਧਰਮ ਵਿਚ ਅਜਿਹੇ ਜਗਦੇ ਚੇਤਨਾ ਦੇ ਕੇਂਦਰ ਹੁੰਦੇ ਹਨ, ਜੋ ਧਰਮ ਦੀ ਵਿਰਾਸਤ ਨੂੰ ਦੁਨੀਆਂ ਦੇ ਕੋਨੇ-ਕੋਨੇ ਤਕ ਪਹੁੰਚਾਉਣ ਦਾ ਸੁਹਿਰਦ ਤੇ ਸਾਰਥਿਕ ਕਾਰਜ ਕਰਦੀਆਂ ਹਨ। ਬਰਫ਼ ਲੱਦੇ ਹੋਏ ਪਹਾੜਾਂ ਤੋਂ ਨਿਕਲਦੀਆਂ ਹੋਈਆਂ ਨਦੀਆਂ ਹਜ਼ਾਰਾਂ ਮੀਲ ਦਾ ਸਫ਼ਰ ਤੈਅ ਕਰ ਕੇ ਲੋਕਾਂ ਨੂੰ ਆਪਣੇ ਸੀਤਲ ਜਲ ਨਾਲ ਸੰਤ੍ਰਿਪਤ ਕਰ ਕੇ ਫਿਰ ਸਮੁੰਦਰ ਵਿਚ ਜਾ ਸਮਾਉਂਦੀਆਂ ਹਨ। ਠੀਕ ਇਸੇ ਤਰ੍ਹਾਂ ਹੀ ਸੰਪ੍ਰਦਾਵਾਂ ਕਰਦੀਆਂ ਹਨ। ਜਗਿਆਸੂਆਂ ਨੂੰ ਧਰਮ ਦੀ ਵਿਰਾਸਤ ਨਾਲ ਜੋੜ ਕੇ ਪਰਮ ਸਤਿ ਨਾਲ ਮਿਲਾਉਣ ਦਾ ਯਤਨ ਕਰਦੀਆਂ ਹਨ।

ਵਿਉਤਪਤੀ ਦੇ ਦ੍ਰਿਸ਼ਟੀਕੋਣ ਤੋਂ 'ਸੰਪ੍ਰਦਾ' ਸ਼ਬਦ ਦਾ ਮੂਲ 'ਦ' ਧਾਤੂ ਹੈ, ਜਿਸ ਦਾ ਅਰਥ ਹੈ—ਦੇਣਾ। 'ਦ' ਦੇ ਅੱਗੇ ਦੋ ਅਗੇਤਰ 'ਸੰ' 'ਪ੍ਰ' ਹਨ। ਇਹਨਾਂ ਅਗੇਤਰਾਂ ਦੇ ਮੇਲ ਨਾਲ ਸ਼ਬਦ 'ਸੰਪ੍ਰਦਾਇ' ਹੋਂਦ ਵਿਚ ਆਇਆ ਹੈ। ਇਸ ਸਮੁੱਚੇ ਸ਼ਬਦ ਦਾ ਅਰਥ ਹੈ—ਸੰਸਕ੍ਰਿਤੀ ਵਿੱਚੋਂ ਜੋ ਲਿਆ, ਉਹ ਦੂਸਰਿਆਂ ਨੂੰ ਦੇਣਾ। ਮਹਾਨ ਕੋਸ਼ ਵਿਚ 'ਸੰਪ੍ਰਦਾ' ਸ਼ਬਦ ਨੂੰ ਅਨੇਕਾਂ ਅਰਥਾਂ ਦਾ ਧਾਰਨੀ ਦਰਸਾਇਆ ਗਿਆ ਹੈ। ਜਿਵੇਂ ਕਿ 1. ਪਰੰਪਰਾ ਤੋਂ ਉਪਦੇਸ਼ ਦੇਣ ਦੀ ਚੱਲੀ ਆਈ ਰੀਤ, 2. ਧਰਮ ਰੀਤਿ,

www.sikhbookclub.com

3. ਗੁਰੂ ਚੇਲੇ ਦੀ ਪੱਧਤੀ, 4. ਗੁਰ-ਉਪਦੇਸ਼ ਧਾਰਨ ਵਾਲੀ ਜਮਾਤ, 5. ਉਪਦੇਸ਼ ਵਿੱਦਿਆ ਆਦਿ ਦੇਣ ਦਾ ਸਿਲਸਿਲੇਵਾਰ ਕ੍ਰਮ, 6. ਕਿਸੇ ਵਿਚਾਰ ਜਾਂ ਸਿਧਾਂਤ ਦੇ ਸੰਬੰਧ ਵਿਚ ਇੱਕੋ ਹੀ ਤਰ੍ਹਾਂ ਦੇ ਵਿਚਾਰ ਜਾਂ ਮੱਤ ਰੱਖਣ ਵਾਲੇ ਲੋਕਾਂ ਦਾ ਵਰਗ ਆਦਿ। ਅੰਗਰੇਜ਼ੀ ਵਿਚ ਸੰਪ੍ਰਦਾਵਾਂ ਲਈ 'Sect' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ।

ਜਿਵੇਂ ਇਕ ਵੱਡੇ ਦਰਿਆ ਵਿੱਚੋਂ ਕਈ ਹੋਰ ਛੋਟੀਆਂ ਨਦੀਆਂ ਨਿਕਲਦੀਆਂ ਹਨ ਤੇ ਕਈ ਸਹਾਇਕ ਨਦੀਆਂ ਵੱਡੇ ਦਰਿਆ ਵਿਚ ਮਿਲ ਕੇ ਉਸ ਦਾ ਆਕਾਰ ਵਧਾਉਂਦੀਆਂ ਹਨ, ਠੀਕ ਇਸੇ ਤਰ੍ਹਾਂ ਸੰਪ੍ਰਦਾਵਾਂ ਦਾ ਉਦਭਵ ਹੁੰਦਾ ਹੈ, ਪਰ ਇਕ ਗੱਲ ਦਾ ਖ਼ਾਸ ਧਿਆਨ ਰੱਖਣਾ ਹੁੰਦਾ ਹੈ ਕਿ ਧਰਮ ਦੀਆਂ ਸੰਪ੍ਰਦਾਵਾਂ ਅਨੇਕ ਹੋ ਸਕਦੀਆਂ ਹਨ, ਪਰ ਸੰਪ੍ਰਦਾਵਾਂ ਲਈ ਜ਼ਰੂਰੀ ਹੈ ਕਿ ਜਿਸ ਧਰਮ ਨਾਲ ਉਹ ਸੰਬੰਧਿਤ ਹੈ, ਉਸ ਦੇ ਅਕੀਦੇ ਤੇ ਮੂਲ ਸਿਧਾਂਤ ਨਾਲ ਜੁੜੇ ਰਹਿਣਾ ਲਾਜ਼ਮੀ ਹੈ। ਉਦਾਹਰਣ ਦੇ ਤੌਰ 'ਤੇ ਅਸੀਂ ਦੇਖਦੇ ਹਾਂ ਕਿ ਈਸਾਈ ਧਰਮ ਵਿਚ ਭਾਵੇਂ ਕੈਥੋਲਿਕ ਜਾਂ ਪ੍ਰੋਟੈਸਟੈਂਟ ਸੰਪ੍ਰਦਾਵਾਂ ਹਨ, ਪਰ ਉਹਨਾਂ ਦਾ ਮੂਲ 'ਯਿਸੂ ਮਸੀਹ' ਅਤੇ ਬਾਈਬਲ ਹੈ। ਇਸੇ ਤਰ੍ਹਾਂ ਇਸਲਾਮ ਦੀਆਂ 'ਸ਼ੀਆ' ਅਤੇ 'ਸੁੰਨੀ' ਸੰਪ੍ਰਦਾਵਾਂ ਹਨ, ਜੋ ਕਿ ਪੈਗੰਬਰ, 'ਮੁਹੰਮਦ ਸਾਹਿਬ' ਅਤੇ ਪਵਿੱਤਰ ਕੁਰਾਨ ਸ਼ਰੀਫ਼ ਵਿਚ ਆਪਣਾ ਅਕੀਦਾ ਸਪੱਸ਼ਟ ਰੂਪ ਵਿਚ ਰੱਖਦੀਆਂ ਹਨ। ਇਸੇ ਤਰ੍ਹਾਂ ਹਿੰਦੂ ਧਰਮ ਹੋਵੇ, ਜੈਨ ਜਾਂ ਬੋਧੀ ਧਰਮ ਇਹਨਾਂ ਦੀਆਂ ਸੰਪ੍ਰਦਾਵਾਂ ਦਾ ਕੇਂਦਰੀ ਧੁਰਾ ਉਹਨਾਂ ਦੇ ਪਵਿੱਤਰ ਧਰਮ ਗ੍ਰੰਥ ਅਤੇ ਉਹਨਾਂ ਦੇ ਬਾਨੀ ਹਨ।

ਜਦੋਂ ਅਸੀਂ ਸਿੱਖ ਧਰਮ ਵੱਲ ਝਾਤ ਮਾਰਦੇ ਹਾਂ ਤਾਂ ਸਾਡੇ ਸਾਹਮਣੇ ਕਈ ਸੰਪ੍ਰਦਾਵਾਂ ਦੀ ਹੋਂਦ ਪ੍ਰਗਟ ਰੂਪ ਵਿਚ ਸਾਹਮਣੇ ਆਉਂਦੀ ਹੈ। ਇਹਨਾਂ ਸੰਪ੍ਰਦਾਵਾਂ ਵਿੱਚੋਂ ਪ੍ਰਮੁੱਖ ਸੰਪ੍ਰਦਾਵਾਂ ਉਦਾਸੀ ਸੰਪ੍ਰਦਾਵਾਂ, ਨਿਰਮਲ ਸੰਪ੍ਰਦਾ, ਸੇਵਾ ਪੰਥੀ, ਨਿਹੰਗ ਸਿੰਘ ਸੰਪ੍ਰਦਾ ਆਦਿ ਹਨ। ਇਹਨਾਂ ਸੰਪ੍ਰਦਾਵਾਂ ਦੇ ਭਾਵੇਂ ਆਪਸ ਵਿਚ ਕਾਫ਼ੀ ਮਤਭੇਦ ਹਨ, ਪਰ ਫਿਰ ਵੀ ਹਰ ਸਿੱਖ ਸੰਪ੍ਰਦਾ ਦਸ ਗੁਰੂ ਸਾਹਿਬਾਨ ਵਿਚ ਪੂਰਨ ਵਿਸ਼ਵਾਸ ਰੱਖਦੀ ਹੈ ਅਤੇ **ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਸਵੀਕਾਰ ਕਰਦੀ ਹੈ।**

ਸਿੱਖ ਧਰਮ ਦੁਨੀਆਂ ਦਾ ਸਭ ਤੋਂ ਨਵੀਨਤਮ ਧਰਮ ਹੈ, ਜਿਸ ਦੀ ਆਯੂ ਦੂਸਰੇ ਧਰਮਾਂ ਦੇ ਨਿਸਬਤ ਬਹੁਤ ਘੱਟ ਹੈ। ਸਿੱਖ ਧਰਮ ਦੀ ਆਯੂ ਅਜੇ 553 ਸਾਲ ਦੀ ਹੀ ਹੈ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਰਾਇ ਭੋਇੰ ਦੀ ਤਲਵੰਡੀ ਵਿਖੇ 1469 ਈ. ਨੂੰ ਹੋਇਆ। ਯਾਨੀ ਕਿ 1526 ਸੰਮਤ ਨੂੰ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਰੱਖੀ, ਜਿਸ ਦਾ ਮੁੱਖ ਨਾਹਰਾ ਸੀ, "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ"। ਬਾਬੇ ਨਾਨਕ ਦਾ ਇਹ ਇਲਾਹੀ ਸੰਦੇਸ਼ ਦੁਨੀਆਂ ਵਿਚ ਗੂੰਜਿਆ ਤੇ ਸਮਸਤ ਲੋਕਾਈ ਨੂੰ ਗਲਵਕੜੀ ਵਿਚ ਲਿਆ। ਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਲੋਧੀ ਵਿਖੇ ਇਹ ਵੀ ਕਿਹਾ ਸੀ "ਨਾ ਕੋ ਹਿੰਦੂ ਨਾ ਮੁਸਲਮਾਨ", ਤੋਂ ਭਾਵ ਹੈ ਕਿ ਹੁਣ ਵੰਡੀਆਂ ਪਾਉਣ ਵਾਲੀ ਗੱਲ ਨਹੀਂ ਹੋਵੇਗੀ, ਬਲਕਿ ਏਕਤਾ, ਆਪਸੀ ਪ੍ਰੇਮ ਪਿਆਰ ਤੋਂ ਸਾਂਝੀਵਾਲਤਾ ਦੀਆਂ ਬਾਤਾਂ ਹੋਣਗੀਆਂ। ਇਹੀ ਗੁਰੂ ਨਾਨਕ ਦੇਵ ਜੀ ਦਾ ਪਰਮ ਲਕਸ਼ ਸੀ।

www.sikhbookclub.com

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚ ਫੈਲੀਆਂ ਫੋਕਟ ਰਸਮਾਂ, ਰਿਵਾਜਾਂ, ਵਹਿਮਾਂ, ਭਰਮਾਂ ਦਾ ਬਹੁਤ ਖ਼ੂਬਸੂਰਤ ਢੰਗ ਨਾਲ ਖੰਡਨ ਕੀਤਾ ਤੇ ਲੋਕਾਈ ਨੂੰ ਇਹਨਾਂ ਫ਼ੋਕਟ ਕਰਮਾਂ ਦੀ ਗ਼ੁਲਾਮੀ ਤੋਂ ਆਜ਼ਾਦੀ ਦੁਆਈ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ, ਉਸ ਸਮੇਂ ਦੀਆਂ ਪਰਿਸਥਿਤੀਆਂ ਧਰਮ ਦੀ ਧਾਰਾ ਤੋਂ ਉਲਟੇ ਰਾਹ ਵਹਿ ਰਹੀਆਂ ਸਨ। ਧਰਮ ਦੀਆਂ ਆਦਰਸ਼ਵਾਦੀ ਕੀਮਤਾਂ ਮਨੁੱਖੀ ਜੀਵਨ ਵਿੱਚੋਂ ਮਨਫ਼ੀ ਹੋ ਚੁੱਕੀਆਂ ਸਨ। ਧਰਮ ਦੇ ਆਗੂ ਆਪਣੇ ਧਾਰਮਿਕ ਵਿਸ਼ਵਾਸ ਤੋਂ ਡੋਲ ਚੁੱਕੇ ਸਨ। ਰਾਜਸੀ ਤੇ ਸਮਾਜਿਕ ਭ੍ਰਿਸ਼ਟਾਚਾਰੀ ਦਾ ਆਂਤੰਕ ਹਰ ਪਾਸੇ ਫੈਲਿਆ ਹੋਇਆ ਸੀ। ਜਿਸ ਵਿਚ ਗ਼ਰੀਬ ਜਨਤਾ ਦੀ ਹਾਲਤ ਜ਼ਮੀਨ 'ਤੇ ਚੱਲਣ ਵਾਲੇ ਕੀੜਿਆਂ ਨਾਲੋਂ ਵੀ ਮਾੜੀ ਹੋ ਚੁੱਕੀ ਸੀ। ਮਨੁੱਖੀ ਜੀਵਨ ਵਿਚ ਹਰ ਪ੍ਰਕਾਰ ਦਾ ਸਵੈਮਾਣ ਅਥਵਾ ਗੌਰਵਤਾ ਦਾ ਭੋਗ ਪੈ ਚੁੱਕਾ ਸੀ। ਇਸ ਸਾਰੇ ਹਾਲਾਤ ਬਾਰੇ ਉਸ ਸਮੇਂ ਦੇ ਇਤਿਹਾਸ ਤੋਂ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ। ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਅੰਦਰ ਉਸ ਸਮੇਂ ਨੂੰ ਇਉਂ ਕਲਮਬੱਧ ਕਰਦੇ ਹਨ:

(ੳ) **ਜਤੀ ਸਤੀ ਚਿਰੁਜੀਵਣੇ ਸਾਧਿਕ ਸਿਧ ਨਾਥ ਗੁਰੁ ਚੇਲੇ।**
ਦੇਵੀ ਦੇਵ ਰਿਖੀਸੁਰਾ ਭੈਰਉ ਖੇਤ੍ਰਪਾਲਿ ਬਹੁ ਮੇਲੇ।
ਗਣ ਗੰਧਰਬ ਅਪਸਰਾ ਕਿੰਨਰ ਜਖ ਚਲਿਤਿ ਬਹੁ ਖੇਲੇ।
ਰਾਕਸਿ ਦਾਨੋ ਦੈਤ ਲਖ ਅੰਦਰਿ ਦੂਜਾ ਭਾਉ ਦੁਹੇਲੇ।
ਹਉਮੈ ਅੰਦਰਿ ਸਭਿ ਕੋ ਡੁਬੇ ਗੁਰੂ ਸਣੇ ਬਹੁ ਚੇਲੇ।
ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥਿ ਜਾਤ੍ਰੀ ਮੇਲੇ।
ਡਿਠੇ ਹਿੰਦੂ ਤੁਰਕਿ ਸਭਿ ਪੀਰ ਪੈਕੰਬਰਿ ਕਉਮਿ ਕਤੇਲੇ।
ਅੰਧੀ ਅੰਧੇ ਖੂਹੇ ਠੇਲੇ ॥੨੬॥ *(ਵਾਰ 1, ਪਉੜੀ 26)*

(ਅ) **ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।**
ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤਿ ਮੁਖਹੁ ਆਲਾਈ।
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।
ਸੇਵਕ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀਂ ਤਿਨਾੜੇ ਜਾਈ।
ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕ ਗਵਾਈ।
ਇਸਤ੍ਰੀ ਪੁਰਖੈ ਦਾਮ ਹਿਤੁ ਭਾਵੈ ਆਇ ਕਿਥਾਊ ਜਾਈ।
ਵਰਤਿਆ ਪਾਪ ਸਭਸ ਜਗ ਮਾਂਹੀ ॥੩੦॥ *(ਵਾਰ 1, ਪਉੜੀ 30)*

ਸਿੱਖ ਧਰਮ ਦੇ ਬੂਟੇ ਨੂੰ ਦਰੱਖ਼ਤ ਦਾ ਰੂਪ ਦੇਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬਾਨ ਨੇ ਸਿੰਜਿਆ। ਸਿੱਖ ਧਰਮ ਵਿਚ ਵੀ ਕਈ ਸੰਪ੍ਰਦਾਵਾਂ ਦਾ ਉਦਭਵ ਹੋਇਆ, ਜਿਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਇਹਨਾਂ ਵਿੱਚੋਂ ਪ੍ਰਮੁੱਖ ਉਦਾਸੀ ਸੰਪ੍ਰਦਾ, ਨਿਰਮਲ ਸੰਪ੍ਰਦਾ ਤੇ ਸੇਵਾ ਪੰਥੀ ਹਨ।

ਉਦਾਸੀ ਸੰਪ੍ਰਦਾ ਸਿੱਖ ਧਰਮ ਦੀ ਪ੍ਰਮੁੱਖ ਸੰਪ੍ਰਦਾ ਹੈ, ਜਿਸ ਨੂੰ ਇਹ ਮਾਣ ਪ੍ਰਾਪਤ

www.sikhbookclub.com

ਹੈ ਕਿ ਇਹ ਸੰਪ੍ਰਦਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸਿੱਖ ਧਰਮ ਦੇ ਪ੍ਰਚਾਰ ਵਿਚ ਹਿੱਸਾ ਪਾਉਣ ਲੱਗ ਪਈ ਸੀ। ਉਦਾਸੀ ਸੰਪ੍ਰਦਾ ਦਾ ਆਰੰਭ ਬਾਬਾ ਸ੍ਰੀ ਚੰਦ ਜੀ ਤੋਂ ਹੋਇਆ। ਬਾਬਾ ਸ੍ਰੀ ਚੰਦ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਸਨ, ਜਿਨ੍ਹਾਂ ਦਾ ਪ੍ਰਕਾਸ਼ ਸੁਲਾਤਨਪੁਰ ਲੋਧੀ ਦੀ ਧਰਤੀ 'ਤੇ 1494 ਈ. ਯਾਨਿ ਕਿ 1551 ਸੰਮਤ ਨੂੰ ਹੋਇਆ। ਕਈ ਵਿਦਵਾਨਾਂ ਦਾ ਇਹ ਮਤ ਵੀ ਹੈ ਕਿ ਉਦਾਸੀ ਸੰਪ੍ਰਦਾਇ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ ਹੀ ਕਰ ਦਿੱਤਾ ਸੀ। ਇਸ ਲਈ ਉਹ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਹਵਾਲਾ ਵੀ ਦਿੰਦੇ ਹਨ:

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ। *(ਵਾਰ 1, ਪਉੜੀ 24)*

ਉਹਨਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਦੁਆਰਾ ਧਰਮ ਪ੍ਰਚਾਰ ਹਿੱਤ ਕੀਤੀਆਂ ਉਦਾਸੀਆਂ ਤੇ ਇਹਨਾਂ ਲਈ ਧਾਰਨ ਕੀਤੇ ਤੌਰ ਤਰੀਕੇ ਜਿਵੇਂ ਘਰ-ਬਾਰ ਦਾ ਤਿਆਗ ਕਰਕੇ ਧਰਮ ਦਾ ਪ੍ਰਚਾਰ ਕਰਨ ਦੀ ਰੀਤਿ ਨੇ ਉਦਾਸੀ ਸੰਪ੍ਰਦਾ ਦਾ ਮੁੱਢ ਬੰਨ੍ਹਿਆ। ਪਰ ਕਈ ਵਿਦਵਾਨ ਇਸ ਗੱਲ ਨਾਲ ਵੀ ਸਹਿਮਤ ਨਹੀਂ ਹਨ। ਉਹਨਾਂ ਦਾ ਵਿਚਾਰ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਆ ਕੇ ਫਿਰ ਤੋਂ ਸੰਸਾਰੀ ਕੱਪੜੇ ਧਾਰਨ ਕਰ ਕੇ ਸੰਸਾਰਕ ਜੀਵਨ ਗੁਜ਼ਾਰਨਾ ਸ਼ੁਰੂ ਕਰ ਦਿੱਤਾ ਸੀ। ਭਾਈ ਗੁਰਦਾਸ ਜੀ ਲਿਖਦੇ ਹਨ:

ਫਿਰਿ ਬਾਬਾ ਆਇਆ ਕਰਤਾਰ ਪੁਰਿ ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ। *(ਵਾਰ 1, ਪਉੜੀ 38)*

ਕਈ ਉਦਾਸੀ ਮਹਾਤਮਾ ਉਦਾਸੀ ਸੰਪ੍ਰਦਾ ਦਾ ਆਰੰਭ ਬ੍ਰਹਮਾ ਦੇ ਪੁੱਤਰਾਂ ਸਨਤ ਕੁਮਾਰ ਤੇ ਸਨੰਦਨ ਕੁਮਾਰ ਤੋਂ ਮੰਨਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਬਾਬਾ ਸ੍ਰੀ ਚੰਦ ਜੀ ਨੇ ਬ੍ਰਹਮਾ ਦੇ ਪੁੱਤਰਾਂ ਦੁਆਰਾ ਚਲਾਈ ਉਦਾਸੀ ਨੂੰ ਹੀ ਪੁਨਰ-ਸੁਰਜੀਤ ਕੀਤਾ ਹੈ। ਹਿੰਦੂ ਧਰਮ ਦੇ ਚਾਰ ਆਸ਼ਰਮਾਂ ਵਿੱਚੋਂ ਬਾਣਪ੍ਰਸਥ ਆਸ਼ਰਮ ਲਈ ਵੀ 'ਉਦਾਸੀ' ਸ਼ਬਦ ਨੂੰ ਵਰਤਿਆ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਦਾ ਪ੍ਰਕਾਸ਼ ਮਾਤਾ ਸੁਲੱਖਣੀ ਜੀ ਦੀ ਕੁੱਖੋਂ ਬੇਬੇ ਨਾਨਕੀ ਦੇ ਘਰ ਸੁਲਤਾਨਪੁਰ ਲੋਧੀ ਵਿਖੇ ਹੋਇਆ। ਕੁਝ ਕੁ ਮੌਖਿਕ ਵਚਿੱਤਰ ਘਟਨਾਵਾਂ ਸਾਖੀਕਾਰਾਂ ਨੇ ਬਾਬਾ ਸ੍ਰੀ ਚੰਦ ਜੀ ਨਾਲ ਜੋੜੀਆਂ ਹਨ; ਜਿਵੇਂ ਕਿ ਕਿਹਾ ਜਾਂਦਾ ਹੈ ਕਿ ਉਹ ਸ਼ਿਵ ਜੀ ਦਾ ਹੀ ਸਰੂਪ ਸਨ। ਉਹਨਾਂ ਦੇ ਕੰਨ ਵਿਚ ਮਾਸ ਦੀ ਮੁੰਦ੍ਰਾ ਸੀ। ਉਹਨਾਂ ਦੀਆਂ ਬਚਪਨ ਦੀਆਂ ਖੇਡਾਂ ਲੌਕਿਕ ਨਾ ਹੋ ਕੇ ਅਲੌਕਿਕ ਸਨ।

ਬਾਬਾ ਸ੍ਰੀ ਚੰਦ ਜੀ ਅਜਿਹੀ ਪਵਿੱਤਰ ਧਾਰਮਿਕ ਸ਼ਖ਼ਸੀਅਤ ਸਨ, ਜੋ ਗੁਰੂ ਨਾਨਕ ਦੇਵ ਜੀ ਦੇ ਧਰਮ ਨੂੰ ਲੈ ਕੇ ਆਪਣੇ ਢੰਗ ਨਾਲ ਪ੍ਰਚਾਰਨਾ ਚਾਹੁੰਦੇ ਸਨ। ਉਹਨਾਂ ਨੇ ਗ੍ਰਿਹਸਤ ਆਸ਼ਰਮ ਵਿਚ ਪ੍ਰਵੇਸ਼ ਨਹੀਂ ਕੀਤਾ, ਬਲਕਿ ਇਕ ਬ੍ਰਹਮਚਾਰੀ ਦੇ ਰੂਪ ਵਿਚ ਜੀਵਨ ਬਤੀਤ ਕੀਤਾ। ਭਾਵੇਂ ਬਾਬਾ ਸ੍ਰੀ ਚੰਦ ਜੀ ਵਿਰਕਤ ਜੀਵਨ ਜੀਉਂਦੇ ਰਹੇ, ਪਰ ਉਹਨਾਂ ਨੇ ਬਾਬਾ ਲਖਮੀ ਚੰਦ ਜੀ ਦੇ ਪੁੱਤਰ ਬਾਬਾ ਧਰਮ ਚੰਦ

www sikhbookclub.com

ਨੂੰ ਇਕ ਸੁਚੱਜੀ ਮਾਂ ਵਾਂਗ ਪਾਲਿਆ ਪੋਸਿਆ। ਬਾਬਾ ਸ੍ਰੀ ਚੰਦ ਜੀ ਗੁਰੂ ਨਾਨਕ ਦੇਵ ਜੀ ਦੀ ਪੀੜ੍ਹੀ ਨੂੰ ਅੱਗੇ ਵਧਾਉਣਾ ਚਾਹੁੰਦੇ ਸਨ ਤੇ ਅੱਗੋਂ ਇਹ ਪੀੜ੍ਹੀ ਚੱਲਦੀ ਰਹੇ। ਆਪ ਜੀ ਜਿਸ ਢੰਗ ਨਾਲ ਪ੍ਰਚਾਰ ਕਰਨਾ ਚਾਹੁੰਦੇ ਸਨ, ਉਸ ਵਿਚ ਸੰਨਿਆਸ ਬ੍ਰਹਮਚਰਜ ਉਪਰ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਪ੍ਰਵਿਰਤੀ ਮਾਰਗ ਧਾਰਨ ਕਰਨ 'ਤੇ ਜ਼ਿਆਦਾ ਜ਼ੋਰ ਦਿੱਤਾ। ਪਰੰਤੂ ਬਾਬਾ ਸ੍ਰੀ ਚੰਦ ਜੀ ਨਾਲ ਕੁਝ ਅਜਿਹੇ ਸੰਤ-ਮਹਾਤਮਾਂ ਜੁੜ ਗਏ ਸਨ, ਜੋ ਵਿਰਕਤ ਰਹਿ ਕੇ ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਚਾਹੁੰਦੇ ਸਨ। ਇਹੋ ਜਮਾਤ ਹੀ ਉਦਾਸੀ ਸਾਧੂਆਂ ਵਜੋਂ ਪ੍ਰਚਲਿਤ ਹੋਈ।

ਇਤਿਹਾਸਕ ਸੰਦਰਭ ਵਿਚ ਬਾਬਾ ਸ੍ਰੀ ਚੰਦ ਜੀ ਤੋਂ ਹੀ ਉਦਾਸੀ ਸੰਪ੍ਰਦਾ ਦਾ ਉਦਭਵ ਤੇ ਵਿਕਾਸ ਸ਼ੁਰੂ ਹੋਇਆ। ਬਾਬਾ ਸ੍ਰੀ ਚੰਦ ਜੀ ਤੋਂ ਬਾਅਦ ਬਾਬਾ ਧਰਮ ਚੰਦ ਜੀ ਵੀ ਇਸ ਸੰਪ੍ਰਦਾ ਨੂੰ ਸਿੰਚਦੇ ਰਹੇ। ਬਾਬਾ ਗੁਰਦਿੱਤਾ ਜੀ ਨੂੰ ਬਾਬਾ ਸ੍ਰੀ ਚੰਦ ਜੀ ਨੇ ਆਪਣਾ ਉਤਰਾਧਿਕਾਰੀ ਨਿਯੁਕਤ ਕੀਤਾ। ਬਾਬਾ ਗੁਰਦਿੱਤਾ ਜੀ ਨੇ ਉਦਾਸੀ ਸੰਪ੍ਰਦਾ ਦਾ ਵਿਕਾਸ ਕਰਦੇ ਹੋਏ ਚਾਰ ਧੂਣਿਆਂ ਦੀ ਸਥਾਪਨਾ ਕੀਤੀ। ਇਹ ਚਾਰ ਧੂਣੇ ਸਿੱਖ ਧਰਮ ਦੇ ਪ੍ਰਚਾਰ ਦਾ ਕੇਂਦਰ ਬਣੇ, ਜਿਸ ਨਾਲ ਸਾਰੇ ਹਿੰਦੁਸਤਾਨ ਵਿਚ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਕਾਇਮ ਹੋ ਗਈਆਂ। ਇਹਨਾਂ ਉਦਾਸੀ ਸਾਧੂਆਂ ਵੱਲੋਂ ਆਪਣੇ ਡੇਰਿਆਂ ਵਿਚ ਲੰਗਰ ਦੀ ਖ਼ਾਸ ਵਿਵਸਥਾ ਕੀਤੀ ਜਾਂਦੀ ਸੀ। ਇਹ ਉਦਾਸੀ ਮਹਾਤਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਦਸਮ ਗ੍ਰੰਥ ਤੇ *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਦੀ ਸੰਥਿਆ ਵੀ ਆਪਣੇ ਸਥਾਨਾਂ 'ਤੇ ਸਿੱਖਾਂ ਨੂੰ ਦਿੰਦੇ ਸਨ। ਇਹਨਾਂ ਵਿੱਚੋਂ ਕਈ ਉਦਾਸੀ ਸਾਧੂਆਂ ਨੇ ਜਨਮਸਾਖੀਆਂ, ਪਰਮਾਰਥ ਟੀਕੇ ਅਤੇ ਗੁਰ-ਇਤਿਹਾਸ ਦੇ ਮੁੱਢਲੇ ਗ੍ਰੰਥ ਰਚੇ। ਬਾਬਾ ਸੇਵਾ ਦਾਸ ਜੀ ਨੇ *ਪਰਚੀ ਪਾਤਸ਼ਾਹੀ ਦਸਵੀਂ* ਦੀ ਰਚਨਾ ਕੀਤੀ। ਮਹਾਂਕਵੀ ਸੰਤਰੇਣ ਉਦਾਸੀ ਮਹਾਂਪੁਰਸ਼ ਨੇ *ਸ੍ਰੀ ਮਤਿ ਨਾਨਕ ਵਿਜਯ ਗ੍ਰੰਥ* ਅਤੇ ਸਾਧੂ ਅਨੰਦਘਣ ਜੀ ਨੇ ਨਿਤਨੇਮ ਦੀਆਂ ਬਾਣੀਆਂ ਦੇ ਟੀਕੇ ਕੀਤੇ।

ਬਾਬਾ ਸ੍ਰੀ ਚੰਦ ਜੀ ਨੇ ਉਦਾਸੀ ਸੰਪ੍ਰਦਾ ਦੇ ਵਿਕਾਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗ ਯਾਤਰਾਵਾਂ ਵੀ ਕੀਤੀਆਂ। ਆਪ ਨੇ ਸ੍ਰੀਨਗਰ, ਪੋਠੋਹਾਰ, ਕਾਬਲ, ਕੰਧਾਰ, ਸਿੰਧ, ਦਵਾਰਕਾ, ਸੁਦਾਮਾ ਪੁਰੀ, ਗੁਜਰਾਤ, ਕਾਠੀਆਵਾੜ, ਉਦੈਪੁਰ (ਰਾਜਸਥਾਨ), ਚੰਬਾ, ਪਿਸ਼ਾਵਰ ਆਦਿ ਥਾਵਾਂ ਉਪਰ ਨਾਨਕ ਨਾਮ-ਲੇਵਾ ਸੰਗਤਾਂ ਕਾਇਮ ਕੀਤੀਆਂ। ਇਹਨਾਂ ਯਾਤਰਾਵਾਂ ਦੌਰਾਨ ਆਪ ਜੀ ਸਥਾਨਕ ਰਾਜੇ-ਮਹਾਰਾਜਿਆਂ ਤੇ ਬਾਦਸ਼ਾਹਾਂ ਨੂੰ ਵੀ ਮਿਲਦੇ ਰਹੇ। ਰਾਜੇ-ਮਹਾਰਾਜੇ ਆਪ ਜੀ ਤੋਂ ਅਸ਼ੀਰਵਾਦ ਪ੍ਰਾਪਤ ਕਰਦੇ ਰਹੇ। ਆਪ ਆਪਣੇ ਜੀਵਨ ਦੇ ਆਖ਼ਰੀ ਸਮੇਂ ਤਕ ਯਾਤਰਾਵਾਂ ਕਰਦੇ ਰਹੇ। ਅਖ਼ੀਰ 149 ਸਾਲ ਦੀ ਆਯੂ ਭੋਗ ਕੇ ਆਪ ਜੀ 1643 ਈ. ਨੂੰ ਚੰਬੇ ਵਿਖੇ ਨਦੀ ਪਾਰ ਕਰ ਕੇ ਅਲੋਪ ਹੋ ਗਏ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਬਾਕੀ ਗੁਰੂ ਸਾਹਿਬਾਨ ਨੇ ਉਦਾਸੀ ਸੰਪ੍ਰਦਾ 'ਤੇ ਨਦਰੇ-ਰਹਿਮਤ ਬਣਾਈ ਰੱਖੀ। ਸਮੇਂ ਸਮੇਂ 'ਤੇ ਸਾਰੇ ਗੁਰੂ ਸਾਹਿਬਾਨ ਬਾਬਾ

www.sikhbookclub.com

ਸ੍ਰੀ ਚੰਦ ਜੀ ਦਾ ਮਾਨ-ਸਨਮਾਨ ਕਰਦੇ ਰਹੇ। ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਬਾਅਦ ਗੁਰੂ ਸਾਹਿਬਾਨ ਨੇ ਉਦਾਸੀ ਸੰਤਾਂ 'ਤੇ ਆਪਣੀ ਕਿਰਪਾ ਦ੍ਰਿਸ਼ਟੀ ਹਮੇਸ਼ਾਂ ਬਣਾਈ ਰੱਖੀ। ਸਮੇਂ ਸਮੇਂ 'ਤੇ ਗੁਰੂ ਸਾਹਿਬ ਉਦਾਸੀ ਸਾਧੂਆਂ ਦੀਆਂ ਸੇਵਾਵਾਂ ਤੋਂ ਪ੍ਰਸੰਨ ਹੋ ਕੇ ਬਖ਼ਸ਼ਿਸ਼ਾਂ ਕਰਦੇ ਰਹੇ, ਜਿਵੇਂ ਕਿ :

1. ਸੁਥਰੇ ਸ਼ਾਹ ਜੀ — ਬਖ਼ਸ਼ਿਸ਼ ਗੁਰੂ ਹਰਿਗੋਬਿੰਦ ਸਾਹਿਬ ਜੀ
2. ਭਗਤ ਭਗਵਾਨ ਜੀ — ਬਖ਼ਸ਼ਿਸ਼ ਗੁਰੂ ਹਰਿਰਾਇ ਸਾਹਿਬ ਜੀ (ਪਰੰਤੂ ਉਦਾਸੀ ਮਹਾਤਮਾ ਇਹ ਧਾਰਨਾ ਰੱਖਦੇ ਹਨ ਕਿ ਭਗਤ ਭਗਵਾਨ ਜੀ ਨੂੰ ਬਾਬਾ ਸ੍ਰੀ ਚੰਦ ਜੀ ਤੋਂ ਬਖ਼ਸ਼ਿਸ਼ ਪ੍ਰਾਪਤ ਹੋਈ ਸੀ।)
3. ਸੰਗਤ ਸ਼ਾਹ ਜੀ — ਬਖ਼ਸ਼ਿਸ਼ ਗੁਰੂ ਹਰਿਰਾਇ ਸਾਹਿਬ ਜੀ
4. ਮੀਹਾਂ ਸ਼ਾਹ ਜੀ — ਬਖ਼ਸ਼ਿਸ਼ ਗੁਰੂ ਤੇਗ਼ ਬਹਾਦਰ ਸਾਹਿਬ ਜੀ
5. ਜੀਤ ਮੱਲ ਜੀ — ਬਖ਼ਸ਼ਿਸ ਗੁਰੂ ਗੋਬਿੰਦ ਸਿੰਘ ਜੀ
6. ਬਖ਼ਤ ਮੱਲ ਜੀ — ਬਖ਼ਸ਼ਿਸ਼ ਗੁਰੂ ਗੋਬਿੰਦ ਸਿੰਘ ਜੀ

ਇਤਿਹਾਸਕ ਤੱਥਾਂ ਨੂੰ ਵਾਚਣ ਤੋਂ ਉਦਾਸੀਆਂ ਦੀਆਂ ਕਈ ਵਡਿਆਈਆਂ ਵੇਖਣ ਨੂੰ ਮਿਲਦੀਆਂ ਹਨ ਕਿ ਉਦਾਸੀ ਸਾਧੂ ਸਮਾਜ ਨੂੰ ਤੰਦਰੁਸਤ ਰੱਖਣ ਲਈ ਵੈਦ ਗਿਰੀ ਰਾਹੀਂ ਵੀ ਲੋਕਾਂ ਦਾ ਇਲਾਜ ਕਰਦੇ ਸਨ। ਉਦਾਸੀਆਂ ਦੇ ਧੂਣਿਆਂ ਦੀ ਬਰਕਤ ਹੀ ਐਨੀ ਸੀ ਕਿ ਇਕ ਚੁਟਕੀ ਸੁਆਹ ਨਾਲ ਲੋਕਾਂ ਦੇ ਦੁੱਖ ਦੂਰ ਕਰ ਦਿੰਦੇ ਸਨ। ਜਿਹੜੇ ਰੋਗਾਂ ਦਾ ਇਲਾਜ ਵੱਡੇ ਵੱਡੇ ਵੈਦ ਨਹੀਂ ਸਨ ਕਰਦੇ, ਉਹ ਉਦਾਸੀ ਸਾਧੂ ਚੁਟਕੀਆਂ ਵਿਚ ਕਰ ਦਿੰਦੇ ਸਨ। ਇਕ ਘਟਨਾ ਦਾ ਜ਼ਿਕਰ ਅਸੀਂ ਕਰਦੇ ਹਾਂ ਕਿ ਇਕ ਵਾਰ ਹਿੰਦੁਸਤਾਨ ਦੇ ਬਾਦਸ਼ਾਹ ਸ਼ਾਹਜਹਾਨ ਨੂੰ ਭਗੰਦਰ ਦਾ ਰੋਗ ਲੱਗ ਗਿਆ। ਉਸ ਨੇ ਬਹੁਤ ਇਲਾਜ ਕਰਵਾਏ, ਪਰ ਸਾਰੇ ਵਿਅਰਥ ਗਏ। ਉਸ ਨੂੰ ਖ਼ੂਨ ਵਗਣਾ ਬੰਦ ਨਾ ਹੋਇਆ। ਉਸ ਦੇ ਦਰਬਾਰ ਦਾ ਇਕ ਵਜ਼ੀਰ ਜੰਡਿਆਲੇ (ਜਲੰਧਰ) ਕੋਲ ਦਾ ਸੀ। ਇਥੇ ਹੀ ਇਕ ਉਦਾਸੀ ਸਾਧੂ ਦਾ ਡੇਰਾ ਸੀ। ਵਜ਼ੀਰ ਜਦੋਂ ਜੰਡਿਆਲੇ ਛੁੱਟੀ ਕੱਟਣ ਲਈ ਆਇਆ ਤਾਂ ਉਸ ਨੇ ਸਾਧੂ ਕੋਲ ਸ਼ਾਹਜਹਾਨ ਦੀ ਬੀਮਾਰੀ ਬਾਰੇ ਜ਼ਿਕਰ ਕੀਤਾ ਤੇ ਉਹਨਾਂ ਦੀ ਦੁਖਦਾਈ ਅਵਸਥਾ ਵੀ ਬਿਆਨ ਕੀਤੀ। ਉਦਾਸੀ ਮਹਾਤਮਾ ਨੇ ਧੂਣੇ ਦੀ ਸੁਆਹ ਦੀਆਂ ਪੰਜ ਪੁੜੀਆਂ ਬਣਾ ਕੇ ਵਜ਼ੀਰ ਨੂੰ ਦਿੱਤੀਆਂ। ਜਦੋਂ ਇਹ ਪੁੜੀਆਂ ਵਜ਼ੀਰ ਨੇ ਬਾਦਸ਼ਾਹ ਨੂੰ ਦਿੱਤੀਆਂ ਤਾਂ ਕਹਿੰਦੇ ਹਨ ਕਿ ਬਾਦਸ਼ਾਹ ਦਾ ਰੋਗ ਕੱਟਿਆ ਗਿਆ। ਬਾਦਸ਼ਾਹ ਬਹੁਤ ਪ੍ਰਸੰਨ ਹੋਇਆ। ਇਸ ਤਰ੍ਹਾਂ ਉਦਾਸੀ ਮਹਾਤਮਾਵਾਂ ਦੀਆਂ ਬਹੁਤ ਸਾਰੀਆਂ ਰੌਚਿਕ ਕਥਾਵਾਂ ਮਿਲ ਜਾਂਦੀਆਂ ਹਨ।

ਉਦਾਸੀ ਮਹਾਤਮਾ ਗੁਰੂ ਗੋਬਿੰਦ ਸਿੰਘ ਜੀ ਨਾਲ ਜੰਗ ਦੇ ਮੈਦਾਨ ਵਿਚ ਵੀ ਜੂਝਦੇ ਰਹੇ ਹਨ। ਭੰਗਾਣੀ ਦੇ ਯੁੱਧ ਵਿਚ ਸੰਤ ਕ੍ਰਿਪਾਲ ਦਾਸ ਜੀ ਉਦਾਸੀ ਗੁਰੂ ਸਾਹਿਬ ਦੇ ਸਨਮੁਖ ਲੜਦੇ ਨੇ ਆਪਣੇ ਕੁੱਤਕੇ ਨਾਲ ਹਯਾਤ ਖ਼ਾਨ ਦਾ ਸਿਰ ਤਰਬੂਜ਼

www sikhbookclub.com

ਵਾਂਙ ਪਾੜ ਸੁੱਟਿਆ ਸੀ ਤੇ ਉਸ ਨੂੰ ਜਹਾਨੋਂ ਪਾਰ ਬੁਲਾ ਦਿੱਤਾ ਸੀ। ਕਹਿੰਦੇ ਹਨ ਕਿ ਬਾਬਾ ਕ੍ਰਿਪਾਲ ਦਾਸ ਜੀ ਦਾ ਕੁੱਤਕਾ ਅੱਠ ਸੇਰ ਦਾ ਸੀ।

ਮਹਾਨ ਕੋਸ਼ ਵਿਚ ਕ੍ਰਿਪਾਲ ਦਾਸ ਉਦਾਸੀ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਲਿਖਿਆ ਹੈ ਕਿ ਕ੍ਰਿਪਾਲ ਦਾਸ ਦੀ ਗੱਦੀ ਅਸਥਾਨ ਪਿੰਡ ਹੇਹਰ (ਜ਼ਿਲ੍ਹਾ ਲੁਧਿਆਣਾ) ਹੈ, ਜਦੋਂ ਦਸਮੇਸ਼ ਪਿਤਾ ਮਾਛੀਵਾੜੇ ਤੋਂ ਉੱਚ ਦਾ ਪੀਰ ਦਾ ਰੂਪ ਧਾਰ ਕੇ ਹੇਹਰ ਪਹੁੰਚੇ, ਤਾਂ ਕ੍ਰਿਪਾਲ ਦਾਸ ਨੇ ਸਤਿਗੁਰੂ ਦੀ ਸੇਵਾ ਕੀਤੀ ਅਤੇ ਵਿਦਾਇਗੀ ਸਮੇਂ ਕਈ ਕੋਹ ਤਕ ਪਲੰਘ ਦਾ ਪਾਵਾ ਉਠਾਈ ਗਿਆ।

ਅੱਜ ਜੋ ਸਾਡੇ ਕੋਲ ਗੁਰਦੁਆਰੇ/ਗੁਰਧਾਮ ਹਨ, ਇਹਨਾਂ ਨੂੰ ਉਸਾਰਨ ਵਿਚ ਵੀ ਉਦਾਸੀ ਸਾਧੂਆਂ ਦਾ ਮਹੱਤਵਪੂਰਨ ਯੋਗਦਾਨ ਹੈ। ਉਦਾਸੀ ਸਾਧੂਆਂ ਨੇ ਹੀ ਮਾਲਵੇ ਅਤੇ ਦੇਸ਼ ਦੇ ਹੋਰ ਕੋਨਿਆਂ ਵਿਚ ਪੈਦਲ ਭ੍ਰਮਣ ਕਰ ਕੇ ਗੁਰੂ ਸਾਹਿਬ ਦੇ ਸਥਾਨਾਂ ਦੀ ਨਿਸ਼ਾਨਦੇਹੀ ਕਰ ਕੇ ਗੁਰਧਾਮ ਸਥਾਪਤ ਕੀਤੇ। ਖੂਹ ਲਗਵਾਏ, ਲੰਗਰ ਦੀ ਪ੍ਰਥਾ ਨੂੰ ਚਲਾਈ ਰੱਖਿਆ।

ਭਾਰਤ ਦੇ ਹਰ ਇਕ ਪ੍ਰਾਂਤ ਤਕ ਅਤੇ ਵਿਦੇਸ਼ਾਂ ਤਕ ਵੀ ਉਦਾਸੀ ਸਾਧੂਆਂ ਨੇ ਗੁਰਮਤਿ ਦੇ ਪ੍ਰਚਾਰ ਨੂੰ ਪਹੁੰਚਾਇਆ। ਪੀਟਰਸਬਰਗ ਤਕ ਉਦਾਸੀ ਸਾਧੂਆਂ ਨੇ ਡੇਰੇ ਸਥਾਪਤ ਕਰ ਕੇ ਰੂਸੀਆਂ ਨੂੰ ਵੀ ਬਾਬੇ ਨਾਨਕ ਦੇ ਮਿਸ਼ਨ ਨਾਲ ਜੋੜਿਆ। ਬਾਬਾ ਵਿਰਸਾ ਸਿੰਘ ਜੀ ਦਿੱਲੀ ਵਾਲਿਆਂ ਨੇ ਰੂਸ ਵਿਚ ਗੁਰਮਤਿ ਦੇ ਪ੍ਰਚਾਰ ਨੂੰ ਜਾਰੀ ਰੱਖਿਆ। ਉਹਨਾਂ ਦੇ ਅਨੇਕਾਂ ਸ਼ਰਧਾਲੂ ਹਨ—ਰੂਸ ਵਿਚ। ਇਥੇ ਹੀ ਬਸ ਨਹੀਂ, ਬਾਬਾ ਜੀ ਨੇ ਰੂਸੀ ਬੋਲੀ ਵਿਚ ਗੁਰਬਾਣੀ ਦੇ ਗੁਟਕੇ ਤਿਆਰ ਕਰ ਕੇ ਰੂਸੀਆਂ ਨੂੰ ਗੁਰਬਾਣੀ ਨਾਲ ਜੋੜਿਆ।

ਉਦਾਸੀ ਸਾਧੂਆਂ ਨੇ ਬਿਹਾਰ ਦੇ ਲੋਕਾਂ ਨੂੰ ਗੁਰਮਤਿ ਨਾਲ ਜੋੜਨ ਲਈ ਮਹੱਤਵਪੂਰਨ ਭੂਮਿਕਾ ਨਿਭਾਈ। ਗੁਰੂ ਹਰਿਰਾਇ ਸਾਹਿਬ ਜੀ ਦੇ ਸਮੇਂ ਹੋਏ ਭਗਤ ਗਿਰਿ (ਭਗਤ ਭਗਵਾਨ ਜੀ) ਤੋਂ ਇਸ ਪ੍ਰਾਂਤ ਵਿਚ ਸਿੱਖੀ ਦੇ ਪ੍ਰਚਾਰ ਦਾ ਆਗਾਜ਼ ਹੋਇਆ। ਇਹਨਾਂ ਦੇ ਪ੍ਰਭਾਵ ਅਧੀਨ 360 ਡੇਰੇ ਉਦਾਸੀ ਸਾਧੂਆਂ ਦੇ ਸਥਾਪਤ ਹੋਏ, ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਤੇ ਪ੍ਰਸਾਰ ਪੂਰੀ ਤਨਦੇਹੀ ਤੇ ਲਗਨ ਨਾਲ ਕੀਤਾ। ਭਾਵੇਂ ਇਹ ਉਦਾਸੀ ਸਾਧੂ ਸਥਾਨਕ ਪਰੰਪਰਾਵਾਂ ਨਾਲ ਜੁੜੇ ਹੋਏ ਸਨ, ਪਰ ਉਸ ਦੇ ਨਾਲ ਹੀ ਇਹਨਾਂ ਨੇ ਗੁਰੂ ਜੀ ਦੇ ਨਾਮ ਦੇ ਸੰਦੇਸ਼ ਨੂੰ ਬਿਹਾਰ ਦੇ ਹਰ ਘਰ ਵਿਚ ਪਹੁੰਚਾਉਣ ਦਾ ਬਹੁਤ ਹੀ ਉਪਮਾ ਯੋਗ ਉਪਰਾਲਾ ਕੀਤਾ। ਕਹਿੰਦੇ ਹਨ ਕਿ ਇਕ ਅਜਿਹਾ ਸਮਾਂ ਵੀ ਆਇਆ, ਜਦੋਂ ਡੇਰੇ 'ਤੇ ਆਉਣ ਵਾਲੀ ਸੰਗਤ ਨੂੰ ਇਹ ਸਾਧੂ 'ਸਤਿਨਾਮ' ਦਾ ਮੰਤ੍ਰ ਦ੍ਰਿੜ੍ਹਾਇਆ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਉਚਾਰਣ ਕੀਤਾ ਹੋਇਆ ਮੂਲ-ਮੰਤ੍ਰ ਇਹਨਾਂ ਦੇ ਡੇਰਿਆਂ ਵਿਚ ਆਮ ਪ੍ਰਚਲਿਤ ਹੁੰਦਾ ਸੀ। ਮੂਲ-ਮੰਤ੍ਰ ਦਾ ਜਾਪ ਸ਼ਰਧਾਲੂ ਨੂੰ ਦ੍ਰਿੜ੍ਹ ਕਰਵਾਇਆ ਜਾਂਦਾ ਸੀ। ਬਿਹਾਰ ਵਿਚ ਹੁਣ ਵੀ ਉਦਾਸੀ ਸੰਤਾਂ ਦੇ ਕਈ ਸਥਾਨ ਹਨ, ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਤੇ ਬਾਬਾ ਸ੍ਰੀ ਚੰਦ ਜੀ ਦਾ ਪ੍ਰਕਾਸ਼ ਦਿਵਸ ਮਨਾਇਆ ਜਾਂਦਾ ਹੈ। ਇਹਨਾਂ ਡੇਰਿਆਂ ਵਿਚ ਸ੍ਰੀ ਗੁਰੂ ਗ੍ਰੰਥ

www sikhbookclub.com

ਸਾਹਿਬ ਜੀ ਦੇ ਪੁਰਾਤਨ ਸਰੂਪ ਵੀ ਦੇਖਣ ਨੂੰ ਮਿਲਦੇ ਹਨ। ਬਾਬਾ ਸ੍ਰੀ ਚੰਦ ਜੀ ਦੀ ਮੂਰਤੀ ਵੀ ਇਹਨਾਂ ਡੇਰਿਆਂ ਵਿਚ ਦੇਖਣ ਨੂੰ ਮਿਲਦੀ ਹੈ। ਬਾਬਾ ਸ੍ਰੀ ਚੰਦ ਜੀ ਦੀ ਮੂਰਤੀ ਤੇ ਡੇਰੇ ਦੇ ਪੂਰਬਲੇ ਮਹਾਂਪੁਰਸ਼ਾਂ ਦੀਆਂ ਮੂਰਤੀਆਂ ਪੰਜਾਬ ਦੇ ਡੇਰਿਆਂ ਵਿਚ ਵੀ ਦੇਖਣ ਨੂੰ ਮਿਲਦੀਆਂ ਹਨ।

ਇਕ ਉਦਾਸੀ ਮਹਾਤਮਾ ਨੇ ਪੀਟਰਸਬਰਗ ਵਿਖੇ ਜਿਸ ਦਾ ਨਵਾਂ ਨਾਮ 'ਲੈਨਿਨ ਗਾਡ' ਇਕ ਧਰਮਸਾਲਾ ਬਣਾ ਕੇ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਦਾ ਝੰਡਾ ਵਿਦੇਸ਼ੀ ਧਰਤੀ 'ਤੇ ਖੜਾ ਕੀਤਾ। ਕਹਿੰਦੇ ਹਨ ਕਿ ਜ਼ਾਰ ਸਰਕਾਰ ਨੇ ਈਸਟ ਇੰਡੀਆ ਕੰਪਨੀ ਨੂੰ ਲਿਖਤੀ ਬੇਨਤੀ ਕੀਤੀ ਸੀ ਕਿ ਬਾਬਾ ਰਾਮਦਾਸ ਦੇ ਗੁਜ਼ਰ ਜਾਣ ਕਰ ਕੇ ਉਸ ਦੇ ਗ੍ਰੰਥ ਸਣੇ ਹੋਰ ਸਾਜ਼-ਸਾਮਾਨ ਦੇ ਸਰਕਾਰੀ ਕਬਜ਼ੇ ਵਿਚ ਪਏ ਹਨ ਤੇ ਜੇ ਕੋਈ ਦਾਅਵੇਦਾਰ ਮਿਲ ਜਾਏ ਤਾਂ ਉਸ ਨੂੰ ਮੋੜ ਦਿੱਤੇ ਜਾਣਗੇ।

ਐਸੇ ਹੀ ਹੋਰ ਇਕ ਅਗਿਆਤ ਉਦਾਸੀ ਸਾਧੂ ਨੇ ਤੇਲ ਦੀ ਪੈਦਾਵਾਰ ਲਈ ਮਸ਼ਹੂਰ ਸ਼ਹਿਰ 'ਬਾਕੂ' ਵਿਚ ਇਕ ਧਰਮਸਾਲ ਉਸਾਰੀ ਸੀ, ਜਿਸ ਦੇ ਬਾਹਰ ਪੱਥਰ ਉੱਤੇ ਗੁਰਮੁਖੀ ਵਿਚ ਉਕਰੇ 'ਮੂਲ-ਮੰਤ੍ਰ' ਤੇ ਧਰਮਸਾਲ ਦੇ ਅੰਦਰੋਂ ਲੱਭੇ ਗੁਰਮੁਖੀ ਦੇ ਖਰੜਿਆਂ ਦੀਆਂ ਤਸਵੀਰਾਂ ਭਾਰਤੀ ਅਖ਼ਬਾਰਾਂ ਵਿਚ ਕਈ ਵਾਰ ਛੱਪ ਚੁੱਕੀਆਂ ਹਨ।

ਉਦਾਸੀ ਸਾਧੂਆਂ ਦੀ ਇਕ ਹੋਰ ਰੌਚਿਕ ਗਾਥਾ ਅਸੀਂ ਇਥੇ ਅੰਕਿਤ ਕਰਦੇ ਹਾਂ ਤਾਂ ਜੁ ਕਿ ਪਾਠਕਾਂ ਨੂੰ ਇਹ ਗਿਆਤ ਹੋ ਸਕੇ ਕਿ ਉਦਾਸੀ ਸਾਧੂਆਂ ਦੀ ਹਰਮਨ ਪਿਆਰਤਾ ਲੋਕਾਂ ਦੇ ਦਿਲਾਂ ਵਿਚ ਕਿੰਨੀ ਸੀ। ਇਸ ਦੀ ਅਸੀਂ ਇਕ ਉਦਾਹਰਣ ਸਾਂਝੀ ਕਰਦੇ ਹਾਂ। ਉਦਾਸੀ ਸਾਧੂਆਂ ਨੇ ਪੰਜਾਬ ਤੋਂ ਬਾਹਰ ਲੋਕਾਂ ਦੇ ਮਨਾਂ ਅੰਦਰ ਗੁਰੂ ਨਾਨਕ ਦੇਵ ਜੀ ਦਾ ਮੰਤ੍ਰ ਇਤਨਾ ਦ੍ਰਿੜ੍ਹ ਕਰਵਾ ਦਿੱਤਾ ਸੀ ਕਿ ਉਹਨਾਂ ਨੂੰ ਹੋਰ ਕੋਈ ਮੰਤ੍ਰ ਸੁਣਨਾ ਭਾਉਂਦਾ ਨਹੀਂ ਸੀ। ਇਕ ਵਾਰ ਇਕ ਪੇਂਡੂ ਮਾਈ ਆਪਣੀ ਨੂੰਹ ਨੂੰ, ਜੋ ਕਿ ਨਵੀਂ ਵਿਆਹ ਕੇ ਆਈ ਸੀ, ਉਦਾਸੀ ਸੰਤਾਂ ਦੇ ਡੇਰੇ 'ਤੇ ਲੈ ਕੇ ਆਈ। ਸਾਧੂ ਕਹਿੰਦਾ ਕਿ ਮੈਂ ਹੌਲੀ ਹੌਲੀ ਉਸ ਦੀ ਨੂੰਹ ਦੇ ਕੰਨ ਵਿਚ ਗਾਇਤ੍ਰੀ ਮੰਤ੍ਰ ਬੋਲਣਾ ਸ਼ੁਰੂ ਕੀਤਾ : "ਓਮ ਭੂਰ ਭਵਹ ਸ੍ਵਹ..." ਤਾਂ ਮਾਈ ਜੋ ਕੋਲ ਬੈਠੀ ਸੁਣ ਰਹੀ ਸੀ, ਇਕਦਮ ਕੂਕ ਉੱਠੀ :

"ਗੁਰੂ ਜੀ! ਸਾਡੀ ਕੁੜੀ ਨੂੰ ਇਹ ਕਿਹੜਾ ਮੰਤ੍ਰ ਦੇਣ ਲੱਗ ਪਏ ਹੋ। ਇਸ ਨੂੰ ਉਹੀ ਮੰਤ੍ਰ ਦਿਉ ਜਿਹੜਾ ਮੈਨੂੰ ਦਿੱਤਾ ਸੀ। ਇਕ ਓਮ ਸਤਿਨਾਮ ਵਾਲਾ।"

ਇਹ ਦੱਸ ਕੇ ਤ੍ਰਿਪਿਟਿਕਾਚਾਰੀਆ ਜੀ ਬੋਲੇ ਕਿ ਤੁਹਾਨੂੰ ਪਤਾ ਹੀ ਹੋਵੇਗਾ ਕਿ ਹੁਣ ਅਸੀਂ ਤੁਹਾਡੇ ਵਾਲਾ ਮੂਲ ਮੰਤ੍ਰ ਨਹੀਂ ਦੇਂਦੇ। ਸੋ ਮੈਂ ਸਾਰਾ ਟਿੱਲ ਲਾ ਲਿਆ ਕਿ ਮਾਈ ਮੈਨੂੰ ਨਵਾਂ ਮੰਤ੍ਰ ਦੇਣ ਦੇਵੇ, ਪਰ ਮੇਰੀ ਇਕ ਵੀ ਨਹੀਂ ਸੁਣੀ, ਮਾਈ ਨੇ ਕੋਈ ਵੀ ਚਾਲ ਨਾ ਚੱਲਣ ਦਿੱਤੀ। ਉਹ ਨਾ ਮੰਨੀ ਤੇ ਸਾਡੇ ਸਿਖਾਏ ਗੁਰੂ ਨਾਨਕ ਦੇਵ ਜੀ ਦੇ ਮੂਲ ਮੰਤ੍ਰ ਉੱਤੇ ਹੀ ਜ਼ਿੱਦ ਫੜ ਬੈਠੀ। ਇਹ ਕਰਾਮਾਤ ਸੀ ਉਦਾਸੀ ਸਾਧੂਆਂ ਦੀ, ਜੋ ਸਿੱਖਿਆ ਉਹਨਾਂ ਵੱਲੋਂ ਪ੍ਰਚਾਰੀ ਗਈ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦੀ। ਅੱਜ ਵੀ ਲੱਖਾਂ ਬੰਦੇ ਹੋਣਗੇ ਭਾਰਤ ਵਿਚ, ਜੋ ਸਾਡੇ ਸਿਖਾਏ ਹਰ ਦੁੱਖ-ਸੁੱਖ ਵਿਚ ਮੂਲ ਮੰਤ੍ਰ ਦਾ ਜਾਪ ਕਰਦੇ ਹਨ।

www sikhbookclub.com

ਇਕ ਵਾਰ ਪਟਨੇ ਇਕ ਕਾਲਜ ਦੀ ਮਹਿਲਾ ਪ੍ਰਿੰਸੀਪਲ ਉਦਾਸੀ ਅਚਾਰੀਆ ਜੀ ਦੀ ਸ਼ਿਸ਼ ਸੀ। ਉਹ ਅਚਾਰੀਆ ਜੀ ਨੂੰ ਆਪਣੇ ਕਾਲਜ ਵਿਚ 'ਗੁਰੂ ਦੀ ਲੋੜ' ਵਿਸ਼ੇ 'ਤੇ ਲੈਕਚਰ ਕਰਨ ਲਈ ਲੈ ਕੇ ਆਈ। ਅਚਾਰੀਆ ਜੀ ਨੇ ਘੰਟਾ ਭਰ 'ਗੁਰੂ ਦੀ ਲੋੜ' ਵਿਸ਼ੇ 'ਤੇ ਲੈਕਚਰ ਦਿੱਤਾ। ਸਮਾਪਤੀ 'ਤੇ ਮਹਿਲਾ ਪ੍ਰਿੰਸੀਪਲ ਆਪਣੀ ਕਾਰ ਵਿਚ ਉਹਨਾਂ ਨੂੰ ਉਹਨਾਂ ਦੇ ਡੇਰੇ ਛੱਡਣ ਜਾ ਰਹੀ ਸੀ ਕਿ ਰਾਹ ਵਿਚ ਢਿੱਲੀ ਜਿਹੀ ਆਵਾਜ਼ ਵਿਚ ਬੋਲੀ ਕਿ ਅੱਜ ਲੈਕਚਰ ਵਿਚ ਪਹਿਲਾਂ ਵਾਂਙ ਰਸ ਨਹੀਂ ਸੀ। ਅਚਾਰੀਆ ਜੀ ਕਹਿਣ ਲੱਗੇ ਕਿ ਮੈਂ ਆਪਣੇ ਆਪ ਨੂੰ ਖ਼ਾਸਾ ਚੰਗਾ ਬੁਲਾਰਾ ਮੰਨਦਾ ਸੀ, ਇਸ ਲਈ ਮੇਰੇ ਕੰਨ ਖੜੇ ਹੋ ਗਏ। ਮੈਂ ਪੁੱਛਿਆ, "ਕੀ ਗੱਲ ਹੈ ? ਅੱਜ ਤੁਹਾਨੂੰ ਮੇਰਾ ਭਾਸ਼ਣ ਪਸੰਦ ਕਿਉਂ ਨਹੀਂ ਆਇਆ ?" ਪ੍ਰਿੰਸੀਪਲ ਸਾਹਿਬ ਨੇ ਉੱਤਰ ਦਿੱਤਾ, "ਤੁਸੀਂ ਇਕ ਘੰਟਾ 'ਗੁਰੂ ਦੀ ਲੋੜ' ਵਿਸ਼ੇ 'ਤੇ ਭਾਸ਼ਣ ਦਿੱਤਾ ਤੇ ਗੁਰੂ ਨਾਨਕ ਦਾ ਨਾਮ ਤਕ ਨਹੀਂ ਲਿਆ। ਗੁਰੂ ਨਾਨਕ ਦੇ ਜ਼ਿਕਰ ਬਿਨਾਂ 'ਗੁਰੂ' ਦੇ ਵਿਸ਼ੇ ਉੱਤੇ ਦਿੱਤਾ ਲੈਕਚਰ ਕਿਵੇਂ ਸਫਲ ਕਿਹਾ ਜਾ ਸਕਦਾ ਹੈ ?"

ਇਹ ਵਾਰਤਾ ਸੁਣ ਕੇ ਅਚਾਰੀਆ ਜੀ ਨੇ ਮੇਰੀ ਵੀਣੀ ਜਿੱਡੀ ਮੋਟੀ ਉਂਗਲ ਸਾਡੇ ਦੋਨਾਂ ਵੱਲ ਤਾਣ ਕੇ ਕਿਹਾ, "ਮੇਰੀ ਆਪਣੀ ਚੇਲੀ, ਜਿਸ ਨੇ ਮੇਰੇ ਸਾਹਮਣੇ ਕਦੀ ਬੋਲਣ ਦਾ ਹੀਆ ਨਹੀਂ ਸੀ ਕੀਤਾ, ਮੈਨੂੰ ਇਸ ਕਰਕੇ ਦੋਸ਼ੀ ਠਹਿਰਾ ਰਹੀ ਸੀ ਕਿ ਮੈਂ ਗੁਰੂ ਦੇ ਵਿਸ਼ੇ ਉੱਤੇ ਬੋਲਦਿਆਂ ਗੁਰੂ ਨਾਨਕ ਦਾ ਜ਼ਿਕਰ ਕਿਉਂ ਨਹੀਂ ਕੀਤਾ ?" ਇਹ ਉਦਾਸੀ ਸਾਧੂਆਂ ਦੀ ਕਰੜੀ ਘਾਲ ਕਮਾਈ ਸੀ, ਜਿਸ ਦੇ ਸਦਕੇ ਲੱਖਾਂ ਪੜ੍ਹੇ ਤੇ ਅਨਪੜ੍ਹ ਲੋਕਾਂ ਦੇ ਦਿਲੋ-ਦਿਮਾਗ਼ 'ਤੇ ਨਾਨਕ ਨਾਮ-ਲੇਵਾ ਦੀ ਮੋਹਰ ਲੱਗੀ ਹੋਈ ਸੀ।

ਉਦਾਸੀ ਸੰਪ੍ਰਦਾ ਸਿੱਖ ਧਰਮ ਦੀ ਪ੍ਰਚਾਰਕ ਬਾਂਹ ਬਣ ਕੇ ਸਾਹਮਣੇ ਆਈ ਸੀ। ਉਦਾਸੀ ਸਾਧੂਆਂ ਨੇ ਸਿੱਖ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਨ ਦੀ ਮੁਹਾਰਤ ਪ੍ਰਾਪਤ ਕੀਤੀ ਤੇ ਇਸ ਦੇ ਨਾਲ ਹੀ ਸੰਸਕ੍ਰਿਤ ਦੀ ਵਿੱਦਿਆ ਵੀ ਗ੍ਰਹਿਣ ਕੀਤੀ। ਪੌਰਾਣਿਕ ਸ਼ਾਸਤਰ ਆਪ ਨੇ ਪੜ੍ਹੇ ਤੇ ਅੱਗੋਂ ਇਹਨਾਂ ਨੂੰ ਪ੍ਰਚਾਰਿਆ ਵੀ। ਕਈ ਗ੍ਰੰਥਾਂ ਦੇ ਅਨੁਵਾਦ ਵੀ ਕੀਤੇ। ਇਹ ਵੀ ਇਕ ਅਟੱਲ ਸਚਾਈ ਹੈ ਕਿ ਸੰਸਕ੍ਰਿਤ ਵਿਚ ਧਾਰਮਿਕ ਗ੍ਰੰਥਾਂ ਦੀ ਬਹੁਲਤਾ ਨੇ ਤੇ ਉਹਨਾਂ ਦੇ ਅਧਿਐਨ ਨੇ ਉਦਾਸੀ ਸਾਧੂਆਂ ਦੇ ਮਨਾਂ 'ਤੇ ਡੂੰਘਾ ਪ੍ਰਭਾਵ ਵੀ ਪਾਇਆ, ਕਿਉਂਕਿ ਉਹਨਾਂ ਗ੍ਰੰਥਾਂ ਵਿਚ ਵਿਦਵਤਾ ਤੇ ਵਿਸ਼ਾਲਤਾ ਗਹਿਰ-ਗੰਭੀਰਤਾ ਨੂੰ ਦੇਖ ਕੇ ਉਦਾਸੀ ਸੰਤ ਇਸ ਵੇਦਾਂਤਿਕ ਪ੍ਰਭਾਵ ਨੂੰ ਜ਼ਿਆਦਾ ਹੀ ਕਬੂਲ ਕਰ ਗਏ। ਇਸ ਦਾ ਨਤੀਜਾ ਇਹ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਸ਼ਾਸਤਰੀ ਵਿਚਾਰਧਾਰਾ ਦੇ ਅਨੁਕੂਲ ਸਹੀ ਸਾਬਤ ਕਰਨ 'ਤੇ ਬਹੁਤ ਜ਼ੋਰ ਲਾਇਆ। ਇਸੇ ਤਰ੍ਹਾਂ ਹੀ ਨਿਰਮਲੇ ਵਿਦਵਾਨ ਵੀ ਵੇਦਾਂਤਿਕ ਪ੍ਰਭਾਵ ਕਬੂਲ ਕਰਦੇ ਰਹੇ। ਉਦਾਸੀ ਸਾਧੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆ ਕਰਨ ਲੱਗਿਆਂ ਵੇਦਾਂਤਿਕ ਪ੍ਰਮਾਣ ਇਸ ਲਈ ਦਿੰਦੇ ਹਨ ਤਾਂ ਜੁ ਕਿ ਭਾਰਤ ਦੇ ਹੋਰ ਮਤ-ਮਤਾਂਤਰਾਂ ਦੇ ਸਾਧੂਆਂ ਵਿਚ ਆਪਣੀ ਵਿਦਵਤਾ ਦੀ ਛਾਪ ਛੱਡ ਸਕਣ, ਕਿਉਂਕਿ ਸਾਧੂ ਸਮਾਜ ਦੀ ਇਹ ਧਾਰਨਾ ਹੈ ਕਿ ਜਿਸ ਨੂੰ ਵੇਦਾਂਤ ਦਾ ਗਿਆਨ ਨਹੀਂ,

www sikhbookclub.com

ਉਹ ਸਾਧੂ ਸਮਾਜ ਵਿਚ ਸ਼ਾਮਲ ਨਹੀਂ ਹੋ ਸਕਦਾ। ਇਸ ਲਈ ਉਦਾਸੀ ਤੇ ਨਿਰਮਲੇ ਸਾਧੂ ਵੇਦਾਂਤ ਤੇ ਹੋਰ ਗ੍ਰੰਥਾਂ ਦਾ ਅਧਿਐਨ ਪਹਿਲ ਦੇ ਆਧਾਰ 'ਤੇ ਕਰਦੇ ਸਨ। ਦੂਸਰੀ ਗੱਲ ਇਹ ਵੀ ਸੀ ਕਿ ਉਦਾਸੀ ਸਾਧੂ ਪੰਜਾਬ ਤੋਂ ਬਾਹਰ ਵੀ ਭਾਰਤ ਵਰਸ਼ ਵਿਚ ਭ੍ਰਮਣ ਕਰਦੇ ਸਨ, ਇਸ ਲਈ ਉਹਨਾਂ ਦੀ ਵਾਹ ਵਾਸਤਾ ਹੋਰ ਮੱਤਾਂ ਦੇ ਸਾਧੂਆਂ ਨਾਲ ਵੀ ਪੈਂਦਾ ਸੀ। ਕਈ ਵਾਰ ਬਹਿਸ-ਮੁਹਾਬਸੇ ਵੀ ਹੁੰਦੇ ਹਨ। ਇਸ ਲਈ ਇਹ ਸਾਧੂ ਵੇਦਾਂਤ ਦਾ ਗਿਆਨ ਪ੍ਰਾਪਤ ਕਰਦੇ ਸਨ।

ਅਠਾਰ੍ਹਵੀਂ ਸਦੀ ਵਿਚ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ ਤੇ ਗੁਰਦੁਆਰੇ ਢਾਹੇ ਜਾ ਰਹੇ ਸਨ, ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਉਹਨਾਂ ਦੀ ਵਿਚਾਰਧਾਰਾ ਨੂੰ ਉਦਾਸੀ ਸੰਤਾਂ ਨੇ ਕਿਸੇ ਪ੍ਰਕਾਰ ਦੀ ਢਾਹ ਨਹੀਂ ਲੱਗਣ ਦਿੱਤੀ। ਅਜਿਹੇ ਸਮੇਂ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ, ਸਿੱਖ ਆਪਣੇ ਘਰ-ਬਾਰ ਛੱਡ ਕੇ ਪਹਾੜਾਂ ਵੱਲ ਜੰਗਲਾਂ ਵੱਲ ਨੂੰ ਚਲੇ ਗਏ ਸਨ। ਉਸ ਸਮੇਂ ਉਦਾਸੀ ਸੰਤ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦੇ ਨਾਲ ਸਿੱਖਾਂ ਨੂੰ ਰਾਸ਼ਨ-ਪਾਣੀ ਵੀ ਮੁਹੱਈਆ ਕਰਵਾਉਂਦੇ ਸਨ ਤੇ ਉਹਨਾਂ ਨੂੰ ਗੁਪਤ ਸੂਚਨਾਵਾਂ ਵੀ ਪਹੁੰਚਾਉਂਦੇ ਸਨ। ਸਿੱਖਾਂ ਦੇ ਘਰਾਂ ਦੀ ਸੰਭਾਲ ਵੀ ਕਰਦੇ ਸਨ। ਇਹ ਵੀ ਸੁਣਨ ਵਿਚ ਆਉਂਦਾ ਹੈ ਕਿ ਅਜਿਹੇ ਸਮੇਂ ਉਦਾਸੀ ਸਾਧੂ ਸ੍ਰੀ ਦਰਬਾਰ ਸਾਹਿਬ ਵਿਖੇ ਨਿਤਾਪ੍ਰਤਿ ਜੋਤ ਜਗਾਉਣ ਦੀ ਸੇਵਾ ਨਿਭਾਉਂਦੇ ਸਨ। ਭਾਵੇਂ ਉਥੇ ਮੁਗ਼ਲਾਂ ਨੇ ਸਖ਼ਤ ਪਹਿਰੇਦਾਰੀ ਵੀ ਕੀਤੀ ਹੁੰਦੀ ਸੀ, ਪਰ ਫੇਰ ਵੀ ਉਦਾਸੀ ਸੰਤ ਆਪਣੀ ਜਾਨ ਤਲੀ 'ਤੇ ਰੱਖ ਕੇ ਦਰਬਾਰ ਸਾਹਿਬ ਵਿਚ ਜੋਤਿ ਜਗਾ ਆਉਂਦੇ ਸਨ।

ਅੰਮ੍ਰਿਤਸਰ ਵਿਖੇ ਉਦਾਸੀਆਂ ਦੇ ਲਗਪਗ 12 ਅਖਾੜੇ ਸਨ, ਜਿਨ੍ਹਾਂ ਵਿੱਚੋਂ ਬ੍ਰਹਮ ਬੂਟਾ ਤੇ ਸੰਗਲ ਵਾਲਾ ਅਖਾੜਾ ਹੁਣ ਵੀ ਪ੍ਰਫੁੱਲਤ ਹਨ। ਇਹਨਾਂ ਅਖਾੜਿਆਂ ਰਾਹੀਂ ਮਨੁੱਖਤਾ ਦੀ ਹਰ ਤਰ੍ਹਾਂ ਦੀ ਸੇਵਾ-ਸੰਭਾਲ ਕੀਤੀ ਜਾਂਦੀ ਹੈ। ਇਹਨਾਂ ਵਿੱਚੋਂ ਦੋ ਪ੍ਰਮੁੱਖ ਅਖਾੜੇ ਹਨ—ਅਖਾੜਾ ਸ੍ਰੀ ਸੰਗਲ ਵਾਲਾ, ਜਿਸ ਦੀ ਸਥਾਪਨਾ ਨਿਰਵਾਣ ਪ੍ਰੀਤਮ ਦਾਸ ਜੀ ਨੇ ਕੀਤੀ ਸੀ, ਜੋ ਕਿ ਪਰਮ ਤਪੱਸਵੀ ਰਿਧੀ-ਸਿਧੀ ਦੇ ਮਾਲਕ ਰਾਜੇ-ਮਹਾਰਾਜਿਆਂ ਦੇ ਗੁਰੂ ਕਹਿਣੀ ਤੇ ਕਰਣੀ ਦੇ ਧਨੀ, ਪਰਉਪਕਾਰੀ ਤੇ ਉਦਾਰ ਬਿਰਤੀ ਵਾਲੇ ਮਹਾਂਪੁਰਸ਼ ਹੋਏ ਹਨ। ਇਹਨਾਂ ਨੇ ਹੀ ਉਦਾਸੀਨ ਅਖਾੜਾ (ਬੜਾ) ਦੀ ਸਥਾਪਨਾ ਕੀਤੀ ਸੀ। ਇਹ ਅਖਾੜਾ ਅੱਜ ਪੂਰੇ ਭਾਰਤ ਵਿਚ ਫੈਲਿਆ ਹੋਇਆ ਹੈ।

ਅੰਮ੍ਰਿਤਸਰ ਵਿਚ ਦੂਜਾ ਵੱਡਾ ਅਖਾੜਾ ਬ੍ਰਹਮ ਬੂਟਾ ਹੈ। ਇਸ ਦੀ ਸਥਾਪਨਾ ਨਿਰਵਾਣ ਸੰਤੋਖ ਦਾਸ ਜੀ ਨੇ ਕੀਤੀ ਸੀ। ਇਹ ਦੋਵੇਂ ਅਖਾੜੇ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਨੇੜੇ ਹਨ। ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਗਰਮੀਆਂ ਦੇ ਦਿਨਾਂ ਵਿਚ ਦਰਬਾਰ ਸਾਹਿਬ ਸਰੋਵਰ ਦਾ ਜਲ ਸੁੱਕ ਜਾਂਦਾ ਸੀ, ਜਿਸ ਨਾਲ ਸੰਗਤਾਂ ਨੂੰ ਇਸ਼ਨਾਨ ਕਰਨ ਵਿਚ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਸਮੱਸਿਆ ਦਾ ਹੱਲ ਕਰਨ ਲਈ ਨਿਰਵਾਣ ਪ੍ਰੀਤਮ ਦਾਸ ਜੀ ਅਤੇ ਨਿਰਵਾਣ ਸੰਤੋਖ ਦਾਸ ਜੀ ਨੇ ਸਰੋਵਰ ਵਿਚ ਜਲ ਦੀ ਵਿਵਸਥਾ ਪੱਕੇ ਤੌਰ 'ਤੇ ਕਰਨ ਲਈ ਰਾਵੀ ਦਰਿਆ ਤੋਂ ਇਕ ਹੰਸਲੀ ਬਣਾ ਕੇ ਕੀਤੀ। ਇਹ ਹੰਸਲੀ ਜ਼ਮੀਨ ਦੇ ਅੰਦਰ ਦੀ

www.sikhbookclub.com

ਬਣਾਈ ਗਈ। ਇਹ ਇਕ ਬਹੁਤ ਔਖਾ ਕਾਰਜ ਸੀ, ਪਰ ਇਹਨਾਂ ਦੋਵੇਂ ਮਹਾਂਪੁਰਸ਼ਾਂ ਨੇ ਬਹੁਤ ਆਰਾਮ ਨਾਲ ਸੁਖੈਨ ਢੰਗ ਨਾਲ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ। ਉਸ ਤੋਂ ਬਾਅਦ ਦਰਬਾਰ ਸਾਹਿਬ ਦੇ ਸਰੋਵਰ ਵਿਚ ਕਦੇ ਵੀ ਜਲ ਦੀ ਕਮੀ ਨਹੀਂ ਆਈ।

ਇਕ ਵਾਰ ਇਹ ਦੋਵੇਂ ਮਹਾਂਪੁਰਸ਼ ਸ੍ਰੀ ਅਕਾਲ ਤਖ਼ਤ ਦੇ ਦੋਵੇਂ ਨਿਸ਼ਾਨ ਸਾਹਿਬ ਲਈ ਬਹੁਤ ਲੰਬੀਆਂ ਵਲੀਆਂ ਅਫ਼ਗਾਨਿਸਤਾਨ ਤੋਂ ਗੱਡੇ 'ਤੇ ਲੱਦ ਕੇ ਲਿਆਏ, ਕਿਉਂਕਿ ਉਸ ਸਮੇਂ ਲੋਹੇ ਦੀਆਂ ਪਾਈਪਾਂ ਨਹੀਂ ਸੀ ਹੁੰਦੀਆਂ। ਇਹਨਾਂ ਘਟਨਾਵਾਂ ਤੋਂ ਉਦਾਸੀ ਸਾਧੂਆਂ ਦਾ ਗੁਰੂ-ਘਰਾਂ ਤੇ ਸਿੱਖੀ ਧਰਮ ਪ੍ਰਤੀ ਕਿੰਨਾ ਪਿਆਰ ਤੇ ਸਤਿਕਾਰ ਉਹਨਾਂ ਦੇ ਦਿਲਾਂ ਵਿਚ ਸੀ, ਪਤਾ ਚੱਲਦਾ ਹੈ। ਇਕ ਵਾਰ ਬਾਬਾ ਨਿਰਵਾਣ ਸੰਤੋਖ ਦਾਸ ਜੀ ਤੀਰਥ ਯਾਤਰਾ ਕਰਨ ਲਈ ਅੰਮ੍ਰਿਤਸਰ ਤੋਂ ਭਾਰਤ ਭ੍ਰਮਣ ਕਰਨ ਲਈ ਨਿਕਲੇ ਤਾਂ ਇਹਨਾਂ ਨਾਲ ਇਕ ਗਮਲੇ ਵਿਚ ਇਕ ਬੋਹੜ ਦਾ ਛੋਟਾ ਬੂਟਾ ਵੀ ਸੀ। ਮਹਾਰਾਜ ਸੰਤੋਖ ਦਾਸ ਜੀ ਨੇ ਉਸ ਬੋਹੜ ਦੇ ਬੂਟੇ ਨਾਲ ਬਚਨ ਬਿਲਾਸ ਕੀਤਾ ਕਿ ਬਈ ਤੂੰ ਹੁਣ ਵਧਣਾ ਨਹੀਂ, ਆਪਾਂ ਤੀਰਥਾਂ ਦੀ ਯਾਤਰਾ ਕਰਨੀ ਹੈ। ਕਹਿੰਦੇ ਹਨ ਕਿ ਉਹ ਗਮਲਾ ਵੀ ਬਾਬਾ ਜੀ ਦੀ ਜਮਾਤ ਨਾਲ ਰਿਹਾ। ਬਾਰ੍ਹਾਂ ਸਾਲ ਬਾਅਦ ਜਦੋਂ ਬਾਬਾ ਸੰਤੋਖ ਦਾਸ ਜੀ ਵਾਪਸ ਅੰਮ੍ਰਿਤਸਰ ਆਏ ਤਾਂ ਦਰਬਾਰ ਸਾਹਿਬ ਸਰੋਵਰ ਦੇ ਕਿਨਾਰੇ ਪਰਿਕਰਮਾ ਵਿਚ ਉਹ ਬੂਟਾ ਲਗਾ ਦਿੱਤਾ ਤੇ ਬਚਨ ਕੀਤਾ ਕਿ ਜਿਤਨਾ ਬਾਰ੍ਹਾਂ ਸਾਲਾਂ ਵਿਚ ਵਧਣਾ ਸੀ, ਉਹ ਇਕ ਰਾਤ ਵਿਚ ਆਪਣੀ ਸੀਮਾ ਪੂਰੀ ਕਰ ਲੈ। ਬੂਟਾ ਰਾਤ ਵਿਚ ਹੀ ਆਪਣੀ ਸੀਮਾ ਪੂਰੀ ਕਰ ਕੇ ਆਪਣੇ ਅਸਲੀ ਸਰੂਪ ਵਿਚ ਆ ਗਿਆ ਤੇ ਹੇਠਾਂ ਉਸ ਦਾ ਆਕਾਰ ਗਮਲੇ ਵਾਲਾ ਹੀ ਰਿਹਾ। ਜਦੋਂ ਦਰਬਾਰ ਸਾਹਿਬ ਦੀ ਪਰਿਕਰਮਾ ਦੀ ਚੌੜਾਈ ਕੀਤੀ ਤਾਂ ਬ੍ਰਹਮ ਬੂਟੇ ਨੂੰ ਵੀ ਪੁੱਟ ਦਿੱਤਾ ਗਿਆ। ਇਸੇ ਦਰੱਖ਼ਤ ਦੇ ਨਾਮ 'ਤੇ ਅਖਾੜੇ ਦਾ ਨਾਮ ਬ੍ਰਹਮ ਬੂਟਾ ਰੱਖਿਆ ਗਿਆ। ਮਿਸਲਾਂ ਤੇ ਸਿੱਖ ਰਾਜ ਦੇ ਸਮੇਂ ਗੁਰਦੁਆਰੇ ਖ਼ਾਸ ਕਰ ਇਤਿਹਾਸਕ ਗੁਰਦੁਆਰੇ ਉਦਾਸੀ ਸੰਤਾਂ ਦੇ ਪ੍ਰਬੰਧ ਅਧੀਨ ਹੀ ਰਹੇ। ਤਕਰੀਬਨ ਸਾਰੇ ਗੁਰਧਾਮ ਉਦਾਸੀ ਸੰਤਾਂ ਕੋਲ ਹੋਣ ਕਾਰਨ ਉਥੇ ਹੀ ਪਾਠਸ਼ਾਲਾਵਾਂ ਚਲਾਈਆਂ ਜਾਂਦੀਆਂ ਸਨ, ਇਥੇ ਹੀ ਲੋਕਾਂ ਨੂੰ ਦਵਾ-ਦਾਰੂ ਦੇ ਕੇ ਉਹਨਾਂ ਦਾ ਇਲਾਜ ਵੀ ਕੀਤਾ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਇਹੀ ਡੇਰੇ ਵਿੱਦਿਆ ਦੇ ਕੇਂਦਰ ਸਨ। ਇਹਨਾਂ ਡੇਰਿਆਂ 'ਤੇ ਸੰਸਕ੍ਰਿਤ, ਗੁਰਮੁਖੀ, ਫ਼ਾਰਸੀ ਆਦਿ ਪੜ੍ਹਾਈ ਜਾਂਦੀ ਸੀ। ਇਹੀ ਸਾਧੂ ਸਿੱਖਾਂ ਨੂੰ ਸੰਥਿਆ ਤੇ ਵਿਚਾਰਧਾਰਕ ਸੇਧ ਵੀ ਦਿੰਦੇ ਸਨ। ਆਪਣੇ ਸਥਾਨਾਂ 'ਤੇ ਸਾਧੂ ਕਿਸੇ ਵੀ ਪ੍ਰਕਾਰ ਦੀ ਵਰਣ-ਵੰਡ, ਜਾਤ-ਪਾਤ ਵਿਚ ਵਿਸ਼ਵਾਸ ਨਹੀਂ ਸਨ ਕਰਦੇ। ਇਹ ਵੀ ਸੱਚਾਈ ਹੈ ਕਿ ਸਾਧੂ ਦੀ ਆਪਣੀ ਕੋਈ ਜਾਤ ਨਹੀਂ ਹੁੰਦੀ, ਜਿਵੇਂ ਕਿਸੇ ਨੇ ਬਹੁਤ ਸੁੰਦਰ ਲਿਖਿਆ ਹੈ:

> ਜਾਤ ਨ ਪੁੱਛੀਏ ਸਾਧੂ ਕੀ ਪੂਛ ਲੀਜੀਏ ਗਿਆਨ।
> ਮੋਲ ਨ ਕਰੀਏ ਤਲਵਾਰ ਕੀ ਪੜਾ ਰਹਿਨੇ ਦੋ ਮਿਆਨ।

ਉਦਾਸੀ ਸੰਤ ਰਾਮ ਜੀ ਇਕ ਅਜਿਹੇ ਮਹਾਤਮਾ ਸਨ, ਜੋ ਜ਼ਾਤ ਦੇ ਬ੍ਰਾਹਮਣ ਸਨ, ਪਰ ਉਹਨਾਂ ਦੇ ਡੇਰੇ 'ਤੇ ਸੰਤ ਮਿੱਠਾ ਰਾਮ ਜੀ ਤੇ ਮਾਈ ਜਵਾਲੀ ਨਾਂ ਦੀ

www sikhbookclub.com

ਔਰਤ ਰੋਟੀਆਂ ਪਕਾਉਂਦੀ ਸੀ, ਜਿਸ ਦੀ ਆਰਜਾ 70 ਸਾਲ ਦੇ ਲਗਪਗ ਸੀ। ਮਾਈ ਜਵਾਲੀ ਨੂੰ ਜ਼ਾਤੀ ਤੌਰ 'ਤੇ ਚੂਹੜੀ (ਸ਼ੂਦਰ) ਆਖਿਆ ਜਾਂਦਾ ਸੀ। ਸੰਤ ਰਾਮ ਉਦਾਸੀ ਜੀ ਇਸ ਤੋਂ ਰੋਟੀਆਂ ਪਕਵਾ ਕੇ ਖਾਂਦੇ ਸਨ। ਜੇ ਕੋਈ ਜੱਟ, ਤਰਖਾਣ ਜਾਂ ਖੱਤਰੀ, ਬ੍ਰਾਹਮਣ ਇਹ ਆਖਦਾ ਸੀ ਕਿ ਇਹ ਰੋਟੀਆਂ ਤਾਂ ਮਾਈ ਜਵਾਲੀ ਦੀਆਂ ਪੱਕੀਆਂ ਹਨ ਤਾਂ ਸੰਤ ਜੀ ਨੇ ਕਹਿਣਾ ਕਿ ਜੇ ਨਹੀਂ ਖਾਣੀਆਂ ਤਾਂ ਆਪਣੀ ਮਾਂ ਨੂੰ ਭੇਜ ਦਿਆ ਕਰ, ਪਕਾ ਦੇਵੇ। ਇਥੇ ਤਾਂ ਮਾਈ ਜਵਾਲੀ ਦੀਆਂ ਹੀ ਪੱਕੀਆਂ ਮਿਲਣੀਆਂ ਹਨ।

ਸੰਤ ਗੁਲਾਬ ਦਾਸ ਜੀ ਪਹਿਲਾਂ ਉਦਾਸੀ ਸਾਧੂ ਸਨ। ਬਾਅਦ ਵਿਚ ਉਹਨਾਂ ਨੇ ਆਪਣਾ ਪੰਥ ਗੁਲਾਬਦਾਸੀਏ ਚਲਾਇਆ। ਕੁਝ ਕੁ ਨਾਸਤਿਕ ਵਿਚਾਰਧਾਰਾ ਵੱਲ ਚਲੇ ਗਏ। ਉਹਨਾਂ ਨੇ ਵੀ ਜਾਤ-ਪਾਤ ਮਿਟਾ ਕੇ ਏਕਤਾ ਦਾ ਪ੍ਰਚਾਰ ਕੀਤਾ। ਉਹ ਵੀ ਜਾਤ-ਪਾਤ, ਵਰਣ-ਵੰਡ ਦੇ ਸਖ਼ਤ ਵਿਰੋਧੀ ਸਨ। ਸੰਤ ਗੁਲਾਬ ਦਾਸ ਨੇ ਪੀਰੋ ਨਾਂ ਦੀ ਕੰਜਰੀ ਨਾਲ ਵਿਆਹ ਕਰਵਾਇਆ ਸੀ। ਸੰਤ ਜੀ ਵੇਸ਼ਵਾਵਾਂ ਦੀ ਬਹੁਤ ਇੱਜ਼ਤ ਕਰਦੇ ਸਨ। ਕਹਿੰਦੇ ਹਨ ਕਿ ਬੀਬੀ ਪੀਰੋ ਪੰਜਾਬੀ ਦੀ ਪਹਿਲੀ ਕਵਿੱਤਰੀ ਸੀ। ਇਹ ਸੰਤ ਗੁਲਾਬ ਦਾਸ ਜੀ ਦਾ ਇਕ ਇਨਕਲਾਬੀ ਕਦਮ ਸੀ। ਉਹ ਵੀ ਉਸ ਵੇਲੇ ਜਦੋਂ ਸਮਾਜ ਵਿਚ ਅੱਜ ਵਰਗੀ ਜਾਗ੍ਰਤੀ ਨਹੀਂ ਸੀ। ਇਹ ਉਹਨਾਂ ਦੀ ਉਦਾਰਵਾਦੀ ਤੇ ਸੁਹਰਵਾਦੀ ਦ੍ਰਿਸ਼ਟੀਕੋਣ ਸੀ। ਉਦਾਸੀ ਸਾਧੂ ਬਣਨ ਲਈ ਜਾਤ-ਪਾਤ ਦੀ ਕੋਈ ਸ਼ਰਤ ਨਹੀਂ ਲਗਾਈ ਜਾਂਦੀ। ਕੋਈ ਵੀ ਕਿਸੇ ਵੀ ਮਜ਼੍ਹਬ ਦਾ ਜਾਂ ਦੇਸ਼ ਦਾ ਪ੍ਰਾਣੀ ਉਦਾਸੀ ਸਾਧੂ ਬਣ ਸਕਦਾ ਹੈ।

ਅਸੀਂ ਇਥੇ ਇਹ ਵੀ ਦੱਸਣਾ ਚਾਹੁੰਦੇ ਹਾਂ ਕਿ ਸੰਤ ਗੁਲਾਬ ਦਾਸ ਜੀ ਦਾ ਸ਼ਾਸਤਾਰਥ ਵਿਚ ਮੁਕਾਬਲਾ ਕਰਨ ਦਾ ਕੋਈ ਸਾਨੀ ਨਹੀਂ ਸੀ। ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਗਿਆਨੀ ਦਿੱਤ ਸਿੰਘ ਜੀ ਖਰੜ ਨੇੜੇ ਤਿਉੜ ਪਿੰਡ ਵਿਚ ਬਚਪਨ ਵਿਚ ਗੁਲਾਬਦਾਸੀਏ ਸਾਧੂਆਂ ਦੇ ਡੇਰੇ 'ਤੇ ਰਹਿ ਕੇ ਵਿੱਦਿਆ ਪ੍ਰਾਪਤ ਕਰਦੇ ਰਹੇ ਸਨ। ਇਸੇ ਤਰ੍ਹਾਂ ਬਾਬਾ ਕਲਿਆਣ ਦਾਸ ਜੀ ਵੀ ਔਰਤਾਂ ਦੀ ਬਹੁਤ ਇੱਜ਼ਤ ਕਰਦੇ ਸਨ। ਉਹਨਾਂ ਨੇ ਲਗਪਗ 32 ਗ੍ਰੰਥਾਂ ਦੀ ਰਚਨਾ ਕੀਤੀ।

ਮਹੰਤ ਕਲਿਆਣ ਦਾਸ ਜੀ ਨੇ ਪੰਜਾਬੀ ਨੂੰ ਸਭ ਤੋਂ ਪੁਰਾਣੀ ਬੋਲੀ ਦੱਸਿਆ ਹੈ। ਇਸ ਦੀ ਪ੍ਰਮਾਣਿਕਤਾ ਲਈ ਉਹ ਬਹੁਤ ਪ੍ਰਚਾਰ ਕਰਦੇ ਰਹੇ। ਉਹਨਾਂ ਦੀ ਇਕ ਕਿਤਾਬ ਦੇ ਸਰਵਰਕ 'ਤੇ ਦਰਜ ਹੈ, "ਮੈਂ ਨਗਾਰੇ ਦੀ ਚੋਟ 'ਤੇ ਕਹਿੰਦਾ ਹਾਂ ਕਿ ਪੰਜਾਬੀ ਗੁਰਮੁਖੀ ਸਭ ਲਿਪੀਆਂ ਦੀ ਮਾਂ ਹੈ।" ਇਸ ਸੰਬੰਧੀ ਉਹਨਾਂ ਨੇ ਕਵਿਤਾ ਵੀ ਲਿਖੀ ਹੈ, ਜਿਸ ਵਿਚ ਉਹ ਲਿਖਦੇ ਹਨ:

ਗੁਰੂ ਨਾਨਕ ਜੀ ਨੂੰ ਬੰਦਨਾ ਚਰਨਾਂ 'ਤੇ ਸੀਸ ਰਖਾਇ।
ਸ੍ਰੀ ਚੰਦ ਮਹਾਰਾਜ ਜੀ ਮੇਰੀ ਕਰੋ ਸਹਾਇ।
ਬ੍ਰਹਮਾ ਜੀ ਨੇ ਅੱਖਰ ਬਣਾ ਕੇ ਬ੍ਰਹਮੀ ਨਾਮ ਰਖਾਇਆ।
ਸਭ ਲਿਪੀਆਂ ਦੀ ਮਾਂ ਹੈ ਬ੍ਰਹਮੀ ਸਾਰਿਆਂ ਆਖ ਸੁਣਾਇਆ।
ਗੁਰੂ ਨਾਨਕ ਜੀ ਨੇ ਤਿਸ ਬ੍ਰਹਮੀ ਦਾ ਗੁਰਮੁਖੀ ਨਾਮ ਰਖਾਇਆ।
ਪਉੜੀ ਪੰਜਵੀਂ ਜਪੁਜੀ ਅੰਦਰ ਬ੍ਰਹਮਾ ਗੁਰ ਸੁਣਾਇਆ।

www sikhbookclub.com

ਜਦ ਤੋਂ ਸੰਸਾਰ ਬਣਿਆ ਹੈ ਤਦ ਤੋਂ ਗੁਰਮੁਖੀ ਚਾਲੂ ਹੋਈ।
ਕਲਿਆਣ ਦਾਸ ਸਭ ਪੜ੍ਹੋ ਏਸ ਨੂੰ ਇਸ ਵਿਚ ਸ਼ੱਕ ਨਾ ਕੋਈ।

ਕਲਿਆਣ ਦਾਸ ਜੀ ਲਿਖਦੇ ਹਨ ਕਿ ਪੰਜਾਬੀ ਦੇ ਅੱਖਰ ਬਣਿਆਂ ਨੂੰ ਐਸ ਵੇਲੇ ਇਕ ਅਰਬ ਛਿਆਨਵੇਂ ਕਰੋੜ ਅਠਵੰਜਾ ਲੱਖ ਅਤੇ ਪਚਾਸੀ ਹਜ਼ਾਰ ਬਿਆਸੀ (1,96,58,85082) ਸਾਲ ਹੋ ਗਏ ਹਨ। ਇਹ ਸਾਰਾ ਜੋੜ ਸਤਿਜੁਗ, ਦੁਆਪਰ, ਤ੍ਰੇਤੇ ਤੇ ਕਲਿਜੁਗ ਨੂੰ ਮਿਲਾ ਕੇ ਲਗਾਇਆ ਹੈ। ਕਲਿਆਣ ਦਾਸ ਜੀ ਨੇ ਸੁਆਮੀ ਦਯਾ ਨੰਦ ਨੂੰ ਵੀ ਢੁੱਕਵਾਂ ਜਵਾਬ ਦਿੱਤਾ। *ਸਤਿਆਰਥ ਪ੍ਰਕਾਸ਼* ਵਿਚ ਸੁਆਮੀ ਦਯਾ ਨੰਦ ਲਿਖਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ ਸੰਸਕ੍ਰਿਤ ਨਹੀਂ ਸੀ ਆਉਂਦੀ। ਉਹ ਲਿਖਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਆਸ਼ਾ ਅੱਛਾ ਥਾ, ਪਰ ਵਿਦਿਆ ਕੁੱਛ ਭੀ ਨਹੀਂ ਥੀ। ਹਾਂ ਭਾਸ਼ਾ ਉਸ ਦੇਸ ਕੀ ਜੋ ਗਾਂਵ ਕੀ ਹੈ ਉਸੇ ਜਾਨਤੇ ਥੇ। ਜੇ ਜਾਨਤੇ ਹੋਤੇ ਤੋ 'ਨਿਰਭਯ' ਸਬਦ ਕੋ 'ਨਿਰਭੋ' ਕਿਉਂ ਲਿਖਤੇ ਔਰ ਇਸ ਕਾ ਦ੍ਰਿਸ਼ਟਾਂਤ ਉਨ ਕਾ ਬਣਾਇਆ ਸੰਸਕ੍ਰਿਤੀ ਸਤੋਤਰ ਹੈ। ਚਾਹਤੇ ਥੇ ਕਿ ਮੈਂ ਸੰਸਕ੍ਰਿਤ ਮੇਂ ਭੀ ਪੱਗ (ਟਾਂਗ) ਅੜਾਊਂ ਪਰੰਤੂ ਬਿਨਾਂ ਪੜ੍ਹੇ ਸੰਸਕ੍ਰਿਤ ਕੈਸੇ ਆ ਸਕਦਾ ਹੈ। ਹਾਂ ਉਨ ਗ੍ਰਾਮੀਣੋਂ ਕੇ ਸਾਮਣੇ ਕਿ ਜਿਨ੍ਹੋਂ ਨੇ ਸੰਸਕ੍ਰਿਤ ਕੇ ਭੀ ਪੰਡਿਤ ਬਨ ਗਏ ਹੋਂਗੇ।

ਇਸ ਪ੍ਰਕਰਣ ਦਾ ਜੁਆਬ ਸੰਤ ਕਲਿਆਣ ਦਾਸ ਜੀ ਨੇ ਇਸ ਤਰ੍ਹਾਂ ਦਿੱਤਾ। ਉਹ ਲਿਖਦੇ ਹਨ ਕਿ *ਸਤਿਆਰਥ ਪ੍ਰਕਾਸ਼* ਵਿਚ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਅਨਪੜ੍ਹ ਸੀ। ਉਹ ਸੰਸਕ੍ਰਿਤ ਨਹੀਂ ਸੀ ਜਾਣਦਾ। ਉਸ ਨੇ 'ਨਿਰਭੈ' ਸ਼ਬਦ ਨੂੰ 'ਨਿਰਭਉ' ਲਿਖਿਆ ਹੈ। ਦਯਾਨੰਦ ਨੇ ਇਹ ਗੱਲ ਬਿਲਕੁਲ ਝੂਠ ਲਿਖੀ ਹੈ, ਕਿਉਂਕਿ ਚਾਰੇ ਵੇਦਾਂ ਵਿਚ 'ਨਿਰਭੈ' ਸ਼ਬਦ ਆਇਆ ਹੀ ਨਹੀਂ ਅਤੇ 'ਨਿਰਭਉ' ਸ਼ਬਦ ਬਿਲਕੁਲ ਸ਼ੁੱਧ ਹੈ। ਕਈ ਵਾਰ ਇਹੀ ਸ਼ਬਦ ਆਇਆ ਹੈ। ਦਯਾਨੰਦ ਨੇ ਝੂਠ ਲਿਖਿਆ ਹੈ ਕਿ ਵੇਦਾਂ ਵਿਚ 'ਨਿਰਭੈ' ਸ਼ਬਦ ਆਇਆ ਹੈ। ਉਦਾਸੀ ਮਹਾਤਮਾ ਵੇਦਾਂ ਨੂੰ ਪੜ੍ਹਦੇ ਅਤੇ ਵਿਚਾਰਦੇ ਸਨ, ਤਾਂਹੀਓਂ ਉਹ ਅਜਿਹੇ ਮਸਲਿਆਂ ਦਾ ਸਹੀ ਉੱਤਰ ਦਿਆ ਕਰਦੇ ਸਨ।

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਉਦਾਸੀ ਸੰਪ੍ਰਦਾਇ ਨੇ 20ਵੀਂ ਸਦੀ ਦੇ ਆਰੰਭ ਵਿਚ ਸਿਧਾਂਤਕ ਤੇ ਵਿਚਾਰਧਾਰਕ ਤੌਰ 'ਤੇ ਸਿੱਖ ਧਰਮ ਦੀ ਅਗਵਾਈ ਕੀਤੀ। ਹੌਲੀ ਹੌਲੀ ਉਦਾਸੀ ਸੰਪ੍ਰਦਾਇ ਦਾ ਸਰੂਪ ਬਦਲਦਾ ਦਿਖਾਈ ਦਿੱਤਾ। ਉਸ ਦਾ ਕਾਰਨ ਸੰਪ੍ਰਦਾਇ ਦੇ ਡੇਰਿਆਂ ਦੇ ਨਾਮ ਜਾਇਦਾਦਾਂ ਦਾ ਹੋਣਾ ਸੀ। ਜਿਉਂ ਜਿਉਂ ਡੇਰਿਆਂ ਦੀ ਜਾਇਦਾਦ ਦੀ ਕੀਮਤ ਵੱਧਦੀ ਗਈ, ਉਦਾਸੀ ਸਾਧੂਆਂ 'ਤੇ ਵੀ ਮਾਇਆ ਆਪਣਾ ਪ੍ਰਭਾਵ ਪਾਉਂਦੀ ਗਈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਭਾਗ ਚਲੇ ਜਾਣ ਨਾਲ ਅੰਗਰੇਜ਼ੀ ਰਾਜ ਸਥਾਪਤ ਹੋ ਗਿਆ। ਅੰਗਰੇਜ਼ਾਂ ਨੇ ਕੁਟਿਲ ਚਾਲਾਂ ਚੱਲਣੀਆਂ ਸ਼ੁਰੂ ਕਰ ਦਿੱਤੀਆਂ। ਉਹ ਸਿੱਖਾਂ ਦੇ ਵਿਰੋਧੀ ਬਣ ਗਏ ਸਨ, ਕਿਉਂਕਿ ਪੰਜਾਬ ਵਿਚ ਸਭ ਤੋਂ ਵੱਧ ਅੰਗਰੇਜ਼ਾਂ ਦਾ ਵਿਰੋਧ ਸਿੱਖਾਂ ਨੇ ਹੀ ਕੀਤਾ ਸੀ। ਅੰਗਰੇਜ਼ਾਂ ਨੇ ਸਿੱਖਾਂ ਲਈ ਪੈਰ-ਪੈਰ 'ਤੇ ਔਕੜਾਂ ਖੜੀਆਂ ਕੀਤੀਆਂ। ਅੰਗਰੇਜ਼ਾਂ ਨੇ ਇਸ ਕੰਮ ਲਈ ਡੇਰਿਆਂ ਨੂੰ ਆਪਣੀ ਕੁਟਿਲ ਨੀਤੀ ਵਿਚ ਸ਼ਾਮਲ ਕਰ ਲਿਆ।

www.sikhbookclub.com

ਕੁਝ ਕੁ ਉਦਾਸੀ ਸਾਧੂਆਂ ਨੂੰ ਅੰਗਰੇਜ਼ਾਂ ਦੀ ਸਰਪ੍ਰਸਤੀ ਵੀ ਮਿਲ ਗਈ। ਉਸ ਸਮੇਂ ਬਹੁਤ ਸਾਰੇ ਉਦਾਸੀ ਸਾਧੂ ਗੁਰਧਾਮਾਂ ਦੇ ਮਹੰਤ ਵੀ ਸਨ। ਇਹ ਮਹੰਤ ਆਪਣੀ ਸ਼ਕਤੀ ਦਾ ਸੰਗਠਨ ਕਰਨ ਲਈ ਅੰਗਰੇਜ਼ਾਂ ਦੀ ਮਦਦ ਲੈਣ ਲੱਗੇ। ਗੁਰਧਾਮਾਂ ਵਿਚ ਗੁਰਮਤਿ ਦੀ ਮਰਯਾਦਾ ਜੋ ਪਹਿਲਾਂ ਕਾਇਮ ਸੀ, ਉਹ ਹਟਾ ਦਿੱਤੀ ਗਈ। ਇਥੋਂ ਤਕ ਕਈ ਮਹੰਤ ਆਪਣੀ ਪੂਜਾ ਵੀ ਕਰਵਾਉਣ ਲੱਗ ਪਏ। ਇਸ ਰੁਝਾਨ ਦਾ ਸਿੱਟਾ ਇਹ ਨਿਕਲਿਆ ਕਿ ਉਦਾਸੀ ਸੰਤਾਂ ਦਾ ਤਿੱਖਾ ਵਿਰੋਧ ਹੋਣ ਲੱਗ ਪਿਆ। ਸਿੱਖਾਂ ਨੇ ਇਸ ਦਾ ਵਿਰੋਧ ਕੀਤਾ। ਅੰਗਰੇਜ਼ ਤਾਂ ਪਹਿਲਾਂ ਹੀ ਇਸ ਮੌਕੇ ਦੀ ਤਲਾਸ਼ ਵਿਚ ਸੀ। ਅੰਗਰੇਜ਼ਾਂ ਨੇ ਸਿੱਖਾਂ 'ਤੇ ਜ਼ੁਲਮ ਢਾਹੁਣਾ ਸ਼ੁਰੂ ਕਰ ਦਿੱਤਾ। ਇਹਨਾਂ ਪਰਿਸਥਿਤੀਆਂ ਵਿਚ ਕਈ ਜਥੇਬੰਦੀਆਂ ਹੋਂਦ ਵਿਚ ਆਈਆਂ। ਅੰਗਰੇਜ਼ਾਂ ਨੇ ਬਲਦੀ 'ਤੇ ਤੇਲ ਪਾਉਣ ਵਾਲਾ ਕੰਮ ਕੀਤਾ। ਉਹਨਾਂ ਨੇ ਇਕ ਕਾਨੂੰਨ ਬਣਾਇਆ, ਜਿਸ ਦੇ ਤਹਿਤ ਜਿਸ ਜਾਇਦਾਦ ਉਪਰ ਜਿਸ ਕਿਸੇ ਵਿਅਕਤੀ ਦਾ ਬਾਰ੍ਹਾਂ ਸਾਲ ਤਕ ਕਬਜ਼ਾ ਰਹਿੰਦਾ ਹੈ, ਉਹ ਜਾਇਦਾਦ ਉਸ ਦੀ ਮਲਕੀਅਤ ਬਣ ਜਾਵੇਗੀ। ਇਸ ਕਾਨੂੰਨ ਤਹਿਤ ਬਹੁਤ ਸਾਰੇ ਮਹੰਤਾਂ ਤੇ ਪੁਜਾਰੀਆਂ ਨੇ ਗੁਰਦੁਆਰਿਆਂ ਜਾਇਦਾਦਾਂ ਆਪਣੇ ਨਾਮ ਕਰਵਾ ਲਈਆਂ, ਜਿਸ ਦਾ ਵਿਰੋਧ ਜਨਤਕ ਤੌਰ 'ਤੇ ਹੋਇਆ।

ਜਾਇਦਾਦ ਦੇ ਨਸ਼ੇ ਨੇ ਤੇ ਅੰਗਰੇਜ਼ਾਂ ਦੀ ਸਰਪ੍ਰਸਤੀ ਕਾਰਨ ਕੁਝ ਕੁ ਮਹੰਤਾਂ ਵਿਚ ਇਖ਼ਲਾਕੀ ਗਿਰਾਵਟ ਵੀ ਸਾਹਮਣੇ ਆਈ। ਇਸ ਗੱਲ ਦੀ ਗਵਾਹੀ ਨਨਕਾਣਾ ਸਾਹਿਬ ਦਾ ਸਾਕਾ ਹੈ। ਗੁਰੂ ਕੇ ਬਾਗ਼ ਦਾ ਸਾਕਾ ਹੈ, ਤਰਨ ਤਾਰਨ ਸਾਹਿਬ ਵਿਖੇ ਵੀ ਅਜਿਹੀਆਂ ਘਟਨਾਵਾਂ ਵਾਪਰੀਆਂ, ਜਿਨ੍ਹਾਂ ਦਾ ਜ਼ਿਕਰ ਕਰਨ ਲਈ ਦਿਲ ਕੰਬ ਜਾਂਦਾ ਹੈ। ਇਹਨਾਂ ਕਾਰਨਾਂ ਕਰਕੇ ਗੁਰਦੁਆਰਾ ਸੁਧਾਰ ਲਹਿਰ ਸਾਹਮਣੇ ਆਈ। ਗੁਰਦੁਆਰਿਆਂ ਦੀ ਸੇਵਾ-ਸੰਭਾਲ ਵਧੀਆ ਤਰੀਕੇ ਨਾਲ ਕਰਨ ਲਈ ਗੁਰਦੁਆਰਾ ਐਕਟ 1925 ਹੋਂਦ ਵਿਚ ਆਇਆ। ਇਸ ਐਕਟ ਰਾਹੀਂ ਗੁਰਦੁਆਰਾ ਸੈਂਟਰਲ ਬੋਰਡ ਦੀ ਸਥਾਪਨਾ ਕੀਤੀ ਗਈ। ਬਾਅਦ ਵਿਚ 1927 ਈ. ਵਿਚ ਇਸ ਦਾ ਨਾਮ ਬਦਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ। ਇਸ ਐਕਟ ਦੀ ਵਿਵਸਥਾ ਵਿਚ ਉਦਾਸੀ ਸੰਪ੍ਰਦਾਇ ਨੂੰ ਵੱਖਰਾ ਰੱਖਿਆ ਗਿਆ। ਇਸ ਕਰਕੇ ਪੰਜਾਬ ਵਿਚ ਉਦਾਸੀ ਸੰਤਾਂ ਨੇ ਆਪਣੇ ਵੱਖਰੇ ਪਹਿਚਾਣ ਚਿੰਨ੍ਹ ਅਪਨਾਉਣੇ ਸ਼ੁਰੂ ਕਰ ਦਿੱਤੇ ਤੇ ਹੌਲੀ ਹੌਲੀ ਉਦਾਸੀ ਸਾਧੂ ਗੁਰਮਤਿ ਦੇ ਪ੍ਰਚਾਰ ਤੋਂ ਪਿੱਛੇ ਹਟਣ ਲੱਗੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਪਹਿਲਾਂ ਅਨੁਸੂਚਿਤ ਗੁਰਦੁਆਰੇ ਸ਼ਾਮਲ ਕੀਤੇ ਗਏ। ਇਹਨਾਂ ਦੀ ਗਿਣਤੀ 241 ਬਣਦੀ ਸੀ। ਦੇਸ਼ ਵੰਡ ਦੌਰਾਨ 65 ਗੁਰਦੁਆਰੇ ਪਾਕਿਸਤਾਨ ਵਿਚ ਰਹਿ ਗਏ। 1959 ਈ. ਵਿਚ ਸਿੱਖ ਗੁਰਦੁਆਰਾ ਐਕਟ ਵਿਚ ਸੋਧ ਕਰ ਕੇ ਪੈਪਸੂ ਹਲਕੇ ਦੇ 173 ਹੋਰ ਗੁਰਦੁਆਰੇ ਸ਼ਾਮਲ ਕਰ ਲਏ ਗਏ। ਇਸ ਪ੍ਰਕਿਰਿਆ ਵਿਚ ਸਿੱਖਾਂ ਅਤੇ ਉਦਾਸੀਆਂ ਵਿਚ ਕੋਈ ਖ਼ਾਸ ਵਿਰੋਧ ਦੇਖਣ ਨੂੰ ਨਹੀਂ ਮਿਲਿਆ।

1960 ਈ. ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਦਾਸੀ ਸੰਤਾਂ ਦੇ ਕਈ ਡੇਰਿਆਂ 'ਤੇ ਕਬਜ਼ੇ ਕਰਨ ਦਾ ਯਤਨ ਵੀ ਕੀਤਾ ਗਿਆ। ਇਸ

www.sikhbookclub.com

ਦਾ ਆਧਾਰ ਇਹ ਬਣਾਇਆ ਕਿ ਉਹ ਅਸਥਾਨ ਜਿਥੇ ਗੁਰੂ ਗ੍ਰੰਥ ਸਾਹਿਬ ਜੀ ਸੁਸ਼ੋਭਿਤ ਹੋਣ ਅਤੇ ਗੁਰ-ਮਰਯਾਦਾ ਦਾ ਪਾਲਣ ਕੀਤਾ ਜਾਂਦਾ ਹੈ, ਉਹ ਗੁਰਦੁਆਰਾ ਹੈ। ਇਸ ਦਾ ਪ੍ਰਭਾਵ ਇਹ ਹੋਇਆ ਕਿ ਬਹੁਤ ਸਾਰੇ ਉਦਾਸੀ ਡੇਰਿਆਂ ਵਿੱਚੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣਾ ਬੰਦ ਹੋ ਗਿਆ ਅਤੇ ਗੁਰ-ਮਰਯਾਦਾ ਦੀ ਥਾਂ 'ਤੇ ਸਨਾਤਨੀ ਪਰੰਪਰਾ ਨੇ ਲੈ ਲਿਆ। 1980 ਈ. ਵਿਚ ਬਾਬਾ ਗੁਰਦਿੱਤਾ ਜੀ ਦਾ ਕੀਰਤਪੁਰ ਸਾਹਿਬ ਸਥਿਤ ਦੇਹੁਰਾ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਆ ਗਿਆ। ਇਥੇ ਵਚਿੱਤਰ ਘਟਨਾ ਇਹ ਵਾਪਰੀ ਕਿ ਬਾਬਾ ਗੁਰਦਿੱਤਾ ਜੀ ਦੀ ਸਮਾਧੀ ਉਪਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੱਤਾ ਗਿਆ। ਭਾਵੇਂ ਅਕਾਲ ਤਖ਼ਤ ਵੱਲੋਂ ਇਹ ਹਦਾਇਤ ਕੀਤੀ ਹੁੰਦੀ ਹੈ ਕਿ ਦੇਹੁਰਿਆਂ ਤੇ ਸਮਾਧਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਹੋ ਸਕਦਾ। ਇਹਨਾਂ ਘਟਨਾਵਾਂ ਤੋਂ ਪਤਾ ਚੱਲਦਾ ਹੈ ਕਿ ਉਦਾਸੀ ਤੇ ਸਿੱਖ ਪੰਥ ਦੀ ਵਿਚਾਰਧਾਰਾ ਵਿਚ ਕਾਫ਼ੀ ਅੰਤਰ ਆ ਗਿਆ।

ਪਰ ਇਹਨਾਂ ਉਪਰੋਕਤ ਘਟਨਾਵਾਂ ਤੋਂ ਇਹ ਸਿੱਟਾ ਬਿਲਕੁਲ ਵੀ ਨਹੀਂ ਕੱਢਿਆ ਜਾ ਸਕਦਾ ਕਿ ਉਦਾਸੀ ਸੰਤਾਂ ਨੇ ਸਿੱਖ ਪੰਥ ਨਾਲੋਂ ਆਪਣਾ ਨਾਤਾ ਤੋੜ ਲਿਆ ਹੈ, ਨਹੀਂ ਐਸਾ ਸੋਚਿਆ ਵੀ ਨਹੀਂ ਜਾ ਸਕਦਾ। ਅੱਜ ਜਦੋਂ ਮੈਂ ਉਦਾਸੀ ਸਾਧੂਆਂ ਦੇ ਸਥਾਨਾਂ 'ਤੇ ਜਾਂਦਾ ਹਾਂ ਤਾਂ ਦੇਖਣ ਵਿਚ ਆਉਂਦਾ ਹੈ ਕਿ ਇਹਨਾਂ ਸੰਤਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਬਹੁਤ ਸੁੰਦਰ ਗੁਰਦੁਆਰੇ (ਹਾਲ) ਬਣਾਏ ਹੋਏ ਹਨ। ਜਿਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਬਹੁਤ ਸੁੰਦਰ ਸਾਜ਼ੋ-ਸਾਮਾਨ ਨਾਲ ਕੀਤਾ ਹੋਇਆ ਹੈ। ਅੰਮ੍ਰਿਤਧਾਰੀ ਗੁਰੂ ਕੇ ਕੀਰਤਨੀਏ ਇਹਨਾਂ ਸਥਾਨਾਂ 'ਤੇ ਕੀਰਤਨ ਕਰਦੇ ਹਨ। ਗੁਰਬਾਣੀ ਦੀ ਕਥਾ ਵੀ ਨਿਤਾਪ੍ਰਤੀ ਹੁੰਦੀ ਹੈ। ਸਮੁੱਚੀ ਮਰਯਾਦਾ ਗੁਰ-ਮਰਯਾਦਾ ਅਨੁਸਾਰ ਨਿਭਾਈ ਜਾਂਦੀ ਹੈ। ਇਸ ਦੀ ਜ਼ਿੰਦਾ ਮਿਸਾਲ ਸ੍ਰੀ ਪ੍ਰੀਤਮ ਭਵਨ ਉਦਾਸੀਨ ਆਸ਼ਰਮ ਜਲੰਧਰ ਵਿਖੇ ਵੇਖੀ ਜਾ ਸਕਦੀ ਹੈ। ਸਤਿਕਾਰਯੋਗ ਸਵਾਮੀ ਸ਼ਾਂਤਾਨੰਦ ਜੀ ਇਸ ਸਥਾਨ ਦੀ ਸੇਵਾ-ਸੰਭਾਲ ਕਰ ਰਹੇ ਹਨ। ਇਥੇ ਰੋਜ਼ਾਨਾ ਅੰਮ੍ਰਿਤ ਵੇਲੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਹੁੰਦਾ ਹੈ। ਆਸਾ ਕੀ ਵਾਰ ਦਾ ਕੀਰਤਨ ਹੁੰਦਾ ਹੈ ਤੇ ਇਸ ਤੋਂ ਉਪਰੰਤ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਅਜੀਤ ਸਿੰਘ 'ਰਤਨ' ਜੀ ਪਿਛਲੇ 16 ਸਾਲ ਤੋਂ ਨਿਰਵਿਘਨ ਕਥਾ ਦੀ ਸੇਵਾ ਨਿਭਾਅ ਰਹੇ ਹਨ। ਇਸ ਅਸਥਾਨ 'ਤੇ ਸਿੱਖ ਸੰਗਤਾਂ ਤੇ ਸਹਿਜਧਾਰੀ ਸੰਗਤਾਂ ਰੋਜ਼ਾਨਾ ਹਾਜ਼ਰੀ ਭਰ ਕੇ ਲਾਹੇ ਪ੍ਰਾਪਤ ਕਰਦੀਆਂ ਹਨ।

1970 ਦੇ ਦਹਾਕੇ ਵਿਚ ਜਦੋਂ ਦਿੱਲੀ ਦੇ ਗੁਰਦੁਆਰਿਆਂ ਵਿਚ ਕੁਪ੍ਰਬੰਧ ਫੈਲਿਆ ਹੋਇਆ ਸੀ, ਉਸ ਸਮੇਂ ਉਦਾਸੀਨ ਸੰਤ ਬਾਬਾ ਵਿਰਸਾ ਸਿੰਘ ਜੀ ਨੇ ਅਗਵਾਈ ਕਰ ਕੇ ਭ੍ਰਿਸ਼ਟ ਆਗੂਆਂ ਨੂੰ ਗੁਰੂ-ਘਰਾਂ ਵਿੱਚੋਂ ਕੱਢ ਦਿੱਤਾ, ਜਿਸ ਨਾਲ ਗੁਰਦੁਆਰਿਆਂ ਵਿਚ ਕਰੋੜਾਂ ਰੁਪਏ ਦੀ ਆਮਦਨ ਵਿਚ ਵਾਧਾ ਹੋਇਆ।

ਸੋ ਉਦਾਸੀ ਸੰਪ੍ਰਦਾ ਵਿਚਾਰਧਾਰਕ ਤੌਰ 'ਤੇ ਸਿੱਖ ਪੰਥ ਨਾਲ ਇਕਮਿਕਤਾ ਬਣਾ ਕੇ ਚੱਲ ਰਹੀ ਹੈ। ਹੁਣ ਉਦਾਸੀ ਸੰਤ ਪੌਰਾਣਿਕ ਵੈਦਿਕ ਪ੍ਰਣਾਲੀ ਨੂੰ ਤਿਆਗ

www sikhbookclub.com

ਕੇ ਲੋਕਾਈ ਦੀ ਸੇਵਾ-ਸੰਭਾਲ ਲਈ ਨਵੀਂ ਤਕਨੀਕ ਦੇ ਹਸਪਤਾਲ ਸਥਾਪਤ ਕਰ ਰਹੇ ਹਨ। ਕਈ ਮਹਾਤਮਾ ਹੁਣ ਵੀ ਆਯੁਰਵੈਦਿਕ ਪ੍ਰਣਾਲੀ ਰਾਹੀਂ ਲੋਕਾਈ ਦਾ ਇਲਾਜ ਕਰ ਰਹੇ ਹਨ। ਵਿਦਿਅਕ ਪ੍ਰਣਾਲੀ ਵਿਚ ਵੀ ਨਵੀਂ ਤਕਨੀਕ ਦੇ ਪਬਲਿਕ ਸਕੂਲ ਇਹਨਾਂ ਸੰਤਾਂ-ਮਹਾਂਪੁਰਸ਼ਾਂ ਨੇ ਬਣਾਏ ਹਨ, ਜਿਥੇ ਬਹੁਤ ਹੀ ਵਧੀਆ ਤਰੀਕੇ ਨਾਲ ਸਿੱਖਿਆ ਦਿੱਤੀ ਜਾਂਦੀ ਹੈ। ਖੇਡਾਂ ਨੂੰ ਵੀ ਉਤਸ਼ਾਹਿਤ ਕੀਤਾ ਜਾਂਦਾ ਹੈ। ਕਹਿਣ ਤੋਂ ਭਾਵ ਸਮੇਂ ਦੇ ਅਨੁਕੂਲ ਇਹਨਾਂ ਉਦਾਸੀ ਸਾਧੂਆਂ ਨੇ ਆਪਣੇ ਆਪ ਨੂੰ ਢਾਲ ਕੇ ਨਵੀਆਂ ਤਕਨੀਕਾਂ ਅਪਣਾ ਲਈਆਂ ਹਨ।

ਅਖ਼ੀਰ 'ਤੇ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਕਾਰਜ ਲਈ ਬਹੁਤ ਹੀ ਸਤਿਕਾਰਯੋਗ ਸ਼ਖ਼ਸੀਅਤ ਸਵਾਮੀ ਸ਼ਾਂਤਾਨੰਦ ਜੀ ਨੇ ਮੇਰਾ ਹੌਂਸਲਾ ਵਧਾਇਆ। ਉਹਨਾਂ ਦੇ ਅਸ਼ੀਰਵਾਦ ਨਾਲ ਮੈਂ ਇਹ ਕਾਰਜ ਕਰਨ ਦੇ ਸਮਰੱਥ ਹੋਇਆ ਹਾਂ। ਸੋ ਮੈਂ ਸਿੱਖ ਪੰਥ ਤੇ ਉਦਾਸੀ ਸੰਪ੍ਰਦਾ ਵਿਚ ਸਮਨਵੈ ਦੀ ਬਿਰਤੀ ਨਾਲ ਕੰਮ ਕਰਨ ਦਾ ਯਤਨ ਕੀਤਾ ਹੈ ਤਾਂ ਜੁ ਸਾਂਝੀਵਾਲਤਾ ਤੇ ਭਾਈਚਾਰਕ ਸਾਂਝ ਹਮੇਸ਼ਾਂ ਹਮੇਸ਼ਾਂ ਬਣੀ ਰਹੇ। ਸਦਭਾਵਨਾ ਕਾਇਮ ਰੱਖਣਾ ਹੀ ਸਭ ਤੋਂ ਵੱਡਾ ਕੰਮ ਹੁੰਦਾ ਹੈ। ਫਿਰ ਵੀ ਕਈ ਵਾਰ ਅਲਪ ਬੁੱਧੀ ਨਾਲ ਕੋਈ ਸ਼ਬਦ ਅਜਿਹਾ ਲਿਖ ਗਿਆ ਹੋਵਾਂ ਤਾਂ ਖਿਮਾਂ ਦਾ ਜਾਚਕ ਹੋਵਾਂਗਾ।

ਮੇਰੇ ਲਈ ਇਹ ਇਕ ਨਵਾਂ ਕਾਰਜ ਸੀ, ਇਸ ਲਈ ਮੈਨੂੰ ਇਸ ਖੋਜ ਕਾਰਜ ਲਈ ਕਾਫ਼ੀ ਖੋਜ ਸਮੱਗਰੀ ਚਾਹੀਦੀ ਸੀ। ਸੋ ਮੈਂ ਯੂਨੀਵਰਸਿਟੀਆਂ, ਕਾਲਜਾਂ ਤੇ ਕਈ ਲਾਇਬ੍ਰੇਰੀਆਂ ਵਿਚ ਗਿਆ। ਉਦਾਸੀ ਸਾਧੂਆਂ ਦੇ ਸਥਾਨਾਂ ਹਰਿਦੁਆਰ ਬੜਾ ਅਖਾੜਾ, ਨਿਰਮਲ ਪੰਚਾਇਤੀ ਅਖਾੜਾ ਹਰਿਦੁਆਰ, ਨਿਰਮਲ ਆਸ਼ਰਮ ਰਿਸ਼ੀਕੇਸ਼, ਮਹਿਰੌਲੀ ਦਿੱਲੀ, ਜਲੰਧਰ, ਥਾਰਠ, ਡੇਰਾ ਬਾਬਾ ਨਾਨਕ, ਬੁੜੇਵਾਲ, ਖ਼ਾਲਸਾ ਕਾਲਜ ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਲਾਇਬ੍ਰੇਰੀ, ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਫ਼ਤਹਿਗੜ੍ਹ ਸਾਹਿਬ, ਸੰਗਲ ਵਾਲਾ ਅਖਾੜਾ, ਅਖਾੜਾ ਬ੍ਰਹਮ ਬੂਟਾ ਅੰਮ੍ਰਿਤਸਰ ਇਹਨਾਂ ਅਸਥਾਨਾਂ ਤੋਂ ਮੈਨੂੰ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਹੋਈ।

ਡਾ. ਬਲਬੀਰ ਸਿੰਘ ਖੋਜ ਕੇਂਦਰ ਦੇਹਰਾਦੂਨ ਵਿਖੇ ਵੀ ਜਾਣ ਦਾ ਮੌਕਾ ਮਿਲਿਆ, ਉਥੇ ਡਾ. ਕੁਲਵਿੰਦਰ ਸਿੰਘ ਕਵੀਸ਼ਰ ਜੀ ਨੇ ਮੇਰੀ ਆਉ-ਭਗਤ ਕੀਤੀ ਤੇ ਮੈਨੂੰ ਇਸ ਕਾਰਜ ਲਈ ਸਹਾਇਕ ਸਮੱਗਰੀ ਦੇ ਦਰਸ਼ਨ ਵੀ ਕਰਵਾਏ। ਉਹਨਾਂ ਦਾ ਮੈਂ ਤਹਿ-ਦਿਲੋਂ ਧੰਨਵਾਦੀ ਹਾਂ। ਮੈਂ ਧੰਨਵਾਦ ਕਰਾਂਗਾ ਸ. ਹਰਵਿੰਦਰ ਸਿੰਘ ਖ਼ਾਲਸਾ ਜੀ ਦਾ, ਉਹਨਾਂ ਦੀ ਲਾਇਬ੍ਰੇਰੀ ਤੋਂ ਮੈਂ ਬਹੁਤ ਸਾਰੀ ਖੋਜ-ਸਮੱਗਰੀ ਇਸ ਵਿਸ਼ੇ ਨਾਲ ਸੰਬੰਧਿਤ ਸਕੈਨ ਕਰ ਕੇ ਫੋਟੋਸਟੇਟ ਕਰ ਕੇ ਲਿਆਇਆ। ਸ. ਅਮਨ ਸਿੰਘ., ਡਾ. ਜੋਗਿੰਦਰ ਸਿੰਘ, ਡਾ. ਪਲਵਿੰਦਰ ਕੌਰ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਵਾਲਿਆਂ ਦਾ ਧੰਨਵਾਦ, ਜਿਨ੍ਹਾਂ ਨੇ ਮੈਨੂੰ ਬਹੁਤ ਸਹਿਯੋਗ ਦਿੱਤਾ।

ਡਾ. ਪਰਮਵੀਰ ਸਿੰਘ ਜੀ ਮੁਖੀ ਸਿੱਖ ਇਨਸਾਈਕਲੋਪੀਡੀਆ ਦਾ ਬਹੁਤ ਧੰਨਵਾਦ, ਜਿਨ੍ਹਾਂ ਨੇ ਮੈਨੂੰ ਬਹੁਤ ਯੋਗ ਅਗਵਾਈ ਪ੍ਰਦਾਨ ਕੀਤੀ। ਧੰਨਵਾਦੀ ਹਾਂ

www.sikhbookclub.com

ਸ. ਸਤਿੰਦਰ ਸਿੰਘ ਜੀ ਲੁਧਿਆਣਾ ਦਾ, ਜਿਨ੍ਹਾਂ ਨੇ ਮੈਨੂੰ ਇਸ ਖੋਜ ਕਾਰਜ ਲਈ ਲੋੜੀਂਦੀ ਸਮੱਗਰੀ ਦਿੱਤੀ। ਬਾਬਾ ਵਿਰਸਾ ਸਿੰਘ ਜੀ ਦੇ ਸਥਾਨ ਦਿੱਲੀ ਵਿਖੇ ਸੇਵਾ ਕਰ ਰਹੇ ਸ. ਹਰਦੀਪ ਸਿੰਘ ਢਿੱਲੋਂ ਜੀ ਦਾ ਵੀ ਬਹੁਤ ਧੰਨਵਾਦ, ਜਿਨ੍ਹਾਂ ਨੇ ਮੈਨੂੰ ਇਸ ਕਾਰਜ ਲਈ ਬਹੁਤ ਹੀ ਮਹੱਤਵਪੂਰਣ ਸਮੱਗਰੀ ਭੇਜੀ। ਭਾਈ ਭਗਤਾ ਤੋਂ ਡਾ. ਜਗਮੇਲ ਸਿੰਘ ਜੀ ਦਾ ਵੀ ਧੰਨਵਾਦ, ਇਹ ਮਿੱਤਰ ਪਿਆਰਾ ਵੀ ਮੇਰਾ ਬਹੁਤ ਖ਼ਿਆਲ ਰੱਖਦਾ ਹੈ। ਦਿੱਲੀ ਤੋਂ ਸ. ਬਲਦੀਪ ਸਿੰਘ ਰਾਮੂਵਾਲੀਆ ਜੀ ਦਾ ਧੰਨਵਾਦ। ਸ. ਚੇਤਨ ਸਿੰਘ ਜੀ, ਸਾਬਕਾ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ; ਡਾ. ਆਸਾ ਸਿੰਘ ਜੀ ਘੁੰਮਣ, ਪ੍ਰਧਾਨ ਸਿਰਜਣਾ ਕੇਂਦਰ ਕਪੂਰਥਲਾ ਦਾ ਵੀ ਤਹਿ ਦਿਲੋਂ ਧੰਨਵਾਦ। ਇਹ ਸਾਰੇ ਵਿਦਵਾਨ ਮੇਰਾ ਹੌਂਸਲਾ ਵਧਾਉਂਦੇ ਰਹੇ।

ਸੰਤਾਂ ਦਾ ਧੰਨਵਾਦ ਵੀ ਕਰਨਾ ਚਾਹੀਦਾ ਹੈ। ਸੰਤ ਜੋਧ ਸਿੰਘ ਜੀ ਮਹਾਰਾਜ, ਨਿਰਮਲ ਆਸ਼ਰਮ ਰਿਸ਼ੀਕੇਸ਼ ਜੀ ਕੋਲ ਮੈਂ ਤਿੰਨ ਦਿਨ ਰਿਹਾ। ਇਥੋਂ ਹੀ ਮੈਂ ਖੋਜ ਕਾਰਜ ਲਈ ਹਰਿਦੁਆਰ, ਰਿਸ਼ੀਕੇਸ਼ ਤੇ ਦੇਹਰਾਦੂਨ ਜਾਂਦਾ ਰਿਹਾ। ਸੰਤ ਜੀ ਕੋਲ ਨਿਰਮਲ ਗਿਆਨ ਦਾਨ ਅਕੈਡਮੀ ਖੈਰੀਂ ਵਿਖੇ ਡੇਰਾ ਕੀਤਾ।

ਮੈਂ ਉਦੋਂ ਰਿਸ਼ੀਕੇਸ਼ ਹੀ ਸਾਂ 21 ਮਾਰਚ, 2020 ਨੂੰ ਮੇਰੀ ਵਾਪਸੀ ਟਰੇਨ ਜਲੰਧਰ ਆਉਣ ਲਈ ਹਰਿਦੁਆਰ ਤੋਂ ਕੈਂਸਲ ਹੋ ਗਈ। ਕੋਵਿਡ ਕਰਕੇ ਸਮੁੱਚੇ ਭਾਰਤ ਵਿਚ ਲਾਕਡਾਊਨ ਲੱਗ ਗਿਆ। ਮੈਂ 22 ਮਾਰਚ, 2020 ਨੂੰ ਅੰਮ੍ਰਿਤ ਵੇਲੇ ਸੰਤ ਜੋਧ ਸਿੰਘ ਜੀ ਤੋਂ ਆਗਿਆ ਲੈ ਕੇ ਚੱਲ ਪਿਆ। ਪਹਿਲਾਂ ਮੈਨੂੰ ਸਵੇਰੇ ਸਵੇਰੇ ਇਕ ਟਰੱਕ ਮਿਲਿਆ, ਉਸ ਨੇ ਮੈਨੂੰ ਬਿਠਾ ਲਿਆ। ਇਤਫ਼ਾਕਨ ਉਹ ਟਰੱਕ ਮਾਲਕ ਸੰਤ ਜੋਧ ਸਿੰਘ ਜੀ ਦਾ ਸ਼ਰਧਾਲੂ ਸੀ। ਮੈਨੂੰ ਖੈਰੀਂ ਤੋਂ ਜਵਾਲਾਪੁਰ (ਹਰਿਦੁਆਰ) ਤਕ ਲੈ ਆਇਆ। ਉਥੇ ਮੈਨੂੰ ਉਸੇ ਵਕਤ ਸਹਾਰਨਪੁਰ ਲਈ ਬੱਸ ਮਿਲ ਗਈ। ਸਹਾਰਨਪੁਰ ਮੈਂ ਸਟੇਸ਼ਨ 'ਤੇ ਪਹੁੰਚਿਆ ਤਾਂ ਜਨਸੇਵਾ ਟਰੇਨ ਮਿਲ ਗਈ, ਜਿਸ ਨਾਲ ਮੈਂ ਜਲੰਧਰ ਪਹੁੰਚ ਗਿਆ। ਕੋਵਿਡ ਕਰਕੇ ਸਟੇਸ਼ਨ ਸੁੰਨੇ ਪਏ ਸਨ। ਜਲੰਧਰ ਤੋਂ ਮੇਰਾ ਬੇਟਾ ਮੈਨੂੰ ਕਾਰ 'ਤੇ ਘਰ ਲੈਣ ਲਈ ਆਇਆ। ਦੂਸਰੇ ਦਿਨ ਭਾਰਤ ਵਿਚ ਕਰਫ਼ਿਊ ਲੱਗ ਗਿਆ। ਸਮੇਂ ਸਿਰ ਇਹ ਪ੍ਰਚਾਰਕ ਫੇਰੀ ਕਰ ਲਈ ਤੇ ਮੁੜ ਕੇ ਹਰਿਦੁਆਰ ਤਾਂ ਕੀ ਜਾਣਾ ਸੀ, ਜਲੰਧਰ ਸਟੇਸ਼ਨ 'ਤੇ ਵੀ ਨਹੀਂ ਜਾ ਹੋਇਆ। ਇਕ ਸਾਲ ਤੋਂ ਉਪਰ ਹੋ ਗਿਆ ਹੈ।

ਸਭ ਤੋਂ ਅਖ਼ੀਰ ਵਿਚ ਮੈਂ ਧੰਨਵਾਦ ਕਰਾਂਗਾ ਆਪਣੇ ਪਰਿਵਾਰਕ ਮੈਂਬਰਾਂ ਦਾ; ਖ਼ਾਸ ਤੌਰ 'ਤੇ ਆਪਣੀ ਧਰਮ ਪਤਨੀ ਡਾ. ਜਸਵਿੰਦਰ ਕੌਰ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ, ਜਿਸ ਨੇ ਇਸ ਕਾਰਜ ਵਿਚ ਮੇਰੀ ਬਹੁਤ ਸੇਵਾ ਕੀਤੀ। ਇਸ ਕਾਰਜ ਦੌਰਾਨ ਮੈਨੂੰ 20 ਸਤੰਬਰ, 2020 ਨੂੰ ਕੋਵਿਡ ਨੇ ਆਪਣੇ ਜਬਾੜਿਆਂ ਵਿਚ ਬੁਰੀ ਤਰ੍ਹਾਂ ਜਕੜ ਲਿਆ। ਧਰਮਰਾਜ ਦੇ ਦਰਸ਼ਨ ਕਰਨ ਵਾਲੀ ਸਥਿਤੀ ਸੀ, ਜਦੋਂ ਮੈਨੂੰ ਘਰੋਂ ਐਂਬੂਲੈਂਸ ਵਿਚ ਪਾ ਕੇ ਲੈ ਗਏ। ਐਂਬੂਲੈਂਸ ਵਿਚ ਗਿਆ ਬੰਦਾ ਮੁੜ ਘਰ ਵਾਪਸ ਆਉਣ ਬਾਰੇ ਕਿਵੇਂ ਸੋਚ ਸਕਦਾ ਹੈ। ਇਸੇ ਦੌਰਾਨ ਮੇਰੇ ਵੱਡੇ ਬੇਟੇ ਨੇ ਅਤੇ ਮੇਰੀ ਪਤਨੀ ਨੇ ਮੈਨੂੰ ਬਹੁਤ ਸੰਭਾਲਿਆ। ਮੇਰੇ ਦੋਸਤਾਂ-ਮਿੱਤਰਾਂ, ਸਾਧੂ-ਸੰਤਾਂ

www sikhbookclub.com

ਨੇ ਮੇਰੀ ਤੰਦਰੁਸਤੀ ਲਈ ਅਰਦਾਸਾਂ ਕੀਤੀਆਂ, ਜਿਨ੍ਹਾਂ ਸਦਕੇ ਮੈਂ 12 ਦਿਨ ਹਸਪਤਾਲ ਵਿਚ ਔਖੀਆਂ ਘੜੀਆਂ ਗੁਜ਼ਾਰ ਕੇ ਕੋਵਿਡ ਰੂਪੀ ਮਗਰਮੱਛ ਦੇ ਜਬਾੜਿਆਂ ਤੋਂ ਸਹੀ ਸਲਾਮਤ ਘਰ ਵਾਪਸ ਆ ਕੇ 15 ਦਿਨ ਇਕਾਂਤਵਾਸ ਵਿਚ ਰਿਹਾ। ਘਰੇ ਵੀ ਤਨਹਾਈ ਵਿਚ ਸਮਾਂ ਗੁਜ਼ਾਰਨਾ ਬਹੁਤ ਔਖਾ ਹੁੰਦਾ ਹੈ। ਸਾਰਾ ਪਰਿਵਾਰ ਕੋਲ ਹੋਵੇ, ਪਰ ਬੰਦਾ ਕਮਰੇ ਵਿਚ ਬੰਦ ਕਿਸੇ ਨਾਲ ਮਿਲ ਨਾ ਸਕਦਾ ਹੋਵੇ, ਕਿੰਨੀ ਅਜੀਬੋ- ਗ਼ਰੀਬ ਹਾਲਤ ਹੁੰਦੀ ਹੈ, ਬਿਆਨ ਕਰਨ ਤੋਂ ਬਾਹਰ ਹੈ। ਖ਼ੈਰ, ਸਮਾਂ ਲੰਘ ਜਾਂਦਾ ਹੈ। ਵਾਹਿਗੁਰੂ ਜੀ ਦੀ ਕਿਰਪਾ ਨਾਲ ਤੰਦਰੁਸਤੀ ਪ੍ਰਾਪਤ ਹੋਈ।

ਫਿਰ ਇਕ ਵਾਰ ਧੰਨਵਾਦ ਬਹੁਤ ਹੀ ਮਨਮੋਹਕ ਸ਼ਖ਼ਸੀਅਤ ਦੇ ਧਾਰਨੀ ਸੰਤ ਸ਼ਾਂਤਾਨੰਦ ਜੀ ਦਾ, ਜਿਨ੍ਹਾਂ ਨੇ ਮੇਰੇ 'ਤੇ ਮਿਹਰਾਂ ਭਰਿਆ ਹੱਥ ਰੱਖਿਆ। ਇਹ ਕਾਰਜ ਬਿਨਾਂ ਅਸ਼ੀਰਵਾਦ ਤੋਂ ਸੰਪੂਰਨ ਨਹੀਂ ਹੋ ਸਕਦਾ ਸੀ। ਸੰਤਾਂ-ਮਹਾਂਪੁਰਸ਼ਾਂ ਦੇ ਹੱਥਾਂ ਵਿਚ ਬਰਕਤਾਂ ਹੁੰਦੀਆਂ ਹਨ, ਉਹਨਾਂ ਦੀ ਰਹਿਮਤ ਨਾਲ ਪਿੰਗਲੇ ਵੀ ਪਰਬਤ ਪਾਰ ਕਰ ਜਾਂਦੇ ਹਨ। ਬਹੁਤ ਹੀ ਮਨਮੋਹਕ ਸ਼ਖ਼ਸੀਅਤ ਦੇ ਧਾਰਨੀ ਨਿਮਰ ਸੁਭਾਅ ਦੇ ਮਾਲਕ ਸ. ਗੁਰਸਾਗਰ ਸਿੰਘ (ਸਿੰਘ ਬ੍ਰਦਰਜ਼) ਅੰਮ੍ਰਿਤਸਰ ਜੀ ਦਾ ਬਹੁਤ ਬਹੁਤ ਧੰਨਵਾਦ, ਜਿਨ੍ਹਾਂ ਨੇ ਮੇਰੀ ਮਿਹਨਤ ਨੂੰ ਪੁਸਤਕ ਰੂਪ ਦੇਣ ਦਾ ਯੋਗ ਉਪਰਾਲਾ ਕੀਤਾ। ਵਾਹਿਗੁਰੂ ਜੀ ਚੜ੍ਹਦੀ ਕਲਾ ਬਖ਼ਸ਼ਣ। ਅਗਰ ਮੈਂ ਗ਼ਲਤੀ ਨਾਲ ਕਿਸੇ ਦਾ ਧੰਨਵਾਦ ਕਰਨ ਤੋਂ ਰਹਿ ਗਿਆ ਹੋਵਾਂ ਤਾਂ ਖਿਮਾਂ ਦਾ ਜਾਚਕ ਹਾਂ। ਆਸ ਕਰਦਾ ਹਾਂ ਕਿ ਤੁਸੀਂ ਇਸ ਰਚਨਾ ਨੂੰ ਪੜ੍ਹ ਕੇ ਉਸਾਰੂ ਸੁਝਾਅ ਜ਼ਰੂਰ ਦੇਵੋਗੇ।

ਦਾਸ,

ਪਰਮਜੀਤ ਸਿੰਘ ਮਾਨਸਾ

ਅਧਿਆਇ ਪਹਿਲਾ

ਤਤਕਾਲੀਨ ਪਰਿਸਥਿਤੀਆਂ

1. ਧਾਰਮਿਕ ਪਰਿਸਥਿਤੀਆਂ

ਉਸ ਸਮੇਂ ਦੀਆਂ ਪਰਿਸਥਿਤੀਆਂ ਨੂੰ ਭਾਈ ਗੁਰਦਾਸ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਦਰਸਾਉਂਦੇ ਹਨ। ਧਰਮ ਕੇਵਲ ਦਿਖਾਵੇ ਮਾਤਰ ਰਹਿ ਗਿਆ ਸੀ ਅਤੇ ਇਸ ਦੀ ਆਤਮਾ ਅਸਲ ਵਿਚ ਮਰ ਚੁੱਕੀ ਸੀ।

"ਸਰਮੁ ਧਰਮੁ ਦੁਇ ਛਪਿ ਖਲੋਏ" ਅਨੁਸਾਰ ਚਾਰੇ ਪਾਸੇ ਝੂਠ ਫ਼ਰੇਬ ਦਾ ਬੋਲਬਾਲਾ ਸੀ। ਧਰਮ ਖੰਭ ਲਾ ਕੇ ਉੱਡ ਗਿਆ ਸੀ। ਕਰਮ-ਕਾਂਡ ਆਪਣੇ ਆਪ ਮੱਤ ਬਣ ਗਏ ਸਨ। *ਤਾਰੀਖ਼-ਏ-ਦਾਊਦੀ* ਦਾ ਕਰਤਾ ਲਿਖਦਾ ਹੈ ਕਿ ਇਕ ਦਫ਼ਾ ਤਿਉਹਾਰ 'ਤੇ ਕੁਰਕਸ਼ੇਤਰ ਬਹੁਤ ਸਾਰੇ ਹਿੰਦੂ ਇਕੱਠੇ ਹੋਏ ਸਨ ਤੇ ਸਿਕੰਦਰ ਬਾਦਸ਼ਾਹ ਉਹਨਾਂ ਸਭਨਾਂ ਨੂੰ ਕਤਲ ਕਰਨਾ ਚਾਹੁੰਦਾ ਸੀ। ਮੀਆਂ ਅਬਦੁੱਲਾ ਮਲਕੁਲ ਉਲਮਾ ਨੇ ਬੜੀ ਮੁਸ਼ਕਲ ਨਾਲ ਉਸ ਨੂੰ ਗ਼ਲਤ ਇਰਾਦੇ ਤੋਂ ਟਾਲਿਆ। ਉਹ ਪਹਿਲਾਂ ਉਸ ਨੂੰ ਹੀ ਮਾਰਨ ਲਈ ਤਿਆਰ ਹੋ ਗਿਆ। ਉਸ ਦੀ ਸਾਰੀ ਹਕੂਮਤ ਵਿਚ ਉਸ ਦੀ ਸਭ ਤੋਂ ਵੱਡੀ ਇੱਛਾ ਹਿੰਦੂ ਮੱਤ ਦਾ ਖ਼ਾਤਮਾ ਕਰਨ ਦੀ ਸੀ।[1]

ਫ਼ਰਿਸ਼ਤਾ ਵੀ ਲਿਖਦਾ ਹੈ ਕਿ ਸਿਕੰਦਰ ਨਿਸ਼ਚੇ ਤੌਰ 'ਤੇ ਮੁਸਲਮਾਨ ਮੱਤ ਨਾਲ ਜੁੜਿਆ ਹੋਇਆ ਸੀ ਅਤੇ ਮੰਦਰਾਂ ਨੂੰ ਗਿਰਾਉਣਾ ਆਪਣਾ ਪਰਮ ਧਰਮ ਸਮਝਦਾ ਸੀ।[2] ਸੰਨ 1504 ਈ. ਵਿਚ ਉਸ ਨੇ ਸਭ ਤੋਂ ਵੱਧ ਕੱਟੜਪੁਣਾ ਦਿਖਾਇਆ। ਹਿੰਦੂਆਂ ਨੂੰ ਦਾਹੜੀ ਮੁੰਨਣ ਤਕ ਦਾ ਹੁਕਮ ਨਹੀਂ ਸੀ। ਪੰਜਾਬ ਖ਼ਾਸ ਤੌਰ 'ਤੇ ਬਦਕਿਸਮਤ ਰਿਹਾ। ਸਭ ਤੋਂ ਵੱਧ ਤੇ ਸਭ ਤੋਂ ਪਹਿਲਾਂ ਹਮਲੇ ਇਥੇ ਹੀ ਹੁੰਦੇ ਸਨ। ਸਭ ਤੋਂ ਪਹਿਲਾਂ ਮੁਸਲਮਾਨੀ ਹਕੂਮਤ ਇਥੇ ਹੀ ਕਾਇਮ ਹੋਈ। ਇਥੇ ਹੀ ਧਰਮ ਬਦਲੀ ਜ਼ੋਰਾਂ 'ਤੇ ਸੀ। ਨੀਵੀਂ ਜਾਤੀਆਂ 'ਤੇ ਬਹੁਤ ਪ੍ਰਭਾਵ ਪਿਆ।

ਭਾਈ ਗੁਰਦਾਸ ਜੀ ਨੇ ਸਮੇਂ ਦੀ ਧਾਰਮਿਕ ਸਥਿਤੀ ਬਹੁਤ ਚੰਗੀ ਤਰ੍ਹਾਂ ਬਿਆਨ ਕੀਤੀ ਹੈ। ਉਹਨਾਂ ਨੇ ਸਭ ਮੱਤ-ਮਤਾਂਤਰਾਂ ਦੇ ਅੰਦਰੂਨੀ ਹਾਲਾਤ ਨੂੰ ਖੋਲ੍ਹ ਕੇ ਲਿਖਿਆ। ਪਹਿਲੀ ਵਾਰ ਦੀ 19ਵੀਂ ਪਉੜੀ ਵਿਚ ਉਸ ਸਮੇਂ ਦੇ ਹਾਲਾਤ ਨੂੰ ਇਉਂ ਬਿਆਨ ਕਰਦੇ ਹਨ:

---

1. M.A. Macauliffe, *The Sikh Religion*, Vol. I, p. 170.
2. Bliyger, *Tarikh-I-Daudi,* Vol. I, pp. 585-86.

ਭਈ ਗਿਲਾਨਿ ਜਗਤ ਵਿਚਿ ਚਾਰਿ ਵਰਨ ਆਸ੍ਰਮ ਉਪਾਏ।
ਦਸ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ।
ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ।
ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।
ਖਟਿ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ।
ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ।
ਇਕਸਿ ਤੇ ਬਹੁ ਰੂਪਿ ਕਰਿ ਰੂਪ ਕੁਰੂਪੀ ਘਣੇ ਦਿਖਾਏ।
ਕਲਿਜੁਗਿ ਅੰਦਰਿ ਭਰਮਿ ਭੁਲਾਏ॥੧੯॥ *(ਵਾਰ 1, ਪਉੜੀ 19)*

ਇਸੇ ਪ੍ਰਕਾਰ ਮੁਸਲਮਾਨਾਂ ਬਾਬਤ ਉਹਨਾਂ ਦੀ ਅੰਦਰੂਨੀ ਹਾਲਾਤ ਨੂੰ ਭਾਈ ਗੁਰਦਾਸ ਜੀ ਬਿਆਨ ਕਰਦੇ ਹਨ:

ਬਹੁ ਵਾਟੀ ਜਗਿ ਚਲੀਆ ਤਬ ਹੀ ਭਏ ਮੁਹੰਮਦਿ ਯਾਰਾ।
ਕਉਮਿ ਬਹਤਰਿ ਸੰਗਿ ਕਰਿ ਬਹੁ ਬਿਧਿ ਵੈਰੁ ਵਿਰੋਧੁ ਪਾਸਾਰਾ।
ਰੋਜੇ, ਈਦ, ਨਿਮਾਜਿ ਕਰਿ ਕਰਮੀ ਬੰਦਿ ਕੀਆ ਸੰਸਾਰਾ।
ਪੀਰ ਪੈਕੰਬਰ ਅਉਲੀਏ ਗਉਸ ਕੁਤਬ ਬਹੁ ਭੇਖ ਸਵਾਰਾ।
ਠਾਕੁਰ ਦੁਆਰੇ ਢਾਹਿਕੈ ਤਿਹਿ ਠਉੜੀ ਮਾਸੀਤ ਉਸਾਰਾ।
ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।
ਕਾਫਰ ਮੁਲਹਦ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ।
ਪਾਪੇ ਦਾ ਵਰਤਿਆ ਵਰਤਾਰਾ॥੨੦॥ *(ਵਾਰ 1, ਪਉੜੀ 20)*

ਭਾਈ ਗੁਰਦਾਸ ਜੀ ਇੱਕੀਵੀਂ ਪਉੜੀ ਵਿਚ ਉਸ ਸਮੇਂ ਦੇ ਵੱਡੇ ਫ਼ਿਰਕਿਆਂ ਵਿਚਲੇ ਤਨਾਉ ਨੂੰ ਇਉਂ ਬਿਆਨ ਕਰਦੇ ਹਨ:

ਚਾਰਿ ਵਰਨ ਚਾਰਿ ਮਜਹਬਾ ਜਗਿ ਵਿਚਿ ਹਿੰਦੂ ਮੁਸਲਮਾਣੇ।
ਖੁਦੀ ਬਖੀਲਿ ਤਕਬਰੀ ਖਿੰਚੋਤਾਣ ਕਰੇਨਿ ਧਿਙਾਣੇ।
ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ।
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇੰਦੇ ਇਕੁ ਨਾਮੁ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ।
ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ।
ਸਿਰੋ ਨ ਮਿਟੇ ਆਵਣਿ ਜਾਣੇ॥੨੧॥ *(ਵਾਰ 1, ਪਉੜੀ 21)*

ਮੱਧਕਾਲ ਵਿਚ ਮਗਧ ਅਤੇ ਬੰਗਾਲ ਨੂੰ ਛੱਡ ਕੇ ਬਾਕੀ ਭਾਰਤ ਵਿਚ ਬੋਧ ਧਰਮ ਦਾ ਪਤਨ ਹੋ ਚੁੱਕਾ ਸੀ। ਉਸ ਦੀ ਥਾਂ 'ਤੇ ਵੈਦਿਕ ਧਰਮ ਨੇ ਲੈ ਲਈ ਸੀ। ਪਾਲ ਰਾਜਿਆਂ ਨੇ ਵਿਸ਼ੇਸ਼ ਕਰ ਕੁਮਾਰ ਪਾਲ ਨੇ ਜੈਨ ਧਰਮ ਦੀ ਉੱਨਤੀ ਲਈ ਬਹੁਤ ਜਤਨ ਕੀਤੇ। ਇਸ ਦੇ ਪ੍ਰਭਾਵ ਨਾਲ ਗੁਜਰਾਤ, ਕਾਠੀਆਵਾੜ, ਕੱਛ, ਰਾਜਪੂਤਾਨਾ ਅਤੇ ਮਾਲਵੇ ਵਿਚ ਜੈਨ ਧਰਮ ਦਾ ਪ੍ਰਚਾਰ ਬਹੁਤ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਮਲਾਰ ਰਾਗ ਦੀ ਵਾਰ ਅੰਦਰ ਜੈਨ ਮੱਤ ਬਾਰੇ ਲਿਖਦੇ ਹਨ:

ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ॥
ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨ੍ਹਾਇਆ॥
ਹਥੀ ਸਿਰ ਖੋਹਾਇ ਨ ਭਦੁ ਕਰਾਇਆ॥
ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ॥
ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ॥
ਮਨਿ ਜੂਠੈ ਵੇਜਾਤਿ ਜੂਠਾ ਖਾਇਆ॥
ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ॥
ਗੁਰਮੁਖਿ ਓਅੰਕਾਰਿ ਸਚਿ ਸਮਾਇਆ॥ *(ਵਾਰ ਮਲਾਰ ਮ: ੧, ਪੰਨਾ 1285)*

ਉਸ ਵੇਲੇ ਦੇ ਧਰਮ ਦਾ ਰੂਪ ਜਾਂ ਵਿਹਾਰ ਕੇਵਲ ਪਹਿਰਣ, ਓਢਣ, ਖਾਣ, ਪੀਣ, ਪੂਜਾ, ਪਾਠ, ਤੀਰਥ, ਵਰਤ ਮਾਲਾ, ਤਿਲਕ ਆਦਿ ਬਾਹਰਲੇ ਆਡੰਬਰ ਪ੍ਰਧਾਨ ਕਰਮ-ਕਾਂਡਾਂ ਤਕ ਸੀਮਿਤ ਰਹਿ ਗਿਆ ਸੀ। ਅਨਪੜ੍ਹ ਨਿਰਧਨ ਅਤੇ ਦਾਸ ਬਿਰਤੀ ਵਾਲੀ ਜਨਤਾ ਲਾਚਾਰ ਸੀ।[3] ਕਰਮ-ਕਾਂਡ ਧਾਰਮਿਕ ਰਸਮਾਂ ਤੇ ਸ਼ਰਹ ਇਹਨਾਂ ਲੀਹਾਂ ਵਿਚ ਤੁਰੇ ਜਾਣਾ, ਇਹਨਾਂ ਬੰਧਨਾਂ ਵਿਚ ਪਏ ਰਹਿਣਾ ਹੀ 'ਧਰਮ' ਸਮਝਿਆ ਜਾਂਦਾ ਸੀ। ਹਰ ਕੋਈ ਆਪਣੇ ਆਪਣੇ ਧਰਮ ਨੂੰ ਉੱਚਾ ਦੱਸ ਰਿਹਾ ਸੀ। ਧਰਮ ਧਰਮ ਦਾ ਟਾਕਰਾ ਹੋ ਰਿਹਾ ਸੀ। ਕੋਈ ਕਾਫ਼ਰ, ਕੋਈ ਮੋਮਨ, ਕੋਈ ਮਲੇਛ ਤੇ ਕੋਈ ਆਰੀਆ ਮਿਥਿਆ ਜਾ ਰਿਹਾ ਸੀ।[4]

ਕੁਦਰਤ ਵਿਚ ਦਿਸਦੀਆਂ ਅਨੇਕਾਂ ਤਾਕਤਾਂ ਨੂੰ ਦੇਵਤੇ ਮਿੱਥ ਕੇ ਕਈ ਮਨੋ-ਕਲਪਿਤ ਦੇਵਤੇ ਬਣਾ ਕੇ ਉਹਨਾਂ ਨੂੰ ਮਨੁੱਖ ਪੂਜਣ ਲੱਗ ਪਿਆ। ਫਿਰ ਇਹਨਾਂ ਆਪਣੇ ਬਣਾਏ ਦੇਵੀ-ਦੇਵਤਿਆਂ ਦੇ ਕਈ ਪ੍ਰਕਾਰ ਦੇ ਝਗੜੇ ਤੇ ਵਿਰੋਧ ਆਪੋ ਵਿਚ ਚੱਲ ਪਏ। ਭਾਈ ਗੁਰਦਾਸ ਜੀ ਕਥਨ ਕਰਦੇ ਹਨ:

ਕਲਿਜੁਗਿ ਬੌਧੁ ਅਉਤਾਰੁ ਹੈ ਬੋਧ ਅਬੋਧੁ ਨ ਦ੍ਰਿਸ਼ਟੀ ਆਵੈ।
ਕੋਇ ਨ ਕਿਸੈ ਵਰਜਈ ਸੋਈ ਕਰੇ ਜੋਈ ਮਨਿ ਭਾਵੈ।
ਕਿਸੇ ਪੂਜਾਈ ਸਿਲਾ ਸੁੰਨਿ ਕੋਈ ਗੋਰੀ ਮੜ੍ਹੀ ਪੁਜਾਵੈ।
ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ।
ਆਪੋ ਧਾਪੀ ਹੋਇਕੈ ਨਿਆਰੇ ਨਿਆਰੇ ਧਰਮ ਚਲਾਵੈ।
ਕੋਈ ਪੂਜੈ ਚੰਦੁ ਸੂਰੁ ਕੋਈ ਧਰਤਿ ਅਕਾਸੁ ਮਨਾਵੈ।
ਪਉਣੁ ਪਾਣੀ ਬੈਸੰਤਰੋ ਧਰਮਰਾਜ ਕੋਈ ਤ੍ਰਿਪਤਾਵੈ।
ਫੋਕਟਿ ਧਰਮੀ ਭਰਮਿ ਭੁਲਾਵੈ॥੧੮॥ *(ਵਾਰ 1, ਪਉੜੀ 18)*

ਆਮ ਮਨੁੱਖ ਨੂੰ ਇਸ ਅਨੇਕ ਪ੍ਰਕਾਰ ਦੀ ਪੂਜਾ ਨੇ ਘੁੰਮਣ-ਘੇਰੀਆਂ ਵਿਚ ਪਾ ਦਿੱਤਾ। ਬੰਦੇ ਦੀ ਹਾਲਤ ਤਾਂ ਹਾਸੋ-ਹੀਣੀ ਹੋ ਗਈ। ਬੰਦਾ ਵਿਚਾਰਾ ਆਪਣੀਆਂ ਲੋੜਾਂ ਦਾ ਮਾਰਿਆ ਹੋਇਆ ਰੁੱਖਾਂ, ਮੜ੍ਹੀਆਂ, ਸੱਪਾਂ ਦੀਆਂ ਖੁੱਡਾਂ ਅੱਗੇ ਜਾ ਕੇ ਮੱਥੇ ਰਗੜਨ ਲੱਗ ਪਿਆ। ਇਸ ਅਨੇਕ ਪ੍ਰਕਾਰ ਦੀ ਪੂਜਾ ਨਾਲ ਅਨੇਕਾਂ ਵਹਿਮਾਂ-ਭਰਮਾਂ

---

3. ਗੋਰੀਚੰਦ ਹੀਰਾਚੰਦ ਉਝਾ, *ਮੱਧਕਾਲੀਨ ਭਾਰਤੀਯ ਸੰਸਕ੍ਰਿਤੀ*, ਪੰਨੇ 5-6.
4. ਪ੍ਰੋ. ਸਾਹਿਬ ਸਿੰਘ, *ਗੁਰਬਾਣੀ ਤੇ ਇਤਿਹਾਸ ਬਾਰੇ*, ਪੰਨਾ 87.

ਦੀ ਵੀ ਕੋਈ ਹੱਦ ਨਾ ਰਹੀ। ਕਦਮ ਕਦਮ 'ਤੇ ਸ਼ਗਨ-ਅਪਸ਼ਗਨ ਵਿਚਾਰਨੇ, ਗੱਲ-ਗੱਲ 'ਤੇ ਮਹੂਰਤ ਕਢਾਉਣੇ ਜੀਵਨ ਦਾ ਹਰ ਇਕ ਕੰਮ ਬ੍ਰਾਹਮਣ ਰੂਪੀ ਕਰਮ-ਕਾਂਡੀ ਤੋਂ ਪੁੱਛ ਕੇ ਕੀਤਾ ਜਾਂਦਾ ਸੀ। ਭਾਈ ਗੁਰਦਾਸ ਜੀ ਇਸ ਸਾਰੇ ਹਾਲਾਤ ਦਾ ਵਰਣਨ ਇਉਂ ਕਰਦੇ ਹਨ :

ਸਉਣ ਸਗੁਨ ਵੀਚਾਰਣੇ ਨਉ ਗ੍ਰਿਹ ਬਾਰਹ ਰਾਸਿ ਵੀਚਾਰਾ।
ਕਾਮਣ ਟੂਣੇ ਅਉਸੀਆ ਕਣਸੋਈ ਪਾਸਾਰ ਪਸਾਰਾ।
ਗਦਹੁ ਕੁਤੇ ਬਿਲੀਆ ਇਲ ਮਲਾਲੀ ਗਿਦੜ ਛਾਰਾ।
ਨਾਰਿ ਪੁਰਖੁ ਪਾਣੀ ਅਗਨਿ ਛਿਕ ਪਦ ਹਿਡਕੀ ਵਰਤਾਰਾ।
ਥਿਤਿ ਵਾਰ ਭਦ੍ਰਾ ਭਰਮ ਦਿਸਾਸੂਲ ਸਹਸਾ ਸੈਸਾਰਾ।
ਵਲ ਛਲ ਕਰਿ ਵਿਸਵਾਸ ਲਖ ਬਹੁ ਚੁਖੀ ਕਿਉ ਰਵੈ ਭਤਾਰਾ।
ਗੁਰਮੁਖਿ ਸੁਖ ਫਲੁ ਪਾਰਿ ਉਤਾਰਾ॥੮॥ *(ਵਾਰ 5, ਪਉੜੀ 8)*

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬਾਬਾ ਸ੍ਰੀ ਚੰਦ ਜੀ ਤੋਂ ਪਹਿਲਾਂ ਕਈ ਵਿਚਾਰਕਾਂ ਨੇ ਸਮਾਜਿਕ ਤੇ ਧਾਰਮਿਕ ਸੁਧਾਰ ਕਰਨ ਲਈ ਅੰਦੋਲਨ ਕੀਤੇ ਸਨ। ਪਰ ਉਹ ਕੇਵਲ ਮੱਤ ਅਤੇ ਮੱਠ ਤਕ ਹੀ ਸੀਮਿਤ ਰਹੇ। ਇਸੇ ਲਈ ਹੌਲੀ ਹੌਲੀ ਉਹਨਾਂ ਦਾ ਪਤਨ ਹੋ ਗਿਆ। ਰਾਮਾਨੰਦ ਜੀ ਦੀ ਤਰ੍ਹਾਂ ਭਗਤ ਕਬੀਰ ਜੀ ਨੇ ਵਿਰਾਗ ਅਤੇ ਅਨੁਰਾਗ ਵਿਚ ਸੁਮੇਲ ਬਣਾਉਣ ਦਾ ਯਤਨ ਕੀਤਾ। ਉਹਨਾਂ ਨੇ ਭੇਦ-ਭਾਵ ਮਿਟਾ ਕੇ ਏਕਤਾ ਦਾ ਪ੍ਰਚਾਰ ਕੀਤਾ। ਉਸ ਵੇਲੇ ਦੇ ਬੁੱਧੀ ਵਰਗ ਅਤੇ ਸਾਰੇ ਭਗਤ ਸਮਾਜ ਵਿਚ ਉਦਾਸੀ ਛਾਈ ਪਈ ਸੀ। ਉਹਨਾਂ ਨੇ ਨਾ ਤਾਂ ਇਸਲਾਮ ਦਾ ਵਿਰੋਧ ਕੀਤਾ ਤੇ ਨਾ ਹੀ ਉਸ ਨਾਲ ਸਮਝੌਤਾ ਕੀਤਾ।[5]

ਸੰਤ ਕਵੀਆਂ ਨੇ ਕਲੀ ਕਾਲ ਦੇ ਵਰਣਨ ਦੇ ਬਹਾਨੇ ਆਪਣੇ ਸਮੇਂ ਦੀ ਦੁਰਦਸ਼ਾ ਦਾ ਚਿੱਤਰ ਕਈ ਪ੍ਰਕਾਰ ਖਿੱਚਿਆ ਹੈ। ਦੱਖਣ ਭਾਰਤ ਦੀ ਭਗਤੀ ਲਹਿਰ ਜਦੋਂ ਉੱਤਰ ਭਾਰਤ ਵਿਚ ਆਈ ਤਾਂ ਵਿਚਾਰਕਾਂ ਨੇ ਸਮਾਜ ਦਾ ਨਵਾਂ ਢਾਂਚਾ ਸਥਾਪਤ ਕਰਨ ਦੀ ਸੋਚੀ। ਨਾਥ ਪੰਥੀਆਂ ਦਾ ਹੱਠ ਯੋਗ ਸੰਨਿਆਸੀ ਬਿਰਤੀ ਰੱਖਦਾ ਸੀ ਅਤੇ ਸਾਧਾਰਨ ਗ੍ਰਿਹਸਤੀ ਲੋਕ ਉਸ ਤੋਂ ਲਾਭ ਨਹੀਂ ਉਠਾ ਸਕਦੇ ਸਨ। ਇਹ ਸੰਨਿਆਸੀ ਲੋਕ ਆਮ ਜਨਤਾ ਨੂੰ ਸਰਾਪ ਦੇ ਕੇ ਡਰਾਉਂਦੇ ਵੀ ਸਨ। ਰਿਧੀਆਂ-ਸਿਧੀਆਂ ਰਾਹੀਂ ਵੀ ਲੋਕਾਂ ਨੂੰ ਡਰਾਉਂਦੇ ਰਹਿੰਦੇ ਸਨ। ਸੰਤ ਬਾਣੀ ਨੇ ਜੀਵਨ ਵਿਚ ਸੁਮੇਲ ਏਕਤਾ ਅਤੇ ਉਦਾਰਤਾ ਲਿਆਉਣ ਦਾ ਉਪਦੇਸ਼ ਕੀਤਾ।

ਉਸ ਸਮੇਂ ਸਾਰਾ ਨਿਆਂ ਸ਼ਰ੍ਹਾ ਦੇ ਅਨੁਸਾਰ ਹੁੰਦਾ ਸੀ। ਇਸਲਾਮ ਦੇ ਪ੍ਰਚਾਰ ਲਈ ਸ਼ੇਖ਼ ਉਲ ਇਸਲਾਮ ਦਾ ਵੱਖਰਾ ਵਿਭਾਗ ਸਰਕਾਰ ਨੇ ਖੋਲ੍ਹਿਆ ਹੋਇਆ ਸੀ। ਉਸ ਸਮੇਂ ਦੀ ਰਿਸ਼ਵਤ-ਖ਼ੋਰੀ ਬਾਰੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਰਾਹੀਂ ਲਿਖਿਆ ਹੈ :

ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥
ਵਢੀ ਲੈ ਕੈ ਹਕੁ ਗਵਾਏ॥ ਜੇ ਕੋ ਪੁਛੈ ਤਾ ਪੜਿ ਸੁਣਾਏ॥
(ਵਾਰ ਰਾਮਕਲੀ, ਮ: ੧, ਪੰਨਾ 951)

---

5. Dr. Gokal Chand Narang, *Transformation of Sikhism*, pp. 28, 31, 33, 44.

ਇਸਲਾਮ ਦੇ ਹੜ੍ਹ ਨੇ ਭਾਰਤ ਨੂੰ ਭੌਤਿਕ ਰੂਪ ਵਿਚ ਮੂਰਛਿਤ ਕਰ ਦਿੱਤਾ ਸੀ। ਪਰ ਅਧਿਆਤਮਕ ਰੂਪ ਵਿਚ ਇਸਲਾਮ ਦਾ ਜਾਗ੍ਰਤੀ ਕਾਲ ਸੀ, ਇਸੇ ਰਾਹੀਂ ਉਸ ਦਾ ਪੁਨਰ-ਉਥਾਨ ਹੋਇਆ। ਇਹੋ ਕਾਰਨ ਹੈ ਕਿ ਭਾਰਤ ਇਸਲਾਮ ਦੇ ਤੂਫ਼ਾਨ ਨੂੰ ਸਹਿਣ ਲਈ ਹਿਮਾਲਿਆ ਪਰਬਤ ਵਾਂਙ ਧੀਰਜ ਤੇ ਅਡੋਲ ਰਿਹਾ। ਉਸ ਦੇ ਪੱਕੇ ਵਿਸ਼ਵਾਸ ਨੇ ਨਿਰਗੁਣ ਭਗਤੀ ਦਾ ਖੁੱਲ੍ਹਾ-ਡੁੱਲ੍ਹਾ ਗਾਡੀ ਰਾਹ ਚਲਾਇਆ। ਭਾਰਤੀ ਲੋਕਾਂ ਦੀ ਤਰਕਸ਼ੈਲੀ ਤੇ ਗਿਆਨ ਪ੍ਰਣਾਲੀ ਕਰਮ ਖੇਤਰ ਵਿਚ ਮਾੜੀ ਪੈ ਗਈ ਸੀ। ਉਸ ਵਿਚ ਮਿਲਵਰਤਣ ਸੁਧਾਰ ਅਤੇ ਸਮਾਜਿਕ ਨਿਆਂ ਦੇ ਭਾਵ ਗ੍ਰਹਿਣ ਕਰਨ ਦੀ ਲੋੜ ਸੀ। ਸ਼ੂਦਰਾਂ ਦੀ ਅਵਸਥਾ ਬਹੁਤ ਬੁਰੀ ਸੀ। ਇਸੇ ਲਈ ਸੰਤਾਂ ਨੇ ਜਾਤ-ਪਾਤ ਦੇ ਬੰਧਨ ਤੋੜ ਕੇ ਉਹਨਾਂ ਨੂੰ ਮਨੁੱਖੀ ਪੱਧਰ 'ਤੇ ਆਦਰ ਮਾਣ ਦੇਣ ਦਾ ਉਪਰਾਲਾ ਕੀਤਾ। ਮੁਸਲਮਾਨ ਸੂਫ਼ੀਆਂ ਨੇ ਵੀ ਇਸ ਭਾਵ ਧਾਰਾ ਵਿਚ ਬਹੁਤ ਯੋਗਦਾਨ ਪਾਇਆ। ਉਹ ਇਸਲਾਮ ਦਾ ਪ੍ਰਚਾਰ ਪਿਆਰ ਨਾਲ ਕਰਦੇ ਸਨ।

ਤੁਲਸੀ ਦਾਸ ਜੀ (1532 ਈ.-1626 ਈ.) ਨੇ ਆਪਣੀ ਕਵਿਤਾਵਲੀ ਵਿਚ ਧਾਰਮਿਕ ਪਰਿਸਥਿਤੀ ਬਾਰੇ ਆਪਣੇ ਪ੍ਰਭਾਵ ਪ੍ਰਗਟ ਕੀਤੇ ਹਨ। ਠਾਕੁਰ ਦੇਸ ਰਾਜ ਨੇ *ਸਿੱਖ ਇਤਿਹਾਸ* ਵਿਚ ਉਸ ਯੁੱਗ ਦੀ ਪਰਿਸਥਿਤੀ ਬਾਰੇ ਲਿਖਿਆ ਹੈ:

> "ਮੱਠਾਂ ਵਿਚ ਜੋ ਲੋਕ ਮਹੰਤ ਜਾਂ ਪੂਜਾਰੀ ਸਨ, ਉਹ ਜੰਤਰ, ਮੰਤਰ, ਜਪ, ਤਪ ਅਤੇ ਹੋਰ ਕਰਮ-ਕਾਂਡਾਂ ਰਾਹੀਂ ਰੋਗਾਂ ਤੇ ਦੁੱਖਾਂ ਨੂੰ ਦੂਰ ਕਰਨ ਦਾ ਦੰਭ ਕਰਦੇ ਸਨ ਅਤੇ ਦੇਵਤਿਆਂ ਦੀ ਪ੍ਰਸੰਨਤਾ ਲਈ ਉਹ ਕਈ ਵਾਰ ਦੇ ਅਨੁਸ਼ਠਾਨ ਰਚਦੇ ਸਨ। ਲੋਕਾਂ ਦਾ ਇਥੋਂ ਤਕ ਅੰਧ-ਵਿਸ਼ਵਾਸ ਸੀ ਕਿ ਇਹਨਾਂ ਜਾਦੂ ਟੂਣਿਆਂ ਰਾਹੀਂ ਦੁਸ਼ਮਣ ਦੀ ਉਮਰ, ਸ਼ਕਤੀ ਅਤੇ ਟੱਬਰ ਦਾ ਨਾਸ਼ ਹੋ ਸਕਦਾ ਹੈ। ਜਪ-ਤਪ ਨਾਲ ਹਰ ਪ੍ਰਕਾਰ ਦੀ ਸਫਲਤਾ ਪ੍ਰਾਪਤ ਹੋ ਸਕਦੀ ਹੈ। ਇਸ ਤਰ੍ਹਾਂ ਦਾ ਅੰਧ-ਵਿਸ਼ਵਾਸ ਪੂਰੀ ਗੰਭੀਰਤਾ ਨਾਲ ਈਸਾ ਦੀ ਮੁੱਢਲੀਆਂ ਸਦੀਆਂ ਤੋਂ ਲੈ ਕੇ ਗੁਰੂ ਨਾਨਕ ਦੇ ਜਨਮ ਕਾਲ ਤਕ ਫੈਲ ਚੁੱਕਾ ਸੀ।"[6]

ਭਾਰਤੀ ਇਤਿਹਾਸ ਵਿਚ ਇਸ ਕਾਲ ਵਿਚ ਅਨੇਕ ਧਾਰਮਿਕ ਸੰਪ੍ਰਦਾਵਾਂ ਕੰਮ ਕਰ ਰਹੀਆਂ ਸਨ। ਹਰ ਸੰਪ੍ਰਦਾਇ ਦੇ ਵੱਖਰੇ-ਵੱਖਰੇ ਚੇਲੇ ਸਨ ਤੇ ਸ਼ਾਖ਼ਾ, ਉਪ-ਸ਼ਾਖ਼ਾ ਹੋ ਕੇ ਇਹਨਾਂ ਦੀ ਗਿਣਤੀ ਬਹੁਤ ਵੱਧ ਗਈ ਸੀ। ਇਹਨਾਂ ਸੰਪ੍ਰਦਾਵਾਂ ਦਾ ਗੁਰੂ ਜੀ ਨੇ ਆਪਣੀ ਬਾਣੀ ਰਾਹੀਂ ਜ਼ਿਕਰ ਕੀਤਾ ਹੈ:

(ੳ) **ਇਕਿ ਵਣ ਖੰਡਿ ਬੈਸਹਿ ਜਾਇ ਸਦੁ ਨ ਦੇਵਹੀ॥**
ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ॥
ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ॥
ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ॥
ਇਕਿ ਨਗਨ ਫਿਰਹਿ ਦਿਨੁ ਰਾਤਿ ਨੀਂਦ ਨ ਸੋਵਹੀ॥
ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ॥

6. ਠਾਕੁਰ ਦੇਸ ਰਾਜ, *ਸਿੱਖ ਇਤਿਹਾਸ*, ਪੰਨਾ 6.

ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ ॥
ਸੋਹਨਿ ਖਸਮ ਦੁਆਰਿ ਜਿ ਸਤਿਗੁਰੁ ਸੇਵਹੀ ॥

(ਵਾਰ ਮਲਾਰ, ਮ: ੧, ਪੰਨੇ 1284-85)

(ਅ) ਸਚਾ ਅਲਖ ਅਭੇਉ ਹਠਿ ਨ ਪਤੀਜਈ ॥
ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ ॥
ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ ॥
ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ ॥
ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ ॥
ਕਰਮ ਵਧਹਿ ਕੈ ਲੋਅ ਖਪਿ ਮਰੀਜਈ ॥
ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ ॥
ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ ॥

(ਵਾਰ ਮਲਾਰ, ਮ: ੧, ਪੰਨਾ 1285)

(ੲ) ਨਾ ਤਦਿ ਜਤੀ ਸਤੀ ਬਨਵਾਸੀ ॥ ਨਾ ਤਦਿ ਸਿਧ ਸਾਧਿਕ ਸੁਖਵਾਸੀ ॥
ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ ॥

(ਮਾਰੂ ਮ: ੧, ਪੰਨਾ 1035)

(ਸ) ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥
ਕੋ ਗਿਰਹੀ ਕਰਮਾ ਕੀ ਸੰਧਿ ॥ *(ਬਸੰਤੁ ਮ: ੧, ਪੰਨਾ 1169)*

(ਹ) ਸਿਧਾ ਸੇਵਨਿ ਸਿਧ ਪੀਰ ਮਾਗਹਿ ਰਿਧਿ ਸਿਧਿ ॥
ਮੈ ਇਕੁ ਨਾਮੁ ਨ ਵੀਸਰੈ ਸਾਚੇ ਗੁਰ ਬੁਧਿ ॥
ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ ॥
ਗੁਰ ਕਾ ਸਬਦੁ ਨ ਚੀਨ੍ਹ੍ਹੀ ਤਤੁ ਸਾਰੁ ਨਿਰੰਤਰ ॥
ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ ॥
ਅੰਤਰਿ ਵਸਤੁ ਨ ਜਾਣਨ੍ਹੀ ਘਟਿ ਬ੍ਰਹਮੁ ਲੁਕਾਣਾ ॥
ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ ॥
ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ ॥
ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ ॥
ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ ॥
ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥
ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ ॥
ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਞਾਣੈ ॥
ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ ॥ *(ਆਸਾ ਮ: ੧, ਪੰਨੇ 418-19)*

ਗੁਰੂ ਨਾਨਕ ਦੇਵ ਜੀ ਨੂੰ ਦਾਰਸ਼ਨਿਕ ਲੋਕਾਂ ਦੇ ਸੁੱਕੇ ਵਿਚਾਰ ਤੇ ਸਿਧਾਂਤ ਪਸੰਦ ਨਹੀਂ ਸਨ ਅਤੇ ਨਾ ਹੀ ਪੰਡਿਤਾਂ ਤੇ ਮੁੱਲਾਂ ਦੇ ਕਰਮ-ਕਾਂਡ :

ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ॥
ਅੰਤਰਿ ਵਸਤੁ ਨ ਜਾਣਨੀ ਘਟਿ ਬ੍ਰਹਮੁ ਲੁਕਾਣਾ॥ *(ਆਸਾ ਮ: ੧, ਪੰਨਾ 1149)*

ਆਸਾ ਕੀ ਵਾਰ ਅੰਦਰ ਗੁਰੂ ਨਾਨਕ ਦੇਵ ਜੀ ਨੇ ਇਹਨਾਂ ਭੇਖ ਧਾਰਨ ਵਾਲਿਆਂ ਤੇ ਕਰਮ-ਕਾਂਡੀਆਂ ਬਾਰੇ ਵਿਸਥਾਰ ਨਾਲ ਕਿਹਾ ਹੈ:

ਲਿਖਿ ਲਿਖਿ ਪੜਿਆ॥ ਤੇਤਾ ਕੜਿਆ॥
ਬਹੁ ਤੀਰਥ ਭਵਿਆ॥ ਤੇਤੋ ਲਵਿਆ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ॥ ਸਹੁ ਵੇ ਜੀਆ ਅਪਣਾ ਕੀਆ॥
ਅੰਨੁ ਨ ਖਾਇਆ ਸਾਦੁ ਗਵਾਇਆ॥ ਬਹੁ ਦੁਖੁ ਪਾਇਆ ਦੂਜਾ ਭਾਇਆ॥
ਬਸਤ੍ਰ ਨ ਪਹਿਰੈ॥ ਅਹਿਨਿਸਿ ਕਹਰੈ॥
ਮੋਨਿ ਵਿਗੂਤਾ॥ ਕਿਉ ਜਾਗੈ ਗੁਰ ਬਿਨੁ ਸੂਤਾ॥
ਪਗ ਉਪੇਤਾਣਾ॥ ਅਪਣਾ ਕੀਆ ਕਮਾਣਾ॥
ਅਲੁ ਮਲੁ ਖਾਈ ਸਿਰਿ ਛਾਈ ਪਾਈ॥ ਮੂਰਖਿ ਅੰਧੈ ਪਤਿ ਗਵਾਈ॥
ਵਿਣੁ ਨਾਵੈ ਕਿਛੁ ਥਾਇ ਨ ਪਾਈ॥
ਰਹੈ ਬੇਬਾਣੀ ਮੜੀ ਮਸਾਣੀ॥ ਅੰਧੁ ਨ ਜਾਣੈ ਫਿਰਿ ਪਛੁਤਾਣੀ॥
(ਵਾਰ ਆਸਾ, ਮ: ੧, ਪੰਨੇ 467-68)

2. ਸਮਾਜਿਕ ਪਰਿਸਥਿਤੀਆਂ

ਪ੍ਰਸਿੱਧ ਇਤਿਹਾਸਕਾਰ 'ਅਲ ਬੈਰੂਨੀ' ਦੇ ਲਿਖਣ ਮੁਤਾਬਿਕ, "ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਇੰਨਾ ਜ਼ਿਆਦਾ ਫ਼ਰਕ ਸੀ ਕਿ ਦੋਵਾਂ ਵਿਚ ਕਿਸੇ ਵੀ ਸੰਬੰਧ ਜਾਂ ਸੰਪਰਕ ਦੀਆਂ ਸੰਭਾਵਨਾਵਾਂ ਨਹੀਂ ਸਨ। ਇਹ ਫ਼ਰਕ ਸਿਰਫ਼ ਬੋਲੀ ਅਤੇ ਪਹਿਰਾਵੇ ਤਕ ਹੀ ਨਹੀਂ ਸੀਮਿਤ ਸੀ, ਬਲਕਿ ਮੁਸਲਮਾਨੀ ਅਤੇ ਹਿੰਦੂ ਵਿਸ਼ਵਾਸਾਂ ਵਿਚ ਕਾਫ਼ੀ ਹੱਦ ਤਕ ਭਿੰਨਤਾ ਰੱਖਦਾ ਸੀ ਅਤੇ ਇਸ ਤਰ੍ਹਾਂ ਹਿੰਦੂ ਧਾਰਨਾਵਾਂ ਅਤੇ ਮੁਸਲਮਾਨੀ ਵਿਚਾਰਾਂ ਵਿਚ ਵੀ ਫ਼ਰਕ ਰੱਖਦਾ ਸੀ। ਹਿੰਦੂਆਂ ਦਾ ਵਿਰੋਧ ਸਾਰੇ ਵਿਧਰਮੀਆਂ ਨਾਲ ਸੀ ਅਤੇ ਉਹ ਗ਼ੈਰ-ਹਿੰਦੂਆਂ ਨੂੰ 'ਮਲੇਛ' ਕਹਿੰਦੇ ਸਨ ਅਤੇ ਉਹਨਾਂ ਨਾਲ ਕਿਸੇ ਤਰ੍ਹਾਂ ਦਾ ਸੰਪਰਕ ਨਹੀਂ ਸਨ ਰੱਖਦੇ। ਹਿੰਦੂ (ਬ੍ਰਾਹਮਣ) ਕਿਸੇ ਦੂਜੇ ਹਿੰਦੂ ਨੂੰ ਆਪਣਾ ਗਿਆਨ ਨਹੀਂ ਸਨ ਦਿੰਦੇ। ਦੂਜੇ ਧਰਮਾਂ ਦੀ ਗੱਲ ਹੀ ਵੱਖਰੀ ਸੀ।"

ਸਮਾਜਿਕ ਹਾਲਾਤ ਨੂੰ ਨਿਯਤ ਕਰਨ ਵਿਚ ਰਾਜਨੀਤਕ ਅਤੇ ਧਾਰਮਿਕ ਸਥਿਤੀ ਸਹਾਈ ਹੁੰਦੀ ਹੈ। ਗੁਰੂ ਸਾਹਿਬ ਦੇ ਸਮੇਂ ਦੀ ਸਮਾਜਿਕ ਸਥਿਤੀ ਅਤਿਅੰਤ ਦੁਖਦਾਈ ਅਤੇ ਘਿਰਣਾ-ਗ੍ਰਸਤ ਸੀ। ਉਸ ਵਕਤ ਭਾਰਤੀ ਸਮਾਜ ਮੁੱਖ ਰੂਪ ਵਿਚ ਦੋ ਵਰਗਾਂ ਵਿਚ ਵੰਡਿਆ ਹੋਇਆ ਸੀ—ਇਕ ਹਿੰਦੂ ਸਮਾਜ ਤੇ ਦੂਜਾ ਮੁਸਲਿਮ ਸਮਾਜ। ਇਹ ਦੋਵੇਂ ਆਪਸ ਵਿਚ ਲੜਦੇ-ਝਗੜਦੇ ਰਹਿੰਦੇ ਸਨ। ਸ਼ਾਸਨ ਵਰਗ ਮੁਸਲਮਾਨ ਹੋਣ ਕਰਕੇ ਹਰ ਖੇਤਰ ਵਿਚ ਆਪਣੀ ਮਨਮਾਨੀ ਕਰਦੇ ਸਨ। ਉਸ ਸਮੇਂ ਦੇ ਸ਼ਾਸਕ ਆਪਣੇ ਉਲਮਾਵਾਂ ਦੀਆਂ ਹਦਾਇਤਾਂ ਉੱਤੇ ਚੱਲਦੇ ਸਨ। ਇਹਨਾਂ ਉਲਮਾਵਾਂ ਨੇ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਸਮਾਜ ਦਾ ਅੰਗ ਬਣਾਇਆ

ਅਤੇ ਜਿਹੜੇ ਮੁਸਲਮਾਨ ਨਹੀਂ ਸਨ ਬਣਦੇ, ਉਹਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ। ਇਸੇ ਤਰ੍ਹਾਂ ਹੀ ਕਾਜ਼ੀਆਂ ਨੇ ਹਿੰਦੂਆਂ ਨੂੰ ਮੁਸਲਮਾਨਾਂ ਪ੍ਰਤੀ ਮਿੱਤਰਤਾ ਦੀ ਭਾਵਨਾ ਪੈਦਾ ਕਰਨ ਵਿਚ ਹਰ ਤਰ੍ਹਾਂ ਦੀ ਰੁਕਾਵਟ ਪੈਦਾ ਕੀਤੀ। ਦੂਜੇ ਪਾਸੇ ਇਸ ਗੱਲੋਂ ਵੀ ਨਾਂਹ ਨਹੀਂ ਕੀਤੀ ਜਾ ਸਕਦੀ ਕਿ ਉੱਚ ਜਾਤੀਆਂ ਵਾਲੇ ਹਿੰਦੂ ਮੁਸਲਮਾਨਾਂ ਨੂੰ ਨਫ਼ਰਤ ਨਾਲ ਵੇਖਦੇ ਸਨ। ਉੱਚ-ਜਾਤੀਏ ਹਿੰਦੂਆਂ ਤੋਂ ਤੰਗ ਆ ਕੇ ਹੇਠਲੇ ਵਰਗ ਸ਼ੂਦਰਾਂ ਨੇ ਮੁਸਲਮਾਨ ਬਣਨਾ ਸਵੀਕਾਰ ਕਰ ਲਿਆ ਜਾਂ ਫਿਰ ਉਹਨਾਂ ਦੀ ਗ਼ੁਲਾਮੀ ਕਬੂਲ ਕਰ ਲਈ। ਕੁਝ ਕੁ ਹਿੰਦੂਆਂ ਨੇ ਮੁਸਲਮਾਨਾਂ ਦੀ ਸੰਸਕ੍ਰਿਤੀ ਕਬੂਲ ਕਰ ਲਈ, ਪਰ ਆਪਣੀ ਸਾਂਝ ਬਣਾ ਲਈ। ਕਈ ਮੁਸਲਮਾਨਾਂ ਦੇ ਗੋਲੇ ਬਣ ਗਏ।

ਬ੍ਰਾਹਮਣ ਧਰਮ ਦੇ ਠੇਕੇਦਾਰ ਬਣ ਚੁੱਕੇ ਸਨ। ਬਹੁਤ ਸਾਰੇ ਪੌਰਾਣਿਕ ਦੇਵੀ-ਦੇਵਤਿਆਂ ਦੀ ਪੂਜਾ ਪ੍ਰਚਲਿਤ ਸੀ, ਜਿਸ ਵਿਚ ਬਹੁਤ ਕਰਕੇ ਕੁਰਬਾਨੀਆਂ ਦਿੱਤੀਆਂ ਜਾਂਦੀਆਂ ਸਨ। ਇਸ ਤਰ੍ਹਾਂ ਧਰਮ ਦੇ ਨਾਂ 'ਤੇ ਘੋਰ ਅਧਰਮ ਹੋ ਰਿਹਾ ਸੀ।

ਭਾਰਤ ਵਿਚ ਇਕ ਨਵਾਂ ਧਰਮ ਪ੍ਰਫੁੱਲਤ ਹੋ ਰਿਹਾ ਸੀ। ਇਹ ਹਿੰਦੂ ਧਰਮ ਦਾ ਕੱਟੜ ਵਿਰੋਧੀ ਸੀ। ਇਸ ਧਰਮ ਦੀਆਂ ਮਾਨਤਾਵਾਂ ਭਾਰਤ ਦੇ ਸਾਰੇ ਧਰਮਾਂ ਨਾਲੋਂ ਉਲਟ ਸਨ। ਹਿੰਦੂ ਪੂਰਬ ਵੱਲ ਨੂੰ ਸੀਸ ਝੁਕਾਉਂਦਾ ਸੀ, ਜਦੋਂ ਕਿ ਮੁਸਲਮਾਨ ਪੱਛਮ ਵੱਲ ਨੂੰ ਸੱਜਦਾ ਕਰਦਾ ਸੀ। ਜਦੋਂ ਕਿ ਮੁਸਲਮਾਨ ਹੇਠਾਂ ਤੋਂ ਉਪਰ ਵੱਲ ਨੂੰ ਹੱਥ ਸਾਫ਼ ਕਰਦਾ ਸੀ, ਹਿੰਦੂ ਆਪਣੇ ਹੱਥ ਉਪਰ ਤੋਂ ਹੇਠਾਂ ਵੱਲ ਨੂੰ ਸਾਫ਼ ਕਰਦਾ ਸੀ। ਮੁਸਲਮਾਨਾਂ ਦਾ ਰਾਜਨੀਤੀ ਉਪਰ ਦਬਦਬਾ ਸੀ। ਹਿੰਦੂਆਂ ਦੇ ਵਿਰੋਧ ਕਰਨ ਦੇ ਬਾਵਜੂਦ ਵੀ ਮੁਸਲਮਾਨੀ ਧਰਮ ਨੂੰ ਕੋਈ ਫ਼ਰਕ ਨਹੀਂ ਪਿਆ, ਬਲਕਿ ਉਹ ਹੋਰ ਸਰੂਪ ਬੱਧ ਹੁੰਦਾ ਗਿਆ, ਕਿਉਂਕਿ ਜਿਸ ਦਾ ਰਾਜ ਹੁੰਦਾ ਹੈ, ਉਸ ਦੇ ਧਰਮ ਦਾ ਸਿੱਕਾ ਵੀ ਚੱਲ ਜਾਂਦਾ ਹੈ। ਐਸੀ ਹਾਲਤ ਵਿਚ ਇਹ ਕੁਦਰਤੀ ਸੀ ਕਿ ਮੁਸਲਮਾਨਾਂ ਦੀ ਸਭਿਅਤਾ ਦਾ ਭਾਰਤੀ ਸੰਸਕ੍ਰਿਤੀ 'ਤੇ ਅਸਰ ਨਾ ਪੈਂਦਾ। ਇਸਲਾਮਿਕ ਮਾਨਤਾਵਾਂ ਦਾ ਅਸਰ ਭਾਰਤੀ ਸਮਾਜ 'ਤੇ ਪਿਆ। ਵਿਦਵਾਨਾਂ ਅਨੁਸਾਰ ਸ਼ੰਕਰਾਚਾਰੀਆ ਨੇ ਜਿਸ ਇਕ ਈਸ਼ਵਰਵਾਦ ਦਾ ਪ੍ਰਤਿਪਾਦਨ ਕੀਤਾ, ਉਹ ਇਸਲਾਮ ਦਾ ਹੀ ਪ੍ਰਭਾਵ ਮੰਨਿਆ ਗਿਆ।

ਇਸ ਯੁੱਗ ਵਿਚ ਜਾਦੂਗਿਰੀ ਜੰਤਰ, ਮੰਤਰ, ਭੈਰਵੀ ਚੱਕਰ ਵਿਚ ਬ੍ਰਾਹਮਣਾਂ ਨੇ ਵੀ ਬੁੱਧਾਂ ਨਾਲ ਦੌੜ ਲਗਾ ਰੱਖੀ ਸੀ। ਭੂਤ-ਪ੍ਰੇਤ, ਜਾਦੂ-ਟੂਣਾ ਅਤੇ ਦੇਵੀ-ਦੇਵਤਿਆਂ ਦੀ ਬਹੁ-ਭਾਂਤੀ ਉਪਾਸ਼ਨਾ ਦਾ ਪਸਾਰ ਜਿੰਨਾ ਇਸ ਯੁੱਗ ਵਿਚ ਹੋਇਆ, ਉਹ ਪਹਿਲਾਂ ਜਾਂ ਬਾਅਦ ਵਿਚ ਕਦੇ ਨਹੀਂ ਹੋਇਆ। ਹਿੰਦੂ ਸਮਾਜ ਤਿੰਨ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਇਕ ਵਰਗ ਰਾਜਿਆਂ ਅਤੇ ਪੂੰਜੀਪਤੀ ਲੋਕਾਂ ਦਾ ਸੀ, ਜੋ ਬਰਾਦਰੀ ਦੀ ਥਾਂ 'ਤੇ ਐਸ਼ੋ-ਇਸ਼ਰਤ ਵਿਚ ਗ਼ਲਤਾਨ ਸਨ। ਗ਼ੁਲਾਮੀ ਵਿਚ ਹੀ ਇਹ ਵਰਗ ਮੌਜ-ਮਸਤੀ ਵਿਚ ਰਹਿੰਦਾ ਸੀ। ਇਹਨਾਂ ਦਾ ਖ਼ਾਸ ਕੰਮ ਸ਼ਾਸਕ ਵਰਗ ਨੂੰ ਖ਼ੁਸ਼ ਰੱਖਣਾ ਹੁੰਦਾ ਸੀ। ਸ਼ਾਸਕ ਨੂੰ ਖ਼ੁਸ਼ ਕਰਨ ਲਈ ਇਹ ਆਪਣੀਆਂ ਧੀਆਂ ਤਕ ਦੇ ਡੋਲੇ ਵੀ ਦੇ ਦਿੰਦੇ ਸਨ। ਕਦੇ ਕਦੇ ਇਹ ਵਿਦੇਸ਼ੀਆਂ ਦੇ ਖ਼ਿਲਾਫ਼ ਬਗ਼ਾਵਤ

ਵੀ ਕਰਦੇ ਸਨ। ਇਹਨਾਂ ਲੋਕਾਂ ਦਾ ਖਾਣ-ਪੀਣ, ਮਨੋਰੰਜਨ ਅਤੇ ਰੋਜ਼ਾਨਾ ਦੇ ਕੰਮ-ਕਾਰ ਸਾਰਿਆਂ ਵਿਚ ਵਿਲਾਸਤਾ ਹੀ ਦਿਖਾਈ ਦਿੰਦੀ ਸੀ। ਅਮੀਰ ਹਿੰਦੂ ਘਰਾਣਿਆਂ ਵਿਚ ਬਹੁਮੁੱਲੇ ਈਰਾਨੀ ਖਾਣਿਆਂ ਦੀ ਰੀਤ ਪ੍ਰਚਲਿਤ ਸੀ। ਇਹ ਲੋਕ ਮਾਸ ਖਾਂਦੇ ਸਨ ਤੇ ਮਦਿਰਾ ਵੀ ਪੀਂਦੇ ਸਨ। ਮੁਸਲਮਾਨ ਸਮਰਾਟਾਂ ਵਾਂਙ ਇਹ ਰਿਆਸਤੀ ਆਪਣੇ ਦਿਲ ਪ੍ਰਚਾਵੇ ਲਈ ਰੂਪਵਤੀ ਇਸਤਰੀਆਂ ਵੀ ਰੱਖਦੇ ਸਨ। ਇਕ ਇਤਿਹਾਸਕਾਰ ਅਨੁਸਾਰ, "ਮਾਲਵੇ ਦੇ ਇਕ ਰਾਜਪੂਤ ਮੰਤਰੀ ਦੇ ਹਰਮ ਵਿਚ ਦੋ ਹਜ਼ਾਰ ਰੂਪਵਤੀ ਔਰਤਾਂ ਸਨ, ਜਿਨ੍ਹਾਂ ਵਿਚ ਕੁਝ ਮੁਸਲਮਾਨ ਔਰਤਾਂ ਵੀ ਸਨ।"

ਦੂਜਾ ਆਮ ਲੋਕਾਂ ਦਾ ਵਰਗ ਸੀ, ਜਿਨ੍ਹਾਂ ਦਾ ਜੀਵਨ ਬਹੁਤ ਕਸ਼ਟਮਈ ਸੀ। ਰਹਿਣ-ਸਹਿਣ ਦਾ ਮਿਆਰ ਬਹੁਤ ਘਟੀਆ ਸੀ। ਇਸ ਵਰਗ ਵਿਚ ਬਾਲ-ਵਿਆਹ, ਬਹੁ-ਵਿਆਹ, ਪਰਦਾ ਪ੍ਰਥਾ ਆਦਿ ਅਨੇਕਾਂ ਹੀ ਕੁਰੀਤੀਆਂ ਪੈਦਾ ਹੋ ਚੁੱਕੀਆਂ ਸਨ। ਇਹਨਾਂ ਵਿਚ ਵਿੱਦਿਆ ਦੀ ਕਮੀ ਸੀ। ਇਹਨਾਂ ਵਿਚ ਜਿਹੜੇ ਨੀਚ ਜਾਤਾਂ ਦੇ ਸਨ, ਉਹਨਾਂ 'ਤੇ ਬ੍ਰਾਹਮਣ ਅਤਿਆਚਾਰ ਕਰਦੇ ਸਨ। ਅਛੂਤ ਜਾਤੀਆਂ ਬਾਰੇ ਡਾਕਟਰ ਰਾਮਧਾਰੀ ਸਿੰਘ ਦਿਨਕਰ ਲਿਖਦੇ ਹਨ ਕਿ ਸ਼ੂਦਰ ਬਹੁਤ ਵੱਡੀ ਗਿਣਤੀ ਵਿਚ ਬ੍ਰਾਹਮਣ ਵਿਵਸਥਾ ਤੋਂ ਦੁਖੀ ਹੋ ਕੇ ਇਸ ਲਈ ਮੁਸਲਮਾਨ ਬਣ ਗਏ ਸਨ, ਕਿਉਂਕਿ ਅਜਿਹਾ ਕਰਕੇ ਉਹ ਛੂਤਛਾਤ ਦੇ ਮਾਮਲੇ ਵਿਚ ਹਿੰਦੂਆਂ ਦੀ ਬਰਾਬਰੀ ਦਾ ਦਾਅਵਾ ਕਰ ਸਕਦੇ ਸਨ। ਇਹੀ ਹਿੰਦੂਆਂ ਦੇ ਧਰਮ ਪਰਿਵਰਤਨ ਦਾ ਮੁੱਖ ਕਾਰਨ ਸੀ।

ਤੀਜਾ ਵਰਗ ਬ੍ਰਾਹਮਣਾਂ ਦਾ ਸੀ, ਜੋ ਜਾਤ-ਪਾਤ ਦੇ ਭੈੜੇ ਸਿੱਟਿਆਂ ਤੋਂ ਜਾਣੂ ਹੋ ਚੁੱਕਾ ਸੀ। ਇਸ ਬ੍ਰਾਹਮਣ ਵਰਗ ਵਿਚ ਦੋ ਪ੍ਰਕਾਰ ਦੇ ਲੋਕ ਪੈਦਾ ਹੋ ਗਏ ਸਨ। ਇਕ ਉਹ ਜੋ ਪੁਰਾਤਨ ਪਰੰਪਰਾ ਨੂੰ ਕਿਸੇ ਵੀ ਹਾਲਾਤ ਵਿਚ ਤਿਆਗਣ ਨੂੰ ਤਿਆਰ ਨਹੀਂ ਸਨ, ਦੂਸਰੇ ਉਹ ਜੋ ਦੇਸ਼ ਦੇ ਭਵਿੱਖ ਨੂੰ ਸਾਹਮਣੇ ਰੱਖਦੇ ਹੋਏ ਉਹ ਕੁਝ ਸੁਧਾਰਵਾਦੀ ਹੋ ਗਏ ਸਨ। ਹੋ ਸਕਦਾ ਹੈ ਕਿ ਉਹਨਾਂ ਨੇ ਇਸ ਖ਼ਿਆਲ ਕਰਕੇ ਅਜਿਹਾ ਕੀਤਾ ਹੋਵੇ, ਜੇਕਰ ਹਿੰਦੂ ਬ੍ਰਾਹਮਣ ਦਾ ਵਤੀਰਾ ਨਾ ਬਦਲਿਆ ਤਾਂ ਉਹ ਕਿਤੇ ਸਾਰੇ ਹੀ ਮੁਸਲਮਾਨ ਨਾ ਬਣ ਜਾਣ। ਇਹ ਸੁਧਾਰਵਾਦੀਏ ਹਿੰਦੂਆਂ ਵਿਚ ਏਕਤਾ ਕਾਇਮ ਕਰਨੀ ਚਾਹੁੰਦੇ ਸਨ। ਇਸ ਵਰਗ ਨੇ ਸਮਾਜਿਕ ਪਿਆਰ ਉੱਚਾ ਚੁੱਕਣ ਵਿਚ ਵੀ ਸਹਿਯੋਗ ਦਿੱਤਾ। ਇਸ ਵਰਗ ਵਿੱਚੋਂ ਸਮਾਜ ਸੁਧਾਰਕ ਰਾਮਾਨੁਜ ਆਚਾਰੀਆ, ਸੁਆਮੀ ਰਾਮਾਨੰਦ ਆਦਿ ਵਰਗੇ ਸਨ।

ਮੁਸਲਿਮ ਸਮਾਜ : ਦਿਨਕਰ ਸਾਹਿਬ ਲਿਖਦੇ ਹਨ : "ਹਿੰਦੂ ਸਮਾਜ ਵਾਂਙ ਮੁਸਲਿਮ ਸਮਾਜ ਵੀ ਚਾਰ ਭਾਗਾਂ ਵਿਚ ਵੰਡਿਆ ਹੋਇਆ ਸੀ। ਪਹਿਲੇ ਵਰਗ ਵਿਚ ਸ਼ਾਸਕ ਅਤੇ ਉਹਨਾਂ ਦੇ ਨਜ਼ਦੀਕੀ ਰਿਸ਼ਤੇਦਾਰ ਆਉਂਦੇ ਸਨ। ਇਹਨਾਂ ਦੀ ਰਹਿਣੀ, ਬਹਿਣੀ, ਸਹਿਣੀ ਵਿਲਾਸਤਾ ਅਤੇ ਸੁੱਖ ਭਰਪੂਰ ਸੀ। ਇਹ ਲੋਕ ਖਾਣ-ਪੀਣ ਅਤੇ ਐਸ਼ੋ-ਇਸ਼ਰਤ ਦੇ ਸਾਜ਼ੋ-ਸਾਮਾਨ ਦਾ ਪ੍ਰਬੰਧ ਕਰਨ ਲਈ ਵੱਖ-ਵੱਖ ਵਿਭਾਗ ਕਾਇਮ ਕਰਦੇ ਸਨ। ਇਸ ਸਮੇਂ ਸੁੰਦਰ ਔਰਤਾਂ ਦਾ ਵਪਾਰ ਵੀ ਹੁੰਦਾ ਸੀ। ਹੁਕਮਰਾਨ ਅਤੇ ਦੂਜੇ ਉੱਚ ਅਧਿਕਾਰੀ ਅਨੇਕਾਂ ਔਰਤਾਂ ਰੱਖਦੇ ਸਨ। ਫ਼ਿਰੋਜ਼ ਤੁਗ਼ਲਕ ਦੇ ਵਜ਼ੀਰ

ਖ਼ਾਨੇ ਜਹਾਂ ਦੇ ਹਰਮ ਵਿਚ ਵੱਖ-ਵੱਖ ਜਾਤਾਂ ਦੀਆਂ ਦੋ ਹਜ਼ਾਰ ਸੁੰਦਰੀਆਂ ਸਨ। ਇਸ ਵਰਗ ਵਿਚ ਸ਼ਰਾਬ, ਮਾਸ ਆਦਿ ਭੈੜੀਆਂ ਰਵਾਇਤਾਂ ਜ਼ੋਰਾਂ 'ਤੇ ਸਨ।

ਦੂਸਰੇ ਵਰਗ ਵਿਚ ਮੁੱਲਾਂ ਅਤੇ ਉਲਮਾਂ ਆਉਂਦੇ ਸਨ, ਜਿਨ੍ਹਾਂ ਦਾ ਕੰਮ ਇਸਲਾਮ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਸੀ। ਇਹ ਲੋਕ ਆਮ ਹਿੰਦੂਆਂ 'ਤੇ ਜ਼ੁਲਮ ਢਾਹੁੰਦੇ ਸਨ। ਇਹਨਾਂ ਨੂੰ ਰਾਜਨੀਤਕ ਸ਼ੈਅ ਪ੍ਰਾਪਤ ਹੋਣ ਕਰਕੇ ਇਹ ਬਹੁਤ ਹੰਕਾਰੀ ਸਨ। ਬਾਹਰੋਂ ਧਾਰਮਿਕ ਲਿਬਾਸ ਪਾ ਕੇ ਅੰਦਰੋਂ ਪੂਰੇ ਸ਼ੈਤਾਨ ਸਨ।

ਤੀਜਾ ਵਰਗ ਸਿਪਾਹੀਆਂ ਦਾ ਸੀ, ਜਿਹੜਾ ਬਾਦਸ਼ਾਹ ਦੇ ਰਾਜਨੀਤਕ ਉਦੇਸ਼ਾਂ ਦੀ ਪੂਰਤੀ ਦਾ ਸਾਧਨ ਸਨ ਅਤੇ ਲੜਾਈਆਂ ਤੋਂ ਬਾਅਦ ਹਿੰਦੂ ਕੁੜੀਆਂ ਨਾਲ ਵਿਆਹ ਕਰਵਾ ਕੇ ਮੁਸਲਮਾਨੀ ਆਬਾਦੀ ਵਿਚ ਵਾਧਾ ਕਰਦਾ ਸੀ। ਇਹਨਾਂ ਲੋਕਾਂ ਵਿਚ ਅਤਿਆਚਾਰ, ਅਨਾਚਾਰ ਅਤੇ ਜ਼ੁਲਮ ਜ਼ਿਆਦਾ ਸੀ। ਸੈਨਿਕਾਂ ਵਿਚ ਵੇਸ਼ਵਾਵ੍ਰਿਤੀ ਜ਼ੋਰਾਂ 'ਤੇ ਸੀ।

ਚੌਥੇ ਵਰਗ ਦੇ ਉਹ ਆਮ ਲੋਕ ਸਨ, ਜੋ ਹਕੂਮਤ ਦੁਆਰਾ ਲਿਤਾੜੇ ਹੋਏ ਸਨ ਅਤੇ ਰਾਜਨੀਤਕ ਚੇਤਨਾ ਤੋਂ ਕੋਹਾਂ ਦੂਰ ਸਨ। ਇਸ ਵਰਗ ਦੇ ਲੋਕਾਂ ਵਿਚ ਪਰਦੇ ਦੀ ਪ੍ਰਥਾ, ਬਹੁ-ਵਿਆਹ ਅਤੇ ਬਹੁਤ ਸਾਰੀਆਂ ਹੋਰ ਸਮਾਜਿਕ ਬੁਰਾਈਆਂ ਦਾ ਬੋਲਬਾਲਾ ਸੀ। ਇਸ ਵਰਗ ਵਿਚ ਵਿੱਦਿਆ ਦੀ ਵੀ ਕਮੀ ਸੀ, ਉਸ ਦਾ ਆਰਥਿਕ ਜੀਵਨ ਕਸ਼ਟਮਈ ਸੀ। ਸੰਖੇਪ ਵਿਚ ਮੁਸਲਮਾਨਾਂ ਦੇ ਧਨੀ ਤਬਕੇ ਵਿਚ ਵਿਸ਼ਾਲਤਾ ਜ਼ਿਆਦਾ ਸੀ ਅਤੇ ਗ਼ਰੀਬ ਤਬਕੇ ਦਾ ਜੀਵਨ ਦੁੱਖਾਂ ਭਰਿਆ ਸੀ।

ਉਸ ਸਮੇਂ ਭਾਰਤੀ ਸਮਾਜ ਵਿਚ ਔਰਤ ਦੇ ਦਰਦਨਾਕ ਹਾਲਾਤ ਸਨ। ਔਰਤ ਵਿਲਾਸਤਾ ਦੀ ਵਸਤੂ ਬਣ ਕੇ ਰਹਿ ਗਈ ਸੀ। ਇਥੇ ਹੀ ਵੱਸ ਨਹੀਂ, ਉਸ ਨੂੰ ਸਮਾਜ ਵਿਚ ਕੋਈ ਵੀ ਮਹੱਤਵਪੂਰਣ ਸਥਾਨ ਪ੍ਰਾਪਤ ਨਹੀਂ ਸੀ। ਉਸ ਨੂੰ ਸੀਮਿਤ ਹਾਲਾਤ ਵਿਚ ਆਜ਼ਾਦੀ ਪ੍ਰਾਪਤ ਸੀ। ਧਾਰਮਿਕ ਪਾਬੰਦੀਆਂ ਨੇ ਉਸ ਦਾ ਜੀਉਣਾ ਹੀ ਹਰਾਮ ਕੀਤਾ ਹੋਇਆ ਸੀ। ਮੁਸਲਮਾਨੀ ਸਮਾਜ ਵਿਚ ਪਰਦੇ ਦੀ ਪ੍ਰਥਾ ਜ਼ੋਰਾਂ 'ਤੇ ਸੀ, ਹਿੰਦੂਆਂ ਵਿਚ ਸਤੀ ਦੀ ਪ੍ਰਥਾ ਪ੍ਰਚਲਿਤ ਸੀ। ਸਿੱਧਾਂ ਅਤੇ ਨਾਥਾਂ ਨੇ ਔਰਤ ਨੂੰ ਯੋਗ ਮਾਰਗ ਵਿਚ ਰੁਕਾਵਟ ਅਤੇ ਉਸ ਨਾਲ ਭੋਗ ਕਰਨ ਵਾਲੇ ਆਦਮੀ ਨੂੰ ਨਸ਼ਟ ਕਰਨ ਵਾਲੀ ਦੱਸਿਆ ਹੈ। ਗੋਰਖਨਾਥ ਅਨੁਸਾਰ ਔਰਤ ਅਧੀਨ ਆਦਮੀ ਦੀ ਹਾਲਤ ਨਦੀ ਕਿਨਾਰੇ ਅਨਿਸ਼ਚਿਤਤਾ ਵਾਲੇ ਰੁੱਖ ਵਰਗੀ ਹੁੰਦੀ ਸੀ :

> ਨਦੀ ਤੀਰੇ ਵਿਰਵਾ ਨਾਰੀ ਸੰਗੇ ਖੁਰਸ਼ਾ।
> ਅਲਪ ਜੀਵਨ ਕੀ ਆਸ਼ਾ।

ਇਸਲਾਮ ਦੇ ਆਗਮਨ ਨਾਲ ਸਮਾਜਿਕ ਰੂਪ ਵਿਚ ਨਵੀਆਂ ਪਰਿਸਥਿਤੀਆਂ ਉਤਪੰਨ ਹੋਈਆਂ ਸਨ। ਲਗਾਤਾਰ ਮੂਰਤੀਆਂ ਦਾ ਤੋੜਿਆ ਜਾਣਾ ਅਤੇ ਪਰੰਪਰਾਗਤ ਰੂਪ ਸ਼ਕਤੀ ਪ੍ਰਤਿ ਪ੍ਰੋਹਿਤਾਂ ਦੀ ਸਮੂਹਿਕ ਰੂਪ ਵਿਚ ਹੱਤਿਆ ਅਤੇ ਅਪਮਾਨ ਨੇ ਮੂਰਤੀ ਵਿਚ ਦੇਵ ਸ਼ਕਤੀ ਦੀ ਆਸਥਾ ਅਤੇ ਬ੍ਰਾਹਮਣਾਂ ਦੀ ਪਰੰਪਰਾਗਤ ਉੱਚਤਾ 'ਤੇ ਇਕ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਸੀ। ਸਮਾਜ ਦੀ ਸ਼ਕਤੀ ਦੇ ਭੌਤਿਕ ਸਥੂਲ ਪ੍ਰਤੀਕ ਵਿਵਸਥਾਪਨ ਅਤੇ ਇਕ ਸਮਾਜਿਕ ਕ੍ਰਾਂਤੀ ਦੇ ਦਰਵਾਜ਼ੇ 'ਤੇ ਆ ਕੇ ਖੜ੍ਹਾ

ਹੋ ਗਿਆ ਸੀ। ਨਿਰਾਸ਼ਾ ਦੇ ਯੁੱਗ ਵਿਚ ਸਾਧਾਰਨ ਜਨਤਾ ਜਿਥੇ ਇਕ ਪਾਸੇ ਭੂਤ-ਪ੍ਰੇਤ, ਜਾਦੂ-ਟੂਣੇ ਅਤੇ ਅੰਧ-ਵਿਸ਼ਵਾਸਾਂ ਦੀ ਝੋਲੀ ਵਿਚ ਪੈ ਚੁੱਕੀ ਸੀ, ਉਥੇ ਚਿੰਤਨਸ਼ੀਲ ਪਰਿਵਰਤਨ ਦਾ ਰਸਤਾ ਲੱਭਣ ਲਈ ਤੁਰ ਪਈ ਸੀ। ਇਹਨਾਂ ਪਰਿਵਰਤਿਤ ਪਰਿਸਥਿਤੀਆਂ ਨੇ ਪਰੰਪਰਾਗਤ ਬ੍ਰਾਹਮਣ ਚਿੰਤਨ ਨੂੰ ਨਵੀਨ ਸੰਦਰਭਾਂ ਵਿਚਲੀ ਸ਼ਕਤੀ ਤੇ ਪੁਨਰ ਵਿਚਾਰ ਕਰਨ 'ਤੇ ਮਜਬੂਰ ਕਰ ਦਿੱਤਾ।

ਸਮਾਜ ਦੇ ਤ੍ਰਿਸਕਾਰੇ ਵਰਗ ਨੇ ਪੁਨਰ-ਜਾਗਰਣ ਨੂੰ ਹੋਰ ਪ੍ਰਮੁੱਖਤਾ ਬਖ਼ਸ਼ੀ ਅਤੇ ਸੰਤਾਂ ਦਾ ਇਕ ਵਿਸ਼ੇਸ਼ ਅੰਦੋਲਨ ਉੱਠ ਖੜਾ ਹੋਇਆ। ਸੰਤਾਂ ਨੂੰ ਜਿਥੇ ਪ੍ਰਾਚੀਨਤਾ ਤੋਂ ਕੁਝ ਗ੍ਰਹਿਣ ਕਰਨ ਦੀ ਲੋੜ ਸੀ, ਉਹਨਾਂ ਨੇ ਉਸੇ ਤਰ੍ਹਾਂ ਦਾ ਜਾਂ ਪਰਿਵਰਤਿਤ ਰੂਪ ਵਿਚ ਨਵੇਂ ਸੰਦਰਭ ਅਨੁਸਾਰ ਗ੍ਰਹਿਣ ਕੀਤਾ। ਜਿਥੇ ਨਵੀਂ ਗੱਲ ਕਹਿਣ ਦੀ ਲੋੜ ਸੀ, ਉਥੇ ਨਵੀਂ ਗੱਲ ਕਹੀ ਅਤੇ ਜਿਥੇ ਪੂਰਨ ਪਰਿਵਰਤਨ ਦੀ ਲੋੜ ਸੀ, ਉਥੇ ਵਿਰੋਧਾਤਮਕ ਸੁਰ ਉਠਾਉਣ ਵਿਚ ਨਹੀਂ ਝਿਜਕੇ। ਸੰਖੇਪ ਵਿਚ ਇਸ ਸੰਤ ਵਿਚਾਰਧਾਰਾ ਨੂੰ ਇਸਲਾਮ ਦੇ ਆਗਮਨ ਨਾਲ ਉਤਪੰਨ ਨਵੀਆਂ ਪਰਿਸਥਿਤੀਆਂ ਦੀ ਰੌਸ਼ਨੀ ਵਿਚ ਭਾਰਤੀ ਜਨ-ਜੀਵਨ ਦੇ ਪੁਨਰ-ਜਾਗਰਣ ਦਾ ਪ੍ਰਯਾਸ ਕਹਿ ਸਕਦੇ ਹਾਂ। ਇਸ ਪ੍ਰਯਾਸ ਵਿਚ ਇਕ ਪਾਸੇ ਭਾਰਤ ਵਿਚ ਪਰੰਪਰਾਗਤ ਰੂਪ ਵਿਚ ਚੱਲੀਆਂ ਆ ਰਹੀਆਂ ਸਨ। ਪੂਰਨ ਵਿਚਾਰਧਾਰਾਵਾਂ ਨੂੰ ਜਨ-ਜੀਵਨ ਲਈ ਲੌਕਿਕ ਭਾਸ਼ਾ ਵਿਚ ਰੱਖਣ ਦਾ ਪ੍ਰਯਤਨ ਸੀ। ਦੂਜੇ ਪਾਸੇ ਆਉਣ ਵਾਲੀ ਨਵੀਨ ਵਿਚਾਰਧਾਰਾ ਨੂੰ ਵੀ ਭਾਰਤੀ ਰੂਪ ਵਿਚ ਗ੍ਰਹਿਣ ਕਰਨ ਦੀ ਚੇਸ਼ਟਾ ਵਿਦਮਾਨ ਸੀ। ਉਹਨਾਂ ਦੇ ਸੁਰ ਵਿਚ ਵਿਦਰੋਹ, ਸਮੰਜਨ ਅਤੇ ਵਿਵੇਕਸ਼ੀਲ ਗ੍ਰਹਿਣ ਰੂਪ ਵਿਚ ਵਿਦਮਾਨ ਸੀ। ਇਹਨਾਂ ਸਾਰੇ ਕੁਝ ਨੂੰ ਲੈ ਕੇ ਵੀ ਉਹਨਾਂ ਦੀ ਵਿਚਾਰਧਾਰਾ ਇਕ ਵਿਸ਼ਿਸ਼ਟ ਮੌਲਿਕਤਾ ਦੇ ਨਾਲ ਉਦੀਪਤ ਹੋਈ ਸੀ, ਜਿਸ ਦਾ ਆਪਣਾ ਇਕ ਸੁਤੰਤਰ ਵਿਸ਼ਿਸ਼ਟ ਪ੍ਰਕਾਰ ਸੀ।

3. ਰਾਜਨੀਤਕ ਪਰਿਸਥਿਤੀਆਂ

ਉਸ ਸਮੇਂ ਦੀਆਂ ਰਾਜਨੀਤਕ ਪਰਿਸਥਿਤੀਆਂ ਅਜਿਹੀਆਂ ਸਨ ਕਿ ਦਿੱਲੀ ਤੋਂ ਕਾਬਲ ਵਿਚਕਾਰ ਪੰਜਾਬ ਚੱਕੀ ਦੇ ਦੋ ਪੁੜਾਂ ਵਿਚਕਾਰ ਸਾਬਤ ਨਾ ਰਹਿ ਸਕਣ ਵਾਲੇ ਦਾਣੇ ਵਾਂਙ ਸੀ। ਪਰੰਤੂ ਪੰਜਾਬ ਦੀ ਧਰਤੀ 'ਤੇ ਅਨੰਤ ਕਾਲ ਤੋਂ ਕੀਤੀ ਜਾ ਰਹੀ ਤਪੱਸਿਆ ਨੇ ਇਸ ਬੀਰ ਭੂਮੀ ਨੂੰ ਲੋਹੇ ਦਾ ਚਣਾ ਬਣਾ ਦਿੱਤਾ ਸੀ, ਜਿਸ ਨੂੰ ਤਬਾਹ ਕਰਨਾ ਅਸੰਭਵ ਸੀ।

ਵੱਖ-ਵੱਖ ਵਿਦਵਾਨਾਂ ਨੇ ਉਸ ਸਮੇਂ ਦੀਆਂ ਰਾਜਨੀਤਕ ਪਰਿਸਥਿਤੀਆਂ ਬਾਰੇ ਆਪਣੇ ਆਪਣੇ ਵਿਚਾਰ ਪ੍ਰਸਤੁਤ ਕੀਤੇ ਹਨ। ਸਤਿਕੇਤੂ ਵਿਦਿਆਲੰਕਰ ਨੇ ਕਿਹਾ ਹੈ ਕਿ "ਭਾਰਤ ਵਿਚ 'ਹੂਨਾਂ' ਤੋਂ ਬਾਅਦ ਸਭ ਤੋਂ ਵੱਧ ਕਤਲੇਆਮ ਮੁਸਲਮਾਨਾਂ ਦੇ ਹੱਥੋਂ ਹੋਇਆ। ਧਨ-ਦੌਲਤ ਲੁੱਟਣਾ, ਧਾਰਮਿਕ ਥਾਵਾਂ ਨੂੰ ਨਸ਼ਟ ਕਰਨਾ, ਇਸਤਰੀਆਂ ਦੀ ਬੇਪਤੀ ਕਰਨੀ ਅਤੇ ਮੁਸਲਮਾਨੀ ਧਰਮ ਨੂੰ ਕਬੂਲ ਕਰਨ ਲਈ ਦੂਜੇ ਧਰਮਾਂ ਵਾਲਿਆਂ ਨੂੰ ਮਜਬੂਰ ਕਰਨਾ ਉਸ ਸਮੇਂ ਦੇ ਜ਼ਾਲਮ ਹੁਕਮਰਾਨਾਂ ਅਤੇ ਉਹਨਾਂ ਦੇ ਵਜ਼ੀਰਾਂ ਦਾ ਰੋਜ਼ਾਨਾ ਦਾ ਕੰਮ ਹੋ ਗਿਆ ਸੀ। ਉਹ ਰਾਜਨੀਤਕ ਸੱਤਾ

ਨੂੰ ਆਪਣੇ ਹੱਥ ਵਿਚ ਕਰ ਕੇ ਸੰਤੁਸ਼ਟ ਹੀ ਨਹੀਂ ਹੋਏ। ਉਹ ਭਾਰਤ ਦੇ ਮੈਦਾਨਾਂ ਵਿਚ ਸਿਰਫ਼ ਵਿਜੇਤਾ ਅਤੇ ਲੁਟੇਰਿਆਂ ਦੇ ਰੂਪ ਵਿਚ ਨਹੀਂ ਉਭਰੇ, ਬਲਕਿ ਉਹ ਆਪਣੇ ਧਰਮ ਦਾ ਪ੍ਰਚਾਰ ਕਰਨ ਅਤੇ ਯੋਧੇ ਹੁਕਮਰਾਨ ਦੇ ਰੂਪ ਵਿਚ ਆਏ। ਇਸ ਸਮੇਂ ਦੌਰਾਨ ਭਾਰਤੀ ਪਰਜਾ ਨਿੱਤ ਨਵੇਂ ਹਮਲਿਆਂ ਤੋਂ ਕੰਬਦੀ ਰਹਿੰਦੀ ਸੀ। ਮੁਸਲਮਾਨਾਂ ਦਾ ਬਹੁਤ ਸਮਾਂ ਆਪਣੇ ਰਾਜ ਵਿਚ ਸ਼ਾਸਨ ਵਿਵਸਥਾ ਕਰਨ ਦੀ ਬਜਾਇ ਵਿਦਰੋਹਾਂ ਦੇ ਦਮਨ ਅਤੇ ਤਬਾਹਕੁੰਨ ਲੜਾਈਆਂ ਕਰਨ ਦੀਆਂ ਵਿਉਂਤਾਂ ਬਣਾਉਂਦੇ ਰਹਿੰਦੇ ਸਨ। ਕੇਂਦਰੀ ਸ਼ਾਸਨ ਬਲਹੀਣ ਹੋ ਗਿਆ ਸੀ ਅਤੇ ਪ੍ਰਾਂਤੀ ਸ਼ਾਸਨ ਜ਼ੋਰ ਫੜ ਗਿਆ ਅਤੇ ਉਹ ਆਪਣੀ ਆਪਣੀ ਹਕੂਮਤ ਸਥਾਪਤ ਕਰਨ ਵਿਚ ਲੱਗਾ ਹੋਇਆ ਸੀ। ਮੁਹੰਮਦ ਤੁਗ਼ਲਕ ਦੀਆਂ ਅਦੂਰਦਰਸ਼ੀ ਯੋਜਨਾਵਾਂ ਦੁਆਰਾ ਹੋਏ ਨੁਕਸਾਨ ਨੂੰ ਲੋਕ ਭੁੱਲੇ ਵੀ ਨਹੀਂ ਸਨ ਕਿ ਧਰਮ ਅੰਧ-ਵਿਸ਼ਵਾਸੀ ਮੁਸਲਮਾਨ ਸ਼ਾਸਕ ਫ਼ਿਰੋਜ਼ ਤੁਗ਼ਲਕ ਨੇ ਹਿੰਦੂਆਂ ਤੇ ਅਸਹਾਰਨ ਯੋਗ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਮੁਸਲਮਾਨੀ ਧਰਮ ਨੂੰ ਕਬੂਲਣ ਤੋਂ ਇਨਕਾਰ 'ਤੇ ਅਣਗਿਣਤ ਹਿੰਦੂਆਂ ਦੇ ਸਿਰ ਕਲਮ ਕਰ ਦਿੱਤੇ ਗਏ। ਜੀਵਤ ਹਿੰਦੂਆਂ ਦੀ ਖਲ ਉਤਰਵਾ ਕੇ ਉਸ ਵਿਚ ਭੂਸਾ ਭਰਵਾਉਣਾ ਸਾਧਾਰਨ ਕੰਮ ਹੋ ਗਿਆ ਸੀ।

ਭਾਰਤ ਨੇ ਸੰਨ 1398 ਈ. ਵਿਚ ਤੈਮੂਰ ਲੰਗ ਦਾ ਭਾਰੀ ਅਤਿਆਚਾਰ ਦੇਖਿਆ ਕਿ ਉਸ ਨੇ ਦਿੱਲੀ ਵਿਚ 15 ਵਰ੍ਹਿਆਂ ਤੋਂ ਉਪਰ ਵਾਲੇ ਸਾਰੇ ਬੰਦੀ ਕਤਲ ਕਰਵਾ ਦਿੱਤੇ। ਦਿੱਲੀ ਨੂੰ ਪੰਜ ਦਿਨ ਬਲਦਿਆਂ ਵੇਖਿਆ। ਇਕ ਲੱਖ ਵਿਅਕਤੀ ਉਥੇ ਮਾਰੇ ਗਏ ਸਨ। ਮੇਰਠ ਵਿਚ 50 ਹਜ਼ਾਰ ਨਰ-ਨਾਰੀ ਕਤਲ ਹੋਏ। ਹਿੰਦੂ ਧਰਮ ਦਾ ਰਿਹਾ-ਸਿਹਾ ਵਜੂਦ ਵੀ ਲਗਪਗ ਖ਼ਤਮ ਹੋ ਗਿਆ ਸੀ। ਇਸ ਹਮਲੇ ਵਿਚ ਧਨ-ਦੌਲਤ ਦਾ ਬੇਅੰਤ ਨੁਕਸਾਨ ਹੋਇਆ। ਜਨਤਾ ਵਿਚ ਘੋਰ ਨਿਰਾਸ਼ਾ ਦੀ ਸਥਿਤੀ ਉਤਪੰਨ ਹੋ ਗਈ ਸੀ। ਭਾਰਤ ਤੋਂ ਵਾਪਸੀ ਸਮੇਂ ਉਸ ਦਾ ਇਕ ਇਕ ਸਿਪਾਹੀ ਸੌ-ਸੌ ਇਸਤਰੀਆਂ, ਪੁਰਸ਼ਾਂ ਨੂੰ ਗ਼ੁਲਾਮ ਬਣਾ ਕੇ ਲੈ ਗਿਆ ਸੀ।

ਕਾਬਲ ਦੇ ਸ਼ਾਸਕ ਅਮੀਰ ਸ਼ੇਖ਼ ਅਲੀ ਨੇ 1429 ਈ. ਵਿਚ ਦਿਪਾਲਪੁਰ ਅੰਦਰ 29,000 ਹਿੰਦੂ ਕਤਲ ਕਰ ਦਿੱਤੇ ਸਨ। ਜਸਰਤ ਵੀ ਫ਼ਸਾਦ ਪਾਉਂਦਾ ਰਿਹਾ। ਤੈਮੂਰ ਲੰਗ ਦਾ ਲਾਡਲਾ ਸਰਦਾਰ 'ਖਿਜਰ ਖ਼ਾਂ', ਜੋ ਲਾਹੌਰ ਦਾ ਸੂਬੇਦਾਰ ਸੀ, ਬਹੁਤ ਜ਼ਾਲਮ ਸੀ। ਇਸ ਪ੍ਰਕਾਰ ਤੈਮੂਰ ਦੀ ਹਿੰਸਾ ਨਾਨਕ ਕਾਲ ਤਕ ਚੱਲਦੀ ਰਹੀ। ਲੋਧੀਆਂ ਦਾ ਰਾਜ ਜਿਉਂ ਜਿਉਂ ਵੱਧਦਾ ਗਿਆ, ਉਹਨਾਂ ਦਾ ਅਤਿਆਚਾਰ ਵੀ ਫੈਲਦਾ ਗਿਆ। ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਦੀ ਪਉੜੀ 30 ਵਿਚ ਉਸ ਸਮੇਂ ਦਾ ਚਿਤ੍ਰਣ ਪ੍ਰਸਤੁਤ ਕੀਤਾ ਹੈ :

> **ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।**
> **ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ।...**
> **ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕ ਗਵਾਈ।**

ਗੁਰੂ ਨਾਨਕ ਦੇਵ ਜੀ ਦੇ ਸਮੇਂ ਬਹਿਲੋਲ ਲੋਧੀ (1451 ਈ.-1489 ਈ.) ਦਿੱਲੀ ਦਾ ਸੁਲਤਾਨ ਸੀ। ਉਸ ਨੇ ਰਾਜਸੀ ਹਾਲਤ ਨੂੰ ਸੁਧਾਰਨ ਦਾ ਕਾਫ਼ੀ ਜਤਨ

ਕੀਤਾ, ਪਰ ਉਹ ਗਿਰਾਵਟ ਨੂੰ ਪੂਰੀ ਤਰ੍ਹਾਂ ਰੋਕ ਨਹੀਂ ਸਕਿਆ, ਕਿਉਂਕਿ ਉਸ ਦੀ ਸ਼ਕਤੀ ਸੁਤੰਤਰ ਜਾਗੀਰਦਾਰਾਂ ਉੱਤੇ ਨਿਰਭਰ ਸੀ। ਹਰ ਸੂਬੇ ਦਾ ਜੱਦੀ ਸਰਦਾਰ ਸੁਤੰਤਰ ਹੁੰਦਾ ਸੀ। ਸੂਬੇ ਦੇ ਵਸਨੀਕ ਆਪਣੇ ਸ਼ਕਤੀਸ਼ਾਲੀ ਸੂਬੇਦਾਰਾਂ ਦੇ ਅਧੀਨ ਹੁੰਦੇ ਸਨ। ਸੂਬਾ ਅੱਗੋਂ ਸੁਤੰਤਰ ਜਾਗੀਰਦਾਰਾਂ ਵਿਚ ਵੰਡਿਆ ਹੁੰਦਾ ਸੀ। ਸਥਾਨਕ ਜਾਗੀਰਦਾਰਾਂ ਦੇ ਹੱਥਾਂ ਵਿਚ ਲੋਕਾਂ ਦੀ ਇੱਜ਼ਤ ਮਾਨ ਤੇ ਜਾਨ ਹੁੰਦੀ ਸੀ।

ਸਿਕੰਦਰ ਲੋਧੀ (1489 ਈ.-1517 ਈ.) ਲੋਧੀ ਬੰਸ ਦਾ ਸਭ ਤੋਂ ਪ੍ਰਸਿੱਧ ਸੁਲਤਾਨ ਸੀ। ਉਹ ਚੰਗਾ ਪ੍ਰਬੰਧਕ ਵੀ ਸੀ। ਪਰ ਫ਼ਿਰੋਜ਼ਸ਼ਾਹ ਤੁ.ਗਲਕ, ਔਰੰਗਜ਼ੇਬ ਵਾਂਙ ਧਾਰਮਿਕ ਕੱਟੜਪੁਣਾ ਤੇ ਤੰਗ-ਦਿਲੀ ਉਸ ਦਾ ਸਭ ਤੋਂ ਵੱਡਾ ਔਗੁਣ ਸੀ। ਮੰਦਰਾਂ ਨੂੰ ਢਾਹੁਣਾ ਅਤੇ ਬੁੱਤਾਂ ਨੂੰ ਤੋੜਨਾ ਉਸ ਦਾ ਸ਼ੁ.ਗਲ ਸੀ। ਹਿੰਦੂਆਂ ਨੂੰ ਜਮਨਾ ਦੇ ਪਾਣੀਆਂ ਵਿਚ ਨਹਾਉਣ ਤਕ ਮਨ੍ਹਾਂ ਕੀਤਾ ਹੋਇਆ ਸੀ। ਹਕੂਮਤ ਦਾ ਸਰੂਪ ਧਰਮ ਤੰਤਰ (theocratic) ਸੀ। ਭਾਵੇਂ ਸ਼ੁਰੂ ਵਿਚ ਉਸ ਨੇ ਚੰਗਾ ਕੰਮ ਕੀਤਾ, ਚੰਗਾ ਪ੍ਰਬੰਧ ਕੀਤਾ, ਪਰ ਅਫ਼.ਗਾਨਾਂ ਨੂੰ ਉਹ ਕਾਬੂ ਵਿਚ ਨਾ ਰੱਖ ਸਕਿਆ। ਅਫ਼.ਗਾਨ ਸਰਦਾਰਾਂ ਨੇ ਉਸ ਦੇ ਛੋਟੇ ਭਰਾ ਫ਼ਤਹਿ ਖ਼ਾਂ ਨੂੰ ਤਖ਼ਤ 'ਤੇ ਬਿਠਾਉਣ ਦੇ ਜਤਨ ਕੀਤੇ। ਉਹ ਹਿੰਦੂ ਪਰਜਾ ਦੀ ਵਫ਼ਾਦਾਰੀ ਨਾ ਜਿੱਤ ਸਕਿਆ। *ਤਾਰੀਖ਼-ਏ-ਦਾਊਦੀ* ਦਾ ਕਰਤਾ ਉਸ ਨੂੰ ਵਧੀਆ ਇਨਸਾਫ਼-ਪਸੰਦ ਹੁਕਮਰਾਨ ਕਹਿੰਦਾ ਹੈ, ਪਰ ਉਸ ਦਾ ਇਨਸਾਫ਼ ਤੇ ਚੰਗਾ ਵਰਤਾਉ ਮੁਸਲਮਾਨ ਪਰਜਾ ਤਕ ਹੀ ਸੀਮਿਤ ਸੀ। ਹਿੰਦੂ ਪਰਜਾ ਦੀ ਤਰਸ-ਯੋਗ ਹਾਲਤ ਸੀ। ਉਸ ਦੇ ਜ਼ੁਲਮਾਂ ਵਿਰੁੱਧ ਗੁਰੂ ਨਾਨਕ ਦੇਵ ਜੀ ਦੇ ਇਹ ਸ਼ਬਦ ਸੰਕੇਤ ਕਰਦੇ ਹਨ:

(ੳ) **ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥**
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥

(ਵਾਰ ਮਾਝ ਮ: ੧, ਪੰਨਾ 145)

(ਅ) **ਰਾਜੇ ਸੀਹ ਮੁਕਦਮ ਕੁਤੇ॥**
ਜਾਇ ਜਗਾਇਨਿ੍ ਬੈਠੇ ਸੁਤੇ॥ *(ਵਾਰ ਮਲਾਰ, ਮ: ੧, ਪੰਨਾ 1288)*

ਇਬਰਾਹੀਮ ਲੋਧੀ (1517 ਈ.-1526 ਈ.): ਏ.ਐਲ. ਸ੍ਰੀਵਾਸਤਵਾ ਅਨੁਸਾਰ ਇਬਰਾਹੀਮ ਭਾਵੇਂ ਸੂਝਵਾਨ ਸੁਲਤਾਨ ਸੀ, ਪਰ ਉਹ ਬਹੁਤ ਬੁਰੀ ਤਰ੍ਹਾਂ ਅਸਫਲ ਰਿਹਾ। ਉਸ ਨੇ ਪਿਤਾ ਤੇ ਦਾਦੇ ਦੀ ਨੀਤੀ ਨੂੰ ਤਿਆਗ ਕੇ ਪਠਾਣ ਅਮੀਰਾਂ ਨਾਲ ਅਫ਼ਸਰਾਂ ਵਾਲਾ ਸਲੂਕ ਅਖ਼ਤਿਆਰ ਕੀਤਾ। ਪੰਜਾਬ ਉਸ ਦੇ ਰਾਜ ਦਾ ਇਕ ਪ੍ਰਾਂਤ ਸੀ। ਹਿੰਦੂ ਸ਼ਰ੍ਹਾ ਦੀ ਕੱਟੜ ਧਾਰਮਿਕ ਨੀਤੀ ਤੋਂ ਤੰਗ ਸਨ ਅਤੇ ਪਠਾਣ ਸਰਦਾਰ ਬਾਗ਼ੀ ਹੋ ਰਹੇ ਸਨ। ਲੋਧੀ ਰਾਜ ਲਗਪਗ ਆਜ਼ਾਦ ਤੇ ਖ਼ੁਦਮੁਖ਼ਤਿਆਰ ਰਿਆਸਤਾਂ ਤੇ ਜਗੀਰਾਂ ਦਾ ਇਕ ਪਲੰਦਾ ਬਣ ਗਿਆ ਸੀ।

ਸਿਕੰਦਰ ਲੋਧੀ ਨੇ ਤਾਤਰ ਖ਼ਾਂ ਨੂੰ ਪੰਜਾਬ ਦਾ ਸੂਬੇਦਾਰ ਥਾਪਿਆ ਸੀ। ਉਸ ਪਿੱਛੋਂ ਉਸ ਦਾ ਪੁੱਤਰ ਦੌਲਤ ਖ਼ਾਂ ਲੋਧੀ ਪੰਜਾਬ ਦਾ ਗਵਰਨਰ ਬਣਿਆ। ਸਿਕੰਦਰ ਸਮੇਂ ਤਾਂ ਉਹ ਵਫ਼ਾਦਾਰ ਰਿਹਾ, ਪਰ ਇਬਰਾਹੀਮ ਦੇ ਸ਼ੱਕੀ ਅਤੇ ਕਠੋਰ ਸੁਭਾਅ ਅਤੇ

ਸਖ਼ਤ ਵਤੀਰੇ ਤੋਂ ਤੰਗ ਆ ਕੇ ਉਹ ਆਕੀ ਤੇ ਸੁਤੰਤਰ ਹੋ ਬੈਠਾ। ਇਬਰਾਹੀਮ ਨਾਲ ਝਗੜਾ ਸਹੇੜ ਕੇ ਉਹ ਬਾਬਰ ਨਾਲ ਗੱਠਜੋੜ ਕਰਨ ਲੱਗਿਆ। ਰਾਜਸੀ ਗੋਂਦ ਗੁੰਦਣ ਲਈ ਉਸ ਨੇ ਆਪਣੇ ਲੜਕੇ ਦਿਲਾਵਰ ਖ਼ਾਂ ਨੂੰ ਪਿਸ਼ਾਵਰ ਭੇਜਿਆ।

ਸੋਲ੍ਹਵੀਂ ਸਦੀ ਦੇ ਸ਼ੁਰੂ ਵਿਚ ਪੰਜਾਬ ਤਿੰਨ ਧਿਰਾਂ ਦੀ ਲੜਾਈ ਦਾ ਅਖਾੜਾ ਬਣਿਆ ਹੋਇਆ ਸੀ। ਤਿੰਨੇ ਦਾਅਵੇਦਾਰ—ਇਬਰਾਹੀਮ, ਦੌਲਤ ਖ਼ਾਂ ਲੋਧੀ ਅਤੇ ਬਾਬਰ ਪੰਜਾਬ ਉੱਤੇ ਅਧਿਕਾਰ ਜਮਾਉਣ ਲਈ ਲੜ ਰਹੇ ਸਨ। ਉਸ ਸਮੇਂ ਦੀ ਪੰਜਾਬ ਦੀ ਦਸ਼ਾ ਬਾਰੇ ਮੁਸਲਮਾਨ ਇਤਿਹਾਸਕ ਮੁਹੰਮਦ ਲਤੀਫ਼ ਲਿਖਦਾ ਹੈ ਕਿ "ਚਾਰੇ ਪਾਸੇ ਭ੍ਰਿਸ਼ਟਾਚਾਰ, ਧੋਖਾ, ਫ਼ਰੇਬ ਜ਼ੋਰਾਂ 'ਤੇ ਸੀ। ਸਾਰੇ ਰਾਜ ਵਿਚ ਅਸ਼ਾਂਤੀ ਤੇ ਅਬਤਰੀ ਫੈਲੀ ਹੋਈ ਸੀ। ਦਿਲ ਕੰਬਾਊ ਕਤਲਾਂ ਅਤੇ ਡਾਕਿਆਂ ਦੀਆਂ ਵਾਰਦਾਤਾਂ ਆਮ ਸਨ। ਅਣਖ, ਸੱਚਾਈ ਅਤੇ ਰੁਤਬਾ ਬਾਜ਼ਾਰਾਂ ਵਿਚ ਵਿਕਦਾ ਸੀ। ਹੁਕਮਰਾਨ ਸ਼੍ਰੇਣੀ ਭੋਗ-ਵਿਲਾਸ ਵਿਚ ਗ੍ਰਸੀ ਹੋਈ ਸੀ।" ਗੁਰੂ ਨਾਨਕ ਸਾਹਿਬ ਨੇ ਉਸ ਸਮੇਂ ਦੇ ਹਾਲਾਤ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ:

ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥ *(ਆਸਾ ਮ: ੧, ਪੰਨਾ 417)*

ਪਠਾਣ ਅਮੀਰਜ਼ਾਦੇ ਵਜ਼ੀਰ ਆਪਣਾ ਕਰਤੱਵ ਭੁੱਲ ਚੁੱਕੇ ਸਨ। ਉਹਨਾਂ ਦਾ ਪਰਜਾ ਨਾਲ ਵਤੀਰਾ ਬਹੁਤ ਬੁਰਾ ਸੀ। ਮਾਨੋ ਉਹ ਲੋਕਾਂ ਦਾ ਮਾਸ ਖਾਂਦੇ ਸਨ ਤੇ ਖ਼ੂਨ ਪੀਂਦੇ ਸਨ। ਭਾਈ ਗੁਰਦਾਸ ਜੀ ਉਸ ਅਵਸਥਾ ਨੂੰ ਬੜੀ ਚੰਗੀ ਤਰ੍ਹਾਂ ਵਰਣਨ ਕਰਦੇ ਹਨ:

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ।
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।
ਸੇਵਕ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀਂ ਤਿਨਾੜੇ ਜਾਈ।
ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕ ਗਵਾਈ।
ਇਸਤ੍ਰੀ ਪੁਰਖੈ ਦਾਮ ਹਿਤੁ ਭਾਵੈ ਆਇ ਕਿਥਾਊ ਜਾਈ।
ਵਰਤਿਆ ਪਾਪ ਸਭਸ ਜਗ ਮਾਂਹੀ॥੩੦॥ *(ਵਾਰ 1, ਪਉੜੀ 30)*

ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਉਸ ਸਮੇਂ ਦੀ ਸਥਿਤੀ ਦਾ ਡੂੰਘਾ ਅਨੁਭਵ ਪ੍ਰਗਟ ਹੁੰਦਾ ਹੈ:

ਦਰਸਨਿ ਦੇਖਿਐ ਦਇਆ ਨ ਹੋਇ॥ ਲਏ ਦਿਤੇ ਵਿਣੁ ਰਹੈ ਨ ਕੋਇ॥
ਰਾਜਾ ਨਿਆਉ ਕਰੇ ਹਥਿ ਹੋਇ॥ ਕਹੈ ਖੁਦਾਇ ਨ ਮਾਨੈ ਕੋਇ॥
(ਆਸਾ ਮਹਲਾ ੧, ਪੰਨਾ 350)

ਜਿਥੇ ਰਾਜੇ ਦੀ ਹਾਲਤ ਐਸੀ ਹੋਵੇ, ਉਥੇ ਸਾਧਾਰਨ ਕਰਮਚਾਰੀਆਂ ਦੇ ਕੀ ਹਾਲਾਤ ਹੋ ਸਕਦੇ ਹਨ। ਇਸ ਦਾ ਅੰਦਾਜ਼ਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੋਂ ਲਾਇਆ ਜਾ ਸਕਦਾ ਹੈ:

(ੳ) **ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥**
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥

(ਵਾਰ ਆਸਾ, ਮ: ੧, ਪੰਨੇ 468-69)

(ਅ) **ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥**
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥ *(ਪੰਨਾ 468)*

ਬਾਬਰ ਨੇ ਤੀਜਾ ਹਮਲਾ ਸੰਨ 1520 ਈ. ਵਿਚ ਕੀਤਾ। ਸਿਆਲਕੋਟ ਦੇ ਲੋਕਾਂ ਨੇ ਕੋਈ ਵਿਰੋਧ ਨਾ ਕੀਤਾ। ਪਰ ਸੱਯਦਪੁਰ (ਏਮਨਾਬਾਦ, ਜ਼ਿਲ੍ਹਾ ਗੁਜਰਾਂਵਾਲਾ) ਦੇ ਲੋਕਾਂ ਨੇ ਡੱਟ ਕੇ ਵਿਰੋਧ ਕੀਤਾ। ਉਹਨਾਂ ਦੀ ਹਾਰ ਪਿੱਛੋਂ ਬਾਬਰ ਦੀ ਫ਼ੌਜ ਨੇ ਲੋਕਾਂ 'ਤੇ ਅਣਗਿਣਤ ਜ਼ੁਲਮ ਢਾਹੇ। ਜਨਮਸਾਖੀਆਂ ਇਹਨਾਂ ਘਟਨਾਵਾਂ ਦਾ ਜ਼ਿਕਰ ਕਰਦੀਆਂ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ ਸਾਹਿਬ ਤੇ ਭਾਈ ਮਰਦਾਨਾ ਜੀ ਲੜਾਈ ਸਮੇਂ ਏਮਨਾਬਾਦ ਦੇ ਨੇੜੇ-ਤੇੜੇ ਹੀ ਸਨ। ਗੁਰੂ ਸਾਹਿਬ ਨੇ ਇਹ ਹਾਲਾਤ ਨੂੰ ਅੱਖੀਂ ਡਿੱਠਾ ਤੇ ਬਾਣੀ ਵਿਚ ਦਰਜ ਕੀਤਾ :

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥

(ਤਿਲੰਗ ਮ: ੧, ਪੰਨੇ 722-23)

ਗੁਰੂ ਨਾਨਕ ਦੇਵ ਜੀ ਨੇ ਲੋਕਾਂ ਦੇ ਦੁੱਖ ਨੂੰ ਗੰਭੀਰਤਾ ਨਾਲ ਅਨੁਭਵ ਕੀਤਾ। ਕਰਤਾਰ ਅੱਗੇ ਰੋਸ ਵੀ ਪ੍ਰਗਟ ਕੀਤਾ। ਇਸ ਸਾਰੀ ਦੁਰਘਟਨਾ ਦੀ ਜ਼ਿੰਮੇਵਾਰੀ ਉਹਨਾਂ ਦੇ ਨਿਕੰਮੇ ਪਠਾਣ ਸੁਲਤਾਨ ਇਬਰਾਹੀਮ ਲੋਧੀ ਸਿਰ ਰੱਖੀ। ਗੁਰੂ ਨਾਨਕ ਦੇਵ ਜੀ ਨੇ ਲੋਧੀ ਪਠਾਣਾਂ ਲਈ 'ਕੁੱਤੇ' ਸ਼ਬਦ ਦਾ ਪ੍ਰਯੋਗ ਕੀਤਾ :

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥
ਕਰਤਾ ਤੂੰ ਸਭਨਾ ਕਾ ਸੋਈ ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ਰਹਾਉ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥
ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ ॥

(ਆਸਾ ਮ: ੧, ਪੰਨਾ 360)

ਸੋ ਉਪਰੋਕਤ ਹਾਲਾਤ ਉਸ ਸਮੇਂ ਪੰਜਾਬ ਦੇ ਅਤੇ ਸਮੁੱਚੇ ਭਾਰਤ ਦੇ ਸਨ, ਜਿਨ੍ਹਾਂ ਨੂੰ ਅਸੀਂ ਬਹੁਤ ਹੀ ਸੰਖੇਪ ਅਤੇ ਭਾਵਪੂਰਤ ਸ਼ਬਦਾਂ ਰਾਹੀਂ ਵਿਚਾਰਿਆ ਹੈ।

4. ਆਰਥਿਕ ਪਰਿਸਥਿਤੀਆਂ

ਮੁਸਲਮਾਨਾਂ ਦੇ ਲਗਾਤਾਰ ਹਮਲਿਆਂ ਨੇ ਸਾਧਾਰਨ ਜਨਤਾ ਦੀ ਆਰਥਿਕ ਹਾਲਤ ਬਹੁਤ ਹੀ ਪਤਲੀ ਕਰ ਦਿੱਤੀ ਸੀ। ਨਾ ਕੇਵਲ ਹਿੰਦੂਆਂ ਬਲਕਿ ਮੁਸਲਮਾਨ ਸ਼ਾਸਕਾਂ ਦੇ ਵੀ ਪੈਰ ਨਹੀਂ ਸਨ ਲੱਗ ਰਹੇ। ਦੋਹਾਂ ਵਰਗਾਂ ਦੀ ਆਰਥਿਕ ਦਸ਼ਾ ਅਸੰਤੁਲਿਤ ਸੀ। ਇਸ ਅਸੰਤੁਲਿਤਾ ਦਾ ਕਾਰਨ ਦੋਹਾਂ ਵਿਚ ਅਸੰਤੋਖ ਅਤੇ ਨਿਰਾਸ਼ਾ ਦੀ ਭਾਵਨਾ ਸੀ। ਹਿੰਦੂਆਂ ਦੀਆਂ ਜੜ੍ਹਾਂ ਉਖਾੜੀਆਂ ਜਾ ਰਹੀਆਂ ਸਨ ਅਤੇ ਮੁਸਲਮਾਨਾਂ ਦੀਆਂ ਜੜ੍ਹਾਂ ਭਾਰਤੀ ਧਰਤੀ ਅਜੇ ਫੜ ਨਹੀਂ ਰਹੀ ਸੀ। ਰਾਜਾ ਰਾਜਾ ਦੇ ਹਿੱਤਾਂ ਦੀ ਰਾਖੀ ਕਰਦਾ ਸੀ। ਸਾਧਾਰਨ ਜੀਵ ਆਪਣੇ ਵਰਗੇ ਲੋਕਾਂ ਦਾ ਸਾਥ ਦਿੰਦੇ ਸਨ ਅਤੇ ਮੱਧ-ਵਰਗੀ ਲੋਕ ਹਰ ਕਾਲ ਵਾਂਙ ਇਕ ਕਾਲ ਵਿਚ ਵੀ ਲਾਭ ਪ੍ਰਾਪਤ ਕਰ ਰਹੇ ਸਨ। ਅਸਲ ਵਿਚ ਵਰਗ ਦੋ ਹੀ ਸਨ—ਇਕ ਲੁੱਟਣ ਵਾਲੇ ਲੋਟੂ ਸ਼ਾਸਕ ਵਰਗ ਅਤੇ ਦੂਜਾ ਕਿਰਸਾਨ ਲੁੱਟਿਆ ਜਾਣ ਵਾਲਾ ਵਰਗ ਮਜ਼ਦੂਰ ਆਦਿ।

ਮੁਸਲਮਾਨਾਂ ਦੀ ਪ੍ਰਭੂਸੱਤਾ ਸਥਾਪਤ ਹੋ ਜਾਣ 'ਤੇ ਲੋਕ ਸੰਘਰਸ਼ ਦੀਆਂ ਤਿਆਰੀਆਂ ਵੀ ਆਰੰਭ ਹੋ ਗਈਆਂ ਸਨ। ਚੇਤੰਨ ਵਰਗ, ਵਿਦਵਾਨ, ਲਿਖਾਰੀ ਅਤੇ ਸੰਤ ਬੇਇਨਸਾਫ਼ੀ ਵਿਰੁੱਧ, ਜ਼ੁਲਮ ਅਤੇ ਸ਼ੋਸ਼ਣ ਵਿਰੁੱਧ ਜਹਾਦ ਖੜਾ ਕਰਨ ਲਈ ਤਤਪਰ ਸਨ। ਸੰਤ, ਭਗਤ ਕਬੀਰ, ਭਗਤ ਰਵਿਦਾਸ, ਭਗਤ ਨਾਮਦੇਵ ਆਦਿ ਨੇ ਤਾਂ ਆਪਣੀਆਂ ਬਾਣੀਆਂ ਰਾਹੀਂ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਲਿਖਿਆ ਸੀ। ਹਿੰਦੂ ਆਪਣੇ ਦੇਸ਼ ਵਿਚ ਰਹਿੰਦੇ ਹੋਏ ਵੀ ਗ਼ਰੀਬ ਸਨ ਅਤੇ ਉਲਟਾ ਉਹਨਾਂ ਪਾਸੋਂ ਸ਼ਾਸਕਾਂ ਦੁਆਰਾ ਟੈਕਸ ਜਜ਼ੀਆ ਉਗਰਾਹਿਆ ਜਾਂਦਾ ਸੀ। ਹਿੰਦੂਆਂ ਦੀ ਧਨ-ਸੰਪਤੀ ਬਿਲਕੁਲ ਸੁਰੱਖਿਅਤ ਨਹੀਂ ਸੀ। ਅਤਿਆਚਾਰੀ ਸ਼ਾਸਕ ਉਹਨਾਂ ਪਾਸੋਂ ਧਨ ਪਦਾਰਥ ਖੋਹ ਰਿਹਾ ਸੀ। ਹਿੰਦੂਆਂ ਨੂੰ ਕੋਈ ਉੱਚ ਅਹੁਦਾ ਪ੍ਰਾਪਤ ਨਹੀਂ ਸੀ। ਨੌਕਰੀਆਂ ਤੋਂ ਉਹਨਾਂ ਨੂੰ ਵਾਂਝਾ ਰੱਖਿਆ ਜਾਂਦਾ ਸੀ, ਜਿਸ ਕਾਰਨ ਉਹਨਾਂ ਦੀ ਆਰਥਿਕ ਹਾਲਤ ਬਹੁਤ ਕਮਜ਼ੋਰ ਹੁੰਦੀ ਜਾ ਰਹੀ ਸੀ। ਜਿਥੇ ਦੋਵਾਂ ਵਰਗਾਂ ਵਿਚ ਸੰਘਰਸ਼ ਹੋ ਰਿਹਾ ਹੋਵੇ, ਉਥੇ ਕੁਦਰਤੀ ਗੱਲ ਹੈ ਕਿ ਆਰਥਿਕ ਸਥਿਤੀ ਵਿਗੜਦੀ ਹੀ ਹੈ। ਹਿੰਦੂ ਇਸ ਚੱਕੀ ਵਿਚ ਬੁਰੀ ਤਰ੍ਹਾਂ ਪਿਸ ਰਹੇ ਸਨ। ਸ਼ਾਸਕਾਂ ਨੂੰ ਤਾਂ ਹਰ ਪ੍ਰਕਾਰ ਦੀਆਂ ਸਹੂਲਤਾਂ ਪ੍ਰਾਪਤ ਸਨ, ਜਦੋਂ ਕਿ ਸ਼ੋਸਤਾਂ ਨੂੰ ਟੈਕਸਾਂ ਦੇ ਭਾਰ ਨਾਲ ਲੱਦਿਆ ਹੋਇਆ ਸੀ। ਸ਼ਾਸਕ ਵਰਗ ਵਿਲਾਸਤਾ ਦੇ ਵਰਗ ਵਿਚ ਡੁੱਬਿਆ ਹੋਇਆ ਸੀ। ਸਾਮੰਤ ਵਰਗ ਇਤਨਾ ਵਿਲਾਸਤਾ ਵਾਲਾ ਜੀਵਨ ਬਤੀਤ ਕਰ ਰਿਹਾ ਸੀ ਕਿ ਲੋੜ ਤੋਂ ਵੱਧ ਗੋਲੇ ਅਤੇ ਗੋਲੀਆਂ ਰੱਖੀਆਂ ਹੋਈਆਂ ਸਨ।

ਮੁਹੰਮਦ ਤੁਗ਼ਲਕ ਦੇ ਦਰਬਾਰ ਵਿਚ 4000 ਤੋਂ ਵੱਧ ਸਵਰਨਕਾਰ ਗਹਿਣੇ ਬਣਾਉਣ ਲਈ ਰੱਖੇ ਹੋਏ ਸਨ। ਦੂਜੇ ਪਾਸੇ ਆਮ ਜਨਤਾ ਬਹੁਤ ਮੁਸ਼ਕਲ ਨਾਲ ਪੇਟ ਪਾਲਦੀ ਸੀ। ਬਹੁਤ ਲੋਕ ਮਿਹਨਤੀ ਸਨ ਅਤੇ ਮਜ਼ਦੂਰੀ ਕਰਦੇ ਸਨ। ਜੁਲਾਹੇ, ਧੋਬੀ, ਲੁਹਾਰ, ਚਮਾਰ, ਕਿਸਾਨ, ਘੁਮਿਆਰ, ਤੇਲੀ, ਭੰਗੀ, ਮੋਚੀ, ਤਰਖਾਣ ਆਦਿ ਆਪਣੇ ਆਪਣੇ ਕਿੱਤਿਆਂ ਵਿਚ ਲੱਗੇ ਹੋਏ ਸਨ।

ਧਾਰਮਿਕ ਆਗੂ ਬ੍ਰਾਹਮਣ ਆਪਣੀ ਰੋਜ਼ੀ-ਰੋਟੀ ਨੂੰ ਚਲਾਉਣ ਲਈ ਕਰਮ-ਕਾਂਡਾਂ ਦਾ ਜਾਲ ਵਿਛਾ ਕੇ ਲੋਕਾਂ ਨੂੰ ਲੁੱਟ ਰਹੇ ਸਨ ਤੇ ਦੂਜੇ ਪਾਸੇ ਠਾਕੁਰ ਜ਼ਬਰਦਸਤੀ ਕਿਸਾਨਾਂ ਦੀ ਲੁੱਟ-ਘਸੁੱਟ ਕਰ ਰਹੇ ਸਨ। ਕਰਜ਼ੇ ਦੇ ਨਾਮ 'ਤੇ ਉਹਨਾਂ ਦੀ ਜ਼ਮੀਨ ਹਥਿਆ ਰਹੇ ਸਨ। ਕਹਿੰਦੇ ਹਨ ਕਿ ਰਾਜਾ ਤੇ ਪਰਜਾ ਵਿਚ ਧਨ ਇਕੱਠਾ ਕਰਨ ਦੀ ਹੋੜ ਲੱਗੀ ਹੋਈ ਸੀ। ਜਿਵੇਂ ਕਿ ਅੱਜਕੱਲ੍ਹ ਦੇ ਰਾਜੇ ਘੁਟਾਲੇ ਕਰ ਰਹੇ ਹਨ, ਇੰਨ-ਬਿੰਨ ਇਹੀ ਹਾਲਾਤ ਉਦੋਂ ਵੀ ਸੀ। ਜੇਕਰ ਕਿਸੇ ਨੂੰ ਪਤਾ ਲੱਗਦਾ ਸੀ ਕਿ ਕਿਸੇ ਵਿਅਕਤੀ ਨੇ ਇਤਨਾ ਧਨ ਇਕੱਠਾ ਕੀਤਾ ਹੈ ਤਾਂ ਉਸ ਦਾ ਧਨ ਤਗੜਾ ਵਰਗ ਖੋਹ ਲੈਂਦਾ ਸੀ।

ਉਹਨਾਂ ਦਿਨਾਂ ਵਿਚ ਧਨ-ਦੌਲਤ ਦੀ ਤਾਂ ਕਮੀ ਨਹੀਂ ਸੀ, ਪਰ ਧਨ ਦੀ ਵੰਡ ਬਹੁਤ ਗ਼ਲਤ ਸੀ। ਹਿੰਦੂ ਪਰਜਾ ਦੇ ਕੋਲ ਇਤਨਾ ਵੀ ਪੈਸਾ ਨਹੀਂ ਛੱਡਿਆ ਜਾਂਦਾ ਕਿ ਉਹ ਘੋੜੇ 'ਤੇ ਚੜ੍ਹ ਸਕਦੇ, ਹਥਿਆਰ ਬੰਨ੍ਹ ਸਕਦੇ, ਚੰਗੇ ਕੱਪੜੇ ਪਹਿਨ ਸਕਦੇ ਅਤੇ ਜੀਵਨ ਦੀ ਕਿਸੇ ਵਿਲਾਸਮਈ ਵਸਤੂ ਦਾ ਪ੍ਰਯੋਗ ਕਰ ਸਕਦੇ। ਸ਼ਾਸਕਾਂ ਦੀ ਕਠੋਰਤਾ ਨੇ ਦੈਨਿਕ ਜੀਵਨ ਨੂੰ ਬੇਹੱਦ ਤਰਸਯੋਗ ਬਣਾ ਛੱਡਿਆ ਸੀ। ਆਚਰਣ-ਹੀਣਤਾ ਅਤੇ ਪਰ-ਇਸਤਰੀ ਗਮਨੀ ਆਦਿ ਦੀ ਜੀਵਨ ਵਿਚ ਪ੍ਰਧਾਨਤਾ ਹੁੰਦੀ ਜਾ ਰਹੀ ਸੀ। ਬਦਰੀ ਨਾਥ ਨਾਮੀ ਪ੍ਰਸਿੱਧ ਕਵੀ ਕਿਸੇ ਸੁੰਦਰ ਅਤੇ ਪ੍ਰਵੀਨ ਕੰਨਿਆ ਨੂੰ ਇਕ ਸਮੇਂ ਲਈ 100 ਦਿਨਾਰ ਦਿੰਦਾ ਹੁੰਦਾ ਸੀ। ਇਸ ਵਿਲਾਸਤਾ ਵਿਚ ਸ਼ਰਾਬ ਦੀ ਬਹੁਤ ਵਰਤੋਂ ਹੁੰਦੀ ਸੀ।

ਮੁਸਲਮਾਨ ਸੈਨਿਕ ਬਿਰਤੀ ਵਾਲੇ ਸਨ। ਵਪਾਰ ਵਿਚ ਉਹਨਾਂ ਦਾ ਮਨ ਘੱਟ ਹੀ ਲੱਗਦਾ ਸੀ। ਭਾਰਤ ਵਿਚ ਹੁੰਡੀ, ਉਧਾਰ ਖਾਤਾ ਆਦਿ ਦੀ ਪ੍ਰਥਾ ਉਨ੍ਹਾਂ ਲਈ ਗੋਰਖ ਧੰਧਾ ਸੀ। ਵਧੇਰੇ ਕਰਕੇ ਮੁਸਲਮਾਨ ਵਪਾਰੀ ਹਿੰਦੂ ਜਾਤੀਆਂ ਵਿੱਚੋਂ ਆਏ ਸਨ ਅਤੇ ਸ਼ਾਸਕ ਵਰਗ ਵਿਚ ਉਹਨਾਂ ਦਾ ਚੰਗਾ ਮਾਨ-ਸਨਮਾਨ ਵੀ ਸੀ।

ਹਿੰਦੂ ਬਾਣੀਏ ਵੀ ਸਮਾਜ ਵਿਚ ਖ਼ਾਸ ਥਾਂ ਰੱਖਦੇ ਸਨ। ਉਹਨਾਂ ਦੀ ਆਮਦਨ ਦਾ ਵਧੇਰੇ ਭਾਗ ਕਰ ਅਤੇ ਜਜ਼ੀਏ ਦੇ ਰੂਪ ਵਿਚ ਚਲਾ ਜਾਂਦਾ ਸੀ। ਸਾਧਾਰਨ ਜਨਤਾ ਬਹੁਤ ਦੁਖੀ ਸੀ। ਉਹਨਾਂ ਦੀ ਜਾਤ-ਪਾਤ ਕਈ ਕਿੱਤਿਆਂ ਦੇ ਆਧਾਰ 'ਤੇ ਵੰਡੀ ਹੋਈ ਸੀ। ਪਰ ਮੁਸਲਮਾਨ ਮਸੀਤ ਵਿਚ ਬਰਾਬਰ ਸਨ। ਸ਼ੂਦਰਾਂ ਉਪਰ ਕੰਮ ਦਾ ਵਧੇਰੇ ਬੋਝ ਰਹਿੰਦਾ ਸੀ। ਇਸੇ ਲਈ ਉਹ ਮੁਸਲਮਾਨ ਬਣਨ ਵਿਚ ਆਰਥਿਕ ਵਿਕਾਸ ਵੀ ਵਧੇਰੇ ਵੇਖਦੇ ਸਨ।

ਉੱਚੇ ਉੱਚੇ ਅਹੁਦਿਆਂ 'ਤੇ ਮੁਸਲਮਾਨ ਨਿਯੁਕਤ ਹੁੰਦੇ ਸਨ। ਪਰ ਕਲਮ ਦੇ ਧਨੀ ਹਿੰਦੂ ਪਟਵਾਰੀ, ਖ਼ਜ਼ਾਨਚੀ, ਮੁਨਸ਼ੀ ਆਦਿ ਦਾ ਕੰਮ ਕਰਦੇ ਸਨ। ਮੁਕੱਦਮ, ਸਿਕਦਾਰ ਅਤੇ ਸੂਬੇਦਾਰ ਮੁਸਲਮਾਨ ਹੀ ਹੁੰਦੇ ਸਨ। ਉਹਨਾਂ ਦਿਨਾਂ ਵਿਚ ਜ਼ਿਮੀਂਦਾਰਾਂ ਵੱਲੋਂ ਜ਼ਮੀਨ ਦਾ ਮਾਮਲਾ ਜਿਨਸ ਰੂਪ ਵਿਚ ਹੀ ਦਿੱਤਾ ਜਾਂਦਾ ਸੀ। ਇਸੇ ਲਈ ਸਰਕਾਰੀ ਵੇਤਨ ਦਾ ਕੁਝ ਭਾਗ ਮੋਦੀਖ਼ਾਨੇ ਰਾਹੀਂ ਜਿਨਸ ਦੇ ਰੂਪ ਵਿਚ ਦਿੱਤਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਦੌਲਤ ਖ਼ਾਨ ਲੋਧੀ ਦੇ ਮੋਦੀਖ਼ਾਨੇ ਵਿਚ ਹੀ ਕੰਮ ਕਰਦੇ ਸਨ।

ਹਾਕਮਾਂ ਨਾਲ ਮਿਲ ਕੇ ਦੇਸੀ ਬੰਦੇ ਜਨਤਾ ਨੂੰ ਦੁਖੀ ਵੀ ਕਰਦੇ ਰਹਿੰਦੇ ਸਨ। ਗੁਰੂ ਨਾਨਕ ਸਾਹਿਬ ਇਸ ਪ੍ਰਥਾਇ ਰੋਸ ਪ੍ਰਗਟ ਕਰਦੇ ਹਨ :

ਹਰਣਾਂ ਬਾਜਾਂ ਤੈ ਸਿਕਦਾਰਾਂ ਏਨਾ ਪੜ੍ਹਿਆ ਨਾਉ ॥
ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥

(ਵਾਰ ਮਲਾਰ, ਮ: ੧, ਪੰਨਾ 1288)

ਆਸਾ ਕੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਹੋਰ ਵੀ ਸਪੱਸ਼ਟ ਕਰਦੇ ਹਨ :

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥
ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥

(ਵਾਰ ਆਸਾ, ਮ: ੧, ਪੰਨਾ 471)

ਖੇਤੀਬਾੜੀ ਦਾ ਕੰਮ ਕਾਫ਼ੀ ਲਾਭਵੰਦਾ ਸੀ। ਪਰੰਤੂ ਉਦਯੋਗ ਅਤੇ ਸ਼ਿਲਪਕਾਰੀ ਵੀ ਇਸੇ ਦੇ ਸਹਾਰੇ ਸੀ। ਫ਼ਾਲਤੂ ਉਪਜ ਨੂੰ ਬਾਹਰ ਦੀਆਂ ਵਪਾਰਕ ਵਸਤੂਆਂ ਵਿਚ ਬਦਲ ਲਿਆ ਜਾਂਦਾ ਸੀ। ਹਮਲਿਆਂ ਦੇ ਸਮੇਂ ਕਈ ਪਿੰਡ ਕਈ ਵੇਰ ਉਜੜੇ ਸਨ, ਪਰ ਕਿਸਾਨਾਂ ਨੇ ਧਰਤੀ ਤੋਂ ਆਪਣਾ ਅਧਿਕਾਰ ਨਹੀਂ ਛੱਡਿਆ। ਸਿਕੰਦਰ ਲੋਧੀ ਦੇ ਸਮੇਂ ਸਿੱਕੇ ਦਾ ਅਭਾਵ ਸੀ।

ਭਾਰਤ ਵਿਚ ਉੱਚੇ ਅਤੇ ਮੱਧਮ ਵਰਗ ਦੇ ਲੋਕ ਵਿਲਾਸੀ ਹੁੰਦੇ ਜਾ ਰਹੇ ਸਨ। ਨੀਵੇਂ ਵਰਗ ਦੇ ਲੋਕ ਗ਼ਰੀਬ ਹੁੰਦੇ ਜਾਂਦੇ ਸਨ। ਪਰ ਕਹਿੰਦੇ ਹਨ ਕਿ ਉਸ ਯੁੱਗ ਵਿਚ ਜੀਵਨ ਪੱਧਰ ਬਹੁਤ ਮਾੜਾ ਨਹੀਂ ਸੀ।

ਭਾਰਤ ਵਿਚ ਅੰਦਰਲੇ ਦੇਸ਼ ਦਾ ਵਪਾਰ ਖ਼ਰਾਬ ਹੁੰਦਾ ਜਾ ਰਿਹਾ ਸੀ, ਕਿਉਂਕਿ ਵਪਾਰੀਆਂ ਨੂੰ ਥਾਂ ਥਾਂ 'ਤੇ ਮਸੂਲ ਦੇਣਾ ਪੈਂਦਾ ਸੀ। ਪੁਲ, ਘਾਟ, ਪਰਗਨੇ ਦੀ ਸੀਮਾ, ਮੰਡੀ, ਤੀਰਥ ਘਾਟ, ਮੁਰਦਾ ਘਾਟ ਸਭ ਥਾਈਂ ਕਰ ਦੇਣਾ ਪੈਂਦਾ ਸੀ। ਇਸ ਪ੍ਰਕਾਰ ਵਪਾਰ ਛੋਟੇ ਬਾਜ਼ਾਰਾਂ ਤਕ ਸੀਮਿਤ ਹੋ ਕੇ ਰਹਿ ਗਿਆ ਸੀ। ਪਰਜਾ ਵੀ ਦੁਖੀ ਰਹਿੰਦੀ ਸੀ। ਸ਼ੇਰਸ਼ਾਹ ਨੇ ਪਹਿਲੀ ਵਾਰ ਮਸੂਲਾਂ ਦਾ ਝੰਜਟ ਦੂਰ ਕਰਨ ਦੇ ਉਪਰਾਲੇ ਕੀਤੇ ਅਤੇ ਕੇਵਲ ਹੱਦਾਂ ਪੁਰ ਮਸੂਲ ਲਾਇਆ, ਦਰ ਵੀ ਸਾਧਾਰਨ ਰੱਖੀ।

ਮਸੀਤਾਂ ਦੇ ਨਾਲ ਜਗੀਰਾਂ ਵੀ ਹੁੰਦੀਆਂ ਸਨ। ਮਸੀਤਾਂ ਦੇ ਇਮਾਮਾਂ ਨੇ ਰਿਸ਼ਵਤ ਦੇ ਕੇ ਫ਼ਾਲਤੂ ਜ਼ਮੀਨਾਂ ਵੀ ਹਥਿਆ ਲਈਆਂ ਸਨ। ਸ਼ੇਰਸ਼ਾਹ ਨੇ ਆਪ ਪੜਤਾਲ ਕਰਵਾ ਕੇ ਜ਼ਮੀਨਾਂ ਵਾਪਸ ਲਈਆਂ। ਸਮੁੰਦਰ ਦਾ ਵਪਾਰ ਢਿੱਲਾ ਪੈ ਗਿਆ ਸੀ, ਪਰ ਜਦੋਂ ਅਮਨ-ਅਮਾਨ ਹੋਇਆ ਤਾਂ ਭਾਰਤ ਕਾਫ਼ੀ ਸੰਪੰਨ ਹੋਣ ਲੱਗਾ। ਲਾਹੌਰ, ਦਿੱਲੀ, ਆਗਰਾ ਆਦਿ ਵੱਡੇ ਵੱਡੇ ਨਗਰ ਬਹੁਤ ਸੁੰਦਰ ਤੇ ਸ਼ਾਨਦਾਰ ਸਨ। ਉਸਾਰੀ ਦੇ ਕੰਮਾਂ ਤੇ ਮੂਰਤੀ ਕਲਾ ਦਾ ਚੰਗਾ ਵਿਕਾਸ ਹੋਇਆ।

ਸੂਦ 'ਤੇ ਕਰਜ਼ਾ ਦੇਣ ਦਾ ਰਿਵਾਜ ਹਿੰਦੂਆਂ ਵਿਚ ਵਧੇਰੇ ਸੀ। ਸੂਫ਼ੀਆਂ, ਸੰਤਾਂ ਨੇ ਵਿਰਾਗ ਦੇ ਜੋ ਗੀਤ ਗਾਏ, ਉਹਨਾਂ ਤੋਂ ਪਤਾ ਲੱਗਦਾ ਹੈ ਕਿ ਉਹ ਉਸ ਯੁੱਗ ਦੇ ਸ਼ਹਿਰੀ ਵਾਤਾਵਰਣ ਤੇ ਉੱਚੇ ਵਰਗ ਵਿਚ ਫੈਲੀ ਵਿਲਾਸਤਾ ਨੂੰ ਦੂਰ ਕਰਨਾ

ਚਾਹੁੰਦੇ ਸਨ। ਚੀਜ਼ਾਂ ਦੇ ਭਾਅ ਬਹੁਤ ਜ਼ਿਆਦਾ ਨਹੀਂ ਸਨ। ਇਬਨ ਬਤੂਤਾ (ਤੁਗ਼ਲਕ ਕਾਲ) ਅਤੇ ਅਬੁੱਲ ਫ਼ਜ਼ਲ (ਅਕਬਰ ਕਾਲ) ਨੇ ਭਾਵਾਂ ਦੀਆਂ ਜੋ ਸੂਚੀਆਂ ਦਿੱਤੀਆਂ ਹਨ, ਉਹਨਾਂ ਦੀ ਤੁਲਨਾ ਤੋਂ ਨਾਨਕ ਕਾਲ ਦੇ ਭਾਵਾਂ ਨਾਲ ਅਨੁਮਾਨ ਇਸ ਪ੍ਰਕਾਰ ਸੀ :

ਕਣਕ	—	0.50 ਰੁਪਏ ਪ੍ਰਤੀ ਮਣ
ਚੌਲ	—	0.65 ਰੁਪਏ ਪ੍ਰਤੀ ਮਣ
ਘਿਉ	—	3.50 ਰੁਪਏ ਪ੍ਰਤੀ ਮਣ
ਖੰਡ	—	2.50 ਰੁਪਏ ਪ੍ਰਤੀ ਮਣ

30 ਗਜ਼ ਸੂਤੀ ਕੱਪੜੇ ਦਾ ਥਾਨ ਤਿੰਨ ਰੁਪਏ 'ਤੇ ਮਿਲਦਾ ਸੀ। ਗਜ਼ 41 ਉਂਗਲ ਦਾ ਸੀ। ਵਪਾਰ ਦੇ ਮਾਰਗ ਕਾਫ਼ੀ ਦੇਰ ਤਕ ਸੁਰੱਖਿਅਤ ਰਹੇ। ਇਸ ਕਰਕੇ ਭਾਰਤ ਵਿਚ ਚੰਗਾ ਪੈਸਾ ਆਇਆ।

ਕਾਗ਼ਜ਼, ਮਿਸ਼ਰੀ, ਸੁੱਕੇ ਮੇਵੇ ਤੇ ਸੋਨੇ-ਚਾਂਦੀ ਦੀ ਦਰਾਮਦ ਮੱਧ ਏਸ਼ੀਆ ਤੋਂ ਹੁੰਦੀ ਸੀ ਅਤੇ ਸਿੱਕਿਆਂ ਲਈ ਸੋਨਾ ਵੀ ਵਰਤਿਆ ਜਾਂਦਾ ਸੀ। ਲੋਹਾ ਤਲਵਾਰ ਨੇਜ਼ੇ ਆਦਿ ਹਥਿਆਰਾਂ ਲਈ ਅਤੇ ਭਾਂਡੇ ਤੇ ਕਿਰਸਾਨੀ ਦੇ ਕੰਮਾਂ ਲਈ ਵਰਤਿਆ ਜਾਂਦਾ ਸੀ। ਕੀਮਤੀ ਪੱਥਰ ਤਿੱਬਤ ਤੋਂ ਲੈ ਕੇ ਮਿਸਰ ਤਕ ਦੇ ਦੇਸ਼ਾਂ ਤੋਂ ਆਉਂਦੇ ਸਨ। ਵਿਸ਼ੇਸ਼ ਕਰ ਮਿਸਰ ਦੀਆਂ ਬਣੀਆਂ ਹੋਈਆਂ ਪੰਨੇ ਦੀਆਂ ਛਾਪਾਂ ਬਹੁਤ ਪ੍ਰਸਿੱਧ ਸਨ। ਈਰਾਨ ਤੋਂ ਊਨੀ ਕੱਪੜਾ ਕਾਲੀਨ, ਗੁਲਾਬ ਜਲ, ਕਿਉੜਾ ਅਤੇ ਮਿੱਟੀ ਦਾ ਤੇਲ ਆਉਂਦਾ ਸੀ।

ਆਗਰੇ ਦੀ ਮੂਰਤੀ ਕਲਾ ਬਹੁਤ ਪ੍ਰਸਿੱਧ ਸੀ। ਇਥੋਂ ਦੀਆਂ ਪੱਥਰ ਦੀਆਂ ਚੀਜ਼ਾਂ ਦੂਰ ਤਕ ਜਾਂਦੀਆਂ ਸਨ। ਸਿੰਧ ਦੇ ਬਿਛੌਣੇ, ਖੇਸ ਅਤੇ ਲੋਹੇ ਉਪਰ ਪਾਣੀ ਦੇ ਕੰਮ ਵਾਲੀਆਂ ਚੀਜ਼ਾਂ ਅਤੇ ਦਵਾਈਆਂ ਦਸੌਰ ਜਾਂਦੀਆਂ ਸਨ। ਨੀਲ, ਲੂਣ, ਰੰਗ, ਬਰਤਨ, ਨਿੰਬੂ, ਅੰਬ, ਮੋਰ ਅਤੇ ਤੋਤੇ ਵੀ ਬਾਹਰਲੇ ਦੇਸਾਂ ਵਿਚ ਵਿਕਦੇ ਸਨ। ਬਾਬਰ ਨੇ ਇਥੋਂ ਦੀ ਵਰਖਾ ਰੁੱਤ ਅਤੇ ਜਲਵਾਯੂ ਦੀ ਚੰਗੀ ਪ੍ਰਸੰਸਾ ਕੀਤੀ ਹੈ। ਉਸ ਨੇ ਇਹ ਵੀ ਲਿਖਿਆ ਹੈ ਕਿ ਇਥੇ ਸੋਨਾ-ਚਾਂਦੀ ਬਹੁਤ ਹੈ। ਅਨੇਕਾਂ ਕਾਰੀਗਰ ਹਨ, ਉਦਯੋਗ ਦੇ ਕਈ ਸੰਗਠਨ ਮੌਜੂਦ ਹਨ। ਪੀੜ੍ਹੀਆਂ ਤੋਂ ਪ੍ਰਚਲਿਤ ਕੰਮ ਵਿਕਾਸ ਕਰ ਰਹੇ ਹਨ। ਬ੍ਰਾਹਮਣ ਵੀ ਹੋਰ ਜਾਤਾਂ ਦੇ ਉਦਯੋਗ ਦੇਖ ਕੇ ਕਾਫ਼ੀ ਚੁਸਤ ਬਣ ਗਏ ਸਨ। ਉਹ ਚਾਹੁੰਦੇ ਸਨ ਕਿ ਆਪਣੇ ਜਜਮਾਨਾਂ ਕੋਲੋਂ ਵਧੇਰੇ ਦੱਖਣਾਂ ਕਿਵੇਂ ਵਸੂਲ ਕੀਤੀ ਜਾਵੇ।

ਸਾਰੰਸ਼

ਉਪਰੋਕਤ ਪਰਿਸਥਿਤੀਆਂ ਨੂੰ ਦ੍ਰਿਸ਼ਟੀਗੋਚਰ ਰੱਖਦਿਆਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਤਤਕਾਲੀਨ ਹਿੰਦੂ ਸਮਾਜ ਤੇ ਮੁਸਲਿਮ ਸਮਾਜ ਦਾ ਗ਼ਲਬਾ ਸੀ। ਇਹ ਗ਼ਲਬਾ ਕੇਵਲ ਰਾਜਨੀਤਕ ਤੌਰ 'ਤੇ ਹੀ ਨਹੀਂ ਸੀ, ਬਲਕਿ ਸੰਸਕ੍ਰਿਤਕ ਪਿੜ

ਅੰਦਰ ਵੀ ਸੀ। ਜਿਸ ਕਾਰਨ ਹਿੰਦੂ ਸਮਾਜ ਮੁਸਲਮਾਨਾਂ ਦਾ ਪਹਿਰਾਵਾ, ਬੋਲੀ ਅਤੇ ਖ਼ੁਰਾਕ (ਕੁੱਠਾ ਬੱਕਰਾ ਖਾਣਾ) ਨੂੰ ਪ੍ਰਵਾਣ ਕਰ ਲਿਆ ਸੀ। ਹਿੰਦੂ ਸਮਾਜ ਬੁਰੀ ਤਰ੍ਹਾਂ ਪਤਿਤ, ਨਿਰਬਲ, ਉਤਸ਼ਾਹ ਰਹਿਤ ਅਤੇ ਸਾਹ ਸੱਤਹੀਣ ਹੋ ਚੁੱਕਾ ਸੀ। ਬ੍ਰਾਹਮਣ ਕਰਮ-ਕਾਂਡੀ ਧਰਮ ਦੀ ਚਾਰ ਦੀਵਾਰੀ ਅੰਦਰ ਕੈਦ ਸੀ। ਖੱਤਰੀ ਆਪਣਾ ਧਰਮ (ਲੜਨਾ) ਛੱਡ ਚੁੱਕੇ ਸਨ। ਵੈਸ਼ ਨੂੰ ਆਪਣੇ ਵਪਾਰ ਨਾਲ ਹੀ ਗਰਜ ਸੀ ਤੇ ਸ਼ੂਦਰਾਂ ਦੀ ਦਸ਼ਾ ਜਾਤ ਭੇਦ ਕਾਰਨ ਅਤਿ ਭੈੜੀ ਸੀ। ਦੂਜੇ ਪਾਸੇ ਮੁਸਲਿਮ ਸਮਾਜ ਸੀ, ਜੋ ਕਿ ਹਰ ਥਾਂ ਚੜ੍ਹਦੀ ਕਲਾ ਵਿਚ ਸੀ। ਰਾਜਨੀਤਕ ਪੱਖੋਂ ਉਹ ਕਾਬਜ਼ ਸਨ। ਵੱਡੇ ਵੱਡੇ ਅਹੁਦੇ ਉਹਨਾਂ ਕੋਲ ਸਨ, ਉਨ੍ਹਾਂ ਨੂੰ ਹੀ ਕੁਰਾਨੀ ਕਾਨੂੰਨਾਂ ਅਨੁਸਾਰ ਇਨਸਾਫ਼ ਮਿਲਦਾ ਸੀ। ਇਸ ਕਰਕੇ ਉਹ ਸਮਾਜਿਕ ਤੌਰ 'ਤੇ ਵੀ ਕਾਬਜ਼ ਸਨ।

ਰਾਜਨੀਤਕ ਸੱਤਾ ਕਬਜ਼ੇ ਕਾਰਨ ਮੁਸਲਮਾਨ ਤਰ੍ਹਾਂ ਤਰ੍ਹਾਂ ਦੇ ਧਾਰਮਿਕ ਅਤੇ ਸਮਾਜਿਕ ਜ਼ੁਲਮ ਹਿੰਦੂਆਂ 'ਤੇ ਢਾਹੁੰਦੇ ਸਨ। ਉਹਨਾਂ ਦੇ ਮੰਦਰ ਢਾਹੇ ਜਾਂਦੇ ਸਨ। ਭਗਵਾਨ ਦੀਆਂ ਮੂਰਤੀਆਂ ਤੋੜੀਆਂ ਜਾਂਦੀਆਂ ਸਨ ਤੇ ਉਨ੍ਹਾਂ ਦੀ ਥਾਂ 'ਤੇ ਮਸਜਿਦਾਂ ਉਸਾਰ ਦਿੱਤੀਆਂ ਜਾਂਦੀਆਂ ਸਨ। ਹਿੰਦੂਆਂ ਅਤੇ ਉਨ੍ਹਾਂ ਦੇ ਮੰਦਰਾਂ ਤੋਂ ਭਾਰੀ ਕਰ ਲਾ ਕੇ ਆਰਥਿਕ ਪੱਖੋਂ ਵੀ ਉਨ੍ਹਾਂ ਦਾ ਮੰਦਾ ਹਾਲ ਕੀਤਾ ਗਿਆ। ਜਿਸ ਦੇ ਪਰਿਣਾਮ ਵਜੋਂ ਹਿੰਦੂ ਔਰਤਾਂ ਮੁਸਲਮਾਨਾਂ ਦੇ ਘਰਾਂ ਵਿਚ ਨੌਕਰਾਣੀਆਂ ਬਣ ਕੇ ਕੰਮ ਕਰਦੀਆਂ ਸਨ। ਇੰਜ ਰਾਜਨੀਤਕ, ਧਾਰਮਿਕ, ਸਮਾਜਿਕ ਅਤੇ ਆਰਥਿਕ ਪੱਖੋਂ ਮੁਸਲਮਾਨਾਂ ਦਾ ਗ਼ਲਬਾ ਸੀ ਤੇ ਹਿੰਦੂ ਉਨ੍ਹਾਂ ਦੇ ਕੇਵਲ ਗ਼ੁਲਾਮ ਮਾਤਰ ਸਨ।

ਧਾਰਮਿਕ ਵਿਖੇਵੇਂ ਕਾਰਨ ਮੁਸਲਮਾਨਾਂ ਤੇ ਹਿੰਦੂਆਂ ਦੀ ਆਪਸ ਵਿਚ ਖਟਕਦੀ ਰਹਿੰਦੀ ਸੀ। ਮੁਸਲਮਾਨ ਹਿੰਦੂਆਂ ਨੂੰ ਕਾਫ਼ਿਰ ਸਮਝਦਾ ਸੀ ਤੇ ਹਿੰਦੂ ਮੁਸਲਮਾਨ ਨੂੰ ਮਲੇਛ। ਦੋਵੇਂ ਆਪਣੇ ਆਪਣੇ ਧਰਮਾਂ ਨੂੰ ਚੰਗਾ ਕਹਿੰਦੇ ਸਨ ਤੇ ਦੂਜੇ ਦੇ ਧਰਮਾਂ ਨੂੰ ਨਫ਼ਰਤ ਕਰਦੇ ਸਨ। ਧਾਰਮਿਕ ਪੱਖ ਤੋਂ ਹਿੰਦੂ ਧਰਮ ਅੰਦਰ ਕੁਝ ਹੋਰ ਵੀ ਧਰਮ ਫ਼ਿਰਕੇ ਸਨ, ਜਿਵੇਂ ਸੰਨਿਆਸੀ, ਜੋਗੀ, ਜੈਨੀ ਆਦਿ। ਸੰਨਿਆਸੀਆਂ ਦੇ ਦਸ ਫ਼ਿਰਕੇ ਅਤੇ ਜੋਗੀਆਂ ਦੇ ਬਾਰ੍ਹਾਂ ਪੰਥ ਸਨ :

ਬਾਰਹ ਮਹਿ ਰਾਵਲ ਖਪਿ ਜਾਵਹਿ ਚਹੁ ਛਿਅ ਮਹਿ ਸੰਨਿਆਸੀ ॥

(ਪ੍ਰਭਾਤੀ ਮ: ੧, ਪੰਨਾ 1332)

ਇਸ ਤਰ੍ਹਾਂ ਧਾਰਮਿਕ ਪੱਖ ਤੋਂ ਵੀ ਲੋਕ ਡਾਵਾਂਡੋਲ ਸਨ। ਉਹਨਾਂ ਨੂੰ ਕੁਝ ਸਮਝ ਨਹੀਂ ਸੀ ਆ ਰਹੀ ਕਿ ਕਿਸ ਧਰਮ ਨੂੰ ਸਵੀਕਾਰ ਕਰਨ।

ਹਿੰਦੂ ਮੰਦਰਾਂ ਵਿਚ ਬੁੱਤ-ਪੂਜਾ ਤੋਂ ਬਿਨਾਂ ਬ੍ਰਾਹਮਣ ਅਤੇ ਗਊ ਦੀ ਵੀ ਪੂਜਾ ਕਰਦੇ ਸਨ। ਜੋਗੀ ਮੜ੍ਹੀ ਮਸਾਣੀ ਬੈਠ ਕੇ ਤਪ ਕਰਦੇ ਸਨ ਤੇ ਸੰਨਿਆਸੀ ਜੰਗਲਾਂ ਵਿਚ ਘੁੰਮਦੇ ਰਹਿੰਦੇ ਸਨ। ਜੈਨੀ ਗੰਦੇ ਰਹਿ ਕੇ ਆਪਣੇ ਆਪ ਨੂੰ ਮੁਕਤੀ ਦੇ ਨਜ਼ਦੀਕ ਸਮਝਦੇ ਸਨ। ਮੁਸਲਮਾਨ ਕੁਰਾਨ ਕਾਜ਼ੀ ਨੂੰ ਪਾਕ ਸਮਝ ਕੇ ਧਾਰਮਿਕ ਸ਼ਰਧਾ ਅਰਪਣ ਕਰਦੇ ਸਨ।

ਰਸਮ ਰਿਵਾਜ ਬੜੇ ਸੰਖੇਪ ਜਿਹੇ ਸਨ। ਹੋਰ ਧਾਰਮਿਕ ਰਸਮਾਂ ਤੋਂ ਹਿੰਦੂਆਂ ਅਤੇ ਮੁਸਲਮਾਨਾਂ ਦੇ ਵਿਆਹ ਰਸਮ ਕ੍ਰਮਵਾਰ ਬ੍ਰਾਹਮਣ ਅਤੇ ਕਾਜ਼ੀ ਨਿਭਾਉਂਦੇ

ਸਨ। ਲੋਕ ਪੁੰਨ-ਦਾਨ ਅਤੇ ਤੀਰਥਾਂ 'ਤੇ ਇਸ਼ਨਾਨ ਕਰਨ ਵਿਚ ਵਿਸ਼ਵਾਸ ਰੱਖਦੇ ਸਨ ਤਾਂ ਕਿ ਨਰਕ (ਦੋਜ਼ਖ਼) ਤੋਂ ਬਚੇ ਰਹਿਣ ਅਤੇ ਸੁਰਗ ਵਿਚ ਜਾ ਸਕਣ।

ਪਹਿਰਾਵਾ ਬੜਾ ਸੰਖੇਪ ਜਿਹਾ ਸੀ। ਹਿੰਦੂ ਲੋਕ ਟਿੱਕਾ, ਜਨੇਊ, ਮਾਲਾ ਅਤੇ ਧੋਤੀ ਆਮ ਪਹਿਣਦੇ ਸਨ। ਜੋਗੀ ਵਿਭੂਤ ਲਗਾ ਕੇ ਗੇਰੂ ਰੰਗ ਦੇ ਕੱਪੜੇ ਪਾਉਂਦੇ ਸਨ ਅਤੇ ਕਾਜ਼ੀ ਤੇ ਹੋਰ ਮੁਸਲਮਾਨ ਵਧੇਰੇ ਕਰਕੇ ਨੀਲੇ ਵਸਤਰ ਪਹਿਣਦੇ ਸਨ। ਅਮੀਰਾਂ ਦੇ ਪਹਿਰਾਵੇ 'ਚ ਕੁਝ ਫ਼ਰਕ ਹੁੰਦਾ ਸੀ। ਉਹਨਾਂ ਦੇ ਕੱਪੜੇ ਉਜਲੇ ਤੇ ਕੀਮਤੀ ਹੁੰਦੇ ਸਨ। ਸਾਧਾਰਨ ਲੋਕ ਪੈਰੋਂ ਵੀ ਨੰਗੇ ਹੁੰਦੇ ਸਨ।

ਖ਼ੁਰਾਕ ਦਾ ਸਾਮਾਨ ਬੜਾ ਸੰਖੇਪ ਜਿਹਾ ਹੀ ਸੀ। ਬਹੁਤਾ ਕਰਕੇ ਕਣਕ, ਚਾਵਲ, ਦੁੱਧ ਤੇ ਘਿਉ ਦਾ ਹੀ ਇਸਤੇਮਾਲ ਕੀਤਾ ਜਾਂਦਾ ਸੀ। ਅਮਲ ਦੀਆਂ ਕੁਝ ਵਸਤਾਂ ਸ਼ਰਾਬ, ਭੰਗ, ਪਾਨ, ਸੁਪਾਰੀ ਆਦਿ ਵੀ ਪ੍ਰਸਤੁਤ ਸਨ।

ਇਸਤਰੀ ਦੀ ਹਾਲਤ ਬਹੁਤ ਬੁਰੀ ਸੀ। ਇਸਤਰੀ ਨੂੰ ਪੈਰ ਦੀ ਜੁੱਤੀ, ਦਾਸੀ ਹੀ ਸਮਝਿਆ ਜਾਂਦਾ ਸੀ।

ਆਵਾਜਾਈ ਦੇ ਸਾਧਨ ਵੀ ਪੈਦਲ, ਬੈਲ ਗੱਡੀ, ਘੋੜਾ ਅਤੇ ਬੇੜੀ ਬੜੇ ਥੋੜ੍ਹੇ ਜਿਹੇ ਸਨ।

ਗ਼ੁਲਾਮ ਪ੍ਰਥਾ ਪ੍ਰਚਲਿਤ ਸੀ। ਗ਼ੁਲਾਮਾਂ ਨੂੰ ਹੱਟੀਆਂ 'ਤੇ ਵੇਚਿਆ ਜਾਂਦਾ ਸੀ। ਖੇਡਾਂ ਤੇ ਮਨੋਰੰਜਨ ਬਹੁਤ ਘੱਟ ਸਨ। ਇਕ-ਦੋ ਖੇਡਾਂ ਤੋਂ ਬਿਨਾਂ ਮਨੋਰੰਜਨ ਲਈ ਨਟੂਏ, ਬਾਜ਼ੀਗਰ ਜਾਂ ਰੋਟੀਆਂ ਕਾਰਨ ਤਾਲ ਪੂਰਨ ਵਾਲੇ ਲੋਕ ਹੁੰਦੇ ਸਨ।

ਪਰਿਵਾਰਕ ਜੀਵਨ ਵਿਚ ਪਤੀ ਦਾ ਸਥਾਨ ਪ੍ਰਮੁੱਖ ਸੀ, ਜਦੋਂ ਕਿ ਪਤਨੀ ਕੇਵਲ ਦਾਸੀ ਸੀ। ਪੁੱਤਰ ਦੀ ਧੀ ਨਾਲੋਂ ਵਧੇਰੇ ਖ਼ੁਸ਼ੀ ਹੁੰਦੀ ਸੀ। ਸੱਸ ਦਾ ਨੂੰਹ 'ਤੇ ਪੂਰਾ ਪ੍ਰਭਾਵ ਹੁੰਦਾ ਸੀ ਤੇ ਲੋਕ-ਲਾਜ ਨੂੰ ਮੁੱਖ ਰੱਖਦਿਆਂ ਘੁੰਡ ਵੀ ਕੱਢਿਆ ਜਾਂਦਾ ਸੀ।

ਸਿਹਤ ਅਤੇ ਵਿੱਦਿਆ ਦਾ ਨਿਯਮਤ ਪ੍ਰਬੰਧ ਭਾਵੇਂ ਨਹੀਂ ਸੀ, ਪਰ ਲੋੜੀਂਦੀਆਂ ਸਹੂਲਤਾਂ ਜ਼ਰੂਰ ਸਨ। ਸਥਾਨਕ ਭਾਸ਼ਾਵਾਂ ਦੇ ਨਾਲ ਸੰਸਕ੍ਰਿਤ ਅਤੇ ਫ਼ਾਰਸੀ ਵੀ ਪੜ੍ਹਾਈਆਂ ਜਾਂਦੀਆਂ ਸਨ, ਭਾਵੇਂ ਕਿ ਫ਼ਾਰਸੀ ਮੁਸਲਮਾਨੀ ਪਹਿਰਾਵੇ ਵਾਂਙ ਕਾਬਜ਼ ਹੁੰਦੀ ਜਾ ਰਹੀ ਸੀ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਮੁਸਲਮਾਨ ਹਰ ਪੱਖ ਤੋਂ ਹਿੰਦੁਸਤਾਨ ਅੰਦਰ ਪਹਿਲੇ ਦਰਜੇ ਦੇ ਸ਼ਹਿਰੀ ਸਨ, ਜਿਵੇਂ ਕਿ ਹੋਰ ਸਮਕਾਲੀ ਕਵੀਆਂ ਤੇ ਇਤਿਹਾਸਕਾਰਾਂ ਨੇ ਵੀ ਸਾਖੀ ਭਰੀ ਹੈ।

ਅਧਿਆਇ ਦੂਜਾ

ਉਦਾਸੀ ਸੰਪ੍ਰਦਾ ਦਾ ਉਦਭਵ ਤੇ ਵਿਕਾਸ

ਸਿੱਖ ਧਰਮ ਸੰਪ੍ਰਦਾ ਦੇ ਵਿਕਾਸ ਕ੍ਰਮ ਵਿਚ ਸਭ ਤੋਂ ਪਹਿਲਾਂ ਉਦਾਸੀ ਸੰਪ੍ਰਦਾ ਹੋਂਦ ਵਿਚ ਆਉਂਦੀ ਹੈ। ਫੇਰ ਸੇਵਾ ਪੰਥੀ, ਫੇਰੂ ਮੱਲੀਏ, ਸੁਥਰੇ ਸ਼ਾਹੀ, ਨਿਹੰਗ ਸਿੰਘ ਤੇ ਨਿਰਮਲ ਸੰਪ੍ਰਦਾਇ ਕਾਇਮ ਹੁੰਦੀਆਂ ਹਨ।

ਸਾਡਾ ਅਧਿਐਨ ਦਾ ਕੇਂਦਰ ਉਦਾਸੀ ਸੰਪ੍ਰਦਾ ਹੈ। ਇਸ ਲਈ ਸਭ ਤੋਂ ਪਹਿਲਾਂ 'ਉਦਾਸੀ' ਸ਼ਬਦ ਦਾ ਅਧਿਐਨ ਵਿਸਤ੍ਰਿਤ ਰੂਪ ਵਿਚ ਕਰਾਂਗੇ। 'ਉਦਾਸੀ' ਸ਼ਬਦ ਸੰਸਕ੍ਰਿਤ ਦੇ ਉਦਾਸੀਨ ਸ਼ਬਦ ਦਾ ਤਦਭਵ ਰੂਪ ਹੈ ਅਤੇ ਇਸ ਤੋਂ ਭਾਵ ਹੈ ਕਿ ਸੰਸਾਰਕਤਾ ਤੋਂ ਅਪ੍ਰਭਾਵਿਤ ਵਿਅਕਤੀ। ਅਜਿਹੇ ਵਿਅਕਤੀਆਂ ਦੇ ਸਮੁਦਾਇ ਨੂੰ ਉਦਾਸੀ ਸੰਪ੍ਰਦਾਇ ਦਾ ਨਾਂ ਦਿੱਤਾ ਜਾਂਦਾ ਹੈ, ਪਰ ਸੁਆਮੀ ਗੰਗੇਸਵਰਾਨੰਦ ਨੇ ਆਪਣੀ ਪੁਸਤਕ *ਸ਼੍ਰੋਤਮੁਨਿ ਚਰਿਤਾਮ੍ਰਿਤ* ਵਿਚ 'ਉਦਾਸੀਨ' ਸ਼ਬਦ ਦੀ ਵਿਆਖਿਆ ਵੇਲੇ 'ਉਦ' ਦਾ ਅਰਥ ਸਰਵੋਤ੍ਰਿਸ਼ਟ ਜਾਂ ਸਰਵ-ਪਾਪ ਵਿਨਿਰਮੁਕਤ ਅਤੇ 'ਆਸੀਨ' ਦਾ ਅਰਥ ਸਥਿਤੀ ਕਰਕੇ ਵਿਅਰਥ ਦੀ ਖਿਚ ਤਾਣ ਕੀਤੀ ਹੈ। ਭਾਈ ਕਾਨ੍ਹ ਸਿੰਘ ਨਾਭਾ *ਮਹਾਨ ਕੋਸ਼* ਵਿਚ 'ਉਦਾਸੀ' ਦੇ ਅਰਥ ਉਦਾਸੀਨ ਕਰਦੇ ਹਨ। ਉਦਾਸੀਨ ਤੋਂ ਭਾਵ ਹੈ—ਉਪਰਾਮਤਾ, ਵਿਰੱਕਤਾ, ਨਿਰਾਸਤਾ, ਸੰਗਯਾ ਸਿੱਖ ਕੌਮ ਦਾ ਇਕ ਅੰਗ। ਇਹ ਪੰਥ ਬਾਬਾ ਸ੍ਰੀ ਚੰਦ ਤੋਂ ਚੱਲਿਆ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਸਨ, ਬਾਬਾ ਗੁਰਦਿੱਤਾ ਜੀ ਇਹਨਾਂ ਦੇ ਪਹਿਲੇ ਚੇਲੇ ਸਨ। ਇਹਨਾਂ ਦੇ ਚਾਰ ਧੂਏਂ ਉਦਾਸੀਆਂ ਦੇ ਪ੍ਰਸਿੱਧ ਸਨ।

ਉਦਾਸੀ (ਉਦਾਸੀਨ) ਸੰਸਕ੍ਰਿਤ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ—ਵਿਰੱਕਤ, ਜੋ ਵਿਅਕਤੀ ਸੰਸਾਰਕ ਬੰਧਨਾਂ ਤੋਂ ਮੁਕਤ ਹੋਵੇ। ਪ੍ਰਾਚੀਨ ਕਾਲ ਵਿਚ ਆਸ਼ਰਮ ਵਿਵਸਥਾ ਦੇ ਚਾਰ ਵਿਕਾਸ ਕ੍ਰਮਾਂ ਵਿੱਚੋਂ ਤੀਜਾ ਬਾਨਪ੍ਰਸਥ ਸੀ। ਮਨੁ ਸਿਮ੍ਰਤੀ (6/1-2) ਅਨੁਸਾਰ ਵਿਅਕਤੀ ਨੂੰ ਸੰਸਾਰਕ ਕਾਰਜਾਂ ਤੋਂ ਉਦਾਸੀਨ ਹੋਏ ਤਪ, ਵੇਦ ਅਧਿਐਨ, ਯੱਗ ਦਾਨ ਆਦਿ ਕਰਕੇ ਬਨ ਵਿਚ ਜੀਵਨ ਬਿਤਾਉਣਾ ਚਾਹੀਦਾ ਹੈ। ਬਾਨਪ੍ਰਸਥ ਦੀ ਅਵਧੀ ਸਮਾਪਤ ਹੋਣ ਤੋਂ ਬਾਅਦ ਸੰਨਿਆਸ ਆਸ਼ਰਮ ਵਿਚ ਪ੍ਰਵੇਸ਼ ਕਰਨਾ ਚਾਹੀਦਾ ਹੈ। ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :

> "ਗੁਰੂਕੁਲ ਵਿਚ ਵਿੱਦਿਆ ਪ੍ਰਾਪਤੀ ਤੋਂ ਬਾਅਦ ਗ੍ਰਿਹਸਥ ਆਸ਼ਰਮ ਦਾ ਭੋਗ ਕਰਕੇ ਸਨਾਤਕ ਅੱਗੇ ਦੱਸੇ ਨਿਯਮਾਂ ਅਨੁਸਾਰ ਜਿਤੇਂਦਰੀਆਂ ਹੋ ਕੇ ਜੰਗਲ ਵਿਚ ਵਾਸ ਕਰੇ।(1)

ਜਿਸ ਵੇਲੇ ਗ੍ਰਿਹਸਥੀ ਦੇ ਚਿਹਰੇ 'ਤੇ ਝੁਰੀਆਂ ਪੈ ਜਾਣ, ਚਿੱਟੇ ਵਾਲ ਆ ਜਾਣ ਅਤੇ ਪੋਤੇ ਦਾ ਮੂੰਹ ਵੇਖ ਲਵੇ, ਤਦ ਬਾਨਪ੍ਰਸਥ ਆਸ਼ਰਮ ਵਿਚ ਪ੍ਰਵੇਸ਼ ਕਰ ਲਵੇ।(2)

ਆਪਣੀ ਤਪੱਸਿਆ ਸਿਧੀ ਲਈ ਬਾਨਪ੍ਰਸਥੀ ਗਰਮੀ ਦੀ ਰੁੱਤ ਵਿਚ ਪੰਜ ਅਗਨੀਆਂ ਦਾ ਸੇਵਨ ਕਰੇ। ਚਾਰੇ ਦਿਸ਼ਾਵਾਂ ਵਿਚ ਚਾਰ ਧੂਣੀਆਂ ਲਗਾ ਕੇ ਵਿਚਾਲੇ ਬੈਠ ਜਾਣਾ ਅਤੇ ਉਪਰੋਂ ਦੁਪਹਿਰ ਦੇ ਸੂਰਜ ਦੀ ਗਰਮੀ ਨੂੰ ਸਹਿਣ ਕਰਨਾ ਪੰਚਾਗਨੀਆਂ ਦਾ ਸੇਵਨ ਕੀਤਾ ਮੰਨਿਆ ਜਾਂਦਾ ਹੈ। ਜੇਕਰ ਵਰਖਾ ਰੁੱਤ ਹੋਵੇ ਤਾਂ ਅਜਿਹੀ ਥਾਂ ਬੈਠਣਾ ਚਾਹੀਦਾ ਹੈ, ਜਿਥੇ ਸਾਰਾ ਮੀਂਹ ਉਪਰ ਹੀ ਪਵੇ ਅਤੇ ਸਰਦੀ ਦੇ ਮੌਸਮ ਵਿਚ ਗਿੱਲਾ ਕੱਪੜਾ ਧਾਰਨ ਕਰਨਾ ਚਾਹੀਦਾ ਹੈ।(23)

ਆਪਣੀ ਉਮਰ ਦੇ ਇਸ ਤੀਸਰੇ ਭਾਗ ਨੂੰ ਤਪੱਸਿਆ ਦੁਆਰਾ ਜੰਗਲ ਵਿਚ ਪੂਰਾ ਕਰੇ। ਚੌਥੇ ਭਾਗ ਵਿਚ ਸਭ ਪ੍ਰਕਾਰ ਦੇ ਵਿਸ਼ਿਆਂ ਨੂੰ ਤਿਆਗ ਕੇ ਸੰਨਿਆਸ ਆਸ਼ਰਮ ਦਾ ਪਾਲਣ ਕਰੇ। ਸੌ ਸਾਲ ਦੀ ਉਮਰ ਦੇ ਚਾਰ ਭਾਗ—ਬ੍ਰਹਮਚਾਰੀ, ਗ੍ਰਿਹਸਥ, ਬਾਨਪ੍ਰਸਥ ਅਤੇ ਸੰਨਿਆਸ ਆਸ਼ਰਮ ਹਨ। ਹਰ ਆਸ਼ਰਮ ਦਾ ਸਮਾਂ 25-25 ਸਾਲ ਮੰਨਿਆ ਗਿਆ ਹੈ।(33)"

ਸਿੱਖ ਪੰਥ ਵਿਸ਼ਵ ਕੋਸ਼ ਵਿਚ ਉਦਾਸੀ ਦੇ ਅਰਥ ਇਸ ਪ੍ਰਕਾਰ ਕੀਤੇ ਗਏ ਹਨ—'ਉਦਾਸੀ' ਸੰਸਕ੍ਰਿਤ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ—ਵਿਰੱਕਤ, ਜੋ ਵਿਅਕਤੀ ਸੰਸਾਰਕ ਬੰਧਨਾਂ ਤੋਂ ਮੁਕਤ ਹੋਵੇ।

ਕਾਨੂੰਨੀ ਵਿਸ਼ਾ ਕੋਸ਼ ਵਿਚ ਉਦਾਸੀ ਦਾ ਅਰਥ ਹੈ—ਸੰਸਾਰਕ ਗੱਲਾਂ ਤੋਂ ਪੂਰੀ ਤਰ੍ਹਾਂ ਉਦਾਸੀਨ ਲੋਕਾਂ ਦਾ ਫ਼ਿਰਕਾ। ਇਸ ਫ਼ਿਰਕੇ ਦਾ ਬਾਨੀ ਗੁਰੂ ਨਾਨਕ ਦੇਵ ਜੀ ਦੇ ਬੇਟੇ ਸ੍ਰੀ ਚੰਦ ਮੰਨਿਆ ਜਾਂਦਾ ਹੈ।

ਸਿੱਖ ਧਰਮ ਵਿਸ਼ਵ ਕੋਸ਼ ਅਨੁਸਾਰ, "ਸਿੱਖਾਂ ਦੀ ਇਕਾਂਤਵਾਸੀ ਤਿਆਗੀ ਸੰਪ੍ਰਦਾਇ, ਜਿਸ ਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ (1494 ਈ.-1592 ਈ.) ਨੇ ਕੀਤੀ ਸੀ। 'ਉਦਾਸੀ' ਸੰਸਕ੍ਰਿਤ ਦੇ ਸ਼ਬਦ 'ਉਦਾਸੀਨ' ਤੋਂ ਲਿਆ ਗਿਆ ਹੈ। ਜਿਸ ਦਾ ਅਰਥ ਹੈ—ਆਤਮ ਸੰਜਮੀ ਜਾਂ ਸਾਧੂ ਅਰਥਾਤ ਉਹ ਮਨੁੱਖ ਜੋ ਸੰਸਾਰਕ ਮੋਹ ਮਾਇਆ ਤੋਂ ਵਿਰੱਕਤ ਜਾਂ ਬੇਪ੍ਰਵਾਹ ਹੈ। ਸਿੱਖ ਪਰੰਪਰਾ ਵਿਚ 'ਉਦਾਸੀ' ਸ਼ਬਦ ਦੀ ਵਰਤੋਂ ਗੁਰੂ ਨਾਨਕ ਜੀ ਦੀਆਂ ਧਰਮ ਪ੍ਰਚਾਰ ਲਈ ਕੀਤੀਆਂ ਚਾਰ ਯਾਤਰਾਵਾਂ ਲਈ ਵੀ ਕੀਤੀ ਗਈ ਹੈ। ਇਸ ਦੇ ਅਨੁਸਾਰ ਉਦਾਸੀ ਦਾ ਅਰਥ ਆਪਣੇ ਘਰ ਤੋਂ ਲੰਮੇ ਸਮੇਂ ਲਈ ਦੂਰ ਰਹਿਣਾ ਹੈ। ਉਦਾਸੀ ਸਾਧੂਆਂ ਸਮੇਤ ਕਈ ਵਿਦਵਾਨ ਇਸ ਸੰਪ੍ਰਦਾਇ ਦਾ ਮੁੱਢ ਪੌਰਾਣਿਕ ਕਾਲ ਨਾਲ ਵੀ ਸੰਬੰਧਿਤ ਮੰਨਦੇ ਹਨ। ਪਰੰਤੂ ਇਤਿਹਾਸਕ ਤੌਰ 'ਤੇ ਬਾਬਾ ਸ੍ਰੀ ਚੰਦ ਇਸ ਦੇ ਬਾਨੀ ਸਨ।

ਪੰਜਾਬੀ ਵਿਸ਼ਵ ਕੋਸ਼ ਜਿਲਦ ਪਹਿਲੀ, ਭਾਸ਼ਾ ਵਿਭਾਗ ਪੰਜਾਬ ਵਿਚ 'ਉਦਾਸੀ' ਸ਼ਬਦ ਬਾਰੇ ਇਉਂ ਟਿੱਪਣੀ ਕੀਤੀ ਗਈ ਹੈ ਕਿ ਇਹ ਸ਼ਬਦ ਮੂਲ ਰੂਪ ਵਿਚ ਉਦਾਸੀਨ (ਉਦ + ਆਸੀਨ = ਉਪਰ ਬੈਠਾ) ਹੈ। ਇਸ ਦਾ ਅਰਥ ਹੈ: ਮੋਹ

ਮਾਇਆ ਤੋਂ ਉਪਰ ਉਠਣ ਵਾਲਾ ਵਿਰੱਕਤ ਸਾਧੂ। ਪਰ ਇਹ ਸ਼ਬਦ ਨਾਨਕਸ਼ਾਹੀ ਸਾਧੂਆਂ ਲਈ ਰੂੜ੍ਹ ਹੋ ਗਿਆ ਹੈ। ਉਦਾਸੀ ਸੰਪ੍ਰਦਾ ਦੇ ਪੈਰੋਕਾਰਾਂ ਦਾ ਵਿਸ਼ਵਾਸ ਹੈ ਕਿ ਇਸ ਮੱਤ ਦਾ ਮੁੱਢ ਓਅੰਕਾਰ ਤੋਂ ਬੱਝਾ ਸੀ। ਫੇਰ ਬਾਬਾ ਸ੍ਰੀ ਚੰਦ ਜੀ (1494 ਈ.-1592 ਈ.) ਨੇ ਉਦਾਸੀ ਮੱਤ ਦਾ ਚੰਗੀ ਤਰ੍ਹਾਂ ਸੰਗਠਨ ਕੀਤਾ। ਬਾਬਾ ਸ੍ਰੀ ਚੰਦ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਸਨ ਅਤੇ ਇਨ੍ਹਾਂ ਨੇ ਆਪਣੇ ਵਿਰੱਕਤ ਜੀਵਨ ਦੇ ਲੰਮੇ ਸਮੇਂ ਵਿਚ ਇਸ ਮੱਤ ਦਾ ਪ੍ਰਚਾਰ ਕੀਤਾ।

'ਉਦਾਸੀ' ਸ਼ਬਦ ਦੇ ਲਗਪਗ ਸਾਰੇ ਹੀ ਕੋਸ਼ਾਂ ਨੇ ਮਿਲਦੇ-ਜੁਲਦੇ ਅਰਥ ਕੀਤੇ ਹਨ। *ਬਾਲ ਵਿਸ਼ਵ ਕੋਸ਼* ਅਨੁਸਾਰ ਉਦਾਸੀ ਸਿੱਖਾਂ ਦੀ ਇਕ ਪ੍ਰਸਿੱਧ ਸੰਪ੍ਰਦਾਇ ਹੈ, ਜਿਸ ਦੇ ਬਾਨੀ ਗੁਰੂ ਨਾਨਕ ਸਾਹਿਬ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਸਨ। 'ਉਦਾਸੀ' ਸ਼ਬਦ ਦੇ ਕੋਸ਼ਗਤ ਅਰਥ ਹਨ: ਉਦਾਸ, ਬੇਲਾਗ, ਅਪਰਿਚਿਤ, ਸੰਨਿਆਸੀ, ਨਿਰਪੱਖ ਇੱਛਾ ਰਹਿਤ, ਉਪਰਾਮ ਆਦਿ। ਪਰੰਤੂ ਉਦਾਸੀ ਵਿਦਵਾਨਾਂ ਅਨੁਸਾਰ ਇਸ ਸ਼ਬਦ ਦੇ ਅਰਥ ਹਨ : ਉਹ ਵਿਰੱਕਤ ਸਾਧੂ, ਜੋ ਬ੍ਰਹਮ ਵਿਚ ਸਥਿਤ ਹੋ ਗਿਆ ਹੋਵੇ। ਗੁਰਮਤਿ ਵਿਚ ਗ੍ਰਿਹਸਥ ਵਿਚ ਰਹਿੰਦਿਆਂ ਵਿਰੱਕਤ ਰਹਿਣ ਵਾਲੇ ਵਿਅਕਤੀ ਨੂੰ ਉਦਾਸੀ ਆਖਿਆ ਜਾਂਦਾ ਹੈ।

ਗੁਰਮਤਿ ਮਾਰਤੰਡ ਵਿਚ ਭਾਈ ਕਾਨ੍ਹ ਸਿੰਘ ਨਾਭਾ 'ਉਦਾਸੀ' ਦੀ ਪਰਿਭਾਸ਼ਾ ਇਸ ਤਰ੍ਹਾਂ ਦਿੰਦੇ ਹਨ : ਜਗਤ ਤੋਂ ਉਦਾਸੀਨ ਹੋ ਕੇ ਘਰ ਬਾਰ ਤਿਆਗਣ ਵਾਲੇ ਦਾ ਨਾਮ ਉਦਾਸੀ ਨਹੀਂ, ਸਗੋਂ ਸਭ ਕੁਝ ਕਰਦਾ ਹੋਇਆ ਵੀ ਜੋ ਮਨ ਨੂੰ ਮਾਇਆ ਵਿਚ ਖਚਿਤ ਨਹੀਂ ਕਰਦਾ, ਗੁਰਮਤਿ ਵਿਚ ਉਸ ਦੀ ਉਦਾਸੀ ਸੰਗਯਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਤ ਜਲੰਦੇ ਨੂੰ ਸ਼ਾਂਤ ਦੇਣ ਲਈ ਦੇਸਾਂਤਰੀ ਵਿਚਰਣ ਵਾਸਤੇ ਸੰਤ ਬਾਣਾ ਧਾਰਨ ਕੀਤਾ, ਅਰ ਜਿਸ ਲਿਬਾਸ ਨੂੰ ਬਾਬਾ ਸ੍ਰੀ ਚੰਦ ਜੀ ਨੇ ਅੰਗੀਕਾਰ ਕਰ ਕੇ ਪ੍ਰਚਾਰਕਾਂ (ਉਦਾਸੀ) ਦੀ ਜਮਾਤ ਬਣਾਈ, ਉਸ ਦੀ ਵੀ 'ਉਦਾਸੀ' ਸੰਗਯਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ :

ਬਾਬੇ ਭੇਖ ਬਣਾਇਆ, ਉਦਾਸੀ ਕੀ ਰੀਤਿ ਚਲਾਈ। *(ਵਾਰ 1, ਪਉੜੀ 24)*

ਇਹ ਭੇਖ ਕਿਸੇ ਸਿੱਖ ਸੰਪ੍ਰਦਾ ਦਾ ਹਮੇਸ਼ਾਂ ਲਈ ਬਾਣਾ ਹੀ ਨਾ ਸਮਝਿਆ ਜਾਵੇ, ਇਹ ਦੱਸਣ ਲਈ ਭਾਈ ਸਾਹਿਬ ਲਿਖਦੇ ਹਨ :

ਫਿਰਿ ਬਾਬਾ ਆਇਆ ਕਰਤਾਰ ਪੁਰਿ, ਭੇਖੁ ਉਦਾਸੀ ਸਗਲ ਉਤਾਰਾ।
(ਵਾਰ 1, ਪਉੜੀ 38)

ਉਪਰੋਕਤ ਅੰਕਿਤ ਕੀਤੇ 'ਉਦਾਸੀ' ਸ਼ਬਦ ਦੇ ਸਾਰੇ ਅਰਥਾਂ ਦਾ ਨਿਚੋੜ ਇਹ ਹੈ ਕਿ 'ਉਦਾਸੀ' ਸ਼ਬਦ ਸੰਸਕ੍ਰਿਤ ਦਾ ਨਹੀਂ, ਇਹ ਪੰਜਾਬੀ ਦਾ ਹੈ, ਕਿਉਂਕਿ ਇਸ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਜੀ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵੀ ਹੋਈ ਹੈ।

ਗੁਰਦੁਆਰਾ ਐਕਟ ਬਣਨ ਤੋਂ ਬਾਅਦ ਉਦਾਸੀ ਸੰਤਾਂ ਨੇ ਸੰਸਕ੍ਰਿਤ ਵਿੱਚੋਂ ਆਏ ਸ਼ਬਦ ਉਦਾਸੀਨ ਨਾਲ ਆਪਣੇ ਨੂੰ ਜੋੜ ਲਿਆ। ਇਸ ਦੇ ਅੱਖਰੀਂ ਅਰਥ ਅਸੀਂ

ਵੱਖ-ਵੱਖ ਕੋਸ਼ਾਂ ਦੇ ਝਰੋਖੇ ਰਾਹੀਂ ਦੇਖ ਆਏ ਹਾਂ। ਲਗਪਗ ਸਭ ਨੇ ਉਦਾਸੀ ਦੇ ਅਰਥ ਉਪਰਾਮਤਾ ਤੇ ਵਿਰੱਕਤਤਾ ਕੀਤੇ ਹਨ। 'ਉਦਾਸੀਨ' ਵਿਸ਼ੇਸ਼ਣ ਹੈ: ਉਸ ਪ੍ਰਾਣੀ ਦਾ ਜੋ ਦੁਨਿਆਵੀ ਐਸ਼ ਤੇ ਟੱਬਰ ਟੀਹਰ ਦੇ ਮੋਹ ਪਿਆਰ ਤੋਂ ਉਪਰਾਮ (ਵਿਰੱਕਤ) ਯਾ ਬੇਮੁਹਤਾਜ਼ ਹੈ।

ਸੋ ਵਿਆਪਕ ਰੂਪ ਵਿਚ ਉਦਾਸੀਨ ਸ਼ਬਦ ਦਾ ਅਰਥ ਇਸ ਤਰ੍ਹਾਂ ਹੈ ਕਿ ਉਹ ਵਿਅਕਤੀ ਜੋ ਦੁੱਖ-ਸੁੱਖ, ਰਾਗ ਦਵੈਸ਼, ਲੋਭ, ਮੋਹ, ਆਪਣੇ ਪਰਾਏ ਆਦਿ ਦੇ ਸਾਰੇ ਦਵੰਦਾਂ ਤੋਂ ਉਤਾਂਹ ਹੋਵੇ। ਏਨਾ ਹੀ ਨਹੀਂ, ਬਲਕਿ ਜਿਹੜਾ ਆਪਣੇ ਦੁਸ਼ਮਣ ਦੇ ਭਲੇ ਦੀ ਵੀ ਚਿੰਤਾ ਕਰਦਾ ਹੋਵੇ। ਅਜਿਹਾ ਵਿਅਕਤੀ ਹੀ ਸਭ ਤੋਂ ਅਲੱਗ ਤੇ ਸਭ ਤੋਂ ਉੱਚਾ ਹੋ ਸਕਦਾ ਹੈ। ਇਸ ਲਈ ਉਦਾਸੀਨਤਾ ਅਸਲ ਵਿਚ ਉਹ ਵਾਸਤਵਿਕ ਬਿਰਤੀ ਹੈ, ਜੋ ਮਨੁੱਖ ਨੂੰ ਸਮਦ੍ਰਿਸ਼ਟੀ ਪ੍ਰਦਾਨ ਕਰ ਕੇ ਉਸ ਨੂੰ ਸਭ ਤੋਂ ਵੱਖਰਾ, ਸਭ ਤੋਂ ਉੱਚਾ ਪ੍ਰਤਿਸ਼ਠਿਤ ਕਰ ਦੇਂਦੀ ਹੈ।

ਉਦਾਸੀਨ ਦਾ ਅਰਥ—ਅਸਿਆਸਥ ਅਤੇ ਬ੍ਰਹਮ ਸੰਸਥ ਵੀ ਕੀਤਾ ਗਿਆ ਹੈ। ਬ੍ਰਹਮ ਸੰਸਥ ਉਹ ਹੁੰਦਾ ਹੈ, ਜੋ ਸਵਾਰਥ ਛੱਡ ਕੇ ਲੋਕ ਕਲਿਆਣ ਦੀ ਭਾਵਨਾ ਨਾਲ ਸਾਰੇ ਰਾਗ ਦਵੇਸ਼ਾਂ ਤੋਂ ਪਰੇ ਹੋ ਕੇ ਸਭ ਨੂੰ ਆਤਮ ਸਰੂਪ, ਪਰਮਾਤਮਾ ਸਰੂਪ ਅਤੇ ਬ੍ਰਹਮਸਯ ਮੰਨਦਾ ਹੋਵੇ, ਭਾਵ ਉਦਾਸੀਨ ਉਹ ਮਹਾਂਪੁਰਖ ਹੁੰਦਾ ਹੈ, ਜੋ ਆਮ ਲੋਕਾਂ ਦੀ ਨਿਸਬਤ ਕਿਤੇ ਵਧੇਰੇ ਪ੍ਰਤੀ ਸੰਚਿਤ ਹੋਵੇ, ਜੋ ਆਪਣੇ ਚਰਿਤ੍ਰ, ਵਿੱਦਿਆ ਅਤੇ ਬੁਧਿ ਨਾਲ ਲੋਕ ਮੰਗਲਕਾਰ ਜਾਂ ਲੋਕ ਸੰਗ੍ਰਹਿ ਦੀ ਭਾਵਨਾ ਅਤੇ ਸਭ ਪ੍ਰਾਣੀਆਂ ਦੇ ਪਰਉਪਕਾਰ ਵਿਚ ਲੱਗਾ ਰਹਿੰਦਾ ਹੈ। ਉਦਾਸੀਨ ਦੀ ਇਹ ਬਿਰਤੀ ਹੁੰਦੀ ਹੈ ਕਿ ਉਸ ਦਾ ਅੰਤਸ਼ਕਰਣ ਪੂਰੀ ਤਰ੍ਹਾਂ ਸ਼ੁੱਧ ਰਹਿੰਦਾ ਹੈ। ਉਸ ਦੀਆਂ ਸਾਰੀਆਂ ਇੰਦਰੀਆਂ ਉਸ ਦੇ ਵੱਸ ਵਿਚ ਰਹਿੰਦੀਆਂ ਹਨ ਅਤੇ ਉਹ ਲੋਕ ਭਲਾਈ ਦਾ ਕੰਮ ਕਰਦਾ ਹੋਇਆ ਵੀ ਕਿਸੇ ਤਰ੍ਹਾਂ ਉਸ ਵਿਚ ਲਿਪਤ ਨਹੀਂ ਹੁੰਦਾ। ਉਹ ਸੰਸਾਰ ਵਿਚ ਰਹਿੰਦਾ ਹੋਇਆ ਵੀ ਨਿਰਲੇਪ ਰਹਿੰਦਾ ਹੈ। ਇਥੇ ਇਹ ਨਹੀਂ ਸਮਝਣਾ ਚਾਹੀਦਾ ਕਿ ਉਦਾਸੀ ਉਹ ਹੁੰਦਾ ਹੈ, ਜੋ ਸਾਰੇ ਸੰਸਾਰ ਤੋਂ ਵਿਰੱਕਤ ਹੋ ਕੇ ਏਕਾਂਤਵਾਸ ਹੋ ਕੇ ਕਿਸੇ ਜੰਗਲ ਵਿਚ, ਪਹਾੜਾਂ ਦੀਆਂ ਕੰਦਰਾਂ ਵਿਚ ਤਪ ਕਰਦਾ ਹੈ। ਉਦਾਸੀ ਉਹ ਮਨੋਵਿਰਤੀ ਹੈ, ਜਿਸ ਵਿਚ ਪਹੁੰਚਿਆ ਵਿਅਕਤੀ ਸੰਸਾਰ ਦੇ ਕਿਸੇ ਵੀ ਵਿਅਕਤੀ ਜਾਂ ਮਾਇਕ ਪਦਾਰਥ ਨਾਲ ਨਾ ਕਿਸੇ ਤਰ੍ਹਾਂ ਦਾ ਰਾਗ ਰੱਖਦਾ ਹੈ, ਨਾ ਦਵੇਸ਼। ਉਹ ਸਵਾਰਥ ਦਾ ਤਿਆਗ ਕਰ ਕੇ ਸਭ ਦੇ ਕਲਿਆਣ ਵਿਚ ਲੱਗਿਆ ਰਹਿੰਦਾ ਹੈ।

ਉਦਾਸੀਨ ਦਾ ਅਰਥ ਅਧਿਆਤਮਕ ਦ੍ਰਿਸ਼ਟੀ ਤੋਂ ਉੱਚਾ ਉਠਿਆ ਹੋਇਆ ਵਿਅਕਤੀ ਹੈ। ਉਸ ਦੇ ਸੰਚਾਲਕ ਬ੍ਰਹਮਾ ਦੇ ਮਾਨਸ ਪੁੱਤਰ ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ ਹਨ। ਇਹ ਵੇਦਾਂਤ ਸ਼ਾਸਤਰ ਵਿਚ ਨਿਪੁੰਨ ਅਤੇ ਪ੍ਰਿਥੂ ਜਿਹੇ ਸਮਰਾਟਾਂ ਨੂੰ ਬ੍ਰਹਤ ਤੱਤ ਦਾ ਉਪਦੇਸ਼ ਦਿਆ ਕਰਦੇ ਸਨ। ਸ਼ਿਵ ਸਰੂਪ ਭਗਵਾਨ ਸ੍ਰੀ ਸ਼ੰਕਰਾਚਾਰੀਆ ਇਕ ਪਰੰਪਰਾ ਦੇ ਪੁਨਰ ਸਥਾਪਕ ਹਨ। ਇਹ ਨਿਰਗੁਣ ਅਤੇ ਸਰਗੁਣ ਦੇ ਸਿਧਾਂਤ ਦੀ ਸਥਾਪਨਾ ਕਰਨ ਵਾਲੇ ਅਚਾਰਯ ਹਨ। ਉਨ੍ਹਾਂ ਦੀ ਮਨੌਤ ਹੈ ਕਿ ਭਗਤੀ ਗਿਆਨ ਦੇ ਸੁਮੇਲ ਤੋਂ ਹੀ ਮਨੁੱਖ ਨੂੰ ਮੋਖ ਦੀ ਪ੍ਰਾਪਤੀ ਹੋ ਸਕਦੀ ਹੈ।

ਅਸੀਂ ਇਸ ਚਰਚਾ ਨੂੰ ਹੋਰ ਅੱਗੇ ਵਧਾਉਂਦੇ ਹਾਂ ਤਾਂ ਜੁ ਕਿ ਹੋਰ ਸਪੱਸ਼ਟੀਕਰਨ ਹੋ ਸਕੇ। ਉਦਾਸੀਨ ਦੇ ਅਰਥ ਨੂੰ ਤਕਨੀਕੀ ਤੌਰ 'ਤੇ ਦੇਖਿਆ ਜਾਵੇ ਤਾਂ ਇਸ ਦਾ ਅਰਥ ਹੈ : ਚੋਣ ਰਹਿਤ (ਨਿਊਟਰਲ), ਪੱਖਪਾਤ ਹੀਣ, ਨਿਰਦਵੰਦ ਦਵੈਤ ਤੇ ਦਵੰਤ ਤੋਂ ਨਿਰਲੇਪ। ਦਵੈਤ ਤੇ ਦਵੰਦ ਤਾਂ ਆਮ ਸੰਸਾਰੀ ਲੋਕਾਂ ਜੀਵਾਂ ਲਈ ਹਨ। ਸੰਤ ਤਾਂ ਪਾਪ-ਪੁੰਨ ਦੀ ਦ੍ਰਿਸ਼ਟੀ ਤੋਂ ਅਕਰਤਾ ਰਾਗ ਵਿਰਾਗ ਦੀ ਦਿਸ਼ਾ ਵਿਚ ਵੀਤਰਾਗ ਅਪੇਖਿਆ-ਉਪੇਖਿਆ ਦੀ ਨਜ਼ਰ ਵਿਚ ਨਿਰਪੱਖ ਦੁੱਖ-ਸੁੱਖ ਮਾਨ-ਅਪਮਾਨ ਲਾਭ ਹਾਨ ਵਿਚ ਸਮ ਪਰਵਿਰਤੀ ਨਿਵਰਤੀ ਬਿਪਦਾ ਸੰਪਦਾ ਵਿਚ ਰਾਗ ਦਵੈਸ਼ ਦੀ ਅਵਸਥਾ ਵਿਚ ਅਸੰਗ ਰਹਿੰਦਾ ਹੈ, ਜਿਸ ਨੂੰ ਬ੍ਰਹਮ ਦਾ ਲੱਛਣ ਦੱਸਿਆ ਹੈ :

ਅਸੰਗੋ ਹਯਯੰ ਪੁਰਸ: ਅਸੰਗੋ ਹਿ ਨ ਸੱਜਤੇ।
ਬ੍ਰਹਮਵਿਦ ਬ੍ਰਹਮੈਵ ਹਯਯੰ ਭਵਤਿ॥

ਬ੍ਰਹਮ ਗਿਆਨ ਬ੍ਰਹਮ ਦੀ ਤਰ੍ਹਾਂ ਸੰਸਾਰ ਵਿਚ ਆਸ਼ਕਤ ਨਹੀਂ ਹੁੰਦਾ। ਸੰਤ ਦਾ ਹਿਰਦਾ ਸ਼ੀਸ਼ੇ ਵਾਂਙ ਸਾਫ਼ ਸਵੱਛ ਨਿਰਮਲ ਨਿਰਲੇਪ ਰਹਿੰਦਾ ਹੈ ਅਤੇ ਸੰਸਾਰੀ ਦਾ ਮਨ ਫੋਟੋ ਪਲੇਟ ਵਾਂਙ ਹੁੰਦਾ ਹੈ, ਜਿਸ ਉਪਰ ਇਕ ਉਕਰਿਆ ਚਿੱਤਰ ਮਿਟ ਨਹੀਂ ਸਕਦਾ। ਜਦੋਂ ਤਕ ਉਸ ਨੂੰ ਗਿਆਨ ਜਲ ਰਾਹੀਂ ਧੋ ਨਾ ਦਿੱਤਾ ਜਾਵੇ। ਇਸੇ ਲਈ ਵਸ਼ਿਸ਼ਠ ਜੀ ਨੇ ਭਗਵਾਨ ਰਾਮ ਜੀ ਨੂੰ ਆਖਿਆ ਸੀ :

ਨੀਰਾਗਾ: ਛਿੰਨ ਸੰਦੇਹਾ: ਗਲਿਤ ਗ੍ਰੰਥਯੋ ऽਨਘ।
ਸਾਧਵੋ ਯਾਦਿ ਵਿਦਅੰਤੰ ਕਿ ਤਪ: ਤੀਰਥ ਸੰਗ੍ਰਹੈ॥

ਨਿਸ਼ਪਾਪ ਰਾਮ ਜੀ, ਜੇ ਅਭਿਜ, ਨਿਰਸੰਦੇਹ ਕਾਮਨਾ ਦੀਆਂ ਗੰਢਾਂ ਤੋਂ ਮੁਕਤ ਸੰਤ ਦੇ ਦਰਸ਼ਨ ਹੋ ਜਾਣ ਤਾਂ ਫਿਰ ਤਪ ਅਤੇ ਤੀਰਥਾਂ ਦੀ ਕੀ ਲੋੜ ਹੈ ?

ਅਯਤਨ ਸਾਥਯੰ ਮੁਨਯੋ ਵਦੰਤਿ ਯੇ ਚਾਪਿ ਮੁਕਤਾਸਤ ਉਪਾਧਿ ਤਵੱਯਾ।
ਤਵੱਯਾ ਚ ਲੋਕੇਨ ਚ ਸਾਮਰੇਣ ਤਸਮਾਨ ਮਾਮਿ ਮਹਰਿਸ਼ੀ ਸਿੱਧ ਸੰਘਨ॥

(ਸਾਂਤਿ 289-13)

'ਨਿਰਵਾਣ' ਸ਼ਬਦ ਦਾ ਅਰਥ ਹੀ ਨਿਸ਼ਕਾਮ ਸ਼ਾਂਤ ਹੈ ਅਤੇ ਵਿਦਿਯਾ, ਅਗਿਆਨ, ਸੰਸੇ ਅਤੇ ਤਿੰਨ ਤਾਪ ਤੋਂ ਮੁਕਤ ਪ੍ਰਤੀਤ ਹੁੰਦਾ ਹੈ। ਜੀਵ ਆਤਮਾ ਪਰਮਾਤਮਾ ਅਤੇ ਬ੍ਰਹਮ ਵਿਚ ਚੇਤਨ ਅੰਸ਼ ਤਾਂ ਬਰਾਬਰ ਉਹੀ ਹੈ, ਪਰ ਬ੍ਰਹਮ ਜਦ ਕਾਮਨਾ, ਵਾਸ਼ਨਾ, ਸੰਕਲਪ, ਇਛਿਆ ਦੇ ਵੱਸ ਹੋ ਕੇ ਪਰਾਧੀਨ ਹੋਇਆ ਮਾਇਆ ਦੇ ਖੇਤਰ ਵਿਚ ਦੌੜਨ ਲੱਗਦਾ ਹੈ ਤਾਂ ਉਸ ਨੂੰ ਜੀਵ ਆਤਮਾ ਆਖਿਆ ਜਾਂਦਾ ਹੈ। ਨਿਸ਼ਕਾਮ ਨਿਰਸੰਕਲਪ ਆਤਮਾ ਰਾਮ ਹੋਣ ਦਾ ਤੇ ਸ਼ਾਂਤ ਬ੍ਰਹਮ ਨਿਰਵਾਣ ਪਦ ਸ਼ਾਂਤ ਬ੍ਰਹਮ ਦਾ ਸਮਰੂਪ ਉਪਾਧੀ ਜਾਂ ਵਿਸ਼ੇਸ਼ਣ ਅਤੇ ਲਖਾਇਕ ਹੈ। ਇਸੇ ਲਈ ਸਾਖਿਆਤ ਬ੍ਰਹਮ ਸਰੂਪ ਭਗਵਾਨ ਕ੍ਰਿਸ਼ਨ ਬ੍ਰਹਮ ਦੇ ਨਾਲ 'ਨਿਰਵਾਣ' ਸ਼ਬਦ ਦਾ ਉਚਾਰਣ ਕਰਦੇ ਥੱਕਦੇ ਨਹੀਂ :

ਯੋ ऽਤ ਮੁਖੋ ऽਤਾਂ ਰਾਮ ਸਤਯੰਤ ਜਯੋਤਿਰੇਵ ਯ:
ਸ ਯੋਗਿ ਬ੍ਰਹਮ ਨਿਰਵਾਣ ਮ੍ਰਸ਼ਯ: ਕਸ਼ੀਵ ਕਲਮਸ਼ਾ:
ਛਿੰਨ ਦਵੈਧਾ ਯਤਾਤਮਾਨ: ਸਰਵ ਭੂਤ ਹਿਤੇਰਤਾ:। *(ਗੀਤਾ 5:25)*

ਯੋ ऽਤ: ਸੁਖੋ ऽਤਾਂ ਰਾਮ ਸਤਯਾਂਤ ਜਯੋਤਿਰੇਵ ਯ:
ਸ ਯੋਗੀ ਬ੍ਰਹਮ ਨਿਰਵਾਣੰ ਬ੍ਰਹਮ ਭੂਤੋ ਧਿਰੱਛਤਿ॥ *(ਗੀਤਾ 5:24)*

ਸੋ ਸਾਨੂੰ ਇਹ ਗਿਆਤ ਹੁੰਦਾ ਹੈ ਕਿ 'ਉਦਾਸੀਨ' ਸ਼ਬਦ ਬਹੁ-ਅਰਥੀ ਸ਼ਬਦ ਹੈ। ਸਾਧਾਰਨ ਰੂਪ ਵਿਚ ਇਸ ਦਾ ਅਰਥ ਵਿਰੱਕਤ, ਨਿਰਪੱਖ ਸੰਨਿਆਸੀ ਬੈਰਾਗੀ ਪੰਚ ਅਤੇ ਤੀਜਾ ਵਿਅਕਤੀ ਹੈ। 'ਉਦਾਸੀਨ' ਸ਼ਬਦ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ : ਉਦ + ਆਸੀਨ। ਉਦ ਦਾ ਅਰਥ ਹੈ : ਸਰਬ ਉੱਚੇ ਥਾਂ 'ਤੇ ਸਥਿਤ ਹੈ ਜਾਂ ਉੱਚੇ ਅਸਥਾਨ ਉਪਰ ਬੈਠਿਆ ਹੋਇਆ ਹੈ, ਉਸ ਨੂੰ ਉਦਾਸੀਨ ਆਖਦੇ ਹਨ। ਧਰਮ ਦੇ ਤਿੰਨ ਹਿੱਸੇ ਹੁੰਦੇ ਹਨ :

1. ਪਹਿਲਾ ਵੇਦ ਪੜ੍ਹਨਾ, ਯੱਗ ਕਰਨਾ ਅਤੇ ਦਾਨ ਦੇਣਾ ਆਦਿ।
2. ਤਪੱਸਿਆ।
3. ਤੀਸਰਾ ਬ੍ਰਹਮਚਾਰੀ ਰੂਪ ਵਿਚ ਗੁਰੂ ਜੀ ਦੇ ਘਰ ਰਹਿ ਕੇ ਉਹਨਾਂ ਦੀ ਨਿਸ਼ਕਾਮ ਸੇਵਾ ਕਰਨੀ।

'ਉਦਾਸੀਨ' ਸ਼ਬਦ ਵਿਆਕਰਣਕ ਦ੍ਰਿਸ਼ਟੀਕੋਣ ਤੋਂ ਦੋ ਸ਼ਬਦਾਂ ਦੇ ਜੋੜ ਮੇਲ ਦਾ ਨਾਮ ਹੈ। ਪਹਿਲਾਂ 'ਉਤੁ' ਤੇ ਦੂਸਰਾ ਅਧੀਨ ਅਰਥਾਤ ਜਿਹੜਾ ਨਾਸ਼ਵਾਨ ਸੰਸਾਰ ਤੋਂ ਉਤਾਂਹ ਉੱਠ ਕੇ ਸ਼ਕਸ਼ਮ ਜਗਤ ਵਿਚ ਨਿਵਾਸ ਰੱਖਦਾ ਹੈ। ਜਿਹੜਾ ਭੋਗਾਂ ਵਾਸ਼ਨਾਵਾਂ ਤੋਂ ਰਹਿਤ ਹੈ, ਜਿਹੜਾ ਹਰ ਸਮੇਂ ਪਰਮਾਤਮਾ ਦੇ ਧਿਆਨ ਵਿਚ ਲੀਨ ਰਹਿੰਦਾ ਹੈ, ਜਿਹੜਾ ਊਚ-ਨੀਚ ਦੇ ਭੇਦ-ਭਾਵ ਤੋਂ ਬਹੁਤ ਉਤਾਂਹ ਹੈ, ਜਿਹੜਾ ਭਗਵਾਨ ਦੀ ਪ੍ਰਕਿਰਤੀ ਤੇ ਕਲਪਨਾ ਸਤਿ ਚਿਤ ਸੁੱਖ ਨੂੰ ਤਿੰਨ ਪ੍ਰਧਾਨ ਤੱਤ ਸਮਝਦਾ ਹੈ। ਸੰਸਕ੍ਰਿਤ ਵਿਚ ਇੰਦਰੀਆਂ ਨੂੰ 'ਖ' ਕਹਿੰਦੇ ਹਨ। ਇੰਦਰੀਆਂ ਦੇ ਜੋ ਅਨੁਕੂਲ ਨਾ ਹੋਵੇ ਉਹ ਹੋ ਗਿਆ 'ਸੁਖ' ਅਤੇ ਜੋ ਇੰਦਰੀਆਂ ਦੇ ਪ੍ਰਤੀਕੂਲ ਹੋਵੇ ਨਾ ਪਸੰਦ ਹੋਵੇ ਉਹ ਹੋ ਗਿਆ ਦੁੱਖ। ਸੁੱਖ ਯਾਨਿ ਕਿ ਇੰਦਰੀਆਂ ਨੂੰ ਪਸੰਦ ਕਰਨ ਵਾਲੀ ਬਿਰਤੀ ਜਾਂ ਸਥਿਤੀ ! ਜਿਹੜਾ ਏਸ ਸਥਿਤੀ ਨੂੰ ਜਾਣਦਾ ਹੋਵੇ ਅਤੇ ਏਸ ਸਥਿਤੀ ਤੋਂ ਉਤਾਂਹ ਹੋਵੇ। ਨਿਰਵਾਣ ਉਦਾਸੀ ਦੀ ਇਕ ਉਪਾਧੀ ਹੈ, ਇਸ ਦਾ ਅਰਥ ਹੈ : ਥੱਕਿਆ ਹੋਇਆ, ਮੋਇਆ ਹੋਇਆ, ਸ਼ਾਂਤ-ਚਿਤ ਮੁਕਤ, ਮੋਕਸ਼, ਛੁਟਕਾਰਾ, ਨਿਵ੍ਰਿਤ ਹਟਣਾ ਤੇ ਵਿਰੱਕਤ।

ਗਿਆਨੀ ਈਸ਼ਰ ਸਿੰਘ ਨਾਰਾ, *ਬਾਬਾ ਸ੍ਰੀ ਚੰਦ ਜੀ ਸਾਹਿਬ ਅਤੇ ਉਦਾਸੀਨ ਸੰਪ੍ਰਦਾਇ* ਵਿਚ ਉਦਾਸੀ ਭੇਖ ਉੱਤੇ ਵਿਚਾਰ ਕਰਦੇ ਹੋਏ ਲਿਖਦੇ ਹਨ ਕਿ ਸੰਨਿਆਸ ਦਾ ਅਰਥ ਭਲੀ ਪ੍ਰਕਾਰ ਤਿਆਗ ਹੈ। ਇਸ ਥੀਂ ਸਾਬਤ ਹੈ ਕਿ ਪਹਿਲੇ ਦੀ ਕਿਸੇ ਗ੍ਰਹਿਣ ਵਸਤੂ ਵੱਲੋਂ ਚਿੱਤ ਉਪ੍ਰਾਮ (ਉਦਾਸ) ਹੋਵੇ, ਤਦ ਪਿੱਛੋਂ ਉਸ ਦਾ ਤਿਆਗ ਹੁੰਦਾ ਹੈ। ਤਾਂ ਤੇ ਸ਼ਾਸਤਰ ਉਕਤ—1. ਬ੍ਰਹਮਚਰਯ, 2. ਗ੍ਰਿਹਸਤ, 3. ਬਾਨਪ੍ਰਸਤ ਅਤੇ 4. ਸੰਨਿਆਸ ਆਸ਼ਰਮ ਵਿੱਚੋਂ ਤੁਹਾਡੇ ਕਹੇ ਮੁਤਾਬਿਕ ਫੇਰ ਸਭ ਥੀਂ ਪਹਿਲੇ ਸੰਨਿਆਸ ਨਹੀਂ, ਬਲਕਿ ਗ੍ਰਿਹਸਤ ਹੈ, ਕਿਉਂਕਿ ਨਿਰਗੁਣ ਬ੍ਰਹਮ (ਕਰਤਾ ਪੁਰਖ) ਨੇ ਸਭ ਥੀਂ ਪਹਿਲੇ ਮਾਇਆ (ਸ਼ਕਤੀ) ਸਬਲ ਹੁੰਦਿਆਂ ਹੀ ਸੰਸਾਰ ਦੀ ਰਚਨਾ ਕੀਤੀ।

ਜਿਸ 'ਤੇ ਉਹਦੀ ਇੱਛਾ ਅਨੁਸਾਰ ਹੀ ਖੀਰ ਸਮੁੰਦਰ ਵਿੱਚੋਂ ਸਭ ਥੀਂ ਪਹਿਲੇ ਲੱਛਮੀ ਸਣੇ ਸ੍ਰੀ ਵਿਸ਼ਨੂੰ ਭਗਵਾਨ ਦਾ ਪ੍ਰਕਾਸ਼ ਹੋਇਆ। ਫੇਰ ਬ੍ਰਹਮਾ, ਸਿਵ ਆਦਿ ਦੇਵਤੇ ਸਾਰੇ ਗ੍ਰਿਹਸਤੀ ਹੋਏ। ਐਸੇ ਹੀ ਪਸ਼ੂ-ਪੰਛੀ, ਕੀੜੇ-ਕਿਰਮ ਵ ਜਲ ਥਲ ਦੇ ਜੀਵ-ਜੰਤ ਅਤੇ ਦੈਂਤ ਰਾਕਸ਼ ਤੇ ਮਨੁੱਖ ਜਾਤੀ ਦੇ ਸਾਰੇ ਹੀ 'ਨਰ ਮਾਦੀ' ਦਾ ਇਸਤਰੀ-ਪੁਰਸ਼ ਜੋੜਾ ਰੂਪ ਵਿਚ ਪੈਦਾ ਹੋਇਆ। ਜੋ ਇਕ ਦੂਜੇ ਨਾਲ ਕਿਸੇ ਨਾ ਕਿਸੇ ਖ਼ਾਹਿਸ਼ ਵਿਚ ਬੱਧੇ ਜਾਂ ਗ੍ਰਸੇ ਹੋਏ ਗ੍ਰਿਹਸਥੀ ਸਨ। ਜਿਸ ਤੋਂ ਸਭ ਤੋਂ ਪਹਿਲੇ ਦਾ ਗ੍ਰਿਹਸਥ ਧਰਮ ਹੈ, ਸੰਨਿਆਸ ਨਹੀਂ।

ਬਾਬਾ ਸ੍ਰੀ ਚੰਦ ਜੀ ਨੇ ਕਿਹਾ ਕਿ ਸਾਡੀ ਵਿਚਾਰ ਤਾਂ ਇਹ ਹੈ ਕਿ ਜਿਸ ਦਿਨ ਥੀਂ 'ਕਰਤਾ ਪੁਰਖ' ਨੇ ਸ੍ਰਿਸ਼ਟੀ ਸਾਜੀ ਹੈ, ਸਾਰਿਆਂ ਦੇ ਜੀਵ-ਆਤਮਾ ਹੱਡ ਮਾਸ ਦੇ ਪਿੰਜਰੇ (ਸਰੀਰ) ਵਿਚ ਗ੍ਰਸੀ ਹੋਈ ਹੀ ਜਨਮੀ ਤੇ ਥੋੜ੍ਹਾ ਬਹੁਤ ਸਰੀਰਕ ਲੋੜਾਂ ਕਰ ਕੇ ਸਦਾ ਗ੍ਰਸੀ ਰਹਿੰਦੀ ਹੈ। ਕੋਈ ਇਸਤਰੀ ਸਮੇਤ ਪਰਿਵਾਰੀ ਹੋ ਕੇ ਗ੍ਰਸਿਆ ਗ੍ਰਿਹਸਥੀ ਹੈ। ਇਸ ਲਈ ਸਭ ਤੋਂ ਆਦਿ 'ਗ੍ਰਿਹਸਥ ਹੀ ਪ੍ਰਧਾਨ ਹੈ'। ਭਾਈ ਗੁਰਦਾਸ ਜੀ ਵੀ ਕਬਿੱਤ ਵਿਚ ਲਿਖਦੇ ਹਨ: "ਸਕਲ ਧਰਮ ਮੈ ਗ੍ਰਿਹਸਤ ਪ੍ਰਧਾਨ ਹੈ।" ਪਰ ਹੈਰਾਨੀ ਦੀ ਗੱਲ ਇਹ ਹੈ ਕਿ ਪਸ਼ੂ-ਪੰਛੀ ਅਤੇ ਜਲ-ਥਲ ਦੇ ਸਾਰੇ ਜੀਵ-ਜੰਤ ਆਪਣੇ ਆਪਣੇ ਗ੍ਰਿਹਸਥੀਪਣ ਦੇ ਦੁਕਰਤੀ ਨਿਯਮਾਂ ਵਿਚ ਰਹਿੰਦੇ ਅਤੇ ਖਾਣਾ, ਸੌਣਾ ਅਤੇ ਸੂਣਾਂ ਵ ਬੱਚਿਆਂ ਦੀ ਪਿਆਰ ਨਾਲ ਪਾਲਣਾ-ਪੋਸਣਾ ਕਰਦੇ ਆ ਰਹੇ ਹਨ। ਇਨ੍ਹਾਂ ਵਿਚ ਨਾ ਕੋਈ ਜੋਗੀ, ਸੰਨਿਆਸੀ ਨਾ ਹੋਰ ਕੁਝ ਹੈ, ਪਰ ਇਕ ਮਨੁੱਖ ਹੀ ਐਸਾ ਹੈ, ਜੋ ਆਪਣੇ ਆਪ ਨੂੰ ਸਾਰੀ ਜੋਨੀਆਂ ਥੀਂ ਉੱਤਮ ਜਾਣਦਾ ਹੋਇਆ ਵੀ ਗ੍ਰਿਹਸਤ ਦੇ ਦੁੱਖਾਂ ਜਾਂ ਬੱਚਿਆਂ ਦੇ ਪਾਲਣ-ਪੋਸਣ ਥੀਂ ਕੰਨੀਂ ਕਤਰਾਂਦਾ ਤੇ ਦੁੱਖ-ਭੁੱਖ ਤੋਂ ਡਰਦਾ ਹੈ। ਇਹ ਤੰਗ ਆ ਕੇ ਆਤਮਘਾਤ ਕਰ ਲੈਂਦਾ ਹੈ ਜਾਂ ਆਪਣੇ ਸੁੱਖ ਸਾਧਨ ਨੂੰ ਮੁੱਖ ਰੱਖਦਾ ਘਰ-ਬਾਰ ਤਿਆਗ ਕੇ ਤਿਆਗੀ 'ਸਾਧੂ ਸੰਨਿਆਸੀ' ਕਹਾਉਂਦਾ ਹੈ। ਤਾਂ ਤੇ ਇਹੋ ਜਿਹਾ ਤਿਆਗ ਜਾਂ ਸੰਨਿਆਸ ਕੋਈ ਸਭ ਥੀਂ ਆਦਿ ਦਾ ਸੰਨਿਆਸ ਨਹੀਂ ਹੈ। ਸ੍ਰੀ ਬਾਬਾ ਜੀ ਨੇ ਦੱਸਿਆ ਕਿ ਆਪਣੇ ਮਾਨਸਿਕ ਤੇ ਸਰੀਰਕ ਸੁੱਖ ਦੀ ਖ਼ਾਹਿਸ਼ ਵਿਚ ਗ੍ਰਿਹਸਤ ਨੂੰ ਤਿਆਗ ਕੇ ਕਈ ਸੰਨਿਆਸੀ 'ਨਾਰਾਇਣ ਪ੍ਰਾਇਣ' ਤਾਂ ਇਹ ਹੈ ਕਿ ਆਪਣੇ ਆਪ ਨੂੰ ਨਾਰਾਇਣ ਦੇ 'ਹੁਕਮ ਰਜਾਈ' ਵਿਚ ਰੱਖ ਕੇ ਸਾਰੇ ਸ੍ਰਿਸ਼ਟੀ ਦੀ ਪੈਦਾਇਸ਼ ਨੂੰ ਹੀ ਨਾਰਾਇਣ ਦਾ ਪਰਿਵਾਰ ਜਾਣੇ। ਜਿਨ੍ਹਾਂ ਵਿਚ ਆਪਣਾ ਪਰਿਵਾਰ ਵੀ ਸ਼ਾਮਲ ਸਮਝੇ ਤੇ ਜਿਵੇਂ ਸਾਧੂ ਹੋ ਕੇ ਦੂਜਿਆਂ ਦੀ ਭਲਾਈ ਪਰਉਪਕਾਰ ਦਾ ਕੰਮ ਕਰਦਾ ਹੈ। ਤਿਵੇਂ ਹੀ ਆਪਣੇ ਨਿਆਣਿਆਂ ਨੂੰ ਰੱਬ ਦਾ ਜਾਣੇ ਅਤੇ ਇਨ੍ਹਾਂ ਦਾ ਪ੍ਰਬੰਧ ਰੱਬ ਵੱਲੋਂ ਆਪਣੇ ਸਿਰ ਸੌਂਪਿਆ ਸਮਝੇ। ਫੇਰ ਇਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜੇ ਹੋਣ ਜੋਗਾ ਕਰੇ ਜਾਂ ਪਾਲਣ-ਪੋਸ਼ਣ ਸੰਭਾਲਣ ਦਾ ਪੂਰਾ ਪ੍ਰਬੰਧ ਕਰ ਕੇ ਰੱਬ ਤੋਂ ਸੁਰਖ਼ਰੂ ਹੋਵੇ। ਤਦ ਦੂਜਿਆਂ ਦੀ ਸੇਵਾ ਲਈ ਮੋਹ ਮਾਇਆ ਦਾ ਤਿਆਗ ਕਰਨ ਵਾਲਾ ਹੀ ਸੱਚਾ ਸੰਨਿਆਸੀ ਕਿਹਾ ਜਾ ਸਕਦਾ ਹੈ। ਪਰ ਅਜਿਹਾ ਪਿੱਛੋਂ ਹੀ ਕੁਝ ਹੋ ਸਕਦਾ ਹੈ, ਪਹਿਲੇ ਨਹੀਂ। ਹੁਣ ਉਦਾਸ ਮੱਤ ਦਾ ਨਿਰਣਾ ਸੁਣੀਏ:

ਬਾਬਾ ਸ੍ਰੀ ਚੰਦ ਜੀ ਨੇ ਫ਼ੁਰਮਾਇਆ ਕਿ ਉਦਾਸੀ ਪੰਥ ਅਸੀਂ ਨਵਾਂ ਨਹੀਂ

ਚਲਾਇਆ। ਬਲਕਿ ਸਿਵ, ਸਨਕਾਦਿਕ ਜੈਸੇ ਦੇਵਤਿਆਂ ਤੋਂ ਸੰਤਾਂ ਦੇ ਵੇਲੀ ਥੀਂ ਅਤੇ ਤ੍ਰੇਤਾ ਜੁਗ ਸ੍ਰੀ ਰਾਮ ਚੰਦ ਜੀ ਦੇ ਵੇਲੇ ਥੀਂ ਚਲਾ ਆਇਆ ਹੈ। ਜੈਸਾ ਕਿ ਬਨਵਾਸ ਨੂੰ ਜਾਣ ਵੇਲੇ ਰਾਜਾ ਰਾਮ ਜੀ ਨੇ ਉਪਰਾਮ ਚਿੱਤ (ਉਦਾਸ) ਹੋ ਉਦਾਸੀ ਭੇਖ ਬਣਾਇਆ ਤੇ ਘਰੋਂ ਤੁਰੇ ਸਨ:

> ਤਾਪਸ ਭੇਖ ਵਿਸ਼ੇਸ਼ ਉਦਾਸੀ।
> ਚੌਦਹਿ ਬਰਖ ਰਾਮ ਬਨ ਬਾਸੀ।

ਫੇਰ ਭਰਤ ਨੂੰ ਕਿਹਾ ਸੀ, "ਸੁਨਹ ਭਰਤ ਹਮ ਝੂਠ ਨ ਕਹਹੀ। ਉਦਾਸੀਨ ਤਾਪਸ ਬਨ ਰਹਹੀ।" ਉਹ 14 ਸਾਲ ਇਸ ਤਪਸ੍ਵੀ ਰੂਪ ਭੇਸ ਵਿਚ ਵਿਚਰਦੇ ਰਹੇ ਤੇ ਘਰੇ ਆ ਕੇ ਵੱਸੇ ਸਨ।

ਸ੍ਰੀ ਬਾਬਾ ਜੀ ਨੇ ਦੱਸਿਆ ਕਿ ਸਭ ਥੀਂ ਪਹਿਲੇ ਜਿਨ੍ਹਾਂ ਲੋਕਾਂ ਨੇ ਇਸ ਉਦਾਸੀ ਭੇਖ ਨੂੰ ਅਪਣਾਇਆ ਸੀ, ਉਹ ਮਨ ਕਰਕੇ ਮਾਇਆ ਵਿਚ ਉਦਾਸ ਰਹੇ। ਉਹ ਕੁਟੰਬ ਪਰਿਵਾਰ ਵਿਚ ਵੱਸਦੇ ਹੋਇਆਂ ਵੀ ਮੋਹ ਮਾਇਆ ਤੇ ਕੁਟੰਬ ਨੂੰ ਮਨ ਵਿਚ ਨਹੀਂ ਵਸਾਂਦੇ ਸਨ। ਤਦੇ ਉਹ ਉਦਾਸ ਬਿਰਤੀ ਧਾਰ ਕੇ ਦੇਸ਼-ਸੇਵਾ ਤੇ ਜਾਤੀ ਸੁਧਾਰ ਕਰਦੇ ਕਰਮਯੋਗੀ ਜਾਂ ਪਰਉਪਕਾਰੀ ਮੰਨੇ ਗਏ। ਜੈਸਾ ਕਿ ਸਾਡੇ ਪਿਤਾ ਗੁਰੂ ਨਾਨਕ ਸਾਹਿਬ ਨੇ ਵੀ ਪਹਿਲੇ ਗ੍ਰਿਹਸਥ ਧਰਮ ਧਾਰਨ ਕੀਤਾ, ਕਾਰ-ਵਿਹਾਰ ਚਲਾਇਆ। ਪਰ ਦੇਸ਼-ਸੇਵਾ, ਜਾਤੀ ਸੁਧਾਰ, ਪਰਉਪਕਾਰ ਦੀ ਖ਼ਾਹਿਸ਼ ਵਿਚ ਛੋਟੇ ਹੁੰਦੇ ਬੱਚਿਆਂ ਦਾ ਯੋਗ ਪ੍ਰਬੰਧ ਵਾਂ ਸੌਂਪ ਸਉਪਣੀ ਕਰਕੇ ਮੁੜ ਆਉਣ ਦਾ ਭਰੋਸਾ ਦਿੱਤਾ ਤੇ ਭਗਵੇ ਵੇਸ (ਉਦਾਸੀ ਭੇਸ) ਘਰੋਂ ਤੁਰੇ ਸਨ:

> ਭਗਵੇ ਚੀਰ ਸ੍ਰੀ ਰਹਿ ਸਾਜਹਿ। ਸੁਭਰਾ ਸਿਤਾਸਿਤ ਸਮਸ੍ਰ ਬ੍ਰਿਜਾਹਿ॥
> ਤੀਨ ਲੋਕ ਕੋ ਕਰਤਾ ਜੋਊ। ਬੇਸ ਫਕੀਰੀ ਬਿਹਸਤ ਸੋਊ॥

ਸ੍ਰੀ ਬਾਬਾ ਜੀ ਨੇ ਕਿਹਾ ਕਿ ਸਾਡੇ ਪਿਤਾ ਜੀ ਨੇ ਗ੍ਰਿਹਸਤ ਦੇ ਦੁਖਾਂ ਥੀ ਡਰ ਕੇ ਅਤੇ ਆਪਣੇ ਸੁੱਖਾਂ ਨੂੰ ਲੋਚਦੇ ਹੋਇਆਂ ਘਰ ਦਾ ਤਿਆਗ ਨਹੀਂ ਸੀ ਕੀਤਾ, ਬਲਕਿ ਲੋਕ ਭਲੇ ਹਿਤ ਘਰ ਬਾਰ ਤਿਆਗ ਕੇ ਕਾਰ-ਵਿਹਾਰ ਛੱਡ ਕੇ ਗਏ ਸਨ। ਜੋ 30 ਸਾਲ ਦੀਆਂ ਚਾਰ ਉਦਾਸੀਆਂ ਧਾਰ ਕੇ ਆਪਣੇ ਉਪਦੇਸ਼ਾਂ ਨੂੰ ਦੇਸ਼-ਵਿਦੇਸ਼ 'ਪ੍ਰਕਾਸ਼ਨ ਮਗਰੋਂ' ਮੁੜ ਪਰਿਵਾਰ ਵਿਚ ਆਣ ਵੱਸੇ ਸਨ। ਤਾਂਤੇ ਇਹ ਰੀਤ ਨਾਲ ਨਿਰਲੇਪ ਰਹਿਣ ਵਾਲੇ ਤਿਆਗੀ ਜਾਂ ਗ੍ਰਿਹਸਥੀ ਕੋਈ ਵੀ ਉਦਾਸੀ ਪੰਥ ਦੇ ਕਹੇ ਜਾ ਸਕਦੇ ਹਨ। ਪਰ ਜਨਕ ਰਾਜੇ ਦੀ ਤਰ੍ਹਾਂ ਮਾਇਆ ਵਿਚ ਨਿਰਲੇਪ (ਉਦਾਸ) ਰਹਿਣਾ ਗ੍ਰਿਹਸਥੀਆਂ ਵਾਸਤੇ ਬਹੁਤ ਔਖਾ ਕੰਮ ਸੀ, ਜੋ ਇਸ ਰਾਹ 'ਤੇ ਥੋੜੇ ਹੀ ਚੱਲੇ।

ਦੂਜੇ ਪਾਸੇ ਕਈ ਨਾਮਧਰੀਕ ਤਿਆਗੀਆਂ ਨੇ 'ਜਗਤ ਮਿਥਿਆ' ਦੋਸ਼ ਦਸ਼ਾ ਦੇ ਬੇਸ਼ੁਮਾਰ ਸਾਧਾਰਨ ਲੋਕਾਂ ਨੇ ਆਪਣੇ ਨਾਲ ਮਿਲਾ ਲਿਆ ਅਤੇ ਉਕਤ ਪ੍ਰਚਾਰ ਰਾਹੀਂ ਸਹੀ ਉਦਾਸ ਮੱਤ ਸਿਧਾਂਤਾਂ ਨੂੰ ਧੁੰਧਲਾ ਕਰ ਦਿੱਤਾ। ਇਸ ਕਾਰਨ 'ਤੇ ਸਾਡੇ ਪਿਤਾ ਜੀ ਨੇ 'ਜਗਤ ਸੁਧਾਰ' ਨੂੰ ਮੁੱਖ ਰੱਖਦੇ ਹੋਇਆਂ ਨਾਲੇ 'ਸਾਧੂ ਸਮਾਜ ਸੁਧਾਰ' ਵੀ ਜ਼ਰੂਰੀ ਜਾਣਿਆ ਅਤੇ ਉਨ੍ਹਾਂ ਨੂੰ ਸਹੀ ਤਿਆਗ ਦਾ ਮਾਰਗ ਸਿਖਾਉਣ ਨੂੰ ਆਪ

ਵੀ ਉਦਾਸੀ ਰੂਪ (ਸੰਤ ਭੇਸ) ਧਾਰ ਕੇ ਤੁਰੇ ਸਨ। ਇਉਂ ਆਪਣੇ ਨਿਰਮਲ ਆਚਰਣ ਅਤੇ ਸ਼ੁੱਭ ਉਪਦੇਸ਼ਾਂ ਨਾਲ ਗ੍ਰਿਹਸਥੀਆਂ ਅਤੇ ਤਿਆਗੀਆਂ ਦੋਹਾਂ ਨੂੰ ਮਾਇਆ ਵਿਚ ਉਦਾਸ ਰਹਿਣ ਦੀ 'ਪੂਰੀ ਜੁਗਤ' ਸਿਖਾ ਕੇ ਪਿਤਾ ਜੀ ਨੇ ਨਵੇਂ ਸਿਰੋਂ ਇਸ ਉਦਾਸੀ ਪੰਥ ਮਰਯਾਦਾ ਨੂੰ ਸੁਰਜੀਤ ਕੀਤਾ। ਸਾਡੇ ਲਈ ਸਭ ਤੋਂ ਵੱਡਾ ਨਿਯਮ ਉਹਨਾਂ ਨੇ ਇਹੋ ਫ਼ੁਰਮਾਇਆ ਸੀ:

ਸੋ ਉਦਾਸੀ ਜਿ ਪਾਲੇ ਉਦਾਸੁ॥ ਅਰਧ ਉਰਧ ਕਰੇ ਨਿਰੰਜਨ ਵਾਸੁ॥
ਚੰਦ ਸੂਰਜ ਕੀ ਪਾਏ ਗੰਢਿ॥ ਤਿਸੁ ਉਦਾਸੀ ਕਾ ਪੜੈ ਨ ਕੰਧੁ॥

(ਵਾਰ ਰਾਮਕਲੀ, ਮ: ੧, ਪੰਨਾ 952)

ਉਪਰੋਕਤ ਸਾਰੀ ਵਾਰਤਾ ਤੋਂ ਸਾਡੇ ਸਾਹਮਣੇ ਇਹ ਤੱਥ ਉਭਰ ਕੇ ਸਾਹਮਣੇ ਆਉਂਦੇ ਹਨ ਕਿ ਇਕ ਤਾਂ ਬਾਬਾ ਸ੍ਰੀ ਚੰਦ ਜੀ ਉਦਾਸੀ ਪੰਥ ਨੂੰ ਬ੍ਰਹਮਾਂ ਦੇ ਪੁੱਤਰਾਂ ਸਨਕ ਸਨੰਦ ਸਨਾਤਨ ਤੇ ਸ਼ਿਵ ਜੀ ਵਰਗੇ ਦੇਵਤਿਆਂ ਤੋਂ ਚੱਲਿਆ ਆ ਰਿਹਾ ਹੈ ਤੇ ਤ੍ਰੇਤਾ ਯੁੱਗ ਵਿਚ ਰਾਮ ਚੰਦਰ ਜੀ ਨੇ ਉਪਰਾਮ ਹੋ ਕੇ ਉਦਾਸੀ ਭੇਖ ਬਣਾਇਆ ਸੀ। ਪਰ ਉਦੋਂ ਸਾਡੇ ਸਾਹਮਣੇ ਕੋਈ ਵੀ ਉਦਾਸੀ ਸੰਪ੍ਰਦਾਇ ਦੇ ਰੂਪ ਵਿਚ ਜਥੇਬੰਦ ਨਹੀਂ ਸੀ। ਇਸ ਗੱਲ ਨਾਲ ਬਿਲਕੁਲ ਵੀ ਸਹਿਮਤ ਨਹੀਂ ਹੋਇਆ ਜਾ ਸਕਦਾ। ਸ੍ਰੀ ਰਾਮ ਚੰਦਰ ਜੀ ਨੂੰ ਤਾਂ ਪਰਿਵਾਰਕ ਕਲੇਸ਼ ਕਰਕੇ ਬਨਵਾਸ ਨੂੰ ਗਏ ਸਨ। ਉਹਨਾਂ ਨੇ ਕੋਈ ਦਿਲੋਂ ਉਦਾਸੀ ਨਹੀਂ ਸੀ ਧਾਰਨ ਕੀਤੀ। ਇਕ ਮਜਬੂਰੀ ਵੱਸ ਉਹਨਾਂ ਨੂੰ ਰਾਜ ਭਾਗ ਤਿਆਗ ਕੇ ਜੰਗਲਾਂ ਨੂੰ ਜਾਣਾ ਪਿਆ ਸੀ। ਉਹ ਵੀ ਕੈਕਈ ਦੀ ਜ਼ਿੱਦ ਸੀ ਕਿ ਉਸ ਦਾ ਪੁੱਤਰ ਭਰਤ ਰਾਜ ਸਿੰਘਾਸਣ 'ਤੇ ਬੈਠੇ। ਉਹ ਤਾਂ ਹੀ ਬੈਠ ਸਕਦਾ ਸੀ, ਜੇ ਰਾਮ ਚੰਦਰ ਜੀ ਨੂੰ ਲਾਂਭੇ ਕੀਤਾ ਜਾਂਦਾ। ਸੋ ਇਸ ਲਈ ਇਹ ਇਕ ਘਰੇਲੂ ਸਾਜ਼ਿਸ਼ ਸੀ। ਜਿਸ ਲਈ ਰਾਮ ਚੰਦਰ ਜੀ ਨੂੰ ਜ਼ਬਰਦਸਤੀ ਚੌਦਾਂ ਸਾਲ ਦੇ ਬਨਵਾਸ ਲਈ ਭੇਜਿਆ ਗਿਆ। ਜਿਥੋਂ ਤਕ ਸ਼ਿਵ ਜੀ ਦੇਵਤਾ ਦੀ ਗੱਲ ਹੈ, ਉਹ ਵੀ ਗ੍ਰਿਹਸਤੀ ਹੋਇਆ ਹੈ ਤੇ ਹੋਰ ਵੀ ਕਈ ਅਜਿਹੀਆਂ ਕਾਮੁਕ ਕਹਾਣੀਆਂ ਉਹਨਾਂ ਨਾਲ ਜੁੜੀਆਂ ਹਨ।

ਹੁਣ ਅਸੀਂ ਸਨਕ ਸਨੰਦ ਤੇ ਸਨਾਤਨ ਕੁਮਾਰ, ਜੋ ਬ੍ਰਹਮਾ ਦੇ ਪੁੱਤਰ ਸਨ, ਇਹਨਾਂ ਦੇ ਉਦਾਸੀ ਹੋਣ ਦੀ ਗੱਲ ਕਰਦੇ ਹਾਂ। ਗਿਆਨੀ ਈਸ਼ਰ ਸਿੰਘ ਜੀ ਨਾਰਾ ਨੇ ਇਹਨਾਂ ਦਾ ਜ਼ਿਕਰ ਵੀ ਕੀਤਾ ਹੈ। ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿਕ ਤਕਰੀਬਨ ਸਾਰੇ ਹੀ ਦੇਵਤੇ ਗ੍ਰਿਹਸਤੀ ਹੋਏ ਹਨ। ਇਹਨਾਂ ਨੂੰ ਉਦਾਸੀ ਕਿਵੇਂ ਕਹਿ ਸਕਦੇ ਹਾਂ।

ਦੂਸਰੀ ਗੱਲ ਬਾਬਾ ਸ੍ਰੀ ਚੰਦ ਜੀ ਨੇ ਗ੍ਰਿਹਸਥ ਜੀਵਨ ਦੀ ਕੀਤੀ ਹੈ। ਬ੍ਰਹਮਾ, ਸ਼ਿਵ ਆਦਿ ਸਾਰੇ ਦੇਵਤੇ ਗ੍ਰਿਹਸਥੀ ਹੋਏ ਹਨ। ਇਸੇ ਤਰ੍ਹਾਂ ਹੀ ਪਸ਼ੂ-ਪੰਛੀ, ਕੀੜੇ-ਕਿਰਮਣ ਜਲ-ਥਲ ਦੇ ਜੀਵ-ਜੰਤੂ ਅਤੇ ਦੈਂਤ ਰਾਕਸ਼ ਅਤੇ ਮਨੁੱਖ ਜਾਤੀ ਦੇ ਸਾਰੇ ਹੀ 'ਨਰ ਮਾਦੀ' ਦਾ (ਇਸਤਰੀ-ਪੁਰਸ਼) ਜੋੜਾ ਰੂਪ ਵਿਚ ਹੀ ਪੈਦਾ ਹੋਏ ਹਨ। ਸੋ ਗ੍ਰਿਹਸਥ ਹੈ ਤਾਂ ਸੰਸਾਰ ਹੈ। ਗੁਰੂ ਨਾਨਕ ਸਾਹਿਬ ਜੀ ਦੇ ਤਿੰਨ ਵੱਡੇ ਉਪਦੇਸ਼ਾਂ ਵਿੱਚੋਂ ਕਿਰਤ ਕਰਨ ਨੂੰ ਪਹਿਲ ਦਿੰਦੇ ਹਨ। ਕਿਰਤ ਨਾਲ ਹੀ ਸਮੁੱਚੇ ਸੰਸਾਰ ਦਾ ਵਿਕਾਸ ਹੁੰਦਾ ਹੈ।

ਸੰਸਾਰ ਦੇ ਵਿਕਾਸ ਵਿਚ ਗ੍ਰਿਹਸਥ ਧਰਮ ਵੀ ਮੁੱਖ ਭੂਮਿਕਾ ਨਿਭਾਉਂਦਾ ਹੈ। ਜੇ ਗ੍ਰਿਹਸਥੀ ਨਹੀਂ ਹੋਣਗੇ ਤਾਂ ਸੰਨਿਆਸੀ, ਬ੍ਰਹਮਚਾਰੀ, ਬੈਰਾਗੀ ਉਦਾਸੀ ਸੰਤ ਕਿਸ ਨੂੰ ਉਪਦੇਸ਼ ਕਰਨਗੇ। ਸਮੁੱਚੇ ਸੰਸਾਰ ਦਾ ਤਕਨੀਕੀ ਤੇ ਅਕਾਦਮਿਕ ਤੇ ਭਾਵੇਂ ਕਿਸੇ ਵੀ ਪ੍ਰਕਾਰ ਦਾ ਵਿਕਾਸ ਗ੍ਰਿਹਸਥ 'ਤੇ ਹੀ ਨਿਰੰਤਰ ਕਰਦਾ ਹੈ। ਇਸੇ ਲਈ ਗੁਰੂ ਨਾਨਕ ਸਾਹਿਬ ਨੇ ਪ੍ਰਵਿਰਤੀ ਮਾਰਗ ਯਾਨਿ ਕਿ ਗ੍ਰਿਹਸਥ ਧਰਮ ਨੂੰ ਹੀ ਪ੍ਰਵਾਨਿਤ ਕੀਤਾ। ਗੁਰੂ ਨਾਨਕ ਸਾਹਿਬ ਨੇ ਸਮਾਜ ਤੋਂ ਭੱਜੇ ਜੋਗੀਆਂ ਤੇ ਸਿੱਧਾਂ ਨੂੰ ਵੀ ਇਹੀ ਉਪਦੇਸ਼ ਕੀਤਾ ਕਿ ਤੁਸੀਂ ਲੋਕ ਘਰਬਾਰ ਤਿਆਗ ਕੇ ਗ੍ਰਿਹਸਤ ਮਾਰਗ ਨੂੰ ਛੱਡ ਕੇ ਪਹਾੜਾਂ ਦੀਆਂ ਕੰਦਰਾਂ ਵਿਚ ਜੀਵਨ ਬਤੀਤ ਕਰਦੇ ਹੋ ਤੇ ਗ੍ਰਿਹਸਤੀਆਂ ਦੀ ਨਿੰਦਾ ਵੀ ਕਰਦੇ ਹੋ, ਪਰ ਪੇਟ ਦੀ ਪੂਰਤੀ ਲਈ ਅਨਾਜ ਮੰਗਣ ਲਈ ਗ੍ਰਿਹਸਥੀਆਂ ਦੇ ਘਰਾਂ ਅੱਗੇ ਝੋਲੀਆਂ ਅੱਡਦੇ ਹੋ। ਫੇਰ ਤਾਂ ਤੁਹਾਡੇ ਨਾਲੋਂ ਗ੍ਰਿਹਸਥੀ ਚੰਗੇ ਹੋਏ। ਤੁਹਾਡੇ ਸਮਾਜ ਤੋਂ ਉਦਾਸ ਹੋਣ ਦਾ ਸਮਾਜ ਨੂੰ ਕੀ ਲਾਭ, ਜਦੋਂ ਤੁਸੀਂ ਗ੍ਰਿਹਸਥੀਆਂ ਦੇ ਦੁੱਖ ਵਿਚ ਹੀ ਸ਼ਾਮਲ ਨਹੀਂ ਹੁੰਦੇ, ਨਾ ਉਹਨਾਂ ਦੇ ਦੁੱਖ ਵੰਡਾਉਂਦੇ ਹੋ। ਸੋ ਸਾਰੇ ਧਰਮਾਂ ਵਿਚ ਲਗਪਗ ਗ੍ਰਿਹਸਥ ਧਰਮ ਨੂੰ ਹੀ ਪ੍ਰਧਾਨ ਮੰਨਿਆ ਗਿਆ ਹੈ। ਇਸ ਲਈ ਦਸ ਗੁਰੂਆਂ ਵਿਚ ਨੌਂ ਗੁਰੂ ਸਾਹਿਬਾਨ ਗ੍ਰਿਹਸਥੀ ਹੋਏ ਹਨ। ਸਿੱਖ ਧਰਮ ਸੰਸਾਰ ਵਿਚ ਰਹਿ ਕੇ ਨਿਰੰਕਾਰ ਪ੍ਰਾਪਤੀ ਦਾ ਮਾਰਗ ਦਰਸ਼ਨ ਕਰਦਾ ਹੈ।

ਭਾਈ ਗੁਰਦਾਸ ਜੀ ਵੀ ਆਪਣੇ ਇਕ ਕਬਿੱਤ ਵਿਚ ਇਹੀ ਕਥਨ ਕਰਦੇ ਹਨ :

...ਸਕਲ ਧਰਮ ਮੈ ਗ੍ਰਿਹਸਥ ਪ੍ਰਧਾਨ ॥ *(ਕਬਿੱਤ 376)*

ਸਿੱਖ ਧਰਮ ਦੇ ਸੰਚਾਲਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਆਪ ਗ੍ਰਿਹਸਥ ਧਰਮ ਪ੍ਰਵਾਨ ਕੀਤਾ। ਆਪ ਜੀ ਦੇ ਦੋ ਸਪੁੱਤਰ ਵੀ ਹੋਏ। ਉਹਨਾਂ ਦੀ ਪਾਲਣਾ-ਪੋਸ਼ਣਾ ਦੀ ਜ਼ਿੰਮੇਵਾਰੀ ਨੂੰ ਨਿਭਾਉਂਦੇ ਹੋਏ ਆਪ ਜੀ ਸਗਲ ਜਗਤ ਨੂੰ ਤਾਰਣ ਲਈ ਪ੍ਰਚਾਰਕ ਦੌਰਿਆਂ 'ਤੇ ਗਏ, ਜਿਨ੍ਹਾਂ ਨੂੰ ਭਾਈ ਗੁਰਦਾਸ ਜੀ ਨੇ ਉਦਾਸੀਆਂ ਕਿਹਾ :

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ ॥੨੪॥ *(ਵਾਰ 1, ਪਉੜੀ 24)*

ਹੁਣ ਸਾਡੇ ਸਾਹਮਣੇ ਇਹ ਸਵਾਲ ਆਉਂਦਾ ਹੈ ਕਿ 'ਉਦਾਸੀ' ਭੇਖ ਕਿਹੜਾ ਹੋਇਆ, ਕਿਉਂਕਿ ਭਗਵੇ ਭੇਸ ਨੂੰ ਹੀ ਉਦਾਸੀ ਭੇਖ ਕਿਹਾ ਜਾ ਰਿਹਾ ਹੈ। ਅਸੀਂ ਹੁਣ ਤਕ ਇਹ ਦੇਖਦੇ ਆ ਰਹੇ ਹਾਂ, ਪਰ ਭਾਈ ਗੁਰਦਾਸ ਜੀ ਦਾ 'ਉਦਾਸੀ' ਲਿਖਣ ਤੋਂ ਭਾਵ ਪ੍ਰਚਾਰ ਕਰਨ ਜਾਣਾ ਹੈ। ਫੇਰ ਭਾਈ ਗੁਰਦਾਸ ਜੀ ਇਹ ਵੀ ਲਿਖਦੇ ਹਨ ਕਿ ਚਾਰ ਉਦਾਸੀਆਂ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ ਉਦਾਸੀ ਭੇਖ ਨੂੰ ਉਤਾਰ ਕੇ ਸੰਸਾਰੀ ਕੱਪੜੇ ਪਹਿਣ ਲਏ :

ਫਿਰਿ ਬਾਬਾ ਆਇਆ ਕਰਤਾਰ ਪੁਰਿ ਭੇਖੁ ਉਦਾਸੀ ਸਗਲ ਉਤਾਰਾ।
(ਵਾਰ 1, ਪਉੜੀ 38)

ਸੋ ਅਸੀਂ ਇਹ ਵਿਚਾਰ ਕਰ ਆਏ ਹਾਂ ਕਿ 'ਉਦਾਸੀ' ਸ਼ਬਦ ਪੰਜਾਬੀ ਦਾ ਸ਼ਬਦ ਹੈ। ਸੰਸਾਰ ਵਿਚ ਉਦਾਸੀ ਨੂੰ ਉਦਾਸੀਨ ਬਣਾ ਲਿਆ ਹੈ। ਉਦਾਸੀ ਜਾਂ ਉਦਾਸੀਨ ਦੇ ਅੱਖਰੀਂ ਅਰਥ ਅਸੀਂ ਪਿੱਛੇ ਵੀ ਕਰ ਆਏ ਹਾਂ। ਸੋ ਉਦਾਸੀ ਦਾ ਅਰਥ ਹੈ: ਉਪਰਾਮਤਾ ਵਿਰੱਕਤਤਾ। ਬਹੁਤ ਸਾਰੇ ਸਾਧੂਆਂ ਨੂੰ ਵਿਰੱਕਤ ਵੀ ਕਿਹਾ ਜਾਂਦਾ ਹੈ। ਵਿਰੱਕਤ ਤੋਂ ਭਾਵ ਜੋ ਗ੍ਰਿਹਸਤ ਆਸ਼ਰਮ ਤੋਂ ਮੁਕਤ ਰਹਿੰਦਾ ਹੈ ਤੇ ਆਪਣੀ ਮੌਜ ਵਿਚ ਵਿਚਰਦਾ ਹੈ। ਜਿਵੇਂ ਬੁਲਬੁਲ ਫੁੱਲਾਂ ਬਿਨਾਂ ਉਦਾਸ ਹੋ ਜਾਂਦੀ ਹੈ, ਇਸੇ ਤਰ੍ਹਾਂ ਹੀ ਉਦਾਸੀਨ ਵਿਸ਼ੇਸ਼ਣ ਹੈ। ਉਹ ਪ੍ਰਾਣੀ ਦਾ ਜੋ ਦੁਨਿਆਵੀ ਐਸ਼ ਤੇ ਟੱਬਰ-ਟੀਹਰ ਦੇ ਮੋਹ-ਪਿਆਰ ਵੱਲੋਂ ਉਪਰਾਮ (ਵਿਰੱਕਤ) ਯਾ ਬੇਮੁਹਤਾਜ ਹੈ। ਜਿਵੇਂ ਕਿ ਗੁਰੂ ਜੀ ਫ਼ੁਰਮਾਉਂਦੇ ਹਨ:

ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ॥

(ਮਾਰੂ ਮ: ੧, ਪੰਨਾ 992)

ਆਪਣੇ ਪਰਿਵਾਰ ਤੇ ਸਾਕ-ਸੰਬੰਧੀਆਂ ਨੂੰ ਤਿਆਗ ਕੇ ਹੀ ਯਾਤਰਾ ਜਾਂ ਸਫ਼ਰ 'ਤੇ ਜਾਇਆ ਜਾ ਸਕਦਾ ਹੈ। ਇਹੀ ਕਾਰਨ ਸੀ ਕਿ ਜਦੋਂ ਗੁਰੂ ਨਾਨਕ ਦੇਵ ਜੀ ਘਰ-ਬਾਰ ਦਾ ਤਿਆਗ ਕਰ ਕੇ ਤੇ ਪਰਿਵਾਰ ਦਾ ਰਹਿਣ-ਸਹਿਣ ਦਾ ਪ੍ਰਬੰਧ ਕਰਕੇ ਲੰਬੇ ਸਫ਼ਰਾਂ ਦੌਰਿਆਂ 'ਤੇ ਗਏ ਤੇ ਉਹਨਾਂ ਦੌਰਿਆਂ ਦਾ ਨਾਮ 'ਉਦਾਸੀਆਂ' ਪੈ ਗਿਆ। ਜਿਵੇਂ ਕਿ: 'ਪਥਮੈ ਉਦਾਸੀ ਕੀਤੀ ਪੂਰਬ ਕੀ':

ਬਾਬੇ ਭੇਖ ਬਣਾਇਆ, ਉਦਾਸੀ ਕੀ ਰੀਤਿ ਚਲਾਈ॥੨੪॥

ਦੁਨੀਆਂ ਤੋਂ ਉਪਰਾਮ ਹੋ ਕੇ ਜਾਂ ਉਦਾਸ ਹੋ ਕੇ ਮਨੁੱਖ ਪੁਰਾਤਨ ਸਮਿਆਂ ਤੋਂ ਸਾਧੂ, ਫ਼ਕੀਰ, ਦੇਵੀ, ਦੇਵਤੇ ਬਣਦੇ ਆਏ ਹਨ। ਭੇਖ ਤੇ ਰੀਤ ਵੀ ਉਹ ਕੋਈ ਨਾ ਕੋਈ ਚਲਾਉਂਦੇ ਹੀ ਰਹਿੰਦੇ ਸਨ। ਜਿਵੇਂ ਕਿ ਭਾਈ ਗੁਰਦਾਸ ਜੀ ਲਿਖਦੇ ਹਨ:

ਮਹਾਂਦੇਉ ਅਉਧੂਤੁ ਹੋਇ ਤਾਮਸ ਅੰਦਰਿ ਜੋਗੁ ਨ ਜਾਣੈ।
ਭੈਰੋ ਭੂਤ ਕੁਸੂਤ ਵਿਚਿ ਖੇਤ੍ਰਪਾਲ ਬੈਤਾਲ ਧਿਙਾਣੈ।
ਅਕ ਧਤੂਰਾ ਖਾਵਣਾ ਰਾਤੀ ਵਾਸਾ ਮੜੀ ਮਸਾਣੈ।
ਪੈਨੈ ਹਾਥੀ ਸੀਹ ਖਲ ਡਉਰੂ ਵਾਇ ਕਰੈ ਹੈਰਾਣੈ।
ਨਾਥਾ ਨਾਥ ਸਦਾਇਦਾ ਹੋਇ ਅਨਾਥੁ ਨ ਹਰਿ ਰੰਗੁ ਮਾਣੈ।
ਸਿਰਠਿ ਸੰਘਾਰੈ ਤਾਮਸੀ ਜੋਗੁ ਨ ਭੋਗੁ ਨ ਜੁਗਤ ਪਛਾਣੈ।
ਗੁਰਮੁਖਿ ਸੁਖ ਫਲੁ ਸਾਧ ਸੰਗਾਣੈ॥੯॥ *(ਵਾਰ 12, ਪਉੜੀ 9)*

ਜਤੀ ਸਤੀ ਸੰਤੋਖੀਆ ਜਤ ਸਤ ਜੁਗਤਿ ਸੰਤੋਖ ਨ ਜਾਤੀ।
ਸਿਧ ਨਾਥੁ ਬਹੁ ਪੰਥ ਕਰਿ ਹਉਮੈ ਵਿਚਿ ਕਰਨਿ ਕਰਮਾਤੀ।
ਚਾਰਿ ਵਰਨ ਸੰਸਾਰ ਵਿਚਿ ਖਹਿ ਖਹਿ ਮਰਦੇ ਭਰਮਿ ਭਰਾਤੀ।

(ਵਾਰ 12, ਪਉੜੀ 12)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਬਚਿੱਤ੍ਰ ਨਾਟਕ ਵਿਚ ਆਪਣੀ ਕਥਾ ਵਖਿਆਨ ਕਰਨ ਵੇਲੇ ਉਥਾਨਕਾ ਵਿਚ ਲਿਖਦੇ ਹਨ:

ਜੋ ਪ੍ਰਭ ਸਾਖ ਨਮਿਤ ਠਹਿਰਾਏ॥ ਤੇ ਹਿਆਂ ਆਇ ਪ੍ਰਭੂ ਕਹਵਾਏ॥
ਤਾ ਕੀ ਬਾਤ ਬਿਸਰ ਜਾਤੀ ਭੀ॥ ਅਪਨੀ ਅਪਨੀ ਪਰਤ ਸੋਭ ਭੀ॥੧੨॥
ਜਬ ਪ੍ਰਭ ਕੋ ਨ ਤਿਨੈ ਪਹਿਚਾਨਾ॥ ਤਬ ਹਰਿ ਇਨ ਮਨੁਛਨ ਠਹਿਰਾਨਾ॥
ਤੇ ਭੀ ਬਸਿ ਮਮਤਾ ਹੁਇ ਗਏ॥ ਪਰਮੇਸਰ ਪਾਹਨ ਠਹਿਰਏ॥੧੩॥
ਤਬ ਹਰਿ ਸਿੱਧ ਸਾਧ ਠਹਿਰਾਏ॥ ਤਿਨ ਭੀ ਪਰਮ ਪੁਰਖ ਨਹੀ ਪਾਏ॥
ਜੇ ਕੋਈ ਹੋਤ ਭਯੋ ਜਗਿ ਸਿਆਨਾ॥ ਤਿਨ ਤਿਨ ਅਪਨੋ ਪੰਥੁ ਚਲਾਨਾ॥੧੪॥...
ਤਬ ਹਰਿ ਬਹੁਰ ਦੱਤ ਉਪਜਾਇਓ॥ ਤਿਨ ਭੀ ਅਪਨਾ ਪੰਥੁ ਚਲਾਇਓ॥
ਕਰ ਮੋ ਨਖ ਸਿਰ ਜਟਾਂ ਸਵਾਰੀ॥ ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ॥੨੩॥
ਪੁਨਿ ਹਰਿ ਗੋਰਖ ਕੌ ਉਪਰਾਜਾ॥ ਸਿੱਖ ਕਰੇ ਤਿਨਹੂੰ ਬਡ ਰਾਜਾ॥
ਸ੍ਵਨ ਫਾਰਿ ਮੁਦ੍ਰਾ ਦੁਐ ਡਾਰੀ॥ ਹਰਿ ਕੀ ਪ੍ਰੀਤ ਰੀਤਿ ਨ ਬਿਚਾਰੀ॥੨੪॥
ਪੁਨਿ ਹਰਿ ਰਾਮਾਨੰਦ ਕੋ ਕਰਾ॥ ਭੇਸ ਬੈਰਾਗੀ ਕੋ ਜਿਨ ਧਰਾ॥
ਕੰਠੀ ਕੰਠਿ ਕਾਠ ਕੀ ਡਾਰੀ॥ ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ॥੨੫॥

(ਬਚਿੱਤ੍ਰ ਨਾਟਕ, ਅਪਨੀ ਕਥਾ, ਅਧਿਆਇ ਛੇਵਾਂ)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਹ ਸਾਰੇ ਹੀ ਸਿੱਧ ਸਾਧਕ ਸੱਚ ਧਰਮ ਦਾ ਪ੍ਰਚਾਰ ਕਰਨ ਲਈ ਸੰਸਾਰ 'ਤੇ ਆਏ ਅਤੇ ਸਾਰਿਆਂ ਨੇ ਹੀ ਆਪਣੇ ਆਪਣੇ ਪੰਥ ਚਲਾਏ। ਦੱਤਾਤ੍ਰੇਯ ਨੇ ਆਪਣੇ ਪੰਥ ਦਾ ਨਾਮ 'ਸੰਨਿਆਸੀ' ਰੱਖਿਆ ਤੇ ਭੇਖ ਲੰਮੀਆਂ ਜਟਾਵਾਂ ਸਿਰ 'ਤੇ ਰੱਖੀਆਂ ਅਤੇ ਹੱਥਾਂ-ਪੈਰਾਂ ਦੇ ਨਹੁੰ ਸ਼ਿਕਾਰ ਕਰਨ ਵਾਲੇ ਪੰਛੀਆਂ ਵਾਂਙ ਵਧਾਏ। ਗੋਰਖ ਨਾਥ ਨੇ ਆਪਣੇ ਚੇਲਿਆਂ ਦਾ ਨਾਮ ਜੋਗੀ ਰੱਖਿਆ ਤੇ ਉਹਨਾਂ ਦਾ ਭੇਖ ਕੰਨੀਂ ਮੁੰਦਰਾਂ ਤੇ ਘੋਨ-ਮੋਨ ਜਾਂ ਪਿੰਡੇ 'ਤੇ ਸਵਾਹ ਮੱਲ ਕੇ ਤੇ ਕੇਸਾਂ ਦੀਆਂ ਜਟਾਵਾਂ ਬਣਾਈਆਂ ਹੁੰਦੀਆਂ ਸਨ। ਸਵਾਮੀ ਰਾਮਾਨੰਦ ਜੀ ਨੇ ਆਪਣੇ ਸ਼ਰਧਾਲੂਆਂ ਦੇ ਗਲਾਂ ਵਿਚ ਕਾਠ ਦੀਆਂ ਕੰਠੀਆਂ ਪੁਆ ਦਿੱਤੀਆਂ ਅਤੇ ਆਪਣੇ ਮੱਤ ਦਾ ਨਾਮ ਬੈਰਾਗੀ ਪ੍ਰਸਿੱਧ ਕੀਤਾ।

ਜੇਕਰ ਗਹੁ ਨਾਲ ਵੇਖਿਆ ਜਾਵੇ ਤਾਂ ਸੰਨਿਆਸੀ, ਜੋਗੀ ਤੇ ਬੈਰਾਗੀ ਇਹਨਾਂ ਸ਼ਬਦਾਂ ਦਾ ਅਰਥ ਇੱਕੋ ਹੀ ਹੈ। ਸਾਰੇ ਸੰਸਾਰ ਨਾਲੋਂ ਨਾਤਾ ਤੋੜ ਕੇ ਪ੍ਰਭੂ ਨਾਲ ਜੋੜਨ ਦੀ ਗੱਲ ਕਰਦੇ ਹਨ। ਪਰੰਤੂ ਇਹਨਾਂ ਦੇ ਪਰੰਪਰਾਗਤ ਅਰਥ ਇਨ੍ਹਾਂ ਤਿੰਨਾਂ ਮੱਤਾਂ ਦੇ ਭੇਖਾਂ ਦੇ ਲਖਾਇਕ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਹਨਾਂ ਮੱਤਾਂ ਨੂੰ ਵੇਦਾਂ ਅਤੇ ਸਿੰਮ੍ਰਿਤੀਆਂ ਦੇ ਉਪਾਸ਼ਕ ਮੱਤ ਸਵੀਕਾਰ ਕਰਦੇ ਹਨ:

ਜੋ ਸਿੰਮ੍ਰਿਤਨ ਕੇ ਭਏ ਅਨੁਰਾਗੀ॥ ਤਿਨਿ ਤਿਨਿ ਕ੍ਰਿਆ ਬ੍ਰਹਮ ਕੀ ਤਿਆਗੀ॥
ਜਿਨ ਮਨ ਹਰਿ ਚਰਨਨ ਠਹਿਰਾਯੋ॥ ਸੋ ਸਿੰਮ੍ਰਿਤਨ ਕੇ ਰਾਹ ਨ ਆਯੋ॥੧੯॥...
ਜਿਨ ਮਤ ਬੇਦ ਕਤੇਬਨ ਤਿਆਗੀ॥ ਪਾਰਬ੍ਰਹਮ ਕੇ ਭਏ ਅਨੁਰਾਗੀ॥
ਤਿਨ ਕੇ ਗੂੜ੍ਹ ਮੱਤ ਜੇ ਚਲਹੀ॥ ਭਾਂਤਿ ਅਨੇਕ ਦੂਖਨ ਸੋ ਦਲਹੀ॥੨੦॥

(ਬਚਿੱਤ੍ਰ ਨਾਟਕ, ਅਪਨੀ ਕਥਾ, ਅਧਿਆਇ ਛੇਵਾਂ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਹ ਵੀ ਬਿਆਨ ਕਰਦੇ ਹਨ ਕਿ ਇਨ੍ਹਾਂ

ਤਿੰਨਾਂ ਮੱਤਾਂ ਤੋਂ ਵੱਖਰਾ ਧਰਮ ਪੰਥ ਕਿਸ ਨੇ ਚਲਾਇਆ। ਗੁਰੂ ਜੀ ਕਥਨ ਕਰਦੇ ਹਨ:

ਦੋਹਰਾ॥ ਤਿਨ ਬੇਦੀਅਨ ਕੀ ਕੁਲ ਬਿਖੈ ਪਰਗਟੇ 'ਨਾਨਕ ਰਾਇ'॥
ਸਭ ਸਿਖਨ ਕੋ ਸੁਖ ਦਏ ਜਾਂ ਜਹ ਭਏ ਸਹਾਇ॥੪॥
ਚੌਪਈ॥ ਤਿਨ ਇਹ ਕਲਿ ਮੋ 'ਧਰਮ' ਚਲਾਯੋ॥
ਸਭ ਸਾਧਨ ਕੋ ਰਾਹ ਬਤਾਯੋ॥

ਇਥੇ ਸਾਧਨ ਤੋਂ ਭਾਵ ਹੈ ਬੇਦੀ ਤੇ ਕਤੇਬੀ ਮੱਤਾਂ ਦੇ ਸਾਧੂ, ਫ਼ਕੀਰ, ਸੰਨਿਆਸੀ, ਜੋਗੀ, ਬੈਰਾਗੀ, ਸੂਫ਼ੀ ਤੇ ਕਲੰਦਰ ਆਦਿਕ ਸਭਨਾਂ ਨੂੰ ਕਿਹਾ ਗਿਆ ਹੈ:

ਜੋ ਤਾਂ ਕੇ ਮਾਰਗ ਮਹਿ ਆਏ॥ ਤੇ ਕਬਹੂੰ ਨਹੀ ਪਾਪ ਸੰਤਾਏ॥
ਜੇ ਜੇ ਪੰਥ ਤਵਨ ਕੇ ਪਰੇ॥ ਪਾਪ ਤਾਪ ਤਿਨ ਕੇ ਪ੍ਰਭ ਹਰੇ॥
ਦੂਖ ਭੂਖ ਕਬਹੂੰ ਨ ਸੰਤਾਏ॥ ਜਾਲ ਕਾਲ ਕੇ ਬੀਚ ਨ ਆਏ॥੬॥
(ਬਚਿੱਤ੍ਰ ਨਾਟਕ, ਅਪਨੀ ਕਥਾ, ਅਧਿਆਇ ਪੰਜਵਾਂ)

ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਦੇ ਭੇਖਾਂ ਦਾ ਜ਼ਿਕਰ ਕਰਦੇ ਹਨ। ਅਸੀਂ ਸੰਖੇਪ ਵਿਚ ਉਹਨਾਂ ਨੂੰ ਇਥੇ ਅੰਕਿਤ ਕਰਦੇ ਹਾਂ:

ਚਾਰ ਵਰਨ ਛਿਅ ਦਰਸਨਾ ਸਾਸਤ੍ਰ ਬੇਦ ਪੁਰਾਣੁ ਸੁਣਾਇਆ।
ਦੇਵੀ ਦੇਵ ਸਰੇਵੜੇ ਦੇਵ ਸਥਲ ਤੀਰਥ ਭਰਮਾਇਆ।
ਗਣ ਗੰਧਰਬ ਅਪਛਰਾ ਸੁਰਪਤਿ ਇੰਦ੍ਰ ਇੰਦ੍ਰਾਸਣ ਛਾਇਆ।
ਜਤੀ ਸਤੀ ਸੰਤੋਖੀਆ ਸਿਧ ਨਾਥ ਅਵਤਾਰ ਗਣਾਇਆ।
ਜਪ ਤਪ ਸੰਜਮ ਹੋਮ ਜਗ ਵਰਤ ਨੇਮ ਨਈਵੇਦ ਪੁਜਾਇਆ।
ਸਿਖਾ ਸੂਤ੍ਰ ਮਾਲਾ ਤਿਲਕ ਪਿਤਰ ਕਰਮ ਦੇਵ ਕਰਮ ਕਮਾਇਆ।
ਪੁੰਨ ਦਾਨ ਉਪਦੇਸੁ ਦਿੜਾਇਆ॥੭॥ *(ਵਾਰ 8, ਪਉੜੀ 7)*

ਜਤੀ ਸਤੀ ਸੰਤੋਖੀਆ ਜਤ ਸਤ ਜੁਗਤਿ ਸੰਤੋਖ ਨ ਜਾਤੀ।
ਸਿਧ ਨਾਥੁ ਬਹੁ ਪੰਥ ਕਰਿ ਹਉਮੈ ਵਿਚਿ ਕਰਨਿ ਕਰਮਾਤੀ।
ਚਾਰਿ ਵਰਨ ਸੰਸਾਰ ਵਿਚਿ ਖਹਿ ਖਹਿ ਮਰਦੇ ਭਰਮਿ ਭਰਾਤੀ।
ਛਿਅ ਦਰਸਨ ਹੋਇ ਵਰਤਿਆ ਬਾਰਹ ਵਾਟ ਉਚਾਟ ਜਮਾਤੀ।
ਗੁਰਮੁਖਿ ਵਰਨ ਅਵਰਨ ਹੋਇ ਰੰਗ ਸੁਰੰਗ ਤੰਬੋਲ ਸੁਹਾਤੀ।
ਛਿਅ ਰੁਤਿ ਬਾਰਹ ਮਾਹ ਵਿਚਿ ਗੁਰਮੁਖਿ ਦਰਸਨੁ ਸੁਝ ਸੁਝਾਤੀ।
ਗੁਰਮੁਖਿ ਸੁਖ ਫਲੁ ਪਿਰਮ ਪਰਾਤੀ॥੧੨॥ *(ਵਾਰ 12, ਪਉੜੀ 12)*

ਕਿਤੜੇ ਗਿਰਹੀ ਆਖੀਅਨਿ ਕੇਤੜਿਆ ਲਖ ਫਿਰਨਿ ਉਦਾਸੀ।
ਕੇਤੜਿਆ ਜੋਗੀਸੁਰਾ ਕੇਤੜਿਆ ਹੋਏ ਸੰਨਿਆਸੀ।
ਸੰਨਿਆਸੀ ਦਸ ਨਾਮ ਧਰਿ ਜੋਗੀ ਬਾਰਹ ਪੰਥ ਨਿਵਾਸੀ।
ਕੇਤੜਿਆ ਲਖ ਪਰਮ ਹੰਸ ਕਿਤੜੇ ਬਾਨਪ੍ਰਸਤ ਬਨਵਾਸੀ।
ਕੇਤੜਿਆ ਹੀ ਡੰਡ ਧਾਰ ਕਿਤੜੇ ਜੈਨੀ ਜੀਅ ਦੈਆਸੀ।
ਛਿਅ ਘਰਿ ਛਿਅ ਗੁਰ ਆਖੀਅਨਿ ਛਿਅ ਉਪਦੇਸ ਭੇਸ ਅਭਿਆਸੀ।

ਛਿਅ ਰੁਤਿ ਬਾਰਹ ਮਾਹ ਕਰਿ ਸੂਰਜ ਇਕੋ ਬਾਰਹ ਰਾਸੀ।
ਗੁਰਾ ਗੁਰੂ ਸਤਿਗੁਰੁ ਅਬਿਨਾਸੀ ॥੧੩॥ *(ਵਾਰ 8, ਪਉੜੀ 13)*

ਕਿੰਨੇ ਹੀ ਗ੍ਰਿਹਸਥੀ ਆਖੇ ਜਾਂਦੇ ਹਨ ਤੇ ਕਈ ਲੱਖਾਂ ਉਦਾਸੀ ਹਨ, ਜੋ ਫਿਰਦੇ ਰਹਿੰਦੇ ਹਨ। ਕਈ ਜੋਗੀਸ਼ਵਰ ਹਨ ਤੇ ਕਿਤਨੇ ਹੀ ਸੰਨਿਆਸੀ ਹਨ। ਸੰਨਿਆਸੀਆਂ ਨੇ ਦਸ (ਭਾਰਥੀ, ਗਿਰੀ ਤੇ ਪੁਰੀ ਆਦਿ) ਨਾਮ ਰੱਖੇ ਹੋਏ ਹਨ। ਇਸੇ ਤਰ੍ਹਾਂ ਜੋਗੀ ਬਾਰ੍ਹਾਂ ਪੰਥਾਂ ਵਾਲੇ ਹਨ। ਕਿਤਨੇ ਹੀ ਲੱਖਾਂ ਪਰਮ ਹੰਸ (ਸੱਚ ਤੇ ਝੂਠ ਦਾ ਨਿਖੇੜਾ ਕਰਨ ਵਾਲੇ ਹਨ), ਕਿਤਨੇ ਬਾਨਪ੍ਰਸਤ ਹੋ ਕੇ ਬਨਾਂ (ਜੰਗਲਾਂ) ਵਿਚ ਹੀ ਨਿਵਾਸ ਰੱਖਦੇ ਹਨ। ਕਿੰਨੇ ਹੀ ਡੰਡੇ ਹੱਥ ਵਿਚ ਰੱਖਦੇ ਹਨ, ਕਿੰਨੇ ਹੀ ਜੈਨੀ ਜੀਆਂ 'ਤੇ ਦਇਆ ਕਰਨ ਵਾਲੇ ਹਨ। ਇਥੋਂ ਤਕ ਕਿ ਮੂੰਹ 'ਤੇ ਪੱਟੀ ਬੰਨ੍ਹ ਰੱਖਦੇ ਹਨ ਕਿ ਹਵਾੜ ਨਾਲ ਕੋਈ ਜੀਅ ਨਾ ਮਰ ਜਾਵੇ। ਛੇ ਸ਼ਾਸਤਰਾਂ ਦੇ ਛੇ ਅਚਾਰਯਾਂ ਲਿਖਣਹਾਰੀਆਂ ਨੇ ਛੇ ਉਪਦੇਸ਼ ਤੇ ਛੇ ਭੇਸ ਵੱਖੋ-ਵੱਖ ਕੀਤੇ ਹਨ। ਗੁਰੂਆਂ ਦਾ ਗੁਰੂ ਪਰਮੇਸ਼ਰ ਸਦਾ ਅਬਿਨਾਸੀ ਹੈ ਜਿਸ ਦੇ ਸਹਾਰੇ ਸਭੇ ਆਪਣੀ ਮੱਤ ਦਾ ਪ੍ਰਗਟਾਵਾ ਕਰਦੇ ਹਨ। ਪਰ ਮੱਤ ਦੇ ਪ੍ਰਗਟ ਕਰਨ ਵਾਲੇ ਪ੍ਰਭੂ ਨੂੰ ਜਾਨਣ ਦਾ ਯਤਨ ਨਹੀਂ ਕਰਦੇ।

ਕਿਤੜੇ ਸਾਧ ਵਖਾਣੀਅਨਿ ਸਾਧ ਸੰਗਤਿ ਵਿਚਿ ਪਰਉਪਕਾਰੀ।
ਕੇਤੜਿਆ ਲਖ ਸੰਤ ਜਨ ਕੇਤੜਿਆ ਨਿਜ ਭਗਤਿ ਭੰਡਾਰੀ।
ਕੇਤੜਿਆ ਜੀਵਨ ਮੁਕਤਿ ਬ੍ਰਹਮ ਗਿਆਨੀ ਬ੍ਰਹਮ ਵੀਚਾਰੀ।
ਕੇਤੜਿਆ ਸਮਦਰਸੀਆ ਕੇਤੜਿਆ ਨਿਰਮਲ ਨਿਰੰਕਾਰੀ।
ਕਿਤੜੇ ਲਖ ਬਿਬੇਕੀਆ ਕਿਤੜੇ ਦੇਹ ਬਿਦੇਹ ਅਕਾਰੀ।
ਭਾਇ ਭਗਤਿ ਭੈ ਵਰਤਣਾ ਸਹਿਜ ਸਮਾਧਿ ਬੈਰਾਗ ਸਵਾਰੀ।
ਗੁਰਮੁਖਿ ਸੁਖ ਫਲ ਗਰਬੁ ਨਿਵਾਰੀ ॥੧੪॥ *(ਵਾਰ 8, ਪਉੜੀ 14)*

ਸੋ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਕਿੰਨੇ ਹੀ ਸਾਧ ਕਹੇ ਜਾਂਦੇ ਹਨ, ਜੋ ਸਾਧ ਸੰਗਤਿ ਵਿਚ ਪਰਉਪਕਾਰੀ ਮੰਨੇ ਜਾਂਦੇ ਹਨ। ਕਿੰਨੇ ਹੀ ਲੱਖਾਂ ਸੰਤ ਜਨ ਹਨ ਤੇ ਕਿਤਨੇ ਹੀ ਭਗਤੀ ਦੇ ਭੰਡਾਰੀ, ਭਗਤੀ ਦੀ ਚੇਟਕ ਹੋਰਨਾਂ ਨੂੰ ਲਾਉਣ ਵਾਲੇ ਹਨ। ਅਨੇਕਾਂ ਹੀ ਜੀਵਨ ਮੁਕਤਿ ਬ੍ਰਹਮ ਗਿਆਨੀ ਹਨ, ਜੋ ਬ੍ਰਹਮ ਬਾਰੇ ਗਿਆਨ ਚਰਚਾ ਕਰਦੇ ਤੇ ਵਿਚਾਰ ਕਰਾਉਂਦੇ ਹਨ। ਕਿਤਨੇ ਹੀ ਸਮਦਰਸੀ (ਸਭ ਅਮੀਰ, ਗ਼ਰੀਬ, ਉਚ-ਨੀਚ ਨੂੰ) ਇੱਕੋ ਜਿਹੇ ਜਾਨਣ ਵਾਲੇ ਹਨ। ਕਿਤਨੇ ਹੀ ਨਿਰਮਲ ਪ੍ਰਭੂ ਦੇ ਨਿਰਮਲ (ਸੰਤ ਜਨ) ਹਨ। ਕਿਤਨੇ ਲੱਖਾਂ ਹੀ ਬਿਬੇਕੀ ਬ੍ਰਹਮ ਗਿਆਨ ਤੇ ਨਿਰਮਲ ਵਿਚਾਰਵਾਨ ਹਨ, ਜੋ ਪ੍ਰਭੂ ਰੰਗ ਦੀ ਮਸਤੀ ਵਿਚ ਦੇਹ ਤੋਂ ਬਿਦੇਹ ਸਰੂਪ ਵਾਲੇ ਹਨ। ਉਪਰੋਕਤ ਸੰਤ ਤੇ ਸਾਧ (ਜਨ) ਪ੍ਰੇਮਾ-ਭਗਤੀ (ਦੇ ਰੰਗ ਵਿਚ) ਤੇ ਪ੍ਰਭੂ ਦੇ (ਹੁਕਮ ਦੇ ਭੈਅ) ਡਰ ਵਿਚ ਵਰਤਦੇ ਹਨ, ਭਾਵ ਹਰ ਸਮੇਂ ਹੀ ਰਹਿੰਦੇ ਹਨ। ਉਹਨਾਂ ਨੇ ਆਪਣੀ ਸਹਿਜ ਸਮਾਧੀ ਲਿਵ ਲਾਉਣ ਦੇ ਅਭਿਆਸ ਨੂੰ ਪੱਕਿਆਂ ਕਰ ਕੇ ਸਵਾਰ ਲਿਆ ਹੈ। ਇਸ ਤਰ੍ਹਾਂ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰਮੁਖਾਂ ਨੇ ਆਪਣੇ ਹੰਕਾਰ ਨੂੰ ਨਿਵਾਰ ਕੇ ਸੁੱਖ ਫਲ ਭਗਤੀ ਦੇ ਰਸ ਨੂੰ ਪ੍ਰਾਪਤ ਕਰ ਲਿਆ ਹੈ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ 'ਅਪਨੀ ਕਥਾ' ਵਿਚ ਵੱਖ ਵੱਖ ਮੱਤ-ਮਤਾਂਤਰਾਂ ਦਾ ਜੋ ਵਿਵਰਣ ਦਿੱਤਾ ਗਿਆ ਹੈ, ਉਸ ਤੋਂ ਇਹ ਗੱਲ ਭਲੀ-ਭਾਂਤ ਪ੍ਰਗਟ ਹੁੰਦੀ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਅਨੇਕਾਂ ਹੀ ਬੰਦੇ ਸੰਸਾਰਿਕ ਸੁੱਖਾਂ ਨੂੰ ਤਿਆਗ ਕੇ, ਘਰ-ਬਾਰ ਤਿਆਗ ਕੇ ਸਾਧੂ, ਸੰਤ, ਫ਼ਕੀਰ, ਔਲੀਏ, ਗੌਂਸ ਆਦਿ ਹੋਏ ਹਨ। ਅਨੇਕਾਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਔਰ ਪਿੱਛੋਂ ਹੋਏ ਹਨ ਤੇ ਹੁੰਦੇ ਰਹਿਣਗੇ। ਉਹਨਾਂ ਦੇ ਚਲਾਏ ਮੱਤ ਤੇ ਭੇਖ ਕਿਸੇ ਨਾਂ ਕਿਸੇ ਰੂਪ ਵਿਚ ਕਾਇਮ ਰਹਿਣਗੇ। ਪਰ ਜਦੋਂ ਅਸੀਂ ਗਹੁ ਨਾਲ ਵੇਖਦੇ ਹਾਂ, ਉਦਾਸੀ ਨਾਂ ਦਾ ਕੋਈ ਮੱਤ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਮੌਜੂਦ ਨਹੀਂ ਸੀ।

ਬੰਬਈ ਪ੍ਰਦੇਸ਼ ਦੇ ਗਜ਼ਟੀਅਰ ਦੀ ਸੈਂਚੀ ਨੌਵੀਂ, ਭਾਗ ਪਹਿਲਾ ਵਿਚ ਇਕ 'ਉਦਾਸੀ' ਨਾਂ ਨਾਲ ਪ੍ਰਸਿੱਧ ਸੰਪ੍ਰਦਾਇ ਦਾ ਨਾਮ ਮਿਲਦਾ ਹੈ। ਸੂਰਤ ਦੇ ਬਰਦੌਲੀ ਇਲਾਕੇ ਦੇ ਉਦਾਕਾਂਬਲੀਆਂ ਵਿਚ ਉਸ ਦਾ ਪ੍ਰਚਾਰਨ ਅਤੇ ਪ੍ਰਚਲਨ ਸੀ। ਉਸ ਦਾ ਆਰੰਭ ਕਿਸੇ ਗੋਪਾਲ ਦਾਸ ਨਾਂ ਦੇ ਵਿਅਕਤੀ ਨੇ ਸਤਾਰ੍ਹਵੀਂ ਸਦੀ ਈਸਵੀ ਦੇ ਸ਼ੁਰੂ ਵਿਚ ਕੀਤਾ, ਪਰ ਉਸ ਦਾ ਵੀ ਨਾਨਕ ਪੰਥੀ ਉਦਾਸੀ ਮੱਤ ਨਾਲ ਕੋਈ ਸੰਬੰਧ ਨਹੀਂ ਹੈ।

ਸਾਡਾ ਅਧਿਐਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਸ੍ਰੀ ਚੰਦ ਜੀ ਦੁਆਰਾ ਆਰੰਭ ਕੀਤੇ ਸੰਪ੍ਰਦਾਇ ਨਾਲ ਸੰਬੰਧਿਤ ਹੈ। ਜਿਵੇਂ ਅਸੀਂ ਉਪਰ ਉਲੇਖ ਕਰ ਕੇ ਆਏ ਹਾਂ, ਸਾਨੂੰ ਇਹੀ ਗਿਆਤ ਹੁੰਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਮੌਜੂਦ ਨਹੀਂ ਸੀ। ਜੇ ਹੁੰਦਾ ਤਾਂ ਸੁਮੇਰ ਪਰਬਤ 'ਤੇ ਬੈਠੇ ਲੰਮੀਆਂ ਲੰਮੀਆਂ ਉਮਰਾਂ ਵਾਲੇ ਸਿੱਧ (ਜੋਗੀ) ਚਰਪਟ ਤੇ ਲੋਹਾਰੀਪਾ ਵਰਗੇ, ਬਾਬੇ ਨਾਨਕ ਦਾ ਅਨੋਖਾ ਭੇਖ ਵੇਖ ਕੇ ਅਚੰਭਾ ਨਾ ਮੰਨਦੇ ਤੇ ਉਨ੍ਹਾਂ ਨੂੰ 'ਬੈਰਾਗੀ' ਸਾਧੂ ਸਮਝ ਕੇ ਇਸ ਤਰ੍ਹਾਂ ਨਾ ਪੁੱਛਦੇ:

ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ॥...
ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ॥
ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ॥

(ਰਾਮਕਲੀ ਮ: ੧, ਸਿਧ ਗੋਸਟਿ, ਪੰਨਾ 938)

ਚਰਪਟ ਨਾਥ ਜੋਗੀ ਨੇ ਗੁਰੂ ਜੀ ਨੂੰ ਪੁੱਛਿਆ ਕਿ ਤੁਸੀਂ ਕੌਣ ਹੋ? ਤੁਹਾਡਾ ਕੀ ਨਾਮ ਹੈ? ਤੁਹਾਡਾ ਕੀ ਮੱਤ ਹੈ? ਉਸ ਮੱਤ ਦਾ ਕੀ ਮਨੋਰਥ ਹੈ? ਚਰਪਟ ਹੋਰ ਪੁੱਛਦਾ ਹੈ ਕਿ ਹੇ ਬਾਲਕ! ਤੁਸੀਂ ਕਿਸ ਦੇ ਆਸਰੇ ਸ਼ਾਂਤ-ਚਿੱਤ ਹੋ? ਤੁਹਾਡੀ ਸੁਰਤਿ ਕਿਸ ਵਿਚ ਜੁੜਦੀ ਹੈ? ਕਿਥੋਂ ਆਉਂਦੇ ਹੋ? ਕਿਥੇ ਜਾਂਦੇ ਹੋ? ਹੇ ਸੰਤ! ਤੇਰਾ ਕੀ ਮੱਤ ਹੈ। ਚਰਪਟ ਨਾਥ ਦਾ ਸਵਾਲ:

ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ॥
ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ॥
ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ॥
ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ॥

(ਰਾਮਕਲੀ ਮ: ੧, ਸਿਧ ਗੋਸਟਿ, ਪੰਨਾ 938)

ਸ੍ਰੀ ਗੁਰੂ ਨਾਨਕ ਦੇਵ ਜੀ ਚਰਪਟ ਨਾਥ ਦੇ ਸਵਾਲ ਦੇ ਜਵਾਬ ਇਸ ਪ੍ਰਕਾਰ ਦਿੰਦੇ ਹਨ ਕਿ ਹੇ ਚਰਪਟ! ਸਰਵ-ਵਿਆਪਕ ਪ੍ਰਭੂ ਦੀ ਯਾਦ ਵਿਚ ਜੁੜ ਕੇ ਸਦਾ ਸ਼ਾਂਤ-ਚਿਤ ਰਹੀਦਾ ਹੈ। ਅਸੀਂ ਸਤਿਗੁਰੂ ਦੀ ਮਰਜ਼ੀ ਵਿਚ ਚੱਲਦੇ ਹਾਂ। ਪ੍ਰਭੂ ਦੇ ਹੁਕਮ ਵਿਚ ਹੀ ਜਗਤ ਵਿਚ ਆਏ ਹਾਂ। ਹੁਕਮ ਵਿਚ ਵਿਚਰ ਰਹੇ ਹਾਂ। ਸਦਾ ਉਸ ਦੀ ਰਜ਼ਾ ਵਿਚ ਰਹਿੰਦੇ ਹਾਂ। ਉਹ ਪੱਕੇ ਆਸਨ ਵਾਲਾ ਹੈ ਤੇ ਸਦਾ ਟਿਕੇ ਰਹਿਣ ਵਾਲਾ ਹੈ, ਕਾਇਮ ਰਹਿਣ ਵਾਲਾ ਪ੍ਰਭੂ ਆਪ ਹੀ ਹੈ। ਅਸਾਂ ਇਹੀ ਗੁਰ-ਸਿੱਖਿਆ ਲਈ ਹੈ। ਚਰਪਟ ਨਾਥ ਦੇ ਇਹਨਾਂ ਸਾਰੇ ਸਵਾਲਾਂ ਦਾ ਉੱਤਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਭੇਖ ਤੇ ਰੀਤਿ ਦਾ ਨਵਾਂ ਹੀ ਨਾਮ 'ਉਦਾਸੀ' ਦੱਸਿਆ ਅਰ ਫ਼ੁਰਮਾਇਆ :

ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ ॥

(ਮਾਰੂ ਮ: ੧, ਪੰਨਾ 992)

ਗੁਰੂ ਜੀ ਦੇ ਇਹ ਬਚਨ ਸੁਣ ਕੇ ਗੋਰਖ ਨਾਥ ਦਾ ਨਾਦੀ ਪੁੱਤਰ ਲੋਹਾਰੀਪਾ ਬੋਲਿਆ :

ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥
ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥
ਕਿਸੁ ਵਖਰ ਕੇ ਤੁਮ ਵਣਜਾਰੇ ॥
ਕਿਉ ਕਰਿ ਸਾਥੁ ਲੰਘਾਵਹੁ ਪਾਰੇ ॥੧੭॥

(ਰਾਮਕਲੀ ਮ: ੧, ਸਿਧ ਗੋਸਟਿ, ਪੰਨਾ 939)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਪ੍ਰਸ਼ਨ ਦਾ ਉੱਤਰ ਇਉਂ ਦਿੱਤਾ :

ਗੁਰਮੁਖਿ ਖੋਜਤ ਭਏ ਉਦਾਸੀ ॥
ਦਰਸਨ ਕੈ ਤਾਈ ਭੇਖ ਨਿਵਾਸੀ ॥
ਸਾਚ ਵਖਰ ਕੇ ਹਮ ਵਣਜਾਰੇ ॥
ਨਾਨਕ ਗੁਰਮੁਖਿ ਉਤਰਸਿ ਪਾਰੇ ॥੧੮॥

(ਰਾਮਕਲੀ ਮ: ੧, ਸਿਧ ਗੋਸਟਿ, ਪੰਨਾ 939)

ਸ੍ਰੀ ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਅਸੀਂ 'ਗੁਰਮੁਖ' ਦੀ ਖੋਜ ਭਾਲ ਵਾਸਤੇ ਘਰੋਂ 'ਉਦਾਸੀ' ਉਪਰਾਮ ਹੋ ਕੇ ਨਿਕਲੇ ਹਾਂ। ਅਸੀਂ ਤਾਂ ਗੁਰਮੁਖਾਂ ਦਾ ਦਰਸ਼ਨ ਕਰਨ ਲਈ ਏਹ ਫ਼ਕੀਰੀ ਭੇਖ ਧਾਰਨ ਕੀਤਾ ਹੈ। ਅਸੀਂ ਤਾਂ ਕੇਵਲ ਵਾਹਿਗੁਰੂ ਸੱਚੇ ਨਾਮ ਦੇ ਵਪਾਰੀ ਹਾਂ, ਗਾਹਕ ਹਾਂ। ਸੱਚੇ ਸਤਿਗੁਰੂ ਦੀ ਕਿਰਪਾ ਨਾਲ ਹੀ ਸਾਧ (ਸੰਗਤਿ) ਸੰਸਾਰ ਸਾਗਰ ਤੋਂ ਪਾਰ ਉਤਰ ਸਕਦੇ ਹਾਂ।

ਅਸਲ ਵਿਚ ਸਤਿਗੁਰੂ ਨਾਨਕ ਦੇਵ ਜੀ ਨੇ ਸੱਚ ਦੇ ਵਣਜਾਰੇ (ਵਪਾਰੀ) ਗੁਰਮੁਖਾਂ ਦੀ ਭਾਲ ਵਾਸਤੇ ਸਤਿਨਾਮ ਦਾ ਪ੍ਰਚਾਰ ਕਰਨ ਲਈ ਤੇ ਪਾਖੰਡ ਨੂੰ ਨਿਰਾਰਥਕ ਕਰਮ ਦੱਸ ਕੇ ਲੋਕਾਈ ਨੂੰ ਸੱਚ ਧਰਮ ਦੇ ਮਾਰਗ 'ਤੇ ਚਲਾਉਣ ਲਈ ਘਰ-ਬਾਰ ਤਿਆਗ ਕੇ ਫ਼ਕੀਰੀ ਭੇਖ ਧਾਰ ਕੇ ਅਜਿਹਾ ਸਾਧੂਆਂ ਵਾਲਾ ਰੂਪ ਧਾਰਨ

ਕੀਤਾ। ਦੇਸ਼-ਦੇਸ਼ਾਂਤਰਾਂ ਦੀ ਯਾਤਰਾ ਲਈ (ਉਦਾਸੀ) ਪ੍ਰਚਾਰ ਕਰਨ ਦੀ ਨਵੀਂ ਰੀਤ ਚਲਾਈ। ਗੁਰੂ ਸਾਹਿਬ ਦੀ ਖ਼ਾਸੀਅਤ ਇਹ ਰਹੀ ਕਿ ਉਹਨਾਂ ਨੇ ਆਪਣਾ ਨਿਰਾਲਾ ਧਰਮ ਪ੍ਰਚਲਿਤ ਕੀਤਾ, ਪਰ ਕਿਸੇ ਵੀ ਪ੍ਰਚਲਿਤ ਭੇਖ ਨੂੰ ਧਾਰਨ ਨਹੀਂ ਕੀਤਾ।

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ :

ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ।

(ਵਾਰ 1, ਪਉੜੀ 31)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹਨਾਂ ਪ੍ਰਚਾਰਕ ਦੌਰਿਆਂ ਦੌਰਾਨ ਇੱਕੋ ਤਰ੍ਹਾਂ ਦਾ ਹੀ ਭੇਖ ਧਾਰਨ ਨਹੀਂ ਕੀਤਾ, ਬਲਕਿ ਉਹ ਜਿਸ ਜਿਸ ਥਾਂ 'ਤੇ ਗਏ, ਉਥੇ ਜਿਸ ਤਰ੍ਹਾਂ ਦੇ ਭੇਖ ਦੀ ਉਹਨਾਂ ਨੂੰ ਲੋੜ ਪਈ, ਉਹੋ ਜਿਹਾ ਭੇਖ ਧਾਰਨ ਕਰਦੇ ਰਹੇ, ਲੋਕਾਂ ਦਾ ਧਿਆਨ ਆਪਣੇ ਵੱਲ ਪ੍ਰਵਿਰਤ ਕਰਨ ਲਈ ਨਵੀਂ ਜੁਗਤਿ ਸੋਚ ਲੈ ਕੇ। ਜਿਵੇਂ ਕਿ ਸਾਖੀਆਂ ਅਨੁਸਾਰ ਹਰਿਦੁਆਰ ਜਾ ਕੇ ਪੱਛਮ ਵੱਲ ਨੂੰ ਪਾਣੀ ਦੇਣਾ। ਜਗਨ ਨਾਥ ਵਿਖੇ ਆਰਤੀ ਦਾ ਬਹੁਤ ਹੀ ਤਰਕ ਭਰਪੂਰ ਖੰਡਨ ਕਰਨਾ ਤੇ ਸੁਲਤਾਨਪੁਰ ਲੋਧੀ ਵਿਖੇ ਨਿਮਾਜ਼ ਵਿਚ ਹੱਸਣਾ। ਮੱਕੇ ਦੀ ਪਰਿਕਰਮਾ ਵਿਚ ਕਾਬੇ ਵੱਲ ਪੈਰ ਕਰ ਕੇ ਸੌਣਾ ਆਦਿ।

ਇਸੇ ਤਰ੍ਹਾਂ ਹਰ ਪ੍ਰਚਾਰਕ ਦੌਰੇ (ਉਦਾਸੀ) ਸਮੇਂ ਸ੍ਰੀ ਗੁਰੂ ਨਾਨਕ ਸਾਹਿਬ ਵੱਖਰਾ ਤੇ ਅਨੋਖਾ ਭੇਖ ਧਾਰਨ ਕਰ ਲੈਂਦੇ ਸਨ। ਜਿਵੇਂ ਕਿ ਪੁਰਾਤਨ ਜਨਮਸਾਖੀ ਵਿਚ ਲਿਖਿਆ ਹੈ :

1. ਪ੍ਰਿਥਮੈ ਉਦਾਸੀ ਕੀਤੀ ਪੂਰਬ ਕੀ। ਤਿਤੁ ਉਦਾਸੀ ਨਾਲਿ ਮਰਦਾਨਾ ਰਬਾਬੀ ਥਾ। ਤਦਹੂ ਕੁ ਪਉਣੁ ਅਹਾਰੁ ਕੀਆ। ਪਹਰਾਵਾ ਬਾਬੇ ਕਾ ਏਕ ਬਸਤਰੁ ਅੰਬੋਆ, ਏਕ ਬਸਤਰ ਚਿੱਟਾ। ਏਕੁ ਪੈਰਿ ਜੁੱਤੀ, ਏਕੁ ਪੈਰਿ ਖਉਂਸ। ਗਲਿ ਖਫ਼ਨੀ, ਸਿਰਿ ਟੋਪੀ ਕਲੰਦਰੀ। ਮਾਲਾ ਹੱਡਾਂ ਕੀ। ਮਥੈ ਤਿਲਕ ਕੇਸਰ ਕਾ। *(ਸਾਖੀ 16, ਪੰਨਾ 25)*
2. ਦੁਤੀਆ ਸਾਖੀ ਕੀਤੀ ਦੱਖਣ ਕੀ। ਅਹਾਰੁ ਭਲੀ ਭਰਿ ਰੇਤ ਕੀ ਕਰਹਿ। ਤਦਹੂ ਪੈਰੀਂ ਖੜਾਵਾਂ ਕਾਠ ਕੀਆਂ। ਹੱਥਿ ਆਸਾ। ਸਿਰ ਰੱਸੇ ਪਲੇਟੇ, ਬਾਹਾਂ ਜਾਂਘਾਂ ਰੱਸੇ ਪਲੇਟੇ। ਮੱਥੇ ਟਿੱਕਾ ਬਿੰਦੁਲੀ ਕਾ। ਤਦਹੂ ਨਾਲਿ ਸੈਦੋ ਜੱਟ ਜਾਤ ਘੇਹੇ ਥਾ। *(ਸਾਖੀ 42, ਪੰਨਾ 78)*
3. ਤ੍ਰਿਤੀਆ ਉਦਾਸੀ ਉਤਰਾਖੰਡ ਕੀ ਕਰਣਿ ਲਗੇ। ਤਿਤੁ ਉਦਾਸੀ ਅੱਕ ਦੀਆਂ ਖਖੜੀਆਂ ਅਤੇ ਫਲ ਅਹਾਰੁ ਕਰਦਾ ਥਾ, ਪਰ ਸੁੱਕੇ। ਅਤੇ ਪੈਰੀਂ ਚਮੜਾ ਅਤੇ ਸਿਰਿ ਚਮੜਾ, ਸਾਰੀ ਦੇਹ ਲਪੇਟਿਅ ਸੁ। ਅਤੈ ਮਾਥੇ ਟਿੱਕਾ ਕੇਸਰ ਕਾ ਤਦਹੂ ਨਾਲਿ ਹਸੂ ਲੁਹਾਰੁ ਅਤੇ ਸੀਹਾਂ ਛੀਬਾਂ ਥੇ। *(ਸਾਖੀ 49, ਪੰਨਾ 90)*
4. ਚਉਥੀ ਉਦਾਸੀ ਪੱਛਮ ਕੀ ਹੋਈ। ਪੈਰੀ ਖਉਸਾਂ ਚੰਮ ਕੀਆਂ। ਅਤੈ ਚੰਮ ਕੀ ਸੁੱਥਣਿ। ਗਲ ਵਿਚ ਹੱਡੀਆਂ ਕੀ ਮਾਲਾ। ਮੱਥੇ ਟਿੱਕਾ ਬਿੰਦੀ ਕਾ। ਬਾਲਕਾਂ ਵਿਚ ਖੇਡੇ ਤਬ ਨੀਲੇ ਬ੍ਰਸਤ ਥੇ। *(ਸਾਖੀ 51, ਪੰਨਾ 98)*

ਇਸ ਉਦਾਸੀ ਵਿਚ ਭਾਈ ਗੁਰਦਾਸ ਜੀ ਵੀ ਨੀਲਾ ਬਾਣਾ ਹੀ ਦੱਸਦੇ ਹਨ :

ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।
ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ।

(ਵਾਰ 1, ਪਉੜੀ 32)

ਪੁਰਾਤਨ ਜਨਮਸਾਖੀ ਵਿਚ ਲਿਖੇ 'ਉਦਾਸੀ' ਸ਼ਬਦ ਦਾ ਅਰਥ ਯਾਤਰਾ ਜਾਂ ਸਫ਼ਰ ਲਈ ਵਰਤਿਆ ਗਿਆ ਹੈ। ਅਸੀਂ ਦੇਖਦੇ ਹਾਂ ਕਿ ਪੁਰਾਤਨ ਸਮੇਂ ਅੰਦਰ ਯਾਤਰਾ 'ਤੇ ਜਾਣ ਵਾਲੇ ਮਹਾਂਪੁਰਖ ਘਰ-ਘਾਟ ਦਾ ਤਿਆਗ ਕਰਕੇ ਹੀ ਯਾਤਰਾ 'ਤੇ ਜਾਂਦੇ ਸਨ ਤੇ ਬਾਲ-ਬੱਚੇ ਇਸਤਰੀ ਦਾ ਮੋਹ ਤਿਆਗ ਕੇ ਹੀ ਇਹ ਵੱਡੇ ਕਾਰਜ ਹੋ ਸਕਦੇ ਸਨ। ਘਰ ਦੇ ਮੋਹ ਦਾ ਤਿਆਗ, ਬੱਚਿਆਂ ਤੋਂ ਮੋਹ ਭੰਗ ਕਰ ਕੇ ਹਜ਼ਾਰਾਂ ਮੀਲਾਂ ਦਾ ਪੈਂਡਾ ਤਹਿ ਕਰਨਾ ਤੇ ਸੁੱਖਾਂ ਦਾ ਤਿਆਗ ਕਰ ਕੇ ਜੋ ਯਾਤਰਾ ਕੀਤੀ, ਉਸ ਨੂੰ 'ਉਦਾਸੀ' ਕਿਹਾ ਜਾਂਦਾ ਸੀ। ਇਸੇ ਕਰਕੇ ਉਦਾਸੀ, ਦੌਰੇ, ਭੇਖ ਤੇ ਰੀਤਿ ਤਿੰਨਾਂ ਦਾ ਨਾਮ ਪੈ ਗਿਆ। ਸੋ ਅਸੀਂ ਸਪੱਸ਼ਟ ਰੂਪ ਵਿਚ ਸਿੱਖ ਸਾਹਿਤ ਵਿਚ 'ਉਦਾਸੀ' ਸ਼ਬਦ ਦੀ ਸਾਰਥਿਕ ਵਰਤੋਂ ਦੇਖਦੇ ਹਾਂ ਤੇ ਇਹ ਸ਼ਬਦ ਸਿੱਖ ਸਾਹਿਤ ਲਈ ਬਹੁਤ ਢੁੱਕਦਾ ਵੀ ਹੈ। ਭਾਈ ਗੁਰਦਾਸ ਜੀ ਨੇ ਇਸ ਸ਼ਬਦ ਦੀ ਵਰਤੋਂ ਗੁਰੂ ਨਾਨਕ ਸਾਹਿਬ ਲਈ ਕਰਕੇ ਇਸ ਨੂੰ ਸਿੱਖ ਮਨਾਂ ਵਿਚ ਹਰਮਨ ਪਿਆਰਾ ਬਣਾ ਦਿੱਤਾ। ਬਾਬਾ ਸ੍ਰੀ ਚੰਦ ਜੀ ਨੇ 'ਉਦਾਸੀ' ਸ਼ਬਦ ਨੂੰ ਧਾਰਨ ਕਰਦਿਆਂ ਹੀ ਉਦਾਸੀ ਸੰਪ੍ਰਦਾ ਦਾ ਆਗ਼ਾਜ਼ ਕੀਤਾ। ਬਾਬਾ ਸ੍ਰੀ ਚੰਦ ਜੀ ਨੇ ਉਦਾਸੀ ਭੇਖ ਨੂੰ ਅੰਗੀਕਾਰ ਕਰ ਕੇ ਇਕ ਉਦਾਸ ਬਿਰਤੀ ਵਾਲੇ ਸਾਧੂਆਂ ਨੂੰ ਇਕੱਠਾ ਕਰ ਕੇ ਪ੍ਰਚਾਰਕ ਸੰਪ੍ਰਦਾਇ ਦੀ ਵਿਵਸਥਾ ਕੀਤੀ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਸਾਹਿਬ ਵੱਲੋਂ ਆਰੰਭੀਆਂ ਉਦਾਸੀਆਂ ਨੂੰ ਆਪਣੇ ਧਾਰਮਿਕ ਪ੍ਰਚਾਰਕ ਦੌਰਿਆਂ ਲਈ ਆਧਾਰ ਬਣਾਇਆ ਤੇ ਇਹੀ ਪ੍ਰਚਾਰਕ ਸੰਪ੍ਰਦਾਇ ਉਦਾਸੀ ਸੰਪ੍ਰਦਾਇ ਦਾ ਰੂਪ ਧਾਰਨ ਕਰ ਗਈ। ਜਿਸ ਨੇ ਦੇਸ਼-ਵਿਦੇਸ਼ ਵਿਚ ਨਾਨਕ ਨਾਮ ਦੇ ਝੰਡੇ ਗੱਡੇ ਤੇ ਅੱਜ ਵੀ ਆਪਣੇ ਸਥਾਨਕ ਡੇਰਿਆਂ ਰਾਹੀਂ ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਹਨ।

ਅਧਿਆਇ ਤੀਜਾ

ਬਾਬਾ ਸ੍ਰੀ ਚੰਦ ਜੀ :
ਜੀਵਨ ਬ੍ਰਿਤਾਂਤ ਅਤੇ ਉਦਾਸੀ ਸੰਪ੍ਰਦਾ

ਬਾਬਾ ਸ੍ਰੀ ਚੰਦ ਜੀ ਦਾ ਜੀਵਨ ਬ੍ਰਿਤਾਂਤ

ਇਹ! ਪੂਰਨ ਪੁਰਖ ਮਹਾਤਮਾ ਮਨ ਜੋਤ ਪ੍ਰਕਾਸੀ।
ਇਹ! ਸਿਮਰਨ ਕਰਦੇ ਸਤਿਨਾਮ ਸ੍ਰੀ ਸ੍ਵਾਸ ਸ੍ਵਾਸੀ।
ਇਹ! ਰਹਿੰਦੇ ਬੇਪ੍ਰਵਾਹ ਸਨ ਨਾ ਚਾਹ ਜ਼ਰਾ ਸੀ।
ਇਹ! ਮਸਤ ਖੁਮਾਰੀ ਨਾਮ ਵਿਚ ਕੈਲਾਸ਼ ਦੇ ਵਾਸੀ।
ਇਹ! ਬਾਬਾ ਸ੍ਰੀ ਚੰਦ ਜਤੀ ਸਨ ਸੁਖ ਸਹਜ ਨਿਵਾਸੀ।
ਇਹ! ਮੁਕਤੀ ਜੱਗ ਨੂੰ ਧਰ ਭੇਖ ਨਿਵਾਸੀ।

ਇਹ! ਗੁਰੂ ਨਾਨਕ ਘਰ ਪਰਗਟੇ ਸ੍ਰੀ ਚੰਦ ਨਿਰਾਲੇ।
ਇਹ! ਮੂਰਤ ਸ਼ਿਵ ਭਗਵਾਨ ਦੀ ਅਡੋਲ ਸੁਖਾਲੇ।
ਇਹ! ਕਰ ਗਏ ਕੌਤਕ ਨਿਆਰੜੇ ਕਰਾਮਾਤਾਂ ਵਾਲੇ।
ਇਹ! ਗੋਦ ਸੁਲੱਖਣੀ ਖੇਡ ਗਏ ਬਣ ਬਾਲ ਉਜਾਲੇ।
ਇਹ! ਗਿਆਨ ਕਰਨ ਜਗਿਆਸੂਆਂ ਵਿਚ ਹਾਸੀ ਹਾਸੀ।

ਇਹ! ਰਿੱਧ ਸਿੱਧ ਨੌ ਨਿੱਧ ਦੇ ਭੰਡਾਰੀ ਭਾਰੇ।
ਇਹ! ਜਟਾ ਜੂਟ ਤਨ ਲਗਨ ਸਨ ਤੱਪ ਤਪੇ ਅਪਾਰੇ।
ਇਹ! ਰਤੇ ਰਹਿੰਦੇ ਰਾਤ ਦਿਨ ਦੋਇ ਨੈਨ ਖੁਮਾਰੇ।
ਇਹ! ਸ਼ਕਤੀਵਾਨ ਮਹਾਨ ਸਨ ਗਲ ਸੇਲੀ ਧਾਰੇ।
ਇਹ! ਕੰਵਲ ਵਾਂਙ ਨਿਰਲੇਪ ਰਹੇ ਦੁੱਖ ਸੁੱਖ ਹੁਲਾਸੀ।
ਇਨ੍ਹਾਂ ਮੁਕਤੀ ਦਿੱਤੀ ਜਗਤ ਨੂੰ ਧਰ ਭੇਖ ਉਦਾਸੀ।

ਇਹ! ਆਏ ਸਨ ਜਿਸ ਕੰਮ ਨੂੰ ਸਭ ਸਾਧ ਸੁਧਾਰੇ।
ਇਹ! ਦੇਸ਼ ਵਿਦੇਸ਼ੀ ਗਏ ਸਨ ਜਿਨ੍ਹਾਂ ਤਪਦੇ ਠਾਰੇ।
ਇਹ! ਆਪਣੇ ਥਾਨ ਬਿਠਾਲ ਗਏ ਗੁਰਦਿੱਤਾ ਪਿਆਰੇ।
ਇਹ! ਜੈਸੇ ਉਪਜੇ ਪੇੜ 'ਤੇ ਤਿਹੇ ਓੜ ਪੁਗਾਰੇ।
ਇਹ! ਗੁਰੂ ਪਿਤਾ ਨੂੰ ਜਾਣਦੇ ਸਨ ਗੁਰ ਅਬਨਾਸੀ।
ਇਨ੍ਹਾਂ ਮੁਕਤੀ ਦਿੱਤੀ ਜਗ ਨੂੰ ਧਰ ਭੇਖ ਉਦਾਸੀ।

(ਗਿਆਨੀ ਈਸ਼ਰ ਸਿੰਘ 'ਨਾਰਾ', ਬਾਬਾ ਸ੍ਰੀਚੰਦ ਜੀ ਸਾਹਿਬ ਅਤੇ ਉਦਾਸੀਨ ਸੰਪ੍ਰਦਾਇ)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਦਾ ਪ੍ਰਕਾਸ਼ ਸੁਲਤਾਨਪੁਰ ਲੋਧੀ ਦੀ ਧਰਤੀ 'ਤੇ ਗੁਰਦੁਆਰਾ ਸ੍ਰੀ ਗੁਰੂ ਕੇ ਬਾਗ਼ ਵਿਖੇ ਸੰਮਤ 1551 ਭਾਦਰੋਂ ਸੁਦੀ 9 ਸ਼ੁਕਲਾ ਪੱਖ 13 ਘੜੀਆਂ ਹੋਣ ਤੇ ਪੰਜ ਘੜੀਆਂ ਸੂਰਜ ਚੜ੍ਹੇ ਸ਼ੁਕਰਵਾਰ ਨੂੰ ਮਾਤਾ ਸੁਲੱਖਣੀ ਜੀ ਦੀ ਕੁੱਖੋਂ ਹੋਇਆ। ਅੰਗਰੇਜ਼ੀ ਕੈਲੰਡਰ ਮੁਤਾਬਿਕ 8 ਸਤੰਬਰ 1494 ਈ. ਨੂੰ ਬਾਬਾ ਸ੍ਰੀ ਚੰਦ ਜੀ ਦਾ ਪ੍ਰਕਾਸ਼ ਹੋਇਆ। ਕਈ ਵਿਦਵਾਨਾਂ ਨੇ ਬਾਬਾ ਸ੍ਰੀ ਚੰਦ ਦਾ ਜਨਮ ਤਲਵੰਡੀ ਰਾਏ ਭੋਇੰ ਦਾ ਲਿਖਿਆ ਹੈ। ਪਰ ਬਹੁਤੇ ਵਿਦਵਾਨ ਸੁਲਤਾਨਪੁਰਲੋਧੀ ਵਿਖੇ ਹੀ ਬਾਬਾ ਜੀ ਦਾ ਜਨਮ ਹੋਇਆ ਮੰਨਦੇ ਹਨ। *ਸਿੱਖ ਇਨਸਾਈਕਲੋਪੀਡਆ* ਦੇ ਕਰਤਾ ਪ੍ਰੋ. ਹਰਬੰਸ ਸਿੰਘ ਜੀ ਬਾਬਾ ਸ੍ਰੀ ਚੰਦ ਜੀ ਦਾ ਜਨਮ ਅਸਥਾਨ ਸੁਲਤਾਨਪੁਰ ਲੋਧੀ ਹੀ ਲਿਖਦੇ ਹਨ। ਗਿਆਨੀ ਈਸ਼ਰ ਸਿੰਘ ਜੀ ਨਾਰਾ ਆਪਣੀ ਰਚਨਾ ***ਬਾਬਾ ਸ੍ਰੀ ਚੰਦ ਜੀ ਸਾਹਿਬ ਅਤੇ ਉਦਾਸੀਨ ਸੰਪ੍ਰਦਾਇ*** ਵਿਚ ਵੀ ਬਾਬਾ ਸ੍ਰੀ ਚੰਦ ਜੀ ਦਾ ਜਨਮ ਅਸਥਾਨ ਸੁਲਤਾਨਪੁਰ ਲੋਧੀ ਹੀ ਲਿਖਦੇ ਹਨ। ਭਾਈ ਰਣਧੀਰ ਸਿੰਘ ***ਉਦਾਸੀ ਸਿੱਖਾਂ ਦੀ ਵਿਥਿਆ*** ਵਿਚ ਬਾਬਾ ਜੀ ਦਾ ਜਨਮ ਅਸਥਾਨ ਸੁਲਤਾਨਪੁਰ ਲੋਧੀ ਹੀ ਲਿਖਦੇ ਹਨ। ਭਾਈ ਕਿਰਪਾਲ ਸਿੰਘ ਜੀ 'ਬਾਬਾ ਸ੍ਰੀ ਚੰਦ' ਨਾਮੀ ਲੇਖ ਵਿਚ ਉਪਰੋਕਤ ਵਿਚਾਰ ਹੀ ਪ੍ਰਗਟ ਕਰਦੇ ਹਨ।

ਸੁਖ ਬਾਸੀ ਰਾਮ ਬੇਦੀ ***ਗੁਰੂ ਨਾਨਕ ਬੰਸ ਪ੍ਰਕਾਸ਼*** ਵਿਚ ਬਾਬਾ ਸ੍ਰੀ ਚੰਦ ਜੀ ਦੇ ਬਾਬਤ ਇਉਂ ਲਿਖਦੇ ਹਨ:

ਸੁਭ ਲਖਤ੍ਰ ਬਰ ਲਗਨ ਸੁਭ ਕਾਤਕ ਮਾਸ ਪੁਨੀਤ॥
ਸ੍ਰੀ ਚੰਦ ਸਤਿਗੁਰ ਪ੍ਰਗਟਿ ਅਦਿਭੁਤ ਨਿਰਮਲ ਚੀਤ॥੫੧੩॥
ਸਿਧ ਸਾਧ ਅਰ ਦੇਵਤਾ ਗਣ ਗੰਧਰਵ ਨਰ ਜੋਗ॥
ਜੈ ਜੈ ਕਾਰ ਉਚਾਰਹੀ ਮੰਗਲ ਗਾਵਹਿ ਲੋਗੁ॥੫੧੪॥
ਕੁਸਮ ਬਰਖ ਪੂਰਨ ਕੀਓ ਬੇਦੀ ਕੌ ਗ੍ਰਹਿ ਆਨ॥
ਜੈ ਜੈਕਾਰ ਉਚਾਰਹੀ ਉਪਜੇ ਪ੍ਰਭ ਨਿਰਬਾਨ॥੫੧੫॥
ਦੇਵ ਲੋਕ ਆਨੰਦ ਬਢਿਓ ਪੁਸ਼ਪ ਬਰਖ ਜੈਕਾਰ॥
ਆਤਮ ਰੂਪੀ ਉਪਜਉ ਸਿਧ ਲੋਕ ਗੁਣਕਾਰਿ॥੫੧੬॥
ਸਿਧਿ ਚੌਰਾਸੀ ਮਿਲਿ ਸਕਲ ਬੀਰ ਬਵੰਜਾ ਆਇ॥
ਜਤੀਮੁਖ ਜੋ ਪ੍ਰਗਟਿ ਖਟ ਕੁਸਮ ਆਨ ਬਰਖਾਇ॥੫੧੭॥

॥ ਸੋਰਠਾ॥

ਪੂਰਨ ਬੇਦੀ ਧਾਮ ਪਾਰਜਾਤ ਪੁਸਪਨ ਬਰਖ॥
ਜੈ ਮੰਗਲ ਅਭਿਰਾਮ ਬੋਲੇ ਸਬਦ ਅਨੇਕ ਸੁਭ॥੫੧੮॥

॥ ਚੌਪਈ॥

ਪਰਮ ਜਤੀ ਜਗ ਮਹਿ ਪ੍ਰਗਟਾਨੇ॥ ਸਿਧਿ ਬਡੋ ਸਭਿ ਸਿਧਨ ਮਾਨੋ॥
ਬੀਰਨ ਮੈਂ ਅਤਿ ਉਤਮ ਦੇਖਾ॥ ਤਪਸਨ ਮੈ ਤਪ ਰੂਪ ਬਸੇਖਾ॥
ਦੇਵ ਲੋਕ ਮਹਿ ਜੈ ਜੈਕਾਰਿ॥ ਉਪਜੇ ਗੁਰ ਸ੍ਰੀ ਚੰਦ ਉਦਾਰ॥
ਏਕਾ ਮੁੰਦ੍ਰ ਸ੍ਰਵਨ ਮਹਿ ਬਨੀ॥ ਲਾਂਵੀ ਆਖ ਲੋਕ ਤ੍ਰਯ ਧਨੀ॥
ਲੋਹ ਕਪੀਨ ਲੰਗੋਟੀ ਸੰਗ॥ ਜਨਮ ਲੀਨ ਗੁਰ ਅਲਖ ਅਭੰਗ॥੫੧੯॥

(ਪੰਨਾ 99)

ਬਾਬਾ ਸ੍ਰੀ ਚੰਦ ਜੀ ਦੇ ਜਨਮ ਨਾਲ ਬਹੁਤ ਹੀ ਰੌਚਿਕ ਕਥਾਵਾਂ ਵੀ ਜੁੜੀਆਂ ਦੇਖਣ ਨੂੰ ਮਿਲਦੀਆਂ ਹਨ। ਜਿਵੇਂ ਕਿ ਬਾਬਾ ਜੀ ਦੇ ਜਨਮ ਸਮੇਂ ਮਾਤਾ ਸੁਲੱਖਣੀ ਜੀ ਮੂਰਛਿਤ ਹੋ ਗਏ ਸਨ। ਉਹਨਾਂ ਨੂੰ ਸ਼ਿਵ ਸਰੂਪ ਭਗਵਾਨ ਜੀ ਦੇ ਦਰਸ਼ਨ ਹੋਏ। ਕਹਿੰਦੇ ਹਨ ਕਿ ਦਾਦੀ ਨੇ ਬਾਲ ਨੂੰ ਚੁੱਕ ਕੇ ਮਾਤਾ ਦੀ ਗੋਦੀ ਪਾਇਆ ਤਾਂ ਬਾਲਕ ਹੱਸਿਆ। ਇਹਨਾਂ ਦੇ ਵਾਲ ਸੁਨਹਿਰੀ ਚਮਕੀਲੇ, ਪਰ ਬੈਠੇ ਹੋਏ ਨਿੱਕੀ ਨਿੱਕੀ ਲਿੱਟਾਂ ਵਾਂਙ ਸਨ। ਸੱਜੇ ਕੰਨ ਵਿਚ ਗੋਲ ਜਿਹੀ ਮਾਸ ਦੀ ਇਕ ਕੁਦਰਤੀ ਮੁੰਦ੍ਰਾ ਬਣੀ ਪਈ ਹੈ। ਜਨਮ ਵੇਲੇ ਸਾਰਾ ਅੰਦਰ ਸੁਗੰਧੀ ਨਾਲ ਭਰਿਆ ਪਿਆ ਹੈ ਤੇ ਇਉਂ ਭਾਸਿਆ ਜਿਉਂ ਫੁੱਲਾਂ ਦੇ ਢੇਰ ਲੱਗੇ ਹੋਵਨ। ਪਰ ਦਿੱਸਦਾ ਕੁਝ ਵੀ ਨਹੀਂ ਸੀ। ਇਨ੍ਹਾਂ ਲੱਖਣਾਂ ਨਾਲ ਬਹੁਤ ਸੁੰਦਰ ਨਜ਼ਾਰਾ ਪ੍ਰਸਤੁਤ ਕੀਤਾ ਗਿਆ ਹੈ।

ਇਹ ਸਾਰੀ ਵਾਰਤਾ ਗਿਆਨੀ ਈਸ਼ਰ ਸਿੰਘ ਜੀ ਨਾਰਾ ਨੇ *ਬਾਬਾ ਸ੍ਰੀ ਚੰਦ ਜੀ ਸਾਹਿਬ ਅਤੇ ਉਦਾਸੀਨ ਸੰਪ੍ਰਦਾਇ* ਵਿਚ ਸ੍ਰੀ ਪ੍ਰਤਾਪ ਹਰੀ ਜੀ ਦੀ ਰਚਨਾ 'ਸ੍ਰੀ ਚੰਦ੍ ਪ੍ਰਕਾਸ਼' ਵਿੱਚੋਂ ਅੰਕਿਤ ਕੀਤਾ ਹੈ। ਸੋ ਸਪੱਸ਼ਟ ਹੁੰਦਾ ਹੈ ਕਿ ਉਦਾਸੀ ਸਾਧੂਆਂ ਨੇ ਬਾਬਾ ਸ੍ਰੀ ਚੰਦ ਜੀ ਦੇ ਪ੍ਰਕਾਸ਼ ਸਮੇਂ ਦੇ ਹਾਲਾਤ ਬਹੁਤ ਹੀ ਸੁੰਦਰ ਤੇ ਰੌਚਿਕਤਾ ਭਰਪੂਰ ਬਿਆਨ ਕੀਤੇ ਹਨ। ਕਈ ਗੱਲਾਂ ਪਰਿਸਥਿਤੀਆਂ 'ਤੇ ਵੀ ਨਿਰਭਰ ਕਰਦੀਆਂ ਹਨ। ਕਈ ਵਾਰ ਕਿਸੇ ਗ੍ਰੰਥ ਨੂੰ ਰੌਚਿਕ ਭਰਪੂਰ ਬਣਾਉਣ ਲਈ ਰੌਚਿਕਤਾ ਭਰਪੂਰ ਕਥਾਵਾਂ ਅੰਕਿਤ ਕਰਨੀਆਂ ਪੈਂਦੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਬਾਬਾ ਸ੍ਰੀ ਚੰਦ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਪਲੇਠੇ ਪੁੱਤਰ ਸਨ। ਗੁਰੂ ਪੁੱਤਰ ਹੋਣ ਦੇ ਨਾਤੇ ਕੁਝ ਕੁ ਸ਼ਕਤੀਆਂ ਤਾਂ ਅਵੱਸ਼ ਹੋਣਗੀਆਂ। ਕੁਝ ਵੀ ਗ੍ਰੰਥ ਲੇਖਕਾਂ ਦਾ ਵੀ ਮਨੋਰਥ ਹੁੰਦਾ ਹੈ ਕਰਾਮਾਤੀ ਸ਼ਕਤੀਆਂ ਦਿਖਾ ਕੇ ਵੱਧ ਤੋਂ ਵੱਧ ਸਹਾਨੁਭੂਤੀ ਬਣਾਈ ਜਾਂਦੀ ਹੈ, ਕਿਉਂਕਿ ਲੋਕਾਂ ਦਾ ਕਰਾਮਾਤਾਂ ਵਿਚ ਵਿਸ਼ਵਾਸ ਪੱਥਰ ਯੁੱਗ ਤੋਂ ਤੁਰਿਆ ਆਉਂਦਾ ਹੈ। ਕਰਾਮਾਤਾਂ ਮਨੁੱਖੀ ਮਨਾਂ ਨੂੰ ਪ੍ਰਭਾਵਿਤ ਵੀ ਕਰਦੀਆਂ ਹਨ। ਪਰੰਤੂ ਗੁਰੂ ਨਾਨਕ ਬਾਣੀ ਕਰਾਮਾਤੀ ਸ਼ਕਤੀਆਂ ਦੀ ਸਾਰਥਿਕਤਾ ਨੂੰ ਅਪ੍ਰਵਾਨ ਕਰਦੀ ਹੈ। ਹਾਂ, ਇਤਨਾ ਜ਼ਰੂਰ ਹੈ, ਜੋ ਪਰਮਾਤਮਾ ਦੀ ਭਗਤ ਕਰਦੇ ਹਨ, ਉਹਨਾਂ ਦੇ ਪਿੱਛੇ ਰਿਧੀਆਂ-ਸਿਧੀਆਂ ਲੱਗੀਆਂ ਫਿਰਦੀਆਂ ਹਨ। ਸੋ ਬਾਬਾ ਸ੍ਰੀ ਚੰਦ ਜੀ ਗੁਰੂ ਨਾਨਕ ਦੇਵ ਜੀ ਦੇ ਸਪੁੱਤ ਹੋਣ ਦੇ ਨਾਤੇ ਕਈ ਅਦਿੱਖ ਸ਼ਕਤੀਆਂ ਦੇ ਮਾਲਕ ਸਨ। ਬਾਬਾ ਸ੍ਰੀ ਚੰਦ ਜੀ ਦੇ ਜਨਮ ਦੀਆਂ ਖ਼ਬਰਾਂ ਸ੍ਰੀ ਜੈਰਾਮ ਜੀ ਨੇ ਪੱਖੋ ਕੇ ਰੰਧਾਵੇ ਅਤੇ ਤਲਵੰਡੀ ਨੂੰ ਭੇਜੀਆਂ। ਨਾਨਕੇ ਤੇ ਦਾਦਕੇ ਪਰਿਵਾਰਾਂ ਨੇ ਆਪਣੀ ਆਪਣੀ ਥਾਂ 'ਤੇ ਬਹੁਤ ਖ਼ੁਸ਼ੀਆਂ ਮਨਾਈਆਂ। ਦੋਵਾਂ ਪਰਿਵਾਰਾਂ ਨੇ ਖ਼ੁਸ਼ੀ ਮਾਣਦੇ ਹੋਏ ਗ਼ਰੀਬ ਲੋਕਾਂ ਵਿਚ ਨਕਦੀ ਰੁਪਏ ਤੇ ਮਿਠਾਈਆਂ ਵੰਡ ਕੇ ਆਪਣੀਆਂ ਆਪਣੀਆਂ ਮੁਰਾਦਾਂ ਪੂਰੀਆਂ ਹੋਈਆਂ ਦੱਸੀਆਂ ਅਤੇ ਆਪ ਦੋਵੇਂ ਧਿਰਾਂ ਨਾਨਕੇ ਤੇ ਦਾਦਕੇ ਮਾਤਾ ਸੁਲੱਖਣੀ ਜੀ ਨੂੰ ਵਧਾਈਆਂ ਦੇਣ ਲਈ ਸੁਲਤਾਨਪੁਰ ਨੂੰ ਆਏ। ਉਸ ਵੇਲੇ ਜੋ ਜੋ ਸਨਬੰਧੀ ਆਏ ਸਨ, ਉਹਨਾਂ ਦੇ ਨਾਮ ਲਿਖੇ ਹੋਏ ਮਿਲਦੇ ਹਨ:

1. ਤਲਵੰਡੀ ਤੋਂ ਪਿਤਾ ਕਾਲੂ ਜੀ ਮਾਤਾ ਤ੍ਰਿਪਤਾ ਜੀ ਇਹਨਾਂ ਦੇ ਦੋ ਸੇਵਾਦਾਰ ਇਕ ਬ੍ਰਾਹਮਣ ਤੇ ਦੂਜਾ ਮਿਰਾਸੀ।

2. ਪੱਖੋਕੇ (ਵਟਾਲੇ ਦੇ) ਸ੍ਰੀ ਮੂਲ ਚੰਦ ਜੀ ਅਤੇ ਚੰਦੋ ਰਾਣੀ (ਗੁਰੂ ਨਾਨਕ ਦੇਵ ਜੀ ਦੀ ਸੱਸ) ਇਹਨਾਂ ਦੀ ਇਕ ਟਹਿਲਣ ਪ੍ਰੇਮੋ ਮਹਿਰੀ ਅਤੇ ਦੋ ਚਾਕਰ ਹੋਰ ਵੀ ਸਨ।
3. ਬਾਰਠ ਤੋਂ ਗੁਰੂ ਨਾਨਕ ਦੇਵ ਜੀ ਦੇ ਨਾਨਕੇ ਘਰੋਂ ਨਾਨਾ ਰਾਮਾ ਜੀ, ਨਾਨੀ ਸਭਰਾਈ ਅਤੇ ਇਹਨਾਂ ਦਾ ਸਪੁੱਤਰ ਗੁਰੂ ਨਾਨਕ ਜੀ ਦਾ ਮਾਮਾ ਕ੍ਰਿਸ਼ਨਾ ਜੀ ਸਨ। ਇਹਨਾਂ ਸਾਰਿਆਂ ਨੇ ਆ ਕੇ ਗੁਰੂ ਜੀ ਦੇ, ਸ੍ਰੀ ਸੁਲੱਖਣੀ ਜੀ ਦੇ ਅਤੇ ਨਵੇਂ ਜਨਮੇ ਬਾਲਕ ਦੇ ਵਾਰ ਵਾਰ ਸਿਰ ਵਾਰਨੇ ਕੀਤੇ। ਤੇਹਰਵੇਂ ਦਿਨ ਫਿਰ ਖ਼ੁਸ਼ੀ ਦੇ ਸ਼ਗਨ ਮਨਾਏ ਗਏ। ਨਵੇਂ ਜਨਮੇ ਬਾਲਕ ਦਾ ਨਾਮ ਸ੍ਰੀ ਚੰਦ ਰੱਖਿਆ।

ਪੰਡਿਤ ਈਸ਼ਰ ਸਿੰਘ ਨਾਰਾ ਨੇ ਲਿਖਿਆ ਹੈ ਕਿ ਪੰਡਿਤ ਨੇ ਆ ਕੇ ਪੱਤਰੀ ਵਾਚੀ ਯਾਨਿ ਕਿ ਜਨਮ ਕੁੰਡਲੀ ਬਣਾਈ। ਬਾਲਕ ਨੂੰ ਬੜਾ ਵਡਭਾਗੀ ਸ਼ਕਤੀ ਸੰਪੰਨ ਈਸ਼ਵਰ ਕੋਟੀ ਦਾ ਪੁਰਸ਼ ਦੱਸਿਆ ਅਤੇ ਨਾਮ ਸ੍ਰੀ ਚੰਦ ਰੱਖਿਆ। ਸੋ ਅਜਿਹੀਆਂ ਕਈ ਸਾਖੀਆਂ ਪੰਡਿਤ ਈਸ਼ਰ ਸਿੰਘ ਨਾਰਾ ਜੀ ਨੇ ਲਿਖੀਆਂ ਹਨ। ਉਹਨਾਂ ਵੱਲੋਂ ਪ੍ਰਸਤੁਤ ਕੀਤੀ ਜਨਮ ਕੁੰਡਲੀ ਦਾ ਚਿੱਤਰ ਵੀ ਦਿਖਾਇਆ ਗਿਆ ਹੈ :



ਨਾਰਾ ਜੀ ਅੱਗੇ ਲਿਖਦੇ ਹਨ ਕਿ ਜਨਮ ਕੁੰਡਲੀ ਦੇਖ ਕੇ ਅਤੇ ਬਾਲਕ ਦਾ ਨਾਮ 'ਸ੍ਰੀ ਚੰਦ' ਸੁਣ ਕੇ ਪਿਤਾ ਕਾਲੂ ਜੀ ਬਹੁਤ ਖ਼ੁਸ਼ ਹੋਏ ਤੇ ਕਿਹਾ ਕਿ ਪੰਡਿਤ ਜੀ ਸ਼ਾਬਾਸ਼ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਾ ਸ੍ਰੀ ਚੰਦ ਜੀ ਦੀ ਛੋਟੀ ਅਵਸਥਾ ਵਿਚ ਹੀ ਆਪਣੀ ਅਧਿਆਤਮਕ ਅਵਸਥਾ ਅਨੁਸਾਰ ਦੀਕਸ਼ਾ ਸਿਖਸ਼ਾ ਦੇਣੀ ਆਰੰਭੀ। ਜਿਸ ਨਾਲ ਉਹਨਾਂ ਅੰਮ੍ਰਿਤ ਵੇਲੇ ਉੱਠਣਾ, ਇਸ਼ਨਾਨ ਕਰਨਾ ਅਤੇ ਕਈ ਘੰਟੇ ਸਿਮਰਨ ਵਿਚ ਲੀਨ ਰਹਿਣਾ ਹੀ ਆਪਣਾ ਸੁਭਾਅ ਬਣਾ ਲਿਆ ਸੀ। ਉਹਨਾਂ ਨੂੰ ਜੋ ਵੀ ਧਾਰਮਿਕ ਕਥਾਵਾਂ ਸੁਣਾਈਆਂ ਜਾਂਦੀਆਂ ਸਨ, ਉਹਨਾਂ ਨੂੰ ਉਹ ਅਤਿ ਧਿਆਨ ਨਾਲ ਇਕ ਚਿੱਤ ਹੋ ਕੇ ਸੁਣਦੇ। ਆਪਣੀ ਉਮਰ ਦੇ ਸਾਥੀ ਉਹਨਾਂ ਨੂੰ ਇਕੱਠੇ ਬਿਠਾ ਕੇ ਸਿਮਰਨ ਕਰਨ ਦੀ ਜਾਚ ਦੱਸਦੇ। ਉਹਨਾਂ ਦੇ ਬਚਪਨ ਨਾਲ ਕਈ ਅਲੌਕਿਕ ਕਹਾਣੀਆਂ ਵੀ ਜੁੜੀਆਂ ਹਨ। ਜਿਵੇਂ ਕਿ ਇਕ ਵਾਰੀ ਜੰਗਲ ਤੋਂ ਵਾਪਸ ਨਹੀਂ ਆਏ। ਬਹੁਤ ਦੇਰ ਹੋ ਗਈ ਤਾਂ ਪਰਿਵਾਰਕ ਮੈਂਬਰ ਬਹੁਤ ਚਿੰਤਤ ਹੋ ਉੱਠੇ। ਉਹਨਾਂ

ਦੀ ਭਾਲ ਲਈ ਕੁਝ ਬੰਦੇ ਵੀ ਭੇਜੇ ਗਏ। ਉਹ ਵੇਖ ਕੇ ਹੈਰਾਨ ਹੋ ਗਏ ਕਿ ਬਾਬਾ ਜੀ ਡੂੰਘੀ ਸਮਾਧੀ ਵਿਚ ਸਥਿਤ ਸਨ ਅਤੇ ਉਹਨਾਂ ਦੇ ਆਲੇ-ਦੁਆਲੇ ਕਈ ਤਰ੍ਹਾਂ ਦੇ ਖ਼ੂੰਖ਼ਾਰ ਜੰਗਲੀ ਜਾਨਵਰ ਬੈਠੇ ਹੋਏ ਸਨ। ਬਾਬਾ ਸ੍ਰੀ ਚੰਦ ਜੀ ਸ਼ਾਂਤ-ਚਿਤ ਅੱਖਾਂ ਮੀਟ ਕੇ ਬੈਠੇ ਹੋਏ ਸਨ ਤੇ ਪਰਮਾਤਮਾ ਦੀ ਰਹੱਸਮਈ ਸ਼ਕਤੀ ਦਾ ਅਨੰਦ ਮਾਣ ਰਹੇ ਸਨ। ਉਹਨਾਂ ਦੇ ਆਲੇ-ਦੁਆਲੇ ਬੈਠੇ ਜੰਗਲੀ ਜਾਨਵਰ ਹਾਥੀ, ਸ਼ੇਰ ਆਪਣੇ ਮਾਲਕ ਦੀ ਰਹੱਸਮਈ ਸ਼ਕਤੀ ਦਾ ਅਨੰਦ ਮਾਣ ਰਹੇ ਸਨ।

ਸੰਨ 1501 ਈ. ਵਿਚ ਗੁਰੂ ਨਾਨਕ ਦੇਵ ਜੀ ਜਦੋਂ ਪਹਿਲੀ ਉਦਾਸੀ ਲਈ ਗਏ ਤਾਂ ਉਸ ਸਮੇਂ ਬਾਬਾ ਜੀ ਕੇਵਲ ਸੱਤ ਸਾਲ ਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਵੱਡੀ ਭੈਣ ਬੇਬੇ ਨਾਨਕੀ ਨੂੰ ਕਿਹਾ ਕਿ ਸਤਿਕਾਰਯੋਗ ਭੈਣ ਜੀ! ਇਹ ਬਾਲਕ ਸਾਧਾਰਨ ਨਹੀਂ। ਇਹ ਵੱਡਾ ਹੋ ਕੇ ਇਕ ਵੱਡਾ ਭਗਤ ਬਣੇਗਾ। ਇਸ ਦੀ ਸਿੱਖੀ ਸੇਵਕੀ ਬਹੁਤ ਹੋਵੇਗੀ। ਇਸ ਦੀ ਦੀਰਘ ਅਵਸਥਾ ਹੋਵੇਗੀ ਅਤੇ ਇਹ ਇਕ ਆਪਣੀ ਵੱਖਰੀ ਸੰਪ੍ਰਦਾ ਚਲਾਏਗਾ। ਇਹ ਸ਼ਾਦੀ ਨਹੀਂ ਕਰੇਗਾ ਅਤੇ ਸਾਡੀ ਕੁਲ ਨੂੰ ਅੱਗੇ ਤੋਰੇਗਾ। ਬਾਬਾ ਜੀ ਆਪਣੇ ਦਾਦੇ-ਦਾਦੀ ਅਤੇ ਸਾਡੀ ਕੁਲ ਨੂੰ ਮਿਲਣ ਤਲਵੰਡੀ ਅਤੇ ਪੱਖੋਕੇ ਗਏ। ਭਾਵੇਂ ਉਹਨਾਂ ਦਾ ਮੁਖੜਾ ਮਮਤਾ ਨਾਲ ਚਮਕ ਰਿਹਾ ਸੀ। ਉਹਨਾਂ ਦੇ ਵਿਸਤ੍ਰਿਤ ਗਿਆਨ, ਤੀਖਣ ਬੁੱਧੀ ਅਤੇ ਅਧਿਆਤਮਕ ਪ੍ਰਾਪਤੀਆਂ ਦਾ ਸਦਕਾ ਛੋਟੀ ਉਮਰੇ ਹੀ ਹਰ ਪਾਸੇ ਹਰਮਨ ਪਿਆਰੇ ਹੋ ਗਏ ਸਨ। ਨਵਾਬ ਨੇ ਤਾਂ ਮੁੱਖ ਰੂਪ ਵਿਚ ਉਹਨਾਂ ਦਾ ਗੁਰੂ ਨਾਨਕ ਜੀ ਵਾਂਙ ਹੀ ਸਤਿਕਾਰ ਕੀਤਾ। ਜਦੋਂ ਗੁਰੂ ਨਾਨਕ ਜੀ ਪਹਿਲੀ ਉਦਾਸੀ ਤੋਂ ਵਾਪਸ ਪਰਤਦੇ ਹਨ ਤਾਂ ਵੇਖਦੇ ਹਨ ਕਿ ਉਹਨਾਂ ਦਾ ਪੰਦਰਾਂ ਸਾਲ ਦਾ ਬਾਲਕ ਆਪਣੇ ਅਸੂਲਾਂ ਦਾ ਬੜਾ ਪੱਕਾ ਅਤੇ ਨਾਮ ਸਿਮਰਨ ਵਿਚ ਪਰਪੱਕ ਤੇ ਲੀਨ ਰਹਿੰਦਾ ਹੈ। ਗੁਰੂ ਜੀ ਆਪਣੀ ਦੂਸਰੀ ਉਦਾਸੀ 'ਤੇ ਜਾਣ ਤੋਂ ਪਹਿਲਾਂ ਕੁਝ ਸਮਾਂ ਸੁਲਤਾਨਪੁਰ ਲੋਧੀ ਠਹਿਰੇ ਅਤੇ ਬਾਬਾ ਸ੍ਰੀ ਚੰਦ ਜੀ ਨੂੰ ਵੱਧ ਤੋਂ ਵੱਧ ਸਮਾਂ ਦੇ ਕੇ ਗਿਆਨ ਨਾਲ ਭਰਪੂਰ ਕੀਤਾ। ਦੂਸਰੀ ਉਦਾਸੀ ਤੋਂ ਵਾਪਸ ਆ ਕੇ ਗੁਰੂ ਨਾਨਕ ਜੀ ਨੇ ਬਾਬਾ ਸ੍ਰੀ ਚੰਦ ਜੀ ਨੂੰ ਭਾਰਤੀ ਸੰਸਕ੍ਰਿਤੀ ਦੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਨ ਦਾ ਉਪਦੇਸ਼ ਦਿੱਤਾ।

ਮੁੱਢਲੀ ਸਿੱਖਿਆ ਪਿਤਾ ਗੁਰੂ ਨਾਨਕ ਦੇਵ ਜੀ ਅਤੇ ਆਪਣੀ ਭੂਆ ਬੇਬੇ ਨਾਨਕੀ ਜੀ ਤੋਂ ਪ੍ਰਾਪਤ ਕਰ ਕੇ ਬਾਬਾ ਸ੍ਰੀ ਚੰਦ ਜੀ ਸ੍ਰੀਨਗਰ ਵਿਖੇ ਪੰਡਿਤ ਪਰਸ਼ੋਤਮ ਦਾਸ ਦੇ ਪ੍ਰਸਿੱਧ ਵਿਦਿਆਲੇ ਵਿਖੇ ਢਾਈ ਸਾਲ ਰਹੇ। ਬਾਬਾ ਜੀ ਸਭ ਤੋਂ ਹੁਸ਼ਿਆਰ ਤੇ ਚਤੁਰ ਵਿਦਿਆਰਥੀ ਸਨ। ਬਾਬਾ ਸ੍ਰੀ ਚੰਦ ਜੀ ਨੇ ਆਪਣੀ ਤੀਖਣ ਪ੍ਰਤਿਭਾ ਸਿਆਣਪ ਤੀਖਣ ਬੁੱਧੀ ਨਾਲ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਉਦਾਹਰਨ ਵਜੋਂ ਜਦੋਂ ਕਾਂਸ਼ੀ ਦੇ ਪ੍ਰਸਿੱਧ ਜਾਣੇ-ਮਾਣੇ ਅਤੇ ਘਮੰਡੀ ਬ੍ਰਾਹਮਣ ਨੇ ਉਹਨਾਂ ਦੇ ਗੁਰੂ ਨੂੰ ਬਹਿਸ ਲਈ ਸੱਦਾ ਦਿੱਤਾ ਤਾਂ ਬਾਬਾ ਸ੍ਰੀ ਚੰਦ ਜੀ ਆਪਣੇ ਗੁਰੂ ਜੀ ਦੀ ਜਗ੍ਹਾ 'ਤੇ ਅੱਗੇ ਆਏ ਤੇ ਪੰਡਿਤ ਸੋਮਨਾਥ ਤ੍ਰਿਪਾਠੀ ਦੇ ਤਰਕਾਂ ਦਾ ਮੂੰਹ ਤੋੜਵਾਂ ਜਵਾਬ ਦਿੱਤਾ, ਜਿਸ ਨਾਲ ਪੰਡਿਤ ਘਬਰਾ ਕੇ ਮੈਦਾਨ ਛੱਡ ਕੇ ਭੱਜ ਗਿਆ।

ਬਾਬਾ ਸ੍ਰੀ ਚੰਦ ਜੀ ਦੀ ਆਤਮਾ ਪਰਮਾਤਮਾ ਨਾਲ ਅਭੇਦ ਹੋ ਚੁੱਕੀ ਸੀ।

ਆਪਣੀ ਅਗਾਧ ਬੋਧ ਸਿਮਰਨ ਸ਼ਕਤੀ ਦੁਆਰਾ ਇਕ ਅਕਾਲ ਪੁਰਖ ਅਤੇ ਸਾਰੇ ਦੇਵੀ-ਦੇਵਤੇ ਗੁਰੂ ਨਾਨਕ ਦੇਵ ਜੀ ਦਾ ਮਾਨ-ਸਨਮਾਨ ਕਰ ਰਹੇ ਸਨ। ਇਸ ਦੈਵੀ ਦ੍ਰਿਸ਼ ਨੂੰ ਦੇਖਣ ਤੋਂ ਬਾਅਦ ਆਪਣੇ ਪਿਤਾ ਜੀ ਦੀ ਉਸਤਤ ਵਿਚ ਆਰਤਾ ਕਿਹਾ :

ਆਰਤਾ ਕੀਜੈ ਨਾਨਕ ਸ਼ਾਹਿ ਪਾਤਸ਼ਾਹ ਕਾ॥
ਹਰਿ ਹਰਿ ਦੀਨ ਦੁਨੀਆਂ ਕੇ ਸ਼ਹਿਨਿਸ਼ਾਹ ਕਾ॥
ਆਰਤਾ ਕੀਜੈ ਨਾਨਕ ਸਾਹਿ-ਪਾਤਸਾਹ ਕਾ॥੧॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਚੌਥੀ ਅਤੇ ਅੰਤਿਮ ਉਦਾਸੀ ਤੋਂ ਆ ਕੇ ਆਪਣੇ ਉਦਾਸੀ ਭੇਖ ਉਤਾਰ ਕੇ ਦੁਨਿਆਵੀ ਭੇਖ ਧਾਰਨ ਕਰ ਲਿਆ ਸੀ। ਸਾਖੀਕਾਰ ਲਿਖਦਾ ਹੈ ਕਿ ਬਾਬਾ ਸ੍ਰੀ ਚੰਦ ਜੀ ਨੇ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਇਹ ਉਦਾਸੀ ਬਾਣਾ ਸਾਨੂੰ ਪ੍ਰਦਾਨ ਕਰਕੇ ਅਸੀਸ ਦੇਉ। ਬਾਬਾ ਸ੍ਰੀ ਚੰਦ ਜੀ ਨੇ ਉਦਾਸੀ ਭੇਖ ਲੈ ਕੇ ਆਪਣੇ ਜੀਵਨ ਤਕ ਪਵਿੱਤਰਤਾ ਕਾਇਮ ਰੱਖੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ ਨੂੰ ਇਹ ਬਚਨ ਵੀ ਕਹੇ ਕਿ ਜਿਥੇ ਤੁਸੀਂ ਉਦਾਸੀ ਭੇਖ ਧਾਰਨ ਕਰ ਰਹੇ ਹੋ, ਉਥੇ ਸਮਾਜ ਸੁਧਾਰ ਪ੍ਰਤੀ ਵੀ ਆਪਣਾ ਪੂਰਾ ਕਰਤੱਵ ਨਿਭਾਉਣਾ। ਤੁਸੀਂ ਮੇਰੇ ਪੁੱਤਰ ਹੋਣ ਦੇ ਨਾਤੇ ਸਤਿਕਾਰੇ ਜਾਵੋਗੇ। ਤੁਸੀਂ ਉਸ ਅਸੀਮ ਪ੍ਰਭੂ ਨਾਲ ਇਕਮਿਕ ਹੋਣ ਲਈ ਉੱਤਮ ਤੇ ਨੇਕ ਕਰਮ ਕਰਨੇ ਹਨ। ਪਰਮਾਤਮਾ ਦਾ ਨਾਮ ਸਿਮਰਨ ਭਗਤੀ ਕਰਕੇ ਉਸ ਅਕਾਲ ਪੁਰਖ ਨਾਲ ਇਕ ਜੋਤਿ ਹੋਣਾ ਹੈ। ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਦੋਵੇਂ ਸਾਹਿਬਜ਼ਾਦਿਆਂ ਨੂੰ ਗੁਰੂ ਅੰਗਦ ਦੇਵ ਜੀ ਅਤੇ ਹੋਰ ਆਉਣ ਵਾਲੇ ਗੁਰੂ ਸਾਹਿਬਾਨ ਦਾ ਸਤਿਕਾਰ ਕਰਨ ਦੀ ਵੀ ਹਦਾਇਤ ਕੀਤੀ। ਕਮਜ਼ੋਰ ਅਤੇ ਗ਼ਰੀਬਾਂ ਦੇ ਦੁੱਖ-ਕਲੇਸ਼ ਦੂਰ ਕਰਨ ਲਈ ਰਿਧੀਆਂ-ਸਿਧੀਆਂ ਤੁਹਾਡੀਆਂ ਸੇਵਾਦਾਰਨੀਆਂ ਹੋਵਣਗੀਆਂ।

ਬਾਬਾ ਸ੍ਰੀ ਚੰਦ ਜੀ ਦੀ ਇਹ ਪ੍ਰਬਲ ਇੱਛਾ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬੰਸ ਸਮਾਪਤ ਨਾ ਹੋ ਕੇ, ਸਗੋਂ ਅੱਗੋਂ ਹੋਰ ਪ੍ਰਫੁੱਲਤ ਹੋਵੇ। ਬਾਬਾ ਸ੍ਰੀ ਚੰਦ ਜੀ ਆਪ ਬ੍ਰਹਮਚਾਰੀ ਰਹੇ, ਪਰ ਉਹਨਾਂ ਨੇ ਆਪਣੇ ਭਰਾ ਸ੍ਰੀ ਲਖਮੀ ਚੰਦ ਦੇ ਵਿਆਹ ਦੀ ਤਿਆਰੀ ਆਰੰਭੀ ਅਤੇ ਬਾਬਾ ਲਖਮੀ ਚੰਦ ਦੇ ਘਰ ਬਾਬਾ ਧਰਮ ਚੰਦ ਪੁੱਤਰ ਜਨਮਿਆ। ਬਾਬਾ ਸ੍ਰੀ ਚੰਦ ਜੀ ਨੇ ਇਸ ਬੱਚੇ (ਧਰਮ ਚੰਦ) ਨੂੰ ਇਕ ਮਾਂ ਵਾਂਙ ਆਧੀਆਂ-ਪੁਆਧੀਆਂ ਤੇ ਵਿਆਧੀਆਂ ਤੋਂ ਬਚਾਅ ਕੇ ਪਾਲਿਆ। ਆਪ ਜੀ ਨੇ ਬਾਬਾ ਧਰਮ ਚੰਦ ਜੀ ਦੀ ਪੂਰੀ ਦੇਖਭਾਲ ਕੀਤੀ।

ਸੁਖਬਾਸੀ ਰਾਮ ਬੇਦੀ *ਗੁਰੂ ਨਾਨਕ ਬੰਸ ਪ੍ਰਕਾਸ਼* ਵਿਚ ਇਉਂ ਲਿਖਦੇ ਹਨ :

ਲਖਮੀ ਚੰਦ ਦਾ ਮੁਕਲਾਵਾ

ਸੁਰਤ੍ਰਾਣਪੁਰੇ ਸੇਠੀ ਸੰਤੋਖਾ॥ ਲਖਮੀ ਚੰਦ ਕੀ ਸੁਸਰ ਮੁਖੋਖਾ॥
ਤਾਂਹਿ ਦਯੋ ਇਕ ਨਰ ਪਹੁਚਾਇ॥ ਆਨਹੁ ਲਖਮੀ ਚੰਦ ਕੋ ਆਇ॥੧੨੬੬॥
॥ਦੋਹਰਾ॥
ਲਖਮੀ ਚੰਦ ਪੂਰਨ ਪੁਰਖ ਮੁਕਲਾਵਾ ਲੈ ਜਾਇ॥
ਆਸਾ ਹਮਰੀ ਪੂਜੀਏ ਬੇਦੀ ਸਭ ਸੁਖਦਾਇ॥੨੧੬੭॥

ਤਬਿ ਜੈ ਰਾਮ ਪਲਤੇ ਬਹੁਰ ਪੁਰਖ ਦੀਯੋ ਪਠ ਏਕ॥
ਸ੍ਰੀ ਚੰਦ ਕੋ ਆਨੀਏ ਦਰਸਨ ਹਮਹਿ ਬਬੇਕ॥੨੧੬੮॥
ਤਲਵਡੰਕ ਪਹੁਤੇ ਪੁਰਖ ਕਾਲੂ ਕੇ ਗ੍ਰਿਹਿ ਜਾਇ॥
ਕਹੀ ਪਿਤਾਮੇ ਕੋ ਸਕਲ ਸੁਨਿ ਬੇਦੀ ਹਰਖਾਇ॥੨੧੬੯॥
ਕਰੀ ਤਯਾਰੀ ਭ੍ਰਾਤ ਬਿਬ ਬੈਠਾਏ ਰਥ ਮਾਹ॥
ਸੁਰਤ੍ਰਾਣਪੁਰੇ ਕੋ ਪਠ ਦੀਏ ਜੋ ਸੁੰਦ੍ਰ ਨਰ ਨਾਹ॥੨੧੭੦॥

॥ ਚੌਪਈ ॥

ਸੁਰਤ੍ਰਾਣਪੁਰੇ ਕਓ ਪਠੇ ਕੁਮਾਰ॥ ਸੰਗ ਦਏ ਲਾਗੀ ਬਰ ਚਾਰ॥
ਤਿਸੀ ਸਮੇ ਮੂਲਾ ਚੌਣਾ ਬਰਿ॥ ਪਹੁਚਯੋ ਕਾਲੂ ਬੇਦੀ ਕੇ ਘਰਿ॥
ਮੁਲਾਕਾਤ ਕੁਰਸਨ ਕੀ ਭਈ॥ ਮਿਲੇ ਪਰਸਪਰ ਸੋਭਾ ਮਈ॥
ਕਾਲੂ ਬਹੁ ਆਦਰੁ ਤਬਿ ਕੀਨਾ॥ ਸੁੰਦਰ ਸੁਭ ਗੁਰ ਡੇਰਾ ਦੀਨਾ॥
ਅੰਨ ਮਿਸਟ ਬਹੁ ਭਾਂਤ ਬਨਾਏ॥ ਭਖ ਭੋਜ ਰਸਿ ਪਰਮ ਸੁਹਾਏ॥੨੧੨੦॥

॥ ਦੋਹਰਾ ॥

ਵਿਪ੍ਰ ਧਾਮ ਭੋਜਨ ਕਰੈ ਬੇਦੀ ਗ੍ਰਿਹਿ ਨਹੀ ਜਾਇ॥
ਮੂਲਾ ਚੋਣਾ ਧਰਮ ਜੁਤ ਕਾਲੂ ਅਚਲ ਸੁਭਾਇ॥੨੧੭੨॥
ਮਾਤਾ ਚੋਣੀ ਕੋ ਤਬੈ ਮੂਲਾ ਮਿਲਓ ਆਇ॥
ਪਿਤਾ ਸੁਤਾ ਅਤਿ ਹਰਖ ਚਿਤ ਆਨੰਦ ਰਿਦੈ ਨ ਮਾਇ॥੨੧੭੩॥
ਪੁਤ੍ਰੀ ਕੋ ਮਿਲ ਹਰਖ ਚਿਤ ਆਇਓ ਕਾਲੂ ਪਾਸ॥
ਹਾਥ ਜੋਰ ਬਿਨਤੀ ਕਰੀ ਮਨ ਮੈ ਧਾਰ ਹੁਲਾਸ॥੨੧੭੪॥
ਮਹਿਤਾ ਜੀ ਚਿਤ ਹਰਖ ਹੁਇ ਮਮ ਪੁਤ੍ਰੀ ਮੁਹਿ ਸੰਗ॥
ਦੀਜੈ ਅਬ ਹੀ ਮਾਨ ਹਿਤ ਕਾਰਜੁ ਕਰਹੁ ਉਮੰਗ॥੨੧੭੫॥
ਲੈ ਜਾਵਹੁ ਨਿਜ ਧਾਮ ਮਹਿ ਤੁਮਰੀ ਆਇਸ ਮਾਹਿ॥
ਮਾਤਾ ਯਾ ਕੀ ਤਰਫਤੀ ਜਾਇ ਮਿਲਾਵਹੁ ਤਾਹਿ॥੨੧੭੬॥
ਸੁਨਿ ਕਾਲੂ ਹਰਖਤਿ ਭਯੋ ਦਈ ਨੁਖਾ ਨਿਜ ਸੰਗ॥
ਪੁਤ੍ਰੀ ਸੋ ਲੇ ਧਾਮ ਕੌ ਮੂਲਾ ਚਲਓ ਉਮੰਗ॥੨੧੭੭॥
ਚੰਦੋ ਰਾਣੀ ਨਿਰਖ ਕੇ ਪੁਤ੍ਰੀ ਕੇ ਹਰਖਾਇ॥
ਮਨ ਮੈ ਕਰਿ ਆਨੰਦ ਅਤਿ ਲਈ ਕੰਠ ਮੈ ਲਾਇ॥੨੧੭੮॥

॥ ਚੌਪਈ ॥

ਪਖੋ ਕੇ ਰੰਧਾਵੇ ਜਾਨੋ॥ ਮੂਲਾ ਤਹਿ ਪਟਵਾਰੀ ਮਾਨੋ॥
ਨਾਰ ਸਮੇਤ ਬਖਯੋ ਤਹਿ ਆਈ॥ ਧਨ ਸਮਾਨ ਬਰ ਧਾਮ ਬਨਾਈ॥
ਮਾਤਾ ਚੌਣੀ ਕੋ ਤਹਿ ਆਨੁ॥ ਨਾਮ ਸੁਲਖਣੀ ਕਹੇ ਬਖਾਨ॥
ਬਹੁ ਆਦਰ ਸਨਮਾਨ ਬਢਾਇਓ॥ ਟੈਹਲ ਭਾਵਨਾ ਸੈ ਮਨ ਲਾਯੋ॥
ਨਿਰਖ ਪਤ੍ਰਿਕਾ ਅਧਿਕ ਹੁਲਾਸੀ॥ ਮੂਲਾ ਚੰਦੋ ਸਨ ਸੁਖਬਾਸੀ॥੨੧੭੯॥

॥ ਦੋਹਰਾ ॥

ਸ੍ਰੀ ਚੰਦ ਜੈ ਰਾਮ ਗ੍ਰਿਹਿ ਆਨੰਦ ਮਗਨ ਉਦਾਰ॥
ਲਖਮੀ ਚੰਦ ਸੋਠੀ ਭਵਨ ਅਤਿ ਪ੍ਰਸੰਨ ਸੁਖਸਾਰ॥੨੧੮੦॥

ਏਕ ਮਾਸ ਸਸੁਰਾਰ ਬਸਿ ਬਹੁਰੋ ਫੁਫੀ ਧਾਮ॥੨੧੮੧॥
ਲਖਮੀ ਚੰਦ ਵਹੁਟੀ ਸਹਿਤ ਆਂਨ ਕੀਯੋ ਬਿਸਰਾਮ॥
ਸ੍ਰੀ ਚੰਦ ਜੀ ਅਨੁਜ ਜੁਤਿ ਬਸੇ ਧਾਮ ਜੈ ਰਾਮ॥
ਤਾਂਕੇ ਗ੍ਰਹਿ ਨਹੀ ਅਵਰ ਸੁਤ ਬੀਬੀ ਅਤਿ ਅਭਿਰਾਮ॥੨੧੮੨॥
ਭ੍ਰਾਤ ਤਾਤ ਕੋ ਨਿਰਖ ਕੇ ਬੀਬੀ ਹਰਖ ਅਪਾਰ॥
ਪੁਨ ਭਯਾ ਜੈ ਰਾਮ ਜੂ ਇਨ ਸੋ ਅਧਿਕ ਪਿਆਰ॥੨੧੮੩॥
ਮੁਕਲਾਵੇ ਪਰ ਦਾਜੁ ਜੋ ਦਯੋ ਸੇਠੀਅਨ ਜੋਇ॥
ਤਲਵੰਡਕ ਪੁਰ ਪਠਿ ਦਯੋ ਕਾਲੂ ਕੋ ਸਭ ਸੋਇ॥੨੧੮੪॥
ਲਾਗੀ ਤਲਵੰਡਕ ਗਏ ਬਾਲ ਫੁਫੇਰੇ ਧਾਮ॥
ਸ੍ਰੀ ਚੰਦ ਜੀ ਭ੍ਰਾਤਿ ਜੁਤਿ ਬਸੇ ਭਵਨ ਜੈ ਰਾਮ॥੨੧੮੫॥
ਸ੍ਰੀ ਗੁਰੂ ਨਾਨਕ ਦੇਵ ਪ੍ਰਭ ਗਵਨ ਦੁਆਰਕਾ ਕੀਨ॥
ਪਰਸੇ ਹਰ ਰਣਛੋਰ ਕੋ ਸ੍ਵਾਮੀ ਪਰਮ ਪ੍ਰਬੀਨ॥੨੧੮੬॥
ਹਿੰਗਲਾਜ ਗੁਰ ਪਰਸ ਕੇ ਮਰਦਾਨਾ ਲੇ ਸੰਗ॥
ਚਲੇ ਮਕੇਸਰ ਕੋ ਪ੍ਰਭੂ ਮਨ ਮਹਿ ਧਾਰਿ ਉਮੰਗ॥੨੧੮੭॥ *(ਪੰਨੇ 279-81)*

ਜਦੋਂ ਲਖਮੀ ਚੰਦ ਜੀ ਆਪਣੇ ਸਾਥੀਆਂ ਨਾਲ ਸ਼ਿਕਾਰ ਖੇਡ ਕੇ ਤੇ ਮਾਸੂਮ ਜਾਨਵਰਾਂ ਦੀ ਹੱਤਿਆ ਕਰ ਕੇ ਵਾਪਸ ਆਏ ਤਾਂ ਬਾਬਾ ਸ੍ਰੀ ਚੰਦ ਲਖਮੀ ਚੰਦ ਜੀ ਦੀ ਇਸ ਕਾਰਵਾਈ ਤੋਂ ਖ਼ੁਸ਼ ਨਹੀਂ ਹੋਏ। ਬਾਬਾ ਜੀ ਨੇ ਕਿਹਾ ਕਿ ਤੁਸੀਂ ਆਪਣੇ ਸ਼ਿਕਾਰੀ ਸਾਥੀਆਂ ਨਾਲ ਮਿਲ ਕੇ ਮਨ ਬਹਿਲਾਉਣ ਲਈ ਮਾਸੂਮ ਜਾਨਵਰਾਂ ਦੀ ਹੱਤਿਆ ਕੀਤੀ ਹੈ। ਇਸ ਲਈ ਆਪ ਜੀ ਨੂੰ ਹੁਣ ਪ੍ਰਾਸ਼ਚਿਤ ਕਰਨਾ ਪਊਗਾ। ਲਖਮੀ ਚੰਦ ਜੀ ਆਪਣੀ ਪਤਨੀ ਤੇ ਆਪਣੇ ਸਪੁੱਤਰ ਬਾਬਾ ਧਰਮ ਚੰਦ ਨੂੰ ਘੋੜੇ 'ਤੇ ਬਿਠਾ ਕੇ ਸਵਰਗਾਂ ਨੂੰ ਸਿੱਧੇ ਪਰਮੇਸ਼ਰ ਤੋਂ ਮੁਆਫ਼ੀ ਮੰਗਣ ਲਈ ਲੈ ਗਏ। ਬਾਬਾ ਸ੍ਰੀ ਚੰਦ ਜੀ ਸੁਰਗਾਂ ਨੂੰ ਜਾ ਰਹੇ ਸਨ, ਪਰ ਬਾਬਾ ਸ੍ਰੀ ਚੰਦ ਜੀ ਨੇ ਇਕਦਮ ਆਪਣੀ ਸੱਜੀ ਬਾਂਹ ਕਈ ਮੀਲ ਉਪਰ ਚੁੱਕ ਕੇ ਉਹਨਾਂ ਦੇ ਬੱਚੇ ਨੂੰ ਘੋੜੇ ਦੀ ਪਿੱਠ ਤੋਂ ਚੁੱਕ ਕੇ ਧਰਤੀ 'ਤੇ ਮਹਿਫ਼ੂਜ਼ ਲੈ ਆਂਦਾ। ਬਾਬਾ ਸ੍ਰੀ ਚੰਦ ਜੀ ਸਮੇਤ ਧਰਮ ਚੱਕ ਦੇ ਪਿੰਡ ਬਾਹਠ ਭਾਈ ਕਮਲੀਆ, ਜੋ ਉਹਨਾਂ ਦੇ ਜੀਵਨ ਭਰ ਦੇ ਹਾਰਦਿਕ ਸਾਥੀ ਤੇ ਸ਼ਿਸ਼ ਸਨ, ਪਾਸ ਆ ਗਏ। ਬਾਬਾ ਜੀ ਆਪਣੇ ਪੈਰ ਦੇ ਅੰਗੂਠੇ ਨੂੰ ਚੁੰਘਾ ਕੇ ਬੱਚੇ ਨੂੰ ਦੁੱਧ ਪਿਲਾਇਆ ਕਰਦੇ ਸਨ।

ਬਾਬਾ ਸ੍ਰੀ ਚੰਦ ਜੀ ਇਕ ਮਹਾਨ ਉਦਾਸੀ ਮਹਾਂਪੁਰਸ਼ ਸਨ। ਹਜ਼ਰਤ ਮੀਆਂ ਮੀਰ ਨੇ ਬਾਦਸ਼ਾਹ ਜਹਾਂਗੀਰ ਨਾਲ ਆਪਣੀ ਗੱਲਬਾਤ ਵਿਚ ਦਰਸਾਇਆ ਸੀ। ਮੀਆਂ ਮੀਰ ਨੇ ਬਾਬਾ ਜੀ ਨੂੰ ਫ਼ਕੀਰਾਂ ਦਾ ਪਾਤਸ਼ਾਹ ਕਿਹਾ ਸੀ। ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤਰ ਅਤੇ ਸ਼ਿਸ਼ ਬਾਬਾ ਸ੍ਰੀ ਚੰਦ ਜੀ ਰਾਜਿਆਂ, ਸੰਤਾਂ, ਯੋਗੀਆਂ, ਸਿੱਖ ਗੁਰੂਆਂ ਵਿਚ ਅਤੇ ਹਰ ਧਰਮ ਦੀ ਵਿਚਾਰਧਾਰਾ ਵਿਚ ਬੜੇ ਸਤਿਕਾਰੇ ਜਾਂਦੇ ਸਨ।

ਬਾਬਾ ਜੀ ਦੀ ਆਰਜਾ ਬਾਰੇ ਵਿਦਵਾਨਾਂ ਦੀਆਂ ਵੱਖ-ਵੱਖ ਰਾਵਾਂ ਹਨ। *ਮਹਾਨ ਕੋਸ਼* ਵਿਚ ਬਾਬਾ ਜੀ ਦੀ ਕੁਲ ਆਰਜਾ 118 ਸਾਲ ਲਿਖੀ ਹੋਈ ਹੈ। ਪਰੰਤੂ ਹੋਰ

ਵਿਦਵਾਨ ਬਾਬਾ ਜੀ ਦੀ ਆਰਜਾ 148 ਸਾਲ ਲਿਖਦੇ ਹਨ। ਪਰੰਤੂ ਈਸ਼ਰ ਸਿੰਘ ਨਾਰਾ ਜੀ ਵੀ 148 ਸਾਲ ਬਾਬਾ ਜੀ ਦੀ ਅਵਸਥਾ ਲਿਖਦੇ ਹਨ। ਸੁਖਬਾਸੀ ਰਾਮ ਜੀ, *ਗੁਰੂ ਨਾਨਕ ਬੰਸ ਪ੍ਰਕਾਸ਼* ਵਿਚ ਬਾਬਾ ਸ੍ਰੀ ਚੰਦ ਜੀ ਦਾ ਅਲੋਪ ਹੋਣ ਦਾ ਸਮਾਂ ਸੰਮਤ 1170 ਬਿਕ੍ਰਮੀ ਲਿਖਦੇ ਹਨ:

ਸੰਬਤਿ ਇਕ ਸਤਿ ਸਤ੍ਰ ਜਾਨੋ॥ ਰਾਖੀ ਦੇਹਿ ਸ੍ਰੀ ਚੰਦ ਮਾਨੋ॥
ਯੋਗੀ ਨਿਜ ਇਛਾ ਅਨਸਾਰ॥ ਰਹੇ ਸਰੀਰ ਅਨੰਤਿ ਉਦਾਰ॥
ਜਬਹੀ ਅਪਨੀ ਮਨਸਾ ਧਾਰਿ॥ ਤਜੇ ਦੇਹ ਖਿਨ ਲਗੇ ਨ ਬਾਰ॥
ਯੁਗ ਪ੍ਰਯੰਤਿ ਜੋ ਚਾਹੇ ਜੋਗੀ॥ ਰਾਖੇ ਤਨਿ ਖਟਿ ਰਸ ਕੋ ਭੋਗੀ॥
ਸ੍ਰੀ ਚੰਦ ਗੁਰ ਤਥਾ ਸਰੀਰ॥ ਇਕ ਸਤਿ ਸਤਰ ਧਰਾ ਨ ਚੀਰ॥
ਤਪੋ ਬ੍ਰਿਤ ਰੋੜਨ ਕੋ ਆਸਨ॥ ਨਗਨ ਸਰੀਰ ਅਨੰਦ ਹੁਲਾਸਨ॥
ਪਰ ਇਛਾ ਤੇ ਅੰਨ ਗਹੇ ਬਰਿ॥ ਪਵਨ ਅਹਾਰੀ ਸਦਾ ਏਕਿ ਰਸਿ॥੩੩੫੨॥

(ਪੰਨਾ 402)

ਬਾਬਾ ਸ੍ਰੀ ਚੰਦ ਜੀ ਨੇ ਆਪਣੀ ਪੂਰੀ 149 ਸਾਲ ਦੀ ਅਵਸਥਾ ਸਿਮਰਨ ਪ੍ਰਭੂ ਨਾਮ ਦੇ ਪ੍ਰਚਾਰ ਵਿਚ ਅਤੇ ਇਖ਼ਲਾਕੀ ਅਧਿਆਤਮਕ ਅਤੇ ਸਮਾਜ ਦੇ ਧਾਰਮਿਕ ਉਸਾਰੀ ਹਿੱਤ, ਗ਼ਰੀਬਾਂ ਦੀ ਮਦਦ ਅਤੇ ਲੋੜਵੰਦਾਂ ਦੀ ਸੇਵਾ ਵਿਚ ਬਤੀਤ ਕੀਤੀ। ਆਪਣੇ ਪਿਤਾ ਅਤੇ ਗੁਰੂ ਜੀ ਦੇ ਆਦੇਸ਼ ਅਨੁਸਾਰ ਬਾਬਾ ਸ੍ਰੀ ਚੰਦ ਜੀ ਨੇ ਸਾਧੂ ਸਮਾਜ ਨੂੰ ਸੱਚ ਦੇ ਮਾਰਗ 'ਤੇ ਚਲਾਉਣ ਲਈ ਮਹੱਤਵਪੂਰਣ ਭੂਮਿਕਾ ਨਿਭਾਈ।

ਬਾਬਾ ਸ੍ਰੀ ਚੰਦ ਜੀ ਨੇ ਦੇਸ਼ ਵਿਚ ਬਹੁਤ ਰਟਨ ਕੀਤਾ। ਮੁੱਖ ਰੂਪ ਵਿਚ ਦੁਖੀਆਂ ਦੀ ਪੁਕਾਰ ਅਤੇ ਗ਼ਰੀਬਾਂ ਦੇ ਉਦਾਰ ਹਿੱਤ ਮੁਸਲਿਮ ਖੇਤਰ ਕਸ਼ਮੀਰ, ਸਿੰਧ, ਪਿਸ਼ਾਵਰ, ਕਾਬੁਲ, ਕੰਧਾਰ ਆਦਿ ਦਾ ਭ੍ਰਮਣ ਕੀਤਾ। ਉਹਨਾਂ ਨੇ ਹੁਕਮਰਾਨਾਂ ਨੂੰ ਉਪਦੇਸ਼ ਕੀਤਾ ਕਿ ਸਭ ਨਾਲ ਇੱਕੋ ਜਿਹਾ ਪਿਆਰ ਕਰਨ, ਕਿਉਂਕਿ ਇਹੋ ਹੀ ਅੱਲ੍ਹਾ ਨੂੰ ਖ਼ੁਸ਼ ਕਰਨ ਦਾ ਰਸਤਾ ਹੈ। ਬਾਬਾ ਜੀ ਨੂੰ ਮੁਅੱਜ਼ਜੇ ਅਤੇ ਨਸੀਹਤ ਦਾ ਅਗਿਆਕਾਰੀ ਅਤੇ ਉਤਸ਼ਾਹ-ਜਨਕ ਕੁਦਰਤੀ ਅਜਿਹਾ ਹੁੰਗਾਰਾ ਮਿਲਿਆ ਕਿ ਸਾਰੇ ਪਾਸੇ ਖ਼ੁਸ਼ੀਆਂ ਦੀ ਲਹਿਰ ਫੈਲ ਗਈ। ਹਿੰਦੂ ਮੰਦਰ, ਜੋ ਕਿ ਕਾਫ਼ੀ ਸਮੇਂ ਤੋਂ ਬੰਦ ਪਏ ਸਨ, ਖੋਲ੍ਹ ਦਿੱਤੇ ਗਏ ਅਤੇ ਲੋਕਾਂ ਨੂੰ ਆਪਣੀ ਵਿਚਾਰਧਾਰਾ, ਮਰਯਾਦਾ ਅਨੁਸਾਰ ਇਬਾਦਤ ਕਰਨ ਦੀ ਆਗਿਆ ਦੇ ਦਿੱਤੀ। ਉਹਨਾਂ ਦੀ ਇਸ ਜਾਗ੍ਰਿਤੀ ਅਤੇ ਦਲੇਰੀ ਨੂੰ ਬਾਬਾ ਜੀ ਨੇ ਪ੍ਰਭੂ ਨਾਮ ਨਾਲ ਵਰੋਸਾਇਆ। ਬਾਬਾ ਸ੍ਰੀ ਚੰਦ ਜੀ ਦੇ ਨਾਮ 'ਤੇ ਕਈ ਨਵੇਂ ਮੰਦਰ ਕਈ ਸਥਾਨਾਂ 'ਤੇ ਸਥਾਪਤ ਹੋ ਗਏ। ਉਹਨਾਂ ਦੀ ਅਥਾਹ ਅਤੇ ਅਮੁੱਕ ਅਧਿਆਤਮਕ ਸ਼ਕਤੀ ਨੇ ਹਰ ਧਰਮ ਦੇ ਲੋਕਾਂ ਨੂੰ ਆਪਣੇ ਵੱਲ ਪ੍ਰੇਰਿਤ ਕੀਤਾ। ਭੇਖੀਆਂ ਅਤੇ ਸਾਧੂਆਂ ਨੇ ਜੋ ਕਿ ਆਪਣੇ ਗ਼ਲਤ ਹਉਮੈ ਕਾਰਨ ਆਮ ਆਦਮੀ ਦੇ ਵਿਸ਼ਵਾਸ ਦਾ ਹਨਨ ਕਰ ਰਹੇ ਸਨ, ਬਾਬਾ ਜੀ ਨੇ ਇਸ ਪਾਸੇ ਖ਼ਾਸ ਧਿਆਨ ਦਿੱਤਾ। ਵੱਡੇ ਵੱਡੇ ਰਾਜੇ, ਮਹਾਰਾਜੇ ਬਾਬਾ ਜੀ ਨੂੰ ਮਿਲ ਕੇ ਉਹਨਾਂ ਦੀ ਚਰਨ ਛੋਹ ਪ੍ਰਾਪਤ ਕਰ ਕੇ ਅਨੰਦ ਮਾਣਦੇ ਸਨ। ਬਾਬਾ ਜੀ ਨੇ ਹਰ ਇਕ ਦੀ ਇੱਛਾ ਨੂੰ ਪੂਰਾ ਕੀਤਾ। ਮੁਰਦਿਆਂ ਨੂੰ ਜੀਵਤ ਕੀਤਾ, ਗ਼ਰੀਬਾਂ ਨੂੰ ਮਾਇਕ ਸਹਾਰਾ ਦਿੱਤਾ।

ਬੇਔਲਾਦਿਆਂ ਨੂੰ ਔਲਾਦ ਬਖ਼ਸ਼ੀ। ਨਿਆਸਰਿਆਂ ਨੂੰ ਆਸਰਾ ਬਖ਼ਸ਼ਿਆ, ਬੁੱਧੀਹੀਣਾਂ ਨੂੰ ਬੁੱਧੀ, ਹੌਂਸਲਾ ਹਿੰਮਤ ਧੀਰਜ ਪ੍ਰਦਾਨ ਕੀਤਾ। ਜਦੋਂ ਸ਼ਾਹਜਹਾਂ ਨੇ ਮਰਦਮ-ਸ਼ੁਮਾਰੀ ਕੀਤੀ ਤਾਂ ਉਹਨਾਂ ਦੇ ਸਮੇਂ ਦੀਆਂ ਦੂਜੀਆਂ ਹਸਤੀਆਂ ਦੇ ਪੈਰੋਕਾਰਾਂ ਨਾਲੋਂ ਬਾਬਾ ਸ੍ਰੀ ਚੰਦ ਜੀ ਦੇ ਸ਼ਰਧਾਲੂ ਜ਼ਿਆਦਾ ਨਿਕਲੇ। ਬਾਬਾ ਜੀ ਬਹੁਤ ਹੀ ਨਿਮਰ ਅਤੇ ਤਿਆਗ ਦੇ ਧਾਰਨੀ ਸਨ। ਉਹਨਾਂ ਦੇ ਨਾਮ 'ਤੇ ਕੋਈ ਜਾਇਦਾਦ ਨਹੀਂ ਸੀ। ਉਹ ਆਪਣੀ ਅਦਭੁੱਤ, ਅਧਿਆਤਮਕ ਸ਼ਕਤੀ ਦਾ ਸਦਕਾ ਇਕ ਲੰਗੋਟੀ ਵਿਚ ਤਪਦੀਆਂ ਲੂਆਂ ਬਰਫ਼ੀਲੀਆਂ ਹਵਾਵਾਂ ਵਿਚ ਬਿਨਾਂ ਕਿਸੇ ਸਹਾਰੇ ਦੇ ਵਿਚਰਦੇ ਰਹੇ।

ਜਹਾਂਗੀਰ ਨੇ, ਜੋ ਬਾਬਾ ਜੀ ਦੀ ਮਹਾਨਤਾ ਤੋਂ ਜਾਣੂ ਸਨ, ਮਿੱਤਰਤਾ ਲਈ ਮੰਗ ਕੀਤੀ। ਇਹ ਜਾਣਦੇ ਹੋਏ ਵੀ ਕਿ ਉਹ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਜੀ ਦਾ ਮੰਨਿਆ ਹੋਇਆ ਕੱਟੜ ਦੁਸ਼ਮਣ ਹੈ, ਨੇ ਬੜੀ ਚਤੁਰਤਾ ਨਾਲ ਬਾਬਾ ਜੀ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਉਹ ਹੀ ਬਾਬੇ ਨਾਨਕ ਦੀ ਗੁਰਗੱਦੀ ਦਾ ਕਾਨੂੰਨੀ ਵਾਰਸ ਹੈ। ਜਹਾਂਗੀਰ ਨੇ ਆਪਣੇ ਆਪ ਨੂੰ ਬੜਾ ਸ਼ਰਮਿੰਦਾ ਤੇ ਚਕ੍ਰਿਤ ਪਾਇਆ, ਜਦੋਂ ਬਾਬਾ ਸ੍ਰੀ ਚੰਦ ਜੀ ਨੇ ਉਸ ਨੂੰ ਉਸ ਦੀ ਕੁਟਲ ਨੀਤੀ, ਜੋ ਪਰਸਪਰ ਸਾਂਝ ਵਿਚ ਫੁੱਟ ਪਾਉਣ ਵਾਲੀ ਸੀ, ਲਈ ਜ਼ੋਰਦਾਰ ਤਾੜਨਾ ਕੀਤੀ। ਬਾਬਾ ਜੀ ਦੀ ਨਸੀਹਤ 'ਤੇ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲ ਮਿੱਤਰਤਾ ਦਾ ਹੱਥ ਵਧਾਇਆ ਅਤੇ ਸਾਰੀ ਉਮਰ ਨਿਭਾਇਆ।

ਬਾਬਾ ਸ੍ਰੀ ਚੰਦ ਜੀ ਨੇ ਮੁੱਖ ਰੂਪ ਵਿਚ ਅਧਿਆਤਮਕ ਖੇਤਰ ਅਤੇ ਆਤਮਿਕ ਵਿਕਾਸ ਨੂੰ ਪ੍ਰਫੁੱਲਤ ਕੀਤਾ। ਬ੍ਰਹਮਚਾਰੀ ਅਤੇ ਗ੍ਰਿਹਸਤੀ ਦੋਵੇਂ ਹੀ ਉਦਾਸੀ ਹੋ ਸਕਦੇ ਹਨ, ਜਦੋਂ ਤੀਕ ਉਹ ਆਪਣੇ ਮਨ, ਤਨ ਨੂੰ ਕਾਬੂ ਵਿਚ ਰੱਖਣ। ਦੁਨਿਆਵੀ ਇੱਛਾਵਾਂ, ਮਾਇਆ, ਇਸਤਰੀ ਇੱਛਾ, ਦੌਲਤ ਦੀ ਚਾਹਨਾ, ਮੰਦੇ ਖ਼ਿਆਲ, ਗੁਨਾਹ ਅਤੇ ਹਉਮੈ ਦੀ ਥਾਵੇਂ ਇਨਸਾਨੀਅਤ, ਕੁਰਬਾਨੀ, ਸੱਚਾਈ, ਦਿਆਲਤਾ, ਸੰਤੁਸ਼ਟਤਾ ਅਤੇ ਪ੍ਰਬਲ ਮਨੋਬਲ ਦੇ ਧਾਰਨੀ ਬਣਨ। ਨਾਮ ਸਿਮਰਨ ਮਨ ਨੂੰ ਸਾਰੀਆਂ ਬੁਰਾਈਆਂ ਤੋਂ ਪਵਿੱਤਰ ਕਰ ਕੇ ਨਿਰਮਲ ਕਰਦਾ ਹੈ। ਬਾਬਾ ਸ੍ਰੀ ਚੰਦ ਜੀ ਨੇ ਮਾਪਿਆਂ ਨੂੰ ਸਮਝਾਇਆ ਕਿ ਆਪਣੇ ਚੰਗੇ ਕੰਮਾਂ ਦੁਆਰਾ ਆਪਣੇ ਬੱਚਿਆਂ ਲਈ ਚੰਗੀਆਂ ਮਿਸਾਲਾਂ ਕਾਇਮ ਕਰਨ। ਦੁਨਿਆਵੀ ਵਸਤੂ ਦੀ ਮਹੱਤਤਾ ਨੂੰ ਸਮਝਾਇਆ, ਮਾਨਵਤਾ ਦੇ ਕਲਿਆਣ ਲਈ ਅਧਿਆਤਮਵਾਦ ਅਤੇ ਪਰਸਪਰ ਸੂਝ-ਬੂਝ ਤੇ ਅਮਿੱਟ ਬਲ ਦਿੱਤਾ। ਬੇਸ਼ਕ ਉਹ ਖ਼ੁਦ ਤਿਆਗੀ ਸਨ, ਪਰ ਉਹਨਾਂ ਨੇ ਗੁਰੂ ਨਾਨਕ ਦੇ ਮਿਸ਼ਨ ਨੂੰ ਪ੍ਰਚਾਰਿਆ ਤੇ ਉਪਦੇਸ਼ ਕੀਤਾ ਕਿ ਮੇਰੇ ਸ਼ਰਧਾਲੂ ਸਭ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਹਨ। ਉਹਨਾਂ ਦੁਆਰਾ ਹੀ ਇਹ ਸ਼ਕਤੀ ਪ੍ਰਾਪਤ ਕਰਨਗੇ। ਬਾਬਾ ਸ੍ਰੀ ਚੰਦ ਜੀ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਸ਼ਬਦਾਂ ਦਾ ਹੀ ਗਾਇਨ ਕਰਦੇ ਸਨ ਅਤੇ ਨਾਲ ਹੀ ਆਪਣੀ ਮਾਤਰਾ ਬਾਣੀ ਦਾ। ਸ਼ਾਸਤਰਾਂ ਅਤੇ ਵੇਦਾਂ ਵਿੱਚੋਂ ਵੀ ਸ਼ਬਦ ਪੜ੍ਹਦੇ ਸਨ। ਬਾਬਾ ਸ੍ਰੀ ਚੰਦ ਜੀ ਨੇ ਮਹਾਰਾਣਾ ਪ੍ਰਤਾਪ ਦੀ ਹਿੰਮਤ, ਬਲ, ਸ਼ਕਤੀ ਦੀ ਪ੍ਰਸੰਸਾ ਕੀਤੀ ਅਤੇ ਉਸ ਨੂੰ ਵਰਦਾਨ ਵੀ ਦਿੱਤਾ ਕਿ ਜੋ ਆਪਣੇ ਸਿਧਾਂਤ ਲਈ ਮਰਦਾ ਹੈ, ਉਹ ਹਮੇਸ਼ਾਂ ਸਦੀਵੀ ਤੌਰ 'ਤੇ ਜ਼ਿੰਦਾ ਰਹਿੰਦਾ ਹੈ। ਉਹੀ ਮੋਕਸ਼ ਨੂੰ ਪ੍ਰਾਪਤ

ਹੁੰਦਾ ਹੈ। ਉਹਦੀਆਂ ਅੱਖਾਂ ਦੈਵੀ ਸ਼ਕਤੀਆਂ ਨਾਲ ਅਜਿਹੀਆਂ ਤੇਜਮਈ ਹੁੰਦੀਆਂ ਹਨ ਕਿ ਕੋਈ ਉਹਨਾਂ ਦੇ ਸਾਹਮਣੇ ਨਹੀਂ ਆ ਸਕਦਾ, ਗੱਲ ਕਰਨ ਦੀ ਹਿੰਮਤ ਨਹੀਂ ਕਰ ਸਕਦਾ।

ਬਾਬਾ ਸ੍ਰੀ ਚੰਦ ਜੀ ਦੀ ਦੀਰਘ ਆਯੂ ਅਤੇ ਮਿਸ਼ਨ ਦੀ ਸਭ ਤੋਂ ਵੱਡੀ ਮਹੱਤਵਪੂਰਣ ਗੱਲ ਇਹ ਹੈ ਕਿ ਉਹਨਾਂ ਸਿੱਖ ਗੁਰੂਆਂ ਪ੍ਰਤੀ ਅਗਾਧ ਸ਼ਰਧਾ ਅਤੇ ਪਿਆਰ ਦਰਸਾਇਆ। ਗੁਰੂਆਂ ਨੇ ਵੀ ਉਹਨਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਹੋਣ ਦੇ ਨਾਤੇ ਬਲਕਿ ਮਹਾਂਪੁਰਸ਼ ਅਤੇ ਉਹਨਾਂ ਦੇ ਵਡੇਰੇ ਹੋਣ ਦੇ ਤੌਰ 'ਤੇ ਵੀ ਸਤਿਕਾਰਿਆ ਜਾਂਦਾ ਸੀ। ਗੁਰੂ ਸਾਹਿਬਾਨ ਆਪਣੇ ਸ਼ਰਧਾਲੂਆਂ ਨਾਲ ਬਾਬਾ ਜੀ ਨੂੰ ਮਿਲਣ ਲਈ ਆਉਂਦੇ ਰਹੇ ਅਤੇ ਬਹੁਤ ਸਾਰੀਆਂ ਭੇਟਾਵਾਂ ਵੀ ਅਰਪਣ ਕਰਦੇ ਰਹੇ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਨੂੰ ਉਹਨਾਂ ਦਾ ਸ਼ਿਸ਼ ਬਣਾਇਆ। ਰਵਾਇਤਾਂ ਕਹਿੰਦੀਆਂ ਹਨ ਕਿ ਇਕ ਵਾਰ ਸੰਗਤ ਨੇ ਗੁਰੂ ਅਮਰਦਾਸ ਜੀ ਤੋਂ ਪੁੱਛਿਆ ਕਿ ਬਾਬਾ ਸ੍ਰੀ ਚੰਦ ਜੀ ਦਾ ਕਿਵੇਂ ਵਧੀਆ ਸੁਆਗਤ ਤੇ ਸਤਿਕਾਰ ਕੀਤਾ ਜਾਵੇ। ਤਾਂ ਸਤਿਗੁਰੂ ਅਮਰਦਾਸ ਜੀ ਨੇ ਕਿਹਾ ਕਿ ਆਪਣੇ ਆਪ ਨੂੰ ਅੱਛਾ ਬਣਾ ਕੇ। ਜਦੋਂ ਗੁਰੂ ਜੀ ਆਪਣੇ ਪੁੱਤਰ ਬਾਬਾ ਮੋਹਨ ਜੀ ਅਤੇ ਭਾਈ ਜੇਠਾ ਸਮੇਤ ਸੰਗਤ ਦੇ ਪਿੰਡ ਬਾਰਠ ਪਿੰਡ ਪੁੱਜੇ ਤਾਂ ਉਹਨਾਂ ਨੇ ਬੜੀ ਨਿਮਰਤਾ ਅਤੇ ਸਤਿਕਾਰ ਨਾਲ ਬਾਬਾ ਜੀ ਨੂੰ ਮੱਥਾ ਟੇਕਿਆ। ਗੁਰੂ ਜੀ ਨੂੰ ਬਾਬਾ ਮੋਹਨ ਜੀ ਬਾਬਾ ਸ੍ਰੀ ਚੰਦ ਜੀ ਦਾ ਸ਼ਿਸ਼ ਬਣਾ ਦਿੱਤਾ। ਬਾਬਾ ਮੋਹਨ ਜੀ ਨਾਮ ਪ੍ਰਾਪਤ ਕਰ ਕੇ ਅਤੇ ਹੁਕਮ ਲੈ ਕੇ ਗੋਇੰਦਵਾਲ ਸਾਹਿਬ ਆ ਗਏ ਤੇ ਪੂਰੀ ਲਗਨ ਅਤੇ ਸ਼ਰਧਾ ਨਾਲ ਪ੍ਰਭੂ ਦੀ ਭਗਤੀ ਵਿਚ ਨਾਮ ਸਿਮਰਨ ਵਿਚ ਜੁੜ ਗਏ। ਬਾਬਾ ਮੋਹਨ ਜੀ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਸੰਗ੍ਰਹਿ ਕੀਤੀਆਂ ਹਸਤ ਲਿਖਤਾਂ ਸੌਂਪ ਦਿੱਤੀਆਂ ਅਤੇ ਹੁਕਮ ਕੀਤਾ ਕਿ ਇਹਨਾਂ ਨੂੰ ਸੰਭਾਲ ਕੇ ਰੱਖਣਾ।

ਗੁਰੂ ਰਾਮਦਾਸ ਜੀ 1577 ਈ. ਵਿਚ ਕਹਿੰਦੇ ਹਨ ਬਾਰਠ ਗਏ ਅਤੇ ਬਾਬਾ ਜੀ ਦੀ ਸਮਾਧੀ 'ਤੇ ਪ੍ਰਕਾਸ਼ਮਾਨ ਹੋਣ ਤੀਕ ਦੋ ਦਿਨ ਠਹਿਰੇ। ਗੁਰੂ ਜੀ ਨੇ ਬਾਬਾ ਜੀ ਨੂੰ ਪੰਜ ਸੌ ਰੁਪਏ, ਇਕ ਘੋੜਾ, ਬਸਤਰ ਅਤੇ ਮਿਠਾਈਆਂ ਭੇਂਟ ਕੀਤੀਆਂ। ਬਾਬਾ ਜੀ ਦੇ ਸੁਝਾਅ ਤੇ ਨਿਰਮਾਣ ਕੀਤੇ ਜਾ ਰਹੇ ਨਗਰ ਰਾਮਦਾਸਪੁਰ ਦਾ ਨਾਮ ਅੰਮ੍ਰਿਤਸਰ ਰੱਖਿਆ। 1579 ਈ. ਵਿਚ ਬਾਬਾ ਜੀ ਨੂੰ ਅੰਮ੍ਰਿਤਸਰ ਪੁੱਜਣ 'ਤੇ ਬੜੇ ਉਤਸ਼ਾਹ ਅਤੇ ਮਰਯਾਦਾ ਨਾਲ ਜੀ ਆਇਆਂ ਕਿਹਾ ਗਿਆ। ਬਾਬਾ ਜੀ ਉੱਚੇ ਥੜੇ 'ਤੇ ਬੈਠ ਗਏ ਅਤੇ ਗੁਰੂ ਜੀ ਨੇ ਪਵਿੱਤਰ ਸਰੋਵਰ ਅਤੇ ਹਰਿਮੰਦਰ ਸਾਹਿਬ ਦੀ ਬਣਤਰ ਬਾਰੇ ਸਲਾਹ ਕੀਤੀ।

ਗੁਰੂ ਅਰਜਨ ਦੇਵ ਜੀ 1590 ਈ. ਵਿਚ ਬਾਬਾ ਜੀ ਦੇ ਦਰਸ਼ਨ ਦੀਦਾਰੇ ਲਈ ਗਏ ਤਾਂ ਬਾਬਾ ਸ੍ਰੀ ਚੰਦ ਜੀ ਗਹਿਰੀ ਸਮਾਧੀ ਵਿਚ ਸਥਿਤ ਸਨ ਅਤੇ ਕਾਫ਼ੀ ਸਮੇਂ ਤੋਂ ਬਾਅਦ ਸਮਾਧੀ ਤੋਂ ਬਾਹਰ ਆਏ। ਗੁਰੂ ਜੀ ਦੇ ਉਥੇ ਪੁੱਜਣ ਦੀ ਯਾਦ ਵਿਚ ਬਾਰਠ ਵਿਖੇ ਦੋ ਸਥਾਨ ਕਾਇਮ ਹਨ। ਇਕ ਥੰਮ੍ਹ, ਜਿਥੇ ਹਰ ਰੋਜ਼ ਗੁਰੂ ਜੀ ਰੁਕਦੇ ਸਨ ਅਤੇ ਦੂਸਰੇ ਮੰਜੀ ਸਾਹਿਬ ਭੋਰਾ, ਜੋ ਕਿ ਇਕ ਮੀਲ ਦੀ ਵਿੱਥ 'ਤੇ ਹੈ, ਜਿਥੇ ਗੁਰੂ ਜੀ ਰਾਤ ਨੂੰ ਵਿਸ਼ਰਾਮ ਕਰਦੇ ਸਨ। ਗੁਰੂ ਜੀ ਨੇ ਬਾਬਾ ਜੀ ਨੂੰ ਮਿਲ ਕੇ ਸੁਖਮਨੀ

ਸਾਹਿਬ ਦੀਆਂ ਸੋਲ੍ਹਾਂ ਅਸ਼ਟਪਦੀਆਂ ਸੁਣਾਈਆਂ, ਪਰ ਬਾਬਾ ਜੀ ਨੇ ਕਿਹਾ ਕਿ ਇਸ ਨੂੰ ਚੌਵੀ ਅਸ਼ਟਪਦੀਆਂ ਨਾਲ ਸੰਪੂਰਨ ਕਰੋ। ਗੁਰੂ ਜੀ ਦੀ ਬੇਨਤੀ 'ਤੇ ਸਤਾਰ੍ਹਵੀਂ ਅਸ਼ਟਪਦੀ ਦੇ ਪਹਿਲਾ ਪਦਾ (ਸਲੋਕ) ਬਾਬਾ ਜੀ ਨੇ ਉਚਾਰਿਆ। ਇਸ ਨਾਲ ਮੈਂ ਸਹਿਮਤ ਨਹੀਂ ਹਾਂ। ਗੁਰੂ ਸਾਹਿਬ ਸਮਰੱਥ ਸਨ, ਉਹਨਾਂ ਨੇ ਆਪ ਹੀ ਸਮੁੱਚੀ ਸੁਖਮਨੀ ਸਾਹਿਬ ਦੀ ਸੰਪੂਰਨਤਾ ਕੀਤੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਦਰਸ਼ਨਾਂ ਲਈ ਸੰਗਤ ਸਮੇਤ ਪਧਾਰੇ ਤਾਂ ਉਹਨਾਂ ਨੇ ਬਾਬਾ ਜੀ ਦੇ ਕਹਿਣ 'ਤੇ ਆਪਣਾ 11 ਸਾਲ ਦਾ ਸ਼ਾਦੀ-ਸ਼ੁਦਾ ਅਤੇ ਸੁੰਦਰ ਪੁੱਤਰ ਟਿੱਕਾ ਗੁਰਦਿੱਤਾ ਜੀ ਬਾਬਾ ਜੀ ਨੂੰ ਚੜ੍ਹਾਅ ਦਿੱਤਾ। ਟਿੱਕਾ ਗੁਰਦਿੱਤਾ ਜੀ ਨੂੰ ਬਾਬਾ ਜੀ ਦੀ ਸੇਵਾ ਲਈ ਛੱਡ ਆਏ, ਜੋ ਉਸ ਨੇ ਬੜੇ ਪਿਆਰ ਅਤੇ ਆਦਰ ਨਾਲ ਕੀਤੀ। ਬਾਬਾ ਜੀ ਨੇ ਟਿੱਕਾ ਗੁਰਦਿੱਤਾ ਨੂੰ ਆਪਣੀ ਗੱਦੀ ਦਾ ਸਹੀ ਤੇ ਉਚਿਤ ਵਾਰਸ ਸਮਝਦੇ ਹੋਏ ਆਪਣੇ ਸਾਰੇ ਭੇਦ ਉਸ ਨੂੰ ਪ੍ਰਦਾਨ ਕਰ ਦਿੱਤੇ ਅਤੇ ਕਿਹਾ ਕਿ ਬਾਬਾ ਗੁਰਦਿੱਤਾ 'ਦੀਨ ਦੁਨੀ ਦਾ ਟਿੱਕਾ'। ਇਹ ਵੇਖ ਕੇ ਲੋਕ ਹੈਰਾਨ ਅਤੇ ਦੰਗ ਰਹਿ ਗਏ ਕਿ ਕਿਵੇਂ ਇਕ ਨੌਜਵਾਨ ਨੂੰ ਉੱਚੇ ਸਥਾਨ 'ਤੇ ਬਿਠਾ ਦਿੱਤਾ ਹੈ। ਬਾਬਾ ਜੀ ਨੇ ਆਪਣੇ ਪਿਤਾ ਵਾਂਙ ਮਿਸ਼ਨ ਪੂਰਾ ਕਰ ਦਿੱਤਾ ਕਿ ਉਸ ਦੀ ਗੱਦੀ ਦੇ ਵਾਰਸ ਉਸ ਦੇ ਪੁੱਤਰ ਅਤੇ ਰਿਸ਼ਤੇਦਾਰ ਕਦਾਚਿਤ ਅਧਿਕਾਰੀ ਨਹੀਂ ਭਾਵੇਂ ਕਿ ਉਹ ਇਸ ਮਾਣ ਦੇ ਯੋਗ ਸਨ। ਇਸ ਪ੍ਰਤੀ ਗ੍ਰਿਹਸਥੀ ਜਾਂ ਬ੍ਰਹਮਾਚਾਰੀ ਹੋਣ ਦਾ ਪ੍ਰਸ਼ਨ ਨਿਰਾਰਥਕ ਹੈ। ਉਹਨਾਂ ਨੇ ਇਕ ਨਗਰ ਦਾ ਨੀਂਵ ਪੱਥਰ ਰੱਖਿਆ, ਜਿਸ ਨੂੰ ਕੀਰਤਪੁਰ ਦੇ ਨਾਂ ਨਾਲ ਪੁਕਾਰਿਆ ਜਾਣ ਲੱਗਾ।

ਬਾਬਾ ਜੀ 149 ਸਾਲ ਦੀ ਆਯੂ ਦੇ ਸਨ, ਜਦੋਂ ਉਹਨਾਂ 1643 ਈ. ਵਿਚ ਚੰਬੇ ਨੂੰ ਪਾਰ ਕੀਤਾ ਅਤੇ ਆਪਣੇ ਅੰਤਿਮ ਸਮੇਂ ਦਾ ਐਲਾਨ ਕੀਤਾ। ਉਹਨਾਂ ਨੇ ਸਹੰਸਰਨਾਮਾ ਅਤੇ ਆਰਤਾ ਬਾਬਾ ਧਰਮ ਚੰਦ ਜੀ ਦੇ ਪੁੱਤਰ ਬਾਬਾ ਮੇਹਰ ਚੰਦ ਨੂੰ ਸੌਂਪ ਦਿੱਤਾ ਅਤੇ ਆਦੇਸ਼ ਕੀਤਾ ਕਿ ਇਸ ਦਾ ਪਾਠ ਹਰ ਰੋਜ਼ ਕਰਨਾ ਹੈ ਅਤੇ ਗੁਰੂ ਨਾਨਕ ਦੀ ਪੂਜਾ ਕਰਨੀ ਹੈ।

ਬਾਬਾ ਸ੍ਰੀ ਚੰਦ ਜੀ ਅਤੇ ਉਦਾਸੀ ਸੰਪ੍ਰਦਾ

ਜਗਤ ਬਾਬਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਦਾ ਪ੍ਰਕਾਸ਼ ਭਾਦੋਂ ਸੁਦੀ ਨੌਵੀਂ, ਸੰਮਤ 1551 ਬਿ. (ਸੰਨ 1494 ਈ.) ਨੂੰ ਸੁਲਤਾਨਪੁਰ ਲੋਧੀ (ਜ਼ਿਲ੍ਹਾ ਕਪੂਰਥਲਾ) ਪੰਜਾਬ ਵਿਖੇ ਹੋਇਆ। ਆਪ ਜੀ ਦੀ ਮਾਤਾ ਸੁਲੱਖਣੀ ਜੀ ਇਕ ਦੇਵ ਆਤਮਾ ਸਨ ਅਤੇ ਉਹਨਾਂ ਨੇ ਇਸ ਉਦੇਸ਼ ਦੀ ਪ੍ਰਾਪਤੀ ਲਈ ਯਥਾ ਸੰਭਵ ਯਤਨ ਜੁਟਾਏ। ਉਹਨਾਂ ਦੇ ਜਨਮ ਨਾਲ ਕਈ ਸਾਧਾਰਨ ਕਥਾਵਾਂ ਵੀ ਜੁੜੀਆਂ ਹਨ ਕਿ ਜਦੋਂ ਬਾਬਾ ਸ੍ਰੀ ਚੰਦ ਜੀ ਦਾ ਪ੍ਰਕਾਸ਼ ਹੋਇਆ, ਜਨਮ ਅਸਥਾਨ ਸੁਗੰਧੀ ਨਾਲ ਪ੍ਰਫੁੱਲਤ ਹੋ ਗਿਆ ਸੀ। ਉਹਨਾਂ ਦੇ ਸੱਜੇ ਕੰਨ ਵਿਚ ਮਾਸ ਦੀ ਮੁੰਦਰਾ ਸੀ। ਛੋਟੇ ਛੋਟੇ ਘੁੰਘਰਾਲੇ ਵਾਲ ਲਿਸ਼ਕਦੇ ਸਨ। ਸੁਲਤਾਨਪੁਰ ਵਿਖੇ ਜਿਥੇ ਆਪ ਜੀ ਦਾ ਪ੍ਰਕਾਸ਼ ਹੋਇਆ, ਉਥੇ ਗੁਰਦੁਆਰਾ 'ਗੁਰੂ ਕਾ ਬਾਗ਼' ਸਥਾਪਤ ਹੈ।

ਬਾਬਾ ਸ੍ਰੀ ਚੰਦ ਉਦਾਸੀਨ ਪੰਥ ਦੇ ਬਾਨੀ ਮਹਾਨ ਵਿਅਕਤਿਤਵ ਤੇ ਪ੍ਰਭਿਤਾ ਦੇ ਮਾਲਕ ਅਦਭੁੱਤ ਤੇ ਅਲੌਕਿਕ ਸ਼ਕਤੀਆਂ ਦੇ ਅਪੂਰਵ ਸੁਆਮੀ, ਧਰਮ ਅਰਥ ਕਾਮ ਤੇ ਮੋਖ ਦੇ ਦਾਤਾ, ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਨੂੰ ਚਾਰ ਚੰਨ ਲਾਏ ਅਤੇ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਵਾਧਾ ਕੀਤਾ, ਉਹਨਾਂ ਦੀ ਕਮਾਈ ਅਤੇ ਕੀਰਤੀ ਧੰਨਤਾ ਯੋਗ ਹੈ। ਜਿਥੇ ਜਿਥੇ ਦੇਸ਼ ਅਤੇ ਪ੍ਰਦੇਸ਼ ਵਿਚ ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਭਾਵ ਯਾਤਰਾਵਾਂ ਸਮੇਂ ਗਏ ਤਾਂ ਧਰਮਸਾਲ ਸਥਾਪਤ ਕਰਦੇ ਗਏ, ਗ਼ਾਲਬਨ ਇਨ੍ਹਾਂ ਸਾਰਿਆਂ ਅਸਥਾਵਾਂ 'ਤੇ ਬਾਬਾ ਸ੍ਰੀ ਚੰਦ ਜੀ ਜਾ ਕੇ ਦਰਸ਼ਨ ਹੀ ਨਹੀਂ ਕਰਦੇ ਸਨ, ਬਲਕਿ ਉਹਨਾਂ ਦੀ ਸੇਵਾ-ਸੰਭਾਲ ਵੀ ਕਰਦੇ ਸਨ।

ਮੁੱਢਲਾ ਜੀਵਨ

ਪਿਤਾ ਗੁਰੂ ਨਾਨਕ ਦੇਵ ਜੀ ਨੇ ਬਾਬਾ ਸ੍ਰੀ ਚੰਦ ਜੀ ਨੂੰ ਛੋਟੀ ਉਮਰ ਵਿਚ ਹੀ ਆਪਣੀ ਅਧਿਆਤਮਕ ਅਵਸਥਾ ਵਿਚ ਹੀ ਦੀਕਸ਼ਾ-ਸਿਖਸ਼ਾ ਦੇਣੀ ਆਰੰਭੀ, ਜਿਸ ਨਾਲ ਉਹਨਾਂ ਨੇ ਅੰਮ੍ਰਿਤ ਵੇਲੇ ਉੱਠਣਾ, ਇਸ਼ਨਾਨ ਕਰਨਾ ਅਤੇ ਕਈ ਘੰਟੇ ਸਿਮਰਨ 'ਚ ਲੀਨ ਹੋਣਾ ਹੀ ਆਪਣਾ ਸੁਭਾਅ ਬਣਾ ਲਿਆ। ਉਹਨਾਂ ਨੂੰ ਜੋ ਵੀ ਧਾਰਮਿਕ ਕਥਾਵਾਂ ਸੁਣਾਈਆਂ ਜਾਂਦੀਆਂ, ਉਹਨਾਂ ਨੂੰ ਬਾਬਾ ਜੀ ਅਤਿ ਧਿਆਨ ਨਾਲ ਇਕ-ਚਿੱਤ ਹੋ ਕੇ ਸੁਣਦੇ। ਆਪਣੀ ਉਮਰ ਦੇ ਬੱਚਿਆਂ ਵਾਂਙੂ ਕਿਸੇ ਖੇਡ ਵਿਚ ਨਹੀਂ ਸਨ ਪੈਂਦੇ, ਸਗੋਂ ਜਦੋਂ ਉਹਨਾਂ ਦੇ ਸਾਥੀ ਉਹਨਾਂ ਨੂੰ ਖੇਡਣ ਲਈ ਘੇਰਦੇ ਤਾਂ ਉਹ ਉਹਨਾਂ ਨੂੰ ਇਕੱਠਾ ਬਿਠਾ ਕੇ ਸਿਮਰਨ ਜਾਚ ਦੱਸਦੇ। ਉਹਨਾਂ ਦੇ ਬਚਪਨ ਨਾਲ ਕਈ ਅਲੌਕਿਕ ਮੁਅਜ਼ਜੇ ਜੁੜੇ ਹੋਏ ਸਨ। ਜਿਵੇਂ ਕਿ ਇਕ ਵਾਰੀ ਜੰਗਲ ਤੋਂ ਵਾਪਸ ਘਰ ਨਹੀਂ ਆਏ। ਬਹੁਤ ਦੇਰ ਹੋ ਗਈ। ਲੋਕ ਬਹੁਤ ਚਿੰਤਤ ਹੋ ਉੱਠੇ। ਉਹਨਾਂ ਦੀ ਭਾਲ ਵਿਚ ਕੁਝ ਬੰਦੇ ਭੇਜੇ ਗਏ। ਉਹ ਦੇਖ ਕੇ ਹੈਰਾਨ ਹੋ ਗਏ ਕਿ ਬਾਬਾ ਜੀ ਡੂੰਘੀ ਸਮਾਧੀ ਵਿਚ ਸਥਿਤ ਸਨ। ਉਹਨਾਂ ਦੇ ਆਲੇ-ਦੁਆਲੇ ਜੰਗਲੀ ਜਾਨਵਰ ਹਾਥੀ, ਸ਼ੇਰ, ਚੀਤੇ ਆਦਿ ਖੜੇ ਇਕਾਗਰ ਚਿੱਤ ਅੱਖਾਂ ਬੰਦ ਕਰੀ ਬੈਠੇ ਸਨ। ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਆਪਣੇ ਮਾਲਕ ਦੀ ਰਹੱਸਮਈ ਸ਼ਕਤੀ ਦਾ ਅਨੰਦ ਮਾਣ ਰਹੇ ਹੋਣ।

ਬਾਬਾ ਸ੍ਰੀ ਚੰਦ ਜੀ ਦੀ ਵਿਦਵਤਾ, ਬ੍ਰਹਮ ਗਿਆਨ ਦੀ ਸੂਝ, ਈਸ਼ਵਰ ਹਸਤੀ ਤੇ ਸਤਿ ਦੀ ਪਹਿਚਾਣ ਮਨੁੱਖ ਦਾ ਸਹੀ ਮੰਤਵ ਤੇ ਜੀਵਨ ਮਨੋਰਥ ਪ੍ਰਗਟ ਕਰਦੀ ਹੈ। ਉਹਨਾਂ ਦੀ ਸਾਦਗੀ ਸੱਚਾਈ ਤੇ ਪਵਿੱਤਰਤਾ ਅਤੇ ਉੱਚਤਮ ਅਧਿਆਤਮਕਤਾ ਤੇ ਸੁੰਦਰਤਾ ਤਥਾ ਸਤਿਯੰਮ ਸ਼ਿਵੰ ਸੁੰਦਰਮ ਦਾ ਸਰੂਪ ਹੈ। ਬਾਬਾ ਸ੍ਰੀ ਚੰਦ ਜੀ ਦੀਆਂ ਮਹਾਨਤਾਵਾਂ, ਉਹਨਾਂ ਦੀਆਂ ਕਰਤਿੱਤਵਾਂ ਅਤੇ ਤਪੱਸਿਆਵਾਂ ਨੂੰ ਸਾਹਿਤਕਾਰਾਂ ਤੇ ਇਤਿਹਾਸਕਾਰਾਂ ਨੇ ਸਹੀ ਅਰਥਾਂ ਵਿਚ ਬਿਆਨ ਨਹੀਂ ਕੀਤਾ। ਜਿਸ ਦੇ ਫਲਸਰੂਪ ਬਾਬਾ ਸ੍ਰੀ ਚੰਦ ਜੀ ਦੀਆਂ ਵਿਸ਼ੇਸ਼ਤਾਵਾਂ ਅਤੇ ਉਹਨਾਂ ਦੇ ਨਾਲ ਉਹਨਾਂ ਦੇ

ਅਨੁਯਾਈਆਂ ਨੂੰ ਸਾਰਥਿਕ ਰੂਪ ਵਿਚ ਪ੍ਰਸਤੁਤ ਨਹੀਂ ਕੀਤਾ ਜਾ ਸਕਿਆ। ਜਿਸ ਨਾਲ ਕਈ ਪ੍ਰਕਾਰ ਦੀਆਂ ਭ੍ਰਾਂਤੀਆਂ ਪੈ ਗਈਆਂ।

'ਉਦਾਸੀ' ਸ਼ਬਦ ਸੰਸਕ੍ਰਿਤ ਦੇ ਧਾਤੂ 'ਉਦਾਸੀਨ' ਤੋਂ ਬਣਿਆ ਹੈ। ਜਿਸ ਦੇ ਅਰਥ ਹਨ : ਉਪਰਾਮਤਾ, ਵਿਰੱਕਤਾ ਆਦਿ। ਉਦ + ਅਸੀਨ = ਉਪਰ ਬੈਠਾ। ਜਿਸ ਤੋਂ ਭਾਵ ਹੈ ਉੱਚ ਆਸਣ 'ਤੇ ਬੈਠਾ ਹੋਇਆ। ਜੋ ਪੁਰਸ਼ ਮੋਹ ਮਾਇਆ ਤੋਂ ਉਪਰ ਉਠ ਕੇ ਸੰਸਾਰਕ ਬੰਧਨਾਂ ਤੋਂ ਨਿਰਲੇਪ ਰਹਿ ਕੇ ਜੀਵਨ ਬਤੀਤ ਕਰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ *ਮਹਾਨ ਕੋਸ਼* ਵਿਚ 'ਉਦਾਸੀ' ਦੇ ਅਰਥ 'ਉਦਾਸੀਨ' ਕਰਦੇ ਹਨ। 'ਉਦਾਸੀਨ' ਤੋਂ ਭਾਵ ਉਪਰਾਤਮਾ, ਵਿਰੱਕਤਤਾ, ਨਿਰਾਸ਼ਤਾ, ਸੰਗਯਾ ਸਿੱਖ ਕੌਮ ਦਾ ਇਕ ਅੰਗ ਇਹ ਪੰਥ ਬਾਬਾ ਸ੍ਰੀ ਚੰਦ ਜੀ ਤੋਂ ਚੱਲਿਆ, ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਸਨ। ਬਾਬਾ ਗੁਰਦਿੱਤਾ ਜੀ ਇਹਨਾਂ ਦੇ ਪਹਿਲੇ ਚੇਲੇ ਸਨ। ਇਹਨਾਂ ਦੇ ਚਾਰ ਧੂਣੇ ਉਦਾਸੀਆਂ ਦੇ ਪ੍ਰਸਿੱਧ ਹਨ। ਸੁਆਮੀ ਗੰਗੇਸ਼ਵਰਾਨੰਦ ਜੀ ਨੇ ਆਪਣੀ ਪੁਸਤਕ *ਸਰੋਤਮੁਨਿ ਚਰਿਤਾਮ੍ਰਿਤ* ਵਿਚ 'ਉਦਾਸੀ' ਸ਼ਬਦ ਦੀ ਵਿਆਖਿਆ ਵੇਲੇ 'ਉਦ' ਦਾ ਅਰਥ ਸਰਵੋ- ਕ੍ਰਿਸ਼ਟ ਜਾਂ ਸਰਵ-ਪਾਪ ਵਿਨਿਰਮੁਕਤ ਅਤੇ 'ਆਸੀਨ' ਦਾ ਅਰਥ ਸਥਿਤੀ ਕਰਦੇ ਹਨ। ਸੰਖੇਪ ਵਿਚ 'ਉਦਾਸੀ' ਦਾ ਅਰਥ ਸੰਸਾਰ ਵੱਲੋਂ ਉਪਰਾਮਤਾ ਹੈ, ਪਰ ਉਦਾਸੀ ਸੰਤ ਸੰਸਾਰ ਵਿਚ ਰਹਿ ਕੇ ਲੋਕਾਈ ਨੂੰ ਗੁਰਮਤਿ ਮਾਰਗ ਅਤੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਦੇ ਰਹੇ ਹਨ।

ਜਿਵੇਂ ਅਸੀਂ ਪਹਿਲਾਂ ਲਿਖ ਆਏ ਹਾਂ ਕਿ ਬਾਬਾ ਸ੍ਰੀ ਚੰਦ ਜੀ ਛੋਟੀ ਉਮਰ ਵਿਚ ਹੀ ਜੰਗਲਾਂ ਵਿਚ ਜਾ ਕੇ ਸਮਾਧੀ ਵਿਚ ਲਿਵਲੀਨ ਹੋ ਜਾਂਦੇ ਸਨ। ਗੁਰੂ ਸਾਹਿਬ ਜੀ ਨੇ ਵੀ ਅੱਖੀਂ ਦੇਖਿਆ ਸੀ। ਜਦੋਂ ਗੁਰੂ ਨਾਨਕ ਜੀ ਸੰਸਾਰ ਫੇਰੀ (ਉਦਾਸੀ) ਪ੍ਰਚਾਰਕ ਦੌਰੇ 'ਤੇ ਜਾਣ ਲੱਗੇ ਤਾਂ ਆਪਣੇ ਬਾਲ ਬਾਬਾ ਸ੍ਰੀ ਚੰਦ ਜੀ ਦੀ ਬਾਂਹ ਆਪਣੀ ਭੈਣ ਨਾਨਕੀ ਜੀ ਦੇ ਸਪੁਰਦ ਕਰਨ ਲੱਗੇ ਤਾਂ ਆਪ ਜੀ ਇਉਂ ਕਿਹਾ ਕਿ ਇਹ ਕੋਈ ਸਾਧਾਰਨ ਬਾਲ ਨਹੀਂ ਸਮਝਣਾ, ਬਲਕਿ ਇਹ ਆਪਣੇ ਜੱਪ-ਤੱਪ ਤੇ ਪ੍ਰੇਮਾ-ਭਗਤੀ ਦੇ ਪ੍ਰਤਾਪ ਨਾਲ ਪ੍ਰਸਿੱਧ ਮਹਾਤਮਾ ਹੋਵੇਗਾ। ਆਪਣਾ ਪੰਥ ਚਲਾਏਗਾ ਅਤੇ ਮਾਨਵਤਾ ਦੀ ਸੇਵਾ ਕਰਦਿਆਂ ਵੱਡਾ ਕਰਾਮਾਤੀ, ਜਤੀ-ਸਤੀ ਤੇ ਚਿਰੰਜੀਵੀ ਸਾਧੂ ਬਣੇਗਾ। ਸਮਾਂ ਬੀਤਦਾ ਗਿਆ ਅਤੇ ਫਿਰ ਜਦੋਂ ਗੁਰੂ ਨਾਨਕ ਦੇਵ ਜੀ ਆਪਣੀ ਅਖ਼ੀਰਲੀ ਉਦਾਸੀ ਤੋਂ ਵਾਪਸ ਆ ਕੇ ਕਰਤਾਰਪੁਰ ਡੇਰੇ ਲਗਾਏ ਤਾਂ ਇਕ ਧਰਮਸਾਲਾ ਕਾਇਮ ਕੀਤੀ, ਜਿਥੇ ਸਵੇਰੇ-ਸ਼ਾਮ ਨਾਮ ਬਾਣੀ ਦਾ ਜਾਪ ਅਤੇ ਪ੍ਰਭੂ ਦਾ ਕੀਰਤਨ ਹੋਣ ਲੱਗਿਆ। ਇਥੇ ਹੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਪੁੱਤਰ ਨੂੰ ਬੁਲਾ ਕੇ ਛਾਤੀ ਨਾਲ ਲਾ ਕੇ ਪਿਆਰ ਕੀਤਾ ਤੇ ਆਪਣਾ ਉਦਾਸੀ ਵਾਲਾ ਲਿਬਾਸ ਬਾਬਾ ਜੀ ਨੂੰ ਅਰਪਣ ਕਰਦਿਆਂ ਸਿਰ 'ਤੇ ਹੱਥ ਰੱਖਿਆ ਤੇ ਕਿਹਾ ਕਿ ਅੱਜ ਤੋਂ ਤੁਹਾਨੂੰ ਸੰਪੂਰਨ ਮਹਾਂਪੁਰਸ਼ ਕਹਿ ਕੇ ਨਿਵਾਜਦਾ ਹਾਂ ਤੇ ਉਸ ਅਕਾਲ ਪੁਰਖ ਦੀਆਂ ਬਖ਼ਸ਼ਿਸ਼ਾਂ ਅਤੇ ਬਰਕਤਾਂ ਤੁਹਾਡੇ ਨਾਲ ਹੋਣਗੀਆਂ ਅਤੇ ਹਰ ਮੈਦਾਨ ਫ਼ਤਹਿ ਹੋਵੇਗੀ। ਵੱਡੇ ਵੱਡੇ ਰਾਜੇ, ਬਾਦਸ਼ਾਹ, ਪੈਗੰਬਰ ਤੁਹਾਨੂੰ ਸੀਸ ਝੁਕਾਉਣਗੇ। ਰਿਧੀਆਂ-ਸਿਧੀਆਂ ਤੁਹਾਡੇ ਪੈਰਾਂ ਨੂੰ ਚੁੰਮਣਗੀਆਂ ਅਤੇ ਤੁਸੀਂ ਤਾਂ ਬਹੁਤ ਮਹਾਨ ਧਰਮੀ ਪੁਰਖ ਹੋ।

ਛੋਟੀ ਆਯੂ ਵਿਚ ਹੀ ਬਾਬਾ ਸ੍ਰੀ ਚੰਦ ਜੀ ਨੇ ਮੌਲਵੀ ਨੂਰਦੀਨ ਚੁਗਤਾ ਨੂੰ ਰਾਮ ਤੇ ਰਹੀਮ ਅਤੇ ਹਿੰਦੂ ਤੇ ਮੁਸਲਮਾਨ ਨੂੰ ਇੱਕੋ ਅੱਲ੍ਹਾ-ਤਾਲਾ ਤੇ ਖ਼ੁਦਾ ਜਾਂ ਪ੍ਰਭੂ ਸਮਝਣਾ ਅਤੇ ਹਿੰਦੂ ਤੇ ਮੁਸਲਮਾਨਾਂ ਨੂੰ ਇੱਕੋ ਹੀ ਨੂਰ ਤੋਂ ਉਪਜਿਆ ਸਮਝ ਕੇ ਊਚ-ਨੀਚ ਦੇ ਭੇਦ-ਭਾਵ ਨੂੰ ਮਿਟਾ ਕੇ ਉਸ ਦੇ ਸ਼ੰਕਿਆਂ ਨੂੰ ਨਿਰਵਿਰਤ ਕੀਤਾ ਤਾਂ ਮੌਲਵੀ ਜੀ ਨੇ ਸੀਸ ਝੁਕਾਇਆ ਅਤੇ ਕਿਹਾ ਕਿ "ਨਾਨਕ ਦਰਵੇਸ਼ ਧੰਨ ਹੈ ਅਤੇ ਉਹਨਾਂ ਦਾ ਇਹ ਛੋਟਾ ਸਾਈਂ ਮਲੰਗਾ ਫ਼ਰਜ਼ੰਦ ਵੀ ਧੰਨ ਹੈ।" ਏਸੇ ਤਰ੍ਹਾਂ ਬਾਬਾ ਜੀ ਨੇ ਬਿਸ਼ਨ ਦਾਸ ਨਾਮੀ ਬ੍ਰਾਹਮਣ ਅਤੇ ਅਜਿੱਤੇ ਰੰਧਾਵੇ ਚੌਧਰੀ ਦੇ ਸ਼ੰਕੇ ਦੂਰ ਕੀਤੇ ਤੇ ਸੁਨਹਿਰੀ ਜੀਵਨ ਜੀਉਣ ਦਾ ਉਪਦੇਸ਼ ਦਿੱਤਾ। ਸੇਵਾ-ਸਿਮਰਨ ਤੇ ਪ੍ਰਭੂ ਦਾ ਨਾਮ ਜਪਣਾ ਅਤੇ ਅਜਿਹੀ ਹਲੀਮੀ, ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਮਾਰ ਕੇ ਊਚ-ਨੀਚ ਦੇ ਭੇਦ-ਭਾਵ ਨੂੰ ਮਿਟਾ ਕੇ ਇਕ ਸੰਗਤ ਤੋਂ ਪੰਗਤ ਦਾ ਮਹਾਨ ਗਾਡੀ ਰਾਹ ਦਰਸਾਇਆ।

ਬਾਬਾ ਸ੍ਰੀ ਚੰਦ ਜੀ ਉਦੋਂ 15 ਬਰਸ ਦੇ ਸਨ, ਜਦੋਂ ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਤੋਂ ਵਾਪਸ ਆਏ ਤਾਂ ਆਪ ਨੇ ਬਾਬਾ ਸ੍ਰੀ ਚੰਦ ਨੂੰ ਆਪਣੀ ਉਦਾਸੀ ਦੀਆਂ ਸਾਰੀਆਂ ਸਾਖੀਆਂ, ਤਜਰਬੇ, ਦੇਸ਼-ਦੇਸ਼ਾਂਤਰਾਂ ਦੇ ਰਟਨ ਬਾਰੇ ਵਾਕਿਆਂ ਨੂੰ ਭਲੀ-ਭਾਂਤ ਸਾਂਝਾ ਕਰ ਕੇ ਆਪਣੇ ਸਪੁੱਤਰ ਦੇ ਗਿਆਨ ਭੰਡਾਰ ਵਿਚ ਵਾਧਾ ਕੀਤਾ। ਬਾਬਾ ਜੀ ਉਸ ਵਕਤ 15 ਸਾਲਾਂ ਦੇ ਸਨ, ਜਦੋਂ ਆਪ ਜੀ ਨੂੰ ਉੱਚ-ਵਿੱਦਿਆ ਪ੍ਰਾਪਤ ਕਰਨ ਲਈ ਕਸ਼ਮੀਰ ਭੇਜ ਦਿੱਤਾ। ਕਿਹਾ ਜਾਂਦਾ ਹੈ ਕਿ ਇਕ ਵਾਰ ਕਾਂਸ਼ੀ ਤੋਂ ਆਏ ਧੁਰੰਧਰ ਵਿਦਵਾਨ ਪੰਡਿਤ ਸੋਮਨਾਥ ਤ੍ਰਿਪਾਠੀ ਦੇ ਨਾਲ ਸ਼ਾਸਤਰਾਰਥ ਕਰਦਿਆਂ ਬਾਬਾ ਸ੍ਰੀ ਚੰਦ ਜੀ ਨੇ ਪਰਮਾਰਥ ਤੇ ਨਿਰਗੁਣ-ਸਰਗੁਣ ਦੇ ਸ੍ਵਰੂਪ ਆਦਿ ਵਿਸ਼ਿਆਂ ਉੱਤੇ ਜੁਗਤ ਭਰੇ ਭਾਵਪੂਰਤ, ਗਿਆਨ ਮਈ, ਦਰਸ਼ਨ ਸ਼ਸਤਰ, ਵੇਦਾਂ, ਸਿਮਰਤੀਆਂ ਵਿੱਚੋਂ ਸੰਕੇਤ, ਵਿਆਖਿਆ ਤੇ ਦ੍ਰਿਸ਼ਟਾਂਤ ਅਤੇ ਵੈਦਿਕ ਧਰਮ ਤੇ ਭਗਵਤ ਗੀਤਾ ਦੇ ਹਵਾਲੇ ਦੇ ਕੇ ਸੂਖਸ਼ਮ ਤੋਂ ਸੂਖਸ਼ਮ ਪ੍ਰਸ਼ਨਾਂ ਦਾ ਉੱਤਰ ਦਿੱਤਾ ਤੇ ਸ਼ੰਕਾ ਨਿਰਵਿਰਤ ਕੀਤਾ ਤਾਂ ਤ੍ਰਿਪਾਠੀ ਜੀ ਨਿਰੁਤਰ ਹੋ ਗਏ। ਜਿਸ ਕਰਕੇ ਬਾਬਾ ਸ੍ਰੀ ਚੰਦ ਜੀ ਦੀ ਉਪਮਾ ਤੇ ਚਰਚਾ ਸਾਰੇ ਕਸ਼ਮੀਰ ਵਿਚ ਫੈਲ ਗਈ। ਆਪ ਜੀ ਦੀ ਪ੍ਰਤਿਭਾ ਦਾ ਚੰਦਰਮਾ ਕਸ਼ਮੀਰ ਦੇ ਗਗਨ ਮੰਡਲ ਵਿਚ ਜਗਮਗਾਉਣ ਲੱਗ ਪਿਆ।

ਬਾਬਾ ਸ੍ਰੀ ਚੰਦ ਜੀ ਨੇ ਪਹਿਲੀ ਯਾਤਰਾ 1524 ਈ. ਤੋਂ ਆਰੰਭੀ, ਉਦੋਂ ਆਪ ਲਗਪਗ 30 ਸਾਲ ਦੇ ਸਨ। ਆਪ ਜੀ ਦੇ ਬਚਪਨ ਦਾ ਸਾਥੀ ਭਾਈ ਕਮਲੀਆ ਆਪ ਜੀ ਦੇ ਨਾਲ ਸੀ। ਆਪ ਜੀ ਹਰਿਦੁਆਰ, ਰਿਸ਼ੀਕੇਸ਼, ਲਛਮਣ ਝੂਲਾ ਤੇ ਉੱਤਰ ਪ੍ਰਦੇਸ਼ ਦੇ ਪਿੰਡਾਂ ਵਿੱਚੋਂ ਹੁੰਦੇ ਹੋਏ ਮਥੁਰਾ, ਆਗਰਾ, ਕਾਨਪੁਰ, ਲਖਨਊ, ਫ਼ੈਜ਼ਾਬਾਦ, ਅਜੁਧਿਆ, ਪ੍ਰਯਾਗ ਆਦਿ ਥਾਵਾਂ ਤੋਂ ਹੁੰਦੇ ਹੋਏ ਕਾਂਸ਼ੀ ਪੁੱਜੇ। ਜਿਥੇ ਆਪ ਸੋਮਨਾਥ ਤ੍ਰਿਪਾਠੀ ਦੇ ਸਥਾਨ 'ਤੇ ਕਈ ਦਿਨ ਟਿਕੇ ਰਹੇ। ਉਥੋਂ ਆਪ ਪਟਨਾ, ਮੋਕਾਹਮ ਤੋਂ ਹੁੰਦੇ ਹੋਏ ਆਸਾਮ, ਕਾਮਰੂਪ, ਬੰਗਾਲ ਤੇ ਉੜੀਸਾ ਤੋਂ ਕਟਕ ਪੁੱਜੇ। ਬਾਅਦ ਵਿਚ ਜਗਨ ਨਾਥ ਗਏ। ਜਗਨ ਨਾਥ ਪੁਰੀ ਦੇ ਪਾਂਡਿਆਂ ਨੇ ਗੁਰੂ ਨਾਨਕ ਦੇਵ ਜੀ ਦੇ

ਪੁੱਤਰ ਦਾ ਆਉਣਾ ਸੁਣ ਕੇ ਬਹੁਤ ਖ਼ੁਸ਼ੀਆਂ ਮਨਾਈਆਂ। ਉਥੇ ਬਾਬਾ ਸ੍ਰੀ ਚੰਦ ਜੀ ਦੀ ਯਾਦ ਵਿਚ ਪਰਮ ਉਦਾਸੀ ਬਾਲੂ ਹਸਨਾ ਜੀ ਦਾ ਸਥਾਨ ਮੰਗੂ ਮੱਠ ਸਥਾਪਤ ਕੀਤਾ ਗਿਆ। ਪੁਰੀ ਦੇ ਰਾਜੇ ਦੀਆਂ ਮਨੋਕਾਮਨਾਵਾਂ ਪੂਰੀਆਂ ਹੋਣ 'ਤੇ ਉਸ ਨੇ 300 ਵਿਘੇ ਜ਼ਮੀਨ ਵੀ ਲਗਵਾ ਦਿੱਤੀ, ਜੋ ਅੱਜ ਤਕ ਤੁਰੀ ਆਉਂਦੀ ਹੈ।

ਫਿਰ ਬਾਬਾ ਜੀ ਮੱਧਿਆ ਪ੍ਰਦੇਸ਼ ਦੇ ਬੀਆਬਾਨ ਜੰਗਲਾਂ ਵਿੱਚੋਂ ਵਿਚਰਦੇ ਇਕ ਪ੍ਰਸਿੱਧ ਇਤਿਹਾਸਕ ਤੀਰਥ 'ਅਮਰ ਕੰਟਕ' ਦੇ ਅਸਥਾਨ 'ਤੇ ਪੁੱਜੇ, ਜਿਸ ਦੀ ਪਹਾੜ ਦੀ ਚੋਟੀ ਤੋਂ ਚਾਰ ਵੱਡੇ ਦਰਿਆਵਾਂ ਚੌਵਾਂ ਦਿਸ਼ਾਵਾਂ ਨੂੰ ਨਿਕਲਦੇ ਹਨ। ਸੌਨ ਦਰਿਆ ਬਿਹਾਰ ਵੱਲ, ਮਹਾਂਨਦੀ ਉੜੀਸਾ ਵੱਲ, ਗੁਦਾਵਰੀ ਆਂਧਰਾ ਪ੍ਰਦੇਸ਼ ਵੱਲ ਅਤੇ ਨਰਬਦਾ ਗੁਜਰਾਤ ਤੇ ਮਹਾਂਰਾਸ਼ਟਰਾ ਤੋਂ ਹੋ ਕੇ ਜਾਂਦੀ ਹੈ। ਪੁਰਾਣੇ ਸਮਿਆਂ ਵਿਚ ਇਸ ਅਸਥਾਨ 'ਤੇ ਵੱਡੇ ਵੱਡੇ ਰਿਸ਼ੀ-ਮੁਨੀ ਤਪ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਆਦਮਖੋਰ ਕੌਡੇ ਰਾਖ਼ਸ਼ ਤੋਂ ਬੜੀ ਮੁਸ਼ਕਲ ਨਾਲ ਬਚਾਇਆ ਸੀ। ਇਹਨਾਂ ਇਲਾਕਿਆਂ ਵਿਚ ਵੀ 'ਨਰ ਬਲੀ' ਧਰਮ ਦਾ ਇਕ ਅੰਗ ਬਣ ਗਿਆ ਸੀ। ਜਿਸ ਸ਼ਾਮ ਵੇਲੇ ਇਕ ਮੰਦਰ ਵਿਚ ਮੀਂਹ ਨਾ ਪੈਣ ਕਾਰਨ ਇਕ ਬਾਲਕ ਦੀ ਬਲੀ ਹੋਣੀ ਸੀ, ਬਾਬਾ ਸ੍ਰੀ ਚੰਦ ਜੀ ਨੇ ਪਿੰਡ ਦੇ ਮੁਖੀਆਂ ਨੂੰ ਇਕੱਠਾ ਕਰ ਕੇ ਕਿਹਾ ਕਿ ਜੇ ਕਰ ਪ੍ਰਭੂ ਪਰਮਾਤਮਾ ਨੂੰ ਮਨਜ਼ੂਰ ਹੋਇਆ ਤਾਂ ਉਹ ਆਪ ਮੀਂਹ ਵਰ੍ਹਾ ਦੇਣਗੇ, ਇਸ ਲਈ ਆਪ ਇਸ ਬਾਲਕ ਨੂੰ ਛੱਡ ਦਿਉ ਤੇ ਮੇਰੇ ਸਾਥ ਮਿਲ ਕੇ ਤੁਸੀਂ ਵੀ ਪਰਮਾਤਮਾ ਅੱਗੇ ਬਿਨਤੀ ਤੇ ਅਰਦਾਸ ਕਰੋ। ਜਦੋਂ ਸਾਰਿਆਂ ਨੇ ਇਸ ਤਰ੍ਹਾਂ ਅਰਦਾਸ ਕੀਤੀ ਤਾਂ ਪਲਾਂ ਵਿਚ ਬੱਦਲਾਂ ਦੀ ਗੜਗੜਾਹਟ ਤੇ ਬਿਜਲੀ ਦਾ ਚਮਕਣਾ ਸ਼ੁਰੂ ਹੋ ਗਿਆ ਅਤੇ ਮੂਸਲਾਧਾਰ ਵਰਖਾ ਹੋਣ ਲੱਗੀ। ਸਭਨਾਂ ਨੇ ਬਾਬਾ ਸ੍ਰੀ ਚੰਦ ਜੀ ਦਾ ਸ਼ੁਕਰਾਨਾ ਕੀਤਾ ਤੇ ਇਸ ਤਰ੍ਹਾਂ ਬਾਲਕ ਦੀ ਜਾਨ ਬਚ ਗਈ।

ਬਾਬਾ ਸ੍ਰੀ ਚੰਦ ਜੀ ਪੱਛਮ ਦੇਸ਼ਾਂ ਦਾ ਰਟਨ ਕਰਦੇ ਹੋਏ ਜਦੋਂ ਪਿਸ਼ਾਵਰ ਸ਼ਹਿਰ ਦੇ ਲਾਗੇ ਇਕ ਹਵੇਲੀ ਵਿਚ ਆ ਕੇ ਡੇਰਾ ਲਾਇਆ ਤਾਂ ਯੂਸਫ਼ ਨਾਮ ਦੇ ਹਾਕਮ ਨੇ ਉਹਨਾਂ ਦਾ ਡੇਰਾ ਚੁਕਾ ਦਿੱਤਾ ਤੇ ਘੋੜਿਆਂ ਵਾਸਤੇ ਅਸਤਬਲ ਬਣਾ ਲਿਆ। ਪਰੰਤੂ ਜਦੋਂ ਘੋੜੇ ਕੋਈ ਗ਼ੈਬੀ ਬੀਮਾਰੀ ਨਾਲ ਮਰਨ ਲੱਗੇ ਤਾਂ ਉਨ੍ਹਾਂ ਨੂੰ ਅਹਿਸਾਸ ਹੋਇਆ ਤਾਂ ਜਾ ਕੇ ਬਾਬਾ ਜੀ ਦੇ ਚਰਨੀਂ ਲੱਗਾ ਤੇ ਡੇਰਾ ਵਾਪਸ ਕਰ ਦਿੱਤਾ। ਗਿਆਨੀ ਈਸ਼ਰ ਸਿੰਘ ਨਾਰਾ ਨੇ ਆਪਣੀ ਰਚਨਾ ਵਿਚ ਇਸ ਦਾ ਨਾਮ 'ਮੀਰ ਖੋਰ' ਪਠਾਣ ਲਿਖਿਆ ਹੈ। ਮੀਰ ਖੋਰ ਦੇ ਘਰ ਕੋਈ ਪੁੱਤਰ ਨਹੀਂ ਸੀ। ਉਸ ਦੀ ਬੇਗਮ ਤੇ ਹਾਕਮ ਬਾਬਾ ਜੀ ਦੇ ਦਰਸ਼ਨਾਂ ਨੂੰ ਆਏ ਤੇ ਮੁਆਫ਼ੀ ਮੰਗੀ। ਉਪਰੰਤ ਬਾਬਾ ਜੀ ਨੇ ਕਿਹਾ ਕਿ ਅੱਲ੍ਹਾ-ਤਾਲਾ ਮਿਹਰ ਕਰੇਗਾ। ਪ੍ਰਭੂ ਦੀ ਮਿਹਰ ਸਦਕਾ ਉਨ੍ਹਾਂ ਦੇ ਘਰ ਪੁੱਤਰ ਪੈਦਾ ਹੋਇਆ। ਬਾਅਦ ਵਿਚ ਪਿਸ਼ਾਵਰ ਤੋਂ ਕਾਬਲ ਫਿਰ ਕੰਧਾਰ ਚਲੇ ਗਏ। ਉਥੇ ਹਿੰਦੁਸਤਾਨ ਦੇ ਮੁਗ਼ਲ ਬਾਦਸ਼ਾਹ ਦਾ ਭਰਾ ਕਾਮਰਾਨ ਰਾਜ ਕਰਦਾ ਸੀ। ਉਹ ਬੜਾ ਤੁਅੱਸਬੀ, ਜ਼ਾਲਿਮ, ਕੱਟੜ ਮੁਸਲਮਾਨ ਸੀ। ਹਿੰਦੂਆਂ ਉੱਤੇ ਬੜਾ ਜ਼ੁਲਮ ਕਰਦਾ ਸੀ। ਉਸ ਨੂੰ ਭੀ ਆਪ ਨੇ ਖ਼ਲਕਤ ਦੀ ਭਲਾਈ ਕਰਨ ਦਾ ਉਪਦੇਸ਼ ਦਿੱਤਾ। ਕਾਮਰਾਨ ਨੇ ਇਕ ਦਿਨ ਸ਼ਿਕਾਰ ਖੇਡਦੇ ਹੋਏ ਹਿਰਨ ਮਾਰਿਆ ਤੇ ਉਸ ਦੀਆਂ ਅੱਖਾਂ ਕੱਢ

ਦਿੱਤੀਆਂ। ਜਿਸ ਨੂੰ ਵੇਖ ਕੇ ਬਾਬਾ ਸ੍ਰੀ ਚੰਦ ਨੇ ਬੜਾ ਦੁੱਖ ਮਨਾਇਆ ਤੇ ਸਰਾਪ ਦਿੱਤਾ ਕਿ ਜੇ ਤੇਰੀਆਂ ਵੀ ਅੱਖਾਂ ਕੱਢ ਲਵੇ ਤਾਂ ਤੇਰੇ ਵਾਸਤੇ ਵੀ ਦੁਨੀਆਂ ਅਨ੍ਹੇਰੀ ਹੋ ਜਾਏਗੀ। ਕਿਹਾ ਜਾਂਦਾ ਹੈ ਕਿ ਜਦੋਂ ਹਮਾਯੂੰ ਨੇ ਕਾਮਰਾਨ 'ਤੇ ਹਮਲਾ ਕੀਤਾ ਤਾਂ ਉਹੀ ਹਾਲ ਕਾਮਰਾਨ ਦਾ ਕੀਤਾ। ਉਸ ਦੀਆਂ ਦੋਵੇਂ ਅੱਖਾਂ ਕੱਢ ਦਿੱਤੀਆਂ। ਕਾਬਲ ਵਿਚ ਹਿੰਦੂਆਂ ਨੇ ਬਾਬਾ ਸ੍ਰੀ ਚੰਦ ਜੀ ਦੇ ਨਾਂ 'ਤੇ 'ਸ੍ਰੀ ਚੰਦ ਦਰਬਾਰ' ਨਾਮ ਦਾ ਗੁਰਦੁਆਰਾ ਸਥਾਪਤ ਕੀਤਾ।

ਕਸ਼ਮੀਰ ਵਿਚ ਬਾਬਾ ਜੀ ਕਈ ਵਾਰੀ ਗਏ। ਕਸ਼ਮੀਰ ਦੇ ਹਾਕਮ ਸ਼ੇਰ ਖ਼ਾਨ ਅਫ਼ਗਾਨ ਨਾਲ ਮੁਲਾਕਾਤ ਹੋਈ, ਜਿਥੇ ਆਪ ਨੇ ਧੂਣੇ ਵਿਚ ਚਿਨਾਰ ਦੀ ਇਕ ਜਲਦੀ ਲਕੜੀ ਨੂੰ ਬਾਹਰ ਕੱਢ ਕੇ ਜ਼ਮੀਨ ਵਿਚ ਗੱਡ ਦਿੱਤਾ, ਜਿਸ ਵਿੱਚੋਂ ਚਿਨਾਰ ਦਾ ਵੱਡਾ ਬਿਰਛ ਨਿਕਲ ਆਇਆ। ਇਹ ਕੌਤਕ ਦੇਖ ਕੇ ਕਸ਼ਮੀਰ ਦੇ ਹਾਕਮ ਦੇ ਹੋਸ਼ ਉੱਡ ਗਏ ਸਨ। ਉਹ 'ਸੁਭਾਨ ਅੱਲ੍ਹਾ, ਸੁਭਾਨ ਅੱਲ੍ਹਾ' ਪੁਕਾਰਨ ਲੱਗ ਪਿਆ। ਸੋ ਬਾਬਾ ਜੀ ਨੇ ਉਸ ਨੂੰ ਕਿਹਾ ਕਿ ਲੋਭ ਲਾਲਚ ਵੱਸ ਤੁਸੀਂ ਹਿੰਦੂਆਂ ਨੂੰ ਮੁਸਲਮਾਨ ਬਣਾ ਸਕਦੇ ਹੋ, ਪਰੰਤੂ ਉਹਨਾਂ ਦੇ ਅੰਦਰੋਂ ਦਿਲਾਂ ਵਿਚ ਰਾਮ ਦੇ ਨਾਮ ਨੂੰ ਨਹੀਂ ਕੱਢ ਸਕਦੇ। ਅਸੀਂ ਸਾਰੇ ਇੱਕੋ ਹੀ ਬਾਗ਼ ਦੇ ਰੰਗ-ਬਿਰੰਗੇ ਫੁੱਲ ਹਾਂ। ਬਾਬਾ ਜੀ ਨੇ ਸਮਝਾਇਆ ਕਿ 'ਕੁਰਾਨ' ਵਿਚ ਰੱਬ ਨੂੰ 'ਰਬੁਲ ਆਲਮੀਨ' ਕਰਕੇ ਲਿਖਿਆ ਹੈ, ਨਾ ਕਿ 'ਰਬੁਲ-ਮੁਸਲਮੀਨ'। ਉਹ ਅੱਲ੍ਹਾ-ਤਾਅਲਾ ਸਾਰੇ ਜ਼ਹਾਨ ਦਾ ਰੱਬ ਹੈ।

ਹਜ਼ਰਤ ਮੀਆਂ ਮੀਰ ਨੇ ਬਾਬਾ ਸ੍ਰੀ ਚੰਦ ਜੀ ਦੀ ਮੁਲਾਕਾਤ ਬਾਦਸ਼ਾਹ ਜਹਾਂਗੀਰ ਨਾਲ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਮਗਰੋਂ ਕਰਵਾਈ, ਜਿਸ ਦੇ ਫਲਸਰੂਪ ਚੰਦੂ ਨੂੰ ਭਾਰੀ ਸਜ਼ਾ ਮਿਲੀ ਸੀ। ਗੁਰੂ ਹਰਿਗੋਬਿੰਦ ਸਾਹਿਬ ਨੂੰ ਅਤੇ 52 ਰਾਜਿਆਂ ਨੂੰ ਵੀ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਅ ਕਰਵਾ ਦਿੱਤਾ। ਜਹਾਂਗੀਰ ਨੇ ਮੁਆਫ਼ੀ ਮੰਗ ਕੇ ਪੰਜ ਪਿੰਡਾਂ ਪੱਖੋਕੇ, ਠੇਠਰਕੇ, ਨਾਨਕ ਚੱਕ, ਕਰਤਾਰਪੁਰ ਅਤੇ ਬਾਰਠ ਦਾ ਪਟਾ ਲਿਖਵਾ ਕੇ ਬਾਬਾ ਸ੍ਰੀ ਚੰਦ ਦੇ ਪੋਤ੍ਰੇ ਮਾਣਕ ਚੰਦ ਜੀ ਕੋਲ ਪਹੁੰਚਾ ਦਿੱਤਾ ਸੀ।

ਹਮਾਯੂੰ ਬਾਦਸ਼ਾਹ ਜਦੋਂ ਸ਼ੇਰਸ਼ਾਹ ਸੂਰੀ ਤੋਂ ਭਾਂਜ ਖਾ ਕੇ ਵਾਪਸ ਆ ਰਿਹਾ ਸੀ ਤਾਂ ਉਸ ਨੇ ਬਾਬਾ ਸ੍ਰੀ ਚੰਦ ਜੀ ਦੇ ਦਰਸ਼ਨ ਕੀਤੇ ਤੇ ਬਾਬਾ ਜੀ ਤੋਂ ਅਸੀਸ ਪ੍ਰਾਪਤ ਕਰ ਕੇ 13 ਸਾਲ ਮਗਰੋਂ 1553 ਈ. ਵਿਚ ਸ਼ੇਰਸ਼ਾਹ ਨਾਲ ਯੁੱਧ ਕੀਤਾ ਤੇ ਫ਼ਤਹਿ ਪਾਈ। 1585 ਈ. ਵਿਚ ਮਹਾਰਾਣਾ ਪ੍ਰਤਾਪ ਵੀ ਬਾਬਾ ਸ੍ਰੀ ਚੰਦ ਦੇ ਦਰਸ਼ਨਾਂ ਨੂੰ ਆਇਆ, ਕਿਉਂਕਿ ਉਹ 'ਹਲਦੀ ਘਾਟੀ' ਦੀ ਲੜਾਈ ਵਿਚ ਬਾਦਸ਼ਾਹ ਅਕਬਰ ਤੋਂ ਹਾਰ ਗਿਆ ਸੀ। ਬਾਬਾ ਜੀ ਤੋਂ ਅਸ਼ੀਰਵਾਦ ਲੈ ਕੇ ਮਹਾਰਾਣਾ ਪ੍ਰਤਾਪ ਦਾ ਹੌਂਸਲਾ ਬੁਲੰਦ ਹੋ ਗਿਆ ਤੇ ਉਸ ਨੇ ਚਿਤੌੜ ਨੂੰ ਛੱਡ ਕੇ ਬਾਕੀ ਦਾ ਆਪਣਾ ਖੁੱਸਿਆ ਹੋਇਆ ਇਲਾਕਾ ਅਕਬਰ ਬਾਦਸ਼ਾਹ ਤੋਂ ਵਾਪਸ ਛੁਡਵਾ ਲਿਆ। ਸੂਰਮਾ ਇੱਕੋ ਵਾਰੀ ਸ਼ਾਨ ਨਾਲ ਵੀਰ ਗਤੀ ਨੂੰ ਪ੍ਰਾਪਤ ਕਰਦਾ ਹੈ। ਜੇ ਤੁਹਾਡੀ ਆਤਮਾ ਨਹੀਂ ਹਾਰੀ, ਬਾਜ਼ੀ ਫਿਰ ਵੀ ਜਿੱਤੀ ਜਾ ਸਕਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਬਾਬਾ ਸ੍ਰੀ ਚੰਦ ਜੀ ਦਾ ਗੁਰੂ ਘਰ ਨਾਲ ਚੰਗਾ ਸੰਬੰਧ ਬਣਿਆ ਰਿਹਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਬਾਬਾ

ਜੀ ਦਾ ਵਧੀਆ ਸੰਬੰਧ ਰਿਹਾ। ਗੁਰੂ ਅੰਗਦ ਦੇਵ ਜੀ ਨੇ ਬਾਬਾ ਦਾਤੂ ਜੀ ਨੂੰ ਆਪਣੇ ਸਪੁੱਤਰ ਨੂੰ ਬਾਬਾ ਸਿਰੀ ਚੰਦ ਨੂੰ ਭੇਟਾ ਕਰ ਦਿੱਤਾ ਸੀ, ਜੋ ਆਪ ਜੀ ਦਾ ਸ਼ਿਸ਼ ਬਣਿਆ। ਗੁਰੂ ਅਮਰਦਾਸ ਜੀ ਨੇ ਬਾਬਾ ਸ੍ਰੀ ਚੰਦ ਜੀ ਨੂੰ 500/- ਰੁਪਏ ਭੇਂਟ ਨਾਲ ਇਕ ਘੋੜੇ ਦਾ ਨਜ਼ਰਾਨਾ ਵੀ ਕਰ ਦਿੱਤਾ ਸੀ ਅਤੇ ਆਪਣਾ ਸਪੁੱਤਰ ਬਾਬਾ ਮੋਹਨ ਜੀ ਨੂੰ ਬਾਬਾ ਜੀ ਨੂੰ ਭੇਂਟ ਕਰ ਦਿੱਤਾ ਸੀ। ਸ੍ਰੀ ਗੁਰੂ ਰਾਮਦਾਸ ਜੀ ਵੀ ਬਾਬਾ ਜੀ ਦੇ ਦਰਸ਼ਨਾਂ ਨੂੰ ਬਾਰਠ ਗਏ। ਸਪੁੱਤਰ ਮਹਾਂਦੇਵ ਨੂੰ ਭੇਂਟ ਕਰ ਦਿੱਤਾ, ਜੋ ਆਪ ਜੀ ਦਾ ਸ਼ਿਸ਼ ਬਣਿਆ। ਗੁਰੂ ਅਰਜਨ ਦੇਵ ਜੀ 1599 ਈ. ਵਿਚ ਬਾਬਾ ਸ੍ਰੀ ਚੰਦ ਜੀ ਨੂੰ ਮਿਲਣ ਵਾਸਤੇ ਆਏ ਤੇ ਲਗਪਗ 5-6 ਮਹੀਨੇ ਰਹੇ। ਬਾਬਾ ਸ੍ਰੀ ਚੰਦ ਜੀ ਦਾ ਸਤਿਕਾਰ ਕਰਦੇ ਹੋਏ ਇਕ ਘੋੜਾ ਤੇ 500/- ਰੁਪਏ ਨਜ਼ਰਾਨਾ ਵੀ ਭੇਂਟ ਕੀਤਾ। ਇਹਨਾਂ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਬਾਰਠ ਵਿਖੇ ਆਪ ਜੀ ਦੇ ਦਰਸ਼ਨਾਂ ਨੂੰ ਗਏ ਤਾਂ ਆਪਣਾ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਵੀ ਬਾਬਾ ਸ੍ਰੀ ਚੰਦ ਜੀ ਨੂੰ ਭੇਟਾ ਕਰ ਦਿੱਤਾ ਤਾਂ ਬਾਬਾ ਜੀ ਨੇ ਫ਼ੁਰਮਾਇਆ ਕਿ ਸਾਡੇ ਬਾਅਦ ਸਾਡਾ ਜਾਨਸ਼ੀਨ ਇਹੋ ਬਾਬਾ ਗੁਰਦਿੱਤਾ 'ਦੀਨ ਦੁਨੀਆਂ ਦਾ ਟਿੱਕਾ' ਕਰਕੇ ਜਾਣਿਆ ਜਾਏਗਾ। ਉਦਾਸੀ ਭੇਖ ਬਾਬਾ ਗੁਰਦਿੱਤਾ ਜੀ ਨੂੰ ਸੌਂਪ ਕੇ ਆਪਣਾ ਪ੍ਰਮੁੱਖ ਸ਼ਿਸ਼ ਬਣਾ ਲਿਆ।

ਬਾਬਾ ਗੁਰਦਿੱਤਾ ਜੀ ਨੇ ਉਦਾਸੀ ਭੇਖ ਦਾ ਸੰਗਠਨ ਤੇ ਵਿਕਾਸ ਕੀਤਾ। ਬਾਬਾ ਸ੍ਰੀ ਚੰਦ ਜੀ ਨੇ ਆਪਣੀ 149 ਵਰ੍ਹਿਆਂ ਦੀ ਆਯੂ ਵਿਚ ਘੱਟੋ-ਘੱਟ 20-25 ਹਜ਼ਾਰ ਕਿਲੋਮੀਟਰ ਦਾ ਸਫ਼ਰ ਕੀਤਾ। ਪਿਤਾ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਅੱਗੇ ਤੋਰਿਆ। ਬਾਬਾ ਗੁਰਦਿੱਤਾ ਜੀ ਨੇ ਚਾਰ ਪ੍ਰਸਿੱਧ ਧੂਣਿਆਂ ਦੀ ਸਥਾਪਨਾ ਕੀਤੀ—(1) ਫੂਲ ਸਾਹਿਬ, (2) ਬਾਲੂ ਹਸਨਾ ਜੀ, (3) ਅਲਮਸਤ ਸਾਹਿਬ ਜੀ, (4) ਗੋਇੰਦਾ ਜੀ। ਗੋਇੰਦਾ ਜੀ ਦੀਆਂ ਭਾਰਤ ਵਿਚ 370 ਸ਼ਾਖ਼ਾਵਾਂ ਹਨ। ਇਹਨਾਂ ਨੇ ਅੱਗੇ ਛੇ ਬਖ਼ਸ਼ਿਸ਼ਾਂ ਕਾਇਮ ਕੀਤੀਆਂ—(1) ਸੁਥਰੇ ਸ਼ਾਹੀ, (2) ਸੰਗਤ ਸ਼ਾਹੀਏ, (3) ਜੀਤ ਮੱਲੀਏ, (4) ਬਖ਼ਤ ਮੱਲੀਏ, (5) ਭਗਤ ਭਗਵਾਨ ਜੀ, (6) ਮੀਹਾਂ ਸ਼ਾਹੀਏ। ਇਹਨਾਂ ਛੇ ਬਖ਼ਸ਼ਿਸ਼ਾਂ ਨੇ ਦੇਸ਼ਾਂ-ਵਿਦੇਸ਼ਾਂ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ। ਬਿਹਾਰ ਵਿਚ ਉਦਾਸੀਆਂ ਸੰਤਾਂ ਦੇ ਡੇਰੇ ਲਗਪਗ 1000 ਦੇ ਕਰੀਬ ਹਨ। ਇਕੱਲੇ ਪਟਨਾ ਸਾਹਿਬ ਵਿਖੇ 300 ਤੋਂ ਵੱਧ ਸਥਾਨ ਉਦਾਸੀ ਸੰਤਾਂ ਦੇ ਸਨ। ਇਹਨਾਂ ਸਾਰੇ ਸਥਾਨਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦੇ ਤੇ ਕਥਾ ਕੀਰਤਨ ਦੇ ਪ੍ਰਵਾਹ ਚੱਲਦੇ ਸਨ। ਪੰਜਾਬ, ਲਹਿੰਦੇ ਪੰਜਾਬ, ਮਾਝਾ, ਦੁਆਬਾ, ਮਾਲਵਾ ਆਦਿ ਹਰ ਇਕ ਪਿੰਡ ਨਗਰ ਵਿਚ ਉਦਾਸੀ ਸੰਤਾਂ ਨੇ ਧਰਮਸਾਲਾ (ਗੁਰਦੁਆਰੇ) ਬਣਾ ਕੇ ਸੇਵਾ-ਸਿਮਰਨ ਦੇ ਪ੍ਰਵਾਹ ਚਲਾਏ। ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਅੱਜ ਜੋ ਸਾਡੇ ਕੋਲ ਇਤਿਹਾਸਕ ਗੁਰਦੁਆਰੇ ਹਨ, ਉਹਨਾਂ ਦੀ ਨਿਸ਼ਾਨਦੇਹੀ ਵੀ ਉਦਾਸੀ ਸੰਤਾਂ ਨੇ ਕੀਤੀ ਹੈ। ਪੁਰਾਤਨ ਸਮੇਂ ਜਦੋਂ ਨਾ ਸੜਕਾਂ ਸਨ ਤੇ ਨਾ ਰੇਲਵੇ ਸੀ, ਆਵਾਜਾਈ ਦੇ ਸਾਧਨ ਨਾਂ-ਮਾਤਰ ਸਨ। ਉਦਾਸੀ ਸੰਤਾਂ ਨੇ ਪੈਦਲ ਚੱਲ ਕੇ ਭੁੱਖੇ ਤ੍ਰਿਹਾਏ ਰਹਿ ਕੇ ਗੁਰੂ ਸਾਹਿਬ ਦੇ ਠਹਿਰਣ ਦੇ ਸਥਾਨਾਂ ਦੀ ਨਿਸ਼ਾਨਦੇਹੀ ਕਰ ਕੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਸਥਾਪਤ ਕੀਤੇ। ਡੇਹਰਾ ਬਾਬਾ ਨਾਨਕ ਵੀ ਉਦਾਸੀ ਸੰਤਾਂ

ਕਰਕੇ ਵਿਸ਼ੇਸ਼ਤਾ ਰੱਖਦਾ ਹੈ, ਜੋ ਕਿ ਹਿੰਦੁਸਤਾਨ-ਪਾਕਿਸਤਾਨ ਦੀ ਸਰਹੱਦ 'ਤੇ ਵੱਸਿਆ ਹੈ।

ਬਾਬਾ ਸ੍ਰੀ ਚੰਦ ਜੀ ਨੇ ਜੀਵਨ ਨੂੰ ਸੁਖਮਈ ਬਣਾਉਣ ਲਈ 'ਮਾਤਰਾ' ਬਾਣੀ ਦੀ ਰਚਨਾ ਕੀਤੀ, ਜਿਨ੍ਹਾਂ ਦਾ ਡੂੰਘਾ ਅਰਥ ਭਾਵ ਹੈ। ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਜੋ ਸੇਵਾ, ਪਰਉਪਕਾਰ ਤੇ ਸਵੈ-ਕੁਰਬਾਨੀ ਬਾਬਾ ਸ੍ਰੀ ਚੰਦ ਜੀ ਅਤੇ ਉਹਨਾਂ ਦੇ ਵੱਲੋਂ ਸਥਾਪਤ ਉਦਾਸੀ ਸੰਤਾਂ ਨੇ ਕੀਤੀ, ਉਸ ਵਕਤ ਜਦੋਂ ਸਿੱਖ ਕੌਮ ਅੰਤਾਂ ਦੇ ਸੰਕਟ-ਮਈ ਦੌਰ ਵਿੱਚੋਂ ਗੁਜ਼ਰ ਰਹੀ ਸੀ ਤੇ ਇਕ ਇਕ ਸਿੱਖ ਦੇ ਸਿਰ ਦੀ ਕੀਮਤ ਕੇਵਲ 20/- ਰੁਪਏ ਪੈ ਰਹੀ ਸੀ। ਸਿੱਖ ਜੰਗਲਾਂ, ਪਹਾੜਾਂ ਵਿਚ ਘੋੜਿਆਂ ਦੀਆਂ ਕਾਠੀਆਂ 'ਤੇ ਦਿਨ ਕਟੀ ਕਰ ਰਹੇ ਸਨ, ਉਸ ਵਕਤ ਸਿੱਖਾਂ ਨੂੰ ਦੁਸ਼ਮਣਾਂ ਦੀਆਂ ਖ਼ਬਰਾਂ ਤੇ ਸਿੱਖਾਂ ਦੇ ਬੱਚਿਆਂ ਨੂੰ ਪਾਲਣ-ਪੋਸ਼ਣ ਤੇ ਸਿੱਖਾਂ ਨੂੰ ਜੰਗਲਾਂ ਵਿਚ ਅੰਨ-ਪਾਣੀ ਪਹੁੰਚਾਉਣ ਦੀ ਸੇਵਾ ਵੀ ਇਹੀ ਉਦਾਸੀ ਸੰਤ ਕਰਦੇ ਸਨ। ਗੁਰਧਾਮਾਂ ਦੀ ਸੇਵਾ-ਸੰਭਾਲ ਵੀ ਇਹਨਾਂ ਉਦਾਸੀਆਂ ਨੇ ਹੀ ਕੀਤੀ। ਦਰਬਾਰ ਸਾਹਿਬ ਸਰੋਵਰ ਨੂੰ ਜਲ ਦੀ ਸੇਵਾ ਨਿਰਵਾਣ ਪ੍ਰੀਤਮ ਦਾਸ ਜੀ ਅਤੇ ਬਾਬਾ ਸੰਤੋਖ ਦਾਸ ਜੀ ਨੇ ਮਿਲ ਕੇ ਹੰਸਲੀ ਦੀ ਸੇਵਾ ਰਾਵੀ ਦਰਿਆ ਤੋਂ ਸਰੋਵਰ ਤਕ ਕਰਵਾਈ। ਬਹੁਤ ਸਾਰੀਆਂ ਬਖ਼ਸ਼ਿਸ਼ਾਂ ਹਨ, ਜਿਨ੍ਹਾਂ ਦੀ ਗਿਣਤੀ ਕਰਨੀ ਕਠਿਨ ਹੈ। ਉਦਾਸੀ ਸੰਤਾਂ ਦੀਆਂ ਮਨੁੱਖਤਾ ਦੀ ਭਲਾਈ ਲਈ ਕੀਤੇ ਕੰਮਾਂ ਨੂੰ ਸੰਸਾਰ ਹਮੇਸ਼ਾਂ ਯਾਦ ਰੱਖੇਗਾ। ਸਿੱਖ ਧਰਮ ਬਾਬਾ ਸ੍ਰੀ ਚੰਦ ਜੀ ਦਾ ਤੇ ਉਹਨਾਂ ਦੇ ਅਨੁਯਾਈਆਂ ਦਾ ਹਮੇਸ਼ਾਂ ਰਿਣੀ ਰਹੇਗਾ।

ਅਧਿਆਇ ਚੌਥਾ

ਉਦਾਸੀਨ ਸੰਪ੍ਰਦਾਇ ਦੇ ਸਤੰਭ : ਚਾਰ ਧੂਣੇ ਅਤੇ ਛੇ ਬਖ਼ਸ਼ਿਸ਼ਾਂ

ਸਭ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਧੂਣਾ ਕੀ ਹੈ ? ਸਤਹੀ ਅਤੇ ਸਥੂਲ ਅਰਥਾਂ ਵਿਚ ਜੇ ਦੇਖਿਆ ਜਾਵੇ ਤਾਂ ਜੋ ਸਾਧੂ ਘੋਰ ਜੰਗਲਾਂ ਵਿਚ ਰਹਿ ਕੇ ਤਪੱਸਿਆ ਕਰਦੇ ਸਨ। ਹਿੰਸਕ ਅਤੇ ਜੰਗਲੀ ਜਾਨਵਰਾਂ ਤੋਂ ਬਚਣ ਲਈ ਧੂਣੇ ਨੂੰ ਜਗਾਈ ਰੱਖਦੇ ਸਨ। ਅਗਨੀ ਜੰਗਲ ਵਿਚ ਜਾਨਵਰਾਂ ਨੂੰ ਦੂਰ ਭਜਾਉਣ ਵਿਚ ਸਹਾਇਕ ਕਾਰਕ ਹੈ। ਇਸ ਤੋਂ ਉਪਰੰਤ ਦੈਨਿਕ ਕੰਮਾਂ-ਕਾਜਾਂ ਲਈ ਵੀ ਧੂਣੇ ਦੀ ਅਗਨੀ ਦਾ ਪ੍ਰਯੋਗ ਹੁੰਦਾ ਸੀ। ਪਿੰਡ ਅਤੇ ਨਗਰਾਂ ਤੋਂ ਦੂਰ ਧੂਣਾ ਇਹਨਾਂ ਸਾਧੂਆਂ ਲਈ ਅਸ਼ੀਰਵਾਦ ਦੇ ਰੂਪ ਵਜੋਂ ਹੁੰਦਾ ਸੀ।

ਭਾਈ ਕਾਨ੍ਹ ਸਿੰਘ ਨਾਭਾ *ਮਹਾਨ ਕੋਸ਼* ਵਿਚ ਲਿਖਦੇ ਹਨ ਕਿ ਤਪੱਸਵੀ ਸਾਧੂ ਦੀ ਗੱਦੀ ਦਾ ਅਸਥਾਨ, ਜਿਵੇਂ ਉਦਾਸੀਨ ਸਾਧੂਆਂ ਦੇ ਚਾਰ ਧੂਣੇ।

ਧੂਣੇ ਦਾ ਅਧਿਆਤਮਕ ਅਰਥ ਗਹਿਰਾ ਹੈ। ਧੂਣਾ ਅਧਿਆਤਮਕ ਸਾਧਨਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਡਾ. ਵਿਸ਼ਨੂੰ ਦੱਤ ਰਾਕੇਸ਼ ਧੂਣੇ ਦੇ ਮਾਰਮਿਕ ਅਰਥ ਵਿਅਕਤ ਕਰਦੇ ਹਨ ਕਿ ਵੇਦ ਵਿਚ ਆਇਆ ਹੈ ਕਿ ਸਾਧੂ ਨੂੰ ਤੀਰਥ ਨਹੀਂ, ਬਲਕਿ ਅੱਗ ਦੀਆਂ ਲਪਟਾਂ ਪਵਿੱਤਰ ਕਰਦੀਆਂ ਹਨ। ਇਹਨਾਂ ਲਪਟਾਂ ਨਾਲ ਉਹ ਬ੍ਰਹਮ ਨੂੰ ਫੈਲਿਆ ਹੋਇਆ ਦੇਖਦਾ ਹੈ। ਬ੍ਰਹਮ ਦਰਸ਼ਨ ਪ੍ਰਤੱਖ ਰੂਪ ਵਿਚ ਧੂਣੀ ਜਾਂ ਸਥੰਡਿਲ ਦੀ ਅਗਨਿ ਵਿਚ ਤਥਾ ਤ੍ਰਿਕੁਟੀ ਦੀ ਜਯੋਤਿ ਵਿਚ ਦੇਖਿਆ ਜਾ ਸਕਦਾ ਹੈ। ਧੂਣੇ ਦੇ ਅੱਗੇ ਬੈਠ ਕੇ ਸਾਧਕ ਜੋਗੀ ਅਗਨੀ ਸਿਖਾਵਾਂ ਵਿਚ ਬ੍ਰਹਮ ਦਾ ਸਾਖ਼ਸ਼ਾਤ ਦਰਸ਼ਨ ਕਰਦਾ ਅਤੇ ਪਵਿੱਤਰ ਹੋ ਜਾਂਦਾ ਹੈ। ਇਸ ਤਰ੍ਹਾਂ ਸ੍ਰੀ ਚੰਦ ਜੀ ਮਹਾਰਾਜ ਧੂਣੇ ਦੇ ਰੂਪ ਵਿਚ ਸ੍ਰੋਤ ਯੱਗ ਭਾਵਨਾ ਦੀ ਪ੍ਰਤਿਸ਼ਠਾ ਕਰ ਕੇ ਯੱਗ ਨੂੰ ਗਿਆਨ ਯੋਗ ਦੀ ਪਰੰਪਰਾ ਨਾਲ ਜੋੜਦੇ ਹਨ।

ਸ਼ਤਪਥ ਬ੍ਰਾਹਮਣ ਵਿਚ ਯੱਗ ਨੂੰ ਸਵਰਗ ਦੀ ਕਿਸ਼ਤੀ ਕਿਹਾ ਗਿਆ ਹੈ। ਉਪਨਿਸ਼ਦਾਂ ਵਿਚ ਯੱਗ ਨੂੰ ਛਿਦਰ ਵਾਲੀ ਨੌਕਾ (ਕਿਸ਼ਤੀ) ਨਾਵ ਕਿਹਾ ਗਿਆ ਹੈ, ਜੋ ਕਰਮ-ਕਾਂਡ ਦੀ ਜਟਿਲਤਾ ਦੇ ਕਾਰਨ ਭਵ-ਸਾਗਰ ਨੂੰ ਪਾਰ ਕਰਨ ਵਿਚ ਅਸਮਰੱਥ ਹੈ। ਮੱਧਯ ਕਾਲ ਵਿਚ ਪੁਰੋਹਿਤਾਂ ਦੇ ਕਰਮ-ਕਾਂਡ ਦੇ ਜ਼ੰਜਾਲ ਕਾਰਨ ਇਸ ਦੇ ਪ੍ਰਥਾਇ ਅਰੁੱਚੀ ਵਧਣ ਲੱਗੀ। ਬਾਬਾ ਸ੍ਰੀ ਚੰਦ ਜੀ ਨੇ ਜੋਗੀਆਂ ਨੂੰ ਕਿਹਾ ਕਿ ਧੂਣੀ ਦਾ ਅਰਥ ਅੱਗ ਸੇਕਣਾ ਤੇ ਭਸਮ ਚੜ੍ਹਾਉਣਾ ਨਹੀਂ, ਪਰੰਤੂ ਧੂਣੀ ਤਾਂ ਬ੍ਰਹਮ ਦਰਸ਼ਨ ਦੀ ਵੇਦੀ ਹੈ।

ਯੋਗੀ ਤ੍ਰਿਬਿਧ ਤਾਪ ਤੋਂ ਪਾਰ ਦੀ ਅਵਸਥਾ ਵਿਚ ਹੁੰਦਾ ਹੈ। ਸੁੱਖ, ਦੁੱਖ, ਹਰਖ, ਸ਼ੋਕ, ਨਿੰਦਾ, ਪ੍ਰਸੰਸਾ ਭ੍ਰਾਵ ਅਭ੍ਰਾਵ ਸਾਰੇ ਹੀ ਚੱਲ ਕੇ ਭਸਮ ਹੋ ਜਾਂਦੇ ਹਨ। ਐਸਾ ਹੀ ਨਿਰਵਿਕਾਰ ਮਨੁੱਖ ਅਧਿਆਤਮਕ ਸਾਧਨਾ ਅਤੇ ਸਮਾਜ ਕਲਿਆਣ ਦੇ ਮਾਰਗ ਤੋਂ ਚੱਲ ਸਕਦਾ ਹੈ। ਇਹੀ ਪਰਮ ਕਲਿਆਣਕਾਰੀ ਸ਼ਿਵ ਵਿਭੂਤੀ ਨੂੰ ਯੋਗੀ ਸਰੀਰ ਤੋਂ ਰਮਾਏ ਰੱਖਦੇ ਹਨ। ਇਸ ਲਈ ਭਸਮ ਹੀ ਸਾਧੂ ਦਾ ਸ਼ਿੰਗਾਰ ਹੈ। ਧੂਣਾ ਇਸ ਦਾ ਪ੍ਰਤੀਕ ਹੈ।

ਰਵਾਇਤ ਅਨੁਸਾਰ ਚਾਰ ਧੂਣਿਆਂ ਦੇ ਕਾਇਮ ਹੋਣ ਦਾ ਸਮਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਮੰਨਿਆ ਜਾਂਦਾ ਹੈ। ਮਹੰਤ ਗਣੇਸ਼ਾ ਸਿੰਘ ਜੀ ਨੇ ਚਾਰ ਧੂਣਿਆਂ ਦੀ ਆਰੰਭਤਾ ਬਾਬਾ ਗੁਰਦਿੱਤਾ ਜੀ ਤੋਂ ਸਵੀਕਾਰ ਕੀਤੀ ਹੈ, ਜੋ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਾਹਿਬਜ਼ਾਦੇ ਸਨ। ਮਹੰਤ ਗਣੇਸ਼ਾ ਸਿੰਘ ਦੇ ਬਚਨਾਂ ਨੂੰ ਇਥੇ ਅੰਕਿਤ ਕਰਾਂਗੇ, ਜੋ ਕਿ ਬਹੁਤ ਸਾਰਥਿਕ ਜਾਪਦੇ ਹਨ।

ਇਕ ਵਾਰ 1681 ਬਿਕ੍ਰਮੀ ਵਿਚ ਛੇਵੇਂ ਸ੍ਰੀ ਗੁਰੂ ਹਰਿਗੋਬਿੰਦ ਜੀ ਮਹਾਰਾਜ ਬਾਰਠ ਪਿੰਡ ਆਪ ਜੀ ਦੇ ਦਰਸ਼ਨ ਕਰਨ ਨੂੰ ਗਏ। ਨਾਲ ਹੀ ਵੱਡਾ ਪੁੱਤਰ ਗੁਰਦਿੱਤਾ ਜੀ। ਆਪਸ ਵਿਚ ਬਚਨ-ਬਿਲਾਸ ਅਰ ਮੇਲ-ਮਿਲਾਪ ਦੇ ਪਿੱਛੋਂ ਬਾਬਾ ਜੀ ਨੇ ਕਿਹਾ ਕਿ ਆਪ ਦੇ ਕਿਤਨੇ ਪੁੱਤਰ ਹਨ ? ਸ੍ਰੀ ਗੁਰੂ ਜੀ ਨੇ ਪੰਜ ਕਹੇ। ਤਦ ਬਾਬੇ ਸ੍ਰੀ ਚੰਦ ਜੀ ਨੇ ਕਿਹਾ ਕਿ ਇਕ ਸਾਨੂੰ ਦੇਵੋ। ਸ੍ਰੀ ਸਤਿਗੁਰਾਂ 'ਪੰਜੇ ਆਪਦੇ ਹਨ' ਕਹਿ ਕੇ ਸ੍ਰੀ ਗੁਰਦਿੱਤਾ ਜੀ ਨੂੰ ਸਾਹਮਣੇ ਕੀਤਾ। ਬਾਬੇ ਸ੍ਰੀ ਚੰਦ ਜੀ ਨੇ ਗੁਰਦਿੱਤਾ ਜੀ ਨੂੰ ਆਪਣੇ ਭੇਖ ਦੀ ਸੇਲੀ ਟੋਪੀ ਅਰ ਬਾਬਾ ਪਦ ਬਖ਼ਸ ਕੇ ਆਪਣਾ ਚੇਲਾ ਕਰ ਲਿਆ। ਇਹੋ ਭੇਖ ਬਾਬਾ ਗੁਰਦਿੱਤਾ ਜੀ ਨੇ ਅੱਗੋਂ ਆਪਣੇ ਚਾਰ ਸੇਵਕਾਂ ਨੂੰ ਵੰਡ ਕੇ ਦਿੱਤਾ, ਜਿਨ੍ਹਾਂ ਦਵਾਰਾ ਚਾਰ ਧੂਣੇ ਪ੍ਰਸਿੱਧ ਹੋਏ।

ਉਹਨਾਂ ਵਿੱਚੋਂ ਪਹਿਲੇ ਦਾ ਨਾਂ 'ਬਾਲੂ' ਸੀ, ਉਹ ਲਿਬਾਸ ਪਾ ਕੇ ਖਿੜ ਖਿੜਾਇ ਹੱਸਿਆ, ਤਾਂ ਬਾਬਾ ਜੀ ਨੇ 'ਬਾਲੂ ਹਸਨਾ' ਨਾਮ ਪੁਕਾਰਿਆ। ਦੂਜੇ ਦਾ ਨਾਮ 'ਆਲੂ' ਸੀ। ਇਹ ਵੀ ਬਾਣਾ ਪਾ ਕੇ ਅਹਲਾਦ (ਅਨੰਦ) ਵਿਚ ਆਇਆ ਤਾਂ ਬਾਬਾ ਜੀ ਨੇ 'ਅਲਮਸਤ' ਪ੍ਰਸਿੱਧ ਕੀਤਾ। ਤੀਜਾ 'ਫੂਲ' ਸੀ। ਇਹ ਵੀ ਬਾਣਾ ਪਾ ਕੇ ਫੂਲਿਆ, ਤਾਂ ਸ੍ਰੀ ਬਾਬਾ ਜੀ ਨੇ 'ਫੂਲ ਸਾਹਿਬ' ਮਸ਼ਹੂਰ ਕੀਤਾ। ਚੌਥੇ ਦਾ ਨਾਮ 'ਗੌਂਦਾ' ਸੀ। ਇਹ ਵੀ ਬਾਣਾ ਲੈ ਕੇ ਗੁਟਕਿਆ ਤਾਂ ਬਾਬਾ ਜੀ ਨੇ 'ਗੋਇੰਦ ਸਾਹਿਬ' ਕਹਿ ਕੇ ਸਤਿਕਾਰ ਦਿੱਤਾ।

ਇਸ ਤਰ੍ਹਾਂ ਚਾਰਾਂ ਨੂੰ ਪਦਵੀ ਤੇ ਬਾਣਾ ਦੇ ਕੇ ਚਰਣਾਮ੍ਰਿਤ ਪਿਲਾਯ ਸਤਿਨਾਮ ਮੰਤ੍ਰ ਦੇ ਕੇ ਚੇਲੇ ਬਣਾ ਲਿਆ। ਆਪਣੇ ਸਰੂਪ ਦੇ ਗਿਆਨੀ ਸੰਸਕਾਰ ਸੁੱਖਾਂ ਵੱਲੋਂ ਉਦਾਸੀਨ, ਨਿੱਜ ਪ੍ਰਭਾਵ ਨਾਲ ਕਰ ਕੇ ਆਖਿਆ। ਹੁਣ ਤੁਸੀਂ ਸ੍ਵਾਸ ਸ੍ਵਾਸ ਸਤਿਨਾਮ ਦਾ ਅਭਿਆਸ ਕਰਦੇ ਹੋਏ, ਜਪ ਤਪ ਵਿਚ ਤਿੰਨੇ ਵਿਚਰੋ। ਤੁਸੀਂ ਸੰਸਾਰ ਦੇ ਮਹਾਂਪੁਰਸ਼ ਪ੍ਰਸਿੱਧ ਹੋਵੋਗੇ। ਇਉਂ ਚਾਰੇ ਵਰਦਾਨ ਪਾਏ। ਉਦਾਸੀਨ ਹੋਏ, ਵਿਚਰਦੇ ਰਹੇ। ਇਹਨਾਂ ਦੁਆਰਾ 1693 ਬਿਕ੍ਰਮੀ ਵਿਚ ਉਦਾਸੀਨ ਸੰਪ੍ਰਦਾਇ ਪ੍ਰਸਿੱਧ ਹੋਈ। ਇਹਨਾਂ ਦੀਆਂ ਵੱਖੋ-ਵੱਖ ਚਾਰ ਸੰਪ੍ਰਦਾਵਾਂ ਨੂੰ ਚਾਰ ਧੂਣੇ ਇਸ ਮੱਤ ਵਿਚ ਬੋਲਦੇ ਹਨ।

ਗਿਆਨੀ ਗਿਆਨ ਸਿੰਘ ***ਪੰਥ ਪ੍ਰਕਾਸ਼*** ਦੇ ਪੰਨਾ 1272 ਭਾਸ਼ਾ ਵਿਭਾਗ (1987) ਵਿਚ ਚਾਰ ਧੂਣਿਆਂ ਦੀ ਆਰੰਭਤਾ ਗੁਰਦਿੱਤਾ ਜੀ ਤੋਂ ਮੰਨਦੇ ਹਨ। ਗਿਆਨੀ ਜੀ ਲਿਖਦੇ ਹਨ ਕਿ ਬਾਬਾ ਗੁਰਦਿੱਤਾ ਜੀ ਨੇ ਇਹਨਾਂ ਚਾਰ ਧੂਣਿਆਂ ਦੀ ਸਥਾਪਨਾ ਸੰਮਤ 1693 ਬਿ: ਵਿਚ ਕੀਤੀ ਤੇ ਉਹਨਾਂ ਨੂੰ ਕਿਰਮਚੀ ਚੋਲਾ ਸੇਲੀ ਟੋਪੀ ਤੇ ਜਪਮਾਲਾ ਬਖ਼ਸ਼ ਕੇ ਚਾਰ ਧੂਣਿਆਂ ਦੀ ਸੇਵਾ ਬਾਬਾ ਅਲਮਸਤ ਜੀ ਅਤੇ ਬਾਲੂ ਹਸਨਾ ਜੀ, ਫੂਲ ਜੀ ਅਤੇ ਗੋਇੰਦ ਜੀ ਨੂੰ ਬਖ਼ਸ਼ੀ :

ਬਾਲੂ ਹਸਨਾ ਅਰ ਅਲਮਸਤ। ਫੂਲ ਸ਼ਾਹ ਗੋਇੰਦਾ ਅਸਤ।
ਇਨ ਕੋ ਸੇਲੀ ਟੋਪੀ ਚੋਲਾ। ਦਯੋ ਟਿਕੇ ਜੀ ਭੇਖ ਅਮੋਲਾ।
ਤਿਨਕੋ ਚੇਲੇ ਅਰ ਪਰਚੋਲੇ। ਭਏ ਅਗਾੜੀ ਬਢੇ ਸੁਹੇਲੇ।
ਇਨ ਚਾਰੋਂ ਕੇ ਚਾਰੋਂ ਧੂਣੇ। ਪਰਗਟ ਨਾਮ ਜਗਤ ਪਰ ਹੂਏ।...
ਸੋਲਾਂ ਸੈ ਤਿਰਾਨਵੇਂ ਮਾਹੇ। ਗਾਥ ਭਈ ਇਹੁ ਭੇਖ ਚਲੀ ਹੈ।
ਰੰਗ ਮੰਜੀਠ ਕਿਰਮਚੀ ਚੋਲਾ। ਸਿਰ ਪਰ ਦਲਕੀ ਤਾਜ ਅਮੋਲਾ।
ਗਰ ਮੈ ਸੇਲੀ ਤੈ ਉਨ ਮਾਲਾ। ਝੋਲੀ ਤੂੰਬੀ ਆਸਣ ਕਾਲਾ।
ਦਾੜ੍ਹੀ ਕੇਸ ਵੇਸ ਸਭ ਰਖਤੇ। ਨਿਸ ਦਿਨ ਨਾਮਾ ਅੰਮ੍ਰਿਤ ਰਸ ਚਖਤੇ।
ਚੇਲਾ ਜਿਸ ਕੋ ਜਬੇ ਬਨਾਤੇ। ਜੋਰ ਜਰ ਧਰ ਤਯਾਰ ਦਿਢਾਤੇ।
ਚਰਨ ਧੋਇ ਵਿਚ ਮਿਠਾ ਪਾਇ। ਪੜ ਜਪੁ ਪੌੜੀ ਦੇਤ ਪਿਲਾਇ।
ਨਾਮ ਦਾਨ ਇਸ਼ਨਾਨ ਦਿਢੰਡੇ। ਜਪ ਤਪ ਮੈ ਲਗ ਸਿਧ ਭਵੰਤੇ।
ਬਿਨ ਗੁਰ ਹਰਿ ਨਹਿ ਔਰੈਂ ਭਜਤੇ। ਦੇਵੀ ਦੇਵ ਸਿਲਾ ਨਹਿ ਜਜਤੇ।
ਮਾਸ ਸ਼ਰਾਬ ਤਮਾਕੂ ਭੰਗ। ਐਸੀ ਵਸਤੂ ਨ ਛੋਤੇ ਅੰਗ॥੭॥ *(ਪੰਨਾ 1272)*

ਇਹਨਾਂ ਚਾਰ ਧੂਣਿਆਂ ਦੇ ਮੋਢੀ ਮਹਾਤਮਾਵਾਂ ਦੇ ਹਸਬ, ਨਸਬ ਉਦਾਸੀ ਸੰਤ ਬਾਬਾ ਕਾਸ਼ੀ ਰਾਮ ਨੇ ਇਸ ਤਰ੍ਹਾਂ ਬਿਆਨ ਕੀਤੇ ਹਨ :

ਸਨਕਾਦਿਕ ਚਾਰੋਂ ਅਵਤਾਰਾ।
ਸ੍ਰੀ ਨਗਰ ਕਸ਼ਮੀਰ ਮੇਂ ਧਾਰਾ॥
ਸ੍ਰੀ 'ਅਲਮਸਤ' ਔ ਬਾਲੂ ਹਸਨਾ।
ਗੌੜ ਬਿਪ੍ਰ ਸੁਤ ਜਾਨੋਂ ਜਸਨਾਂ॥
ਪਿਤਾ ਨਾਮ ਹਰਦੱਤ ਕਹਾਯੋ।
ਮਾਤਾ ਨਾਮ 'ਪ੍ਰਭਾ' ਅਸ ਭਾਯੋ॥
'ਗੋਇੰਦ' 'ਫੂਲ' ਖਤ੍ਰੀ-ਸੁਤ ਜਾਨੋਂ।
'ਸ੍ਰੀ ਨਗਰ' ਕੇ ਸ਼ਾਹੁ ਬਖਾਨੋਂ॥
ਪਿਤਾ ਨਾਮ 'ਜੈਦੇਵ' ਕਹਾਯੋ।
ਮਾਤਾ ਨਾਮ 'ਸੁਭੱਦ੍ਰਾ' ਭਾਯੋ॥
ਚਾਰ ਸੰਪ੍ਰਦਾ ਇਨ ਕੀ ਚਾਲੀ।
ਚਾਰ ਜੁਗ ਕੀ ਕਥਾ ਨਿਰਾਲੀ॥
'ਕਾਸ਼ੀ ਰਾਮ' ਕਹੈ ਕਰ ਜੋਰੀ।
ਪੁਰਵੋ ਗੁਰ ਅਭਿਲਾਖਾ ਮੋਰੀ॥ *(ਗੁਰੂ ਉਦਾਸੀਨ ਮਤ ਦਰਪਣ, ਪੰਨਾ 14)*

1. ਪਹਿਲਾ ਧੂਣਾ ਬਾਬਾ ਅਲਮਸਤ ਜੀ

ਬਾਬਾ ਅਲਮਸਤ ਜੀ ਦਾ ਜਨਮ ਸ੍ਰੀਨਗਰ (ਕਸ਼ਮੀਰ) ਵਾਸੀ ਗੌੜ ਬ੍ਰਾਹਮਣ ਭਾਈ ਹਰਦੱਤ ਦੇ ਘਰ ਪ੍ਰਭਾ ਨਾਮੇ ਮਾਤਾ ਦੀ ਕੁੱਖੋਂ 27 ਅੱਸੂ ਕੱਤਕ ਵਦੀ ਪੰਚਮੀ ਸੰਮਤ 1610 ਬਿਕ੍ਰਮੀ ਮੰਗਲਵਾਰ ਨੂੰ ਹੋਇਆ। ਨਾਮ 'ਆਲੂ' ਰੱਖਿਆ ਗਿਆ ਸੀ। ਅਰਬੀ ਸ਼ਬਦ ਆਲਾ ਤੋਂ ਆਲੂ—ਬਹੁਤ ਉੱਚਾ। ਕਸ਼ਮੀਰ ਵਿਚ ਨਿਰੰਕਾਰੀ ਧਰਮ ਦਾ ਬੀਜ ਸਤਿਗੁਰੂ ਨਾਨਕ ਦੇਵ ਜੀ ਨੇ ਬੀਜੀਆ ਸੀ। ਬਾਲਪਣ ਤੋਂ ਹੀ ਬਾਬਾ ਆਲੂ ਜੀ ਦੀ ਰੁੱਚੀ ਧਰਮ ਵੱਲ ਵਧੇਰੇ ਸੀ। ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਗੁਰਮੁਖ ਸਿੱਖਾਂ ਨੂੰ ਆਮ ਲੋਕੀਂ 'ਗਿਆਨੀ' ਸੱਦਦੇ ਸਨ। ਚੁਨਾਂਚਿ ਛੇਵੇਂ ਪਾਤਸ਼ਾਹ ਦੇ ਸਮੇਂ ਕਸ਼ਮੀਰ ਵਿਚ ਭਾਈ ਰਣੀਆ (ਬ੍ਰਾਹਮਣ) ਪ੍ਰਸਿੱਧ 'ਗਿਆਨੀ' ਸੀ। ਜਿਸ ਦੇ ਦਰਸ਼ਨ ਕਰਕੇ ਸੰਤ ਬਹਿਰਾਮ ਨੇ ਆਪਣੀ ਕਿਤਾਬ *ਦਬਿਸਤਾਨਿ ਮਜ਼ਾਹਿਬ* ਵਿਚ ਮਹਿਮਾ ਕਥੀ ਹੈ। ਕਿਸ਼ੋਰ ਅਵਸਥਾ ਲੰਘ ਕੇ ਆਲੂ ਜੀ ਨੂੰ ਪ੍ਰਭੂ ਪ੍ਰਾਪਤੀ ਦੀ ਜਗਿਆਸਾ ਜਾਗੀ ਤਾਂ ਸੰਤਾਂ-ਫ਼ਕੀਰਾਂ ਦੀ ਸੰਗਤ ਕਰਨ ਲੱਗਾ। ਸੁਣਦਿਆਂ ਸੁਣਾਉਂਦਿਆਂ ਕਿਸੇ ਨਾਨਕ ਸ਼ਾਹੀ ਫ਼ਕੀਰਾਂ ਦੀ ਸੰਗਤ ਕਰਨ ਲੱਗ ਪਿਆ। ਇਸੇ ਤਰ੍ਹਾਂ ਨਾਨਕ ਸ਼ਾਹੀ ਸਿੱਖ ਨਾਲ ਮੇਲ ਹੋ ਗਿਆ। ਉਸ ਨੇ 'ਸਤਿਗੁਰੂ' ਦੀ ਲੋੜ ਪ੍ਰਤੀਤ ਕਰਵਾਈ ਅਰ 'ਸਤਿਗੁਰ ਨਾਨਕ' ਵੱਲ ਬਾਬਾ ਆਲੂ ਜੀ ਦਾ ਰੁਖ਼ ਮੋੜ ਦਿੱਤਾ। ਫਿਰ ਬਾਬਾ ਆਲੂ ਜੀ ਸਤਿਗੁਰੂ ਨਾਨਕ ਦੇਵ ਜੀ ਦਾ ਟਿਕਾਣਾ ਲੱਭਣ ਲਈ ਤੁਰ ਪਏ। ਪੁੱਛਦੇ ਪੁਛਾਉਂਦੇ ਜੇਠ ਮਹੀਨੇ ਰਾਵੀ ਕੰਢੇ ਕਰਤਾਰਪੁਰ ਪਹੁੰਚੇ।[1] ਲੋਕਾਂ ਦੱਸਿਆ ਕਿ ਬਾਬਾ ਨਾਨਕ ਸਾਹਿਬ ਜੀ ਤਾਂ ਜੋਤੀ ਜੋਤਿ ਸਮਾ ਕੇ ਆਪਣੀ ਜੋਤਿ ਹੋਰ ਸਰੀਰ ਵਿਚ ਜਗਾ ਕੇ (ਗੁਰੂ ਅੰਗਦ ਦੇਵ ਜੀ) ਵਿਚ ਟਿਕਾ ਕੇ ਪ੍ਰਭੂ ਪਾਸ ਜੀ ਬਿਰਾਜੇ ਹਨ। ਹੁਣ ਤਾਂ ਉਹਨਾਂ ਦੀ ਥਾਂ ਸਤਿਨਾਮ ਦਾ ਸੰਦੇਸ਼ ਉਹਨਾਂ ਦੇ ਵੱਡੇ ਸਪੁੱਤਰ ਸ੍ਰੀ ਚੰਦ ਜੀ ਦੇ ਰਹੇ ਹਨ। ਆਲੂ ਜੇਠ ਵਦੀ ਏਕਮ ਨੂੰ ਬਾਬਾ ਸ੍ਰੀ ਚੰਦ ਦੀ ਸੇਵਾ ਵਿਚ ਹਾਜ਼ਰ ਹੋਇਆ। ਉਨ੍ਹਾਂ ਨੇ ਆਪਣੇ ਬਣਾਏ 'ਬਾਬਾਣੇ ਦੇਹੁਰੇ' ਦੀ ਸੇਵਾ ਕਰਨ ਲਗਾ ਦਿੱਤਾ। 'ਆਲੂ' ਜੀ ਨੇ ਕੁਝ ਬੱਕਰੀਆਂ ਖ਼ਰੀਦ ਲਈਆਂ ਤੇ ਉਹਨਾਂ ਦੀ ਪਾਲਣ ਚਾਰਨ ਦਾ ਸ਼ੁਗਲ ਬਣਾ ਕੇ ਜੰਗਲਾਂ ਬੇਲਿਆਂ ਵਿਚ ਗੁਰੂ ਨਾਨਕ ! ਗੁਰੂ ਨਾਨਕ !! ਰਟਦਾ ਬਉਰਿਆਂ ਵਾਂਙ ਫਿਰਨ ਲੱਗਾ। ਦੁੱਧ ਸਾਧਾਂ-ਫ਼ਕੀਰਾਂ ਨੂੰ ਪਿਲਾ ਛੱਡਿਆ ਕਰੇ ਜਾਂ ਫਿਰ ਕਰਤਾਰਪੁਰ ਚੱਲ ਰਹੇ ਗੁਰੂ ਕੇ ਲੰਗਰ ਵਿਚ ਪਾ ਛੱਡਿਆ ਕਰੇ। ਉਦੋਂ ਲੋਕੀਂ ਇਸ ਨੂੰ ਮਸਤ ਆਖ ਕੇ ਬੁਲਾਉਣ ਲੱਗ ਪਏ। ਕਹਿੰਦੇ ਹਨ ਕਿ ਇਸ ਨਾਮ ਰੰਗ ਵਿਚ ਮਸਤ ਗੱਭਰੂ ਨੇ ਸਤਿਗੁਰੂ ਨਾਨਕ ਪ੍ਰਤੱਖ ਦਰਸ਼ਨ ਦੇਣ ਲਈ ਰਾਜ਼ੀ ਕਰ ਲਿਆ। ਜੰਗਲ ਵਿਚ ਬੱਕਰੀਆਂ ਚਾਰਦਿਆਂ ਹੀ ਭਗਤ ਵੱਛਲ ਬਾਬਾ ਜੀ ਨੇ ਦਰਸ਼ਨ ਦਿੱਤੇ। ਆਲੂ ਜੀ ਨੇ ਚਰਨੀਂ ਲੱਗ ਜਨਮ ਸਫਲ ਕੀਤਾ ਅਰ ਬੱਕਰੀ ਚੋਅ ਕੇ ਦੁੱਧ ਭੇਂਟ ਚੜ੍ਹਾਇਆ। ਸਤਿਗੁਰਾ ਨੇ ਉਸ ਬਾਵਰੇ ਦੇ ਪ੍ਰੇਮ ਤੇ ਘਾਲ 'ਤੇ ਰੀਝ ਕੇ 'ਅਲਮਸਤ' ਖ਼ਿਤਾਬ ਬਖ਼ਸ਼ਿਆ। ਤਰੁੱਠੇ ਨਿਰੰਕਾਰੀ ਬਾਬੇ ਨੇ ਤਿੰਨ ਵਾਰੀ

---

1. *ਗੁਰੂ ਉਦਾਸੀਨ ਮਤ ਦਰਪਣ*, ਪੰਨਾ 517.

ਆਖਿਆ, "ਅਲਮਸਤਾ! ਕੁਝ ਮੰਗ।" ਇਸ ਨੇ ਤਿੰਨੇ ਵਾਰੀ "ਇਹੋ ਨਿਰੰਕਾਰੀ ਦੀਦਾਰ ਦੇਂਦੇ ਰਹੋ" ਦੀ ਜਾਚਨਾ ਕੀਤੀ। ਕਿਸੇ ਮਿਥਿਆ ਪਦਾਰਥ ਦੀ ਲਾਲਸਾ ਨਹੀਂ ਵਿਖਾਈ। ਸਾਹਿਬਾਂ ਛੇਵੇਂ ਜਾਮੇ ਖੁੱਲ੍ਹੇ ਦਰਸ਼ਨ ਦੇਣ ਦਾ ਵਾਅਦਾ ਫ਼ੁਰਮਾਇਆ ਤੇ "ਮਨ ਸੰਤੋਖ ਸਰਬ ਜੀਆ ਦਇਆ" ਦਾ ਉਪਦੇਸ਼ ਦੇ ਕੇ ਅਲਮਸਤ ਜੀ ਦਾ ਵਰਤ ਸੰਪੂਰਨ ਕੀਤਾ।

ਫਿਰ ਜਦੋਂ ਛੇਵੇਂ ਜਾਮਾ ਬਦਲਣ ਦਾ ਸਮਾਂ ਨੇੜੇ ਆਇਆ ਤਾਂ ਭਾਈ ਅਲਮਸਤ ਜੀ ਸੰਮਤ ਸੋਲ੍ਹਾਂ ਸੈ ਇਕਾਹਠ ਵਿਚ ਰਮਦਾਸਪੁਰ ਅਪੜੇ। ਪੰਜਵੇਂ ਜੋਤਿ ਜਾਮੇ ਤੇ ਬਾਲ ਗੋਪਾਲ ਹਰਿਗੋਬਿੰਦ ਜੀ ਦੇ ਦੀਦਾਰ ਕੀਤੇ। ਇਥੋਂ ਹੀ ਸਤਿਗੁਰੂ ਨਾਨਕ ਦੇ ਚਰਨ ਕੰਵਲਾਂ ਦੀ ਛੂਹ ਨਾਲ ਪਾਵਨ ਪਵਿੱਤਰ ਹੋਏ ਗੁਰ ਤੀਰਥ ਪਰਸਣ ਦੀ ਆਗਿਆ ਲੈ ਕੇ ਪੂਰਬ ਭਾਰਤ ਵੱਲ ਤੁਰ ਗਏ। ਅਰੁ ਸਤਿਗੁਰੂ ਨਾਨਕ ਦੇ ਪ੍ਰੇਮ ਰਸ ਦੀ ਖ਼ੁਮਾਰੀ ਵਿਚ ਲਟਬੌਰਾ ਹੋਇਆ ਅਲਮਸਤ, ਤਟ ਤੀਰਥਾਂ ਪੁਰ ਭਉਂਦਾ ਫਿਰਦਾ ਰਿਹਾ।

ਤਵਾਰੀਖ਼ ਗੁਰੂ ਖ਼ਾਲਸਾ ਅਨੁਸਾਰ ਨਾਥ ਪੰਥ ਦੇ ਕੰਨ ਫਟੇ ਸਾਧੂਆਂ ਨੇ ਅਲਮਸਤ ਜੀ ਦੀ ਉਪਸਥਿਤੀ ਵਿਚ ਨਾਨਕਮਤੇ 'ਤੇ ਕਬਜ਼ਾ ਕਰ ਲਿਆ ਸੀ। ਉਥੇ ਸਥਿਤ ਪਿੱਪਲ ਦੇ ਵੱਡੇ ਦਰੱਖ਼ਤ ਨੂੰ ਵੀ ਅਗਨ ਭੇਟ ਕਰ ਦਿੱਤਾ ਸੀ। ਬਾਬਾ ਅਲਮਸਤ ਜੀ ਆਪਣੀਆਂ ਅੱਖਾਂ ਸਾਹਮਣੇ ਗੁਰੂ ਨਾਨਕ ਸਾਹਿਬ ਦੇ ਸਥਾਪਤ ਕੀਤੇ ਸਥਾਨ ਦੀ ਬੇਅਦਬੀ ਨੂੰ ਨਾ ਸਹਾਰਦੇ ਹੋਏ ਅੰਤਰ-ਧਿਆਨ ਸਮਾਧੀ ਵਿਚ ਲੀਨ ਹੋ ਗਏ, ਆਪਣੇ ਮਨ ਮੰਦਰ ਉਸ ਸਮੇਂ ਗੁਰ-ਗੱਦੀ 'ਤੇ ਬਿਰਾਜਮਾਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਧਿਆਨ ਧਰ ਕੇ ਸਮਾਧੀ ਸਥਿਤ ਹੋ ਗਏ।

ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਮਾਲਵੇ ਤੋਂ ਜੰਗ ਜਿੱਤ ਕੇ ਕੀਰਤਪੁਰ ਪਹੁੰਚੇ ਸਨ ਕਿ ਫੇਰ ਗੁਰੂ ਸਾਹਿਬ ਨੇ ਕਮਰਕੱਸੇ ਕੱਸ ਲਏ ਤੇ ਘੋੜੇ 'ਤੇ ਸਵਾਰ ਹੋ ਕੇ ਸ਼ਸਤਰਧਾਰੀ ਸਿੱਖਾਂ ਦੇ ਜਥੇ ਨਾਲ ਨਾਨਕਮਤੇ ਵੱਲ ਚੜ੍ਹਾਈਆਂ ਕਰ ਦਿੱਤੀਆਂ। ਰਸਤੇ ਵਿਚ ਗੁਰੂ ਜੀ ਹਰਿਦੁਆਰ ਬਿਸ਼ਰਾਮ ਕਰ ਕੇ ਗੰਗਾ ਪਾਰ ਕਰ ਕੇ ਫੇਰ ਅਲਕ ਨੰਦਾ ਨਦੀ ਪਾਰ ਕਰਦੇ ਹੋਏ ਪਹਾੜੀ ਰਸਤਿਆਂ ਵਿੱਚੋਂ ਹੁੰਦੇ ਹੋਏ ਨਾਨਕ ਮਤੇ ਬਾਬਾ ਅਲਮਸਤ ਜੀ ਨੂੰ ਆਣ ਦੀਦਾਰ ਬਖ਼ਸ਼ੇ। ਬਾਬਾ ਅਲਮਸਤ ਜੀ ਨੇ ਉਹ ਸਾਰੇ ਸਥਾਨ ਤੇ ਪਿੱਪਲ ਦੇ ਦਰਸ਼ਨ ਕਰਵਾਏ, ਜੋ ਕੰਨ ਪਾਟੇ ਜੋਗੀਆਂ ਨੇ ਅਗਨ ਭੇਟ ਕਰ ਦਿੱਤਾ ਸੀ।

ਸਤਿਗੁਰਾਂ ਨੇ ਬਾਬਾ ਜੀ ਨੂੰ ਧਰਵਾਸ ਦਿੱਤਾ ਕਿ ਆਪ ਜੀ ਦੇ ਸਾਰੇ ਮਨੋਰਥ ਪੂਰੇ ਹੋਣਗੇ, ਤੁਸੀਂ ਚਿੰਤਾ ਨਾ ਕਰੋ। ਸਤਿਗੁਰਾਂ ਦਾ ਆਉਣਾ ਸੁਣ ਕੇ ਜੋਗੀ ਕੰਨ ਲਪੇਟ ਕੇ ਉਥੋਂ ਨੱਸ ਗਏ। ਆਲੇ-ਦੁਆਲੇ ਪਿੰਡਾਂ ਤੋਂ ਗੁਰੂ ਜੀ ਦੀ ਅਤੇ ਉਹਨਾਂ ਦੇ ਨਾਲ ਗਏ ਸਿੱਖ ਸਿਪਾਹੀਆਂ ਦੀ ਆਉ-ਭਗਤ ਲਈ ਲੰਗਰ ਤਿਆਰ ਹੋਣ ਲੱਗ ਪਏ। ਸਤਿਗੁਰੂ ਜੀ ਨੇ ਬਾਬਾ ਅਲਮਸਤ ਜੀ ਨੂੰ ਕਿਹਾ ਕਿ ਆਪ ਬਾਬਾ ਨਾਨਕ ਜੀ ਦਾ ਧਿਆਨ ਧਰੋ, ਫੇਰ ਉਹੀ ਰੰਗ ਬਣ ਜਾਵੇਗਾ। ਪਿੱਪਲ ਵੀ ਮੁੜ ਹਰਿਆ-ਭਰਿਆ ਹੋ ਜਾਵੇਗਾ।

ਸਤਿਗੁਰੂ ਜੀ ਨੇ ਉਥੇ ਹੀ ਦਰੀਆਂ ਵਿਛਾ ਕੇ ਦੀਵਾਨ ਸਜਾ ਦਿੱਤਾ ਤੇ ਪਹਿਲਾਂ

ਪਿੱਪਲ ਵੱਲ ਦਇਆ ਦ੍ਰਿਸ਼ਟੀ ਕੀਤੀ। ਜਲ ਮੰਗਵਾਇਆ ਤੇ ਕੇਸਰ ਘੋਲ ਕੇ ਕੇਸਰ ਦੇ ਛਿੱਟੇ ਸਤਿਨਾਮ ਕਹਿ ਕੇ ਪਿੱਪਲ 'ਤੇ ਛਿੜਕੇ। ਉਸ ਵੇਲੇ ਪਿੱਪਲ ਦੇ ਮੁੱਢ 'ਚੋਂ ਹਰੀ-ਭਰੀ ਲਗਰ ਇਉਂ ਨਿਕਲੀ, ਜਿਵੇਂ ਵਰਮੀ ਵਿੱਚੋਂ ਨਾਗ ਨਿਕਲਦਾ ਹੈ। ਜਿਉਂ ਜਿਉਂ ਸਤਿਗੁਰੂ ਜੀ ਸਤਿਨਾਮ ਵਾਹਿਗੁਰੂ ਕਹਿ ਕੇ ਜਲ ਛਿੜਕਦੇ ਗਏ, ਪਿੱਪਲ ਹਰਿਆ-ਭਰਿਆ ਹੁੰਦਾ ਗਿਆ।

ਦੂਸਰੇ ਪਾਸੇ ਜੋਗੀ ਆਪਣੇ ਵੱਡੇ ਮਹੰਤ ਨੂੰ ਲੈ ਕੇ ਆਏ ਤੇ ਲੱਗੇ ਸਤਿਗੁਰੂ ਜੀ ਨੂੰ ਤੇ ਸੰਗਤਾਂ ਨੂੰ ਧਮਕਾਉਣ ਕਿ ਅਸੀਂ ਕਰਾਮਾਤੀ ਸ਼ਕਤੀਆਂ ਨਾਲ ਤੁਹਾਡਾ ਨੁਕਸਾਨ ਕਰ ਦਿਆਂਗੇ। ਸਤਿਗੁਰਾਂ ਨਾਲ ਬਚਨ-ਬਿਲਾਸ ਕਰਦਿਆਂ ਜੋਗੀ ਭੜਕ ਉੱਠੇ। ਲੱਗੇ ਉੱਡ ਉੱਡ ਕੇ ਅਜ਼ਮਤਾਂ ਦਿਖਾਉਣ। ਅਸਮਾਨੋਂ ਪੱਥਰਾਂ ਦੀ ਵਰਖਾ ਕਰਨ, ਧੂੜ ਕੰਕਰਾਂ ਦੀ ਹਨ੍ਹੇਰੀ ਮਚਾ ਦਿੱਤੀ। ਬਿਜਲੀਆਂ ਚਮਕਣ, ਗੜੇ ਵਰਸਾਉਣ, ਹੋਰ ਵੀ ਧਮਕੀਆਂ ਦੇਣ ਕਿ ਸਾਡੀ ਗੱਲ ਨਹੀਂ ਮੰਨੀ, ਹੁਣ ਦੇਖੋ ਤੁਹਾਡੇ ਕਿਵੇਂ ਵਿਨਾਸ਼ ਕਰਾਂਗੇ।

ਸਤਿਗੁਰੂ ਹਰਿਗੋਬਿੰਦ ਸਾਹਿਬ ਜਾਣਦੇ ਸਨ ਕਿ ਇਹਨਾਂ ਨੇ ਪਹਿਲਾਂ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਅੱਚਲ ਵਟਾਲੇ ਅਜਿਹੇ ਕੌਤਕ ਬਹੁਤ ਕੀਤੇ ਸਨ। ਪਰ ਅੰਤ ਨੂੰ ਗੁਰੂ ਸਾਹਿਬ ਦੇ ਚਰਨਾਂ 'ਤੇ ਢਹਿ ਪਏ ਸਨ।

ਸਿੱਧਾਂ ਨੇ ਬਹੁਤ ਖਰੂਦ ਮਚਾਇਆ, ਪਰ ਸਤਿਗੁਰਾਂ ਦੇ ਡੇਰੇ ਤੋਂ ਬਾਹਰ। ਸਤਿਗੁਰੂ ਜੀ ਦੇ ਤੇਜ ਪ੍ਰਤਾਪ ਅੱਗੇ ਉਹਨਾਂ ਦੇ ਨੇੜੇ ਨਾ ਆਉਣ। ਜਦੋਂ ਨੇੜੇ ਆਉਂਦੇ ਸਨ ਤਾਂ ਇਸ ਤਰ੍ਹਾਂ ਸੇਕ ਮਾਰਦਾ ਸੀ ਕਿ ਤਨ ਸੜਦਾ ਹੋਵੇ। ਹੁਣ ਸਤਿਗੁਰਾਂ ਨੇ ਵੀ ਆਪਣਾ ਤੇਜ ਪ੍ਰਤਾਪ ਦਿਖਾਇਆ। ਸਿੱਧ ਜਿਧਰ ਵੀ ਜਾਂਦੇ, ਉਧਰ ਸਤਿਗੁਰੂ ਜੀ ਦਾ ਤੇਜ ਪ੍ਰਤਾਪ ਉਹਨਾਂ ਨੂੰ ਦੋਜ਼ਖ਼ ਦੀ ਅੱਗ ਵਾਂਗ ਜਾਲਦਾ ਪ੍ਰਤੀਤ ਹੁੰਦਾ। ਅਖ਼ੀਰ 'ਤੇ ਹਾਰ ਕੇ ਨੱਸ ਗਏ ਤੇ ਆਪਣੇ ਵੱਡੇ ਮਹੰਤ ਪਾਸ ਪਹੁੰਚੇ। ਮਹੰਤ ਨੇ ਹਾਰਨ ਦੀ ਸਾਰੀ ਵਾਰਤਾ ਸੁਣੀ ਤਾਂ ਉਹਨਾਂ ਨੂੰ ਲਾਹਨਤਾਂ ਪਾਈਆਂ। *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਵਿਚ ਭਾਈ ਸੰਤੋਖ ਸਿੰਘ ਜੀ ਨੇ ਬਹੁਤ ਸੁੰਦਰ ਲਿਖਿਆ ਹੈ:

> "ਸੁਣੋ, ਓਏ ਹੰਕਾਰੇ ਹੋਇ ਸਿਧੋ! ਤੁਹਾਨੂੰ ਭੁੱਲ ਗਈ ਓਹ ਮਾਰ, ਜੋ ਅਚਲ ਵਟਾਲੇ ਬਾਬੇ ਨਾਨਕ ਦੀਆਂ ਖੜਾਵਾਂ ਤੁਹਾਨੂੰ ਪਾਈ ਸੀ! ਫਿਰ ਪੱਛੋਤਾਏ ਸੋ: ਤਾਂ ਉਨ੍ਹਾਂ ਨੇ ਹੀ ਉਸ ਮਾਰ ਤੋਂ ਬਚਾਏ ਸਾਓ। ਅਸਾਂ ਤਾ ਬਈ, ਉਸ ਦਿਨ ਤੋਂ ਸੰਥਾ ਸਿੱਖ ਲਈ ਸੀ; ਤੇ ਬਾਬੇ ਕਿਆਂ ਨਾਲ ਭੜਿਕਣਾ ਛੱਡਾ ਦਿੱਤਾ ਸੀ। ਤੁਸਾਂ ਮੁੜਿ ਨਵਾਂ ਟਟਬੈਰ ਸਹੇੜ ਲਿਆ ਹੈ। ਚੰਗੀ ਸੁਥਰੀ ਹੋਣੀ ਹੈ, ਤੁਹਾਡੇ ਨਾਲਿ! ਭਲੇ ਹੋਵੋ, ਤਾਂ ਅੱਗੋਂ ਲਈ ਲਾਓ ਕੰਨਾਂ ਨੂੰ ਹੱਥ। ਫਿਰ ਕਦੀ ਬਾਬੇਕਿਆਂ ਨਾਲਿ ਬਖੇੜਾ ਨ ਕਰੋ। ਜੇ ਫਿਰ ਕੋਈ ਪੰਗਾ ਲਿਆ ਕਿਸੇ ਨੇ; ਤਾਂ ਓਹ ਸਿੱਧ ਮੰਡਲ 'ਚੋਂ ਕੱਢ ਦਿੱਤਾ ਜਾਵੇਗਾ।"
>
> *(ਰਾਸਿ 5, ਅੰਸੂ 33-35)*

ਇਸੇ ਤਰ੍ਹਾਂ *ਗੁਰਸਾਗਰ ਰਤਨ ਪ੍ਰਕਾਸ਼* (ਪੰਨਾ 150) ਵਿਚ ਲਿਖਿਆ ਮਿਲਦਾ ਹੈ ਕਿ ਆਪਣੇ ਮਹੰਤ ਪਾਸੋਂ ਝਾੜ-ਝੰਬ ਕਰਾ ਕੇ, ਕੁਝ ਅੜੀਅਲ ਸਿੱਧ, ਨੇਪਾਲ ਦੇ ਰਾਜਾ ਬਾਜ ਬਹਾਦੁਰ ਪਾਸ ਪੁਕਾਰੂ ਜਾ ਹੋਏ, ਪਰ ਉਹ ਉਨ੍ਹਾਂ ਦੀ ਸਹਾਇਤਾ ਵਾਸਤੇ

ਚੜ੍ਹ ਆਇਆ। ਲੇਕਿਨ ਨਾਨਕ ਮਤੇ ਪਹੁੰਚ ਕੇ ਜਾ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਕੰਨ ਪਾਟਿਆਂ ਦੇ ਪਾਏ ਸਾਰੇ ਭੁਲੇਖੇ ਦੂਰ ਹੋ ਗਏ। ਸੱਚੇ ਪਾਤਿਸ਼ਾਹ ਦੇ ਚਰਨੀਂ ਢਹਿ ਪਿਆ ਅਤੇ ਭੁਲੇਖੇ ਵਿਚ ਹੋਈ ਗੁਸਤਾਖ਼ੀ ਬਦਲੇ ਖਿਮਾ ਮੰਗੀ। ਸਰਕਾਰੀ ਤੌਰ ਪੁਰ ਇਹ ਗੁਰੂਧਾਮ ਭਾਈ ਅਲਮਸਤ ਜੀ ਦੇ ਪ੍ਰਬੰਧ ਵਿਚ ਪ੍ਰਵਾਨ ਕਰ ਲਿਆ। ਸਗੋਂ ਗੁਰੂ ਸਥਾਨ ਦੀ ਸੇਵਾ ਤੇ ਲੰਗਰ ਆਦਿ ਵਾਸਤੇ ਚਾਰ ਪਿੰਡ ਜਗੀਰ ਵਜੋਂ ਭੇਟ ਕੀਤੇ।

ਗੁਰਬਿਲਾਸ ਪਾਤਸ਼ਾਹੀ ੬ ਵਿਚ ਭਾਈ ਸੋਹਣ ਜੀ ਲਿਖਦੇ ਹਨ:

ਦੋਹਰਾ॥ ਮਾਨ ਹਾਰ ਚਰਨੀ ਲਗੇ, ਦਯਾ ਸਿੱਧ ਕੇ ਆਇ।
ਗੁਰੁ ਨਾਨਕ ਸਮ ਰੂਪ ਦਿਖਿ, ਸਭੀ ਸਿੱਧ ਹਰਖਾਇ॥੧੪੦॥
ਪ੍ਰਸ਼ਨ ਕੀਨ: ਕਿਹ ਪੰਥ ਕਿਹ ਆਏ?
ਕਹਾਂ ਬਸੋ ਕਿਹ ਪੂਤ ਕਹਾਏ?
ਕਾ ਸਿੱਖਯਾ ਸਿੱਖਣ ਜਗ ਤਾਰੋ?
ਹੋਇ ਗੁਰ, ਹਮ ਕੋ ਪ੍ਰਗਟ ਉਚਾਰੋ॥੧੪੧॥
ਸ੍ਰੀ ਗੁਰੋਵਾਚ: ਪੰਥ ਅਕਾਲ ਹੁਕਮ ਕੇ ਆਏ।
ਅਕਾਲ-ਧਾਮ ਬਸਿ ਪੂਤ ਕਹਾਏ!
'ਸਤਿਨਾਮ' ਦੈ ਸਿਖਨ ਤਾਰੋਂ।
ਸਭੀ ਪੰਥ ਇਨ ਕੈ ਪਗ ਡਾਰੋਂ॥੧੪੨॥
ਕਹੈਂ ਸਿੱਧ: ਦਰਸ਼ਨ ਮਮ ਲੀਜੈ।
ਸਭ ਤੇ ਅਧਿਕ ਹੁਇ, ਸੁਖ ਕੀਜੈ।
ਕਹਿ ਗੁਰ: ਦਰਸ਼ਨ ਸ੍ਰੀ ਅਕਾਲ,
ਧਾਰਯੋ ਚਾਹੈ ਜਾਹਿ ਬਿਸਾਲ॥੧੪੩॥
ਦੋਹਰਾ॥ ਸਿਧ ਹੋਇ ਤੁਮ ਮਾਨ ਧਰਿ, ਸ੍ਰੀ ਗੁਰ ਗਰਭ ਪ੍ਰਹਾਰ।
ਇਹ ਬਿਧਿ ਬਹੁ ਚਰਚਾ ਭਈ, ਭਗਤ ਸਿੱਖ ਨਿਰਧਾਰ॥੧੪੪॥
ਚੌਪਈ॥ ਤਬ ਗੋਰਖ ਗੁਰ ਪਗ ਲਪਟਾਯੋ।
ਛਿਮੋ ਭੂਲ! ਅਸ ਮੁਖੋਂ ਅਲਾਯੋ।
ਸ੍ਰੀ ਮੁਖ ਕਹਾ: 'ਮਸਤ ਪਗ ਲਾਗੋ।
ਛਿਮੈ ਤੋਹਿ, ਈਰਖ ਮਦ ਤਯਾਗੋ'॥੧੪੫॥
ਮਸਤ ਚਰਨ ਸਭਿ ਹੀ ਸਿੱਧ ਪਰੇ।
ਤ੍ਰਾਹਿ! ਤ੍ਰਾਹਿ!! ਮੁੱਖ ਸੋ ਬਚ ਰਹੇ।
ਗੁਰ ਆਗਯਾ ਧਰਿ, ਮਸਤ ਛਿਮਾ ਕਰਿ।
ਕਹਿ ਗੁਰ: ਬਹੁਰਿ ਨ ਈਰਖ ਮਨ ਧਰ॥੧੪੬॥
ਦੋਹਰਾ॥ ਕਹਿ ਗੋਰਖ ਸਭ ਸਿਧ ਸੋਂ: ਅਬ ਤੇ ਈਰਖ ਤਯਾਗ।
ਯਾਹਿ ਠੌਰ ਕਰਿ ਬੰਦਨਾ; ਤਬ ਹੋਵੇ ਬਡ ਭਾਗ॥੧੪੭॥
ਚੌਪਈ॥ ਸਿੱਧ ਮਾਨ ਬਚ ਗੋਰਖ ਲੀਨੋ।
ਗੁਰ ਆਇਸ ਲੈ ਪਯਾਨਾ ਕੀਨੋ॥
ਇਹ ਬਿਧਿ ਸਭੀ ਸਿੱਧ ਜਬ ਗਏ।
'ਮਸਤ' ਭਾਰਿ ਮਨਿ ਆਨੰਦ ਭਏ॥੧੪੮॥

ਉਸ ਦਿਨ ਤੋਂ ਬਾਅਦ ਮੁੜ ਕਦੇ ਕੋਈ ਸਿੱਧ, ਨਾਥ ਜਾਂ ਜੋਗੀ ਗੁਰੂ ਕਿਆਂ ਨਾਲ ਨਹੀਂ ਅੜਿਆ। ਕਈ ਤਾਂ ਦੇਸ਼ ਛੱਡ ਗਏ। ਕਈ ਸਮੇਰ ਪਰਬਤ 'ਤੇ ਜਾ ਚੜ੍ਹੇ। ਸਤਿਗੁਰਾਂ ਜੀ ਨੇ ਬਾਬਾ ਅਲਮਸਤ ਜੀ ਨੂੰ ਕਿਹਾ ਕਿ ਹੁਣ ਸਾਰੇ ਵਿਘਨ ਟਲ ਗਏ ਹਨ। ਭਵਿੱਖ ਵਿਚ ਅਜਿਹਾ ਕਦੇ ਨਹੀਂ ਹੋਣਾ। ਹੁਣ ਇਹ ਅਸਥਾਨ 'ਨਾਨਕ ਮਤਾ' ਅਚੱਲ ਹੋ ਗਿਆ ਹੈ।

ਸਤਿਗੁਰੂ ਜੀ ਉਥੇ ਲਗਪਗ ਇਕ ਮਹੀਨਾ ਟਿਕੇ ਰਹੇ। ਬਹੁਤ ਨਾਮੀ-ਗਰਾਮੀ ਤੇ ਧਨਾਢ ਸਿੱਖ ਉਥੇ ਦਰਸ਼ਨ ਕਰਦੇ ਰਹੇ। ਸੇਵਾ ਵਿਚ ਹਾਜ਼ਰ ਹੁੰਦੇ ਰਹੇ। ਉਥੋਂ ਗੁਰੂ ਜੀ ਸੰਗਤ ਸੋਲ੍ਹਾਂ ਸੌ ਸੱਤਰ ਦਾ ਹਾੜ ਮਹੀਨਾ ਨਾਨਕ ਮਤੇ ਬਿਰਾਜ ਕੇ ਚੜ੍ਹਦੇ ਸਾਵਣ ਉਥੋਂ ਮੁੜੇ। ਬਾਬਾ ਅਲਮਸਤ ਜੀ ਸੰਮਤ ਸੋਲ੍ਹਾਂ ਸੌ ਤਿਹੱਤਰ ਦੇ ਜੇਠ ਤਕ ਤਿੰਨ ਸਾਲ ਸੇਵਾ ਨਿਭਾਉਂਦੇ ਰਹੇ।

ਛੇਵੇਂ ਪਾਤਸ਼ਾਹ ਨੇ ਆਦਿ ਗੁਰੂ ਨਾਨਕ ਜੀ ਦੇ ਚਰਨ ਪਰਸ ਨਾਲ ਪਾਵਨ ਹੋਏ ਗੁਰ ਤੀਰਥਾਂ ਦੀ ਸੇਵਾ-ਸੰਭਾਲ ਬਹਾਲ ਰੱਖਣ ਤੇ ਹੋਰਨਾਂ ਮੱਤਾਂ ਦੇ ਸਾਧੂ-ਫ਼ਕੀਰਾਂ ਨੂੰ ਨਿਰੰਕਾਰੀ ਧਰਮ ਦਾ ਉਪਦੇਸ਼ ਕਰਨ ਦੀ ਲੋੜ ਮਹਿਸੂਸ ਕਰ ਕੇ 'ਉਦਾਸੀ ਸੰਪ੍ਰਦਾ' ਨਵੇਂ ਸਿਰੇ ਚਾਲੂ ਕਰਨ ਦਾ ਫ਼ੈਸਲਾ ਕੀਤਾ। ਅਰ ਸਭ ਤੋਂ ਪਹਿਲਾਂ ਬਾਬਾ ਅਲਮਸਤ ਜੀ ਨੂੰ ਉਦਾਸੀ ਭੇਖ (ਹੁਰਮਜੀ ਵਸਤਰ ਤੇ ਜਪਮਾਲਾ ਆਦਿ) ਬਖ਼ਸ਼ ਕੇ, ਸੰਮਤ ਸੋਲ੍ਹਾਂ ਸੈ ਇਕਾਨਵੇਂ ਦੇ ਜੇਠ ਹਾੜ ਵਿਚ ਗੁਰ ਤੀਰਥ 'ਨਾਨਕ ਮਤੇ' ਦੀ ਸੇਵਾ-ਸੰਭਾਲ ਵਾਸਤੇ ਟਿਕਾਇਆ ਸੀ। ਬਾਬਾ ਜੀ ਗੁਰ ਆਗਿਆ ਪੁਰ ਕੁਝ ਸਮਾਂ ਉਥੇ ਹੀ ਭਜਨ ਬੰਦਗੀ ਤੇ ਧਰਮ ਪ੍ਰਚਾਰ ਕਰਦੇ ਰਹੇ। ਅੰਤ ਸਰੀਰ ਤਿਆਗਣ ਦਾ ਸਮਾਂ ਢੁਕਣ ਪੁਰ ਆਪਣੇ ਸੇਵਕ ਭਾਈ ਮਖੂ ਚੰਦ ਨੂੰ ਆਪਣੀ ਥਾਂ ਨੀਯਤ ਕਰ ਕੇ *ਗੁਰਬਿਲਾਸ ਪਾਤਸ਼ਾਹੀ ੬* ਦੇ ਲੇਖ ਅਨੁਸਾਰ ਜੇਠ ਹਾੜ ਸੰਮਤ ਸੋਲ੍ਹਾਂ ਸੈ ਤਿਹੱਤਰ ਵਿਚ ਯਾ ਸਾਡੀ ਛਾਣ-ਬੀਣ ਮੁਤਾਬਕ ਸੰਮਤ ਸੋਲ੍ਹਾਂ ਸੈ ਚਉਰਾਨਵੇਂ ਵਿਚ ਆਪਣੇ ਪ੍ਰੀਤਮ ਗੁਰੂ ਨਾਨਕ ਦੇ ਚਰਨਾਂ ਵਿਖੇ ਜਾ ਬਿਰਾਜੇ। ਐਪਰ ਪੰਡਿਤ ਬ੍ਰਹਮਾ ਨੰਦ ਜੀ ਬਾਬਾ ਜੀ ਦਾ ਪਰਲੋਕ ਗਮਨ ਸੰਮਤ ਸਤਾਰਾਂ ਸੈ ਵਿਚ 20 ਜੇਠ ਸੁਦੀ ਏਕਮ ਵੀਰਵਾਰ ਨੂੰ ਹੋਇਆ ਮੰਨਦੇ ਹਨ।[2]

ਬਾਬਾ ਅਲਮਸਤ ਜੀ ਆਪਣੀ ਸਾਰੀ ਆਯੂ ਨਾਨਕ ਮਤੇ ਹੀ ਬਤੀਤ ਕੀਤੀ। ਉਥੇ ਰਹਿ ਕੇ ਗੁਰੂ ਅਸਥਾਨ ਦੀ ਸੇਵਾ-ਸੰਭਾਲ ਕੀਤੀ। ਸਿਮਰਨ, ਭਜਨ, ਬੰਦਗੀ ਗੁਰਮਤਿ ਦਾ ਪ੍ਰਚਾਰ ਕਰਨਾ ਉਹਨਾਂ ਦਾ ਜੀਵਨ ਮਨੋਰਥ ਸੀ। ਅਨੇਕਾਂ ਪ੍ਰਾਣੀਆਂ ਨੂੰ ਗੁਰਮੰਤ੍ਰ ਪਾਹੁਲ ਦੇ ਕੇ, ਗੁਰਮੁਖੀ ਅੱਖਰ ਸਿਖਾ ਕੇ ਪੜ੍ਹਾ ਕੇ ਗੁਰਬਾਣੀ ਦੇ ਨਾਲ ਜੋੜਿਆ। ਇਹਨਾਂ ਵਿੱਚੋਂ ਅੱਠ ਪ੍ਰਮੁੱਖ ਸਿੱਖ ਐਸੇ ਹੋਏ, ਜਿਨ੍ਹਾਂ ਨੇ ਸੰਸਾਰਕ ਮੋਹ ਮਾਇਆ ਤੋਂ ਉਤਾਂਹ ਉੱਠ ਕੇ ਬਾਬਾ ਅਲਮਸਤ ਜੀ ਪਾਸੋਂ 'ਉਦਾਸੀ ਭੇਖ' ਧਾਰਨ ਕਰ ਲਿਆ ਅਰ ਆਪਣੇ ਜੀਵਨ ਦਾ ਆਦਰਸ਼ ਗੁਰਮਤਿ ਜੀਵਨ ਨੂੰ ਬਣਾ ਲਿਆ :

---

2. *ਗੁਰੂ ਉਦਾਸੀਨ ਮਤ ਦਰਪਣ*, ਪੰਨਾ 517.

1. ਭਾਈ ਮੱਖੂ ਚੰਦ ਜੀ, 2. ਭਾਈ ਨੱਥਾ ਜੀ, 3. ਭਾਈ ਅਕਲਵੰਦ ਜੀ, 4. ਭਾਈ ਹਮੀਰਾ ਦਾਸ ਜੀ, 5. ਭਾਈ ਗ਼ਰੀਬ ਦਾਸ (ਵੱਡੇ), 6. ਭਾਈ ਗ਼ਰੀਬ ਦਾਸ (ਛੋਟੇ), 7. ਭਾਈ ਲਛਮਣ ਦਾਸ ਜੀ, 8. ਭਾਈ ਮੰਗੂ ਦਾਸ ਜੀ।

ਇਹਨਾਂ ਵਿੱਚੋਂ ਜੇਠੇ ਚੇਲੇ ਭਾਈ ਮੱਖੂ ਚੰਦ ਨੂੰ ਬਾਬਾ ਜੀ ਨੇ ਆਪਣੀ ਥਾਂ 'ਨਾਨਕ ਮਤੇ' ਦੀ ਸੇਵਾ-ਸੰਭਾਲ ਵਾਸਤੇ ਥਾਪਿਆ। ਅਰ ਦੂਜੇ ਗੁਰਮੁਖਾਂ ਨੂੰ ਹੋਰ ਵੱਖੋ-ਵੱਖ ਗੁਰ-ਅਸਥਾਨਾਂ ਦੀ ਸੇਵਾ-ਸੰਭਾਲ ਤੇ ਧਰਮ ਪ੍ਰਚਾਰ ਪੁਰ ਨੀਯਤ ਕੀਤਾ।

ਨਾਨਕ ਮਤੇ ਦੇ ਸੇਵਕਾਂ ਦਾ ਸਿਲਸਿਲਾ

ਭਾਈ ਮੱਖੂ ਚੰਦ ਜੀ : ਆਪ ਜੀ ਦਾ ਜਨਮ ਸੋਲ੍ਹਾਂ ਸੈ ਉਣਜਾਹ ਮਿਤੀ ਭਾਦਰੋਂ ਸੁਦੀ ਚੌਦੇਂ ਨੂੰ ਪੀਲੀਭੀਤ ਨਗਰ ਵਿਚ ਹੋਇਆ। ਸੰਮਤ ਸੋਲ੍ਹਾਂ ਸੈ ਸਤਾਨਵੇਂ (ਸੰਨ 1649 ਈ.) ਮਿਤੀ ਹਾੜ ਸੁਦੀ ਅੱਠਿਓਂ ਨੂੰ ਨਾਨਕ ਮਤੇ ਪਹੁੰਚੇ। ਬਾਬਾ ਅਲਮਸਤ ਜੀ ਦੀ ਸ਼ਰਨ ਵਿਚ ਆਏ। ਅਰੁ ਸੇਵਾ ਕਮਾਈ ਕਰਕੇ, ਬਾਬਾ ਜੀ ਦੇ ਥਾਂ ਨਾਨਕ ਮਤੇ ਦੇ ਮਹੰਤ ਨਿਯੁਕਤ ਹੋਏ। ਦਸ ਕੁ ਸਾਲ ਸੇਵਾ ਪ੍ਰਬੰਧ ਕਰ ਕੇ, ਅਰ ਅਨੇਕਾਂ ਜਗਿਆਸੂਆਂ ਨੂੰ ਸਤਿਨਾਮ ਦ੍ਰਿੜ੍ਹਾ ਕੇ ਤੇ ਗੁਰੂ ਨਾਨਕ ਦੇ ਸਿੱਖ ਸਜਾ ਕੇ ਪਰਲੋਕ ਗਮਨ ਹੋਏ। ਆਪ ਪਾਸੋਂ ਵਰੋਸਾਏ ਸਿੱਖਾਂ ਵਿੱਚੋਂ ਭਾਈ ਮਿੱਠਾ ਜੀ ਦੇ ਉਦਾਸ ਵਿਰਤੀ ਧਾਰਨ ਕਰਕੇ ਸੱਚ ਧਰਮ ਪ੍ਰਚਾਰਣ ਦਾ ਪ੍ਰਣ ਲਿਆ। ਸੋ ਇਹਨਾਂ ਨੂੰ ਆਪਣੀ ਥਾਂ ਥਾਪ ਕੇ ਆਪ ਸੰਮਤ ਸਤਰਾਂ ਸੈ ਦਸ (ਸੰਨ 1653 ਈ.) ਮਿਤੀ ਸਾਵਣ ਸੁਦੀ ਇਕਾਦਸ਼ੀ ਨੂੰ ਪ੍ਰਭੂ ਪਰ ਪਿਆਨੇ ਕਰ ਗਏ।

ਬਾਬਾ ਮਿੱਠਾ ਜੀ : ਆਪ ਜੀ ਦਾ ਜਨਮ ਵੀ ਪੀਲੀਭੀਤ ਵਿਖੇ ਸੰਮਤ ਸੋਲ੍ਹਾਂ ਸੈ ਅੱਸੀ ਯਾਨਿ ਕਿ (ਸੰਨ 1623 ਈ.) ਵਿਚ ਹੋਇਆ। ਬਾਬਾ ਮੱਖੂ ਚੰਦ ਜੀ ਦੇ ਕੋਲ ਆਪ ਜੀ ਸੰਗਤ ਸਤਰਾਂ ਸੈ ਪੰਜ ਨੂੰ ਮੱਘਰ ਸੁਦੀ ਦਸਮੀਂ ਨੂੰ ਪਧਾਰੇ। ਆਪ ਜੀ ਨੇ ਗੁਰਮੰਤ੍ਰ ਤੇ ਚਰਨਾਮ੍ਰਿਤ ਧਾਰਣ ਕਰਕੇ ਬੜੀ ਕਰਨੀ ਘਾਲਣਾ ਘਾਲੀ। ਓੜਕ ਨੂੰ ਸੰਮਤ ਸਤਾਰਾਂ ਸੈ ਦਸ ਮਿਤੀ ਸਾਵਣ ਸੁਦੀ ਦਸਮੀਂ ਨੂੰ ਗੁਰੂ ਅਸਥਾਨ ਦੇ ਮਹੰਤ ਮੁਕੱਰਰ ਹੋਏ। ਇਹਨਾਂ ਦੇ ਹੱਥੋਂ ਪੰਜ ਸਾਧੂਆਂ ਨੇ ਉਦਾਸੀ ਭੇਖ ਧਾਰਣ ਕੀਤਾ, ਜਿਨ੍ਹਾਂ ਨੇ ਅੱਗੋਂ ਧਰਮ ਪ੍ਰਚਾਰ ਦਾ ਕੰਮ ਸੁਚਾਰੂ ਰੂਪ ਵਿਚ ਚਲਾਇਆ। ਇਹਨਾਂ ਦੇ ਸ਼ੁਭ ਨਾਮ ਇਸ ਪ੍ਰਕਾਰ ਹਨ : 1. ਬਾਬਾ ਗੁਰਦਾਸ 'ਦੱਖਣੀ', 2. ਬਾਬਾ ਨੰਦ ਜੀ, 3. ਬਾਬਾ ਦਿਆਲ ਦਾਸ ਜੀ, 4. ਬਾਬਾ ਨਰਾਇਣ ਦਾਸ ਜੀ।

ਬਾਬਾ ਗੁਰਦਾਸ ਜੀ ਨੂੰ ਮਹੰਤੀ ਦੀ ਸੇਵਾ ਸੌਂਪ ਕੇ ਬਾਬਾ ਮਿੱਠਾ ਜੀ ਆਪ ਜੀ ਸੰਮਤ ਸਤਰਾਂ ਸੈ ਪੰਜਾਹ ਮਿਤੀ ਭਾਦਰੋਂ ਵੱਦੀ ਏਕਮ ਨੂੰ ਪਰਲੋਕ ਗਮਨ ਹੋ ਗਏ।

ਬਾਬਾ ਗੁਰਦਾਸ ਜੀ ਦੱਖਣੀ : ਆਪ ਜੀ ਦਾ ਜਨਮ ਸੰਮਤ ਸਤਾਰਾਂ ਸੈ ਛਿਅ (ਸੰਨ 1649 ਈ.) ਵਿਚ ਮਾਘ ਵਦੀ ਚੌਥ ਨੂੰ ਹੈਦਰਾਬਾਦ ਵਿਖੇ ਹੋਇਆ। ਇਸ ਲਈ ਆਪ ਜੀ ਦਾ ਬਚਪਨ ਜ਼ਿਆਦਾ ਕਰਕੇ ਉਥੇ ਹੀ ਬਤੀਤ ਹੋਇਆ। ਇਸ ਕਰਕੇ

ਆਪ ਜੀ 'ਦੱਖਣੀ' ਕਰਕੇ ਪ੍ਰਸਿੱਧ ਹੋ ਗਏ। ਆਪ ਜੀ ਨੇ ਸੰਮਤ ਸਤਾਰਾਂ ਸੈ ਵੀਹ ਵਿਚ ਸਾਵਣ ਵਦੀ ਪੰਚਮੀ ਨੂੰ ਨਾਨਕ ਮਤੇ ਦੇ ਮਹੰਤ ਬਾਬਾ ਮਿੱਠਾ ਜੀ ਪਾਸੋਂ ਗੁਰਮੰਤ੍ਰ ਤੇ ਚਰਨਾਮ੍ਰਿਤ ਪ੍ਰਾਪਤ ਕਰ ਕੇ ਸੇਵਾ ਘਾਲਣਾ ਆਰੰਭੀ। ਨਾਮ ਬਾਣੀ ਦਾ ਅਭਿਆਸ ਕਰ ਕੇ 'ਗੁਰਮੁੱਖ' ਪਦਵੀ ਪ੍ਰਾਪਤ ਕੀਤੀ। ਬਾਬਾ ਮਿੱਠਾ ਜੀ ਨੇ ਆਪ ਜੀ ਨੂੰ ਮਹੰਤੀ ਦੇ ਯੋਗ ਸਮਝ ਕੇ, ਭਾਦਰੋਂ ਵਦੀ ਏਕਮ ਸੰਮਤ ਸਤਾਰਾਂ ਸੈ ਪੰਜੀਹ (ਸੰਨ 1668 ਈ.) ਨੂੰ ਆਪਣੀ ਥਾਂ ਮਹੰਤ ਮੁਕੱਰਰ ਕੀਤਾ।

ਆਪ ਜੀ ਨੇ ਲਗਪਗ 52-53 ਸਾਲ ਗੁਰੂ-ਅਸਥਾਨ, ਸਾਧ-ਸੰਗਤਿ ਦੀ ਸੇਵਾ ਜੀਅ ਲਾ ਕੇ ਕੀਤੀ। ਬੇਅੰਤ ਪ੍ਰਾਣੀਆਂ ਨੂੰ ਨਾਮ ਦਾਨ ਬਖ਼ਸ਼ਿਆ, ਸਤਿਗੁਰੂ ਨਾਨਕ ਦੇਵ ਜੀ ਦੇ ਚਰਨੀਂ ਲਾਇਆ। ਆਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮਕਾਲੀ ਸਨ। ਸੰਮਤ ਸਤਾਰਾਂ ਸੈ ਪੰਚਵੰਜਾਹ (ਸੰਨ 1698 ਈ.) ਨੂੰ ਆਪ ਜੀ ਨੇ ਉਦਾਸੀ ਸਾਧੂਆਂ ਲਈ ਇਕ ਉੱਤਮ 'ਰਹਿਤ ਨਾਮਾ'—'ਮਾਤ੍ਰਾ ਉਦਾਸ ਸੰਪ੍ਰਦਾ' ਨਾਮ ਰੱਖ ਕੇ ਰਚਿਆ।

ਆਪ ਜੀ ਬੜੇ ਚੰਗੇ ਵਿਦਵਾਨ ਸਨ ਤੇ ਰਾਜਨੀਤੀ ਦੇ ਪੰਡਿਤ ਸਨ। ਆਪ ਜੀ ਦਾ ਦੇਹਾਂਤ ਸੰਮਤ ਸਤਾਰਾਂ ਸੈ ਅਠੱਤਰ ਵਿਚ ਵੈਸਾਖ ਦੀ ਪੂੰਨਿਆ ਵਾਲੇ ਦਿਨ 'ਨਾਨਕ ਮਤਾ' ਗੁਰ-ਅਸਥਾਨ ਪੁਰ ਹੋਇਆ। ਇਸ ਮਹਾਨ ਗੁਰ-ਤੀਰਥ ਦਾ ਪ੍ਰਬੰਧ ਇਸੇ ਤਰ੍ਹਾਂ ਪੀੜ੍ਹੀ-ਦਰ-ਪੀੜ੍ਹੀ ਬਾਬਾ ਅਲਮਸਤ ਜੀ ਦੀ ਸ਼੍ਰੇਣੀ ਵਿਚ ਹੀ ਚੱਲਦਾ ਆਇਆ। ਜਦੋਂ ਗੁਰਦੁਆਰਾ ਐਕਟ ਬਣਿਆ ਤਾਂ ਇਹ ਗੁਰ-ਅਸਥਾਨ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆ ਗਿਆ।

ਬਾਬਾ ਨੱਥਾ ਜੀ : ਬਾਬਾ ਅਲਮਸਤ ਜੀ ਦੇ ਦੂਜੇ ਚੇਲੇ ਬਾਬਾ ਨੱਥਾ ਜੀ ਸਨ। ਇਹਨਾਂ ਨੂੰ ਬਾਬਾ ਜੀ ਨੇ ਪਰਲੋਕ ਗਮਨ ਤੋਂ ਪਹਿਲਾਂ ਸੰਮਤ ਸਤਾਰਾਂ ਸੌ ਵਿਚ ਬੰਗਾਲ ਦੇਸ਼ ਦੀ ਰਾਜਧਾਨੀ ਢਾਕੇ ਭੇਜ ਦਿੱਤਾ, ਤਾਂ ਜੋ ਉਸ ਦੇਸ਼ ਵਿਚ ਜੋ ਜੋ ਅਸਥਾਨ ਗੁਰੂ ਨਾਨਕ ਦੇਵ ਜੀ ਦੀ ਚਰਨ-ਛੂਹ ਪ੍ਰਾਪਤ ਕਰ ਕੇ ਪਾਵਨ ਹੋਏ ਸਨ, ਉਹਨਾਂ ਦੀ ਖੋਜ ਪੜਤਾਲ ਕਰ ਕੇ ਸਿੱਖਾਂ ਲਈ ਪੂਜਾ ਆਸਣ ਥਾਪਣ ਕਰਨ।

ਬਾਬਾ ਨੱਥਾ ਜੀ ਦਾ ਸੁਭਾਅ ਵੀ ਬਾਬਾ ਅਲਮਸਤ ਜੀ ਵਰਗਾ ਬੇਪ੍ਰਵਾਹਾ ਸੀ ਤੇ ਸਤਿਗੁਰੂ ਜੀ ਨਾਲ ਇਕ ਅੰਗੀ ਪ੍ਰੀਤ ਰੱਖਦਾ ਸੀ। ਹੋਰ ਕਿਸੇ ਦੀ ਕੱਖ ਪਰਵਾਹ ਨਹੀਂ ਸਨ ਕਰਦੇ। ਚੱਤੋ ਪਹਿਰ ਸਿਮਰਨ ਭਜਨ ਵਿਚ ਮਗਨ ਰਹਿਣਾ, ਗੱਲ ਬੜੀ ਘੱਟ ਕਰਨੀ, ਪਰ ਏਨਾ ਸੂਧਾ ਸਰਲ ਤੇ ਖਰ੍ਹਵਾ ਕਿ ਹਰ ਵੱਲੇ ਗਾਲ੍ਹ ਕੱਢ ਕੇ ਅਗਲੇ ਕੁਆਉਣਾ ਤੇ ਕੂਣਾ। ਇਨ੍ਹਾਂ ਦੀ ਉੱਚੀ ਆਤਮਿਕ ਅਵਸਥਾ ਤੋਂ ਅਣਜਾਣ ਲੋਕ, ਗਾਲ੍ਹਾਂ ਤੇ ਖਰਵੇਂਪਣ ਉੱਤੇ ਲੜ ਪੈਂਦੇ ਸਨ। ਪਰ ਇਹ ਲਾਉਬਾਲੀ ਬਿਰਤੀ ਵਾਲੇ ਮਸਤਾਨਾ ਮਹਾਤਮਾ ਜੀ ਆਪਣੇ ਪ੍ਰੀਤਮ ਦੇ ਰੰਗ ਵਿਚ ਸਦਾ ਇਕ-ਰੰਗ ਰਹਿੰਦੇ ਸਨ।

ਢਾਕੇ ਉਸ ਸਮੇਂ ਕੱਪੜਾ ਬੜਾ ਨਫ਼ੀਸ ਤੇ ਅਮੋਲਕ ਬਣਦਾ ਸੀ। ਮਲਮਲ ਏਨੀ ਮਹੀਨ ਤੇ ਉੱਤਮ ਹੁੰਦੀ ਸੀ ਕਿ ਇਕ ਥਾਨ ਮੁੰਦਰੀ (ਛਾਪ) ਵਿੱਚੋਂ ਦੀ ਲੰਘ ਸਕਦਾ ਤੇ ਤੀਲਾਂ ਦੀ ਡੱਬੀ ਵਿਚ ਸਮਾਅ ਜਾਂਦਾ ਸੀ। ਬਾਬਾ ਨੱਥਾ ਜੀ ਗੁਰੂ ਚਰਨਾਂ

ਨਾਲ ਇਤਨਾ ਪ੍ਰੇਮ ਭਰੋਸਾ ਰੱਖਦੇ ਸਨ ਕਿ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਸਾਰਾ ਪੋਸ਼ਾਕਾ, ਹਰ ਸਾਲ ਇਥੋਂ ਹੀ ਤਿਆਰ ਕਰਵਾ ਕੇ ਭੇਜਦੇ ਹੁੰਦੇ ਸਨ।

ਬਾਬਾ ਨੱਥਾ ਜੀ ਦੀ ਆਤਮਾ ਰੂੜ੍ਹ ਅਵਸਥਾ ਦਾ ਪਤਾ ਸਤਿਗੁਰੂ ਸਾਹਿਬ ਜਾਣਦੇ ਸਨ ਜਾਂ ਉਸੇ ਤਰ੍ਹਾਂ ਦੇ ਉੱਚੇ ਮੰਡਲਾਂ ਵਿਚ ਖੇਡਣ ਵਾਲੇ ਕੋਈ ਗੁਰਮੁਖ। ਸੰਮਤ ਸਤਾਰਾਂ ਸੈਂ ਪੰਜੀਹ (1725) ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ, ਰਾਜਾ ਰਾਮ ਸਿੰਘ 'ਕਛਵਾਹੇ ਦੀ ਪ੍ਰਾਰਥਨਾ' ਸਵੀਕਾਰ ਕਰ ਕੇ ਉਸ ਦੇ ਨਾਲ ਢਾਕੇ ਪਧਾਰੇ। ਉਥੋਂ ਦੇ ਮਸੰਦ ਭਾਈ ਬੁਲਾਕੀ ਦਾਸ ਨੇ ਸਿੱਖ ਸੰਗਤ ਸਮੇਤ ਸਤਿਗੁਰਾਂ ਦਾ ਸੁਆਗਤ ਕੀਤਾ ਅਰ ਕਈ ਦਿਨ ਦਰਸ਼ਨ ਉਪਦੇਸ਼ ਤੇ ਸੇਵਾ ਦਾ ਆਨੰਦ ਮਾਣਿਆ। ਇਕ ਦਿਨ ਭਾਈ ਬੁਲਾਕੀ ਦਾਸ ਨੇ ਸਹਿਜ ਸੁਭਾਉ ਦਾ ਜ਼ਿਕਰ ਕੀਤਾ। ਹਾਜ਼ਰ ਸਿੱਖਾਂ ਵਿਚ ਹੋਰ ਕਈਆਂ ਨੇ ਉਹਨਾਂ ਦੀ ਤਸਦੀਕ ਵੀ ਕਰ ਦਿੱਤੀ। ਸਤਿਗੁਰਾਂ ਹੱਸ ਕੇ ਫ਼ੁਰਮਾਇਆ ਕਿ ਹਲਾ! ਇਹ ਗੱਲ ਏ ? ਬਾਬਾ ਨੱਥਾ ਜੀ ਤਾਂ ਹਰਦਮ ਸਾਡੇ ਹਜ਼ੂਰ ਹਾਜ਼ਰ ਰਹਿੰਦੇ ਨੇ, ਪਰ ਕਿਸੇ ਨੂੰ ਦਿਸਦੇ ਨਹੀਂ। ਢਾਕੇ ਵਿਚ ਹੀ ਆਪਣੇ ਆਪ ਨੂੰ ਪ੍ਰਗਟ ਕਰਦੇ, ਅਰੁ ਤੁਹਾਡੇ ਖਖੇੜ-ਬਖੇੜ ਕੇ ਕਉਤਕ ਕਰਦੇ ਨੇ! ਇਹ ਤਾਂ ਬੜੀ ਅਚੰਭੇ ਦੀ ਗੱਲ ਹੈ। ਸੱਦੋ ਖ਼ਾਂ ਉਨ੍ਹਾਂ ਨੂੰ ਪੁੱਛੀਏ ਕਿਉਂ ਤੁਹਾਨੂੰ ਬੋਲ-ਕਬੋਲ ਬੋਲਦੇ ਰਹਿੰਦੇ ਹਨ।

ਤਦ ਸਤਿਗੁਰੂ ਜੀ ਨੇ :

> ਪਠਜੋ ਦਾਸ ਨੱਥਾ ਬੁਲਵਾਯੋ। ਸੰਗਤਿ ਕੇ ਸਮੀਪ ਬੈਠਾਯੋ॥੨੨॥
> ਬੂਝਜੋ ਤਿਸ ਕੋ 'ਨੱਥਾ ਭਾਈ। ਸਭਿ ਤੇਰੀ ਇਹ ਕਹਤਿ ਬੁਰਾਈ।
> ਹਮ ਕੋ ਦੇਤਿ ਰਹਹਿ ਨਿਤ ਗਾਰੀ। ਸੰਗਤਿ ਸੰਗ ਨ ਭਲੋ ਉਚਾਰੀ॥੨੩॥
> ਸਿਖਜਨਿ ਕੀ ਸਲਾਹ ਨਹਿੰ ਲੇਵਹਿ। ਜੋ ਮੁਖ ਆਵਤਿ ਸੋ ਬਕ ਦੇਵਹਿਂ'।

ਸਤਿਗੁਰਾਂ ਦੇ ਮੁਖਾਰਬਿੰਦ ਤੋਂ, ਸਥਾਨਕ ਸਿੱਖਾਂ ਤੋਂ ਐਸੇ ਬਚਨ ਸੁਣ ਕੇ ਬਾਬਾ ਨੱਥਾ ਜੀ ਬੋਲੇ :

> ਸੁਨਿ ਭਾਈ ਨੱਥੇ ਬਚ ਬੋਲ। 'ਇਹ ਧੀ ਕੇ.......ਮਤਿ ਹੋਲੇ॥੨੪॥
> ਅਰਲ ਬਰਲ ਬਹੁ ਬਦਨ ਉਚਾਰੀ। ਮੈਂ ਇਨਕੋ ਕਬਿ ਦਈ ਨ ਗਾਰੀ'।
> ਸੁਨਿ ਸ੍ਰੀ ਸਤਿਗੁਰੁ ਬਹੁ ਬਿਗਸਾਏ। ਬੈਠੇ ਹੁਤੇ ਸਕਲ ਮੁਸਕਾਏ॥੨੫॥

ਇਸ ਤਰ੍ਹਾਂ ਦਾ ਊਲ-ਜਲੂਲ ਜੋ ਬਾਬਾ ਨੱਥਾ ਜੀ ਦੇ ਮੂੰਹੋਂ ਸੁਭਾਵਿਕ ਹੀ ਨਿਕਲਦਾ ਰਹਿੰਦਾ ਸੀ, ਸੁਣ ਕੇ ਗੁਰੂ ਜੀ ਤੇ ਸਾਰੀ ਸੰਗਤ ਹੱਸ ਪਈ। ਸ਼ਿਕਾਇਤ ਕਰਨ ਵਾਲੇ ਬਾਬਾ ਬੁਲਾਕੀ ਦਾਸ ਹੁਰੀਂ ਆਖਣ ਲੱਗੇ :

"ਦੇਖ ਲਓ ਮਹਾਰਾਜ! ਆਪ ਜੀ ਦੇ ਹਜ਼ੂਰ ਵੀ ਉਸੇ ਤਰ੍ਹਾਂ ਬਕਬਾਦ ਕਰਦਾ ਏ! ਅਰੁ ਫਿਰ ਆਖੀ ਜਾਂਦਾ ਹੈ ਕਿ ਮੈਂ ਗਾਲ੍ਹਾਂ ਨਹੀਂ ਕਢਦਾ।" ਤਾਂ ਸਤਿਗੁਰਾਂ ਫ਼ੁਰਮਾਇਆ :

ਭਾਈ! ਇਸ ਦਾ ਐਕੁਣ ਸੁਭਾਉ ਹੀ ਹੈ; ਸਾਨੂੰ ਪਤਾ ਏ! ਜਦੋਂ ਇਹੁ ਇਸ ਤਰ੍ਹਾਂ ਦਾ ਮੰਦਾ ਫਿੱਕਾ ਬੋਲਣਾ ਤਾਂ ਤੁਸੀਂ ਸਮਝੋ ਇਨਿ ਤੁਹਾਡੇ ਉੱਤੇ ਕਿਰਪਾ ਧਾਰੀ

ਹੈ। ਇਸ ਦੇ ਵਿਚਿ ਕਿਸੇ ਤਰ੍ਹਾਂ ਦੀ ਮੈਲ ਨਹੀਂ, ਮੂੰਹੋਂ ਹੀ ਕੌੜਾ ਹੈ। ਇਹਨਾਂ ਦੇ ਬਚਨਾਂ ਪੁਰ ਕੋਈ ਗਿਲਾ ਨਾ ਕੀਤਾ ਕਰੋ। ਸੁਧ ਹਿਰਦਾ ਹੈ, ਇਹਨਾਂ ਦਾ; ਵਿਰੋਧ ਅੰਦਰਿ ਭੋਰਾ ਨਹੀਂ। ਇਸ ਨੇ ਸਤਿਗੁਰਾਂ ਨਾਲ ਇਕ ਪੱਖੀ ਪ੍ਰੀਤ ਲਾਈ ਹੋਈ ਹੈ। ਸਿੱਧੇ ਰਾਹ ਪਿਆ ਹੋਇਆ ਹੈ। ਟੇਢਾਪਣ ਤੋਂ ਕੂੜ ਕਬਾੜ ਇਹਨਾਂ ਦੇ ਹਿਰਦੇ ਵਿਚ ਨਹੀਂ। ਸਾਡੇ ਬਚਨਾਂ ਨੂੰ 'ਸਤਿ' ਕਰਕੇ ਮੰਨਦਾ ਹੈ। ਇਸ ਨੂੰ ਬੜੀ ਗੂੜ੍ਹੀ ਪ੍ਰੇਮ ਰੰਗਣ ਚੜ੍ਹੀ ਹੋਈ ਹੈ। ਤੁਸੀਂ ਸਾਰੇ ਮਸੰਦ ਅਤੇ ਇਸ ਦੀ ਗੱਲ ਈ ਨਾ ਗਉਲੋ! ਸਦਾ ਪ੍ਰੇਮ ਹੀ ਇਸ ਨਾਲ ਕਰੋ!

> ਨਹੀਂ ਕੁਟਲਤਾ ਧਾਰਨਿ ਕਰੀਅਹਿ। ਰਿਦੈ ਸਰਲਤਾ ਸਦ ਅਨੁਸਰੀਆਹਿ।
> ਮਲ ਬਿਕਾਰ ਉਰ ਤੇ ਪਰਹਰੀਅਹਿ। ਗੁਰ ਅਨੁਰਾਗ ਰੰਗ ਕੋ ਧਰੀਅਹਿ॥੩੧॥
> ਸੱਤਿਨਾਮੁ ਸਿਮਰਨ ਆਚਰੀਅਹਿ। ਜਨਮ ਮਰਨ ਬੰਧਨ ਨਿਰਵਰੀਅਹਿ।
> ਭਵ ਸਾਗਰ ਦੁਸ਼ਤਰ ਕੋ ਤਰੀਅਹਿ। ਸਤਿਗੁਰ ਸ਼ਬਦ ਸਦੀਵ ਬਿਚਰੀਅਹਿ॥੩੨॥
> *(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸ 12, ਅੰਸੂ 5)*

ਇਸ ਪ੍ਰਕਾਰ ਉਪਦੇਸ਼ ਕਰ ਕੇ ਸਤਿਗੁਰਾਂ ਨੇ ਸੰਗਤ ਦੀ ਨਿਸ਼ਾ ਕੀਤੀ ਅਰ ਬਾਬਾ ਨੱਥਾ ਜੀ ਦੀ ਮਹਿਮਾ ਮਹੱਤ ਪ੍ਰਗਟ ਕਰ ਕੇ ਵਡਿਆਈ ਬਖ਼ਸ਼ੀ।

ਬਾਬਾ ਅਲਮਸਤ ਜੀ ਦੁਆਰਾ ਪ੍ਰਗਟ ਕੀਤੇ ਗੁਰ-ਅਸਥਾਨ

ਬਾਬਾ ਅਲਮਸਤ ਜੀ ਨੇ ਕੇਵਲ ਨਾਨਕ ਮਤੇ ਬਹਿ ਕੇ ਹੀ ਮਹੰਤੀ ਨਹੀਂ ਕੀਤੀ, ਬਲਕਿ ਉਹਨਾਂ ਨੇ ਆਲੇ-ਦੁਆਲੇ ਦੇ ਇਲਾਕੇ ਵਿਚ ਪ੍ਰਚਾਰਕ ਦੌਰੇ ਰੱਖ ਕੇ ਖ਼ੁਦ ਆਪ ਤੇ ਆਪਣੇ ਨਿਕਟਵਰਤੀ ਸੇਵਕਾਂ ਰਾਹੀਂ 'ਸਤਿਨਾਮ' ਤੇ ਗੁਰਬਾਣੀ ਦੀਆਂ ਦਾਤਾਂ ਦੇ ਖੁੱਲ੍ਹੇ ਗਫ਼ੇ ਵਰਤਾਏ। ਸਤਿਗੁਰ ਨਾਨਕ ਦੇਵ ਜੀ ਦੀ ਚਰਨ ਛੋਹ ਨਾਲ ਜਿਥੇ ਕਿਤੇ ਪਵਿੱਤਰ ਹੋਇਆ ਭੌਂਅ ਮਸਲਾ ਸੁਣਿਆ, ਸੁੰਘਿਆ, ਉਥੇ ਹੀ ਨਿਸ਼ਾਨ ਕਾਇਮ ਕੀਤੇ, ਧਰਮਸਾਲਾ ਥਾਪੀਆਂ, ਸੇਵਾ-ਸੰਭਾਲ ਤੇ ਧਰਮ ਪ੍ਰਚਾਰ ਕਰਨ ਹਿਤ ਆਪਣੇ ਸੇਵਕਾਂ ਵਿੱਚੋਂ ਚੁਣ ਕੇ ਗੁਰਮੁਖ ਸਿੱਖਾਂ ਨੂੰ ਥਾਂ ਪਰ ਥਾਂ ਬਿਠਾਇਆ। ਇਸ ਧੂਣੇ ਦੇ ਗੁਰਮੁਖ ਸੰਤਾਂ ਦੇ ਸੇਵਾ ਦੇ ਨਿਸ਼ਾਨ ਭਾਰਤ ਵਰਸ਼ ਦੇ ਉਤਲੇ ਭਾਗਾਂ ਵਿਚ ਪੂਰਬ ਤੋਂ ਪੱਛਮ ਤਕ ਲਗਪਗ ਹਰ ਦੇਸ਼ ਵਿਚ ਮਿਲਦੇ ਹਨ। ਉਹਨਾਂ ਦੇ ਇਸ ਉੱਦਮ ਉਪਕਾਰ ਦੇ ਨਿਸ਼ਾਨ ਇਸ ਤਰ੍ਹਾਂ ਪ੍ਰਾਪਤ ਹੁੰਦੇ ਹਨ:

ਬੰਗਲਾ ਦੇਸ਼ : ਬੰਗਲਾ ਦੇਸ਼ ਵਿਚ ਬਾਬਾ ਨੱਥਾ ਜੀ ਨੂੰ ਸਤਿਗੁਰੂ ਨਾਨਕ ਦੇਵ ਜੀ ਦੇ ਅਸਥਾਨ 'ਤੇ ਨਿਯੁਕਤ ਕੀਤਾ। ਬਾਬਾ ਨੱਥਾ ਜੀ ਨੇ ਇਥੇ ਧਰਮਸਾਲਾ ਬਣਵਾਈ ਤੇ ਗੁਰ-ਸੰਗਤ ਕਾਇਮ ਕੀਤੀ। ਅਭਿਲਾਖੀਆਂ ਨੂੰ ਸਤਿਨਾਮ ਦਾ ਮੰਤ੍ਰ ਪੜ੍ਹਾਉਂਦੇ ਰਹੇ।

ਬਿਹਾਰ ਤੇ ਉੜੀਸਾ : ਗਯਾ ਵਿਚ ਸਤਿਗੁਰੂ ਨਾਨਕ ਦੇਵ ਆਪਣੇ ਪਹਿਲੇ ਦੌਰੇ ਸਮੇਂ ਪਧਾਰੇ ਸਨ ਤੇ ਕੁਝ ਦਿਨ ਇਥੇ ਬਿਰਾਜੇ ਸਨ। ਆਪ ਜੀ ਦੇ ਅਨੇਕਾਂ ਨਾਮ-ਲੇਵਾ, ਨਵੇਂ ਪੁਰਾਣੇ ਇਸ ਸ਼ਹਿਰ ਵਿਚ ਰਹਿ ਰਹੇ ਸਨ। ਸੰਮਤ ਸੋਲ੍ਹਾਂ ਸੌ ਪੰਜਾਨਵੇਂ ਬਿ: (169 ਨਾਨਕਸ਼ਾਹੀ) ਵਿਚ ਇਸ ਪਾਸੇ ਖਾਧ-ਖ਼ੁਰਾਕ ਦੀਆਂ ਵਸਤਾਂ ਦਾ ਏਨਾ

ਕਾਲ ਪਿਆ ਕਿ ਜਾਂਗਲੀ ਲੋਕ ਮੁਰਦੇ ਪ੍ਰਾਣੀਆਂ ਦੇ ਮੜ੍ਹੇ ਤਕ ਖਾ ਜਾਣ ਪੁਰ ਮਜਬੂਰ ਹੋ ਗਏ। ਕਈ ਵਾਰੀ ਇਸ ਨਗਰ ਦੀਆਂ ਮੜ੍ਹਕੜਾਂ (ਸ਼ਮਸ਼ਾਨ ਭੂਮੀ) ਪੁਰ ਹੱਲਾ ਬੋਲ ਕੇ, ਲੋਕਾਂ ਪਾਸੋਂ ਮੁਰਦੇ ਖੋਹ ਕੇ ਲੈ ਜਾਇਆ ਕਰਦੇ ਸਨ। ਇਥੋਂ ਦੇ ਨਾਨਕ ਪੰਥੀਆਂ ਨੇ ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਤੇ ਸਹਾਇਤਾ ਲਈ ਫ਼ਰਯਾਦਾਂ ਬਾਬਾ ਅਲਮਸਤ ਜੀ ਪਾਸ ਪਹੁੰਚਾਈਆਂ। ਬਿਰਧ ਅਵਸਥਾ ਦੇ ਬਾਵਜੂਦ ਬਾਬਾ ਜੀ ਖ਼ੁਦ ਉਥੇ ਪਧਾਰੇ; ਅਰ ਮਸਾਨਾਂ ਵਿਚ ਧੂੰਆਂ ਧੁਖਾ ਬੈਠੇ। ਉਹਨਾਂ ਦੇ ਪਹੁੰਚਣ ਤੋਂ ਬਾਦ ਦੇਵਨੇਤ ਨਾਲ ਇਕ ਬਿਰਧ ਮਾਈ ਦਾ ਪੁੱਤਰ ਕਾਲ ਵੱਸ ਹੋ ਗਿਆ। ਉਸ ਦੀ ਮੜੋਲੀ ਖੋਹਣ ਵਾਸਤੇ ਜੰਗਲੀ ਲੋਕ ਆਉਂਦੇ ਵੇਖ ਬਾਬਾ ਜੀ ਪਾਸ ਮਾਈ ਫ਼ਰਿਆਦ ਹੋਈ। ਬਾਬਾ ਜੀ ਨੇ ਆਪਣੇ ਧੂਣੇਂ 'ਚੋਂ ਮਚਦਾ ਚੋਅ ਦਿੱਤਾ ਤੇ ਉਸ ਪਰ ਲਕੜਾਂ ਪਾ ਕੇ ਮੜਾ ਸਾੜਨ ਦੀ ਆਗਿਆ ਕੀਤੀ। ਬਾਬਾ ਜੀ ਦੀ ਅਜ਼ਮਤ ਸਦਕੇ ਜਾਂਗਲੀ ਮਾਹਣੂ ਉਸ ਚੋਅ ਤੋਂ ਡਰਦੇ ਦੂਰੋਂ ਹੀ ਪਿਛਾਂਹ ਨੂੰ ਨੱਸ ਗਏ। ਬਸ ਫੇਰ ਕੀ ਸੀ; ਬਾਬਾ ਜੀ ਦੇ ਤੇਜ ਪ੍ਰਤਾਪ ਦੀਆਂ ਛੇਤੀ ਹੀ ਇਰਦ-ਗਿਰਦ ਧੁੰਮਾਂ ਪੈ ਗਈਆਂ। ਅਰ ਜਾਂਗਲੀ ਲੋਕ ਇਕ ਦੋ ਵਾਰੀ ਇਸੇ ਤਰ੍ਹਾਂ ਤ੍ਰਾਹ ਕੇ ਨਸਾਏ ਹੋਏ, ਮੁੜ ਆਉਣੋਂ ਹੱਟ ਗਏ। ਉਦੋਂ ਦਾ ਪਿਆ ਰਿਵਾਜ ਹੁਣ ਤਕ ਕਹਿੰਦੇ ਤੁਰਿਆ ਆ ਰਿਹਾ ਹੈ। ਲੋਕੀਂ ਮਰੇ ਪ੍ਰਾਣੀ ਦੀ ਅਰਥੀ, ਸਸਕਾਰਨ ਤੋਂ ਪਹਿਲਾਂ ਅਲਮਸਤ ਜੀ ਦੇ ਧੂਣੇ ਵਾਲੀ ਥਾਂ ਉਤਾਰਦੇ ਤੇ ਪੰਜ ਪੈਸੇ ਭੇਟਾ ਚਾੜ੍ਹ ਕੇ ਫਿਰ ਲਿਜਾ ਕੇ ਸਸਕਾਰਦੇ ਹਨ।

ਬਾਬਾ ਅਲਮਸਤ ਜੀ ਨੇ ਇਥੇ ਸਤਿਗੁਰੂ ਨਾਨਕ ਦੇਵ ਜੀ ਦੇ ਬਿਰਾਜਨ ਵਾਲੇ ਨਿਸ਼ਾਨ ਲੱਭ ਕੇ ਧਰਮਸਾਲਾ ਕਾਇਮ ਕੀਤੀ। ਉਥੇ ਇਕ ਬਾਉਲੀ ਤੇ ਗੁਫ਼ਾ ਹੁੰਦੀ ਸੀ। ਗੁਫ਼ਾ ਵਿਚ ਦੀ ਬਾਉਲੀ ਤੋਂ ਜਲ ਭਰਨ ਦਾ ਰਾਹ ਸੀ। ਲੇਕਿਨ ਹੁਣ ਬਾਉਲੀ ਨੂੰ ਖੂਹ ਦਾ ਰੂਪ ਦੇ ਦਿੱਤਾ ਗਿਆ ਹੈ ਅਰ ਧਰਮਸਾਲਾ ਗੁਰ-ਅਸਥਾਨ ਪੁਰ ਬਣੀ ਹੋਈ ਹੈ। ਜਿਸ ਦੇ ਪ੍ਰਬੰਧਕ ਇਸੇ ਧੂਣੇ ਦੇ ਸਾਧੂਆਂ 'ਚੋਂ ਬਾਬਾ ਗੁਰਦਾਸ 'ਦੱਖਣੀ' ਦੇ ਸੇਵਕ ਬਾਬਾ ਛੰਦੇ ਸ਼ਾਹ ਦੀ ਉਦਾਸੀ ਸ਼੍ਰੇਣੀ ਦੇ ਉਦਾਸੀ ਸਾਧੂ ਸਨ।

2. ਦੂਜਾ ਧੂਣਾ ਬਾਬਾ ਬਾਲੂ ਹੱਸਣਾ ਜੀ

ਬਾਬਾ ਬਾਲੂ ਹੱਸਣਾ ਜੀ ਬਾਬਾ (ਆਲੂ) ਅਲਮਸਤ ਜੀ ਦੇ ਸਕੇ ਛੋਟੇ ਭਰਾ ਸਨ। ਆਪ ਜੀ ਦਾ ਜਨਮ ਸੰਮਤ ਸੋਲ੍ਹਾਂ ਸੈ ਇੱਕੀਹ (1621) ਮਿਤੀ ਮੱਘਰ ਸੁਦੀ ਦਸਮੀ ਨੂੰ ਭਾਈ ਹਰਦੱਤ ਗੌੜ ਬ੍ਰਾਹਮਣ ਦੇ ਘਰ, ਮਾਤਾ ਪ੍ਰਭਾ ਜੀ ਦੇ ਉਦਰ ਤੋਂ ਸ੍ਰੀਨਗਰ ਕਸ਼ਮੀਰ ਵਿਖੇ ਹੋਇਆ। ਭਾਈ ਰਣਧੀਰ ਸਿੰਘ ਜੀ ਨੇ ਗਿਆਨੀ ਠਾਕੁਰ ਸਿੰਘ ਜੀ ਦੀ ਰਚਨਾ *ਸ੍ਰੀ ਗੁਰਦੁਆਰੇ ਦਰਸ਼ਨ* ਦੇ ਹਵਾਲੇ ਨਾਲ ਲਿਖਿਆ ਹੈ ਕਿ ਬਾਬਾ ਜੀ ਦਾ ਜਨਮ ਦੇਸ਼ ਮਾਝਾ ਨਗਰ ਪਹੂਵਿੰਡ ਸੰਧੂ ਜ਼ਿਮੀਂਦਾਰਾਂ ਦੇ ਘਰ ਹੋਇਆ। ਇਹ ਗੱਲ ਮੰਨਣਯੋਗ ਨਹੀਂ ਲੱਗਦੀ। ਬਾਬਾ ਬਾਲੂ ਹੱਸਣਾ ਜੀ ਤੇ ਬਾਬਾ ਅਲਮਸਤ ਜੀ ਜਦੋਂ ਦੋਵੇਂ ਸਕੇ ਭਰਾ ਸਨ ਤਾਂ ਫੇਰ ਪਹੂਵਿੰਡ ਤੋਂ ਸੰਧੂ ਜੱਟਾਂ ਦੇ ਘਰ ਤੋਂ ਬਾਬਾ ਬਾਲੂ ਹੱਸਣਾ ਜੀ ਦਾ ਹੋਣਾ ਲਿਖਣਾ ਮੈਨੂੰ ਅਣਉਚਿਤ ਲੱਗਦਾ ਹੈ।

ਬਾਬਾ ਬਾਲੂ ਹੱਸਣਾ ਨੂੰ ਵੀ ਅਧਿਆਤਮਕ ਰੰਗਣ ਆਪਣੇ ਵੱਡੇ ਭਰਾਤਾ ਬਾਬਾ

ਅਲਮਸਤ ਜੀ ਦੀ ਸੰਗਤ ਕਰਦਿਆਂ ਹੀ ਲੱਗੀ। ਆਪ ਜੀ ਆਪਣੇ ਵੱਡੇ ਭਰਾਤਾ ਜੀ ਦੇ ਨਾਲ ਹੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਦੀਦਾਰ ਕਰਨ ਲਈ ਕੱਤਕ ਸੰਮਤ 1661 ਨੂੰ ਚੱਕ ਗੁਰੂ ਰਾਮਦਾਸ ਪੁਰੇ ਆਏ। ਬਾਬਾ ਅਲਮਸਤ ਜੀ ਤਾਂ ਗੁਰੂ ਜੀ ਦੀ ਆਗਿਆ ਪ੍ਰਾਪਤ ਕਰ ਕੇ ਪੂਰਬ ਵੱਲ ਚਾਲੇ ਪਾ ਗਏ, ਪਰੰਤੂ ਬਾਬਾ ਬਾਲੂ ਹੱਸਣਾ ਜੀ ਨੂੰ ਗੁਰੂ ਹਰਿਗੋਬਿੰਦ ਗੁਰੂ ਜੀ ਦੇ ਨਾਲ ਹਾਜ਼ਰ-ਹਜ਼ੂਰੀ ਵਿਚ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ। ਮੀਰੀ-ਪੀਰੀ ਦੇ ਮਾਲਕ ਨਾਲ ਆਪ ਜੀ ਦਾ ਇਤਨਾ ਮੋਹ ਹੋ ਗਿਆ ਕਿ ਹਜ਼ੂਰ ਦੇ ਚੰਦ ਮੁੱਖੜੇ ਤੇ ਚਕੋਰ ਵਾਂਗ ਟਿਕਟਿਕੀ ਲਾਈ ਸਦਾ ਖਿੜੇ ਰਹਿਣਾ। ਜਦੋਂ ਗੁਰੂ ਸਾਹਿਬ ਕਿਸੇ ਪਾਸੇ ਸਵਾਰੀ ਕਰ ਕੇ ਜਾਇਆ ਕਰਨ ਤਾਂ ਬਾਬਾ ਜੀ ਘੋੜੇ ਅਗਾੜੀ ਦੁੜਕੀ ਚਾਲ ਦੌੜੇ ਜਾਇਆ ਕਰਨ। ਇਸ ਤਰ੍ਹਾਂ ਸਦਾ ਖਿੜੇ ਮੱਥੇ ਪ੍ਰੇਮ ਤੇ ਸੇਵਾ ਦੇ ਰੰਗ ਵਿਚ ਵਿਗਸਦੇ ਰਹਿਣ ਕਰ ਕੇ ਸਾਹਿਬਾਂ ਨੇ ਸ੍ਰੀ ਮੁੱਖ ਤੋਂ ਆਪ ਦੇ ਨਾਮ 'ਬਾਲੂ' ਨਾਲ 'ਹੱਸਣਾ' (ਹੱਸਣ ਵਾਲਾ, ਹੱਸਮੁੱਖ) ਖ਼ਿਤਾਬ ਵਧਾ ਦਿੱਤਾ; ਅਰੁ ਫ਼ੁਰਮਾਇਆ :

> 'ਭਯੋ ਆਜ ਤੇ ਬਾਲੂ ਹਸਨਾ'॥੩੦॥

ਉਸੇ ਦਿਨ ਹੁਕਮ ਕਰ ਦਿੱਤਾ :

> 'ਅਬਿ ਗੁਰਦਿੱਤੇ ਕੇ ਸੰਗ ਰਹੋ'॥੩੧॥

ਬਾਬਾ ਬਾਲੂ ਹੱਸਣਾ ਜੀ ਪ੍ਰੇਮ ਤੇ ਸ਼ਰਧਾ ਭਰੀ ਕਾਰ-ਕਮਾਈ ਬਾਬਾ ਗੁਰਦਿੱਤਾ ਜੀ ਦੀ ਕਰਨ ਲੱਗੇ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜਦੋਂ ਸ਼ਾਹੀ ਦਲਾਂ ਨਾਲ ਜੰਗ-ਯੁੱਧ ਮੁਕਾਅ ਕੇ ਪਰਿਵਾਰ ਸਣੇ ਸ੍ਰੀ ਕਰਤਾਰਪੁਰ (ਦੁਆਬੇ) ਆ ਟਿਕੇ ਤਾਂ ਉਦੋਂ ਇਕ ਦਿਨ (ਹਾੜ ਦੀ ਪੁੰਨਿਆ ਨੂੰ) ਬਾਬਾ ਗੁਰਦਿੱਤਾ ਜੀ ਸ਼ਿਕਾਰ ਖੇਡਣ ਗਏ।[3] ਬਾਬਾ ਬਾਲੂ ਹੱਸਣਾ ਜੀ ਵੀ ਸਦਾ ਵਾਂਙ ਉਹਨਾਂ ਦੇ ਅਗਾੜੀ ਭੱਜੇ ਜਾ ਰਹੇ ਸਨ। ਜੰਗਲ ਵਿਚ ਅਚਾਨਕ ਸੂਰ ਨਿਕਲ ਆਇਆ। ਬਾਬਾ ਜੀ ਨੇ ਘੋੜਾ ਉਸ ਦੇ ਮਗਰ ਲ਼ਾ ਦਿੱਤਾ। ਸੂਰ ਬੜੀ ਦੂਰ ਨਿਕਲ ਗਿਆ। ਸਾਥੀ ਸ਼ਿਕਾਰੀ ਪਾਰਟੀ ਸਾਰੀ ਪਿਛਾਂਹ ਰਹਿ ਗਈ, ਸਿਰਫ਼ ਬਾਲੂ ਹੱਸਣਾ ਹੀ ਬਾਬਾ ਜੀ ਨਾਲ ਓੜ ਨਿਭਿਆ। ਬਾਬਾ ਜੀ ਨੇ ਸੂਰ ਮਾਰ ਕੇ ਜਾ ਪਿਛਾਂਹ ਤੱਕਿਆ ਤਾਂ ਹੋਰ ਕੋਈ ਸਾਥੀ ਨਜ਼ਰ ਨਾ ਆਇਆ। ਭਾਈ ਜੀ ਦੀ ਪ੍ਰੇਮ ਘਾਲਣਾ ਤੇ ਸਾਥ ਨਿਬਾਹੁਣ ਦੀ ਬਿਰਤੀ ਪੁਰ ਬੜੇ ਪ੍ਰਸੰਨ ਹੋਏ ਅਰ ਮੁੜੇ ਤਾਂ ਸਾਰੀ ਗੱਲ ਪਿਤਾ-ਸਤਿਗੁਰੂ ਨੂੰ ਸੁਣਾਈ। ਤਦ ਸਤਿਗੁਰਾਂ ਪ੍ਰਸੰਨ ਹੋ ਕੇ ਕਿਹਾ :

> 'ਬਖਸ਼ਿਸ਼ ਕਰੀ, ਪ੍ਰੇਮ ਪਿਖਿ ਉਰ ਕੋ'।

ਅਰ ਸਭਨਾਂ ਨੂੰ ਸੁਣਾ ਕੇ ਬਚਨ ਕੀਤਾ :

> ਅਬਿ ਤੇਰੀ ਪੂਰੀ ਭਈ ਸੇਵਾ। ਕਰੇ ਰਿਝਾਵਨਿ ਬਹੁ ਗੁਰਦੇਵਾ।
> ਬੈਠਹੁ ਭਜਨ ਕਰਹੁ ਪ੍ਰਭੁ ਕੇਰਾ। ਜਨਮ ਮਰਨ ਕਾਟਯੋ ਅਬਿ ਤੇਰਾ॥੨੭॥
>
> *(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ 8, ਅੰਸੂ 4)*

---

3. *ਗੁਰੂ ਉਦਾਸੀਨ ਮਤ ਦਰਪਣ*, ਪੰਨਾ 518.

ਉਸ ਦਿਨ ਤੋਂ ਆਪਣੀ ਨਿੱਤ ਦਰਸ਼ਨ ਕਰਨ ਦੀ ਡੰਝ ਲਾਹੁਣ ਵਾਸਤੇ, ਝਰੋਖਾ ਦਰਸ਼ਨ ਵਾਲੀ ਬਾਰੀ ਦੇ ਐਨ ਸਾਹਮਣੇ ਆਸਣ ਜਮਾ ਕੇ ਬਹਿ ਗਏ। ਹਰ ਵਕਤ ਚੱਤੋ ਪਹਿਰ ਧਿਆਨ ਮਗਨ ਸਿਮਰਨ ਕਰਦੇ ਰਹਿਣਾ। ਅੰਮ੍ਰਿਤ ਵੇਲੇ ਉੱਠ ਕੇ ਸ਼ੌਚ ਇਸ਼ਨਾਨ ਕਰਨਾ ਤੇ 'ਗੁਰ-ਦਰਸ਼ਨ' ਵਾਸਤੇ ਝਰੋਖਾ ਖੁੱਲ੍ਹਣ ਦੀ ਉਡੀਕ ਵਿਚ ਟਿਕਟਿਕੀ ਜਮਾ ਬੈਠਣਾ। ਇਸ ਤਰ੍ਹਾਂ ਸੁੱਚੇ ਮੂੰਹ ਤੇ ਨਿਰਨੇ ਕਾਲਜੇ ਸੱਚੇ ਸਤਿਗੁਰਾਂ ਨੂੰ ਅਕਾਲੀ ਜੋਤਿ ਨਿਸ਼ਚੇ ਕਰਕੇ ਸਭ ਤੋਂ ਪਹਿਲਾਂ 'ਦਰਸ਼ਨਾਮ੍ਰਿਤ' ਦੇ ਗਹਿਰੇ ਗੱਫ਼ੇ, ਨੈਣਾਂ ਦੀਆਂ ਕਮਲ ਕਟੋਰੀਆਂ ਭਰ ਭਰ ਕੇ ਆਸ ਆਧਾਰ ਤਿਆਗ ਕੇ, ਬਾਲੂ ਹੱਸਣਾ ਸਾਹਿਬ ਨੇ 'ਨਾਮ' ਤੇ 'ਗੁਰ ਦਰਸ਼ਨ' ਦਾ ਧਿਆਨ ਹੀ ਆਪਣੇ ਜੀਵਨ ਦਾ ਮਨੋਰਥ ਬਣਾ ਲਿਆ :

ਇਕ ਬਾਲੂ ਸਿੱਖ ਸੇਵਾ ਲਾਗਯੋ। ਪ੍ਰੇਮ ਪਾਇ ਪੰਕਜ ਕੇ ਪਾਗਯੋ।
ਜਬਿ ਗੁਰ ਚਢਿ ਕਰਿ ਕਿਤਹੁੰ ਸਿਧਾਵੈਂ। ਅੱਗ੍ਰ ਤੁਰੰਗਮ ਦੋਰਯੋ ਜਾਵੈ ॥੨੮॥
ਖੇਦ ਨ ਮਾਨਹਿ ਦੂਰ ਸਿਧਾਰੈ। ਜਾਇ ਤਹਾਂ ਗੁਰ ਜਹਾਂ ਪਧਾਰੇ॥
ਸ੍ਰੀ ਹਰਿਗੋਵਿੰਦ ਕੇ ਮੁਖ ਹੇਰਹਿ। ਹਸਹਿ ਅਧਿਕ ਹੁਇ ਖੁਸ਼ੀ ਘਨੇਰਹਿ ॥੨੯॥
ਬੈਠਤਿ ਚਲਤਿ ਸਮੁਖ ਜਬਿ ਹੋਇ। ਹਸਹਿ ਬਦਨ ਤੇ ਹਰਖਤਿ ਸੋਇ।
ਧਰਯੋ ਨਾਮ ਤਬਿ ਗੁਰ ਨਿਜ ਰਸਨਾ। 'ਭਯੋ ਆਜ ਤੇ ਬਾਲੂ ਹਸਨਾ' ॥੩੦॥
ਤਿਸ ਦਿਨ ਤੇ ਤਿਸ ਕੋ ਗੁਰ ਕਹੋ। 'ਅਬਿ ਗੁਰਦਿੱਤੇ ਕੇ ਸੰਗ ਰਹੋ'।
ਮਾਨਯੋ ਬਾਕ ਪ੍ਰੇਮ ਮਨ ਰੰਗ। ਰਹਨਿ ਲਗਯੋ ਗੁਰ ਨੰਦਨ ਸੰਗ ॥੩੧॥
ਚਢੈ ਵਹਿਰ ਤਬਿ ਆਗੈ ਧਾਵਹਿ। ਜਹਿਂ ਪਹੁੰਚਹਿ ਚਲਿ ਤਹਾਂ ਸਿਧਾਵੇ।
ਇਕ ਦਿਨ ਸ੍ਰੀ ਗੁਰਦਿੱਤਾ ਗਏ। ਬਨ ਅਖੇਰ ਕੇ ਖੇਲਤਿ ਭਏ ॥੩੨॥
ਨਿਕਸਯੋ ਸ਼ੂਕਹ ਚਲਯੋ ਪਲਾਈ। ਗੁਰ ਸੁਤ ਦੇਖਿ ਤੁਰੰਗ ਧਵਾਈ।
ਗਏ ਦੂਰ ਲੋ ਸਭਿ ਹਟਿ ਰਹੇ। ਪਹੁੰਚਯੋ ਗਯੋ ਨ ਸੂਮ ਕੋ ਲਹੇ ॥੩੩॥
ਇਕ ਬਾਲੂ ਹਸਨਾ ਤਹਿਂ ਗਯੋ। ਸਤਿਗੁਰ ਨੰਦ ਬਿਲੋਕਤਿ ਭਯੋ।
ਅਧਿਕ ਜਾਨਿ ਸੇਵਾ ਹਰਖਾਏ। ਟੋਪੀ ਬਖਸਿ ਦਈ ਤਿਸ ਥਾਏਂ ॥੩੪॥
ਲੇਕਰਿ ਸਿੱਧ ਸ਼ਕਤਿ ਕੋ ਪਾਈ। ਭਯੋ ਗਯਾਨ ਮਨੁ ਆਨੰਦ ਪਾਈ।
ਹਤਯੋ ਕੋਲ ਸੋ ਆਨਿ ਉਠਾਏ। ਪੁਰਿ ਕਰਤਾਰ ਬਿਖੈ ਚਲਿ ਆਏ ॥੩੫॥
ਸਕਲ ਪ੍ਰਸੰਗ ਸੁਨਾਯੋ ਗੁਰ ਕੋ। 'ਬਖਸ਼ਿਸ਼ ਕਰੀ ਪ੍ਰੇਮ ਪਿਖਿ ਉਰ ਕੋ'।
ਸ੍ਰੀ ਹਰਿਗੋਵਿੰਦ ਭਏ ਪ੍ਰਸੰਨ। ਸਭਿਨਿ ਸੁਨਾਇ ਬਖਾਨਿ ਬਦੰਨ ॥੩੬॥
'ਅਬਿ ਤੇਰੀ ਪੂਰੀ ਭਈ ਸੇਵਾ। ਕਰੇ ਰਿਝਾਵਨਿ ਬਹੁ ਗੁਰਦੇਵਾ।
ਬੈਠਹੁ ਭਜਨ ਕਰਹੁ ਪ੍ਰਭੁ ਕੇਰਾ। ਜਨਮ ਮਰਨ ਕਾਟਯੋ ਅਬ ਤੇਰਾ ॥੩੭॥
ਲੈ ਗੁਰ ਖੁਸ਼ੀ ਦ੍ਵਾਰ ਥਿਰ ਰਹਯੋ। ਰਾਤਿ ਦਿਵਸ ਹਰਿ ਸਿਮਰਨ ਲਹਯੋ।
ਇਮ ਸ੍ਰੀ ਹਰਿਗੋਵਿੰਦ ਕ੍ਰਿਪਾਲਾ। ਕਰੇ ਉਧਾਰਨ ਸਿੱਖ ਬਿਸਾਲਾ ॥੩੮॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ 8, ਅੰਸੂ 5, ਪੰਨੇ 3325-26)

ਬਾਬਾ ਬਾਲੂ ਹਸਨਾ ਜੀ ਦੀ ਇਸ ਤਰ੍ਹਾਂ ਤਿਆਗ ਤੇ ਵੈਰਾਗ ਵਾਲੀ ਬਿਰਤੀ ਦੇਖ ਕੇ ਸਤਿਗੁਰਾਂ ਨੇ 'ਉਦਾਸੀ ਭੇਖ' (ਮਜੀਠੀ ਚੋਲ੍ਹਾ ਤੇ ਸਿਮਰਨਾ) ਬਖ਼ਸ਼ ਕੇ ਹੋਰਨਾਂ ਅਭਿਆਸੀ ਪ੍ਰਾਣੀਆਂ ਨੂੰ ਨਾਮ ਚਰਨ ਪਾਹੁਲ ਦੇਣ ਦਾ ਅਧਿਕਾਰ ਅਤੱ ਕੀਤੇ। ਅਰ ਹੁਕਮ ਕੀਤਾ ਕਿ ਪੱਛਮੀ ਪੰਜਾਬ ਵਿਚ ਵਿਚਰੋ ਤੇ 'ਨਿਰੰਕਾਰੀ ਧਰਮ' ਦਾ ਪ੍ਰਚਾਰ

ਹੋਰਨਾਂ ਮੱਤਾਂ ਦੇ ਸਾਧੂਆਂ ਫ਼ਕੀਰਾਂ ਵਿਚ ਕਰੋ। *ਗੁਰੂ ਉਦਾਸੀਨ ਮੱਤ ਦਰਪਣ* ਅਨੁਸਾਰ ਆਪ ਇਹ ਆਗਿਆ ਪਾ ਕੇ ਪੱਛਮ ਵੱਲ ਟੁਰ ਪਏ। ਉਸੇ ਸਮੇਂ ਤੋਂ ਉਦਾਸੀ ਭੇਖ ਦਾ ਦੂਸਰਾ ਧੂਣਾ ਆਰੰਭ ਹੋ ਗਿਆ ਅਰ ਪੀੜ੍ਹੀ ਦਰ ਪੀੜ੍ਹੀ ਜੋ ਚੇਲੇ ਜਾਂ ਸੇਵਕ ਬਣਦੇ ਆਏ, ਉਹ 'ਬਾਲੂ ਹਸਨੇ ਉਦਾਸੀ' ਸਦਾਏ।

ਗੁਰੂ ਜੀ ਦੀ ਆਗਿਆ ਅਨੁਸਾਰ ਬਾਬਾ ਬਾਲੂ ਹੱਸਣਾ ਜੀ ਨੇ ਪੋਠੋਹਾਰ, ਕਸ਼ਮੀਰ ਛੱਛ ਤੇ ਹਜ਼ਾਰੇ ਆਦਿ ਪੱਛਮੀ ਪੰਜਾਬ ਦੇ ਇਲਾਕਿਆਂ ਵਿਚ ਅਰ ਸਿੰਧੋਂ ਪਾਰ ਪਿਸ਼ੌਰ ਤੇ ਸੁਾਤ-ਬਿਜੌਰ ਦੀ ਪਰਬਤੀ ਧਾਰ ਵਿਚ ਨਾਨਕ ਸ਼ਾਹੀ ਧਰਮ ਦਾ ਪ੍ਰਚਾਰ ਕੀਤਾ। ਓੜਕ ਆਪ ਨੇ ਪੋਠੋਹਾਰ ਦੇ ਇਲਾਕੇ ਵਿਚ ਸੰਮਤ ਸਤਾਰਾਂ ਸੌ ਸਤਾਰਾਂ ਮਿਤੀ ਮੱਘਰ ਸੁਦੀ ਇਕਾਦਸੀ (3 ਪੋਹ) ਨੂੰ ਦੇਹ ਤਿਆਗ ਕੇ ਸੱਚਖੰਡੀ ਪ੍ਰੀਤਮ ਦੇ ਚਰਨਾਂ ਵਿਚ ਜਾ ਵਿਰਾਜੇ। ਆਪ ਜੀ ਦੀ ਸਮਾਧ ਪੋਠੋਹਾਰ ਵਿਚ ਹੈ।

ਕੁਝ ਵਿਦਵਾਨ ਇਹ ਲਿਖਦੇ ਹਨ ਕਿ ਬਾਲੂ ਹਸਨਾ ਜੀ ਨੂੰ ਕਰਤਾਰਪੁਰ ਡੇਰਾ ਬਾਬਾ ਨਾਨਕ ਦੀ ਗੱਦੀ ਸੌਂਪੀ ਗਈ, ਪਰ ਉਹਨਾਂ ਨੇ ਆਪਣੇ ਚੇਲੇ ਬਾਬਾ ਲਾਲ ਦਾਸ ਜੀ ਨੂੰ ਗੱਦੀ ਸੌਂਪ ਕੇ ਭਾਰਤ ਭ੍ਰਮਣ ਲਈ ਚੱਲ ਪਏ। ਉਥੋਂ ਚੱਲ ਕੇ ਦੇਹਰਾਦੂਨ ਵਿਖੇ ਤਪੱਸਿਆ ਕਰਨ ਲਈ ਪਹੁੰਚੇ। ਬਾਬਾ ਬਾਲੂ ਹੱਸਣਾ ਜੀ ਦੇਹਰਾਦੂਨ ਵਿਚ ਹੀ ਬ੍ਰਹਮ ਲੀਨ ਹੋਏ। ਦੇਹਰਾਦੂਨ ਵਿਚ ਇਹਨਾਂ ਦੀ ਸਮਾਧ ਹੈ। ਦੇਹਰਾਦੂਨ ਵਿਖੇ ਬਾਬਾ ਸ੍ਰੀ ਰਾਮਰਾਇ ਨੇ ਉਦਾਸੀ ਭੇਖ ਵਿਚ ਬਾਬਾ ਬਾਲੂ ਹੱਸਣਾ ਜੀ ਤੋਂ ਹੀ ਦੀਖਿਆ ਪ੍ਰਾਪਤ ਕੀਤੀ ਸੀ।

ਪਰੰਤੂ ਭਾਈ ਰਣਧੀਰ ਸਿੰਘ ਜੀ *ਉਦਾਸੀ ਸਿੱਖਾਂ ਦੀ ਵਿਥਿਆ* ਵਿਚ ਲਿਖਦੇ ਹਨ ਕਿ ਬਾਬਾ ਬਾਲੂ ਹੱਸਣਾ ਜੀ ਪੋਠੋਹਾਰ ਵਿਚ ਬ੍ਰਹਮ ਲੀਨ ਹੋਏ ਸਨ। ਬਾਬਾ ਰਾਮਰਾਇ ਜੀ ਦੇ ਸੰਮਤ ਸਤਾਰਾਂ ਸੌ ਚੌਤਾਲੀਹ ਵਿਖੇ ਗੜ੍ਹਵਾਲ ਦੇਸ਼ (ਉ.ਪ.) ਉਦੋਂ ਹੁਣ ਉਤਰਾਖੰਡ ਦੇ 'ਖੁਰਵਧੀ' ਨਾਮੇ ਅਸਥਾਨ 'ਤੇ ਲਾਵਧਕ ਚੜ੍ਹਾਈ ਕਰ ਜਾਣ ਪੁਰ ਉਹਨਾਂ ਦੀ ਪਤਨੀ ਮਾਤਾ ਪੰਜਾਬ ਕੌਰ ਨੇ ਬਾਲੂ ਹਸਨੀਏ ਇਕ ਉਦਾਸੀ ਸਾਧੂ ਨੂੰ ਮੁਤਬੰਨਾ ਬਣਾ ਲਿਆ। ਉਸ ਸਾਧੂ ਨੇ ਸੰਮਤ ਸਤਾਰਾਂ ਸੌ ਅਠਾਨਵੇਂ ਵਿਚ ਮਾਤਾ ਪੰਜਾਬ ਕੌਰ ਦੇ ਅੱਖਾਂ ਮੀਟ ਜਾਣ ਤੋਂ ਬਾਅਦ, ਉਨ੍ਹਾਂ ਦੇ ਬਣਾਏ 'ਦੇਹਰਾ ਰਾਮ ਰਾਇ' ਦੀ ਮਹੰਤੀ ਪ੍ਰਾਪਤ ਕੀਤੀ। ਅਰ ਆਪਣੇ ਵਡਿੱਕੇ ਗੁਰੂ ਬਾਬਾ ਬਾਲੂ ਹੱਸਣਾ ਜੀ ਦੀ ਸਮਾਧ ਉਥੇ ਵੀ ਸਾਜ-ਸਵਾਰ ਲਈ। *(ਪੰਨਾ 136)*

ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:

> ਦੋਹਰਾ॥ ਰਾਖਤ ਰੀਤਿ ਉਦਾਸੀਅਨ ਕੀ ਸਭ ਹੀ ਪਰਕਾਰ।
> ਰਾਮਰਈਓ ਕੀ ਸੁਨੋ ਅਬ ਗਾਥਾ ਔਰ ਵਿਚਾਰ।
> ਬਾਲੂ ਹਸਨੇ ਕੇ ਸਹੀ ਹੈਂ ਸਾਧੂ ਦਿਢ ਸੋਇ।
> ਰਾਮਰਾਇ ਕੇ ਦੇਹੁਰੇ ਗਾਦੀ ਹੈ ਉਨ ਕੋਇ। *(ਪੰਨਾ 1283)*

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਬਾਬਾ ਬਾਲੂ ਹਸਨਾ ਜੀ ਦੀ ਸਮਾਧ ਦੇਹਰਾਦੂਨ ਵਿਖੇ ਹੀ ਲਿਖੀ ਹੈ। ਬਾਲੂ ਹਸਨਾ ਜੀ ਦਾ ਦੇਹਾਂਤ ਸੰਮਤ 1717 ਵਿਚ ਦੇਹਰਾਦੂਨ ਵਿਖੇ ਹੋਇਆ ਲਿਖਿਆ ਹੈ। *(ਪੰਨਾ 859)*

ਬਾਬਾ ਬਾਲੂ ਹਸਣਾ ਜੀ ਦੀ ਪੱਧਤੀ ਦਾ ਵਿਸਥਾਰ

ਬਾਬਾ ਬਾਲੂ ਹਸਣਾ ਜੀ ਨੇ ਜਿਨ੍ਹਾਂ ਸੇਵਕ ਸ਼ਰਧਾਲੂਆਂ ਨੂੰ ਚਰਨ ਪਾਹੁਲ ਤੇ ਗੁਰ-ਮੰਤ੍ਰ ਦੇ ਕੇ ਉਦਾਸੀ ਸਾਧੂ ਬਣਾਇਆ। ਉਹਨਾਂ ਵਿੱਚੋਂ ਪ੍ਰਸਿੱਧ ਇਹ ਹਨ :

1. ਬਾਬਾ ਲਾਲ ਦਾਸ 'ਦਰਯਾਈ' ਜੀ
2. ਬਾਬਾ ਜਾਦੋ ਰਾਇ ਜੀ
3. ਬਾਬਾ ਪੂਰਨ ਦਾਸ ਜੀ
4. ਬਾਬਾ ਗੋਦੜੀ ਦਾਸ ਜੀ
5. ਬਾਬਾ ਰੂਪ ਬਲ ਜੀ
6. ਬਾਬਾ ਸੇਵਾ ਦਾਸ ਜੀ
7. ਬਾਬਾ ਬੁੱਢਾ ਜੀ
8. ਬਾਬਾ ਪ੍ਰਮੇਸ਼੍ਵਰ ਜੀ
9. ਬਾਬਾ ਦਰਗਾਹੀ ਜੀ
10. ਬਾਬਾ ਹਰਿ ਦਯਾਲ ਜੀ

ਬਾਬਾ ਲਾਲ ਦਾਸ ਜੀ : ਇਹਨਾਂ ਵਿੱਚੋਂ ਬਾਬਾ ਲਾਲ ਦਾਸ ਜੀ ਨੂੰ ਬਾਬਾ ਜੀ ਨੇ ਕਰਤਾਰਪੁਰ (ਰਾਵੀ ਨਦੀ ਕੰਢੇ) ਆਸਣ ਲਾ ਕੇ ਨਿਰੰਕਾਰੀ ਧਰਮ ਦਾ ਪ੍ਰਚਾਰ ਕਰਨ ਦੀ ਆਗਿਆ ਦਿੱਤੀ। ਬਾਬਾ ਜੀ ਪੰਜਾਬੀ ਦੇ ਬੜੇ ਸੁਧਰੇ ਹੋਏ ਕਵੀ ਸਨ ਤੇ ਗੁਰ- ਚਰਨਾਂ ਦੇ ਭੌਰੇ ਸਨ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਦੱਖਣ ਵੱਲ ਜਾਣ ਦੀ ਤਿਆਰੀ ਵਿਚ ਸਨ ਤਾਂ ਮੁਕਤਸਰ ਦੀ ਜੰਗ ਜਿੱਤਣ ਤੋਂ ਬਾਦ ਲੱਖੀ ਜੰਗਲ ਦੇ ਪਰਗਣੇ ਵਿਚ ਕੁਝ ਦਿਨ ਠਹਿਰੇ। ਇਥੇ ਸਤਿਗੁਰਾਂ ਨੇ ਇਕ ਦਿਨ ਕਵੀ ਦਰਬਾਰ ਕਰਵਾਇਆ, ਜਿਸ ਵਿਚ ਬਾਬਾ ਲਾਲ ਦਾਸ ਜੀ ਨੇ ਬਹੁਤ ਸੁੰਦਰ ਕਵਿਤਾ ਪੜ੍ਹੀ :

ਰਲ ਕੇ ਕਾਜ਼ੀ ਮਤਾ ਪਕਾਇਆ,
ਹੀਰ ਪੈਰ ਪਿਆਂਦੀ ਆਂਦੀ।
ਸੱਚ ਨਸੀਹਤ ਦੇਵਣ ਲੱਗੇ :
ਤੂੰ ਖੇੜਿਆਂ ਦੀ ਬਾਂਦੀ।
ਅਸਾਂ ਤੇ ਖੇੜਿਆਂ ਦੇ ਅੰਦਰਿ,
ਸੋ ਕੋਹਾਂ ਦੀ ਕਾਂਜੀ।
ਮਿਤੁ ਰਾਂਝਨ ਦੇ ਭੁਲਾਵੇ ਭੁੱਲੀ,
ਨਹੀਂ ਆਵੈ ਕੈਂਦੀ ਆਂਦੀ॥੧॥
"ਰਹੁ ਵੇ ਕਾਜ਼ੀ! ਮੈਂਡੀਂ ਜਾਨ ਨ ਰਾਜੀ;
ਮੈਂ ਜੀਹਾਂ ਘਰਿ ਧੀਆਂ।
ਮਿਤੁ ਰਾਂਝਨ ਪੋਸਤ ਮੈਂਡੀ ਹੱਡੀਂ ਰਵਿਆ,
ਪੀਤੇ ਬਾਝੁ ਨ ਜੀਵਾਂ।
ਇਕੈ ਤਾਂ ਰਾਂਝਨ ਆਨਿ ਮਿਲਾਵਹੁ;
ਇਕੈ ਮੈਂ ਬੈਰਾਗਨੁ ਥੀਵਾਂ॥੨॥

ਬਾਬਾ ਜਾਦੋ ਰਾਇ ਜੀ : ਬਾਬਾ ਬਾਲੂ ਹਸਣਾ ਜੀ ਦੇ ਦੂਜੇ ਸੇਵਕ ਬਾਬਾ ਜਾਦੋ ਰਾਇ ਜੀ ਸਨ। ਇਨ੍ਹਾਂ ਦਾ ਥਾਂ ਟਿਕਾਣੇ ਤੇ ਜਨਮ ਭੂਮੀ ਦਾ ਕੋਈ ਬਹੁਤਾ ਪਤਾ ਨਹੀਂ ਲੱਗਦਾ। ਇਸ ਧੂਏਂ ਦੇ ਉਦਾਸੀਆਂ ਦੀ ਜੋ ਜਮਾਤ, ਸ੍ਰੀ ਗੁਰੂ ਗੋਬਿੰਦ ਸਿੰਘ

ਸਾਹਿਬ ਦੇ ਹਮ-ਰਕਾਬ ਦੱਖਣ ਗਈ, ਉਸ ਵਿਚ ਬਾਬਾ ਜਾਦੋ ਰਾਇ ਵੀ ਸਨ। 'ਲੱਖੀ ਜੰਗਲ' ਦੇ ਕਵੀ ਦਰਬਾਰ ਵਿਚ ਜੋ ਕਵਿਤਾਵਾਂ ਕਵੀਆਂ ਨੇ ਗਾਈਆਂ, ਉਹਨਾਂ ਵਿੱਚੋਂ ਇਕ ਇਹਨਾਂ ਦੀ ਰਚੀ ਹੋਈ ਵੀ ਸੀ:

ਜ਼ਰਾ ਨ ਡਰਾਂ ਜੇ ਸਿਟਿ ਘਤੀਵਾਂ, ਕੋਈ ਹਾ ਹੂ ਦੋਜ਼ਕ ਤਪੈ।
ਜ਼ਰਾ ਨ ਡਰਾਂ ਜੇ ਸਿਟਿ ਘਤੀਵਾਂ, ਕੋਈ ਮਾਤੋ ਹਾਥੀ ਅੱਗੈ।
ਜ਼ਰਾ ਨ ਡਰਾਂ ਬਿਧਾਤਾ ਕੋਲੋਂ, ਜਿਨਿ ਸਚੇ ਅੱਖਰ ਲਿਖੇ।
'ਜਾਦੋ' ਡਰਾਂ ਵਿਛੋੜੇ ਕਨੋਂ, ਮਤ ਰੱਬ ਵਿਛੋੜਾ ਘੱਤੇ।

ਜਿਸ ਤੋਂ ਪਤਾ ਲੱਗਦਾ ਹੈ ਕਿ ਆਪ ਪੰਜਾਬੀ ਦੇ ਉੱਤਮ ਕਵੀ ਵੀ ਸਨ। ਆਪ ਦੇ ਵਸੀਲੇ ਗੁਰੂ ਘਰੋਂ ਵਰਸਾਏ ਪ੍ਰਾਣੀਆਂ ਵਿੱਚੋਂ ਹੇਠ-ਲਿਖੇ ਦੋਵਾਂ ਨੇ ਉਦਾਸੀ ਭੇਖ ਧਾਰਨ ਕੀਤਾ:

1. ਬਾਬਾ ਕ੍ਰਿਸ਼ਨ ਦਾਸ
2. ਬਾਬਾ ਸ਼ਾਹ ਜੀ।

ਅੱਗੇ ਇਸ ਲੜੀ ਦਾ ਵਿਸਤਾਰ ਇਸ ਤਰ੍ਹਾਂ ਹੋਇਆ:

(ੳ) ਬਾਬਾ ਸ਼ਾਹ ਜੀ ਦਾ ਚੇਲਾ ਸਾਗਰ ਦਾਸ
(ਅ) ਬਾਬਾ ਸਾਗਰ ਦਾਸ ਦਾ ਕਲਪਤਿ ਦਾਸ
(ੲ) ਬਾਬਾ ਕਲਪਤਿ ਦਾਸ ਦਾ ਘਨੱਯਾ ਰਾਮ
(ਸ) ਬਾਬਾ ਭੂਮਾ ਰਾਮ ਦਾ ਰਾਮਦਾਸ 'ਨਿਰਬਾਣ'
(ਹ) ਬਾਬਾ ਰਾਮਦਾਸ ਜੀ ਦਾ ਕੁਸ਼ਲ ਦਾਸ
(ਕ,ਖ) ਬਾਬਾ ਕੁਸ਼ਲ ਦਾਸ ਦੇ ਦੋ ਚੇਲੇ: ਭਾਈ ਠਾਕੁਰ ਦਾਸ ਜੀ ਤੇ ਨਾਰਾਇਣ ਦਾਸ ਜੀ
(ਗ,ਘ) ਅਗਾੜੀ ਬਾਬਾ ਨਾਰਾਇਣ ਦਾਸ ਜੀ ਦੇ ਸੇਵਕ ਲਛਮਣ ਦਾਸ ਜੀ।

ਅਗਾੜੀ ਬਾਬਾ ਨਾਰਾਇਣ ਦਾਸ ਜੀ ਦੇ ਸੇਵਕ ਲਛਮਣ ਦਾਸ ਜੀ ਬੜੇ ਪ੍ਰਸਿੱਧ ਵਿਦਵਾਨ ਤੇ ਖੱਟ ਸ਼ਾਸਤਰੀ ਪੰਡਿਤ ਹੋਏ। ਆਪ ਗੁਰੂ ਗ੍ਰੰਥ ਸਾਹਿਬ ਜੀ ਤੇ ਹੋਰਨਾਂ ਗੁਰਮਤਿ ਦੇ ਗ੍ਰੰਥਾਂ ਦੀ ਕਥਾ ਬੜੇ ਪ੍ਰੇਮ ਤੇ ਦਲੀਲ ਨਾਲ ਕਰਦੇ ਹੁੰਦੇ ਸਨ। ਹੋਰਨਾਂ ਮੱਤਾਂ ਦੇ ਸਾਧੂਆਂ ਤੇ ਪੰਡਿਤਾਂ ਨਾਲ ਚਰਚਾ ਕਰਨ ਵਿਚ ਬੜੇ ਨਿਪੁੰਨ ਦਿਗਵਿਜਈ ਸਨ। ਆਪ ਦੇ ਪਾਸੋਂ ਵਿੱਦਿਆ ਪੜ੍ਹ ਕੇ ਸੰਮਤ 1948 ਬਿ: ਵਿਚ ਬਾਵਾ ਕ੍ਰਿਸ਼ਨਾ ਨੰਦ ਜੀ ਸੁਆਮੀ ਉਦਾਸੀ 'ਭੇਖ ਧਾਰ ਕੇ' ਗੁਰਮਤਿ ਦਾ ਪ੍ਰਚਾਰ ਕਰਨ ਲੱਗੇ। ਸੁਆਮੀ ਜੀ ਵੀ ਸੰਸਕ੍ਰਿਤ ਦੇ ਧੁਰੰਧਰ ਤੇ ਪ੍ਰਸਿੱਧ ਵਿਦਵਾਨ ਸਨ। ਆਪ ਗੁਰਮਤਿ ਦਾ ਪ੍ਰਚਾਰ ਕਰਨ ਹਿੱਤ ਤੀਰਥ ਯਾਤਰਾ ਦਾ ਬਹਾਨਾ ਬਣਾ ਕੇ ਪੂਰਬ ਦੇਸ਼ ਵਿਚ ਵਿਚਰੇ ਤਾਂ ਮੁਰਾਦਾਬਾਦ ਦੀ ਜੂਹ ਵਿਚ ਰਾਮ ਗੰਗਾ ਕੰਢੇ, ਉਸ ਟਿਕਾਣੇ ਟਿੱਕ ਗਏ, ਜਿਥੇ ਸ੍ਰੀ ਹਰਿਗੋਬਿੰਦ ਸਾਹਿਬ ਸੰਮਤ 1691 ਬਿ: ਵਿਚ ਬਾਬਾ ਅਲਮਸਤ ਜੀ ਦੀ ਸਹਾਇਤਾਰਥ ਨਾਨਕ ਮਤੇ ਜਾ ਕੇ, ਮੁੜਦੀ ਵਾਰ ਵਿਰਾਜੇ ਸਨ। ਇਥੇ ਆਪ ਨੇ ਧਰਮਸਾਲਾ ਕਾਇਮ ਕਰਕੇ ਗੁਰੂ ਸਾਹਿਬ ਦੀ ਯਾਦਗਾਰ ਥਾਪੀ। ਇਸ ਗੁਰਧਾਮ ਨੂੰ

ਆਪਣਾ ਪ੍ਰਚਾਰ ਕੇਂਦਰ ਬਣਾ ਕੇ ਆਲੇ-ਦੁਆਲੇ ਪ੍ਰਚਾਰ ਤੇ ਹੋਰਨਾਂ ਮੱਤਾਂ ਦੇ ਸਾਧੂਆਂ ਵਿਦਵਾਨਾਂ ਨਾਲ ਚਰਚਾ ਕਰਨ ਜਾਂਦੇ ਰਹੇ। ਆਪ ਜੀ ਨੇ ਕਾਂਸ਼ੀ ਤਕ ਜਾ ਕੇ ਪੰਡਿਤਾਂ ਨਾਲ ਚਰਚਾ ਵੀ ਕੀਤੀ। ਗੁਰੂ ਨਾਨਕ ਦੇਵ ਜੀ ਦੇ 'ਨਿਰੰਕਾਰੀ ਧਰਮ' ਨੂੰ ਸਭ ਤੋਂ ਸ੍ਰੇਸ਼ਟ ਤੇ ਸ਼੍ਰੋਮਣੀ ਸਿੱਧ ਕੀਤਾ।

ਬਾਬਾ ਪੂਰਨ ਦਾਸ : ਬਾਬਾ ਬਾਲੂ ਹੱਸਣਾ ਜੀ ਸੇਵਕ ਬਾਬਾ ਪੂਰਨ ਦਾਸ ਜੀ ਪਾਸੋਂ ਸਿਖਯਾ-ਦੀਖਿਯਾ ਪ੍ਰਾਪਤ ਕਰਕੇ, ਇਕ ਪ੍ਰੇਮੀ ਦਿਆਲ ਦਾਸ 'ਨਿਰਬਾਣ' ਬੜੇ ਉੱਦਮੀ ਸਾਧੂ ਹੋਏ। ਆਪ ਨੇ ਸਿੱਖ ਮਿਸਲਾਂ ਦੇ ਤੇਜ ਪ੍ਰਤਾਪ ਸਮੇਂ ਮਾਲਵੇ ਦੇਸ਼ ਦਾ ਰਟਨ ਕਰ ਕੇ ਬੜਾ ਨਿਗਰ ਮਸਾਲਾ ਸੰਗ੍ਰਹਿ ਕੀਤਾ। ਜਿਸ ਦਾ ਨਾਮ *ਦੌਰੇ ਦੀ ਸਾਖੀ* ਮਸ਼ਹੂਰ ਹੈ। ਇਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੋਂ ਸਤਿਗੁਰੂ ਗੋਬਿੰਦ ਸਿੰਘ ਮਹਾਰਾਜ ਦੇ, ਇਸ ਦੇਸ਼ ਨੂੰ ਗੁਰਮਤਿ ਦਾਨ ਕਰਨ ਦੇ ਸਮਾਚਾਰ ਹਨ। ਇਸ ਦੇ ਆਧਾਰ 'ਤੇ ਭਾਈ ਸੰਤੋਖ ਸਿੰਘ ਜੀ ਨੇ ਨੌਂਵੇਂ ਦਸਵੇਂ ਪਾਤਿਸ਼ਾਹਾਂ ਦੇ ਇਸ ਦੇਸ਼ ਨਾਲ ਸੰਬੰਧਿਤ ਸਮਾਚਾਰ ਲਿਖੇ ਹਨ। ਇਹਨਾਂ ਦੀ ਪੱਧਤੀ ਅੱਗੋਂ ਇਸ ਤਰ੍ਹਾਂ ਚੱਲੀ :

(ੳ) ਬਾਬਾ ਦਿਆਲ ਦਾਸ ਜੀ ਦਾ ਚੇਲਾ ਬਾਬਾ ਮਾਨ ਦਾਸ
(ਅ) ਬਾਬਾ ਮਾਨ ਦਾਸ ਦੇ ਸੇਵਾ ਦਾਸ ਤੇ
(ੲ) ਰੂੜ ਦਾਸ

ਰੂੜ ਦਾਸ ਦੇ ਚੇਲੇ ਸੰਸਾਰ ਵਿਰਤ ਵਿਹਾਰ ਤਿਆਗ ਕੇ 'ਉਦਾਸੀ' ਬਣੇ ਅਤੇ ਗੁਰਮਤਿ ਦਾ ਪ੍ਰਚਾਰ ਇਹਨਾਂ ਆਪਣੇ ਜੀਵਨ ਦਾ ਆਧਾਰ ਬਣਾਇਆ। ਇਹਨਾਂ ਵਿੱਚੋਂ ਬਾਬਾ ਸੇਵਾ ਦਾਸ ਪਾਸੋਂ ਨਾਮ ਤੇ ਪਾਹੁਲ ਪ੍ਰਾਪਤ ਕਰਕੇ : (ੳ) ਭਗਵਾਨ ਦਾਸ 'ਨਿਰਬਾਣ', (ਅ) ਨਰਾਇਣ ਦਾਸ, (ੲ) ਰਾਮ ਚੇਰਾ, (ਸ) ਗੁਰੀਆ ਸਾਹਿਬ 'ਨਿਰਬਾਣ', (ਹ) ਮੁਨੀ ਰਾਮ ਜੀ ਪੰਜ ਪ੍ਰਾਣੀ ਗੁਰਸਿੱਖ ਉਦਾਸੀ ਸੰਤ ਹੋਏ। ਅੱਗੋਂ ਬਾਬਾ ਨਾਰਾਇਣ ਦਾਸ ਜੀ ਦੀ ਨਾਦੀ ਪੀੜ੍ਹੀ ਇਸ ਤਰ੍ਹਾਂ ਜਾਰੀ ਰਹੀ :

(ੳ) ਬਾਬਾ ਨੰਦ ਦਾਸ ਜੇਠੇ ਚੇਲੇ
(ਅ) ਬਾਬਾ ਨੰਦ ਦਾਸ ਦੇ ਭਾਗਵਾਨ ਦਾਸ 'ਨਿਰਬਾਣ'
(ੲ) ਬਾਬਾ ਭਗਵਾਨ ਦਾਸ ਦੇ ਭਗਤ ਰਾਮ
(ਸ) ਬਾਬਾ ਭਗਤ ਰਾਮ ਦੇ ਕਰਣ ਦਾਸ ਤੇ ਸਯਾਮ ਦਾਸ ਦੇ ਚੇਲੇ ਉਦਾਸੀ ਬਿਰਤੀ ਦੇ ਧਾਰਨੀ ਹੋਏ।

ਫਿਰ ਸਯਾਮ ਦਾਸ ਜੀ ਦੇ ਚੇਲੇ :

(ੳ) ਬਾਬਾ ਗੋਪੀ ਰਾਮ ਜੀ ਹੋਏ, ਤਿੰਨ੍ਹਾਂ ਦੇ
(ਅ) ਬਾਬਾ ਸੋਭਾ ਰਾਮ
(ੲ) ਬਾਬਾ ਸੋਭਾ ਰਾਮ ਦੇ ਬਿਸ਼ਨ ਦਾਸ 'ਕਵੀ'।

ਬਾਬਾ ਸੇਵਾ ਦਾਸ ਜੀ ਦੇ ਤੀਜੇ ਸੇਵਕ ਬਾਬਾ ਰਾਮ ਚੇਰਾ ਜੀ ਦੀ ਲੜੀ ਅਗਾੜੀ ਇਉਂ ਚੱਲਦੀ ਆਈ :

(ੳ) ਬਾਬਾ ਜੀ ਦੇ ਪਹਿਲੇ ਚੇਲੇ ਦੇ ਸਹਿਜ ਰਾਮ ਤੋਂ
(ਅ) ਰਾਮ ਦਿੱਤਾ ਜੀ ਉਦਾਸੀਨ ਧਾਰਨਾ ਵਾਲੇ ਹੋਏ।

ਫਿਰ ਸਹਿਜ ਰਾਮ ਤੋਂ ਵੇਲ ਇਸ ਤਰ੍ਹਾਂ ਅੱਗੇ ਵਧੀ :

(ੳ) ਬਾਬਾ ਸਹਿਜ ਰਾਮ ਦੇ ਚੇਲੇ ਪ੍ਰੇਮ ਦਾਸ ਜੀ
(ਅ) ਪ੍ਰੇਮ ਦਾਸ ਦੇ ਭਗਤ ਰਾਮ 'ਨਿਰਬਾਣ'
(ੲ) ਭਗਤ ਰਾਮ ਦੇ ਟਹਿਲ ਦਾਸ 'ਨਿਰਬਾਣ' ਤੇ
(ਸ) ਹਰਿ ਪ੍ਰਕਾਸ਼ ਜੀ ਦੋ ਸੇਵਕ 'ਉਦਾਸੀ' ਬਣੇ।

ਉਪਰੰਤ ਬਾਬਾ ਟਹਿਲ ਦਾਸ 'ਨਿਰਬਾਣ' ਤੋਂ ਸ਼ਾਖ਼ ਇਸ ਤਰ੍ਹਾਂ ਨਿਕਲਦੀ ਹੈ :

(ੳ) ਬਾਬਾ ਨਿਰਬਾਣ ਦਾਸ ਤੋਂ ਬਾਬਾ ਨਿਰਮਲ ਦਾਸ ਜੀ
(ਅ) ਨਿਰਮਲ ਦਾਸ ਤੋਂ
  (1) ਦਇਆ ਰਾਮ,
  (2) ਮਸਤ ਰਾਮ,
  (3) ਬ੍ਰਹਮ ਬਾਲਾ,
  (4) ਗੁਰਮੁਖ ਦਾਸ ਤੇ
  (5) ਮਾਧੋ ਰਾਮ

ਪੰਜ ਚੇਲੇ 'ਉਦਾਸੀ' ਸਾਧੂ ਬਣ ਕੇ ਧਰਮ ਪ੍ਰਚਾਰ ਹਿਤ ਵਿਚਰਦੇ ਰਹੇ।

ਇਹਨਾਂ ਵਿੱਚੋਂ ਬਾਵਾ ਦਇਆ ਰਾਮ ਜੀ ਪਾਸੋਂ ਗੁਰਮੰਤ੍ਰ ਤੇ ਚਰਨ ਪਾਹੁਲ ਲੈ ਕੇ ਹਰਿ ਨਾਰਾਇਣ ਜੀ ਤੇ ਉਨ੍ਹਾਂ ਤੋਂ ਵਿਸ਼ਨੂੰ ਨਾਰਾਇਣ ਜੀ ਵਿਰੋਸਾਏ ਅਤੇ ਬਾਵਾ ਮਸਤ ਰਾਮ ਜੀ ਦੀ ਸੇਵਾ ਕਰ ਕੇ ਗੁਰਮਤਿ ਦਾ ਮੇਵਾ ਮਨੋਹਰ ਦਾਸ ਸਵਾਮੀ ਨੇ ਪ੍ਰਾਪਤ ਕੀਤਾ। ਅਤੇ ਬਾਬਾ ਬ੍ਰਹਮ ਬਾਲਾ ਜੀ ਪਾਸੋਂ ਸਿੱਖਿਆ-ਦੀਖਿਆ ਤਿੰਨਾਂ ਪ੍ਰੇਮੀਆਂ ਹਰੀ ਦਾਸ, ਭਗਵਾਨ ਦਾਸ 'ਨਿਰਬਾਣ' ਤੇ ਕ੍ਰਿਸ਼ਨ ਦਾਸ ਨੇ ਗ੍ਰਹਿਣ ਕੀਤੀ।

ਅਗਾੜੀ ਬਾਬਾ ਭਗਵਾਨ ਦਾਸ 'ਨਿਰਬਾਣ' ਦੇ ਆਗਿਆਕਾਰੀ ਚੇਲੇ : (1) ਜਮੁਨਾ ਦਾਸ, (2) ਹਰਿਕ੍ਰਿਸ਼ਨ ਦਾਸ, (3) ਜਵਾਹਰ ਦਾਸ, (4) ਅਮਰ ਦਾਸ ਤੇ (5) ਸ੍ਵਾਮੀ ਦਰਸ਼ਨਾ ਨੰਦ ਜੀ 'ਨਿਰਬਾਣ' ਉਦਾਸੀ ਵਿੱਦਿਤ ਹੋਏ।

ਅਗਾਂਹ ਸੰਤ ਜਮੁਨਾ ਦਾਸ 'ਨਿਰਬਾਣ' ਨੇ ਆਪਣੇ ਸੇਵਕ ਕੇਸਰ ਦਾਸ ਨੂੰ ਗੁਰਸਿੱਖ ਸਜਾਇਆ ਅਰ ਨਿਰਬਾਣ ਹਰਿਕ੍ਰਿਸ਼ਨ ਦਾਸ ਨੇ ਰਾਮਦਾਸ ਤੇ ਚੇਤਨ ਦਾਸ ਨੂੰ 'ਨਿਰਬਾਣ' ਬਣਾਇਆ।

ਮਹਾਤਮਾ ਭਗਵਾਨ ਦਾਸ ਜੀ 'ਨਿਰਬਾਣ' ਪਾਸੋਂ ਗੁਰਮਤਿ ਗਾਡੀ ਰਾਹ ਦਾ ਗਿਆਨ ਪ੍ਰਾਪਤ ਕਰ ਕੇ, ਸਵਾਮੀ ਹੰਸਦੇਵ, ਗਯਾਨੀ ਪ੍ਰੀਤਮ ਦਾਸ ਤੇ ਬਿਸ਼ਨ ਦਾਸ ਜੀ ਉਦਾਸ ਬ੍ਰਿਤਿ ਧਾਰੀ ਸਾਧੂ ਹੋਏ। ਜਿਨ੍ਹਾਂ ਵਿੱਚੋਂ ਸ੍ਵਾਮੀ ਹੰਸਦੇਵ 'ਅਵਧੂਤ' ਬਿਰਤੀ ਵਿਚ ਬ੍ਰਹਮ ਗਿਆਨ ਹੋਏ ਤੇ ਗੁਰਮਤਿ ਦਾ ਪ੍ਰਚਾਰ ਕਰਦੇ ਰਹਿੰਦੇ ਸਨ। ਗਯਾਨੀ ਪ੍ਰੀਤਮ ਦਾਸ ਜੀ ਗੁਰਮਤਿ ਦੇ ਬੜੇ ਖੋਜੀ ਵਿਦਵਾਨ ਸਨ; ਜੋ ਹਰਿਦੁਆਰ ਰਿਖੀਕੇਸ਼ ਟਿਕਦੇ ਸਨ ਅਤੇ ਬਾਵਾ ਬਿਸ਼ਨ ਦਾਸ ਜੀ ਵੀ ਗੁਰਮਤਿ ਗਾਡੀ ਮਾਰਗ ਦਾ ਪ੍ਰਚਾਰ ਕਰਦੇ ਰਹਿੰਦੇ ਸਨ।

ਸ੍ਰੀ ਨਿਰਬਾਣ ਭਗਵਾਨ ਦਾਸ ਜੀ ਦੇ ਗੁਰਭਾਈ ਬਾਵਾ ਦਰਸ਼ਨਾ ਨੰਦ ਜੀ ਪਾਸੋਂ ਗੁਰਮਤਿ ਸਿੱਖਿਆ ਲੈ ਕੇ ਸਵਾਮੀ ਵਾਸੁਦੇਵ ਜੀ ਵਿਰੋਸਾਏ ਅਰ ਬਾਵਾ ਕਿਸ਼ਨ ਦਾਸ ਪਾਸੋਂ ਗੁਰ-ਸਿੱਖਿਆ ਗ੍ਰਹਿਣ ਕਰ ਕੇ ਬਾਬਾ ਕਾਨ੍ਹ ਦਾਸ ਜੀ। ਨਿਰਬਾਣ ਟਹਿਲ ਦਾਸ ਜੀ ਦੇ ਜੇਠੇ ਚੇਲੇ ਬਾਵਾ ਨਿਰਮਲ ਦਾਸ ਜੀ ਸੇਵਾ ਕਰ ਕੇ, ਗੁਰਮੁਖ ਦਾਸ ਜੀ ਨਿਰੰਕਾਰੀ ਧਰਮਧਾਰੀ ਹੋਏ ਤੇ ਉਹਨਾਂ ਨੇ ਅਗਾਂਹ ਗੋਪਾਲ ਦਾਸ ਜੀ ਨੂੰ ਉਦਾਸੀ ਭੇਖ ਰੰਗ ਚਾੜ੍ਹਿਆ।

ਬਾਵਾ ਨਿਰਮਲ ਦਾਸ ਜੀ ਦੇ ਪੰਜਵੇਂ ਚੇਲੇ ਮਾਧੋ ਦਾਸ ਨੂੰ ਆਪਣੇ ਸੇਵਕ ਚਤੁਰ ਦਾਸ ਦੀ ਸੇਵਾ ਪੁਰ ਰੀਝ ਕੇ ਨਾਮ ਦਾਨ ਬਖ਼ਸ਼ਿਆ।

ਬਾਬਾ ਸਹਿਜ ਰਾਮ ਜੀ ਦੇ ਪੋਤਰੇ ਚੇਲੇ ਭਗਤ ਰਾਮ 'ਨਿਰਬਾਣ' ਦੇ ਦੂਜੇ ਸੇਵਕ ਸਨ—ਹਰਿ ਪ੍ਰਕਾਸ਼ ਜੀ। ਉਹਨਾਂ ਦੀ ਪੀੜ੍ਹੀ ਅੱਗੋਂ ਇਉਂ ਇਸ ਤਰ੍ਹਾਂ ਚੱਲੀ। ਆਪ ਦੀ ਸੇਵਾ ਕਰਕੇ ਗੋਪਾਲ ਦਾਸ ਨੇ ਨਾਮ ਦਾਨ ਪ੍ਰਾਪਤ ਕੀਤਾ। ਉਹਨਾਂ ਨੇ ਪਰਮਾਨੰਦ ਜੀ ਨੂੰ ਗੁਰਸਿੱਖ ਸਜਾਇਆ ਅਰੁ ਪਰਮਾਨੰਦ ਜੀ ਨੇ ਸਦਾਨੰਦ ਤੇ ਵਿਸੁਧਾ ਨੰਦ ਦੇ ਸੇਵਕਾਂ ਨੂੰ ਗੁਰੂ ਨਾਨਕ ਦੇਵ ਦੇ ਚਰਨਾਂ ਨਾਲ ਨੇਹੁ ਲਵਾਇਆ।

ਬਾਬਾ ਬਾਲੂ ਹੱਸਣਾ ਜੀ ਦੇ ਪੋਤਰੇ ਚੇਲੇ ਦਿਆਲ ਦਾਸ 'ਨਿਰਬਾਣ' ਦੀ ਸ਼ਾਖ਼ ਵਿਚ ਚੌਥੇ ਥਾਂ ਬਾਵਾ ਸੇਵਾ ਦਾਸ ਜੀ ਹੋਏ ਤੇ ਉਹਨਾਂ ਦੇ ਚੌਥੇ ਸੇਵਕ ਗੁਰੀਆ ਸਾਹਿਬ ਨਿਰਬਾਣ ਜੀ ਪਾਸੋਂ ਨਾਮ ਦਾਨ ਲੈ ਕੇ ਸੁਲੱਖਣਾ ਦਾਸ ਤੇ ਕਮਲ ਸਾਹਿਬ ਦੋ ਪ੍ਰਾਣੀ ਵਿਰੋਸਾਏ। ਅਗਾਂਹਾਂ ਉਹਨਾਂ ਦੀ ਸ਼ਾਖ਼ ਇਸ ਪ੍ਰਕਾਰ ਵੱਧਦੀ ਚਲੀ ਆਈ: (ੳ) ਨਿਰਬਾਣ ਜੀ ਪਾਸੋਂ ਸੁਲੱਖਣਾ ਦਾਸ, (ਅ) ਸੁਲੱਖਣਾ ਦਾਸ ਪਾਸੋਂ ਹਜ਼ੂਰੀ ਦਾਸ, (ੲ) ਹਜ਼ੂਰੀ ਦਾਸ ਪਾਸੋਂ ਸੁਖਨ ਦਾਸ, (ਸ) ਸੁਖਨ ਦਾਸ ਕੋਲੋਂ ਗੁਰਦਿਆਲ ਦਾਸ, (ਹ) ਗੁਰਦਿਆਲ ਜੀ ਤੋਂ ਰਾਮ ਦਾਸ, (ਕ) ਰਾਮਦਾਸ ਜੀ ਪਾਸੋਂ ਮਹਿਤਾਬ ਦਾਸ ਤੇ (ਖ) ਮਹਿਤਾਬ ਦਾਸ ਪਾਸੋਂ ਗੁਰ-ਦੀਖਿਆ ਗ੍ਰਹਿਣ ਕਰ ਕੇ ਬਿਸ਼ਨ ਦਾਸ ਗੁਰਸਿੱਖ ਉਦਾਸੀ ਸਾਧੂ ਬਣੇ। ਜਿਨ੍ਹਾਂ ਨੇ ਸਿੱਖਾਂ ਵਿਚ ਇਕ ਨਵੀਂ ਸੰਪ੍ਰਦਾਇ 'ਗਹਿਰ ਗੰਭੀਰ ਮਤਿ' ਖੜੀ ਕਰਨ ਦਾ ਯਤਨ ਕੀਤਾ। ਆਪਣਾ ਆਸ਼੍ਰਮ ਸਿਰੰਦ ਦੇ ਖੋਲਿਆਂ ਵਿਚ ਕਾਬਲੀ ਪਠਾਣਾਂ ਦੇ ਮਕਬਰਿਆਂ ਪਾਸ ਬਣਾਇਆ। ਆਪਣੇ 'ਮਤਿ' ਦੇ ਪ੍ਰਚਾਰ ਰੋਪੜ ਸ਼ਹਿਰ ਵਿਚ 'ਗਹਿਰ ਗੰਭੀਰ ਪ੍ਰੈਸ' ਲਾ ਕੇ 'ਗਹਿਰ ਗੰਭੀਰ ਗ਼ਜ਼ਟ' ਮਾਸਕ ਪੱਤਰ ਜਾਰੀ ਕੀਤਾ। ਇਹ ਬਾਵਾ ਜੀ 'ਸਾਧੂ ਬੇਲਾ' ਸੱਥਰ ਦੇ ਮਹੰਤਾਂ ਵਾਂਙੂ ਅੰਮ੍ਰਿਤਧਾਰੀ ਸਿੰਘਾਂ ਦੇ ਕੱਟੜ ਵਿਰੋਧੀ ਬੜੇ ਭੇੜੂ ਤੇ ਗਾਲੜੀ ਉਦਾਸੀ ਹੋਏ। ਇਹਨਾਂ ਦਾ ਦੇਹਾਂਤ ਪਾਕਿਸਤਾਨੀ ਘੱਲੂਘਾਰੇ ਤੋਂ ਥੋੜ੍ਹਾ ਕੁ ਸਮਾਂ ਪਹਿਲਾਂ ਹੋਇਆ। ਇਹਨਾਂ ਦੇ ਨਾਲ 'ਆਸ਼੍ਰਮ ਤੇ ਮਤਿ' ਆਦਿ ਵੀ ਖ਼ਤਮ ਹੋ ਗਏ।

ਬਾਬਾ ਗੁਰੀਆ ਸਾਹਿਬ ਦੇ ਦੂਜੇ ਸੇਵਕ ਬਾਬਾ ਕਮਲ ਸਾਹਿਬ ਬੜੀ ਕਠਿਨ ਤਪੱਸਿਆ ਕਰਨ ਵਾਲੇ ਪਰਮ ਉਪਦੇਸ਼ਕ ਹੋਏ ਹਨ। ਉਨ੍ਹਾਂ ਦੀ ਕਰਾਮਾਤ ਇਹ ਦੱਸੀ ਜਾਂਦੀ ਹੈ ਕਿ ਉਹ ਕਮਲ ਫੁੱਲ 'ਤੇ ਆਸਣ ਜਮਾ ਕੇ ਸਮਾਧੀ ਸਥਿਤ ਹੁੰਦੇ ਸਨ। ਇਸੇ ਕਰਕੇ ਉਹਨਾਂ ਦਾ ਇਹ ਨਾਂ ਪੈ ਗਿਆ। ਇਹਨਾਂ ਦੀ ਸੇਵਾ ਕਰ ਕੇ, ਬਾਵਾ ਖ਼ਿਆਲੀ ਸਾਹਿਬ ਨੇ ਗੁਰੂ ਬਾਬਾ ਨਾਨਕ ਵਾਲੀ ਉਦਾਸ ਬਿਰਤੀ ਧਾਰਨ ਕੀਤੀ।

3. ਤੀਜਾ ਧੂਣਾ ਬਾਬਾ ਗੋਇੰਦ ਸਾਹਿਬ ਜੀ

ਬਾਬਾ ਗੋਇੰਦ ਸਾਹਿਬ ਜੀ ਦਾ ਜਨਮ ਸ੍ਰੀਨਗਰ (ਕਸ਼ਮੀਰ) ਨਿਵਾਸੀ ਜੈ ਦੇਵ ਖੱਤਰੀ ਦੇ ਘਰ ਮਾਤਾ ਸੁਭਦਰਾ ਦੇ ਉਦਰ ਤੋਂ ਸੰਮਤ ਸੋਲ੍ਹਾਂ ਸੈ ਛਬੀ ਮਿਤੀ 28 ਸਾਵਣ ਪੁੰਨਿਆ ਬੁੱਧਵਾਰ ਨੂੰ ਹੋਇਆ। ਜਦੋਂ ਕਿ ਸਤਿਗੁਰੂ ਨਾਨਕ ਪੀਰਾਨ ਪੀਰ ਦੀ ਗੱਦੀ ਪੁਰ ਸ੍ਰੀ ਗੁਰੂ ਅਮਰਦਾਸ ਜੀ ਵਿਰਾਜ ਰਹੇ ਸਨ ਤੇ ਬਾਬਰ ਮੀਰ ਦੇ ਰਾਜ ਸਿੰਘਾਸਣ ਪੁਰ ਅਕਬਰ ਬਾਦਸ਼ਾਹ ਵਿਰਾਜਮਾਨ ਸੀ।

ਜਦੋਂ ਬਾਬਾ ਜੀ ਤੀਹ ਕੁ ਸਾਲ ਦੇ ਹੋਏ ਤਾਂ ਕਿਸੇ ਨਾਨਕਸ਼ਾਹੀ ਫ਼ਕੀਰ ਦੇ ਦਰਸ਼ਨ ਹੋਏ। ਉਸ ਨੇ ਦੱਸਿਆ ਕਿ ਸਤਿਗੁਰੂ ਨਾਨਕ ਅੱਜ-ਕੱਲ੍ਹ ਆਪਣੇ ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜਾਮੇ ਵਿਚ ਜੋਤ ਜਗਾ ਰਹੇ ਹਨ। ਗੁਰਸਿੱਖੀ ਧਾਰਣ ਦੀ ਅਭਿਲਾਖਾ ਨਾਲ ਵਤਨ ਛੱਡ ਕੇ ਪੰਜਾਬ ਆਏ। ਸੰਮਤ ਸੋਲ੍ਹਾਂ ਸੈ ਤਰਵੰਜਾ ਫੱਗਣ ਮਹੀਨੇ ਸਤਿਗੁਰੂ ਜੀ ਆਪਣੇ ਵਸਾਏ ਨਵੇਂ ਨਗਰ ਕਰਤਾਰਪੁਰ ਬਿਰਾਜ ਰਹੇ ਸਨ। ਇਥੇ ਪਹੁੰਚ ਕੇ ਬਾਬਾ ਗੋਇੰਦ ਜੀ ਨੇ ਸਤਿਗੁਰੂ ਜੀ ਦੇ ਦਰਸ਼ਨ ਦੀਦਾਰ ਕੀਤੇ ਅਤੇ ਚਰਨਾਮ੍ਰਿਤ ਤੇ ਗੁਰ-ਮੰਤ੍ਰ ਲੈ ਕੇ ਗੁਰਸਿੱਖ ਬਣੇ। ਆਪ ਨੇ ਉਦੋਂ ਤੋਂ ਹੀ ਸਿਰ ਸਤਿਗੁਰਾਂ ਪਾਸ ਵੇਚ ਦਿੱਤਾ ਤੇ ਗੁਰੂ ਦੀ ਗਾਖੜੀ ਸੇਵਾ ਨੂੰ ਹੀ ਆਪਣਾ ਪਰਮ ਧਰਮ ਬਣਾ ਲਿਆ। ਨਾ ਘਰ ਗਏ ਤੇ ਨਾ ਹੀ ਦੁਨੀਆਦਾਰੀ ਵੱਲ ਅੱਖ ਚੁੱਕ ਕੇ ਵੇਖਿਆ। ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੇਵਾ ਵਿਚ ਵੀ ਉਸੇ ਤਰ੍ਹਾਂ ਹੀ ਤਤਪਰ ਰਹੇ। ਸੰਮਤ ਸੋਲ੍ਹਾਂ ਸੈ ਚਉਰਾਨਵੇਂ ਵਿਖੇ ਜਦੋਂ ਗੁਰੂ ਸਾਹਿਬ ਕੀਰਤਪੁਰ ਪਧਾਰੇ; ਤਾਂ ਗੋਇੰਦ ਜੀ ਵੀ ਸੇਵਾ ਵਿਚ ਹਾਜ਼ਰ ਸਨ। ਦੁਨੀਆਦਾਰੀ ਤੋਂ ਉਦਾਸ ਬਿਰਤੀ ਜਾਂਚ ਕੇ ਤੇ ਘਾਲ ਕਮਾਈ ਤੋਂ ਪ੍ਰਸੰਨ ਹੋ ਕੇ ਇਸੇ ਵਰ੍ਹੇ 12 ਅੱਸੂ ਸੁਦੀ 8 ਸਾਹਿਬਾਂ ਨੇ ਇਹਨਾਂ ਨੂੰ ਵੀ 'ਉਦਾਸੀ ਭੇਖ ਰੀਤਿ' ਬਖ਼ਸ਼ੀ। ਅਰੁ ਚਰਨਾਮ੍ਰਿਤ ਤੇ ਗੁਰਮੰਤ੍ਰ ਬਖ਼ਸ਼ਿਆ। ਸਿੱਖ ਧਰਮ ਦਾ ਪ੍ਰਚਾਰ ਕਰਨ ਦੇ ਅਧਿਕਾਰ ਪ੍ਰਦਾਨ ਕੀਤੇ। ਆਪ ਜੀ ਨੂੰ ਕੀਰਤਪੁਰ ਦੀ ਗੱਦੀ ਬਖ਼ਸ਼ੀ ਤੇ ਆਪ ਜੀ ਕੀਰਤਪੁਰ ਦੇ ਇਰਦ-ਗਿਰਦ ਪਿੰਡਾਂ ਵਿਚ ਖ਼ਾਸ ਕਰਕੇ ਦੁਆਬੇ ਵਿਚ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ। ਫਿਰ ਕੁੱਝ ਦਿਨ ਫਿਲੌਰ ਵਿਚ ਰਹੇ ਤੇ ਇਥੇ ਹੀ ਸੰਮਤ ਸਤਾਰਾਂ ਸੌ ਛੇ (1706) ਨੂੰ ਮਿਤੀ ਅੱਸੂ ਵਦੀ ਪੰਚਮੀ ਨੂੰ ਆਪ ਦਾ ਦੇਹਾਂਤ ਹੋਇਆ। ਆਪ ਜੀ ਦੀ ਸਮਾਧ ਵੀ ਇਥੇ ਹੀ ਬਣੀ ਹੋਈ ਹੈ।

ਇਸ ਧੂਣੇ ਦਾ ਵਿਸਥਾਰ ਬਹੁਤ ਘੱਟ ਹੋਇਆ ਮਿਲਦਾ ਹੈ। ਬਾਬਾ ਗੋਇੰਦ ਜੀ ਪਾਸੋਂ ਜਿਨ੍ਹਾਂ ਜਗਿਆਸੂਆਂ ਨੇ ਸਿੱਖਿਆ-ਦੀਖਿਆ ਲਈ, ਉਹਨਾਂ ਵਿੱਚੋਂ ਭਾਈ ਕਮਲ ਨੈਨ, ਗੁਰਮੁਖੀਆ ਤੇ ਸੁਰਤ ਰਾਮ ਸੀ।

4. ਚੌਥਾ ਧੂਣਾਂ ਬਾਬਾ ਫੂਲ ਸਾਹਿਬ ਜੀ

ਬਾਬਾ ਫੂਲ ਜੀ, ਬਾਬਾ ਗੋਇੰਦ ਜੀ ਦੇ ਛੋਟੇ ਭਾਈ ਸਨ। ਬਾਬਾ ਫੂਲ ਜੀ ਦਾ ਜਨਮ ਸੰਮਤ ਸੋਲ੍ਹਾਂ ਸੈਂ ਤੀਹ ਮਿਤੀ 15 ਫੱਗਣ ਵਦੀ ਅੱਠਿਓਂ ਐਤਵਾਰ ਨੂੰ ਮਾਤਾ ਸੁਭਦਰਾ ਦੇ ਉਦਰ ਤੋਂ ਪਿਤਾ ਜੈ ਦੇਵ ਦੇ ਘਰ ਸ੍ਰੀਨਗਰ (ਕਸ਼ਮੀਰ) ਵਿਚ ਹੀ ਹੋਇਆ।

(ਮਾਤ੍ਰਾ ਬਾਬਾ ਕਾਂਸੀ ਰਾਮ, ਛੰਦ 92-93) ਤੀਹ ਇਕੱਤੀਹ ਵਰ੍ਹੇ ਦੀ ਉਮਰ ਵਿਚ ਆਪ ਜੀ ਨੇ ਵੀ ਆਪਣੇ ਵੱਡੇ ਭਰਾਤਾ ਦੀ ਤਰ੍ਹਾਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਵਿਚ ਰਾਮਦਾਸਪੁਰ ਹਾਜ਼ਰ ਹੋ ਕੇ ਸੰਮਤ ਸੋਲ੍ਹਾਂ ਸੈ ਇਕਾਹਠ ਮਿਤੀ 23 ਚੇਤਰ ਪੁੰਨਿਆਂ ਐਤਵਾਰ ਨੂੰ ਸਤਿਗੁਰੂ ਨਾਨਕ ਦੇਵ ਜੀ ਗੁਰਮਤਿ ਮਾਰਗ ਧਾਰਨ ਕੀਤਾ। ਫਿਰ ਗੁਰੂ ਘਰ ਜੋਗੇ ਹੀ ਹੋ ਗਏ। ਗ੍ਰਿਹਸਤ ਧਰਮ ਦੀਆਂ ਖੇਚਲਾਂ ਤੋਂ ਆਪਣੇ ਆਪ ਨੂੰ ਸੰਕੋਚ ਕੇ ਬ੍ਰਹਮਚਾਰੀ ਹੀ ਰਹੇ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਹਜ਼ੂਰ ਰਹਿ ਕੇ ਵੀ ਸਖ਼ਤ ਘਾਲਣਾ ਘਾਲਦੇ ਰਹੇ। ਜਿਸ ਤੋਂ ਪ੍ਰਸੰਨ ਹੋ ਕੇ ਤੇ ਇਹਨਾਂ ਦੀ ਬਿਰਤੀ ਗ੍ਰਿਹਸਤ ਵੱਲੋਂ ਉਪਰਾਮ ਦੇਖ ਕੇ ਆਪ ਨੂੰ ਸੰਮਤ ਸੋਲ੍ਹਾਂ ਸੈ ਤ੍ਰਿਆਨਵੇਂ (1693) ਵਿਚ ਮਿਤੀ 25 ਮਾਘ ਸੁਦੀ ਪੰਚਮੀ ਸ਼ਨੀਵਾਰ ਤੋਂ ਉਦਾਸੀ ਭੇਖ ਤੇ 'ਗੀਤਿ' ਧਾਰਨ ਕਰਾ ਦਿੱਤੀ।

ਸੰਮਤ 1694 ਮਿਤੀ 13 ਅੱਸੂ ਸੁਦੀ ਨੌਮੀ ਐਤਵਾਰ ਤੋਂ ਸਤਿਗੁਰਾਂ ਨੇ ਬਾਬਾ ਜੀ ਨੂੰ ਦੁਆਬੇ ਦੇਸ਼ ਵਿਚ ਹੁਸ਼ਿਆਰਪੁਰ ਦੇ ਇਲਾਕੇ ਵਿਚ ਧਰਮ ਪ੍ਰਚਾਰ ਕਰਨ ਭੇਜ ਦਿੱਤਾ। ਅੱਗੋਂ ਅਭਿਲਾਖੀਆਂ ਨੂੰ ਗੁਰਮੰਤ੍ਰ ਤੇ ਚਰਨਾਮ੍ਰਿਤ ਦੇਣ ਦਾ ਅਧਿਕਾਰ ਅਤੇ ਗੱਦੀ ਚੱਲਣ ਦਾ ਵਰ ਵੀ ਬਖ਼ਸ਼ਿਆ। ਬਾਬਾ ਜੀ ਆਗਿਆ ਮੰਨ ਕੇ ਬਹਾਦੁਰਪੁਰ ਪਿੰਡ ਦੀ ਜੂਹ ਵਿਚ ਆ ਬੈਠੇ। ਸਹਿਜੇ ਸਹਿਜੇ ਧਰਮ ਸੁਗੰਧੀ ਦੇ ਮੁਸ਼ਤਾਕ ਅਨੇਕਾਂ ਜਗਿਆਸੂ ਭੌਰੇ ਸੰਤਾਂ ਦੇ ਚਰਨ ਕਮਲਾਂ ਗਿਰਦੇ ਗੁਜ਼ਾਰਨ ਲੱਗ ਪਏ। ਗੁਰਸਿੱਖੀ ਦੀ ਸੁਗੰਧੀ ਤੋਂ ਨਾਮ ਰਸ ਪ੍ਰਾਪਤ ਕਰ ਕੇ ਕਰਮਾਂ ਵਾਲੇ ਅਨੇਕਾਂ ਪ੍ਰਾਣੀ ਵਿਗੋਸਾਏ। ਆਪ ਜੀ ਨੇ ਧਰਮਸਾਲਾ ਵੀ ਬਣਵਾਈ। ਗੁਰਬਾਣੀ ਦੀ ਕਥਾ ਕੀਰਤਨ ਦਾ ਰੰਗ ਬੱਝ ਗਿਆ।

ਕੁਝ ਸਮਾਂ ਆਪ ਜੀ ਇਸ ਟਿਕਾਣੇ 'ਤੇ ਰਹੇ। ਫਿਰ ਦੇਸ਼ ਰਟਨ ਅਤੇ ਗੁਰੂ-ਅਸਥਾਨਾਂ ਦੇ ਦਰਸ਼ਨਾਂ ਦੀ ਅਭਿਲਾਖਾ ਉਛਾਲੇ ਮਾਰਨ ਲੱਗੀ। ਬੇਬੱਸ ਹੋ ਕੇ ਨਿਕਲ ਤੁਰੇ। ਧਰਮਸਾਲ ਦੀ ਸੇਵਾ-ਸੰਭਾਲ ਤੇ ਪ੍ਰਬੰਧ ਸੇਵਕਾਂ ਨੂੰ ਸੌਂਪ ਗਏ। ਸੰਮਤ ਸਤਾਰਾਂ ਸੈ ਸੱਤ ਮਿਤੀ ਮਾਘ ਸੁਦੀ ਪੰਚਮੀ ਨੂੰ ਯਾਤਰਾ ਤੋਂ ਮੁੜੇ। ਫਿਰ ਕਿਧਰੇ ਨਹੀਂ ਗਏ। ਸੰਮਤ ਸਤਾਰਾਂ ਸੈ ਵੀਹ ਮਿੱਤੀ ਹਾੜ ਵਦੀ ਪੰਚਮੀ ਨੂੰ ਬਹਾਦੁਰਪੁਰ ਵਿਚ ਹੀ ਆਪ ਨੇ ਸਰੀਰ ਤਿਆਗ ਦਿੱਤਾ। ਸੇਵਕਾਂ ਨੇ ਆਪ ਜੀ ਦੀ ਸਮਾਧ ਬਣਾਈ, ਉਹ ਹੁਣ ਤਕ ਮੌਜੂਦ ਹੈ।

ਆਪ ਜੀ ਦੀ ਦਇਆ-ਦ੍ਰਿਸ਼ਟੀ ਨਾਲ ਜਿਤਨੇ ਕੁ ਗੁਰਸਿੱਖ ਬਣੇ, ਉਨ੍ਹਾਂ 'ਚੋਂ ਚਰਨ ਸ਼ਾਹ ਤੇ ਦੱਖਣੀ ਰਾਮ ਨੇ ਜਗਤ ਨਾਲੋਂ ਨਾਤਾ ਤੋੜ ਕੇ ਉਦਾਸੀ ਬਾਣਾ ਧਾਰਿਆ। ਅਰ ਜੇਠੇ ਚੇਲੇ ਹੋਣ ਕਰਕੇ ਚਰਨ ਸ਼ਾਹ ਦੀ ਬਹਾਦੁਰਪੁਰ ਵਾਲੀ ਧਰਮਸਾਲ ਦੇ ਮਹੰਤ ਨੀਯਤ ਹੋਏ।

ਬਾਬਾ ਚਰਨ ਸ਼ਾਹ ਜੀ : ਆਪ ਜੀ ਦਾ ਜਨਮ ਸੰਮਤ ਸੋਲ੍ਹਾਂ ਸੈਂ ਸਤੱਤਰ ਮਿਤੀ 6 ਭਾਦਰੋਂ ਵਦੀ ਸਤਿਓਂ ਵੀਰਵਾਰ ਨੂੰ ਜਲੰਧਰ ਵਿਖੇ ਹੋਇਆ। ਸੰਮਤ ਸਤਾਰਾਂ ਸੈਂ ਦੋ ਵਿਚ, ਜਿਸ ਵੇਲੇ ਬਾਬਾ ਫੂਲ ਸ਼ਾਹ ਜੀ ਗੁਰ-ਤੀਰਥਾਂ ਦੀ ਯਾਤਰਾ ਕਰਦੇ ਵਿਚਰ ਰਹੇ ਸਨ, ਬਾਬਾ ਜੀ ਨੂੰ ਸੰਤ-ਚਰਨ ਦੀ ਛੋਹ ਪ੍ਰਾਪਤ ਹੋਈ। ਉਸੇ ਦਿਨ ਤੋਂ ਇਹਨਾਂ

ਦੇ ਜਗਿਆਸੂ ਮਨ ਦੀ ਸੂਈ ਬਾਬਾ ਜੀ ਦੇ ਚਰਨ-ਚੁੰਬਕ ਨਾਲ ਖਿੱਚੀਦੀਂ ਫਿਰਦੀ ਰਹੀ। ਓੜਕ ਮੁਸ਼ੱਕਤਾਂ ਘਾਲਣ ਦਾ ਫਲ 'ਨਾਮ ਦਾਨ ਤੇ ਚਰਨਾਮ੍ਰਿਤ' ਸੰਮਤ ਸੈਂ ਬਾਰ੍ਹਾਂ ਮਿਤੀ ਕੱਤਕ ਵਦੀ ਚਉਦੇਂ ਨੂੰ ਹਾਸਲ ਹੋਇਆ। ਬਾਬਾ ਫੂਲ ਸ਼ਾਹ ਜੀ ਨੇ ਸਰੀਰ ਤਿਆਗਣ ਤੋਂ ਪਹਿਲਾਂ ਸਤਿਗੁਰੂ ਹਰਿਗੋਬਿੰਦ ਜੀ ਪਾਸੋਂ ਮਿਲੇ ਭੇਖ ਦੇ ਅਧਿਕਾਰ ਬਾਬਾ ਜੀ ਨੂੰ ਬਖ਼ਸ਼ ਕੇ 'ਉਦਾਸੀ ਸਾਧੂ' ਬਣਾ ਲਿਆ।

ਬਾਬਾ ਚਰਨ ਸ਼ਾਹ ਨੇ ਸਾਢੇ ਸਤ ਕੁ ਵਰ੍ਹੇ ਧਰਮਸਾਲ ਬਹਾਦੁਰਪੁਰ ਦੀ ਮਹੰਤੀ ਕੀਤੀ। ਇਸ ਸਮੇਂ ਜਿਤਨੇ ਕੁ ਪ੍ਰਾਣੀ ਸਿੱਖੀ ਧਰਮ ਧਾਰ ਕੇ ਵਰੋਸਾਏ, ਉਹਨਾਂ ਵਿੱਚੋਂ ਪ੍ਰਮੁੱਖ ਇਸ ਪ੍ਰਕਾਰ ਹਨ :

ਬਾਬਾ ਮਨੀਕ ਸ਼ਾਹ : ਬਾਬਾ ਮਨੀਕ ਸ਼ਾਹ ਉਦਾਸੀ ਬਣਿਆ। ਅਰ ਫੇਰ ਸਮਾਂ ਪਾ ਕੇ ਬਹਾਦੁਰਪੁਰ ਦੀ ਗੱਦੀ 'ਤੇ ਬੈਠਿਆ। ਅੱਗੋਂ ਇਹਨਾਂ ਦੀ ਪੀੜ੍ਹੀ ਇਉਂ ਚੱਲੀ— ਬਾਬਾ ਮਨੀਕ ਸ਼ਾਹ ਤੋਂ ਅੱਗੇ ਦੱਖਣੀ ਸ਼ਾਹ, ਗੁਰਬਖ਼ਸ਼ ਸ਼ਾਹ, ਕਰਮ ਦਾਸ, ਸੰਤ ਦਾਸ, ਸਰਮੁਖ ਦਾਸ, ਬਾਲਕ ਰਾਮ, ਬ੍ਰਹਮ ਦਾਸ, ਮੰਗਲ ਦਾਸ, ਸਾਹਿਬ ਦਾਸ, ਗੁਰਮੁਖ ਦਾਸ ਤੇ ਆਦਿ ਰਾਮ ਜੀ; ਜੋ ਬਰਾਰ ਦੇਸ਼ ਵਿਚ ਬੁਠਲਾਣਾ ਜ਼ਿਲ੍ਹੇ ਦੇ 'ਚੀਖਲੀ' ਨਗਰ ਵਿਚ ਬਣੇ ਗੁਰੂ ਨਾਨਕ ਦੇਵ ਦੇ ਯਾਦਗਾਰੀ ਅਸਥਾਨ ਦੀ ਸੇਵਾ-ਸੰਭਾਲ ਪੁਰ ਨਿਯਤ ਹਨ।

ਬਾਬਾ ਲੱਛੀ ਰਾਮ ਬਾਬਾ ਮਨੀਕ ਸ਼ਾਹ ਦੇ ਦੂਜੇ ਸ਼ਿਸ਼ ਸਨ। ਜਿਨ੍ਹਾਂ ਦੀ ਵੇਲ ਇਸ ਤਰ੍ਹਾਂ ਵਧੀ—ਲੱਛੀ ਰਾਮ ਦਾ ਸ਼ਿਸ਼ ਮਸਤ ਰਾਮ, ਉਹਨਾਂ ਦਾ ਬਾਵਨ ਦਾਸ, ਫਿਰ ਵਾਰੀ ਵਾਰੀ ਸਿਰ ਸਾਧੂ ਰਾਮ, ਚੇਤਨ ਦਾਸ ਤੇ ਸੰਤੋਖ ਦਾਸ।

ਬਾਬਾ ਸੁਖਦੇਵ ਜੀ : ਬਾਬਾ ਸੁਖਦੇਵ ਜੀ ਇਸ ਪੱਧਤੀ ਵਿੱਚੋਂ ਬਹੁਤ ਉਦਾਸੀ ਸਾਧੂ ਹੋਏ। ਆਪ ਜੀ ਨੇ ਸਿੰਧ ਦੇਸ਼ ਦੇ ਜ਼ਿਲ੍ਹਾ ਲੜਕਾਣਾ ਵਿਚ ਜਾ ਕੇ ਗੁਰੂ ਨਾਨਕ ਦੇਵ ਜੀ ਦੇ ਸਿੱਖੀ ਮਾਰਗ ਦਾ ਬਹੁਤ ਪ੍ਰਚਾਰ ਕੀਤਾ। ਕੰਭਰ-ਕੰਡੀ ਨਗਰ ਵਿਰਾਜ ਕੇ ਧਰਮਸਾਲਾ ਬੰਨ੍ਹੀ। ਇਸੇ ਅਸਥਾਨ ਨੂੰ ਸਿੱਖ ਧਰਮ ਦਾ ਪ੍ਰਚਾਰ ਦਾ ਕੇਂਦਰ ਬਣਾ ਕੇ ਸਤਿਨਾਮ ਦਾ ਛਿੱਟਾ ਚੌਹੀਂ ਪਾਸੀਂ ਦਿੱਤਾ। ਆਪ ਜੀ ਦੇ ਸ਼ਰਧਾਲੂਆਂ ਵਿੱਚੋਂ ਛੇਵੀਂ ਪੀੜ੍ਹੀ ਦੇ ਸੰਤ ਬਾਬਾ ਸੰਤੋਖ ਦਾਸ ਜੀ ਸਨ।

ਬਾਬਾ ਸੰਤੋਖ ਦਾਸ ਜੀ : ਬਾਬਾ ਸੰਤੋਖ ਦਾਸ ਜੀ ਵੀ ਬਹੁਤ ਉਦਾਸੀ ਤੇ ਚੜ੍ਹਦੀ ਕਲਾ ਵਾਲੇ ਸੰਤ ਮਹਾਂਪੁਰਸ਼ ਸਨ, ਜੋ ਕਿ ਸੱਚ ਧਰਮ ਦੇ ਪ੍ਰਸਿੱਧ ਪ੍ਰਚਾਰਕ ਹੋਏ। ਆਪ ਜੀ ਲੜਕਾਣਾ ਜ਼ਿਲ੍ਹੇ ਦੇ ਨਗਰ ਕੰਭਰ ਵਿਖੇ ਧਰਮਸਾਲ ਕਾਇਮ ਕੀਤੀ ਤੇ ਤਾਲ ਵੀ ਬਣਵਾਇਆ।

ਬਾਬਾ ਫੂਲ ਦਾਸ ਜੀ ਦੀ ਲੜੀ ਦੇ ਦੋ ਤਪਸਵੀ ਸਾਧੂਆਂ ਉੱਤਮ ਦਾਸ ਤੇ ਮੋਤੀ ਰਾਮ ਨੇ ਦੱਖਣੀ ਭਾਰਤ ਪਧਾਰ ਕੇ, ਬਰਾਰ ਸੂਬੇ ਦੇ ਨਗਰ 'ਚੀਖਲੀ' (ਜ਼ਿਲ੍ਹਾ ਬੁਠਲਾਣਾ) ਵਿਚ ਬਾਬੇ ਨਾਨਕ ਦਾ ਯਾਦਗਾਰੀ ਸਥਾਨ ਪ੍ਰਗਟ ਕੀਤਾ, ਧਰਮਸਾਲਾ ਬਣਵਾਈ ਤੇ ਅਨੇਕਾਂ ਪ੍ਰਾਣੀਆਂ ਨੂੰ ਆਪਣੇ ਉੱਚੇ-ਸੁੱਚੇ ਜੀਵਨ ਤੋਂ ਸਿਮਰਨ ਸਿਦਕ ਦਾ ਪ੍ਰਭਾਵ ਪਾ ਕੇ 'ਨਾਨਕ ਪੰਥੀ' ਬਣਾਇਆ।

ਸਤਿਗੁਰੂ ਨਾਨਕ ਸੰਗਲਾਦੀਪ (ਲੰਕਾ) ਵੱਲੋਂ ਮੁੜਦੇ ਹੋਏ, ਫੱਗਣ ਸੁਦੀ ਦਸਮੀਂ

ਨੂੰ ਚੀਖਲੀ ਵਿਰਾਜੇ ਸਨ। ਇਸ ਸਮੇਂ ਦੀ ਯਾਦ ਕਾਇਮ ਰੱਖਣ ਹਿੱਤ, ਇਸ ਦਿਨ ਹਰ ਸਾਲ ਮੇਲਾ ਭਰਦਾ ਹੈ।

ਪੰਜਾਬ ਵਿਚ ਫੂਲ ਸ਼ਾਹੀ ਉਦਾਸੀ ਸਾਧੂਆਂ ਦੀ ਬਹਾਦੁਰਪੁਰ ਗੱਦੀ ਤੋਂ ਇਲਾਵਾ ਇਕ ਧਰਮਸਾਲਾ ਅੰਮ੍ਰਿਤਸਰ ਵਿਚ ਸੁਲਤਾਨਵਿੰਡ ਦਰਵਾਜ਼ੇ ਪਾਸ ਵੀ ਹੈ, ਜੋ ਬਾਬਾ ਮੁਤਹਿਰ ਸ਼ਾਹ ਦੇ ਨਾਮ ਪੁਰ ਮਸ਼ਹੂਰ ਹੈ।

ਤੀਸਰੇ ਧੂਣੇਂ ਵਾਂਗ ਇਸ ਚੌਥੇ ਧੂਣੇਂ ਦਾ ਵਿਸਥਾਰ ਵੀ ਬਹੁਤਾ ਨਹੀਂ ਹੋਇਆ ਅਤੇ ਨਾ ਹੀ ਦੇਸ਼-ਦੇਸ਼ਾਂਤਰ ਵਿਚ ਰਟਨ ਕਰ ਕੇ, ਏਸ ਸ਼੍ਰੇਣੀ ਦੇ ਸੰਤਾਂ ਨੇ ਕੁਝ ਯਾਦਗਾਰੀ ਅਸਥਾਨ ਪ੍ਰਗਟ ਕੀਤੇ ਜਾਂ ਧਰਮਸਾਲਾ ਬਣਾਈਆਂ ਹਨ। ਸਿਵਾਇ ਉਪਰ ਦੱਸੇ ਚਾਰ-ਪੰਜ ਨਗਰਾਂ ਦੇ।

ਉਦਾਸੀ ਸੰਪ੍ਰਦਾ ਦੀਆਂ ਛੇ ਬਖ਼ਸ਼ਿਸ਼ਾਂ

ਉਦਾਸੀ ਸੰਪ੍ਰਦਾ ਦੀਆਂ ਛੇ ਸੰਪ੍ਰਦਾਵਾਂ ਹਨ, ਜਿਨ੍ਹਾਂ ਵਿੱਚੋਂ ਪ੍ਰਮੁਖ ਹਨ :

(1) ਬਾਬਾ ਭਗਤ ਭਗਵਾਨ ਜੀ
(2) ਬਾਬਾ ਸੁਥਰੇ ਸ਼ਾਹ ਜੀ
(3) ਬਾਬਾ ਸੰਗਤਿ ਸਾਹਿਬ ਜੀ
(4) ਬਾਬਾ ਮੀਹਾਂ ਸ਼ਾਹ ਜੀ
(5) ਬਾਬਾ ਬਖ਼ਤ ਮੱਲ ਜੀ
(6) ਬਾਬਾ ਜੀਤ ਮੱਲ ਜੀ

1. ਪਹਿਲੀ ਬਖ਼ਸ਼ਿਸ਼ ਬਾਬਾ ਭਗਤ ਭਗਵਾਨ ਜੀ

ਬਾਬਾ ਭਗਤ ਭਗਵਾਨੀਏ ਜੀ ਦਾ ਜਨਮ ਪੰਡਿਤ ਬ੍ਰਹਮਾ ਨੰਦ ਉਦਾਸੀ ਜੀ ਨੇ ਬੋਧ ਗਯਾ ਦਾ ਲਿਖਿਆ ਹੈ। ਵਿਦਵਾਨਾਂ ਨੇ ਆਪ ਜੀ ਦਾ ਜਨਮ ਇਕ ਉਤਕਲ ਬ੍ਰਾਹਮਣ ਦੇ ਘਰ ਸੰਮਤ 1556 ਬਿ: (ਸੰਨ 1499 ਈ.) ਦਾ ਮੰਨਿਆ ਹੈ। ਆਪ ਦਸ ਨਾਮ ਉਦਾਸੀਆਂ ਤੋਂ ਦਿਖੀਆਂ ਲੈ ਕੇ ਬੋਧ ਗਯਾ ਦੇ ਮਹੰਤ ਰਹੇ।

ਬਾਵਾ ਸਰੂਪ ਦਾਸ ਭੱਲੇ ਨੇ *ਮਹਿਮਾ ਪ੍ਰਕਾਸ਼* ਵਿਚ ਆਪ ਜੀ ਦੇ ਉਦਾਸੀ ਭੇਖ ਧਾਰਨ ਦੀ ਸਾਖੀ ਇਸ ਤਰ੍ਹਾਂ ਲਿਖੀ ਹੈ :

ਸ੍ਰੀ ਗੁਰੂ ਹਰਿਰਾਇ ਸਾਹਿਬ ਕੀਰਤਪੁਰ ਸਾਹਿਬ ਵਿਖੇ ਦੀਵਾਨ ਸਜਾਈ ਸਿੰਘਾਸਨ 'ਤੇ ਬਿਰਾਜਮਾਨ ਸਨ। ਇਸੇ ਮੌਕੇ ਭਗਵਾਨ ਗਿਰੀ ਸੰਨਿਆਸੀ ਸਾਧੂ ਪੰਚਾਲ ਦੇਸ਼ ਪਹੁੰਚਿਆ। ਉਸ ਨੇ ਸਤਿਗੁਰੂ ਨਾਨਕ ਦਾ ਨਾਮ ਤਾਂ ਸੁਣਿਆ ਹੋਇਆ ਸੀ, ਪਰ ਗੁਰੂ ਜੀ ਦੇ ਮਿਸ਼ਨ ਦੀ ਉਸ ਨੂੰ ਪੂਰੀ ਜਾਣਕਾਰੀ ਨਹੀਂ ਸੀ। ਇਥੇ ਉਸ ਨੂੰ ਆ ਕੇ ਪਤਾ ਲੱਗਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਜੋਤ ਗੁਰੂ ਹਰਿਰਾਇ ਸਾਹਿਬ ਵਿਚ ਟਿਕਾ ਕੇ ਕੀਰਤਪੁਰ ਵਿਚ ਜੋਤ ਜਗਾ ਰਹੇ ਸਨ। ਦਰਸ਼ਨ ਕਰਨ ਦੀ ਚਾਹਨਾ ਨਾਲ ਸੰਗ ਸਮੇਤ ਕੀਰਤਪੁਰ ਪਹੁੰਚਿਆ। ਸਤਿਗੁਰ ਦੁਆਰੇ ਪਹੁੰਚ ਕੇ ਦਿਲ ਵਿਚ ਪ੍ਰਤੱਗਿਆ ਲੈਣ ਦੀ ਕੁਸ਼ੇਟਤਾ ਜਾਗ ਪਈ। ਸੋਚਿਆ ਜੇ ਸਤਿਗੁਰੂ ਸੱਚਮੁੱਚ

ਹਰਿ ਅਵਤਾਰ ਹਨ ਤਾਂ ਮੈਨੂੰ ਉਸੇ ਚਤੁਰਭੁਜ ਰੂਪ ਵਿਚ ਦੀਦਾਰ ਬਖ਼ਸ਼ ਕੇ ਨਿਸ਼ਾ ਕਰਵਾਉਣ।

ਅੰਤਰਜਾਮੀ ਸਤਿਗੁਰੂ ਨੇ ਉਸ ਦੇ ਦਿਲ ਦੀਆਂ ਬੁੱਝ ਕੇ ਉਹੀ ਦਰਸ਼ਨ ਦਿਖਾ ਦਿੱਤਾ। ਉਹੋ ਸਿਆਮ ਚਤੁਰਭੁਜ ਸਰੂਪ, ਸੰਖ ਚੱਕ੍ਰ ਗਦਾ, ਪਦਮ ਚਹੁੰ ਕਰ-ਕਮਲਾਂ ਵਿਚ ਧਾਰਨ ਕੀਤੇ ਹੋਏ, ਕਮਲ ਜੇਹੇ ਸੋਹਣੇ ਨੈਣ, ਗੱਲ ਵਿਚ ਬਨਮਾਲਾ ਸੋਭਾਇਮਾਨ, ਮਸਤਕ ਮੁਬਾਰਕ ਉੱਤੇ ਤਿਲਕ-ਰੇਖਾ ਤੇ ਚੰਦ-ਮੁੱਖੜੇ ਪੁਰ ਖੇੜਾ ਅਤੇ ਬੁੱਲ੍ਹਾਂ ਉੱਤੇ ਮੁਸਕਾਨ। ਇਸ ਤਰ੍ਹਾਂ ਦਰਸ਼ਨ ਕਰ ਕੇ ਸੰਨਿਆਸੀ ਜੀ ਚਕ੍ਰਿਤ ਰਹਿ ਗਏ। ਇਥੋਂ ਤਕ ਬੰਦਨਾ ਕਰਨੀ ਵੀ ਭੁੱਲ ਗਏ। ਜਦੋਂ ਹੋਸ਼ ਟਿਕਾਣੇ ਆਈ ਤਾਂ ਉਹ ਸਰੂਪ ਅਲੋਪ ਹੋ ਚੁੱਕਾ ਸੀ। ਬਾਬਾ ਭਗਤ ਭਗਵਾਨ ਜੀ ਨੇ ਹੱਥ ਜੋੜ ਕੇ ਅਰਦਾਸ ਕੀਤੀ:

"ਹੇ ਸਤਿਗੁਰੋ! ਮੈਨੂੰ ਆਪਣਾ ਦਾਸ ਬਣਾ ਕੇ ਦਰਸ਼ਨ ਭੇਖ ਬਖ਼ਸ਼ੋ। ਆਪ ਦੇ ਦੀਦਾਰ ਸਦਾ ਹੁੰਦੇ ਰਹਿਣ ਤੇ ਨਾਮ ਰਸ ਵਿਚ ਮਗਨ ਰਹਿੰਦਿਆਂ ਸਮਾਂ ਬਿਤਾਵਾਂ।"

ਗੁਰੂ ਸਾਹਿਬ ਨੇ ਫ਼ੁਰਮਾਇਆ, "ਬਾਬਾ ਜੀ! ਤੁਸੀਂ ਏਥੇ ਸਿਰਫ਼ 'ਦਰਸ਼ਨ' ਦੀ ਸੱਧਰ ਲੈ ਕੇ ਆਏ ਸਉ, ਸੋ ਤੁਹਾਡੀ ਇੱਛਾ ਪੂਰੀ ਹੋਈ। ਤੁਹਾਡੇ ਮਨ ਵਿਚ 'ਗੁਰੂ ਬਾਬਾ ਨਾਨਕ' ਉੱਤੇ ਨਿਸ਼ਚਾ ਲਿਆਉਣ ਤੋਂ ਪਹਿਲਾਂ ਹੋਰ ਵੀ ਕਈ ਭਰਮ-ਭੁਲੇਖੇ ਨਿਵਾਰਨ ਦੀ ਇੱਛਾ ਲੁਕੀ ਬੈਠੀ ਹੈ। ਤੁਸੀਂ ਅਜੇ ਹੋਰ ਅੱਗੇ ਜਾਉ। ਗੁਰੂ ਬਾਬੇ ਦਾ ਦੇਹੁਰਾ ਵੀ ਪਰਸ ਵੇਖੋ! ਉਥੇ ਬਾਬਾ ਜੀ ਦੇ ਪੜਪੋਤੇ ਬਾਵਾ ਮਿਹਰ ਚੰਦ ਨੂੰ ਸ੍ਰੀਚੰਦ ਜੀ ਨੇ ਗੱਦੀ ਨਸ਼ੀਨ ਕੀਤਾ ਹੋਇਆ ਹੈ, ਉਹ ਤੁਹਾਡੀ ਆਸਾ ਪੂਰੀ ਕਰਨਗੇ।"

ਇਹ ਬਚਨ ਸੁਣ ਕੇ ਭਗਵਾਨ ਗਿਰ ਜੀ, ਸ੍ਰੀਚੰਦ ਜੀ ਦੇ ਬਣਾਏ ਬਾਬਾਣੇ ਦੇਹੁਰੇ ਪਹੁੰਚੇ। ਨਗਰ ਤੋਂ ਬਾਹਰ ਜਾ ਡੇਰਾ ਕੀਤਾ। ਸਾਧੂਆਂ ਦੀ ਜਮਾਤ ਆਈ ਸੁਣ ਕੇ ਬਾਬਾ ਮਿਹਰ ਚੰਦ ਜੀ ਨੇ ਲੰਗਰ ਵਿਚ ਚੋਖਾ ਪ੍ਰਸ਼ਾਦ ਪਾਣੀ ਤਿਆਰ ਕਰਵਾਇਆ। ਸਾਧੂਆਂ ਦੀ ਪੰਗਤ ਲਵਾ ਕੇ ਭੋਜਨ ਵਰਤਾਉਣ ਲੱਗੇ ਤਾਂ ਭਗਤ ਭਗਵਾਨ ਗਿਰ ਜੀ ਨੇ ਕਿਹਾ, "ਪਹਿਲਾ ਮੇਰਾ ਭਾਂਡਾ ਭਰ ਦਿਓ, ਫੇਰ ਬਾਕੀ ਪੰਗਤਿ ਨੂੰ ਪਰੋਸਣਾ।" ਅਤੇ ਚਿੱਪੀ ਅੱਗੇ ਰੱਖ ਦਿੱਤੀ। ਬਚਨ ਮੰਨ ਕੇ ਪਰੋਸੇ ਨੇ ਪ੍ਰਸ਼ਾਦ ਉਸ ਦੀ ਚਿਪੀ ਵਿਚ ਪਾਉਣਾ ਸ਼ੁਰੂ ਕਰ ਦਿੱਤਾ। ਕਈ ਥਾਲ ਕੜਾਹ ਪ੍ਰਸ਼ਾਦ ਦੇ ਉਸ ਚਿੱਪੀ ਵਿਚ ਪਾਏ, ਪਰ ਉਹ ਭਰਨ ਵਿਚ ਨਾ ਆਵੇ। ਹਾਰ ਕੇ ਉਹਨਾਂ ਸੇਵਕਾਂ ਬਾਬਾ ਮਿਹਰ ਚੰਦ ਪਾਸ ਇਸ ਗੱਲ ਦਾ ਜ਼ਿਕਰ ਕੀਤਾ। ਉਹ ਆਪ ਆਏ ਤੇ 'ਵਾਹਿਗੁਰੂ' ਦਾ ਨਾਮ ਲੈ ਕੇ ਆਪਣੇ ਹੱਥ ਨਾਲ ਕਿਣਕਾ ਕੁਣਕੇ ਨਾਲ ਚਿੱਪੀ ਭਰਪੂਰ ਹੋ ਗਈ। ਬਾਬੇ ਨਾਨਕ ਦੇ ਪੜਪੋਤੇ ਵਿਚ ਵੀ ਐਨੀ ਬਰਕਤ ਤੇ ਕਰਾਮਾਤ ਦੇਖ ਕੇ ਭਗਤ ਭਗਵਾਨ ਜੀ ਦੀਆਂ ਅੱਖਾਂ ਖੁੱਲ੍ਹੀਆਂ ਰਹਿ ਗਈਆਂ। ਉਹਨਾਂ ਨੂੰ ਸੋਝੀ ਆ ਗਈ।

ਬਾਬਾ ਭਗਵਾਨ ਜੀ ਆਪਣੇ ਸਾਰੇ ਸਾਥੀਆਂ ਨਾਲ ਪੂਰਬ ਦੇਸ਼ ਤੋਂ ਹਿੰਗਲਾਜ ਦੇਵੀ ਦੇ ਦਰਸ਼ਨ ਕਰਨ ਮਕਰਾਨ (ਸਿੰਧ) ਦੇਸ਼ ਜਾ ਰਹੇ ਸਨ। ਇਹ ਪ੍ਰੀਖਿਆ ਤਾਂ ਉਹ ਸ਼ੌਕ ਨਾਲ ਹੀ ਕਰ ਰਹੇ ਸਨ। ਬਾਬੇ ਕਿਆਂ ਦੀ ਇਹ ਅਜ਼ਮਤ ਤੇ ਸੇਵਾ-ਸ਼ਰਧਾ ਦੇਖ ਕੇ ਆਪਣੇ ਪੁਰਾਣੇ ਧਰਮ ਤੋਂ ਅਕੀਦਾ ਭੁਲਾ ਬੈਠੇ। ਰਾਤ ਨੂੰ ਦੇਹੁਰੇ ਦੇ ਸਾਹਮਣੇ ਹੀ ਸੁੱਤੇ ਸਨ, ਅੰਮ੍ਰਿਤ ਵੇਲੇ ਉੱਠੇ ਤਾਂ ਹਿੰਗਲਾਜ ਦੇਵੀ ਨੂੰ ਦੇਹੁਰੇ ਅੰਦਰ ਝਾੜੂ

ਲਾਉਂਦਿਆਂ ਵੇਖਿਆ ਤਾਂ ਭਗਵਾਨ ਗਿਰ ਜੀ ਨੂੰ ਗੁਰੂ ਘਰ ਉੱਤੇ ਪੂਰਨ ਸ਼ਰਧਾ ਹੋ ਗਈ। ਬਾਬਾ ਮਿਹਰ ਚੰਦ ਜੀ ਦੇ ਸੇਵਕ ਬਣ ਗਏ। ਬਾਬਾ ਮਿਹਰ ਚੰਦ ਜੀ ਨੇ ਭਗਵਾਨ ਗਿਰ ਜੀ ਨੂੰ ਮਾਲਾ ਤੇ ਗੁਰਬਾਣੀ ਦੀ ਪੋਥੀ ਬਖ਼ਸ਼ੀ, ਗੁਰਮੰਤ੍ਰ ਦ੍ਰਿੜ੍ਹ ਕਰਵਾਇਆ ਤੇ ਚਰਨਾਮ੍ਰਿਤ ਵੀ ਛਕਾਇਆ। ਅਰ ਨਾਮ ਰੱਖ ਦਿੱਤਾ 'ਭਗਤ ਭਗਵਾਨ'। ਉਹਨਾਂ ਨਾਲ ਹੋਰ ਜਿਤਨੇ ਵੀ ਸਾਧੂ ਸਨ, ਸਾਰੇ 'ਨਾਨਕਸ਼ਾਹੀ' ਸੰਤ ਬਣ ਗਏ। ਜਿਨ੍ਹਾਂ ਵਿੱਚੋਂ ਪੂਰੋ ਜੀ, ਨਰੈਣ ਦਾਸ ਜੀ, ਬਦਰੀ ਦਾਸ ਜੀ ਤੇ ਰਾਮ ਸਹਾਇ ਜੀ ਭਗਤ ਭਗਵਾਨ ਜੀ ਦੇ ਗੁਰ-ਭਾਈ ਸਨ ਤੇ ਟੀਕਾ ਰਾਮ, ਬਖ਼ਤ ਮਲ, ਸਿਆਮ ਭਗਤ, ਸੰਗਤ ਦਾਸ, ਲਾਲ ਦਾਸ 'ਦਰਯਾਈ', ਦੁਰਗਾ ਦਾਸ, ਜਗਤ ਰਾਮ ਤੇ ਤੁਲਸੀ ਦਾਸ ਆਦਿਕ ਚੇਲੇ ਸਨ। ਅੱਗੇ ਉਹਨਾਂ ਦੇ ਗੁਰ-ਭਾਈਆਂ ਤੋਂ ਚੇਲਿਆਂ ਦੇ ਚੇਲੇ ਪੜਚੇਲੇ ਅਰੁ ਸੇਵਕ ਸ਼ਰਧਾਲੂ ਵੀ ਨਾਲ ਸਨ। ਸਾਰੇ ਮਿਲ ਕੇ ਕੁਲ 360 ਸਾਥੀ ਸਨ। ਸੋ ਸਾਰੇ ਹੀ ਗੁਰੂ ਨਾਨਕ ਸਾਹਿਬ ਦੇ ਸਿੱਖ ਸੰਤ ਸਾਧੂ ਬਣੇ।

ਬਾਬਾ ਭਗਤ ਭਗਵਾਨ ਜੀ 'ਨਾਨਕ ਸ਼ਾਹੀ' ਬਿਰਕਤ ਫ਼ਕੀਰ ਬਣ ਕੇ ਵਿਚਰਨ ਲੱਗੇ। ਜਿਥੇ ਵੀ ਜਾਣ ਗੁਰ-ਉਪਦੇਸ਼ ਸੁਣਾਉਂਦੇ ਤੇ ਦ੍ਰਿੜ੍ਹ ਕਰਵਾਉਂਦੇ ਤੇ ਗੁਰਬਾਣੀ ਵੀ ਸੁਣਾਉਂਦੇ। ਪਰੰਤੂ ਸੰਗਤਾਂ ਉਹਨਾਂ ਨੂੰ ਬਣਦਾ ਮਾਣ-ਸਨਮਾਨ ਨਾ ਦੇਣ ਅਤੇ ਨਾ ਹੀ ਉਹਨਾਂ ਪਾਸੋਂ ਗੁਰਬਾਣੀ ਸੁਣਨ ਵੱਲ ਖ਼ਾਸ ਧਿਆਨ ਦੇਣ। ਇਸ ਦੁਬਿਧਾ ਨੂੰ ਦੂਰ ਕਰਨ ਲਈ ਭਗਤ ਜੀ ਫੇਰ ਬਾਬਾ ਮਿਹਰ ਚੰਦ ਜੀ ਕੋਲ ਗਏ। ਆਪਣੀ ਸਾਰੀ ਵਿਥਿਆ ਸੁਣਾਈ :

ਇਹ ਸਭ ਜਗ ਗੁਰ ਮਹਿਮਾ ਜਾਨੇ।
ਮੋਰ ਉਪਦੇਸ਼ ਨ ਮਨ ਮੋ ਆਨੇ॥੧੭॥ *(ਮਹਿਮਾ ਪ੍ਰਕਾਸ਼, ਪੰਨਾ 557)*

ਬਾਬਾ ਮਿਹਰ ਚੰਦ ਜੀ ਕਹਿਣ ਲੱਗੇ, "ਭਗਤ ਜੀ ! ਧਿਆਨ ਨਾਲ ਮੇਰੀ ਗੱਲ ਸੁਣੋ ! ਅਸੀਂ ਗੁਰਗੱਦੀ ਪੁਰ ਆਸੀਨ ਨਹੀਂ ਹਾਂ। ਇਹ ਵਡਿਆਈ ਗੁਰੂ ਹਰਿਰਾਇ ਜੀ ਨੂੰ ਪ੍ਰਾਪਤ ਹੈ। ਸੋ ਤੁਸੀਂ ਹੁਣ ਕੀਰਤਪੁਰ ਜਾ ਕੇ ਉਹਨਾਂ ਦੇ ਚਰਨਾਂ ਦੀ ਸ਼ਰਨ, ਗੁਰੂ ਰੂਪ ਜਾਣ ਕੇ ਲਓ ਤਾਂ ਤੁਹਾਡੀਆਂ ਸਾਰੀਆਂ ਇੱਛਾਵਾਂ ਪੂਰਨ ਹੋ ਜਾਣਗੀਆਂ ਤੇ ਇਹ ਉਦਾਸੀ ਭੇਖ ਵੀ ਸਫਲ ਹੋਵੇਗਾ।"

ਬਾਬਾ ਮਿਹਰ ਚੰਦ ਜੀ ਦੀ ਸਲਾਹ ਮੰਨ ਕੇ ਭਗਤ ਜੀ ਕੀਰਤਪੁਰ ਗੁਰੂ ਹਰਿਰਾਇ ਸਾਹਿਬ ਪਾਸ ਪਹੁੰਚੇ। ਮਨ ਵਿਚ ਗੁਰੂ ਜੀ ਦੇ ਦਰਸ਼ਨਾਂ ਦਾ ਚਾਉ ਲੈ ਕੇ ਗੁਰੂ ਦਰਬਾਰ ਵਿਚ ਪਹੁੰਚੇ। ਪ੍ਰਣਾਮ ਕੀਤਾ, ਚਰਨ ਧੂੜ ਮਸਤਕ 'ਤੇ ਲਾਈ ਤਾਂ ਸਤਿਗੁਰੂ ਜੀ ਨੇ ਫ਼ੁਰਮਾਇਆ :

ਆਗੇ ਆਓ ਭਗਤ ਭਗਵਾਨ।
ਅਬ ਹੂਏ ਦਰਗਹ ਪ੍ਰਵਾਨ॥੨੯॥ *(ਮਹਿਮਾ ਪ੍ਰਕਾਸ਼, ਪੰਨਾ 559)*

ਪਰੰਤੂ ਭਗਵਾਨ ਜੀ ਆਤਮ ਸਮਰਪਣ ਕਰ ਕੇ ਗੁਰੂ ਜੀ ਦੇ ਚਰਨਾਂ 'ਤੇ ਬੇਸੁੱਧ ਹੋ ਕੇ ਲੇਟੇ ਰਹੇ। ਗੁਰੂ ਜੀ ਨੇ ਆਪਣੇ ਕਰ-ਕਮਲਾਂ ਨਾਲ ਭਗਤ ਜੀ ਨੂੰ ਉਠਾਇਆ।

ਸਤਿਗੁਰਾਂ ਜੀ ਨੇ ਭਗਤ ਜੀ ਦਾ ਪੂਰਨ ਪ੍ਰੇਮ ਤੱਕਿਆ ਤੇ ਪਰਖ ਲਿਆ ਤਾਂ ਸਤਿਗੁਰਾਂ ਨੇ ਭਗਤ ਜੀ ਦੇ ਹਿਰਦੇ ਵਿਚ ਪ੍ਰਕਾਸ਼ ਕੀਤਾ ਤੇ ਕਿਹਾ :

ਅਬ ਤੁਮ ਪੂਰਬ ਦੇਸ ਮੇ, ਜਾਇ ਕਰੋ ਉਪਦੇਸ਼।
ਸੁਨਤ ਬਚਨ ਸਭ ਕੋ ਦ੍ਰਿੜੇ, ਤੁਮ ਕੋ ਕਰੇ ਅਦੇਸੁ॥੨੯॥

(ਮਹਿਮਾ ਪ੍ਰਕਾਸ਼, ਪੰਨਾ 559)

ਇਸ ਤਰ੍ਹਾਂ ਸਤਿਗੁਰਾਂ ਦੀ ਆਗਿਆ ਪਾ ਕੇ ਪੂਰਬ ਦੇਸ਼ ਨੂੰ ਤੁਰ ਗਏ। ਅੰਤਰ ਆਤਮੇ ਪ੍ਰਕਾਸ਼ ਹੋ ਗਿਆ ਤੇ ਅਕਾਲ ਪੁਰਖ ਨਾਲ ਲਿਵ ਜੁੜ ਗਈ। ਜੇ ਕੋਈ ਦਰਸ਼ਨ ਕਰੇ, ਨਾਮ ਦੇ ਤੇਜ ਪ੍ਰਤਾਪ ਅਗਾੜੀ ਸੁਤੇ-ਸਿੱਧ ਝੁਕ ਜਾਏ ਅਰ ਉਦਾਸੀ ਸਾਧੂ ਹੋ ਕੇ ਭਗਤ ਜੀ ਦੇ ਬਚਨਾਂ ਦਾ ਪ੍ਰੇਮੀ ਬਣ ਜਾਵੇ। ਬਾਬਾ ਭਗਤ ਭਗਵਾਨ ਜੀ ਜਿਥੇ ਬੈਠਣ ਉਥੇ ਝੁੱਗੀ ਪਾ ਬੈਠਣ, ਚੱਤੋ ਪਹਿਰ ਸਤਿਗੁਰੂ ਹਰਿਰਾਇ ਜੀ ਦਾ ਧਿਆਨ ਧਰਿਆ ਕਰਨ।

ਭਗਤ ਭਗਵਾਨ ਗੁਰ ਭਏ ਦਿਆਲ।
ਪੂਰਬ ਦੇਸ ਤਿਨ ਕੀਆ ਨਿਹਾਲ॥੩੦॥ *(ਮਹਿਮਾ ਪ੍ਰਕਾਸ਼, ਪੰਨਾ 559)*

ਪੂਰਬੀ ਭਾਰਤ (ਉੱਤਰ ਪ੍ਰਦੇਸ਼ ਤੇ ਬਿਹਾਰ ਪ੍ਰਾਂਤ ਆਦਿ) ਵਿਚ ਭਗਤ ਭਗਵਾਨ ਜੀ ਦੀ ਬਖ਼ਸ਼ ਦੇ ਤਿੰਨ ਸੌ ਸੱਠ ਧਰਮ ਅਸਥਾਨ (ਧਰਮਸਾਲਾ ਜਾਂ ਡੇਰੇ) ਸਥਾਪਤ ਹਨ, ਜਿਨ੍ਹਾਂ ਵਿਚ ਇਸੇ ਪੱਧਤੀ ਦੇ ਸਾਧੂ ਪੀੜ੍ਹੀ-ਦਰ-ਪੀੜ੍ਹੀ ਮਹੰਤ ਬਣਦੇ ਆ ਰਹੇ ਹਨ। ਇਹ ਅਸਥਾਨ ਕੁਝ ਤਾਂ ਭਗਤ ਜੀ ਦੇ ਬਿਰਾਜਣ ਵਾਲੀ ਥਾਂ ਬਣੀਆਂ ਝੁੱਗੀਆਂ ਦੀਆਂ ਯਾਦਗਾਰਾਂ ਹਨ ਅਰ ਅਕਸਰ ਸਤਿਗੁਰੂ ਨਾਨਕ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਤੇ ਦਸਵੇਂ ਪਾਤਸ਼ਾਹ ਦੇ ਚਰਨ ਪਰਸ ਕੇ ਪਵਿੱਤਰ ਹੋਈ ਭਾਗ ਭਰੀ ਧਰਤੀ ਉੱਤੇ ਬਣਾਏ ਗਏ ਹਨ।

ਬਾਬਾ ਭਗਤ ਭਗਵਾਨ ਜੀ ਦੀ ਪੱਧਤੀ ਦੀ ਵੇਲ ਦਾ ਵਿਕਾਸ :

1. ਬਾਬਾ ਟੀਕਾ ਰਾਮ ਤੇ ਚੇਲੇ ਤੋਲਾ ਰਾਮ।
2. ਬਾਬਾ ਤੋਲਾ ਰਾਮ ਦੇ ਗ਼ਰੀਬ ਦਾਸ, ਰੂੜਾ ਜੀ ਤੇ ਹਰਿਮਕਰੰਦ ਜੀ ਤਿੰਨ ਚੇਲੇ ਹੋਏ।
3. ਬਾਬਾ ਗ਼ਰੀਬ ਦਾਸ ਜੀ ਦੇ ਗੁਰੂ ਸਹਾਇ ਜੀ।
4. ਬਾਬਾ ਗੁਰ ਸਹਾਇ ਜੀ ਤੇ ਟਹਿਲ ਰਾਮ, ਮੇਲਾ ਰਾਮ, ਹਰਿ ਪ੍ਰਸ਼ਾਦ, ਸੇਵਕ ਰਾਮ, ਚੰਚਲ ਦਾਸ ਤੇ ਹਰੀ ਦਾਸ ਛੇ ਚੇਲੇ ਬਣੇ।
5. ਬਾਬਾ ਸੇਵਕ ਰਾਮ ਜੀ ਦੇ ਬਾਬਾ ਸਾਧੂ ਰਾਮ।
6. ਬਾਬਾ ਸਾਧੂ ਰਾਮ ਜੀ ਦੇ ਬਾਬਾ ਲਛਮਣ ਦਾਸ।
7. ਬਾਬਾ ਲਛਮਣ ਦਾਸ ਜੀ ਦਾ ਬਾਬਾ ਬ੍ਰਹਮ ਪੂਰਣ ਜੀ।
8. ਬਾਬਾ ਬ੍ਰਹਮ ਪੂਰਣ ਦੇ ਤੁਲਸੀ ਦਾਸ ਤੇ ਰਾਮ ਦਾਸ ਦੋ ਸੇਵਕ ਉਦਾਸੀ ਸੰਤ ਬਣੇ।
9. ਬਾਬਾ ਤੁਲਸੀ ਦਾਸ ਦੇ ਗੰਗਾ ਰਾਮ ਤੇ ਦੇਵੀ ਦਾਸ ਜੀ।

10. ਬਾਬਾ ਰਾਮ ਦਾਸ ਦਾ ਸਾਹਿਬ ਦਾਸ ਜੀ।
11. ਬਾਬਾ ਸਾਹਿਬ ਦਾਸ ਦੇ ਜੀਵਨ ਦਾਸ ਤੇ ਪੰਜਾਬ ਦਾਸ ਦੇ ਦੋ ਚੇਲੇ ਬਣੇ।
12. ਬਾਬਾ ਚੰਚਲ ਦਾਸ, ਜੋ ਗ਼ਰੀਬ ਦਾਸ ਜੀ ਦੇ ਪੰਜਵੇਂ ਚੇਲੇ ਸਨ, ਦੇ ਕੇਸ਼ੋ ਦਾਸ ਜੀ ਤੇ ਸੰਤ ਦਾਸ ਦੋ ਸੇਵਕਾਂ ਉਦਾਸ ਬਿਰਤੀ ਧਾਰਨ ਕੀਤੀ।
13. ਬਾਬਾ ਕੇਸ਼ੋ ਦਾਸ ਜੀ ਕਵਿਤਾ ਕਰਦੇ ਸਨ। ਸੌ ਕੁ ਵਰ੍ਹੇ ਪੁਰਾਣੇ ਸੰਗ੍ਰਹਿ ਵਿੱਚੋਂ ਉਹਨਾਂ ਦਾ ਇਕ ਛੰਦ ਵੰਨਗੀ ਵਜੋਂ ਪ੍ਰਸਤੁਤ ਕਰਦੇ ਹਾਂ:

    ਕਬਿੱਤ
    ਸੈਹਥੀ ਹਥਯਾਰ ਅਨਧਾਰੇ ਹੈਂ ਅਨੇਕ ਕਾਮ,
    ਸਰ ਹੂੰ ਤੇ ਤੀਖੇ ਕਟ ਬਚਨ ਬਿਸੇਖਿਯੇ।
    ਚੋਟ ਨ ਬਚਤ ਓਟ ਕੀਨੇ ਹੂੰ ਕਪਾਟ ਕੋਟ,
    ਭੌਨ ਭੌਹਰੇ ਹੂੰ ਭਾਰੇ ਭਯ ਅਵਰੇਖਿਯੇ।
    'ਕੇਸੋ ਦਾਸ' ਮੰਤ੍ਰ ਤੰਤ੍ਰ ਜੰਤ੍ਰ ਹੂੰ ਪ੍ਰਤਿਪੱਛ,
    ਰੱਛ ਲੱਛ ਲੱਛ ਬ੍ਰਿਚਰੱਛਕ ਨ ਲੇਖਿਯੇ।
    ਭੇਟਿਯਤ ਮਰਮ, ਬਰਮ ਊਪਰ ਕਸੇ ਈ ਰਹੈ,
    ਪਰਿ ਅਨੀ ਘਾਯਲ, ਨ ਘਾਵ ਅਵਰੇਖਿਯੇ॥੮॥

ਬਾਬਾ ਕੇਸ਼ੋ ਦਾਸ ਦੇ ਸ਼ਰਧਾਲੂਆਂ ਵਿੱਚੋਂ ਸਿਰਫ਼ ਆਤਮਾ ਰਾਮ ਹੀ ਉਦਾਸੀ ਸਾਧੂ ਬਣੇ। ਫਿਰ ਲੜੀ ਵਾਰ ਆਤਮਾ ਰਾਮ ਜੀ ਤੋਂ ਲਾਲ ਦਾਸ, ਮਾਨ ਦਾਸ ਤੇ ਪ੍ਰੇਮ ਦਾਸ ਚੇਲੇ ਪੜਚੇਲੇ ਹੁੰਦੇ ਆਏ।

14. ਬਾਬਾ ਸੰਤ ਦਾਸ ਦੇ ਸੇਵਕਾਂ 'ਚੋਂ ਧਿਆਨ ਦਾਸ ਨੇ 'ਉਦਾਸੀ ਭੇਖ' ਧਾਰਨ ਕੀਤਾ। ਉਹਨਾਂ ਤੋਂ ਬਾਅਦ ਕ੍ਰਮ ਵਾਰ ਗਿਆਨ ਦਾਸ ਜੀ, ਸ਼ਾਮ ਦਾਸ ਜੀ, ਰਾਮ ਦਾਸ ਤੇ ਸ਼ਿਵਚਰਨ ਦਾਸ ਚੇਲੇ ਤੋਂ ਬਾਦ ਚੇਲੇ ਹੁੰਦੇ ਰਹੇ।

ਫਿਰ ਭਗਤ ਜੀ ਦੇ ਪੜਪੋਤ੍ਰੇ ਚੇਲੇ ਬਾਬਾ ਗੁਰੂ ਸਹਾਇ ਜੀ ਹੋਏ। ਇਹਨਾਂ ਨੇ ਬਾਂਸ ਬਰੇਲੀ ਨਗਰ ਵਿਚ ਸਤਿਗੁਰੂ ਨਾਨਕ ਦੇਵ ਜੀ ਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਬਰਾਜਣ ਵਾਲੀ ਥਾਂ ਲੱਭ ਕੇ ਧਰਮਸਾਲ ਬਣਾਈ। ਜੋ ਨਾਨਕ ਸ਼ਾਹੀ ਧਰਮਸਾਲਾ ਪ੍ਰਸਿੱਧ ਹੈ। ਇਹਨਾਂ ਦੀ ਸੰਗਲੀ ਇਸ ਪ੍ਰਕਾਰ ਹੈ:

15. ਬਾਬਾ ਗੁਰੂ ਸਹਾਇ ਜੀ ਛੇਵੇਂ ਚੇਲੇ।
16. ਬਾਬਾ ਹਰੀ ਦਾਸ ਦੇ ਜੈ ਰਾਮ ਤੇ ਗੁਰਦਿਆਲ ਦੋ ਸਿੱਖ ਉਦਾਸੀ ਬਣੇ।
17. ਬਾਬਾ ਜੈ ਰਾਮ ਦੀ ਚੇਲਾ ਸ਼ਾਖ਼ ਇੰਜ ਵੱਧਦੀ ਗਈ: (ੳ) ਸਾਹਿਬ ਰਾਮ, (ਅ) ਰੰਗਾ ਦਾਸ, (ੲ) ਗੋਪਾਲ ਦਾਸ।
18. ਬਾਬਾ ਗੁਰਦਿਆਲ ਦਾਸ ਦੇ ਚੇਲੇ ਨਿਹਚਲ ਦਾਸ ਤੇ ਬ੍ਰਹਮ ਦਾਸ ਉਦਾਸੀ ਬਿਰਤੀ ਦੇ ਧਾਰਨੀ ਹੋਏ।
19. ਬਾਬਾ ਨਿਹਚਲ ਦਾਸ ਦੀ ਸ਼ਾਖ਼ ਇਉਂ ਵਧੀ: ਸੰਤ ਦਾਸ, ਦਯਾਲ ਦਾਸ, ਆਤਮਾ ਰਾਮ ਤੇ ਪ੍ਰੇਮ ਦਾਸ ਕ੍ਰਮਵਾਰ ਨੰਬਰਵਾਰ ਚੇਲਿਆਂ ਦੇ ਚੇਲੇ ਬਣਦੇ ਆਏ।

20. **ਬਾਬਾ ਬ੍ਰਹਮਦਾਸ ਜੀ** : ਇਹਨਾਂ ਦੀ ਲੜੀ ਦੇ ਮਣਕੇ ਸਿਲਸਿਲੇਵਾਰ : ਨਰੈਣ ਦਾਸ, ਬ੍ਰਹਮ ਖ਼ੁਸ਼ਹਾਲ ਸੀ। ਇਹਨਾਂ ਨੇ ਵੀ ਬਾਂਸ ਬਰੇਲੀ ਵਿਚ ਵੱਖਰੀ ਧਰਮਸਾਲ ਕਾਇਮ ਕੀਤੀ।
21. **ਬਾਬਾ ਤੋਲਾ ਰਾਮ ਜੀ** : ਬਾਬਾ ਭਗਤ ਭਗਵਾਨ ਜੀ ਦੇ ਸਾਥੀ ਚੇਲਿਆਂ ਵਿੱਚੋਂ ਸਨ, ਜੋ ਉਹਨਾਂ ਦੇ ਨਾਲ ਹੀ ਸਿੱਖ ਧਰਮ ਧਾਰਨ ਕਰ ਸੰਨਿਆਸੀ ਤੋਂ ਬਦਲ ਕੇ 'ਉਦਾਸੀ' ਸਾਧੂ ਬਣੇ ਸਨ। ਇਹਨਾਂ ਦੀ ਸ਼ਾਖ਼ ਇਸ ਤਰ੍ਹਾਂ ਅਗਾਂਹ ਵਧੀ : (1) ਬਾਬਾ ਰੂੜਾ ਜੀ ਦੇ ਰਾਮ ਦਾਸ ਤੇ ਸੇਵਾ ਦਾਸ ਦੋ ਸੇਵਕ 'ਉਦਾਸੀ ਭੇਖਧਾਰੀ' ਹੋਏ। (2) ਰਾਮ ਦਾਸ ਦਾ ਚੇਲਾ ਸੁਰਤਿ ਦਾਸ ਬਹੁਤ ਉੱਦਮੀ ਪ੍ਰਚਾਰਕ ਸੀ, ਇਸ ਨੇ ਗੁਰਮਤਿ ਦਾ ਪ੍ਰਚਾਰ ਪੰਜਾਬ ਵਿਚ ਆ ਕੇ ਬਹੁਤ ਕੀਤਾ। ਪਿੰਡ ਲੜਾਊ ਅਤੇ ਜਮੰਧਿਆ ਵਿਚ, ਸੰਮਤ ਸਤਾਰਾਂ ਸੈ ਨੱਵੇ ਵਿਖੇ ਧਰਮਸਾਲਾ ਕਾਇਮ ਕਰ ਕੇ ਧਰਮ ਪ੍ਰਚਾਰ ਦੇ ਪੱਕੇ ਕੇਂਦਰ ਬਣਾਏ। ਇਸ ਤੋਂ ਬਾਅਦ ਆਪ ਜੀ ਦੇ ਚੇਲਿਆਂ ਨੇ ਪਿੰਡਾਂ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ। (3) ਬਾਬਾ ਸੇਵਾ ਦਾਸ ਜੀ ਨਾਦੀ ਵੰਸ ਇਸ ਤਰ੍ਹਾਂ ਹੈ : ਦਯਾ ਰਾਮ, ਹਰ ਪ੍ਰਸਾਦ, ਰਾਮ ਜੀ ਦਾਸ। (4) ਬਾਬਾ ਰਾਮ ਦਾਸ ਦੇ ਦੋ ਸ਼ਰਧਾਲੂ ਉਦਾਸੀ ਭੇਖ ਧਾਰਨ ਕਰ ਕੇ ਧਰਮ ਪ੍ਰਚਾਰ ਦੀ ਸੇਵਾ ਕਰਨ ਲੱਗੇ। ਗੁਰੁਸ਼ਰਨ ਦਾਸ ਤੋਂ ਗੁਲਾਬ ਦਾਸ। (5) ਬਾਬਾ ਗੁਰਸ਼ਰਨ ਦੇ ਚੇਲੇ ਬੁੱਧ ਦਾਸ ਹੋਏ। ਇਸ ਸ਼੍ਰੇਣੀ ਦੇ ਸਾਧੂਆਂ ਸੰਮਤ ਸਤਾਰਾਂ ਸੈ ਬਾਨਵੇਂ (1792) ਬਿਕ੍ਰਮੀ ਵਿਚ ਥਾਨੇਸਰ ਤੋਂ ਬਾਰ੍ਹਾਂ ਕੋਸ ਦੀ ਵਿੱਥ ਤੋਂ ਪਿੰਡ ਫੌਬਾ (ਕਮੋਦਾ) ਵਿਖੇ ਧਰਮ ਸਥਾਨ ਬਣਾਇਆ।
22. **ਬਾਬਾ ਹਰਿ ਮਕਰੰਦ ਜੀ** : ਬਾਬਾ ਤੋਲਾ ਰਾਮ ਦੇ ਤੀਜੇ ਚੇਲੇ ਸਨ ਅਤੇ ਆਪਣੇ ਵੱਡੇ ਗੁਰ-ਭਾਈ ਗ਼ਰੀਬ ਦਾਸ ਦੇ ਚੇਲੇ ਗੁਰੂ ਸਹਾਇ ਪਾਸ ਬਾਂਸ ਬਰੇਲੀ ਰਹਿੰਦੇ ਸਨ। ਉਥੇ ਹੀ ਦੇਹਾਂਤ ਹੋਇਆ। ਉਹਨਾਂ ਦੇ ਜੇਠੇ ਚੇਲੇ ਫ਼ਤਹਿ ਚੰਦ ਸਨ।
23. ਫ਼ਤਹਿ ਚੰਦ ਦੇ ਵੱਡੇ ਚੇਲੇ।
24. ਬਾਬਾ ਧੰਤ (ਜਾਂ ਧੰਨੂ ਚੰਦ) ਜੀ ਦੇ ਲਖਨਊ ਸ਼ਹਿਰ ਬਾਂਸ ਮੰਡੀ ਵਿਚ ਧਰਮਸਾਲ ਕੇ ਸਤਿਗੁਰੂ ਨਾਨਕ ਦੇ ਹੁਕਮ ਦੀ ਪਾਲਣਾ ਕੀਤੀ।
25. ਬਾਬਾ ਰਾਮ ਦਾਸ ਜੀ ਨੇ ਬੰਧਵਾ-ਹਸਨਪੁਰ ਵਿਚ ਗੁਰ-ਅਸਥਾਨ ਕਾਇਮ ਕੀਤਾ। ਇਹਨਾਂ ਤੋਂ ਬਾਬਾ ਸਹਿਜ ਰਾਮ ਤੇ ਬ੍ਰਹਮ ਦਾਸ ਜੀ ਨੇ ਉਦਾਸੀ ਭੇਖ ਧਾਰਨ ਕੀਤਾ। ਪਹਿਲੇ ਬੰਧਵਾ-ਹਸਨਪੁਰ ਵਾਲੀ ਧਰਮਸਾਲ ਦੇ ਮਹੰਤ ਥਾਪੇ ਗਏ ਤੇ ਦੂਜੇ ਲਖਨਊ ਬਾਂਸ ਮੰਡੀ ਵਾਲੇ ਗੁਰ-ਅਸਥਾਨ ਦੇ।
26. ਬਾਵਾ ਸਹਿਜ ਰਾਮ ਦੇ ਸੇਵਕਾਂ ਵਿੱਚੋਂ ਸੰਗਤ ਬਖ਼ਸ਼ ਤੇ ਹਰਿ ਪ੍ਰਸਾਦ ਨੇ ਉਦਾਸੀ ਸਾਧੂ ਬਣਨਾ ਪਸੰਦ ਕੀਤਾ।
27. ਬਾਵਾ ਸੰਗਤ ਬਖ਼ਸ਼ ਜੀ ਆਪਣੇ ਗੁਰੂ ਜੀ ਆਗਿਆ ਨਾਲ ਅਯੁੱਧਿਆ ਨਗਰ ਪਹੁੰਚ ਕੇ ਸਤਿਗੁਰੂ ਨਾਨਕ ਦੇਵ ਜੀ ਦੀ ਚਰਨ ਛੁਹ ਨਾਲ ਪਾਵਨ ਹੋਈ ਧਰਤੀ ਲੱਭੀ ਤੇ ਨਿਸ਼ਾਨ ਕਾਇਮ ਕੀਤਾ। ਜਿਥੇ ਸਹਿਜੇ ਸਹਿਜੇ ਗੁਰਦੁਆਰਾ ਬਣ ਗਿਆ। ਇਹ ਗੁਰ-ਅਸਥਾਨ 'ਗਣੇਪਾਲੀ' ਕਰਕੇ ਪ੍ਰਸਿੱਧ ਹੈ। ਕਹਿੰਦੇ

ਹਨ ਕਿ ਇਸੇ ਥਾਂ ਸ੍ਰੀ ਰਾਮ ਚੰਦਰ ਦੇ ਗੁਰੂ ਬਸ਼ਿਸ਼ਟ ਨੇ ਤਪੱਸਿਆ ਕੀਤੀ ਸੀ।

28. **ਬਾਬਾ ਸੰਗਤ ਬਖ਼ਸ਼ ਜੀ** : ਬਾਬਾ ਸੰਗਤ ਬਖ਼ਸ਼ ਜੀ ਦੇ ਸ਼ਰਧਾਲੂ ਮਾਧੋ ਰਾਮ ਨੇ ਉਦਾਸੀ ਬਿਰਤੀ ਧਾਰਨ ਕੀਤੀ ਅਰ ਗਣੇਪਾਲੀ ਗੁਰੂ ਧਾਮ ਦੇ ਮਹੰਤ (ਸੇਵਕ-ਪ੍ਰਬੰਧਕ) ਨੀਯਤ ਹੋਏ। ਮਗਰੋਂ ਉਨ੍ਹਾਂ ਦੇ ਸੇਵਕ ਬਾਬਾ ਨਰੈਣ ਦਾਸ ਗੱਦੀ ਬੈਠੇ।

29. **ਬਾਬਾ ਹਰਿ ਪ੍ਰਸਾਦ (ਬਾਬਾ ਸਹਿਜ ਰਾਮ ਦੇ ਦੂਜੇ ਚੇਲੇ)** : ਬਾਬਾ ਹਰਿ ਪ੍ਰਸਾਦ ਦਾ ਨਾਦੀ ਵੰਸ ਬਿਰਛ ਇਉਂ ਪ੍ਰਚਲਿਤ ਹੋਇਆ : ਗੋਪਾਲ ਦਾਸ, ਅਚਿੰਤ ਪ੍ਰਕਾਸ਼, ਬ੍ਰਹਮ ਸਰਣ, ਰਾਮ ਸਰਣ ਦਾਸ ਤੇ ਹਰਿ ਸਰਣ ਦਾਸ, ਵਾਰੋ ਵਾਰੀ ਗੱਦੀ-ਨਸ਼ੀਨ ਹੁੰਦੇ ਆਏ।

30. ਬਾਬਾ ਬ੍ਰਹਮ ਦਾਸ ਜੀ, ਜੋ ਬਾਬਾ ਧੱਤ ਜੀ ਦੇ ਦੂਜੇ ਚੇਲੇ ਸਨ, ਉਹਨਾਂ ਦੀ ਲੜੀ ਇਸ ਤਰ੍ਹਾਂ ਚੱਲੀ : ਜੇਠਾ ਚੇਲਾ ਸਾਂਵਲ ਦਾਸ, ਉਸ ਦਾ ਰਾਮ ਪ੍ਰਸ਼ਾਦ, ਰਾਮ ਪ੍ਰਸ਼ਾਦ ਦਾ ਅਯੁੱਧਿਆ ਪ੍ਰਸ਼ਾਦ ਤੇ ਉਸ ਦਾ ਚੇਲਾ ਮੰਗਲ ਦਾਸ। ਇਸ ਸ਼੍ਰੇਣੀ ਦੀ ਕਾਇਮ ਕੀਤੀ ਧਰਮਸਾਲ ਲਖਨਊ ਸ਼ਹਿਰ ਬਾਂਸ ਮੰਡੀ ਮਹੱਲੇ ਦੇ ਦੂਜੇ ਚੌਂਕ ਸਬਜ਼ੀ ਮੰਡੀ ਵਿਚ ਹੈ।

31. **ਬਾਬਾ ਮੰਗਲ ਦਾਸ** : ਬਾਬਾ ਮੰਗਲ ਦਾਸ ਦੇ ਸੇਵਕਾਂ ਵਿੱਚੋਂ ਭਾਈ ਵਿਚਾਰ ਚੰਦ ਉਦਾਸੀ ਸੰਤ ਬਣੇ ਤੇ ਗੁਰੂ ਤੋਂ ਬਾਦ ਇਹ ਧਰਮਸਾਲ ਦੇ ਮਹੰਤ ਬਣੇ।

2. ਦੂਜੀ ਬਖ਼ਸ਼ ਬਾਬਾ ਸੁਥਰੇ ਸ਼ਾਹ ਜੀ[4]

ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਜਹਾਂਗੀਰ ਬਾਦਸ਼ਾਹ ਹਮ ਰਕਾਬ ਕਸ਼ਮੀਰ ਦੀ ਸੈਰ ਕਰਨ ਲਈ ਚੜ੍ਹੇ ਜਾ ਰਹੇ ਸਨ। ਸੰਮਤ ਸੋਲ੍ਹਾਂ ਸੈ ਬਿਆਸੀਏ (1682)[5] ਵੈਸਾਖ 14 ਨੂੰ ਸ਼ਹਿਨਸ਼ਾਹੀ ਡੇਰਾ 'ਬਾਰਾਮੂਲੇ' ਨਗਰ ਜਾ ਲੱਗਾ। ਇਸ ਨਗਰ ਦੇ ਲਾਗੇ ਹੀ ਇਕ ਬਾਰਾਮਪੁਰ ਨਾਉਂ ਦਾ ਪਿੰਡ ਹੈ। ਦੇਵਨੇਤ ਨਾਲ ਉਸੇ ਦਿਨ ਉਸ ਪਿੰਡ ਦੇ ਵਸਨੀਕ ਨੰਦੇ ਸ਼ਾਹ ਖੱਤਰੀ ਦੇ ਘਰ ਇਕ ਬਾਲਕ ਜਨਮਿਆ। ਬਾਲਕ ਦੇ ਮੂੰਹ ਵਿਚ ਦੰਦ ਦੇਖ ਕੇ ਮਾਪਿਆਂ ਨੂੰ ਉਹ ਨਹਿਸ਼ (ਚੰਦਰਾ) ਪ੍ਰਤੀਤ ਹੋਇਆ। ਜੋਤਸ਼ੀ ਮਹਾਰਾਜ ਨੇ ਵੀ ਲਗਨ ਗਿਣ ਕੇ ਕੁਲੱਛਣ ਵੇਖ ਕੇ ਆਖਿਆ : "ਇਹ ਮੁੰਡਾ ਕੁਲ ਨਾਸ਼ਕ

---

4. *ਮਹਾਨ ਕੋਸ਼* ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਬਖ਼ਸ਼ ਨੂੰ ਪਹਿਲੇ ਸਥਾਨ 'ਤੇ ਰੱਖਿਆ ਹੈ, ਪਰ ਗਿਆਨੀ ਗਿਆਨ ਸਿੰਘ ਜੀ ਨੇ 'ਸੁਥਰੇ ਸ਼ਾਹੀਆਂ' ਨੂੰ ਛੇ ਬਖ਼ਸ਼ਿਸ਼ਾਂ ਵਿਚ ਗਿਣਿਆ ਹੀ ਨਹੀਂ।

5. *ਮਹਾਨ ਕੋਸ਼* ਵਿਚ ਸੰਮਤ 1672 ਬਿ: ਲਿਖਿਆ ਹੈ। ਗਿਆਨੀ ਗਿਆਨ ਸਿੰਘ ਜੀ ਨੇ *ਪੰਥ ਪ੍ਰਕਾਸ਼* ਵਿਚ ਸੰਮਤ 1682 ਬਿ: ਲਿਖਿਆ ਹੈ :

ਸੋਲਾਂ ਸੈ ਬਿਆਸੀ ਮਾਂਹਿ ਛੀਵੇਂ ਗੁਰੂ ਆਏ ਚਾਹਿ
ਕਾਸ਼ਮੀਰੋਂ ਲੌਟ ਜਾਂਹਿ ਰਾਹਿ ਵੀਚ ਉਥਰਾ।
ਬਹਿਰਾਮ ਗਾਂਵ ਨੰਦੇ ਖੱਤ੍ਰੀ ਕੇ ਧਾਮ ਜਯੋ
ਬਾਲਕ ਸਦਾਤ ਤਾਤ ਮਾਝ ਪੇਖ ਬੁੱਥਰਾ। *(1283)*

ਹੋਵੇਗਾ। ਆਪਣਾ ਭਲਾ ਚਾਹੁੰਦੇ ਹੋ ਤਾਂ ਹੁਣੇ ਕਿਸੇ ਖੂਹ-ਖੱਡੇ ਵਿਚ ਸੁੱਟ ਕੇ ਗਲੋਂ ਲਾਹ ਛੱਡੋ।" ਮਾਂ-ਬਾਪ ਨੇ ਭਰਮਾਂ ਦੇ ਮਾਰਿਆਂ ਨੇ ਆਪਣੇ ਇਕਲੌਤੇ[6] ਪੁੱਤਰ ਨੂੰ, ਜਿਗਰ ਦੇ ਟੁੱਕੜੇ ਨੂੰ ਚੰਦਰਾ ਮੰਨ ਕੇ ਅਰ ਜਿਗਰ 'ਤੇ ਪੱਥਰ ਰੱਖ ਕੇ ਉਜਾੜ ਵਿਚ ਜਾ ਸੁੱਟਿਆ। ਮਾਇਆਧਾਰੀ ਮਾਪੇ ਭਾਵੇਂ ਇਹ ਕਰਤੂਤ ਕਰ ਬੈਠੇ, ਪਰ ਹੋਣਾ ਉਹੋ ਹੀ ਹੁੰਦਾ ਹੈ, ਜੋ ਧੁਰੋਂ ਲਿਖਿਆ ਹੁੰਦਾ ਹੈ। ਸ਼ਹਿਨਸ਼ਾਹੀ ਸਵਾਰੀ ਸਬੱਬ ਨਾਲ ਉਸ ਸਚਾਏ ਬਾਲਕ ਦੇ ਲਾਗਿਓਂ ਲੰਘੀ। ਜੁਆਕ ਦੇ ਰੋਣ ਦੀ ਆਵਾਜ਼ ਸਤਿਗੁਰਾਂ ਦੇ ਕੰਨੀਂ ਪੈ ਗਈ। ਸ਼ਬਦ ਸੇਧ ਪੁਰ ਗੁਰੂ ਜੀ ਮੌਕੇ 'ਤੇ ਪਹੁੰਚੇ। ਸੇਵਕਾਂ ਨੂੰ ਹੁਕਮ ਦਿੱਤਾ, "ਕੇਹਾ ਸੁਥਰਾ ਬਾਲ ਪਿਆ ਹੈ, ਚੁੱਕ ਕੇ ਸਾਂਭੋ! ਤੇ ਪਾਲਣ ਦਾ ਪ੍ਰਬੰਧ ਕਰੋ।"

ਸੇਵਕਾਂ ਹੁਕਮ ਦੀ ਪੂਰੀ ਪਾਲਨਾ ਕੀਤੀ। ਸਤਿਗੁਰਾਂ ਦੇ ਮੁਖਾਰਬਿੰਦ ਤੋਂ 'ਸੁਥਰਾ' ਸ਼ਬਦ ਨਿਕਲਣ ਕਰਕੇ ਬਾਲਕ ਦਾ ਨਾਮ 'ਸੁਥਰਾ' ਹੀ ਮਸ਼ਹੂਰ ਹੋ ਗਿਆ:

> ਸਿੱਖ ਨੇ ਕਹਯੋ ਉਤਾਰੋ ਓਨ ਭਾਖਯੋ ਕੁਥਰਾ ਹੈ
> ਬੋਲੇ ਗੁਰੂ ਕੁਥਰਾ ਨਹੀ ਹੈ ਇਹ ਸੁਥਰਾ॥੩੨॥ *(ਪੰਥ ਪ੍ਰਕਾਸ਼, ਪੰਨਾ 1283)*

ਜਦੋਂ ਭਾਈ ਸੁਥਰਾ ਪੰਜਾਂ ਕੁ ਵਰ੍ਹਿਆਂ ਦਾ ਹੋਇਆ ਤਾਂ ਬੱਚੇ ਦੇ ਮਾਪਿਆਂ ਨੂੰ ਸੂਹ ਮਿਲੀ ਕਿ ਸਾਡੇ ਜਿਗਰ ਦਾ ਟੁੱਕੜਾ ਸਹੀ ਸਲਾਮਤ ਸਤਿਗੁਰਾਂ ਦੇ ਮਹਿਲਾਂ ਵਿਚ ਪਲ ਰਿਹਾ ਹੈ ਤਾਂ ਉਹ ਮਹਾਰਾਜ ਦੇ ਹਜ਼ੂਰ ਹਾਜ਼ਰ ਹੋਏ ਤੇ ਸਹੀ ਹਕੀਕਤ ਸੁਣ ਕੇ ਗੁਰੂ ਜੀ ਪਾਸੋਂ ਗੁਨਾਹ ਬਖ਼ਸ਼ਾ ਕੇ ਬਾਲਕ ਮੰਗ ਲਿਆ ਅਤੇ ਘਰ ਲੈ ਆਏ। ਖ਼ੂਬ ਪਾਲਣ-ਪੋਸ਼ਣ ਕੀਤਾ। ਆਪਣੇ ਪਿੰਡ ਵਿਚ ਬਾਲਕ ਦਾ ਨਾਮ 'ਚੰਦਰਾ' ਜਾਂ 'ਚੰਦ੍ਰਾ ਮੱਲ' ਹੀ ਸੱਦਿਆ ਜਾਂਦਾ ਰਿਹਾ। ਆਖ਼ਰ ਬਿਧਨਾ ਦੇ ਲਿਖੇ ਲੇਖ ਵੀ ਸੱਚੇ ਸਾਬਤ ਹੋਏ। ਸਮਾਂ ਪਾ ਕੇ ਮਾਪੇ ਮਰ ਗਏ, ਕੁਲ ਖ਼ਤਮ ਹੋ ਗਈ। ਕੇਵਲ ਕੁਲ ਦੀਪਕ ਇਹ 'ਸੁਥਰਾ' ਗੱਭਰੂ ਹੀ ਜਗਦਾ ਰਹਿ ਗਿਆ। ਹੁਕਮ ਦੀ ਖੇਡ ਜਾਣ ਕੇ ਭਾਈ ਸੁਥਰੇ ਨੇ ਘਰ ਦਾ ਧਨ-ਮਾਲ ਤੇ ਲਟਾ-ਪਟਾ ਸਭ ਧਰਮ ਅਰਥ ਲੁਟਾ ਦਿੱਤਾ। ਖ਼ੁਦ ਨੰਗ-ਮਲੰਗ ਸਤਿਗੁਰੂ ਹਰਿਗੋਬਿੰਦ ਸਾਹਿਬ ਦੇ ਚਰਨਾਂ ਵਿਚ ਹਾਜ਼ਰ ਆ ਹੋਇਆ। ਸਤਿਗੁਰਾਂ ਸਾਹਾਂ ਦਾ ਪੁੱਤਰ ਜਾਣ[7] ਹੱਸ ਕੇ ਬਚਨ ਕੀਤਾ, "ਆ ਬਈ ਸੁਥਰੇ ਸ਼ਾਹ! ਕੀ ਹਾਲ ਹਵਾਲ ਈ? ਰਾਜੀ ਤਾਂ ਰਿਹਾ?" ਸੁਥਰੇ ਹੱਥ ਜੋੜ ਕੇ ਆਪਣੀ ਸਾਰੀ ਵਿਥਿਆ ਸੁਣਾ ਦਿੱਤੀ। ਸਤਿਗੁਰਾਂ ਯਥਾਯੋਗ ਆਦਰ ਪਿਆਰ ਦੇ ਕੇ ਹਜ਼ੂਰੀ ਸੇਵਾ ਵਿਚ ਰੱਖ ਲਿਆ।

ਭਾਈ ਸੁਥਰੇ ਸ਼ਾਹ ਬੜਾ ਮਸ਼ਕਰਾ, ਹੱਸਮੁੱਖ, ਵਿਲਾਸੀ ਤੇ ਕਉਤਕੀ ਸੁਭਾਅ ਦਾ ਸੀ। ਗੁਰ ਸੇਵਾ ਦੇ ਸਦਕੇ ਬਚਨ ਵਿਚ ਸੱਤਿਆ ਵੀ ਸਮਾ ਗਈ। ਗੁਰੂ ਭਰੋਸੇ,

---

6. ਭਾਈ ਰਣਧੀਰ ਸਿੰਘ ਜੀ *ਉਦਾਸੀ ਸਿੱਖਾਂ ਦੀ ਵਿਥਿਆ* ਵਿਚ ਲਿਖਦੇ ਹਨ ਕਿ ਚਿਸ਼ਤੀ ਸਾਹਿਬ ਦੀ *ਤਹਿਕੀਕਾਤ ਚਿਸ਼ਤੀ* ਅਨੁਸਾਰ ਭਾਈ ਚੰਦਰਾ ਮਲ (ਸੁਥਰੇ) ਹੋਰੀਂ ਚਾਰ ਭਾਈ ਸਨ—1. ਚੰਦਰਾ ਮਲ, 2. ਜਾਦੋ 'ਸੁਥਰਾ', 3. ਮੰਗੂ, 4. ਚੰਨਣ। ਇਹਨਾਂ ਭਰਾਵਾਂ ਬਾਰੇ ਅਖਾਣ ਪ੍ਰਸਿੱਧ ਹੈ:
   > ਸੁਥਰਾ ਚੰਦ੍ਰਾ, ਜਾਦੋ ਲੁਥਰਾ, ਮੰਗੂ ਚੋਰ ਸੁਚੇਤ।
   > ਚੰਨਣ ਭੱਠੀ ਅੱਧ ਰਹਤਾ, ਜੁ ਚਿੜੀਆਂ ਖਾਧਾ ਖੇਤ॥ *(ਪੰਨਾ 586, ਸਤਰਾਂ 19-20)*
7. ਗਿਆਨੀ ਗਿਆਨ ਸਿੰਘ *ਪੰਥ ਪ੍ਰਕਾਸ਼* ਵਿਚ ਲਿਖਦੇ ਹਨ ਕਿ ਸਤਿਗੁਰੂ ਨਾਨਕ ਜੀ ਨੂੰ ਚੂੰਕਿ ਲੋਕੀਂ 'ਨਾਨਕ ਸ਼ਾਹ ਫ਼ਕੀਰ' ਵੀ ਕਹਿੰਦੇ ਸਨ। ਉਹਨਾਂ ਦਾ 'ਸ਼ਾਹੀ' ਪਦ ਸਤਿਗੁਰੂ ਹਰਿਗੋਬਿੰਦ ਸਾਹਿਬ ਨੇ ਫ਼ਕੀਰੀ ਦੇ ਨਾਲ ਹੀ ਭਾਈ ਸੁਥਰੇ ਨੂੰ ਬਖ਼ਸ਼ ਦਿੱਤਾ। ਇਸ ਤਰ੍ਹਾਂ ਨਾਮ 'ਸੁਥਰੇ ਸ਼ਾਹ' ਮਸ਼ਹੂਰ ਹੋਇਆ। (ਪੰਨਾ 55)

ਜੋ ਬਚਨ ਮੂੰਹੋਂ ਬੋਲੇ ਸੱਚਾ ਹੋ ਜਾਏ। ਸੁਥਰੇ ਸ਼ਾਹ ਦੇ ਅਨੇਕਾਂ ਕਉਤਕ ਹਨ, ਜਿਨ੍ਹਾਂ ਨੂੰ ਵੱਖਰੀ ਪੁਸਤਕ ਵਿਚ ਲਿਖਾਂਗੇ।

ਗੁਰੂ ਹਰਿਰਾਇ ਸਾਹਿਬ ਜੀ ਆਪ ਜੀ ਦੀ ਗੁਰੂ ਘਰ ਪ੍ਰਥਾਇ ਸੇਵਾ ਭਾਵਨਾ ਤੇ ਲੰਗਰਾਂ ਵਿਚ ਕੀਤੀ ਸੇਵਾ ਨੂੰ ਮੁੱਖ ਰੱਖਦਿਆਂ ਬਹੁਤ ਪ੍ਰਸੰਨ ਹੋਏ ਤੇ ਸੇਲੀ ਟੋਪੀ ਦੇ ਕੇ ਸੇਵਕ ਭਰਪੂਰ ਕਰ ਲਿਆ। ਤਦ ਤੋਂ ਸੁਥਰੇ ਸ਼ਾਹ ਦਾ ਪ੍ਰਤਾਪ ਵੱਧਦਾ ਗਿਆ ਅਰ ਸੇਵਕ ਹੁੰਦੇ ਗਏ।

ਸੁਥਰੇ ਸ਼ਾਹ ਰਜ਼ਾਲ ਨਾਮ ਦਾ ਚੇਲਾ ਕਰ ਕੇ ਆਪ 1738 ਬਿਕ੍ਰਮੀ ਨੂੰ 56 ਸਾਲ ਦੀ ਆਯੂ ਭੋਗ ਕੇ ਪਰਲੋਕਵਾਸੀ ਹੋਇਆ। ਸੁਥਰੇ ਸ਼ਾਹ ਨੂੰ ਇਕ ਗੁਟਕਾ ਗੁਰੂ ਹਰਿਰਾਇ ਸਾਹਿਬ ਜੀ ਨੇ ਬਖ਼ਸ਼ਿਆ, ਜੋ ਇਸ ਨੇ ਆਪਣੇ ਚੇਲੇ ਰਜ਼ਾਲ ਸ਼ਾਹ ਨੂੰ ਦਿੱਤਾ। ਰਜ਼ਾਲ ਸ਼ਾਹ ਨੇ ਫਿਰ ਸਹਜਾਨੰਦ ਸ਼ਾਹ ਤੇ ਝੰਗੜ ਸ਼ਾਹ ਦੇ ਦੋ ਚੇਲੇ ਕੀਤੇ। ਇਸ ਤਰ੍ਹਾਂ ਸੰਪ੍ਰਦਾਇ ਇਹਨਾਂ ਦੁਆਰਾ ਵੱਧਦੀ ਗਈ। ਇਕ ਵਾਰ ਝੰਗੜ ਸ਼ਾਹ ਜਵਾਲਾ ਮੁਖੀ ਦੇ ਮੰਦਰ ਮੋਹਰੇ ਆਪਣੀ ਬਾਂਹ ਪਰ ਡੰਡਾ ਬਜਾ ਕੇ ਮਾਤਾ ਦੀਆਂ ਭੇਟਾਂ ਗਾਉਂਦਾ ਸੀ। ਉਸ ਦੇ ਅਡੋਲ ਨਿਸ਼ਚੇ ਵੱਲ ਮਾਤਾ ਨੇ ਦੇਖ ਕੇ ਦੂਸਰਾ ਡੰਡਾ ਮੰਦਰੋਂ ਦਿੱਤਾ। ਜਿਸ 'ਤੇ ਹੁਣ ਦੋ ਡੰਡੇ ਰੱਖਦੇ ਹਨ। ਹਵਨ ਕੁੰਡ ਦੀ ਬਿਭੂਤ ਦਿੱਤੀ, ਸੋ ਮੱਥੇ ਤਿਲਕ ਕੀਤਾ। ਇਸ 'ਤੇ ਵੀ ਹੁਣ ਇਹ ਕਾਲਾ ਤਿਲਕ ਰੱਖਦੇ ਹਨ।

ਸੰਕੇਤ

ਚਰਨਾਮ੍ਰਿਤ ਪਿਲਾ ਕੇ ਚੇਲਾ ਕਰਨਾ ਸਤਨਾਮ ਦਾ ਮੰਤ੍ਰ ਦੇਣਾ, ਪਰਮੇਸ਼੍ਵਰ ਗੁਰੂ ਅਰ ਦੇਵੀ ਤੋਂ ਬਿਨਾਂ ਹੋਰ ਕਿਸੇ ਨੂੰ ਨਾ ਮੰਨਣਾ, ਪੈਸਾ ਪੈਸਾ ਹੱਟਿਓਂ ਹੱਟੀ ਮੰਗਣਾ, ਮੰਗਣੇ ਤੋਂ ਬਿਨਾਂ ਹੋਰ ਕਿਰਤ ਨਾ ਕਰਨਾ ਹੈ। ਮੁੱਛਾਂ ਰੱਖ ਕੇ ਸਿਰ ਮੁਨਾ ਦੇਣਾ ਹੀ ਮਰਯਾਦਾ ਹੈ। ਮਦ ਮਾਸ ਖਾਣਾ ਮਨ੍ਹਾ ਨਹੀਂ, ਨਾ ਹੀ ਇਸਤਰੀ ਕਰਨਾ ਨਿਸ਼ੇਧ ਹੈ। ਭੰਗ, ਚਰਸ ਆਦਿ ਨਸ਼ਿਆਂ ਵਿਚ ਗ਼ਰਕ ਰਹਿਣਾ ਵਿੱਦਿਆ ਵੱਲ ਨਾ ਦੇਖਣਾ ਹੀ ਸੰਕੇਤ ਹਨ। ਪੰਜਾਬ ਵਿਚ ਕਈ ਥਾਵਾਂ 'ਤੇ ਇਹਨਾਂ ਦੇ ਸਥਾਨ ਵੀ ਪਾਏ ਜਾਂਦੇ ਹਨ।

ਸੰਪ੍ਰਦਾਇ ਦੀ ਵੇਲ ਵ੍ਰਿਧੀ

1. **ਬਾਬਾ ਰਜ਼ਾਲ ਸ਼ਾਹ ਜੀ :** ਆਪਣੇ ਗੁਰੂ ਦੀ ਗੱਦੀ ਪੁਰ ਬੈਠੇ। ਉਹਨਾਂ ਦੇ ਸੇਵਕਾਂ ਵਿੱਚੋਂ ਬਾਬਾ ਸਹਿਜਾ ਨੰਦ ਤੇ ਝੰਗੜ ਸ਼ਾਹ ਫ਼ਕੀਰ ਬਣੇ। ਸਹਿਜਾਨੰਦ ਦਾ ਯਾਦਗਾਰੀ ਸਥਾਨ ਸ਼ਹਿਰ ਸਿਆਲਕੋਟ ਵਿਚ ਹੈ ਤੇ ਝੰਗੜ ਸ਼ਾਹ ਦਾ ਕਿਲ੍ਹਾ ਲਾਹੌਰ ਦੇ ਬਾਹਰ ਕੋਟ ਨਾਲ ਰੌਸ਼ਨਾਈ ਤੇ ਮਸਤੀ ਦਰਵਾਜ਼ਿਆਂ ਦੇ ਵਿਚਾਲੇ ਹੈ।
2. **ਬਾਬਾ ਝੰਗੜ ਸ਼ਾਹ ਜੀ :** ਨਵਾਬ ਖ਼ਾਨ ਬਹਾਦੁਰ ਜ਼ਕਰੀਆ ਖ਼ਾਂ ਦੇ ਦੀਵਾਨਾਂ ਲਖਪਤਿ, ਜਸਪਤਿ ਦਾ ਰਿਸ਼ਤੇਦਾਰ ਖੱਤਰੀ ਸੀ। ਪਰਵਿਰਤੀ ਪੱਖ ਵੱਲੋਂ ਪੱਲਾ ਛੁਡਾ ਕੇ, ਬਾਬਾ ਰਜ਼ਾਲ ਸ਼ਾਹ ਦੀ ਸ਼ਰਨ ਆਇਆ ਅਤੇ ਸੁਥਰੇ ਸ਼ਾਹੀ ਫ਼ਕੀਰ ਬਣ ਗਿਆ। ਸੇਵਾ ਘਾਲਣਾ ਕਰ ਕੇ ਚੰਗਾ ਕਰਣੀ ਵਾਲਾ ਸਾਧੂ ਹੋਇਆ। ਬਾਬਾ ਝੰਗੜ ਸ਼ਾਹ ਨੇ ਆਪਣੇ ਸ਼ਰਧਾਲੂਆਂ ਵਿੱਚੋਂ ਮੁਸ਼ਤਾਕ ਸ਼ਾਹ, ਹਰੇ ਸ਼ਾਹ, ਮਹਿਬੂਬ ਸ਼ਾਹ ਤੇ ਸੰਗਤਿ ਸ਼ਾਹ ਨੂੰ ਫ਼ਕੀਰੀ ਭੇਖ ਬਖ਼ਸ਼ਿਆ।

3. **ਬਾਬਾ ਮੁਸ਼ਤਾਕ ਸ਼ਾਹ ਜੀ :** ਆਪਣੇ ਗੁਰੂ ਦੀ ਗੱਦੀ ਪੁਰ ਲਾਹੌਰ ਬੈਠਿਆ। ਸਮਾਧ ਉਹਨਾਂ ਦੀ ਗੁਮਟੀ ਬਾਜ਼ਾਰ ਵਿਚ ਹੈ। ਆਪਣੇ ਸ਼ਰਧਾਲੂਆਂ ਵਿੱਚੋਂ ਬਾਬਾ ਦੀਦਾਰ ਸ਼ਾਹ ਤੇ ਬ੍ਰਹਮ ਸ਼ਾਹ ਆਦਿ ਚਾਰ ਜਣੇ ਸਾਧੂ ਬਣੇ। ਦੀਦਾਰ ਸ਼ਾਹ ਨੇ ਬਟਾਲੇ ਨਗਰ ਵਿਚ ਸਰੀਰ ਤਿਆਗਿਆ, ਉਥੇ ਹੀ ਸਮਾਧੀ ਬਣੀ ਹੈ।
4. **ਬਾਬਾ ਹਰੀ ਸ਼ਾਹ ਜੀ :** ਇਹਨਾਂ ਦੀ ਸਮਾਧ ਵੀ ਬਟਾਲੇ ਹੀ ਹੈ। ਬਾਬਾ ਮਹਿਬੂਬ ਸ਼ਾਹ ਬਟਾਲੇ ਲਾਗੇ ਪਿੰਡ ਸਨਾਵਰੀ ਵਿਚ ਸਮਾਏ। ਉਥੇ ਹੀ ਸਮਾਧ ਹੈ। ਭਾਈ ਸੰਗਤਿ ਸ਼ਾਹ ਨੇ ਵੀ ਬਟਾਲੇ ਪਿੰਡ ਵਿਚ ਪਰਲੋਕ ਪਿਆਨੇ ਕੀਤੇ ਅਰ ਉਥੇ ਹੀ ਸਮਾਧ ਬਣਾਈ ਗਈ।
5. **ਬਾਬਾ ਗੁਲਾਬ ਸ਼ਾਹ ਜੀ :** ਬਾਬਾ ਦੀਦਾਰ ਸ਼ਾਹ ਦੇ ਚੇਲੇ ਸਨ, ਜੋ ਲਾਹੌਰ ਡੇਰਾ ਝੰਗੜ ਸ਼ਾਹ ਦੇ ਮਹੰਤ ਬਣੇ। ਇਸ ਸ਼ਾਖ਼ ਦੀ ਪ੍ਰਸੰਗਲੀ ਵਾਰੀ ਸੁੱਧੇ ਚੱਲਦੀ ਆਈ। ਗੁਲਾਬ ਸ਼ਾਹ ਦੇ ਚੇਲੇ ਕਿਰਨ ਸ਼ਾਹ, ਤਿਸ ਦੇ ਚੰਗੇ ਸ਼ਾਹ ਬਾਅਦ ਵਿਚ ਇਸ਼ਨਾਨ ਸ਼ਾਹ, ਗੱਦੀ ਸ਼ਾਹ, ਬਿਸਵੇ ਸ਼ਾਹ, ਜੋਰੇ ਸ਼ਾਹ, ਗੁਪਤ ਸ਼ਾਹ, ਕਿਸ਼ਨ ਸ਼ਾਹ, ਚਮਨ ਸ਼ਾਹ ਤੇ ਲੁੜਿੱਕੇ ਸ਼ਾਹ ਜੋ ਸੰਮਤ 1923 ਬਿ: ਵਿਚ ਧਰਮਸਾਲ ਝੰਗੜ ਸ਼ਾਹ ਲਾਹੌਰ ਦਾ ਮਹੰਤ ਸੀ।
6. **ਬਾਬਾ ਝੰਮਣ ਸ਼ਾਹ ਜੀ :** ਬਾਵਾ ਹਰੇ ਸ਼ਾਹ ਜੀ ਦੇ ਸੇਵਕਾਂ ਵਿੱਚੋਂ ਸਾਧੂ ਬਣੇ। ਆਪ ਨੇ ਵੀ ਨਿਰੰਕਾਰ ਧਰਮ ਦਾ ਚੰਗਾ ਪ੍ਰਚਾਰ ਕੀਤਾ।
7. **ਬਾਬਾ ਬ੍ਰਹਮ ਸ਼ਾਹ ਜੀ :** ਬਾਬਾ ਬ੍ਰਹਮ ਸ਼ਾਹ ਜੀ ਨੇ ਵੀ ਨਿਰੰਕਾਰੀ ਧਰਮ ਦਾ ਚੋਖਾ ਪ੍ਰਚਾਰ ਕੀਤਾ ਅਰ ਆਪਣੇ ਸ਼ਰਧਾਲੂਆਂ 'ਚੋਂ ਬਾਬਾ ਪ੍ਰਤੱਖਾ ਸ਼ਾਹ ਤੇ ਪਟਾਕ ਸ਼ਾਹ ਨੂੰ ਫ਼ਕੀਰੀ ਭੇਖ ਰੀਤਿ ਸਮਝਾ ਕੇ ਗੁਰਮਤਿ ਪ੍ਰਚਾਰ ਦੇ ਕਾਰੇ ਲਾਇਆ। ਇਹਨਾਂ ਤੋਂ ਅੱਗੇ ਪੱਧਤੀ ਇਸ ਪ੍ਰਕਾਰ ਚੱਲੀ : ਬਾਬਾ ਸੰਗਤ ਸ਼ਾਹ, ਬਾਬਾ ਅਨੂਪ ਸ਼ਾਹ ਜੀ, ਬਾਬਾ ਬਜ਼ਾਨ ਸ਼ਾਹ, ਬਹਾਦਰ ਸ਼ਾਹ, ਬਾਬਾ ਮਹਿਬੂਬ ਸ਼ਾਹ, ਬਾਬਾ ਤਨਕ ਸ਼ਾਹ।

ਸੁਥਰੇ ਸ਼ਾਹੀ ਸੰਤਾਂ ਦੇ ਅਨੁਯਾਈਆਂ ਵਿਚ ਵਿਰੱਕਤ ਤੇ ਗ੍ਰਿਹਸਤੀ ਦੋਨੋਂ ਹੀ ਪਰੰਪਰਾਵਾਂ ਮਿਲਦੀਆਂ ਹਨ। ਰਾਜਸਥਾਨ, ਗੁਜਰਾਤ ਅਤੇ ਮਹਾਂਰਾਸ਼ਟਰ ਵਿਚ ਸੁਥਰੇ ਸ਼ਾਹੀ ਗ੍ਰਿਹਸਤੀਆਂ ਦੀ ਗਿਣਤੀ 1000 ਤੋਂ ਵੱਧ ਹੈ।

ਪੁਸ਼ਾਕ

ਸੁਥਰੇ ਸ਼ਾਹੀ ਸਾਧੂ ਸਫ਼ੈਦ ਵਸਤਰ ਧਾਰਣ ਕਰਦੇ ਹਨ। ਸਫ਼ੈਦ ਰੰਗ ਦੀ ਪਗੜੀ ਜਾਂ ਟੋਪੀ ਵੀ ਪਹਿਨਦੇ ਹਨ। ਗਲੇ ਵਿਚ ਸ੍ਰੀ ਚੰਦ ਜੀ ਦੀ ਸੇਲੀ ਹੁੰਦੀ ਹੈ, ਨਾਲ ਹੀ ਝੋਲਾ ਵੀ ਰੱਖਦੇ ਹਨ, ਜਿਸ ਵਿਚ ਦੋ ਡੰਡੇ ਅਤੇ ਪੂਜਾ ਦੀ ਸਮੱਗਰੀ ਹੁੰਦੀ ਹੈ।

ਬਾਣੀ ਗਾਉਣ ਦਾ ਇਹਨਾਂ ਦਾ ਵਿਸ਼ੇਸ਼ ਲਹਿਜਾ ਹੁੰਦਾ ਹੈ, ਜਿਸ ਨਾਲ ਵਾਤਾਵਰਣ ਗਰਿਮਾ ਪੂਰਣ ਬਣ ਜਾਂਦਾ ਹੈ। ਵਰਤਮਾਨ ਵਿਚ ਦਿੱਲੀ, ਪੰਜਾਬ ਆਦਿ ਕੁਝ ਪ੍ਰਾਂਤਾਂ ਵਿਚ ਵਿਰੱਕਤਾਂ ਦੇ ਸਥਾਨ ਹਨ।

ਕਹਿੰਦੇ ਹਨ ਕਿ ਸੁਥਰੇ ਸ਼ਾਹੀ ਸੰਪ੍ਰਦਾਇ ਦੇ ਲੱਖਾਂ ਸਥਾਨ ਸਨ। ਸਹਿਜੇ ਸਹਿਜੇ

ਸਾਰੇ ਸਥਾਨ ਖ਼ਤਮ ਹੁੰਦੇ ਗਏ। ਵਰਤਮਾਨ ਵਿਚ ਸਭ ਤੋਂ ਪੁਰਾਣੀ ਗੱਦੀ ਯਮੁਨਾ ਬਜ਼ਾਰ ਦਿੱਲੀ ਵਿਚ ਹੈ। ਇਥੇ ਮਹੰਤ ਵਿਵੇਕ ਸ਼ਾਹ ਜੀ ਗੱਦੀ ਨਸ਼ੀਨ ਹਨ। ਇਹਨਾਂ ਤੋਂ ਇਲਾਵਾ ਗੁਰਦਾਸਪੁਰ, ਅੰਮ੍ਰਿਤਸਰ, ਜਲੰਧਰ, ਨਕੋਦਰ, ਮਾਛੀਵਾੜਾ, ਜਗਰਾਉਂ, ਅਲਾਵਲਪੁਰ, ਕੋਟਕਪੂਰਾ, ਸ੍ਰੀ ਅਨੰਦਪੁਰ ਸਾਹਿਬ, ਕਾਂਗੜਾ (ਹਿਮਾਚਲ ਪ੍ਰਦੇਸ਼), ਊਨਾ, ਖੰਨਾ, ਜਵਾਲਾ ਜੀ, ਜਗਾਧਰੀ, ਹਰਿਦਵਾਰ, ਗਯਾ (ਬਿਹਾਰ), ਨਾਂਦੇੜ ਸਾਹਿਬ ਆਦਿ ਸਥਾਨਾਂ 'ਤੇ ਸੇਵਾ ਹੋ ਰਹੀ ਹੈ।

ਬਾਬਾ ਸੁਥਰੇ ਸ਼ਾਹ ਜੀ ਦੇ ਜਨਮ ਸਥਾਨ ਨਾਲ ਸੰਬੰਧਿਤ ਸਥਾਨ ਦੀ ਸਹੀ ਦੇਖਭਾਲ ਨਹੀਂ ਹੋ ਰਹੀ। ਬਹਿਰਾਮ ਵਿਖੇ ਤਿੰਨ ਏਕੜ ਜ਼ਮੀਨ ਵੀ ਇਸ ਸਥਾਨ ਨੂੰ ਲੱਗੀ ਹੋਈ ਹੈ। ਉਹਨਾਂ ਦੇ ਦੋ ਡੰਡੇ ਜੋ ਉਹ ਵਜਾਉਂਦੇ ਸਨ ਤੇ ਅਲਗੋਜਾ ਉਹ ਵੀ ਬਹੁਤ ਮਾੜੀ ਹਾਲਤ ਵਿਚ ਪਏ ਸਨ।

ਸੁਥਰੇ ਸ਼ਾਹੀ ਸਾਧੂਆਂ ਨੇ ਦੇਸ਼-ਦੇਸ਼ਾਂਤਰਾਂ ਵਿਚ ਫਿਰ ਕੇ ਹਿੰਦੂ-ਮੁਸਲਮਾਨਾਂ ਤਕ ਸਤਿਗੁਰੂ ਨਾਨਕ ਦਾ ਅਲਾਹੀ ਨਾਦ ਤੇ ਸੁਨੇਹਾ ਪਹੁੰਚਾਇਆ। ਮਹਾਰਾਜਾ ਰਣਜੀਤ ਸਿੰਘ ਬਹਾਦੁਰ ਦੇ ਰਾਜ ਸਮੇਂ ਸੁਥਰੇ ਸ਼ਾਹੀ ਫ਼ਕੀਰਾਂ ਨੂੰ ੧) ਪਿਆਦਾ ਤੇ ਇਕ ਪੈਸਾ ਹਰ ਦੁਕਾਨ ਤੋਂ ਮਿਲਦਾ ਸੀ ਅਰੁ ਤੀਜੇ ਦਿਨ ਗਜਾ ਕਰ ਕੇ ਇਹ ਬੰਧਾਨ ਵਸੂਲ ਕਰਦੇ ਸਨ। ਮਹਾਰਾਜਾ ਸਾਹਿਬ ਭਾਈ ਝੰਗੜ ਸ਼ਾਹ ਦੀ ਧਰਮਸਾਲਾ ਵਾਸਤੇ ੧) ਰੋਜ਼ਾਨਾ ਧਰਮ ਅਰਥ ਦੇਂਦੇ ਸਨ। ਅਰ ਹਰ ਵੇਸਵਾ (ਪਾਤ੍ਰਾ) ਦੇ ਘਰੋਂ ਇਕ ਪੈਸਾ ਨਿੱਤ ਦਾ ਬੰਧਾਨ ਸੀ। ਉਸ ਵੇਲੇ ਇਹ ਫ਼ਕੀਰ ਬੜੇ ਧਨਾਢ ਬਣ ਗਏ ਸਨ। ਇਹਨਾਂ ਵਿੱਚੋਂ ਇਕ ਫ਼ਕੀਰ ਜੁੱਲ ਸ਼ਾਹ ਨੇ ਲਾਹੌਰ ਤੋਂ ਅੰਮ੍ਰਿਤਸਰ ਵਿਚ ਸਰਕਾਰੀ ਘੋੜਿਆਂ ਆਦਿ ਵਾਸਤੇ ਜਵੀ (ਚਾਰਾ ਸਬਜ਼) ਦਾ ਠੇਕਾ ਲਿਆ ਹੋਇਆ ਸੀ। ਉਸ ਨੇ ਸੰਮਤ 1897 ਬਿ: ਵਿਚ ਧਰਮਸਾਲਾ ਝੰਗੜ ਸ਼ਾਹ ਨੂੰ ਨਵੇਂ ਸਿਰੇ ਤੋਂ ਤਿਆਰ ਕਰਵਾਇਆ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਨੀਯਤ ਕੀਤੇ ਪ੍ਰਚਾਰਕਾਂ ਨੂੰ ਪਾਹੁਲ ਦੇਣ ਦਾ ਤਰੀਕਾ ਇਹ ਦੱਸਿਆ ਸੀ :

"ਵਾਸੀ ਵਿਚਿ ਜਿਥੈ ਹੋਵੈ ਧਰਮਸਾਲ।
ਸਿਖ ਮਿਲਿ ਬੈਠਣ ਰਸ-ਮੁਹਬਤਿ ਨਾਲ।
ਸਬਦ ਸਾਖੀ ਗ੍ਰੰਥ ਪੋਥੀ ਪੜ੍ਹੀਐ।
ਕੀਰਤਨੁ, ਕਥਾ ਗੁਰ-ਚਰਚਾ ਕਰੀਐ।੧੧੦।
'ਜਿਸ ਨੂੰ ਸਿਖ ਹੋਵਨ ਦੀ ਹੋਵੈ ਅਤਿ ਚਾਹ।
ਸੋ ਉਥੈ ਚਲਿ ਜਾਵੈ ਖਾਹ ਮਖਾਹ।
ਹਛਾ ਸੁਚਾ ਕਟੋਰਾ ਕਰਿ ਵਿਚਿ ਪਾਣੀ ਪਾਣਾ।
ਪੰਜਾਂ ਸਿੱਖਾਂ ਦੇ ਅੰਗੂਠੇ ਸੱਜੇ ਪੈਰ ਉਪਰਿ ਪਾਣੀ ਵਹਾਣਾ।੧੧੧।
ਤਿਸ ਪਾਣੀ ਉਪਰਿ 'ਜਪੁ' ਪੰਜ ਪਉੜੀਆਂ ਪੜ੍ਹਨਾ।
ਫੇਰ ਪੰਜ ਪਉੜੀਆਂ ਅਨੰਦ ਉਚਰਨਾ।
ਸੋ ਪਾਣੀ ਸਿਖ ਨੂੰ 'ਚਰਨਾਮ੍ਰਿਤ' ਕਰਿ ਦੇਣਾ।
ਕਰਿ ਅਰਦਾਸ ਪ੍ਰਸਾਦ ਵਰਤਾਇ ਲੈਣਾ।੧੧੨।

ਉਪਦੇਸ਼ ਕਰਿ ਸਿਖੀ ਦਾ ਸਿਖ ਨੂੰ ਨਾਲਿ ਮਿਲਾਣਾ।
ਬਿਨਾ ਗੁਰੂ ਕੇ ਘਰੁ, ਸਿਖ ਹੋਰਥੇ ਨ ਜਾਣਾ।
ਧਰਮ ਦੀ ਕਿਰਤ, ਕੁਸੰਗਤਿ ਦਾ ਤਿਆਗੁ।
ਉਹੁ ਸਿਖ ਗੁਰੂ ਕਾ ਹੋਆ ਉਜਲ ਭਾਗੁ।੧੧੩।'

(ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,
(ਸੰਪਾ.) ਪਿਆਰਾ ਸਿੰਘ ਪਦਮ, ਚਰਨ 6, ਪੰਨਾ 97)

ਪਰੰਤੂ ਬਾਬਾ ਝੰਗੜ ਸ਼ਾਹ ਨੇ ਚੇਲਾ ਬਣਾਉਣ ਸਮੇਂ ਲਿਟ ਕੱਟਣੀ ਸ਼ੁਰੂ ਕਰ ਦਿੱਤੀ। ਉਦੋਂ ਤੋਂ ਸੁਥਰੇ ਸਿਰਫ਼ ਮੁਛਹਿਰੇ ਰੱਖਦੇ ਤੇ ਦਾੜ੍ਹੀ ਕਟਾ ਦਿੰਦੇ ਹਨ, ਪਰੰਤੂ ਪੰਜਾਬ ਦੇ ਪਹਾੜੀ ਇਲਾਕੇ ਵਿਚ ਦਾੜ੍ਹਾ ਪ੍ਰਕਾਸ਼ ਵੀ ਰੱਖਦੇ ਹਨ।

ਸਿੱਖ ਰਾਜ ਦੇ ਪ੍ਰਤਾਪ ਸਮੇਂ ਸੁਥਰੇ ਫ਼ਕੀਰ ਐਉਂ ਚੇਲਾ (ਫ਼ਕੀਰ) ਬਣਾਉਂਦੇ ਸਨ : ਅਭਿਲਾਖੀ ਬੰਦਾ ਪਹਿਲੋਂ ਗੁਰੂ (ਮਹੰਤ) ਅਗਾੜੀ ਪ੍ਰਸਾਦ (ਮਿਠਾਈ ਆਦਿ) ਰੱਖਦਾ। ਗੁਰੂ ਉਸ ਦੇ ਸੀਸ ਚਿਹਰੇ ਤੇ ਕੇਸ ਲੁਹਾ ਕੇ ਘੋਨ-ਮੋਨ ਬਣਵਾ ਦੇਂਦਾ। ਫਿਰ ਆਪਣੇ ਸਮੇਤ ਪੰਜ ਸੁਥਰੇ ਸਾਧੂਆਂ ਦੇ ਸੱਜੇ ਪੈਰ ਦੇ ਅੰਗੂਠੇ ਧੋ ਕੇ ਉਸ ਧੋਣ ਵਿਚ ਮਿੱਠਾ ਪਿਲਾ ਕੇ 'ਚਰਨਾਮ੍ਰਿਤ' (ਪਾਹੁਲ) ਤਿਆਰ ਕਰਦਾ ਹੈ। ਬਾਅਦ ਵਿਚ ਚੇਲੇ ਨੂੰ ਸੂਰਜ ਦੇ ਰੂਬਰੂ ਖੜਾ ਕਰ ਕੇ ਇਹ ਸ਼ਬਦ ਪੜ੍ਹਦਾ ਹੈ :

ਸਬਦੇ ਧਰਤੀ, ਸਬਦਿ ਅਗਾਸ।
ਸਬਦੇ ਸਬਦੁ ਭਇਆ ਪ੍ਰਕਾਸ।
ਸਤਿ ਕੀ ਛੁਰੀ ਸਬਦ ਕਾ ਪਾਨੀ।
ਗੁਰੂ ਨੇ ਮੂੰਡੇ ਜਗਤ ਨੇ ਜਾਨੀ।
ਚੰਦ ਸੂਰਜ ਨੇ ਸਾਖੀ ਕੀਨੀ।
ਬ੍ਰਹਮਾ ਬਿਸ਼ਨ ਮਹਾਦੇਵਿ ਮਾਨ ਕੀਨੀ।
ਮਨ ਮੂੰਡੇ ਨਾ ਮੂੰਡ ਮੁੰਡਾਉ।
ਬਿਨੁ ਮਨ ਮੂੰਡੇ ਮੁਕਤਿ ਨ ਪਾਉ।
ਨਾਨਕ ਨਿਰੰਜਨ ਸ੍ਰੀ ਚੰਦ, ਬਾਲਾ ਜੀ ਤੇ ਪਰਮਗਤਿ ਪਾਉ।
ਚੋਟੀ ਕਟਾ ਅਮਰ ਰਸ ਪੀਆ।
ਕਲਿਯੁਗ ਮਹਿ ਆਕਰ ਸੁਥਰੇ ਮਰਦ ਦਾ ਸਰਨਾ ਲੀਆ।

ਇਹ ਮੰਤਰ ਪੜ੍ਹ ਕੇ ਗੁਰੂ ਉਸ ਚਰਨਾਮ੍ਰਿਤ ਦੇ ਛੱਟੇ ਪਹਿਲੋਂ ਜਗਿਆਸੂ ਦੇ ਨੇਤਰਾਂ ਪੁਰ ਮਾਰਦਾ ਹੈ। ਫਿਰ ਉਸ ਵਿੱਚੋਂ ਆਪ ਘੁੱਟ ਭਰ ਕੇ ਚੇਲੇ ਜਾਂ ਚੇਲੀਆਂ ਨੂੰ ਪਿਆ ਦਿੰਦਾ ਹੈ। ਉਪਰੰਤ ਪੰਚਾਮ੍ਰਿਤ (ਦੇਗ) ਤਿਆਰ ਕਰ ਕੇ ਵਰਤਾਈ ਜਾਂਦੀ ਹੈ ਤੇ ਸਾਧੂਆਂ ਨੂੰ ਭੰਡਾਰਾ ਕੀਤਾ ਜਾਂਦਾ ਹੈ। ਦੇਗ ਦਾ ਗੱਫ਼ਾ ਮਹੰਤ ਨੂੰ ਦੂਹਰਾ ਮਿਲਦਾ ਹੈ।

ਸੁਥਰਿਆਂ ਦੀ ਨਿੱਤ ਕਿਰਿਆ ਤੇ ਸੇਵਾ ਪੂਜਾ

1. ਐਤਵਾਰ ਨੂੰ ਆਪਣੇ ਦੋਹਾਂ ਡੰਡਿਆਂ ਨੂੰ ਜਲ ਨਾਲ ਸ਼ਨਾਨ ਕਰਵਾਉਣਾ ਤੇ ਮਿੱਠਾ ਭੋਜਨ ਛਕਣਾ।

2. ਦੋਵੇਂ ਡੰਡੇ ਵਜਾ ਕੇ ਨਿੱਤ ਮੰਗ ਖਾਣਾ। ਡੰਡੇ ਵਜਾਉਂਦੇ ਮਨਘੜਤ ਟੱਪੇ

ਗਾਉਣੇ : "ਧੰਨ ਤੇਰੀ ਕਮਾਈ ਬਾਬਾ। ਧੰਨ ਤੇਰੀ ਕਮਾਈ।" ਆਦਿ। ਬੋਲਦੇ ਗਾਉਂਦੇ ਹਨ। ਗੁਰਬਾਣੀ ਜਾਂ ਭਾਈ ਸੁਥਰੇ ਸ਼ਾਹ ਦੀ ਰਚਨਾ 'ਚੋਂ ਕੋਈ ਸ਼ਬਦ ਸ਼ਾਇਦ ਹੀ ਕਿਸੇ ਦੇ ਕੰਠ ਹੋਵੇ। ਮੁਸਲਮਾਨਾਂ ਅਗਾੜੀ ਜਾ ਕੇ, ਉਨ੍ਹਾਂ ਦੀ ਖ਼ੁਸ਼ਨੂਈ ਵਾਸਤੇ ਔਲਿਆਵਾਂ ਦੀ ਉਸਤਤੀ ਦੇ ਟੱਪੇ ਵੀ ਗਾਉਂਦੇ ਹਨ।

ਗੱਦੀ ਨਸ਼ੀਨ ਸੁਥਰਾ ਫ਼ਕੀਰ ਗਲ 'ਚ ਕਫ਼ਨੀ ਪਹਿਨਦਾ ਹੈ। ਹੋਰ ਕਈ ਸਾਧੂ ਮੰਗਣ ਚੜ੍ਹਨ ਲੱਗੇ ਮੂੰਹ ਕਾਲਾ ਵੀ ਕਰ ਲੈਂਦੇ ਹਨ। ਮਹੰਤਾਂ ਗੁਰੂਆਂ ਦੀਆਂ ਸਮਾਧਾਂ ਪੁਰ ਚੱਤੋ-ਪਹਿਰ ਘਿਉ ਦਾ ਦੀਵਾ ਜਗਦਾ ਰੱਖਦੇ ਹਨ ਤੇ ਦੋ ਵੇਲੇ ਸ਼ੰਖ ਵਜਾਉਂਦੇ ਹਨ।[8]

ਬਾਬਾ ਸੁਥਰੇ ਸ਼ਾਹ ਜੀ ਦੇ ਗੁਰੂ ਧਾਮ

ਸੁਥਰਾ ਸ਼ਾਹ ਜੀ ਤੋਂ ਛੋਟਾ ਭਾਈ ਜਾਦੋ ਵੀ ਫ਼ਕੀਰ ਬਣ ਗਿਆ। ਇਹਨਾਂ ਦੋਹਾਂ ਭਰਾਵਾਂ ਆਪਣੇ ਹਿੱਸੇ ਆਈ ਥਾਂ ਵਿਚ ਇਕ ਖੂਹ ਧਰਮ ਅਰਥ ਲਵਾ ਦਿੱਤਾ ਤੇ ਬਾਕੀ ਨਕਦ ਜਿਣਸ ਪੁੰਨ ਦਾਨ ਵਿਖੇ ਲੇਖੇ ਲਾ ਦਿੱਤੀ। ਸੋ ਇਸ ਤਰ੍ਹਾਂ ਹੈ :

1. **ਬਹਿਰਾਮਪੁਰ :** ਬਹਿਰਾਮਪੁਰ ਵਿਚ ਸੁਥਰੇ ਸ਼ਾਹੀ ਫ਼ਕੀਰਾਂ ਦਾ ਪਹਿਲਾ ਧਰਮ ਧਾਮ ਇਹ ਖੂਹ ਬਣਿਆ। ਬਾਅਦ ਵਿਚ ਸੁਥਰਿਆਂ ਨੇ ਆਪਣੇ ਗੁਰੂ ਦੀ ਯਾਦ ਵਿਚ ਖੂਹ 'ਤੇ ਮੰਦਰ ਵੀ ਬਣਾ ਦਿੱਤਾ।
2. **ਬਟਾਲਾ :** ਬਟਾਲਾ ਵਿਚ ਬਾਬਾ ਸੁਥਰੇ ਸ਼ਾਹ ਜੀ ਦੇ ਪੋਤਰੇ ਚੇਲੇ ਝੰਗੜ ਸ਼ਾਹ ਦੇ ਦੋ ਚੇਲੇ ਹਰੇ ਸ਼ਾਹ ਤੇ ਸੰਗਤ ਸ਼ਾਹ ਆਏ। ਇਸ ਨਗਰ ਵਿਚ ਦੋਹਾਂ ਸਾਧੂਆਂ ਨੇ ਸਰੀਰ ਤਿਆਗੇ। ਉਨ੍ਹਾਂ ਦੇ ਸੇਵਕਾਂ ਨੇ ਦੋਹਾਂ ਦੀਆਂ ਸਮਾਧਾਂ ਵੀ ਇਸੇ ਨਗਰ ਵਿਚ ਬਣਾਈਆਂ ਤੇ ਮੰਦਰ ਬਣਾ ਕੇ ਯਾਦਗਾਰਾਂ ਕਾਇਮ ਕੀਤੀਆਂ।
3. **ਸਨਾਵਰੀ :** ਬਟਾਲੇ ਦੇ ਨੇੜੇ ਹੀ ਇਹ ਪਿੰਡ ਹੈ। ਜਿਸ ਵਿਚ ਬਾਬਾ ਝੰਗੜ ਸ਼ਾਹ ਦੀ ਤੀਜਾ ਚੇਲਾ ਮਹਿਬੂਬ ਸ਼ਾਹ ਆ ਗਿਆ। ਉਮਰ ਭਰ ਗੁਰਮਤਿ ਦਾ ਪ੍ਰਚਾਰ ਕਰ ਕੇ ਇਥੇ ਹੀ ਗੁਰਪੁਰੀ ਸਿਧਾਰਿਆ। ਉਸੇ ਦੀ ਯਾਦਗਾਰ ਵਜੋਂ ਸੁਥਰੇ ਸ਼ਾਹੀ ਸਾਧੂਆਂ ਸਮਾਧ ਤੇ ਮੰਦਰ ਬਣਾਇਆ ਹੈ।
4. **ਅੰਮ੍ਰਿਤਸਰ :** ਅੰਮ੍ਰਿਤਸਰ ਵਿਚ ਦੋ ਧਰਮਸਾਲਾਂ ਹਨ। ਪਹਿਲੀ ਚਾਵਲ ਮੰਡੀ, ਛੱਤੀ ਖੂਹ ਮੁਹੱਲੇ, ਜੋ ਬਾਵਾ ਝੰਗੜ ਸ਼ਾਹ ਦੇ ਸੇਵਕ ਬਾਬਾ ਖੁਸ਼ੀਆ ਸ਼ਾਹ ਨੇ ਸੰਮਤ ਅਠਾਰਾਂ ਸੈ ਇਕ ਵਿਚ ਲਾਹੌਰ ਵਾਲੀ ਧਰਮਸਾਲਾ ਤੋਂ ਆ ਕੇ ਅਸਥਾਪਨ ਕੀਤੀ। ਗੁਰੂ ਬਾਬੇ ਦੀ ਮਨਸ਼ਾ ਅਨੁਸਾਰ ਕਥਾ ਕੀਰਤਨ ਦਾ ਪ੍ਰਵਾਹ ਚਲਾਇਆ। ਅਤਿੱਥੀ ਸੇਵਾ ਤੇ ਗੁਰੂ ਕਾ ਲੰਗਰ ਵੀ ਚਲਾਇਆ। ਬਾਬਾ ਖੁਸ਼ੀਆ ਸ਼ਾਹ ਤੋਂ ਬਾਅਦ ਇਹ ਧਰਮਸਾਲਾ ਦੇ ਪ੍ਰਬੰਧਕ ਪਿੰਡੀ ਸ਼ਾਹ, ਜਗਨ ਸ਼ਾਹ, ਕਰੇਲੇ ਸ਼ਾਹ, ਟੀਂਡੇ ਸ਼ਾਹ, ਤਰੁਨ ਸ਼ਾਹ, ਹਿਤੁ ਸ਼ਾਹ, ਚਿੱਤੁ ਸ਼ਾਹ, ਜੋੜੀ ਸ਼ਾਹ, ਪਿਸ਼ੌਰ ਸ਼ਾਹ, ਲਾਹੌਰ ਸ਼ਾਹ ਤੇ ਖੁਦਮਸਤਿ ਸ਼ਾਹ ਹੁੰਦੇ ਆਏ ਸਨ। ਸੰਮਤ 1980 ਵਿਚ ਬਾਵਾ ਖੁਦਮਸਤਿ ਸ਼ਾਹ ਜੀ ਮੌਜੂਦ ਸਨ।

ਦੂਜੀ ਖ਼ਜ਼ਾਨੇ ਦੇ ਕੱਟੜੇ ਅੰਦਰ, ਜੋ ਬਾਬਾ ਮੁਸ਼ਤਾਕ ਸ਼ਾਹ ਦੇ ਇਕ ਸੇਵਕ ਬ੍ਰਹਮ ਸ਼ਾਹ ਜੀ ਦੀ ਲੜੀ ਦੇ ਸਾਧੂ ਮੋਹਨ ਸ਼ਾਹ ਨੇ ਬਹਿਰਾਮਪੁਰ ਤੋਂ ਆ ਕੇ

8. *ਤਹਿਕੀਕਾਤਿ ਚਿਸ਼ਤੀ*, ਪੰਨਾ 953.

ਸੰਮਤ ਅਠਾਰਾਂ ਸੈ ਤਿੰਨ ਬਿਕ੍ਰਮੀ ਵਿਚ ਕਾਇਮ ਕੀਤੀ। ਆਏ ਗਏ ਲਈ ਰਹਿਣ ਦਾ ਪ੍ਰਬੰਧ, ਲੰਗਰ ਦੀ ਵਿਵਸਥਾ ਦਾ ਪ੍ਰਬੰਧ ਕੀਤਾ ਗਿਆ।

ਬਾਬਾ ਮੋਹਨ ਸ਼ਾਹ ਤੋਂ ਬਾਅਦ ਵਾਰੀ ਸਿਰ ਬਾਬਾ ਧਿਆਨ ਸ਼ਾਹ, ਨੈਣ ਸ਼ਾਹ, ਬੈਣ ਸ਼ਾਹ, ਬਹਾਦੁਰ ਸ਼ਾਹ, ਬਲੰਦ ਸ਼ਾਹ, ਖੰਡ ਸ਼ਾਹ, ਮ੍ਰਿਜੰਗ ਸ਼ਾਹ, ਅਧੀਨ ਸ਼ਾਹ, ਮਿਠੜੀ ਸ਼ਾਹ, ਚੀਚੋਂ ਸ਼ਾਹ ਤੇ ਨਰਵ ਸ਼ਾਹ ਇਸ ਅਸਥਾਨ ਦੇ ਮਹੰਤ ਬਣਦੇ ਆਏ।

5. **ਨੂਰ ਮਹਿਲ** : ਨੂਰ ਮਹਿਲ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਗੁਰਦੁਆਰਾ ਸਥਿਤ ਹੈ, ਜਿਸ ਦਾ ਪ੍ਰਬੰਧ ਸੁਥਰੇ ਸ਼ਾਹੀ ਸੰਤ ਸੇਵਾ ਸੰਭਾਲ ਤੇ ਪ੍ਰਬੰਧ ਕਰਦੇ ਰਹੇ।[9]

ਭਾਈ ਸੁਥਰੇ ਸ਼ਾਹ ਜੀ

(ਸੁਥਰੇ ਸ਼ਾਹ ਸੰਪ੍ਰਦਾ ਦੀ ਸ਼ਿਸ਼ ਪਰੰਪਰਾ – 1625 ਤੋਂ 1900 ਈ. ਤਕ)

- ਭਾਈ ਜਾਦੋ ਸ਼ਾਹ
- ਭਾਈ ਭੂੰਜਾ
- ਭਾਈ ਰਜ਼ਾਲ ਸ਼ਾਹ
  - ਭਾਈ ਸਹਜਾ ਨੰਦ
  - ਭਾਈ ਝੰਗੜ ਸ਼ਾਹ
    - ਭਾਈ ਮੁਸ਼ਤਾਕ ਸ਼ਾਹ
      - ਭਾਈ ਦੀਦਾਰ ਸ਼ਾਹ
        - ਭਾਈ ਗੁਲਾਬ ਸ਼ਾਹ
          - ਭਾਈ ਕਿਰਨ ਸ਼ਾਹ
            - ਭਾਈ ਚੰਗੇ ਸ਼ਾਹ
              - ਭਾਈ ਇਸ਼ਨਾਨ ਸ਼ਾਹ
              - ਭਾਈ ਗੱਦੀ ਸ਼ਾਹ
              - ਭਾਈ ਬਿਸਵੇ ਸ਼ਾਹ
              - ਭਾਈ ਜੋਰੇ ਸ਼ਾਹ
              - ਭਾਈ ਗੁਪਤ ਸ਼ਾਹ
              - ਭਾਈ ਕਿਸ਼ਨ ਸ਼ਾਹ
              - ਭਾਈ ਚਮਨ ਸ਼ਾਹ
              - ਭਾਈ ਲੜਿਕੇ ਸ਼ਾਹ
      - ਭਾਈ ਬ੍ਰਹਮ ਸ਼ਾਹ
        - ਭਾਈ ਪ੍ਰਤਖਾ ਸ਼ਾਹ
        - ਭਾਈ ਪਟਾਕ ਸ਼ਾਹ
    - ਭਾਈ ਹਰੇ ਸ਼ਾਹ
      - ਭਾਈ ਝੰਮਣ ਸ਼ਾਹ
    - ਭਾਈ ਮਹਿਬੂਬ ਸ਼ਾਹ
    - ਭਾਈ ਸੰਗਤ ਸ਼ਾਹ
- ਭਾਈ ਅੰਧੇਰ ਸ਼ਾਹ

9. *ਸ੍ਰੀ ਗੁਰੂ ਤੀਰਥ ਸੰਗ੍ਰਹਿ*, ਪੰਨਾ 62.

ਇਸ ਤੋਂ ਇਲਾਵਾ ਲਹਿੰਦੇ ਪੰਜਾਬ ਵਿਚ ਬਾਬਾ ਸੁਥਰੇ ਸ਼ਾਹ ਜੀ ਦੇ ਚੇਲੇ ਬਾਬਾ ਝੰਗੜ ਸ਼ਾਹ ਨੇ ਲਾਹੌਰ ਸ਼ਹਿਰ ਦੇ ਮਸਤੀ ਤੇ ਰੌਸ਼ਨਾਈ ਦਰਵਾਜ਼ਿਆਂ ਵਿਚਾਲੇ ਕੋਟੋਂ ਬਾਹਰਵਾਰ ਗੁਰੂ ਦੀ ਯਾਦ ਧਰਮਸਾਲਾਂ ਦੇ ਰੂਪ ਵਿਚ ਕਾਇਮ ਕੀਤੀ। ਬਾਬਾ ਝੰਗੜ ਸ਼ਾਹ ਤੋਂ ਬਾਅਦ ਇਸ ਧਰਮਸਾਲਾ ਦੇ ਮਹੰਤ ਨੰਬਰਦਾਰ ਮੁਸ਼ਤਾਕ ਸ਼ਾਹ, ਗੁਲਾਬ ਸ਼ਾਹ, ਕਿਰਨ ਸ਼ਾਹ, ਚੰਗੇ ਸ਼ਾਹ, ਇਸ਼ਨਾਨ ਸ਼ਾਹ, ਗੱਦੀ ਸ਼ਾਹ, ਬਿਸਵੇ ਸ਼ਾਹ, ਜੋਰੇ ਸ਼ਾਹ, ਗੁਪਤ ਸ਼ਾਹ ਤੇ ਲੁੜਿਕੇ ਸ਼ਾਹ ਸਿੱਖ ਰਾਜ ਸਮੇਂ ਤਕ ਬਣਦੇ ਆਏ। ਇਹਨਾਂ ਦੀਆਂ ਸਮਾਧਾਂ ਵੀ ਧਰਮਸਾਲਾ ਦੀ ਵਲਗਣ ਵਿਚ ਹੀ ਹਨ।

ਦੂਜੀ ਧਰਮਸਾਲਾ ਇਸੇ ਸ਼ਹਿਰ ਦੇ ਗੁਮਟੀ ਬਾਜ਼ਾਰ ਵਿਚ ਹੈ। ਇਹ ਬਾਵਾ ਮੁਸ਼ਤਾਕ ਸ਼ਾਹ ਦੀ ਯਾਦਗਾਰ ਦੇ ਤੌਰ 'ਤੇ ਬਣੀ ਹੈ। ਬਾਵਾ ਜੀ ਦੀ ਸਮਾਧ ਵੀ ਇਸੇ ਟਿਕਾਣੇ ਹੈ।

ਸਿੰਧ ਦੇਸ਼ ਵਿਚ : ਸੁਥਰੇ ਸ਼ਾਹੀ ਫ਼ਕੀਰ ਸਿੰਧ ਦੇਸ਼ ਵਿਚ ਵੀ ਗੁਰਮਤਿ ਦਾ ਪ੍ਰਚਾਰ ਕਰਦੇ ਤੇ ਆਪਣਾ ਬੰਧਾਨ ਕਬੂਲਦੇ ਸਨ। ਇਹਨਾਂ ਫ਼ਕੀਰਾਂ ਨੇ ਲੜਕਾਨਾ ਸ਼ਹਿਰ ਵਿਚ ਉਗਰਾਹੀ ਦੇ ਪੈਸੇ ਨਾਲ ਸਤਿਗੁਰੂ ਨਾਨਕ ਆਸ਼ੇ ਅਨੁਸਾਰ ਧਰਮਸਾਲ ਦੀ ਬੁਨਿਆਦੀ ਰੱਖੀ। ਫਿਰ ਸਥਾਨਕ ਸੰਗਤ ਨੇ ਵੀ ਤਨ, ਮਨ, ਧਨ ਨਾਲ ਸੇਵਾ ਨਾਲ 'ਗੁਰਧਾਮ' ਸੰਪੂਰਣ ਕੀਤਾ।

ਜੌਨਪੁਰ ਰਿਆਸਤ : ਇਸ ਨਗਰ ਵਿਚ ਜੌਨਪੁਰ ਵਿਚ ਸਤਿਗੁਰੂ ਨਾਨਕ ਦੇਵ ਜੀ ਦੱਖਣ ਦੀ ਉਦਾਸੀ ਸਮੇਂ ਪਧਾਰੇ ਸਨ। ਗਿਰਨਾਰ ਪਰਬਤ ਲਾਗੇ ਆਪ ਜੀ ਦਾ ਯਾਦਗਾਰੀ ਸਥਾਨ ਬਣਿਆ ਹੋਇਆ ਹੈ, ਜਿਸ ਵਿਚ ਬਾਬਾ ਜੀ ਦੀਆਂ ਖੜਾਵਾਂ ਦੇ ਦਰਸ਼ਨ ਹੁੰਦੇ ਹਨ। ਇਹ ਯਾਦਗਾਰੀ ਧਰਮਸਾਲਾ ਸੁਥਰੇ ਸ਼ਾਹੀ ਸਾਧੂਆਂ ਦੀ ਪ੍ਰਗਟ ਕੀਤੀ ਹੋਈ ਹੈ ਤੇ ਉਸ ਦੀ ਸੇਵਾ-ਸੰਭਾਲ ਕਰਦੇ ਰਹੇ ਹਨ।

ਅਫ਼ਗਾਨਿਸਤਾਨ ਵਿਚ : ਬਾਬਾ ਸੁਥਰੇ ਸ਼ਾਹ ਜੀ ਦਾ ਦੂਜਾ ਚੇਲਾ ਬਾਬਾ ਭੂੰਜਾ ਸ਼ਾਹ ਬਾਬਾ ਸੁਥਰੇ ਸ਼ਾਹ ਜੀ ਦਾ ਬਖ਼ਸ਼ਿਆ ਬਾਣੀ ਦੀ ਪੋਥੀ ਤੇ ਮਾਲਾ ਲੈ ਕੇ, ਜਿਸ ਨੂੰ ਉਹ ਅਜ਼ਮਤ ਦਾ ਖ਼ਜ਼ਾਨਾ ਸਮਝਦਾ ਸੀ, ਚੋਰੀ ਚੁੱਕ ਕੇ ਨੱਸ ਗਿਆ। ਇਸ ਮੁਲਕ ਵਿਚ ਪਹੁੰਚ ਕੇ ਸਿੱਖ ਧਰਮ ਦਾ ਪ੍ਰਚਾਰ ਕਰਦਾ ਰਿਹਾ। ਆਖ਼ਰ ਕੰਧਾਰ ਸ਼ਹਿਰ ਵਿਚ ਧਰਮਸਾਲ ਸਥਾਪਨ ਕਰ ਕੇ ਨਿਰੰਕਾਰੀ ਧਰਮ ਦੇ ਪ੍ਰਚਾਰ ਦਾ ਕੇਂਦਰ ਬਣਾਇਆ, ਜੋ ਕਹਿੰਦੇ ਹੁਣ ਤਕ ਬਹਾਲ ਹੈ।

3. ਤੀਜੀ ਬਖ਼ਸ਼ਿਸ਼ ਬਾਬਾ ਸੰਗਤ ਸਾਹਿਬ ਜੀ

ਬਾਬਾ ਸੰਗਤ ਸਾਹਿਬ ਦਾ ਜਨਮ ਉਪਲ ਖੱਤਰੀ 'ਬਿੰਨੇ' ਦੇ ਘਰ ਸੰਮਤ 1697 ਬਿ: ਵਿਚ ਹੋਇਆ। ਆਪ ਜੀ ਦੇ ਪਿੰਡ ਦਾ ਨਾਂ 'ਅੰਬ ਮਾੜੀ' ਹੈ, ਜੋ ਕਿ ਲੰਮੇਂ ਦੇਸ਼ ਦੇ ਪਰਗਣੇ ਮੀਏਂ ਦੇ ਮੌੜ ਦਾ ਪਿੰਡ ਹੈ। ਬੱਚੇ ਦਾ ਨਾਮ ਮਾਂ-ਬਾਪ ਨੇ 'ਸੰਗਤ' ਰੱਖਿਆ। ਜਦੋਂ ਸੰਗਤ ਜੀ ਸਰੀਰ ਕਰਕੇ ਉਡਾਰੂ ਹੋਏ ਤਾਂ ਮਾਪਿਆਂ ਨੇ ਫੇਰੀ ਲਾਉਣ ਦੇ ਕਾਰਜ ਸੌਦਾ ਵੇਚਣ ਲਾ ਦਿੱਤਾ। ਇਸੇ ਕਿੱਤੇ ਲੱਗਾ ਫੇਰੀਆਂ ਫਿਰਦਾ, ਮਾਲਵੇ ਦੇਸ਼ ਦੇ ਦੌਰੇ ਸਮੇਂ ਸਤਿਗੁਰੂ ਹਰਿਰਾਇ ਸਾਹਿਬ ਦੇ ਦਰਸ਼ਨ ਕਰਨ ਆਇਆ।

ਸਤਿਗੁਰਾਂ ਨੇ ਮੱਥੇ ਦੇ ਲੇਖ ਪੜ੍ਹ ਕੇ ਪੁੱਛਿਆ, "ਬੱਚਿਆ! ਕੀ ਕੰਮ ਕਰਦਾ ਹੁੰਦਾ ਹੈਂ ? ਤੇ ਇਥੇ ਕਿਵੇਂ ਆਇਆ ਹੈਂ ?"

ਤਾਂ ਸੰਗਤ ਨੇ ਨਿਮਰਤਾ ਸਹਿਤ ਹੱਥ ਜੋੜ ਕੇ ਬਿਨੈ ਕੀਤੀ, "ਮਹਾਰਾਜ! ਆਪ ਸਰਬ ਘਟਾਂ ਦੇ ਜਾਣੀ-ਜਾਣ ਹੋ। ਮੈਂ ਗ਼ਰੀਬ ਖੱਤਰੀ ਦਾ ਪੁੱਤਰ ਹਾਂ ਤੇ ਫੇਰੀ ਲਾ ਕੇ ਸੌਦਾ-ਸਲਫ਼ ਵੇਚਦਾ ਹਾਂ। ਇਹੀ ਮੇਰੀ ਰੋਜ਼ੀ ਦਾ ਵਸੀਲਾ ਹੈ। ਆਪ ਜੀ ਪਾਸੋਂ ਨਾਮ ਦਾਨ ਮੰਗਣ ਆਇਆ ਹਾਂ ਤਾਂ ਜੁ ਆਪ ਜੀ ਦੀ ਮਿਹਰ ਨਾਲ ਹਲਤ-ਪਲਤ ਸੰਵਰ ਜਾਣ।" ਗੁਰੂ ਜੀ ਨੇ ਖ਼ੁਸ਼ ਹੋ ਕੇ ਕਿਹਾ, "ਭਲੀ ਗੱਲ ਹੈ, ਤੂੰ ਸਾਡਾ ਫ਼ੇਰੂ (ਫੇਰੀ ਲਾਉਣ ਵਾਲਾ) ਸਿੱਖ ਹੈਂ। ਦੋਵੇਂ ਵੇਲੇ 'ਗੁਰੂ ਕੇ ਲੰਗਰ' ਵਿਚ ਯਥਾ ਸ਼ਕਤਿ ਸੇਵਾ ਕੀਤਾ ਕਰ। ਵੇਹਲੇ ਵੇਲੇ ਫੇਰੀ ਲਾ ਕੇ, ਰੋਜ਼ੀ ਭੀ ਕਮਾਇਆ ਕਰ। ਗੁਰੂ ਬਾਬਾ ਮਿਹਰ ਕਰੇਗਾ ਤੇ ਕਾਰਜ ਰਾਸ ਹੋਣਗੇ।"

ਉਸੇ ਦਿਨ ਤੋਂ ਸੰਗਤ ਦਾ ਨਾਂ ਭਾਈ ਫੇਰੂ ਹੀ ਪੱਕ ਗਿਆ। ਭਾਈ ਫੇਰੂ ਜੀ ਨੇ ਗੁਰੂ ਆਗਿਆ ਨੂੰ ਸਤਿ ਸਤਿ ਕਰ ਮੰਨਿਆ। ਸੇਵਾ ਸਿਮਰਨ ਕਰ ਕੇ ਸਤਿਗੁਰਾਂ ਦੀ ਕਿਰਪਾ ਦਾ ਪਾਤਰ ਬਣਿਆ। ਭਾਈ ਫੇਰੂ ਦੀ ਸੇਵਾ ਤੋਂ ਖ਼ੁਸ਼ ਹੋ ਕੇ ਸਤਿਗੁਰੂ ਜੀ ਨੇ ਕ੍ਰਿਪਾ ਕਰ'ਤੀ:

> ਭਾਈ ਫੇਰੋ ਕੀ ਟਹਲ ਪਰ, ਸਤਿਗੁਰ ਭਏ ਦਿਆਲ।
> ਜੋ ਗੁਰ ਨਮਿਤ ਸੇਵਾ ਕਰੇ, ਸਤਿਗੁਰ ਕਰੇ ਨਿਹਾਲ॥੨੧॥

ਓੜਕ ਸਤਿਗੁਰਾਂ ਉਸ ਦੀ ਬਿਰਤੀ ਜਾਚ ਕੇ ਤੇ ਸੇਵਾ ਪੁਰ ਰੀਝ ਕੇ ਗੁਰਬਾਣੀ ਦੀ ਪੋਥੀ, ਮਾਲਾ ਤੇ ਮਜੀਠੀ ਚੋਲਾ ਬਖ਼ਸ਼ਿਆ। ਅਗਾਹਾਂ ਅਧਿਕਾਰੀਆਂ ਨੂੰ ਚਰਨਾਮ੍ਰਿਤ ਦੇ ਕੇ ਨਾਮ ਦਾਨ ਦੇ ਗੱਫ਼ੇ ਵਰਤਾਉਣ ਦੇ ਅਧਿਕਾਰ ਪ੍ਰਦਾਨ ਕੀਤੇ ਅਤੇ ਹੋਰ ਸਭ ਤਰ੍ਹਾਂ ਦੀ ਮਰਯਾਦਾ ਦੀ ਜ਼ਿੰਮੇਵਾਰੀ ਨਿਬਾਹੁਣ ਵਾਸਤੇ ਹਦਾਇਤ ਕੀਤੀ। ਜਦੋਂ ਭਾਂਡਾ ਪੂਰਾ ਹੋਇਆ ਵੇਖਿਆ ਤਾਂ ਨੱਕੇ ਤੇ ਲੰਮੇ ਦੇਸ਼ਾਂ ਦਾ ਮਸੰਦ ਨੀਯਤ ਕਰਕੇ, ਘਰ ਜਾਣ ਦੀ ਆਗਿਆ ਦਿੱਤੀ ਅਰ ਸਦਾ ਅੰਨ ਤੇ ਨਾਮ ਦਾ ਲੰਗਰ ਚੱਲਣ ਦਾ ਵਰ ਬਖ਼ਸ਼ਿਆ।

ਸਤਿਗੁਰਾਂ ਪਾਸੋਂ ਬਖ਼ਸ਼ ਪ੍ਰਾਪਤ ਕਰ ਕੇ ਵਿਦਾ ਹੋ ਕੇ ਮੀਏਂ ਕੇ ਮੌੜ (ਹੁਣ ਤਹਿਸੀਲ ਚੂਣੀਆਂ, ਜ਼ਿਲ੍ਹਾ ਲਾਹੌਰ) ਦੀ ਜੂਹੇ ਇਕ ਰੌੜ ਵਿਚ ਆਸਣ ਜਮਾ ਲਏ। ਨਾਮ ਦਾਨ ਤੇ ਖਾਨ-ਪਾਨ ਦੇ ਲੰਗਰ ਲਾਏ। ਇਸ ਅਸਥਾਨ ਦਾ ਨਾਂ ਹੀ ਭਾਈ ਫੇਰੂ ਪ੍ਰਸਿੱਧ ਹੋ ਗਿਆ। ਇਸ ਬਖ਼ਸ਼ ਦਾ ਇਹੀ ਕੇਂਦਰੀ ਅਸਥਾਨ ਹੈ, ਜੋ ਰੇਲਵੇ ਸਟੇਸ਼ਨ ਛਾਂਗਾ-ਮਾਂਗਾ ਤੋਂ 9 ਮੀਲ 'ਤੇ ਕੋਟ ਰਾਧਾ ਕਿਸ਼ਨ ਤੋਂ ਦਸ ਮੀਲ (ਲਾਹੌਰ ਵੱਲੋਂ ਜਾਈਏ ਤਾਂ) ਸੱਜੇ ਹੱਥ ਹੈ। ਥੋੜੇ ਸਮੇਂ ਵਿਚ ਹੀ ਬਹੁਤ ਭਾਰੀ ਸੰਗਤ ਭਾਈ ਸਾਹਿਬ ਦੇ ਡੇਰੇ 'ਤੇ ਜੁੜਨ ਲੱਗ ਪਈ ਸੀ। ਅਭਿਲਾਖੀ ਪ੍ਰਾਨੀ ਚਰਨ ਪਾਹੁਲ ਤੇ 'ਸਤਿਨਾਮ ਵਾਹਿਗੁਰੂ' ਮੰਤਰ ਲੈ ਕੇ ਗੁਰਸਿੱਖ ਸੱਜਣ ਢਹਿ ਪਏ। ਦਸਵੇਂ ਪਾਤਸ਼ਾਹ ਦੇ ਸਮੇਂ ਤਕ ਭਾਈ ਫੇਰੂ ਜੀ ਬੜੀ ਭਾਰੀ ਸੰਗਤ ਦੇ ਆਗੂ (ਗੁਰੂ-ਮਸੰਦ) ਬਣ ਗਏ। ਸੰਮਤ 1754 ਵਿਚ ਸ੍ਰੀ ਦਸਮੇਸ਼ ਜੀ ਨੇ ਦੁੱਖੀ ਸਿੱਖਾਂ ਦੀ ਪੁਕਾਰ ਸੁਣ ਕੇ, ਮਸੰਦਾਂ ਦੀ ਪਰਖ ਸੋਧ ਕੀਤੀ।

ਇਹ ਗੱਲ ਸੁਣ ਕੇ ਭਾਈ ਫੇਰੂ ਜੀ ਡੇਰੇ ਵੀ ਨਹੀਂ ਗਏ, ਬਾਹਰੋਂ ਹੀ ਉਹਨਾਂ ਸਿੱਖਾਂ ਨਾਲ ਉਸੇ ਹਾਲ ਟੁਰ ਪਏ। ਅਰੁ ਮੰਜ਼ਲਾਂ ਮਾਰਦੇ ਅਨੰਦਪੁਰ ਪਹੁੰਚ ਗਏ। ਸੱਜੇ-ਖੱਬੇ ਦੋ ਸਿੱਖ ਹੋ ਗਏ; ਦੋਹਾਂ ਅੱਧੀ ਅੱਧੀ ਦਾੜ੍ਹੀ ਫੜੀ। ਇਕ ਸਿੱਖ ਹੱਥੀਂ ਬੱਧਾ ਰੱਸਾ ਫੜ ਕੇ ਅਗਾੜੀ ਲੱਗ ਟੁਰਿਆ ਅਰੁ ਦੋ ਪਿਛਲੇ ਬੰਨ੍ਹੇ ਰਾਖੇ ਬਣੇ। ਇਉਂ ਅਪਰਾਧੀਆਂ ਵਾਂਙੂ ਬੱਧੇ ਫੜੇ ਹੋਏ ਹਜ਼ੂਰ ਪੇਸ਼ ਜਾ ਕੀਤੇ। ਸਾਰੀ ਸਭਾ ਨੇ ਇਸ ਹਾਲੇ ਭਾਈ ਜੀ ਵੇਖੇ, ਤਾਂ ਸਤਿਗੁਰਾਂ ਮੁਸਕਾਇ ਕੇ ਬਚਨ ਕੀਤਾ :

ਨਹਿੰ ਮਸੰਦ ਸਮ ਇਹ ਚਿਤ ਖੋਟਾ।
ਲੰਗਰ ਕਰਤਿ ਗੁਰੂ ਰਖਿ ਓਟਾ॥੩੧॥
ਸਿਰੋਪਾਉ ਛੁਟਵਾਇ ਦਿਵਾਯੋ।
ਮਨ ਪ੍ਰਸੰਨ ਹ੍ਵੈ ਬਾਕ ਅਲਾਯੋ।
'ਸ੍ਰੀ ਹਰਿ ਰਾਇ ਕਹਯੋ ਤਿਸ ਬੇਰਾ।
ਮਮ ਖੀਸਾ ਖਰਚੋ ਕਰ ਤੇਰਾ॥੩੨॥
ਅਬਿ ਤੇ ਖੀਸਾ ਭੀ ਹੁਇ ਤੋਹੀ।
ਕਰਹੁ ਦੇਗ ਸਤਿਸੰਗਤਿ ਹੋਹੀ'।
ਬਨਯੋ ਦੀਨ 'ਫੇਰੂ' ਪੁਨ ਕਹੈ।
ਖੀਸਾ ਕਰ ਤੁਮਰੋ ਸਭਿ ਅਹੈ॥੩੩॥
ਜੇ ਮੇਰੋ ਅਵਗੁਨ ਕੁਛ ਪਾਵਹੁ।
ਸ੍ਵਾਮੀ ਹੋਇ ਸਜ਼ਾਇ ਫੁਰਮਾਵਹੁ।
ਇਸੀ ਰੀਤਿ ਅਘ ਓਘ ਮਿਟਾਇ।
ਬਖਸ਼ਹੁ ਲੀਜੈ ਚਰਨ ਮਿਲਾਇ॥੩੪॥
'ਹੇ ਪ੍ਰਭੂ! ਖੋਟੇ ਖਰੇ ਤੁਮਾਰੇ!
ਦਾਸ ਸਦਾ ਹੈ ਅਵਗੁਨਿਆਰੇ'॥

ਅਜੇ ਇਸ ਤਰ੍ਹਾਂ ਬਚਨ ਬਿਲਾਸ ਹੋ ਰਹੇ ਸਨ ਕਿ ਕੰਬੋਆ ਦਾ ਮਸੰਦ ਭਾਈ ਰਾਉ, ਦੀਪਾਲਪੁਰੀਆ, ਕਮਾਲੀਏ ਦਾ ਵਸਨੀਕ ਭਾਈ ਜ਼ਹਨ (ਜੋਧ) ਤੇ ਲਾਹੌਰੀਆ ਮਸੰਦ ਭਾਈ ਜਗਤਾ ਜੀ, ਭਾਈ ਫੇਰੂ ਜੀ ਵਾਂਙ ਹੀ ਬੱਧੇ ਹਾਜ਼ਰ ਕੀਤੇ ਗਏ। ਭਾਈ ਫੇਰੂ ਜੀ ਦੀ ਸਿਫ਼ਾਰਸ਼ ਪੁਰ ਤਿੰਨੇ ਮਾਫ਼ ਕਰ ਦਿੱਤੇ ਅਰੁ ਭਾਈ ਫੇਰੂ ਜੀ ਦੇ ਅਧੀਨ ਕਾਰ ਕਮਾਵਣ ਦੀ ਆਗਿਆ ਹੋਈ।

ਭਾਈ ਫੇਰੂ ਜੀ ਦੇ ਅਚਾਨਕ ਅਨੰਦਪੁਰ ਚਲੇ ਆਉਣ ਦੀ ਸੂਚਨਾ ਜਦੋਂ ਉਹਨਾਂ ਦੇ ਡੇਰੇ ਸੇਵਕਾਂ ਨੂੰ ਮਿਲੀ ਤਾਂ ਭਾਈ ਸਾਹਿਬ ਦੇ ਚਾਰ ਚੇਲੇ, ਭਾਈ ਚਰਨ ਦਾਸ, ਬਿੰਦਰਾਬਨ, ਖ਼ਾਨ ਸ਼ਾਹ ਤੇ ਢੂੰਢਾ ਯਥਾਯੋਗ ਭੇਟ ਲੈ ਕੇ ਮਗਰੇ ਭੱਜੇ ਆਏ। ਉਤਲੇ ਲੇਖੇ-ਪਤੇ 'ਤੇ ਪੁੱਛ ਪ੍ਰਤੀਤ ਅਜੇ ਹੋ ਹੀ ਰਹੀ ਸੀ ਕਿ ਇਹ ਚਾਰੇ ਗੁਰਮੁਖ ਵੀ ਪਹੁੰਚ ਗਏ। 'ਸੁਹੇਲੀ' ਨਾਮ ਦੀ ਘੋੜੀ ਬਾਹਰ ਖੜੀ ਕਰ ਕੇ ਬਾਕੀ ਵਸਤਾਂ ਸਤਿਗੁਰਾਂ ਦੇ ਚਰਨਾਂ ਵਿਚ ਜਾ ਰੱਖੀਆਂ। ਉਹਨਾਂ ਦੇ ਨਾਲ ਭਾਈ ਫੇਰੂ ਜੀ ਦਾ ਪੋਤਰਾ ਚੇਲਾ ਭਾਈ ਮਾਲੀ ਵੀ ਸੀ, ਨਾਲੇ ਭਾਈ ਪ੍ਰਿਥੀ ਜੀ (ਜੋ ਪੁਸ਼ਕਰ ਮੁਕਾਮ ਪੁਰ ਦਸਵੇਂ ਪਾਤਸ਼ਾਹ

ਦੇ ਸਿੱਖ ਸੱਜੇ ਸਨ) ਦਾ ਭਤੀਜਾ ਜਗਤ ਭਗਤ ਵੀ ਨਾਲ ਸਭਨਾਂ ਸਤਿਗੁਰਾਂ ਨੂੰ ਚਰਨ ਬੰਦਨਾ ਕੀਤੀ। ਸਤਿਗੁਰਾਂ ਕੁਸ਼ਲ ਖੇਮ ਤੇ ਮਨੋਰਥ ਪੁੱਛ ਕੇ ਸਭਨਾਂ ਨੂੰ ਬਖ਼ਸ਼ਾਂ ਕੀਤੀਆਂ।[10]

ਭਾਈ ਫੇਰੂ ਜੀ ਨੂੰ ਸੰਗਤ ਨੇ 'ਸੱਚੀ ਦਾੜ੍ਹੀ' ਤੇ ਸੰਗਤ ਸਾਹਿਬ ਖ਼ਿਤਾਬ ਦੇ ਕੇ ਨਿਵਾਜਿਆ ਤੇ ਆਪਣੀ ਦਸਤਾਰ ਨਾਲੋਂ ਅੱਧੀ ਦਸਤਾਰ ਬਖ਼ਸ਼ੀ।

ਕੁਝ ਦਿਨ ਬਾਬਾ ਸੰਗਤ ਸਾਹਿਬ ਜੀ ਗੁਰਾਂ ਦੇ ਹਜ਼ੂਰ ਰਹਿ ਕੇ ਲੰਗਰ ਦੀ ਸੇਵਾ ਕੀਤੀ ਤੇ ਓੜਕ ਆਗਿਆ ਪਾ ਕੇ ਵਤਨਾਂ ਵੱਲ ਵਿਦਾਅ ਹੋ ਆਏ। ਆਪਣੇ ਡੇਰੇ ਆ ਕੇ (ਧਰਮਸਾਲ) ਗੁਰੂ ਭਰੋਸੇ ਨਾਮ ਤੇ ਅੰਨ ਦਾ ਸਦਾ ਵਰਤ ਚਲਾਉਂਦੇ ਰਹੇ। ਭਾਈ ਸਾਹਿਬ ਪੰਜਾਬੀ ਦੇ ਵਿਦਵਾਨ ਤੇ ਕਵੀਸ਼ਰ ਵੀ ਸਨ।

ਭਾਈ ਫੇਰੂ (ਸੰਗਤ ਸਾਹਿਬ) ਜੀ ਸੰਮਤ ਸਤਾਰਾਂ ਸੈ ਤ੍ਰੈਹਠ ਮਿਤੀ ਚੇਤਰ ਪੁੰਨਿਆ ਵੀਰਵਾਰ ਨੂੰ ਦੋ ਘੜੀ ਰਾਤ ਰਹਿੰਦੀ ਆਪਣੇ ਪ੍ਰੀਤਮ ਦੇ ਦੇਸ਼ ਜਾ ਬਿਰਾਜੇ।

ਬਖ਼ਸ਼ਿਸ਼ ਦਾ ਵਿਸਥਾਰ

ਬਾਬਾ ਸੰਗਤ ਸਾਹਿਬ ਦੀ ਸੇਵਾ ਸੰਗਤ ਕਰ ਕੇ ਬੇਅੰਤ ਪ੍ਰਾਣੀ ਵਿਗੋਸਾਏ ਗਏ ਤੇ ਸਿੱਖ ਬਣੇ। ਜਿਨ੍ਹਾਂ ਵਿੱਚੋਂ ਨਾਮਵਰ ਬਾਬਾ ਨਰਾਇਣ ਦਾਸ, ਚਰਨ ਦਾਸ, ਲਾਲ ਚੰਦ, ਜਗਤ ਭਗਤ, ਬਿੰਦਰਾਬਨ, ਖ਼ਾਨ ਸ਼ਾਹ, ਹਰਿ ਨਾਰਾਇਣ ਤੇ ਬਿਧੀ ਚੰਦ ਆਦਿ ਨੂੰ ਉਦਾਸ ਬਿਰਤੀ ਧਾਰਨ ਕਰ ਕੇ ਇਸ ਬਖ਼ਸ਼ਿਸ਼ ਦਾ ਵਿਸਥਾਰ ਕੀਤਾ। ਅੱਗੋਂ ਇਹਨਾਂ ਦੇ ਚੇਲਿਆਂ ਥਾਂ ਪੁਰ ਥਾਂ ਜਾ ਕੇ ਸਿੱਖੀ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ।

4. ਚੌਥੀ ਬਖ਼ਸ਼ ਬਾਬਾ ਮੀਹਾਂ ਸਾਹਿਬ ਜੀ

ਬਾਬਾ ਮੀਹਾਂ ਸਾਹਿਬ ਜੀ ਬਾਬਾ ਨੰਦ ਲਾਲ 'ਸੋਹਣਾ' ਜੀ ਦੇ ਤਿੰਨ ਸਪੁੱਤਰਾਂ ਵਿੱਚੋਂ ਇਕ ਸਨ, ਜਿਨ੍ਹਾਂ ਵਿੱਚੋਂ ਬਾਬਾ ਰਾਮਦੇਵ ਜੀ ਸਭ ਤੋਂ ਵੱਡਾ ਸੀ। ਪਿਤਾ ਨੰਦ ਲਾਲ 'ਸੋਹਣਾ' ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੇਵਕ ਸਿੱਖ ਸੀ। ਜਿਸ ਦਾ ਦੂਜਾ ਨਾਮ ਸੋਹਣਾ ਸੀ। ਬਾਬਾ ਨੰਦ ਲਾਲ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਜਦੋਂ ਕੀਰਤਪੁਰ ਸਨ, ਉਸ ਸਮੇਂ ਸਿੱਖ ਬਣੇ ਸਨ।

ਬਾਬਾ 'ਸੋਹਣਾ' ਜੀ ਨੌਂਵੇਂ ਪਾਤਸ਼ਾਹ ਤਕ ਸੇਵਾ ਕਰਦੇ ਰਹੇ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ, ਜਿਸ ਦਿਨ ਦਿੱਲੀ ਵਿਚ ਸ਼ਹੀਦ ਕੀਤੇ ਗਏ, ਠੀਕ ਉਸੇ ਦਿਨ ਸੰਮਤ 1732 ਮਿਤੀ 11 ਮੱਘਰ ਸੁਦੀ 5 ਨੂੰ ਨਗਰ ਸਰਾਲੇ ਵਿਚ ਹੀ ਸਵਰਗ ਸਵਾਰਾ ਕਰ ਗਏ :

> **ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥**
> **ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥** *(ਸਿਰੀਰਾਗ ਮ: ੪, ਪੰਨਾ 83)*

ਆਪ ਜੀ ਦੇ ਗ੍ਰਿਹਿ ਵਿਖੇ ਤਿੰਨ ਪੁੱਤਰ ਬਾਬਾ ਰਾਮਦੇਵ, ਬਾਬਾ ਸੰਤ ਰਾਮ ਤੇ

---

10. *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ*, ਰੁਤਿ 3, ਅੰਸੂ 30.

ਬਾਬਾ ਗੁਰਦਿਆਲ ਪੈਦਾ ਹੋਏ। ਇਹ ਤਿੰਨੇ ਭਰਾ ਵੀ ਪਿਤਾ ਵਾਂਙ ਗੁਰੂ ਘਰ ਦੇ ਸ਼ਰਧਾਲੂ ਸੇਵਕ ਹੋਏ ਅਰੁ ਗ੍ਰਿਹਸਤ ਵਿਚ ਉਦਾਸੀ ਦਾ ਰੰਗ ਮਾਣਦੇ ਰਹੇ।

ਬਾਬਾ ਨੰਦ ਲਾਲ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਰਾਮਦੇਵ ਜੀ ਨੂੰ ਆਪਣੇ ਥਾਂ ਸਤਿਗੁਰੂ ਜੀ ਦੀ ਸੇਵਾ ਕਰਨ ਲਈ ਸੰਮਤ 1700 ਬਿ: ਨੂੰ ਦੀਪਮਾਲਾ ਦੇ ਮੇਲੇ ਸਮੇਂ ਨਿਯਤ ਕੀਤਾ। ਇਸ ਸਮੇਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਗੁਰਗੱਦੀ 'ਤੇ ਬਿਰਾਜਮਾਨ ਸਨ। ਬਾਬਾ ਰਾਮਦੇਵ ਜੀ ਨੇ ਪਿਤਾ ਜੀ ਦੀ ਆਗਿਆ ਪਾਲਣ ਕਰਦਿਆਂ ਚੱਤੋ ਪਹਿਰ ਹਾਜ਼ਰ-ਹਜ਼ੂਰ ਰਹਿ ਕੇ ਹੁਕਮੀ ਕਾਰ ਕਮਾਈ। ਇਹਨਾਂ ਦੇ ਜ਼ਿੰਮੇ ਲੰਗਰਾਂ ਵਿਚ ਪਾਣੀ ਭਰਨ ਦੀ ਸੇਵਾ ਸੀ। ਉਸ ਤੋਂ ਇਲਾਵਾ ਗੁਰੂ ਕੇ ਘੋੜਿਆਂ ਤੇ ਸੰਗਤਾਂ ਨੂੰ ਜਲ ਛਕਾਉਣ ਅਤੇ ਦੀਵਾਨ ਸਥਾਨ ਆਦਿ ਲੋੜੀਂਦੇ ਥਾਣੀ ਛਿੜਕਾਉ ਕਰਨ ਦੀ ਖ਼ਿਦਮਤ ਵੀ ਬੜੀ ਰੀਝ ਤੇ ਚਾਉ ਨਾਲ ਕਰਦੇ ਹੁੰਦੇ ਸਨ। ਸੰਮਤ 1724-25 ਵਿਚ ਜਦੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਪੂਰਬ ਭਾਰਤ ਵੱਲ ਗੁਰ-ਤੀਰਥਾਂ ਦੀ ਯਾਤਰਾ ਤੇ ਧਰਮ ਪ੍ਰਚਾਰ ਕਰਨ ਦਾ ਭ੍ਰਮਣ ਕਰ ਰਹੇ ਸਨ, ਮਾਲਵਾ ਤੋਂ ਹੁੰਦੇ ਬਾਂਗਰ ਨੂੰ ਗਏ ਤਾਂ ਬਾਬਾ ਰਾਮਦੇਵ ਵੀ ਨਾਲ ਹਾਜ਼ਰ ਸੀ। ਗੁਰੂ ਜੀ ਮਾਲਵਾ ਤੋਂ ਬਾਂਗਰ ਦੇਸ਼ ਨੂੰ ਆਪਣੇ ਚਰਨ-ਕੰਵਲਾਂ ਨਾਲ ਪਵਿੱਤਰ ਕਰ ਰਹੇ ਸਨ ਤਾਂ ਧਮਧਾਨ ਸਥਾਨ 'ਤੇ ਬਾਬਾ ਰਾਮਦੇਵ ਜੀ ਨੇ ਡੇਰੇ ਦੇ ਅੰਦਰ-ਬਾਹਰ ਪਾਣੀ ਦਾ ਛਿੜਕਾਉ ਇਸ ਤਰ੍ਹਾਂ ਕਰ ਦਿੱਤਾ ਜਿਵੇਂ ਮੂਸਲਾਧਾਰ ਮੀਂਹ ਪੈ ਕੇ ਹਟਿਆ ਹੋਵੇ। ਸਤਿਗੁਰੂ ਤੇਗ਼ ਬਹਾਦਰ ਸਾਹਿਬ ਬਾਬਾ ਰਾਮਦੇਵ ਜੀ ਦੀ ਸੇਵਾ ਤੋਂ ਇਤਨੇ ਪ੍ਰਭਾਵਿਤ ਹੋਏ ਤੇ ਬਚਨ ਫ਼ੁਰਮਾਏ, "ਕਿ ਭਾਈ ਰਾਮਦੇਵਾ! ਤੂੰ ਤਾਂ ਸੱਚਮੁੱਚ ਦਾ ਮੀਂਹ ਵਰਸਾ ਦਿੱਤਾ ਹੈ। ਸੋ ਅੱਜ ਤੋਂ ਤੂੰ ਸਾਡਾ 'ਮੀਹਾਂ' ਹੀ ਹੋਇਆ। ਹੁਣ ਤੂੰ ਨਾਮ ਬਾਣੀ ਦੇ ਨਾਮ ਅੰਮ੍ਰਿਤ ਦੀ ਵਰਖਾ ਵੀ ਕਰਿਆ ਕਰ।"

ਸਤਿਗੁਰੂ ਜੀ ਨੇ ਬਾਬਾ ਮੀਹਾਂ ਜੀ ਦੀ ਅਣਥੱਕ ਘਾਲ ਕਮਾਈ ਪੁਰ ਤਰੁੱਠ ਕੇ 'ਮਹੰਤ' ਦੀ ਪਦਵੀ ਬਖ਼ਸ਼ੀ। ਨਾਲ ਇਕ ਗੁਰ-ਸੇਵਕ ਬਲਦ ਨਗਾਰਾ ਤੇ ਲੰਗਰ ਲਈ ਇਕ ਲੋਹ ਵੀ ਬਖ਼ਸ਼ੀ। ਗੁਰ-ਸ਼ਬਦ ਦਾ ਨਿਸ਼ਾਨ ਇਕ ਝੰਡਾ ਵੀ ਬਖ਼ਸ਼ਿਆ।

ਬਾਬਾ ਮੀਹਾਂ ਜੀ, ਸਤਿਗੁਰਾਂ ਪਾਸੋਂ ਮਨ ਦੀਆਂ ਮੁਰਾਦਾਂ ਪਾ ਕੇ ਤੇ ਵਿਦਾਅ ਹੋਣ ਲੱਗੇ ਤਾਂ ਸਾਹਿਬਾਂ ਨੇ ਫ਼ੁਰਮਾਇਆ, "ਗੁਰੂ ਬਾਬੇ ਦੇ ਅਤੁੱਟ ਭੰਡਾਰੇ ਦੀ ਕੁੰਜੀ ਤੁਹਾਨੂੰ ਪ੍ਰਾਪਤ ਹੋਈ ਹੈ। ਜਾਓ, ਛਕਦੇ ਛਕਾਉਂਦੇ ਤੇ ਨਾਮ ਬਾਣੀ ਦੇ ਗੱਫ਼ੇ ਵਰਤਾਉਂਦੇ ਫਿਰੋ। ਗੁਰੂ ਬਾਬੇ ਦੀ ਮਨਸਾ ਮੁਤਾਬਕ ਘਰ ਘਰ ਅੰਦਰ ਧਰਮਸਾਲ ਬਣਾਓ ਤੇ ਅੰਨ ਪਾਣੀ ਦੇ ਲੰਗਰ ਚਲਾਓ।"

ਆਗਿਆ ਦਾ ਪਾਲਣ ਕਰ ਕੇ ਬਾਬਾ ਮੀਹਾਂ ਜੀ ਸੇਵਾ ਵਿਚ ਪੂਰੀ ਤਨਦੇਹੀ ਨਾਲ ਜੁੱਟ ਪਏ। ਸਤਿਗੁਰਾਂ ਦੇ ਬਖ਼ਸ਼ੇ ਬਲਦ ਪੁਰ ਨਗਾਰਾ ਲੰਗਰ ਦਾ ਸਾਮਾਨ ਲੱਦ ਕੇ ਦੇਸ਼ ਰਟਨ ਕਰਨ ਲੱਗੇ। ਪ੍ਰਾਪਤ ਹੋਇਆ ਝੰਡਾ ਆਪਣੀ ਸਵਾਰੀ ਦੇ ਅੱਗੇ ਝੁਲਾਉਂਦੇ ਸਨ। ਜਿਥੇ ਜਾ ਕੇ ਡੇਰਾ ਲਾਉਂਦੇ, ਉਥੇ ਹੀ ਲੰਗਰ ਲਾ ਕੇ ਖੁੱਲ੍ਹੇ ਗੱਫ਼ੇ ਅੰਨ ਪਾਣੀ ਦੇ ਤੇ ਨਾਲ ਹੀ ਨਾਮ ਬਾਣੀ ਦੇ ਛਕਾਉਂਦੇ ਰਹਿੰਦੇ ਸਨ।

ਸੰਮਤ 1732 ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਹੋਣ 'ਤੇ ਸ੍ਰੀ

ਗੁਰੂ ਗੋਬਿੰਦ ਸਿੰਘ ਜੀ ਗੱਦੀ 'ਤੇ ਬਿਰਾਜਮਾਨ ਹੋਏ। ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸਾਕੇ ਦਾ ਸਮਾਚਾਰ ਬਾਬਾ ਮੀਹਾਂ ਜੀ ਨੂੰ ਜਦੋਂ ਮਿਲਿਆ ਤਾਂ ਆਪ ਮਾਖੋਵਾਲ ਗੁਰੂ ਜੀ ਨਾਲ ਵਿਚਾਰ ਸਾਂਝੇ ਕਰਨ ਲਈ ਪਹੁੰਚੇ। ਮਰਿਆਦਾ ਅਨੁਸਾਰ ਨਿਸ਼ਾਨ ਝੁਲਾਉਂਦੇ ਤੇ ਨਗਾਰਾ ਵਜਾਉਂਦੇ ਗੁਰੂ ਦਰਬਾਰ ਦੇ ਦਰ ਤਕ ਪਹੁੰਚੇ। ਨਗਾਰੇ ਦੀ ਆਵਾਜ਼ ਸੁਣ ਕੇ ਮਹਾਰਾਜ ਜੀ ਨੇ ਕਿਹਾ, "ਇਹ ਕੌਣ ਹੈ ? ਗੁਰੂ ਦਰਬਾਰ ਦੇ ਸਤਿਕਾਰ ਦਾ ਧਿਆਨ ਨਾ ਰੱਖਦੇ ਹੋਏ ਨਗਾਰੇ ਵਜਾਈ ਜਾ ਰਹੇ ਹਨ। ਖੋਹ ਲਓ, ਉਸ ਦਾ ਨਗਾਰਾ ਤੇ ਨੀਸ਼ਾਨ।"

ਸਤਿਗੁਰਾਂ ਦੇ ਫ਼ੁਰਮਾਨ ਪੁਰ ਚੌਬਦਾਰਾਂ ਤੁਰੰਤ ਧਿਆਨ ਦਿੱਤਾ। ਬਾਬਾ ਸਾਹਿਬ ਕੋਲੋਂ ਨਗਾਰਾ ਤੇ ਨਿਸ਼ਾਨ ਖੋਹੇ। ਉਹਨਾਂ ਨੂੰ ਦਰਬਾਰ ਤੋਂ ਦੂਰ ਹਟਾ ਦਿੱਤਾ ਗਿਆ। ਸਾਹਿਬ ਨੇ ਇਸ ਨਿਰਾਦਰੀ ਦਾ ਬਿਲਕੁਲ ਵੀ ਇਤਰਾਜ਼ ਨਾ ਕੀਤਾ। ਨਾ ਮੱਥੇ ਵੱਟ ਪਾਇਆ। ਸਹਿਜ ਸੁਭਾਇ ਜਾ ਡੇਰਾ ਕੀਤਾ, ਸਰਦੀ ਬਣਦੀ ਭੇਟਾ ਗੁਰੂ ਜੀ ਦੇ ਸਨਮੁਖ ਰੱਖੀ ਤੇ ਨਮਸਕਾਰ ਕੀਤੀ। ਅੰਤਰਜਾਮੀ ਸਤਿਗੁਰੂ ਜੀ ਦੇ ਹਿਰਦੇ ਅੰਦਰ ਭਾਈ ਸਾਹਿਬ ਦੇ ਅੰਤਰ ਆਤਮੇ ਸਤਿਗੁਰਾਂ ਦਾ ਅਥਾਹ ਸਤਿਕਾਰ ਤੇ ਪ੍ਰੇਮ ਭਾਉ ਤਾਂ ਜਾਚਿਆ। ਸਤਿਗੁਰੂ ਜੀ ਨੇ ਹੋਰ ਜਾਚਣ ਪਰਖਣ ਲਈ ਕਿਹਾ, "ਭਾਈ ਗੁਰਮੁਖਾ! ਤੈਨੂੰ ਨਗਾਰਾ ਤੇ ਨਿਸ਼ਾਨ ਬਖ਼ਸ਼ੇ ਗਏ ਸਨ, ਉਹ ਕਿਥੇ ਛੱਡ ਆਇਆ ਹੈਂ ?"

ਬਾਬਾ ਸਾਹਿਬ ਨੇ ਪੂਰੇ ਠਰ੍ਹੰਮੇ ਨਾਲ ਅਰਜ਼ ਕੀਤੀ, "ਸੱਚੇ ਪਾਤਸ਼ਾਹ! ਤੁਸੀਂ ਬਖ਼ਸ਼ੇ ਸਨ, ਤੁਸਾਂ ਆਪ ਹੀ ਵਾਪਸ ਲੈ ਲਏ ਹਨ। ਦਾਤੇ ਨੇ ਆਪਣੀ ਵਸਤ ਸਾਂਭ ਲਈ, ਸੇਵਕ ਨੂੰ ਤਾਂ ਰਜ਼ਾ ਵਿਚ ਹੀ ਰਹਿਣਾ ਚਾਹੀਦਾ ਹੈ।" ਗੁਰੂ ਜੀ ਇਸ ਨਿਰਮਾਣਤਾ ਤੇ ਨਿਰਲੇਪ ਬਿਰਤੀ ਪੁਰ ਬਹੁਤ ਪ੍ਰਸੰਨ ਹੋਏ। ਨਗਾਰਾ ਤੇ ਨੀਸਾਨ ਮੁੜ ਇਨਾਯਤ ਕੀਤੇ। ਹੋਰ ਇਕ ਸਿਰੀ ਸਾਹਿਬ, ਇਕ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਆਪਣੇ ਸੀਸ ਪੁਰ ਸਜਾਏ ਦਸਤਾਰੇ ਨਾਲੋਂ ਲਾਹ ਕੇ ਅੱਧਾ ਦਸਤਾਰਾ ਵੀ ਬਖ਼ਸ਼ਿਆ। ਨਾਲੇ 'ਮੀਹਾਂ' ਨਾਮ ਉੱਤੇ 'ਸਾਹਿਬ' ਖ਼ਿਤਾਬ ਵਧਾਇਆ। ਇਉਂ ਬਾਬਾ ਸਾਹਿਬ ਜੀ 'ਮੀਹਾਂ ਸਾਹਿਬ' ਬਣ ਗਏ। ਉਸ ਦਿਨ ਤੋਂ ਐਸੀ ਦਸਤਾਰ, ਇਸ ਬਖ਼ਸ਼ ਦੀ ਗੱਦੀ ਨਾਲ ਅਲੱਥ ਵੱਥ ਮੰਨੀ ਜਾਂਦੀ ਹੈ। ਹਰ ਮਹੰਤ ਗੱਦੀ ਪੁਰ ਬਿਰਾਜਨ ਸਮੇਂ ਅੱਧੀ ਦਸਤਾਰ ਸੀਸ ਪੁਰ ਸਜਾਉਂਦਾ ਹੈ। ਬਾਕੀ ਵਸਤਾਂ ਵੀ ਇਸ ਬਖ਼ਸ਼ ਦੇ ਮੁੱਖ ਅਸਥਾਨ ਡੇਰਾ ਮਗਨੀ ਰਾਮ ਪਟਿਆਲਾ ਵਿਖੇ ਸਾਂਭੀਆਂ ਸਤਿਕਾਰੀਆਂ ਆ ਰਹੀਆਂ ਹਨ। ਬਾਬਾ ਮੀਹਾਂ ਸਾਹਿਬ ਦਾ ਦੇਹਾਂਤ ਜ਼ਿਲ੍ਹਾ ਸਿਆਲਕੋਟ, ਤਹਿਸੀਲ ਨਾਰੋਵਾਲ ਦੇ ਪਿੰਡ ਸੋਹੀਆਂ ਵਿਚ ਹੋਇਆ ਦੱਸਿਆ ਜਾਂਦਾ ਹੈ, ਉਥੇ ਹੀ ਆਪ ਜੀ ਦੀ ਸਮਾਧ ਬਣੀ ਹੋਈ ਹੈ।

ਬਖ਼ਸ਼ਿਸ਼ ਦਾ ਵਾਧਾ

ਬਾਬਾ ਮੀਹਾਂ ਸਾਹਿਬ ਜੀ ਦਾ ਭਾਈ ਲਖਮੀਰ ਪਹਿਲਾ ਸੇਵਕ ਸਿੱਖ ਸੀ, ਪਰ ਬਾਬਾ ਮੀਹਾਂ ਜੀ ਦੀ ਸੰਪ੍ਰਦਾਇ ਦੇ ਸਾਧੂ ਸੰਤ ਪਹਿਲਾ ਚੇਲਾ ਬਾਬਾ ਮੱਲ ਜੀ ਤੇ ਦੂਜਾ ਬਾਬਾ ਲਖਮੀਰ ਜੀ ਨੂੰ ਦੱਸਦੇ ਹਨ। ਇਹਨਾਂ ਤੋਂ ਬਿਨਾਂ 23 ਚੇਲੇ ਹੋਰ ਸਨ :

3. ਬਾਬਾ ਨਾਨਕ ਬਖ਼ਸ਼
4. ਬਾਬਾ ਸਿਦਕੀਆ
5. ਬਾਬਾ ਟਹਿਲ ਦਾਸ
6. ਬਾਬਾ ਰਿਖੀ ਰਾਮ
7. ਬਾਬਾ ਸੁਖਰਾਮ ਅੰਮ੍ਰਿਤੀਆ
8. ਬਾਬਾ ਸਾਧੂ ਰਾਮ
9. ਬਾਬਾ ਕੇਸ਼ੋ ਦਾਸ
10. ਬਾਬਾ ਹਰਿ ਧਿਆਨ ਦਾਸ
11. ਬਾਬਾ ਰਾਮਦਾਸ
12. ਬਾਬਾ ਦੇਸ ਰਾਜ
13. ਬਾਬਾ ਜਗਤ ਰਾਮ 'ਮਜਨੂੰ'
14. ਬਾਬਾ ਮਿੱਠਾ ਰਾਮ
15. ਬਾਬਾ ਕਾਨ੍ਹ ਦਾਸ
16. ਬਾਬਾ ਗੁਰਦਿਆਲ
17. ਬਾਬਾ ਮਾਨ ਦਾਸ
18. ਬਾਬਾ ਸੁਰਤ ਦਾਸ
19. ਬਾਬਾ ਸੰਗਤ ਦਾਸ
20. ਬਾਬਾ ਸੰਤ ਦਾਸ
21. ਬਾਬਾ ਮਾਝੀ ਜੀ
22. ਬਾਬਾ ਭੋਲਾ ਦਾਸ
23. ਬਾਬਾ ਮਜਨੂੰ ਜੀ
24. ਬਾਬਾ ਬਾਗੀ ਦਾਸ ਜੀ
25. ਬਾਬਾ ਜਗਨ ਨਾਥ ਜੀ

ਇਹਨਾਂ ਵਿੱਚੋਂ ਬਾਬਾ ਲਖਮੀਰ ਜੀ, ਮੱਲ ਜੀ, ਸੁਰਤ ਰਾਮ ਜੀ, ਮਜਨੂੰ ਜੀ, ਭੋਲੇ ਦਾਸ ਜੀ ਤੇ ਰਾਮਦਾਸ ਜੀ ਦੀਆਂ ਸ਼ਾਖ਼ਾਵਾਂ ਖ਼ੂਬ ਵਧੀਆਂ-ਫੁੱਲੀਆਂ ਹਨ। ਭਾਈ ਮਾਨ ਦਾਸ ਦਾ ਅਸਥਾਨ ਕੰਧਾਰ ਵਿਚ ਤੇ ਬਾਬਾ ਬਸਤੀ ਦਾਸ ਦਾ ਰੁਹਤਾਸ ਜ਼ਿਲ੍ਹਾ ਜਿਹਲਮ ਵਿਚ ਸੀ। ਇਹ ਸਾਰੇ ਸੰਤ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਖ਼ਸ਼ਿਸ਼ ਬਾਬਾ ਮੀਹਾਂ ਜੀ ਦੀ ਸ਼ਾਖ਼ ਦੇ ਉਦਾਸੀ ਸੰਤ ਕਹਾਉਂਦੇ ਹਨ। ਇਹਨਾਂ ਦੀ ਮੁੱਖ ਗੱਦੀ 'ਡੇਰਾ ਮਗਨੀ ਰਾਮ' ਨਾਮ ਕਰਕੇ ਪਟਿਆਲੇ ਸ਼ਹਿਰ ਵਿਚ ਹੈ।

ਇਸ ਬਖ਼ਸ਼ਿਸ਼ ਦੇ ਪ੍ਰਸਿੱਧ ਅਸਥਾਨ ਪੰਜਾਬ ਵਿਚ ਅੰਮ੍ਰਿਤਸਰ ਵਿਖੇ ਅਖਾੜਾ ਸੰਗਲ ਵਾਲਾ, ਨਿਰਬਾਣ, ਛੱਤੇ ਵਾਲਾ ਅਖਾੜਾ, ਨਾਗਿਆਂ ਦੀ ਧਰਮਸਾਲਾ, ਧਰਮਸਾਲਾ ਬ੍ਰਨਾਵਾਲੀ, ਮਜੀਠਾ, ਪਿੰਡ ਕਸੇਲ, ਜਸਮੇਰ ਜ਼ਿਲ੍ਹਾ ਜਲੰਧਰ। ਜਲੰਧਰ ਵਿਚ ਹੀ ਸੋਢਲ ਛੋਟਾ, ਬੰਗਾ, ਖਟਕਲ ਕਲਾਂ, ਤਸੌਲੀ, ਜਗਰਾਉਂ, ਤਹਿਸੀਲ ਲੁਧਿਆਣਾ ਵਿਖੇ ਜਗਰਾਉਂ ਤੋਂ ਇਲਾਵਾ ਰੋਪੜ, ਪਿੰਡ ਕੀਹੜ, ਛੱਤਿਆਣਾ, ਪਟਿਆਲਾ ਸ਼ਹਿਰ ਅੰਦਰ ਡੇਰਾ ਛੱਤਾ ਮਗਨੀ ਰਾਮ ਪ੍ਰਸਿੱਧ ਧਰਮਸਾਲਾ ਹੈ। ਡੇਰਾ ਇਮਲੀ ਵਾਲਾ, ਲਟੂਰ ਪੁਰਾ, ਬੀੜ ਖੇੜੀ, ਬਹਿਰੂ ਪਿੰਡ, ਬਨੇਰਾ, ਬਰਨਾਲਾ ਨਗਰ, ਖੁੱਡੀ ਪਿੰਡ, ਹਥਨ (ਮਲੇਰਕੋਟਲਾ), ਕੰਙਣਵਾਲਾ, ਛਪਾਰ, ਠੁਲੀ ਵਾਲ, ਫੱਫੜੇ ਭਾਈ ਕੇ, ਮੰਡੇਰ ਕਲਾ, ਰੱਲਾ ਜੋਗਾ, ਕਾਲਾ ਝਾੜ (ਸੁਨਾਮ), ਲੌਂਗ ਖੈੜਾ (ਡਾਕਘਰ ਲੌਂਗੋਂਵਾਲ), ਸਾਬੋ ਕੀ ਤਲਵੰਡੀ, ਭਾਗੀ ਬਾਂਦਰ, ਬੀੜ ਫ਼ਰੀਦਕੋਟ, ਨਾਭਾ (ਡਾਕਘਰ ਬਨੂੜ), ਲਖਨਊ ਸ਼ਹਿਰ, ਰਾਜ ਗੋਲਾ ਨਾਨਕ ਹਰੀ ਨਾਮੇ ਪਿੰਡ ਮੁਰਾਦਾਬਾਦ, ਬਿਸ੍ਵਾਂ (ਗੋਰਖਪੁਰ), ਕਸਬਾ (ਪੂਰਨੀਆਂ), ਕਰਮੁੱਲਾ ਪੁਰ (ਬਾਰਾਬੰਕੀ), ਕਾਂਸ਼ੀ (ਬਨਾਰਸ), ਪਟਨਾ ਸ਼ਹਿਰ, ਧਨੀਆ ਪਹਾੜੀ (ਗਯਾ ਨਰਟੀ ਗੰਜ ਸ਼ਹਿਰ ਦੇ ਨੇੜੇ), ਮਧੂ ਸੂਦਨ, ਬੰਸੋ ਬਟ (ਭਾਗਲਪੁਰ ਲਾਗੇ), ਮੁਕਾਮਾ ਘਾਟ, ਘੁਸਵੜੀ (ਪਟਨਾ ਸ਼ਹਿਰ), ਫਤੂਹਾ, ਨਿਵਾਦਾ (ਹਜ਼ਾਰੀ ਬਾਗ਼ ਰੋਡ), ਮੁਜ਼ਫ਼ਰਪੁਰ, ਸ਼ਾਹਪੁਰ ਕਚਰੋਟੀਆ ਪਚੰਭਾ ਗਰੀਡੀ (ਹਜ਼ਾਰੀ ਬਾਗ਼), ਕਟਕ, ਅਮਰਾਵਤੀ, ਧੋਲਾਪੁਰ, ਭੇਵਾਪੁਰ, ਉਜੈਨ, ਧਊਲਕਾ

(ਅਹਿਮਦਾਬਾਦ), ਖਾਮ ਗਾਮ (ਜ਼ਿਲ੍ਹਾ ਬੁਲਖਾਣਾ), ਦੱਖਣ ਭਾਰਤ। ਬੰਦ ਰਾਮੇਸ਼੍ਵਰ ਸਿੰਧ ਦੇਸ਼ ਵਿਚ ਸਾਧੂ ਬੇਲਾ ਸੱਖਰ, ਅਫ਼ਗ਼ਾਨਿਸਤਾਨ ਵਿਚ ਕੰਧਾਰ ਆਦਿ।

ਧੰਨਵਾਦ

ਇਸ ਪੱਧਤੀ ਦੇ ਪ੍ਰਗਟਾਵੇ ਬਣਵਾਏ ਸਿੱਖ ਧਰਮ ਅਸਥਾਨਾਂ ਅਰੁ ਉਹਨਾਂ ਦੇ ਬਾਨੀ ਸੰਤਾਂ-ਮਹੰਤਾਂ ਦੇ ਬਹੁਤੇ ਸਮਾਚਾਰ, ਸਤਿਕਾਰ ਜੋਗ ਸੰਤਾਂ—ਬਾਵਾ ਬਿਸ਼ਨ ਦਾਸ ਜੀ, ਨਿਰਬਾਣਸਰ ਅੰਮ੍ਰਿਤਸਰ ਵਾਲੇ, ਮਹੰਤ ਆਦਿ ਰਾਮ ਜੀ ਬੀੜ ਖੇੜੀ ਤੇ ਬਾਵਾ ਆਗਿਆ ਰਾਮ ਜੀ ਸਾਬਕਾ ਮਹੰਤ ਡੇਰਾ (ਛੱਤਾ) ਮਗਨੀ ਰਾਮ ਪਟਿਆਲਾ ਦੀ ਸਹਾਇਤਾ ਨਾਲ ਸੰਗ੍ਰਹਿ ਕੀਤੇ ਗਏ ਹਨ। ਇਹਨਾਂ ਤੋਂ ਬਿਨਾਂ *ਗੁਰੂ ਉਦਾਸੀਨ ਮਤਿ ਦਰਪਣ* ਤੋਂ ਵੀ ਚੋਖੀ ਸਹਾਇਤਾ ਪ੍ਰਾਪਤ ਹੋਈ ਹੈ। ਇਸ ਲਈ ਇਹਨਾਂ ਸਭਨਾਂ ਦਾ ਬਹੁਤ ਬਹੁਤ ਸਤਿਕਾਰ ਸਹਿਤ ਧੰਨਵਾਦ।

5. ਪੰਜਵੀਂ ਬਖ਼ਸ਼ਿਸ਼ ਬਾਬਾ ਬਖ਼ਤ ਮੱਲ ਜੀ

ਮਹਾਨ ਕੋਸ਼ ਅਨੁਸਾਰ ਬਾਬਾ ਬਖ਼ਤ ਮੱਲ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਕਾਬੁਲ ਦੇ ਮਸੰਦ ਸਨ, ਜੋ ਕਾਬੁਲ ਦੀ ਸੰਗਤ ਤੋਂ ਦਸਵੰਧ ਤੋਂ ਕਾਰ ਭੇਟ ਉਗਰਾਹ ਕੇ ਸਤਿਗੁਰਾਂ ਦੇ ਹਜ਼ੂਰ ਭੇਜਦੇ ਜਾਂ ਖ਼ੁਦ ਲੈ ਕੇ ਹਾਜ਼ਰ ਹੁੰਦੇ ਸਨ। *ਗੁਰੂ ਉਦਾਸੀਨ ਮਤ ਦਰਪਣ* ਦੇ ਲਿਖਾਰੀ ਨੇ ਬਾਬਾ ਬਖ਼ਤ ਮੱਲ ਜੀ ਨੂੰ ਸੱਤਵੇਂ ਗੁਰੂ ਸ੍ਰੀ ਹਰਿਰਾਇ ਸਾਹਿਬ ਜੀ ਦਾ ਸਿੱਖ ਦੱਸਿਆ ਹੈ। ਗਿਆਨੀ ਗਿਆਨ ਸਿੰਘ ਜੀ *ਸ੍ਰੀ ਗੁਰੁ ਪੰਥ ਪ੍ਰਕਾਸ਼* ਵਿਚ ਲਿਖਦੇ ਹਨ:

> ਕਬਿੱਤ॥ ਦਸਮੈਂ ਗੁਰੂ ਨੈ ਜਬ ਸਾੜੇ ਥੇ ਮਸੰਦ,
> ਤਬਿ ਬਚਯੋ ਥਾ ਬਖਤ ਮੱਲ ਸ਼ਰਣ ਪੈ ਮਾਤ ਹੈ।
> ਸਖੀ ਕਾ ਸ੍ਵਾਂਗ ਸਮ ਔਰਤੋਂ ਕੇ ਰਾਖਤਾ ਥਾ,
> ਹਾਥਨ ਮੈਂ ਚੂੜੀਆਂ ਔ ਨਾਕ ਨਾਥ ਭਾਂਤਿ ਹੈ।
> ਮਾਤ ਜੀ ਕੇ ਕਹੇ ਸੋਊ ਬਖਸ਼ ਦਯੋ ਥਾ ਗੁਰੂ,
> ਯਾਂ ਤੇ ਤਾਂ ਕੇ ਸਾਧੁ ਬਖਸ਼ਸ਼ ਕੇ ਕਹਾਤ ਹੈਂ।
> ਅਬਿ ਲੌਂ ਮਹੰਤ ਹੋਤ ਇਨ ਕੇ ਜੋ ਗੱਦੀ ਪਰ,
> ਪਹਿਰਤ ਹਾਥਨ ਮੈਂ ਚੂੜੀਆਂ ਬਖਤਾਤ ਹੈਂ॥੧੨੦॥ *(ਪੰਨਾ 2839)*

ਅੰਗਰੇਜ਼ ਇਤਿਹਾਸਕਾਰ ਐੱਚ.ਏ. ਰੋਜ਼ ਜਿਸ ਨੇ 1883 ਤੇ 1892 ਦੀਆਂ ਮਰਦਮ-ਸ਼ੁਮਾਰੀ ਦੀਆਂ ਰਿਪੋਟਾਂ ਦੇ ਅਧਾਰ ਪੁਰ *A Glossary of the Tribes and Castes of the Punjab and N.W.F. Province* ਨਾਮੇ ਕਿਤਾਬ ਲਿਖੀ ਹੈ। ਉਸ ਦੀ ਜਿਲਦ ਦੇ ਪੰਨਾ 40 ਪੁਰ ਭਾਈ ਬਖ਼ਤ ਮੱਲ ਸੰਬੰਧੀ ਇਸ ਤਰ੍ਹਾਂ ਲਿਖਿਆ ਹੈ:

> BAKHTMAL : Sadhu, a Sikh sect founded by one Bakhtmal. When Guru Gobind Singh destroyed masands or tax gatherers one of them by name Bakhtmal refuge with Mata, a gujar

woman, who disguised him in woman's clothes putting bangles on his wrist and a nath or nose ring in his nose. This attire he adopted permanently and the mahant of his gaddi still weares bangles. His followers are said to be also called Bakhshish Sadh, but this is open to doubt. The head quarters of the sect appears to be unknown.

[ਭਾਵ, ਬਖ਼ਤ ਮੱਲੀਏ ਸਾਧੂ ਸਿੱਖਾਂ ਦੀ ਇਕ ਸੰਪ੍ਰਦਾਇ ਹੈ, ਜੋ ਬਾਬਾ ਬਖ਼ਤ ਮੱਲ ਤੋਂ ਚੱਲੀ ਹੈ। ਜਦੋਂ ਗੁਰੂ ਗੋਬਿੰਦ ਸਿੰਘ ਨੇ ਮਸੰਦਾਂ ਨੂੰ ਸੋਧਿਆ, ਸਾੜਿਆ ਤਾਂ ਉਨ੍ਹਾਂ ਵਿੱਚੋਂ ਇਕ ਬਖ਼ਤ ਮੱਲ ਨਾਵੇਂ ਮਾਤਾ ਗੁਜਰੀ ਜੀ ਦੀ ਸ਼ਰਨ ਜਾ ਪਿਆ। ਜਿਨ੍ਹਾਂ ਉਸ ਨੂੰ ਨਾਰੀ ਵੇਸ 'ਚ ਲੁਕਾ ਲਿਆ ਅਰੁ ਵੀਣੀ ਵਿਚ ਚੂੜੀਆਂ ਤੇ ਨੱਕ ਵਿਚ ਨੱਥ ਪਾ ਦਿੱਤੀ। ਉਸ ਨੇ ਇਹ ਵੇਸ (ਭੇਖ) ਸਦਾ ਲਈ ਧਾਰਨ ਕਰ ਲਿਆ। ਉਹਨਾਂ ਨੇ ਵੀਣੀਆਂ ਵਿਚ ਚੂੜੀਆਂ ਤੇ ਨੱਕ ਵਿਚ ਨੱਥ ਪਾ ਦਿੱਤੀ। ਉਸ ਨੇ ਇਹ ਵੇਸ (ਭੇਖ) ਸਦਾ ਲਈ ਧਾਰਨ ਕਰ ਲਿਆ ਅਤੇ ਇਸ ਗੱਦੀ ਦਾ ਮਹੰਤ ਹੁਣ ਤਕ ਚੂੜੀਆਂ ਪਹਿਨਦਾ ਹੈ। ਉਸ ਦੇ ਸ਼ਰਧਾਲੂ ਸੇਵਕ ਵੀ 'ਬਖਸ਼ਾਂ ਦੇ ਸਾਧੂ' ਸਦਾਉਂਦੇ ਹਨ।]

ਇਸ ਬਖ਼ਸ਼ਿਸ਼ ਦੇ ਹੋਰ ਵਧੇਰੇ ਸਮਾਚਾਰ ਕਿਤੋਂ ਪ੍ਰਾਪਤ ਨਹੀਂ ਹੁੰਦੇ। ਸੰਤ ਸੇਵਾ ਦਾਸ ਮਹੰਤ, ਧਰਮਸਾਲਾ, ਬਾਬਾ ਧਿਆਨ ਦਾਸ ਦੁਆਬੀਆ ਚੌਂਕ, ਬਾਬਾ ਅਟੱਲ ਸਾਹਿਬ ਅੰਮ੍ਰਿਤਸਰ ਦੇ ਕਥਨ ਅਨੁਸਾਰ ਇਸ ਬਖ਼ਸ਼ ਦੇ ਸਾਧੂ ਭਗਤ ਭਗਵਾਨ ਜੀ ਦੀ ਬਖ਼ਸ਼ ਵਿਚ ਹੀ ਰਲ-ਮਿਲ ਗਏ।

ਇਸ ਬਖ਼ਸ਼ਿਸ਼ ਵੱਲੋਂ ਪ੍ਰਗਟਾਏ ਸਥਾਨ

1. **ਬਹਾਵਲਪੁਰ :** ਬਾਬਾ ਬਖ਼ਤ ਮੱਲ ਦੀ ਪੱਧਤੀ ਦੇ ਸਾਧੂਆਂ ਵਿੱਚੋਂ ਇਕ ਮਹਾਤਮਾ ਬਾਬਾ ਭਗਵਾਨ ਦਾਸ ਨੇ ਇਸ ਸ਼ਹਿਰ ਆਪਣਾ ਆਸਣ ਜਮਾ ਕੇ, ਸਿਮਰਨ ਭਜਨ ਤੇ ਸਿੱਖ ਧਰਮ ਦਾ ਪ੍ਰਚਾਰ ਕੀਤਾ। ਉਪਰੰਤ ਬਾਬਾ ਸਰੂਪ ਜੀ ਏਥੇ ਆ ਟਿਕੇ। ਇਨ੍ਹਾਂ ਪ੍ਰੇਰਨਾ ਉਪਦੇਸ਼ ਕਰ ਕੇ ਉਸੇ ਥਾਂ ਸਥਾਨਕ ਸਿੱਖਾਂ ਦੀਵਾਨ ਆਸਾ ਨੰਦ ਆਦਿ ਦੇ ਧਨ ਅਰ ਮਿਹਨਤ ਨਾਲ ਸੰਮਤ 1950 ਬਿ: ਵਿਚ ਧਰਮਸਾਲ ਬਣਾ ਦਿੱਤੀ, ਜੋ ਉਦੋਂ ਤੋਂ ਹੀ ਸਿੱਖ ਧਰਮ ਦੇ ਪ੍ਰਚਾਰ ਦਾਂ ਸੋਮਾ ਬਣੀ ਆਈ ਹੈ। ਇਥੇ ਰੋਜ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੇ ਪੂਜਾ-ਪਾਠ ਹੁੰਦਾ ਸੀ। ਗੁਰਬਾਣੀ ਤੋਂ ਇਲਾਵਾ *ਭਗਤ ਮਾਲ* ਆਦਿ ਗ੍ਰੰਥਾਂ ਦੀ ਕਥਾ ਵੀ ਹੁੰਦੀ ਸੀ।

ਬਾਬਾ ਆਤਮਾ ਸਰੂਪ ਜੀ ਦੀ ਪ੍ਰਣਾਲੀ ਬਾਬਾ ਬਖ਼ਤ ਮੱਲ ਜੀ ਨਾਲ ਇਸ ਤਰ੍ਹਾਂ ਮਿਲਾਈ ਜਾਂਦੀ ਹੈ। ਬਾਬਾ ਜੀ ਦੇ ਸੇਵਕ ਨਾਨਕ ਮੱਲ—ਗੁਰਮੁਖ ਦਾਸ—ਮਾਧੋ ਰਾਮ—ਹਰਿਦਿਆਲ ਦਾਸ—ਮੇਹਰ ਦਾਸ—ਐਨ ਦਾਸ—ਸੁਖਚੈਨ ਦਾਸ—ਸੰਤ ਦਾਸ—ਦਿਆਲ ਦਾਸ—ਆਤਮਾ ਸਰੂਪ ਜੀ, ਜੋ ਗੁਰਦੁਆਰਾ ਸੁਧਾਰ ਲਹਿਰ ਚਾਲੂ ਹੋਣ ਸਮੇਂ ਮੌਜੂਦ ਸਨ। 1947 ਤੋਂ ਬਾਅਦ ਇਸ ਅਸਥਾਨ ਦਾ ਕੀ ਹਾਲ ਹੋਇਆ, ਕੌਣ ਮਹੰਤ ਸੀ, ਕੋਈ ਪਤਾ ਨਹੀਂ।

2. **ਮੁਲਤਾਨ** : ਮੁਲਤਾਨ ਵਿਚ ਵੀ ਇਕ ਧਰਮਸਾਲਾ ਇਸੇ ਬਖ਼ਸ਼ ਦੇ ਸਾਧੂਆਂ ਨੇ ਸੰਮਤ 1930 ਬਿ: ਵਿਖੇ ਬਣਾਈ ਸੀ। ਬਾਬਾ ਬਖ਼ਤ ਮੱਲ ਜੀ ਤੋਂ ਬਾਅਦ ਬਾਬਾ ਨਾਨੂ ਰਾਮ, ਗ਼ਰੀਬ ਦਾਸ, ਸਾਧੂ ਰਾਮ, ਹਰੀ ਰਾਮ, ਸਹਿਜ ਰਾਮ, ਉੱਤਮ ਦਾਸ, ਲਾਲ ਦਾਸ, ਠਾਕੁਰ ਦਾਸ—ਜੋ ਅਸਲ ਵਿਚ ਮਾਈ ਰੱਜੋ ਸੀ। ਮਾਈ ਤੋਂ ਬਾਅਦ ਸੰਮਤ 1983 ਬਿ: ਤਕ ਇਸ ਧਰਮਸਾਲ ਦੀ ਸੇਵਾ-ਸੰਭਾਲ ਬਾਬਾ ਕਿਸ਼ਨ ਦਾਸ ਜੀ ਕਰ ਰਹੇ ਸਨ। ਇਸ ਧਰਮਸਾਲ ਦਾ ਨਾਂ ਮਾਈ ਰੱਜੋ ਕਰਕੇ ਹੀ ਪ੍ਰਸਿੱਧ ਸੀ।

3. **ਕਰਾਚੀ** : ਸਿੰਧ ਪ੍ਰਾਂਤ ਦਾ ਇਹ ਮਹਾਂਨਗਰ ਇਸ ਵੇਲੇ ਦਿਖਾਈ ਦੇ ਰਿਹਾ ਹੈ। ਸਤਿਗੁਰੂ ਨਾਨਕ ਦੇਵ ਜੀ ਦੇ ਸਮੇਂ ਇਥੇ ਆਬਾਦੀ ਨਹੀਂ ਸੀ। ਇਸ ਤੋਂ ਥੱਲੇ ਸਮੁੰਦਰ ਤੇ ਸਿੰਧ ਨਦੀ ਦੇ ਮੇਲ ਸਥਾਨ ਪੁਰ 'ਲਾਹੜੀ' ਨਾਮੇ ਜਹਾਜ਼-ਘਾਟ ਹੁੰਦਾ ਸੀ, ਜੋ ਔਰੰਗਜ਼ੇਬ ਦੇ ਰਾਜ ਸਮੇਂ ਗ਼ਰਕ ਹੋ ਗਿਆ। ਮੌਜੂਦਾ ਨਵਾਂ ਬੰਦਰਗਾਹ (ਜਹਾਜ਼ ਘਾਟ) ਸੰਨ 1725 ਈ. (1782 ਬਿ:) ਵਿਚ ਤਿਆਰ ਹੋਇਆ। ਉਦੋਂ ਤੋਂ ਹੀ ਕਰਾਚੀ ਨਗਰ ਦੀ ਮੋੜ੍ਹੀ ਗੱਡੀ ਗਈ।

ਸਤਿਗੁਰੂ ਨਾਨਕ ਦੇਵ ਜੀ ਲਾਹੜੀ ਬੰਦਰਗਾਹ ਵੱਲ ਜਾਂਦੇ ਆਉਂਦੇ ਕਿਸੇ ਮੌਕੇ ਸਿੰਧ ਨਦੀ ਦੇ ਕੰਢੇ ਇਸ ਥਾਂ ਵਿਰਾਜੇ ਸਨ। ਵੀਹ ਵਿਸਵੇ ਸੰਮਤ 1561-62 ਵਿਚ ਮੱਕੇ ਦੀ ਹੱਜ ਯਾਤਰਾ 'ਤੇ ਜਾਣ ਸਮੇਂ ਗੁਰੂ ਜੀ ਨੇ ਇਸ ਧਰਤੀ ਨੂੰ ਭਾਗ ਲਾਏ ਸਨ।

ਸਿੱਖ ਰਾਜ ਸਮੇਂ ਬਾਬਾ ਬਖ਼ਤ ਮੱਲ ਜੀ ਦੇ ਸੇਵਕ ਬਾਬਾ ਸੀਤਲ ਦਾਸ ਜੀ ਨੇ ਇਸ ਦੇਸ਼ ਦਾ ਪ੍ਰਚਾਰ ਦੌਰਾ ਕੀਤਾ। ਉਸੇ ਮੌਕੇ ਸੰਤ ਜੀ ਨੇ ਸਤਿਗੁਰਾਂ ਦੀ ਯਾਦਗਾਰੀ ਥਾਂ ਦਰਿਆਫ਼ਤ ਕਰ ਕੇ ਸੰਮਤ 1900 ਬਿ: ਮਹਾਰਾਜਾ ਸ਼ੇਰ ਸਿੰਘ ਦੇ ਸਮੇਂ ਧਰਮਸਾਲ ਬਣਾਉਣ ਦਾ ਉੱਦਮ ਉਪਰਾਲਾ ਕੀਤਾ। ਸਮੁੰਦਰ ਲਾਗੇ ਹੋਣ ਕਰਕੇ ਇਥੇ ਖੂਹਾਂ ਦਾ ਜਲ ਵੀ ਖਾਰਾ ਸੀ। ਬਾਬਾ ਸੀਤਲ ਦਾਸ ਜੀ ਨੇ ਬਾਗ਼ ਤੇ ਖੂਹ ਲਵਾਇਆ ਤਾਂ ਜਲ ਮਿੱਠਾ ਨਿਕਲ ਆਇਆ। ਬਾਬਾ ਜੀ ਦੀ ਇਹ ਅਜ਼ਮਤ ਦੇਖ ਕੇ ਬਹੁਤ ਸਾਰੇ ਲੋਕ ਬਾਬਾ ਜੀ ਦੇ ਸ਼ਰਧਾਲੂ ਬਣ ਗਏ। ਇਸ ਤਰ੍ਹਾਂ ਕਲਰ ਦੀ ਧਰਤੀ 'ਤੇ ਇਹ ਧਰਮਸਾਲਾ ਨਾਮ ਅੰਮ੍ਰਿਤ ਦਾ ਸੋਮਾ ਬਣ ਗਈ। ਬਾਬਾ ਸੀਤਲ ਦਾਸ ਜੀ ਨੇ ਮੌਕੇ ਦਾ ਪੂਰਾ ਫ਼ਾਇਦਾ ਉਠਾ ਕੇ ਸਿੱਖ ਧਰਮ ਦਾ ਪੂਰਾ ਪ੍ਰਚਾਰ ਕੀਤਾ। ਸੰਤ ਜੀ ਦੀ ਗੁਰ-ਪ੍ਰਣਾਲੀ ਇਸ ਪ੍ਰਕਾਰ ਹੈ :

ਬਾਬਾ ਬਖ਼ਤ ਮੱਲ ਜੀ—ਬਾਬਾ ਬਾਲਕ ਰਾਮ—ਬਾਬਾ ਚਰਨ ਦਾਸ—ਸੰਤੋਖ ਰਾਮ—ਹਰਿਕਿਸ਼ਨ ਦਾਸ—ਪੂਰਨ ਦਾਸ—ਸੰਝਾਂ ਦਾਸ—ਮਦਨ ਦਾਸ—ਸੰਗਤ ਦਾਸ ਤੇ ਉਹਨਾਂ ਦੇ ਅੱਗੇ ਬਾਬਾ ਸੀਤਲ ਦਾਸ ਜੀ। ਧਰਮਸਾਲ ਦੀ ਸੇਵਾ ਬਾਬਾ ਜੀ ਦੇ ਚੇਲੇ-ਪੜਚੇਲੇ ਇਸ ਤਰ੍ਹਾਂ ਕਰਦੇ ਆਏ ਹਨ : ਬਾਬਾ ਲਾਲ ਦਾਸ ਜੀ—ਹਰੀ ਦਾਸ ਜੀ—ਜੈ ਰਾਮ ਦਾਸ ਤੇ ਬਾਬਾ ਬਿਸ਼ਨ ਦਾਸ, ਜੋ ਸੰਮਤ 1983 ਤਕ ਸੇਵਾ ਨਿਭਾਅ ਰਹੇ ਸਨ।

4. **ਉੱਤਰ ਪ੍ਰਦੇਸ਼ (ਹੁਣ ਉਤਰਾਂਚਲ)** : ਸਾਂਤਾਲ ਸਾਰਾਇ ਨਾਮ ਇਕ ਗਰਾਉਂ ਵਿਚ ਦੇਹਰਾਦੂਨ ਜਾ ਰਹੀ ਰੇਲਵੇ ਲਾਇਨ ਦੇ ਪੱਥਰੀ ਸਟੇਸ਼ਨ ਲਾਗੇ ਹੈ। ਇਥੇ ਵੀ

ਇਸ ਬਖ਼ਸ਼ਿਸ਼ ਦੇ ਸਾਧੂਆਂ ਦੀ ਇਕ ਧਰਮਸਾਲ ਕਾਇਮ ਹੈ, ਜੋ ਕਿ ਸਿੱਖ ਧਰਮ ਦੇ ਪ੍ਰਚਾਰ ਵਿਚ ਮਹਤੱਵਪੂਰਣ ਯੋਗਦਾਨ ਪਾਉਂਦੀ ਰਹੀ ਹੈ।

6. ਛੇਵੀਂ ਬਖ਼ਸ਼ਿਸ਼ ਬਾਬਾ ਜੀਤ ਮੱਲ ਜੀ

ਬਾਬਾ ਜੀਤ ਮੱਲ ਜੀ ਪਹਿਲਾਂ ਮਸੰਦ ਦੇ ਰੂਪ ਵਿਚ ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਸਨ। ਗਿਆਨੀ ਗਿਆਨ ਸਿੰਘ ਜੀ *ਪੰਥ ਪ੍ਰਕਾਸ਼* ਵਿਚ ਲਿਖਦੇ ਹਨ ਕਿ ਸੰਮਤ 1754 ਬਿ: ਵਿਚ ਜਦੋਂ ਦਸਵੇਂ ਪਾਤਸ਼ਾਹ ਨੇ ਮਸੰਦਾਂ ਦੀ ਸੁਧਾਈ ਕੀਤੀ ਤਾਂ ਅੱਗੋਂ ਲਈ ਇਹ ਸਿਲਸਿਲਾ ਬੰਦ ਕਰ ਕੇ, ਸੰਗਤ ਨੂੰ ਸਿੱਧਾ ਗੁਰਗੱਦੀ ਦੀ ਅਧੀਨ ਕਰ ਲਿਆ ਯਾਨਿ ਕਿ 'ਖ਼ਾਲਸਾ' ਬਣਾ ਲਿਆ; ਸੋ ਬਾਬਾ ਜੀਤ ਮੱਲ ਜੀ ਵੀ ਦਰਬਾਰ ਵਿਚ ਸੱਦੇ ਗਏ। ਬਾਬਾ ਜੀ ਵਿਰੁੱਧ ਕੋਈ ਸ਼ਿਕਾਇਤ ਨਾ ਮਿਲੀ, ਬਲਕਿ ਬਾਬਾ ਜੀ ਉੱਚੇ-ਸੁੱਚੇ ਜੀਵਨ ਦੇ ਧਾਰਨੀ ਸਨ। ਗੁਰਮਤਿ ਦੇ ਸੱਚੇ ਪ੍ਰਚਾਰਕ ਸਨ। ਇਸ ਗੁਰਮੁਖਤਾਈ ਭਰੇ ਜੀਵਨ ਕਰਕੇ ਸਤਿਗੁਰੂ ਜੀ ਨੇ ਬਾਬਾ ਜੀ ਨੂੰ ਨਵੇਂ ਸਿਰੇ ਤੋਂ ਗੁਰਮੰਤ੍ਰ ਤੇ ਪਾਹੁਲ ਦੇ ਕੇ ਪ੍ਰਾਣੀਆਂ ਨੂੰ ਸਿੱਖ ਬਣਾਉਣ ਦਾ ਅਧਿਕਾਰ ਬਖ਼ਸ਼ ਦਿੱਤਾ। ਸੋ ਬਾਬਾ ਜੀ ਮੁੜ ਆਪਣੇ ਇਲਾਕੇ ਵਿਚ ਜਾ ਕੇ ਸੱਚ ਧਰਮ ਦਾ ਪ੍ਰਚਾਰ ਕਰਨ ਲੱਗ ਪਏ। ਬਾਬਾ ਜੀ ਪਾਸੋਂ ਨਾਮ ਦਾਨ ਪ੍ਰਾਪਤ ਕਰਨ ਵਾਲੇ ਸਿੱਖ 'ਜੀਤ ਮੱਲੀਏ' ਸਦਾਉਂਦੇ ਸਨ ਤੇ ਉਹਨਾਂ ਵਿੱਚੋਂ ਉਦਾਸ ਬਿਰਤੀ ਧਾਰਨ ਕਰਨ ਵਾਲੇ 'ਜੀਤ ਮੱਲੀਏ' ਉਦਾਸੀ ਸਾਧੂ। ਬਾਬਾ ਜੀ ਦਾ ਮੁੱਖ ਕੇਂਦਰ ਅਸਥਾਨ 'ਫ਼ਤਹਿਪੁਰ' ਦੱਸਿਆ ਜਾਂਦਾ ਹੈ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

> ਕਬਿੱਤ॥ ਔਰ ਏਕ ਜੀਤ ਮੱਲ ਥਾ ਮਸੰਦ ਅਤਿ ਭੱਲ,
> ਬਖਸ਼ ਦਯੋ ਥਾ ਗੁਰੁ ਵਾਹਿ ਭੀ ਪਛਾਨੀਏ।
> ਸਾਧੁ ਬਖਸ਼ਸ਼ ਕੇਰੇ ਤਾਂ ਕੇ ਭੀ ਕਹਾਵਤੇ ਹੈਂ,
> ਫਤੇ-ਪੁਰ ਮਾਂਹਿ ਗੱਦੀ ਤਿਨ ਕੀ ਹੈ ਮਾਨੀਏ।

(ਸ੍ਰੀ ਗੁਰੁ ਪੰਥ ਪ੍ਰਕਾਸ਼, ਪੰਨਾ 2839)

ਭਾਈ ਕਾਨ੍ਹ ਸਿੰਘ ਨਾਭਾ ਜੀ ਇਸ ਬਖ਼ਸ਼ਿਸ਼ ਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਵਰੋਸਾਈ ਦੱਸਿਆ ਹੈ।

ਗੁਰੂ ਉਦਾਸੀਨ ਮਤ ਦਰਪਣ ਦੇ ਕਰਤਾ ਨੇ ਬਾਬਾ ਜੀਤ ਮੱਲ ਜੀ ਨੂੰ ਬਾਬਾ ਪ੍ਰਿਥੀ ਚੰਦ ਜੀ ਦਾ ਸਿੱਖ ਦੱਸਿਆ ਹੈ।

"ਪ੍ਰਿਥੀ ਚੰਦ ਜੀ ਦੇ ਸ੍ਰੀ ਬਾਬਾ ਸੰਗਤ ਦਾਸ ਜੀ, ਸ੍ਰੀ ਨਿਰਬਾਣ ਮਿਹਰਬਾਨ ਜੀ (ਜੋ ਉਹਨਾਂ ਦੇ ਪੁੱਤਰ ਸਨ) ਅਤੇ ਸ੍ਰੀ ਬਾਵਾ ਅਜੀਤ ਮੱਲ ਜੀ ਤਿੰਨ ਸ਼ਿਸ਼ ਹੋਏ।" ਫ਼ੁਟਨੋਟ ਵਿਚ ਇਹ ਵੇਰਵਾ ਵੀ ਪਾਇਆ ਹੈ ਕਿ ਇਹਨਾਂ ਨੂੰ ਵੀ ਬਖ਼ਸ਼ਿਸ਼ ਮਿਲੀ ਸੀ। ਜਿਸ ਕੇ 'ਅਜੀਤ ਮੱਲ' ਕੇ ਪ੍ਰਸਿੱਧ ਹੈ। ਜਿਨ ਕੀ ਸੰਪ੍ਰਦਾ ਅਭੀ ਤਕ ਹੈ। ਸੋ ਉਦਾਸੀਨ ਸਾਧੂ ਹੈਂ।"

ਅੱਗੇ ਚੱਲ ਕੇ ਬਾਬਾ ਅਜੀਤ ਮੱਲ ਕੇ ਚੇਲੇ ਬਾਬਾ ਸੰਭੂ ਨਾਥ ਜੀ ਹੋਏ ਲਿਖਿਆ ਹੈ।

ਬਾਬਾ ਪ੍ਰਿਥੀ ਚੰਦ ਜੀ ਦਾ ਸਿੱਖ ਬਾਬਾ ਅਜੀਤ ਮੱਲ ਐਨੀ ਲੰਮੇਰੀ ਆਯੂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ 100 ਸਾਲ ਉਮਰ ਜਿਊ ਸਕਦਾ ਹੈ ? ਇਹ ਵਿਚਾਰ *ਗੁਰੂ ਉਦਾਸੀਨ ਮਤ ਦਰਪਣ* ਵਿਚ ਨਹੀਂ ਮਿਲਦਾ। ਇਸ ਤੋਂ ਇਲਾਵਾ ਇਸ ਬਖ਼ਸ਼ਿਸ਼ ਦੇ ਹੋਰ ਸਮਾਚਾਰ ਪ੍ਰਾਪਤ ਨਹੀਂ ਹੁੰਦੇ। ਬਾਬਾ ਧਿਆਨ ਦਾਸ ਵਾਲੀ ਧਰਮਸਾਲਾ ਦੇ ਮਹੰਤ ਸੇਵਾ ਦਾਸ ਜੀ ਅਨੁਸਾਰ ਇਸ ਬਖ਼ਸ਼ਿਸ਼ ਦੇ ਸਾਧੂ ਬਾਬਾ 'ਬਾਲੂ ਹੱਸਣਾ' ਜੀ ਦੀ ਸ਼੍ਰੇਣੀ ਦੇ ਸਾਧੂਆਂ ਵਿਚ ਹੀ ਮਿਲ-ਜੁਲ ਗਏ ਸਨ। ਇਹਨਾਂ ਦਾ ਅੱਗੇ ਫੈਲਾਅ ਨਾ ਹੋਣ ਦਾ ਮੁੱਖ ਕਾਰਨ ਇਹੀ ਹੈ। ਇਹਨਾਂ ਸਾਧੂਆਂ ਵੱਲੋਂ ਬਣਾਈ ਧਰਮਸਾਲਾਵਾਂ ਦਾ ਜ਼ਿਕਰ ਵੀ ਕਿਧਰੇ ਨਹੀਂ ਮਿਲਦਾ।

ਹੋਰ ਬਖ਼ਸ਼ਿਸ਼ਾਂ

ਚਾਰ ਧੂਣੇਂ ਤੇ ਛੇ ਬਖ਼ਸ਼ਿਸ਼ਾਂ ਤੋਂ ਇਲਾਵਾ ਕੁਝ ਹੋਰ ਵੀ ਬਖ਼ਸ਼ਿਸ਼ਾਂ ਹਨ, ਜਿਨ੍ਹਾਂ ਦਾ ਜ਼ਿਕਰ *A Glossary of the Tribes and Castes* ਦੇ ਸੰਪਾਦਕ ਮਿ. ਐੱਚ.ਏ. ਰੋਜ਼ ਨੇ ਕੁਝ ਹੋਰ ਬਖ਼ਸ਼ਿਸ਼ਾਂ ਦਾ ਜ਼ਿਕਰ ਕੀਤਾ ਹੈ। ਗਿਆਨੀ ਗਿਆਨ ਸਿੰਘ ਜੀ ਨੇ ਵੀ ਇਹਨਾਂ ਬਖ਼ਸ਼ਿਸ਼ਾਂ ਦਾ ਵਰਣਨ ਕੀਤਾ ਹੈ। ਇਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ :

1. ਰਾਮਦਾਸ :

ਸ੍ਰੀ ਗੁਰ ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਲਿਖਦੇ ਹਨ :

ਕਬਿੱਤ॥ ਸ੍ਰੀ ਬਾਬੇ ਬੁੱਢੇ ਰਾਮਦਾਸ ਕੇ ਪੌਤ੍ਰ ਗੁਰਦਿੱਤੇ ਜੂ ਕੇ,
ਸਾਧੁ ਜੇਊ ਭਏ ਔਰ ਜਾਨੀਏ।
ਸੇ ਤੌ ਰਮਦਾਸ ਕੇ ਕਹਾਵਤ ਹੈਂ ਜਗ ਮਾਂਹਿ,
ਬਖਸ਼ਸ਼ ਤੀਸਰੀ ਕੇ ਏਊ ਪਹਿਚਾਨੀਏ।
ਰਾਮਦਾਸਪੁਰ ਨਏ-ਕੋਟ ਔ ਮੁਰਾਦਾਬਾਦ,
ਵਜਵੜੇ ਆਦਿਕੈਂ ਸੁ ਠੌਰ ਮੈਂ ਮਹਾਨੀਏ।
ਡੇਰੇ ਹੈਂ ਅਪਾਰ ਇਨ ਕੇਰੇ ਸੋ ਜਾਗੀਰਦਾਰ,
ਰੀਤਿ ਸਭਿ ਰਾਖਤ ਉਦਾਸੀਓਂ ਕੀ ਮਾਨੀਏ॥੧੧੯॥ *(ਪੰਨਾ 2839)*

ਇਸੇ ਤਰ੍ਹਾਂ 'ਗਲਾਸਰੀ' ਦਾ ਲਿਖਾਰੀ ਮਿ. ਐੱਚ.ਏ. ਰੋਜ਼ ਬਿਆਨ ਕਰਦਾ ਹੈ :

> "Another Udasi Sub order is that of the Ramdass Udasis. Its foundation is ascribed to Gurditta (not the eldest son of Sri Chand, but grandson of Baba Budha, one of Baba Nanak's converts) was established by Guru Amardas on a gaddi at Ramdas in the Ajnala tehsil of Amritsar, where there is a fine temple, the sub order also has deras at Nainekott, Muradabad elsewhere."
>
> *(Vol. III, p. 481)*

[ਅਰਥਾਤ ਉਦਾਸੀ ਸਾਧੂਆਂ ਦੀ ਇਕ ਹੋਰ ਸ਼ਾਖ਼ 'ਰਾਮਦਾਸ ਦੇ ਉਦਾਸੀ' ਸਦਾਉਂਦੀ ਹੈ। ਇਸ ਪੱਧਤੀ ਦਾ ਮੁੱਢ ਗੁਰਦਿੱਤੇ (ਸ੍ਰੀ ਚੰਦ ਦੇ ਵੱਡੇ ਪੁੱਤਰ ਨਹੀਂ ਸਨ, ਬਾਬਾ ਨਾਨਕ ਦੇ ਸਿੱਖ ਬੁੱਢੇ ਕੇ ਪੋਤਰੇ) ਤੋਂ ਬੱਝਾ ਹੈ। ਬਾਬਾ ਗੁਰਦਿੱਤਾ ਜੀ ਨੂੰ ਗੁਰੂ ਅਮਰਦੇਉ (ਅਮਰਦਾਸ) ਨੇ ਅੰਮ੍ਰਿਤਸਰ ਦੀ ਤਹਿਸੀਲ ਅਜਨਾਲੇ ਦੇ ਪਿੰਡ ਰਾਮਦਾਸ ਵਿਚ ਬਖ਼ਸ਼ੀ ਸੀ; ਜਿਥੇ ਸ਼ੰਕਰ ਮੰਦਰ (ਗੁਰਦੁਆਰਾ) ਸ਼ੋਭਾ ਪਾ ਰਿਹਾ ਹੈ। ਇਸ ਸ਼ਾਖ਼ ਦੇ ਡੇਰੇ ਨੈਨੇਕੋਟ ਤੇ ਮੁਰਾਦਾਬਾਦ ਆਦਿ ਥਾਵੀਂ ਵੀ ਹਨ।"]

ਐੱਚ.ਏ. ਰੋਜ਼ ਨੇ 'ਰੰਧਾਵਾ' ਗੋਤ ਦੇ ਸਮਾਚਾਰ ਦੱਸਦਿਆਂ ਇਸ ਬਖ਼ਸ਼ ਦੀ ਗੁਰ-ਪ੍ਰਣਾਲੀ ਇਉਂ ਦੱਸੀ ਹੈ :

"ਬੂੜਾ' ਯਾ 'ਸਾਹਿਬ ਬੁੱਢਾ' ਰੰਧਾਵਾ ਗੋਤ ਦੀ 'ਮੱਲ' ਮੂਹੀ ਵਿੱਚੋਂ 'ਸੁੱਗੇ' ਦਾ ਪੁੱਤਰ ਸੀ। ਨਿੱਕੇ ਹੁੰਦਿਆਂ ਤੋਂ ਹੀ ਗੁਰੂ ਨਾਨਕ ਦੀ ਸੇਵਾ ਕਰਨ ਲੱਗ ਪਿਆ ਸੀ। ਪਿਤਾ ਨੇ ਉਸ ਨੂੰ ਘਰ ਦੇ ਡੰਗਰ ਚਾਰਨ 'ਤੇ ਲਾਇਆ ਹੋਇਆ ਸੀ। ਇਕ ਦਿਨ ਉਹ ਗੁਰੂ ਸਾਹਿਬ ਦੇ ਹਜ਼ੂਰ ਜਾ ਬੈਠਾ। ਸੁੰਞੇ ਡੰਗਰ ਲਾਗਲੀ ਪੈਲੀ ਵਿਚ ਜਾ ਪਏ। ਪੈਲੀ ਵਾਲਾ ਵੀ ਬੂੜੇ ਨੂੰ ਲੱਭਦਾ, ਗੁਰੂ ਜੀ ਪਾਸ ਪਹੁੰਚ ਗਿਆ, ਅਰ ਪੁੱਛਿਆ, "ਏਧਰ ਬੂੜਾ ਆਇਆ ਸੀ, ਕਿਥੇ ਹੈ ?" ਗੁਰੂ ਜੀ ਨੇ ਉਸ ਦੇ ਗ਼ੁੱਸੇ ਦਾ ਪਾਰਾ ਚੜ੍ਹਿਆ ਜਾਚ ਕੇ, ਬੂੜੇ ਦਾ ਰੂਪ ਬਦਲ ਕੇ ਚਿੱਟੇ ਦਾੜ੍ਹੇ ਵਾਲੇ ਬੁੱਢੇ ਵਰਗਾ ਬਣਾ ਦਿੱਤਾ ਤੇ ਉੱਤਰ ਵਿਚ ਫ਼ੁਰਮਾਇਆ, "ਭਾਈ! ਏਥੇ 'ਬੂੜਾ' ਨਾਮ ਦਾ ਕੋਈ ਬਾਲਕ ਨਹੀਂ, ਏਥੇ ਤਾਂ ਇਹ ਬੁੱਢਾ ਹੀ ਹੈ।"

ਉਦੋਂ ਤੋਂ ਬੂੜੇ ਦਾ ਨਾਮ 'ਬੁੱਢਾ' ਹੀ ਮਸ਼ਹੂਰ ਹੋ ਗਿਆ ਅਰੁ ਗੁਰੂ ਦਾ ਪਿਆਰਾ ਸਿੱਖ ਬਣ ਗਿਆ। ਉਹ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਤਕ ਅਥਾਹ ਸੇਵਾ ਕਰਦਾ ਰਿਹਾ।

ਬਾਬਾ ਬੁੱਢਾ ਸਾਹਿਬ ਦੇ ਦਸ ਜਾਂ-ਨਸ਼ੀਨ : ਸਾਹਿਬ ਭਾਨਾ, ਸਾਹਿਬ ਜਲਾਲ, ਸਾਹਿਬ ਸਰਵਣ, ਸਾਹਿਬ ਝੰਡਾ, ਸਾਹਿਬ ਗੁਰਦਿੱਤਾ, ਸਾਹਿਬ ਰਾਮ ਕੌਰ (ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ (ਗੁਰੂ ਗੁਰਬਖ਼ਸ਼ ਸਿੰਘ ਨਾਉਂ ਵੀ ਬਖ਼ਸ਼ਿਆ) ਸਾਹਿਬ ਮੇਹਰ ਸਿੰਘ, ਸਾਹਿਬ ਸ਼ਾਮ ਸਿੰਘ, ਸਾਹਿਬ ਕਾਨ੍ਹ ਸਿੰਘ ਦੇ ਸਪੁੱਤਰ ਸੁਜਾਨ ਸਿੰਘ 'ਗੁਰੂ' ਸਦਾਏ ਹਨ। ਸਾਹਿਬ ਕਾਨ੍ਹ ਸਿੰਘ ਦੇ ਸਪੁੱਤਰ ਸੁਜਾਨ ਸਿੰਘ ਬਾਲਾਵਸਥਾ ਵਿਚ ਹੀ ਪਰਲੋਕ ਸਿਧਾਰ ਗਏ ਸਨ। ਸਾਹਿਬ ਰਾਮ ਕੌਰ ਦਾ ਦਰਬਾਰ ਨੈਨੇਕੋਟ ਤਸੀਲ ਸ਼ਕਰਗੜ੍ਹ ਵਿਚ ਹੈ ਤੇ ਉਨ੍ਹਾਂ ਦੇ ਸਪੂਤ ਸਾਹਿਬ ਅਨੂਪ ਸਿੰਘ ਦਾ ਪਿੰਡ 'ਛੋਟੇ ਤੇਜੇ' ਤਸੀਲ ਬਟਾਲੇ ਵਿਚ। ਇਹ ਤਿੰਨੇ ਦਰਬਾਰ ਉਦਾਸੀ ਸਾਧੂਆਂ ਦੀ ਸੇਵਾ-ਸੰਭਾਲ ਵਿਚ ਹਨ।

ਸਾਹਿਬ ਬੁੱਢਾ ਜੀ ਦੀ ਬਿੰਦੀ ਬੰਸ ਸਾਹਿਬ ਸੁਜਾਨ ਸਿੰਘ ਪੁਰ ਖ਼ਤਮ ਹੋ ਗਈ।"

(Vol. III, p. 320)

ਭਾਈ ਰਣਧੀਰ ਸਿੰਘ ਜੀ ਅਨੁਸਾਰ ਇਸ ਪ੍ਰਣਾਲੀ ਤੋਂ ਇਹ ਬਖ਼ਸ਼ ਉਦਾਸੀ ਸਾਧੂਆਂ (ਅਤੀਤਾਂ) ਦੀ ਸਿੱਧ ਨਹੀਂ ਹੁੰਦੀ; ਇਹ ਸਾਰੇ ਗੁਰਮੁਖ ਕਬੀਲਦਾਰ ਤੋਂ ਸਤਿਗੁਰੂ ਨਾਨਕ ਦੇਵ ਜੀ ਦੀ ਮਨਸਾ ਮੁਤਾਬਿਕ 'ਘਰ ਵਿਚ ਹੀ ਉਦਾਸ' ਰਹੇ ਹਨ।

ਹਾਂ ਸਾਹਿਬ ਸੁਜਾਨ ਸਿੰਘ ਤੋਂ ਬਾਦ ਸਿੰਘਾਂ ਇਹਨਾਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਉਦਾਸੀ ਸਾਧੂਆਂ ਨੂੰ ਸੌਂਪ ਦਿੱਤੀ। ਜੋ ਗੁਰਦੁਆਰਾ ਸੁਧਾਰ ਲਹਿਰ ਜਾਰੀ ਹੋਣ ਤਕ ਗੁਰੂ ਨਹੀਂ, ਸਗੋਂ 'ਮਹੰਤ' ਦੀ ਹੈਸੀਅਤ ਵਿਚ ਸੇਵਾ ਕਰਦੇ ਆਏ। ਉਸ ਸਮੇਂ ਦੇ ਮਹੰਤ ਰਘੁਬਰ ਦਾਸ ਨੇ ਗੁਰਦੁਆਰੇ ਪੰਥਕ ਪ੍ਰਬੰਧ ਵਿਚ ਦੇ ਕੇ ਖ਼ੁਦ ਖੰਡੇ ਦਾ ਅੰਮ੍ਰਿਤ ਪਾਨ ਕਰ ਲਿਆ ਤੇ ਸ. ਰਘਬੀਰ ਸਿੰਘ ਬਣ ਗਏ। ਫਿਰ ਗੁਰਦੁਆਰਾ ਕਾਨੂੰਨ ਅਨੁਸਾਰ ਬਣੀ ਸਥਾਨਕ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਵੀ ਚੁਣੇ ਗਏ।

2. ਸੋਢੀ ਦੱਖਣੀ ਰਾਇ ਕੇ :

ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਜੀ ਦੱਸਦੇ ਹਨ :

> ਔਰ ਰਾਇ 'ਦੱਖਣੀ' ਜੋ ਸੋਢੀ ਪਰਸਿੱਧ ਥੀਓ,
> ਤਾਂਕਿ ਬਖਸ਼ਸ਼ ਕੇ ਜੋ ਸਾਧੂ ਹੈਂ ਮਹਾਨੀਏ।
> ਨਗਰ 'ਘਰਾਂਚੋਂ' ਅਰੁ 'ਢਿਲਵਾਂ' ਵਗੈਰੇ ਮਾਂਹਿ,
> ਡੇਰੇ ਇਨ ਕੇਰੇ ਹੈਂ ਬਧੇਰੇ ਜਗ ਜਾਨੀਏ॥੨੫॥ (*ਪੰਨਾ 1281*)

ਪਰੰਤੂ 'ਗਲਾਉਸਰੀ' ਵਿਚ ਇਹਨਾਂ ਦਾ ਜ਼ਿਕਰ ਨਹੀਂ, *ਗੁਰੂ ਉਦਾਸੀਨ ਮਤ ਦਰਪਣ* ਦੇ ਲਿਖਾਰੀ ਨੇ ਸੋਢੀ ਦੱਖਣੀ ਰਾਇ ਨੂੰ ਮੀਣੇ ਸੋਢੀਆਂ ਵਿਚ ਹੀ ਗਿਣਿਆ ਹੈ ਅਰ ਇਹਨਾਂ ਦੀ ਬੰਸਾਵਲੀ *ਮਹਾਨ ਕੋਸ਼* ਵਿਚ ਇਉਂ ਦਰਜ ਹੈ :

> ਗੁਰੂ ਰਾਮਦਾਸ ਜੀ—ਬਾਬਾ ਪ੍ਰਿਥੀ ਚੰਦ ਜੀ—ਮਿਹਰਬਾਨ ਜੀ (ਬਾਬਾ ਮਨੋਹਰ ਦਾਸ)—ਕਰਨ ਮੱਲ ਜੀ—ਸੋਹਨ ਮੱਲ ਜੀ—ਨਿਰੰਜਨ ਰਾਇ ਜੀ—ਦੱਖਣੀ ਰਾਇ ਜੀ।

ਨਾਲ ਹੀ ਇਹ ਵੀ ਦੱਸਿਆ ਗਿਆ ਹੈ ਕਿ ਦੱਖਣੀ ਰਾਇ ਜੀ ਵੱਡੇ ਪ੍ਰਤਾਪੀ ਅਤੇ ਕਰਨੀ ਵਾਲੇ ਹੋਏ ਹਨ। ਰਿਆਸਤ ਪਟਿਆਲੇ ਨੇ ਇਹਨਾਂ ਨੂੰ ਕਪਿਆਲ ਅਤੇ ਬਟਰਿਆਨਾ ਜਾਗੀਰ ਵਿਚ ਦਿੱਤੇ। ਆਪ ਦਾ ਨਿਵਾਸ ਘਰਾਂਚੋਂ (ਨਜ਼ਾਮਤ ਭਵਾਨੀਗੜ੍ਹ) ਵਿਚ ਸੀ। ਸੰਮਤ 1872 ਵਿਚ ਦੱਖਣੀ ਰਾਇ ਜੀ ਦਾ ਦੇਹਾਂਤ ਹੋਇਆ। ਆਪ ਜੀ ਦੀ ਔਲਾਦ ਹੁਣ ਘਰਾਚੋਂ ਵਿਚ ਰਹਿੰਦੀ ਹੈ। ਇਸ ਬੰਸ ਵਿਚ ਤਿਰਲੋਕ ਰਾਮ ਦੀ ਉਦਾਸੀ ਸਾਧੂ ਵੱਡੇ ਵਿਦਵਾਨ ਹੋਏ ਹਨ; ਜਿਨ੍ਹਾਂ ਨੇ ਵਿਦਯਾ ਦਾ ਸਦਾਵ੍ਰਤ ਲਗਾ ਰੱਖਿਆ ਸੀ। ਇਹਨਾਂ ਦੀ ਮੰਡਲੀ ਵਿਚ ਬਹੁਤ ਵਿਦਿਆਰਥੀ ਰਿਹਾ ਕਰਦੇ ਸਨ।

ਗੁਰੂ ਉਦਾਸੀਨ ਮਤ ਦਰਪਣ ਦੇ ਲੇਖ ਅਨੁਸਾਰ ਬਾਬਾ ਦੱਖਣੀ ਰਾਇ ਤੋਂ ਅਗਾੜੀ ਵਾਰੀ ਸੁਧੇ ਬਾਬਾ ਚਰਨ ਦਾਸ ਜੀ, ਨਾਨਕ ਬਖ਼ਸ਼ ਜੀ ਤੇ ਬਾਬਾ ਬਿਸ਼ਨ ਸਰੂਪ ਜੀ ਇਸ ਗੱਦੀ ਦੇ ਵਾਰਿਸ ਹੋਏ। ਬਾਬਾ ਸਰੂਪ ਜੀ ਬੜੇ ਜਥੇ ਤੇ ਤੇਜ ਪ੍ਰਤਾਪ ਵਾਲੇ ਅਰੁ ਸਿੱਖ ਧਰਮ ਦੇ ਗੜਗੱਜ ਪ੍ਰਚਾਰਕ ਸਨ। ਕਥਾ ਉਪਦੇਸ਼ ਕਰਦੇ ਹੋਏ ਸਿੰਘ ਸਮਾਨ ਗਰਜਦੇ ਹੁੰਦੇ ਸਨ। ਮਹਾਰਾਜਾ ਰਣਜੀਤ ਸਿੰਘ ਜੀ 'ਸ਼ੇਰਿ ਪੰਜਾਬ' ਤੇ ਪੰਜਾਬ ਦੇ ਹੋਰ ਸਾਰੇ ਰਾਜੇ ਰਈਸ ਆਪ ਦਾ ਬੜਾ ਸਤਿਕਾਰ ਕਰਦੇ ਸਨ। ਬਾਬਾ ਜੀ ਗੁਰੂ

ਬਾਬਾ ਨਾਨਕ ਦੀਆਂ ਨਾਦੀ ਬਿੰਦੀ ਦੋਹਾਂ ਸੰਤਾਨਾਂ ਨੂੰ ਇਕ-ਸਮਾਨ ਮੰਨਦੇ ਤੇ "ਸਿਖਾਂ ਪੁਤਾ ਭਾਈਆਂ ਭਾਉ ਇਕੋ ਜੇਹਾ" ਸਿੱਖ ਸਿਧਾਂਤ ਦੇ ਦ੍ਰਿੜ੍ਹ ਧਾਰਨੀ ਸਨ। ਆਪ ਜੀ ਦੇ ਧਰਮ ਪ੍ਰਚਾਰ ਦਾ ਸਿੰਧ ਦੇਸ਼ ਵਿਚ ਬੜਾ ਅਸਰ ਪਿਆ। ਬੇਸ਼ੁਮਾਰ ਪ੍ਰਾਣੀ ਆਪ ਪਾਸੋਂ ਗੁਰਮਤਿ ਲੈ ਕੇ ਸਿੱਖ ਬਣੇ।

ਬਾਬਾ ਜੀ ਤੋਂ ਬਾਅਦ ਬਾਬਾ ਬੁੱਧੀ ਪ੍ਰਕਾਸ਼ ਜੀ ਇਸ ਸ਼੍ਰੇਣੀ ਦੇ ਗੱਦੀ ਨਸ਼ੀਨ ਹੋਏ, ਜੋ ਚੰਗੇ ਬੁੱਧੀਵਾਨ ਤੇ ਨੀਤੀਵੇਤਾ ਗੁਰਮੁਖ ਸਨ। ਉਹਨਾਂ ਤੋਂ ਬਾਦ ਬਾਬਾ ਸਰੂਪ ਦਾਸ ਜੀ ਗੱਦੀ ਬਿਰਾਜੇ। ਆਪ ਵੀ ਸੰਸਕ੍ਰਿਤ ਵਿੱਦਿਆ ਦੇ ਪੰਡਿਤ ਸ਼ਾਸਤ੍ਰਗਯਾ ਤੇ ਗੁਰਪੰਥ ਦੇ ਪ੍ਰਸਿੱਧ ਗਿਆਨੀ ਸਨ। ਸ਼ਿਕਾਰਪੁਰ (ਸਿੰਧੁ) ਇਲਾਕੇ ਵਿਚ ਵਿਚਰ ਕੇ ਆਪ ਨੇ ਅਨੇਕਾਂ ਅਭਿਲਾਖੀਆਂ ਨੂੰ ਗੁਰਮਤਿ ਵਿੱਦਿਆ ਪ੍ਰਦਾਨ ਕੀਤੀ। ਆਪ ਨੇ ਸੰਮਤ 1955 ਤੋਂ 1979 ਬਿ: ਤਕ ਅੰਮ੍ਰਿਤਸਰ ਵੱਡੇ ਅਖਾੜੇ ਵਿਚ ਬਿਰਾਜ ਕੇ ਵਿੱਦਿਆ ਤੇ ਧਰਮ ਪ੍ਰਚਾਰ ਦਾ ਸ਼ਲਾਘਾਯੋਗ ਉੱਦਮ ਜਾਰੀ ਰੱਖਿਆ। ਓੜਕ ਗੁਰੂ ਕੀ ਨਗਰੀ (ਅੰਮ੍ਰਿਤਸਰ) ਵਿਚ ਹੀ ਸੰਮਤ 1979 ਬਿ: ਮਿਤੀ 22 ਅੱਸੂ ਨੂੰ ਆਪ ਪੰਜ ਭੂਤਕ ਸਰੀਰ ਤਿਆਗ ਕੇ ਗੁਰਚਰਨਾਂ ਵਿਚ ਜਾਇ ਬਿਰਾਜੇ।

ਇਸ ਪੱਧਤੀ ਦੇ ਪ੍ਰਸਿੱਧ ਅਸਥਾਨ

1. **ਰਾਜ ਪਟਿਆਲਾ** : ਰਾਜ ਪਟਿਆਲੇ ਵਿਚ ਪਿੰਡ ਘਰਾਂਚੋਂ, ਢਿੱਲਵਾਂ ਤੇ ਧੂੜਕੋਟ ਹਨ।

2. **ਲਹਿੰਦੇ ਪੰਜਾਬ** : ਜ਼ਿਲ੍ਹਾ ਸਿਆਲਕੋਟ ਦੀ ਤਹਿਸੀਲ ਡਸਕਾ ਦੇ ਪਿੰਡ ਬਸੂਨਕੇ ਵਿਚ ਬਾਬਾ ਸਰੂਪ ਦਾਸ ਦੇ ਨਾਮ ਪੁਰ ਧਰਮਸਾਲਾ ਹੈ।

3. **ਸਿੰਧ ਦੇਸਿ** : ਸ਼ਿਕਾਰਪੁਰ ਸ਼ਹਿਰ ਦੇ ਨੁਸ਼ਹਿਰੇ ਦਰਵਾਜ਼ੇ ਇਕ ਧਰਮਸਾਲ ਬਾਬਾ ਸਰੂਪ ਦਾਸ ਦੇ ਸ਼ਰਧਾਲੂਆਂ ਬੱਧੀ ਹੈ।

4. **ਉੱਤਰ ਪ੍ਰਦੇਸ਼** : ਕਾਂਸ਼ੀ ਨਗਰ ਦੇ ਢੂਢ ਗਜ ਮਹੱਲੇ 'ਸੰਗਤਿ ਪੰਡਿਤ' ਸਰੂਪ ਦਾਸ 'ਨਾਵੇਂ' ਇਕ ਪ੍ਰਸਿੱਧ ਧਰਮ ਅਸਥਾਨ ਹੈ। ਇਹਨਾਂ ਸਾਰੇ ਧਰਮ ਸਥਾਨਾਂ 'ਤੇ ਗੁਰਬਾਣੀ ਤੇ ਗੁਰਮਤਿ ਦੀ ਵਿੱਦਿਆ ਦਾ ਵਿਸ਼ੇਸ਼ ਪ੍ਰਚਾਰ ਹੁੰਦਾ ਸੀ। ਇਸ ਪੱਧਤੀ ਦੇ ਇਕ ਵਿਦਵਾਨ ਸਾਧੂ ਪੰਡਿਤ ਹਰੀ ਪ੍ਰਕਾਸ਼ ਸੰਮਤ 1973 ਬਿ: ਵਿਚ 'ਉਦਾਸੀ ਮਹਾਂਮੰਡਲ ਪੰਜਾਬ' ਦੇ ਉਪ-ਮੰਤ੍ਰੀ ਬਣੇ ਹੋਏ ਸਨ।

3. **ਸਾਧੂ ਨੰਦ ਲਾਲ ਜੀ :**

ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ :

ਬਖ਼ਸ਼ ਅੱਠਮੀਂ ਹੈ ਸਾਧੂ ਨੰਦ ਲਾਲ ਜੀ। *(ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ 1056)*

ਪਰ ਗਿਆਨੀ ਜੀ ਨੇ ਇਹਨਾਂ ਦਾ ਹੋਰ ਹਾਲ ਵਰਣਨ ਨਹੀਂ ਕੀਤਾ। ਜੇ ਇਹ ਬਜ਼ੁਰਗ ਭਾਈ ਨੰਦ ਲਾਲ 'ਸੋਹਣਾ' ਜੀ ਸਨ, ਜਿਨ੍ਹਾਂ ਨੂੰ ਛੇਵੇਂ ਪਾਤਸ਼ਾਹ ਨੇ ਖ਼ਵਾਜਾ ਤੋਂ ਜਾਨੀ ਬ੍ਰਹਮ ਗਿਆਨੀ ਸਿੱਖਾਂ ਦੀ ਸੇਵਾ ਪੁਰ ਨੀਯਤ ਕੀਤਾ ਸੀ ਤਾਂ ਉਹਨਾਂ ਦੀ ਸ਼ਾਖ਼ ਅਗਾੜੀ ਜਾ ਕੇ ਬਾਬਾ ਮੀਹਾਂ ਸਾਹਿਬ ਦੀ ਬਖ਼ਸ਼ਿਸ਼ ਦਾ ਹੀ ਰੂਪ ਧਾਰ

ਲੈਂਦੀ ਹੈ। *ਮਹਿਮਾ ਪ੍ਰਕਾਸ਼* ਵਿਚ ਬਾਵਾ ਸਰੂਪ ਦਾਸ ਭੱਲੇ ਨੇ ਬਾਬਾ ਫੇਰੂ ਜੀ ਤੋਂ ਬਾਦ ਇਸੇ ਬਾਬਾ ਨੰਦ ਲਾਲ ਜੀ ਦੀ ਪੱਧਤੀ ਨੂੰ ਬਖ਼ਸ਼ਿਸ਼ਾਂ ਵਿੱਚੋਂ ਗਿਣਿਆ ਹੈ।

4. ਦਿਵਾਨੇ ਸਾਧੂ :

ਨੌਮੀ ਬਖਸ਼ਸ ਕੇ ਦਿਵਾਨੇ ਪਰਧਾਨ ਹੈ।
'ਹਰੀਆ' ਤੈ 'ਬਾਲਾ' ਸੋਢੀ ਮਿਹਰਵਾਨ ਕੇ ਥੇ ਚੇਲੇ,
ਮੂੰਹ ਸਿਰ ਮੂੰਡ ਕਾਲਾ ਮੁਖ ਕੀਓ ਠਾਨ ਹੈ॥੨੨॥
ਸੰਖ, ਮਾਲ, ਬਲਖੀ, ਧਰੈ ਕੈ ਹਾਥ ਠੂਠਾ ਦੈ ਕੇ,
ਮੋਰ ਪੰਖ ਸੀਸ ਕਾਂਧੇ ਮੂਸਲ ਧਰਾਯੋ ਹੈ।
ਢੋਲ ਬਜਾਵਹਿ ਕੇ ਧਮਾਲ ਪਾਇ ਨਾਚਤੇ ਹੈਂ,
ਤਾਂਹੀ ਤੈ ਦਿਵਾਨੇ ਭੇਖ ਪਾਗਲ ਸਦਾਯੋ ਹੈਂ।
ਹਰੀਏ ਕੇ ਪੋਤੇ ਚੇਲੇ ਪੀਰ ਭਾਰੇ ਮਾਲਵੇ ਮੈਂ,
ਠੂਠਾ ਸਵਾ ਮਣ ਅੰਨਯ ਘਰ ਘਰ ਲਾਯੋ ਹੈ।
ਗਾਦੀ ਏਸ ਪੰਥ ਕੀ ਹੈ ਕੋਟ ਪੀਰ ਕੇ ਮੈਂ ਆਦੀ
ਡੇਰੇ ਪਟਿਆਲੇ ਲੈ ਬਿਸਾਲੇ ਬਹੁ ਬਾਯੋ ਹੈ।੩੦॥

(ਸ੍ਰੀ ਗੁਰੁ ਪੰਥ ਪ੍ਰਕਾਸ਼, ਪੰਨਾ 1282)

ਮਿਸਟਰ ਐੱਚ.ਏ. ਰੋਜ਼ ਨੇ 'ਗਲਾਸਰੀ' ਵਿਚ ਲਿਖਿਆ ਹੈ :

DIWANA : The third oldest sect of the Sikhs. The Guru Har Rai or perhaps to Guru Ram Dass, must be ascribed the origin of Diwana Sadhs or 'Mad Saints' a name they owe chiefly to their addition to excessive consumption of hemp drugs founded by Bala and Haria with the Guru's permission mainly from the Jats and Chamars. Its members are for the most part non-celibate. Outwardly these sadhs keep the hair uncut and wear a necklace of shells, with a peacock's feather in the Pagri. They follow the Adi Granth and repeat the true name. Sikh history relates that one of the sects who attempted forcible access to Guru Gobind Singh was cut down by a sentary, where upon Ghudda, their spiritual guide, sent 50 men of the sect to assassinate him. But of those 48 turned back and only two proceeded to the Guru, without weapons and playing on a Sarangi (ਸਾਰੰਗੀ) and instead of killing him they sang to him. He gave him a square Rupees as a memorial (M. A. Macauliffe, *The Sikh Religion*, p. 218) They are mainly returned from Kangra district.

[ਭਾਵ, 'ਦਿਵਾਨਾ' ਸਿੱਖਾਂ ਦੀ ਇਕ ਪੁਰਾਣੀ ਤੀਜੀ ਸੰਪ੍ਰਦਾ ਹੈ। ਗੁਰੂ ਹਰਿਰਾਇ

ਯਾ ਸ਼ਾਇਦ ਗੁਰੂ ਰਾਮਦਾਸ ਤੋਂ ਇਹਨਾਂ ਦਾ ਸੰਬੰਧ ਜੋੜਿਆ ਜਾਂਦਾ ਹੈ। ਬਹੁਤਾ ਭੰਗ (ਸੁੱਖਾ) ਆਦਿ ਬੂਟੀਆਂ ਵਰਤਣ ਕਰਕੇ ਇਹਨਾਂ ਦਾ ਨਾਮ 'ਦਿਵਾਨੇ ਸਾਧੂ' ਯਾਨਿ ਪਾਗਲ ਫ਼ਕੀਰ ਪੈ ਗਿਆ ਹੈ। ਗੁਰੂ ਜੀ ਦੀ ਆਗਿਆ ਨਾਲ ਬਾਲਾ ਤੇ ਹਰੀਆ ਨਾਮ ਦੇ ਦੋ ਜੱਟਾਂ ਨੇ ਇਸ ਪੱਧਤੀ ਦਾ ਮੁੱਢ ਬੰਨ੍ਹਿਆ ਹੈ। ਪਰ ਇਹਨਾਂ ਦੀ ਜਥੇਬੰਦੀ ਢਿੱਲੀ ਮੱਠੀ ਹੀ ਹੈ। ਬਹੁਤੇ ਸਾਧੂ ਜੱਟਾਂ ਤੇ ਚਮਾਰਾਂ ਵਿੱਚੋਂ ਹੀ ਬਣਦੇ ਹਨ। ਅਕਸਰ ਸਾਧੂ ਤਪਸੀ ਨਹੀਂ ਹੁੰਦੇ, ਕੇਸਾਧਾਰੀ ਹਨ। ਗਲ ਵਿਚ ਸਿੱਪੀਆਂ ਦੀ ਮਾਲਾ ਤੇ ਪਗੜੀ ਵਿਚ ਮੋਰਪੰਖ ਟੰਗਦੇ ਹਨ। 'ਆਦਿ ਗ੍ਰੰਥ' ਇਹਨਾਂ ਦਾ ਧਰਮ ਗ੍ਰੰਥ ਹੈ ਤੇ ਸਤਿਨਾਮ ਵਾਹਿਗੁਰੂ ਦਾ ਸਿਮਰਨ ਕਰਦੇ ਹਨ।

ਸਿੱਖ ਇਤਿਹਾਸ ਵਿਚ ਜ਼ਿਕਰ ਹੈ ਕਿ ਇਸ ਸ਼੍ਰੇਣੀ ਦੇ ਸਾਧੂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਡੇਰੇ ਅੰਦਰ ਧੱਕੋ-ਜ਼ੋਰੀ ਦਾਖ਼ਲ ਹੋਣ ਦਾ ਯਤਨ ਕੀਤਾ ਤੇ ਪਹਿਰੇਦਾਰ ਹੱਥੋਂ ਮਾਰਿਆ ਗਿਆ। ਤਦ ਇਹਨਾਂ ਦੇ ਧਰਮਚਾਰੀ (ਗੁਰੂ) ਘੁੱਦੇ ਨੇ 50 ਸਾਧੂ ਉਹਨਾਂ ਉੱਤੇ ਚਾੜ੍ਹ ਦਿੱਤੇ, ਪਰ 48 ਰਾਹ ਵਿੱਚੋਂ ਹੀ ਮੁੜ ਆਏ। ਸਿਰਫ਼ ਦੋ ਹੀ ਗੁਰੂ ਜੀ ਤਕ ਅੱਪੜ ਸਕੇ। ਉਹ ਵੀ ਮਾਰਨ ਵਾਸਤੇ ਨਹੀਂ, ਸਗੋਂ ਸ਼ਸਤਰਹੀਨ ਸਾਰੰਗੀ ਵਜਾਉਂਦੇ ਤੇ ਉਸਤਤ ਗਾਉਂਦੇ। ਸਤਿਗੁਰਾਂ ਉਹਨਾਂ ਨੂੰ ਯਾਦਗਿਰੀ ਵਜੋਂ ਇਕ ਚੁਨਕੁਰਾ ਰੁਪੱਯਾ ਦਿੱਤਾ। (ਮੈਕਾਲਿਫ਼, *ਦ ਸਿੱਖ ਰਿਲੀਜਨ,* ਭਾਗ 5, ਪੰਨਾ 218) ਇਹ ਬਹੁਤੇ ਕਾਂਗੜਾ ਜ਼ਿਲ੍ਹੇ ਦੇ ਸਨ।]

ਦਸਵੇਂ ਪਾਤਿਸ਼ਾਹ ਸੰਬੰਧੀ ਉੱਤੇ ਦਿੱਤੀ ਸਾਖੀ ਭਾਈ ਦਿਆਲ ਦਾਸ (ਬਾਲੂ ਹੱਸਣੀਏ ਉਦਾਸੀ ਸਾਧੂ) ਦੀਆਂ ਲਿਖੀਆਂ ਇਨ੍ਹਾਂ ਸਾਖੀਆਂ ਦਾ ਸਾਰ ਪ੍ਰਤੀਤ ਹੁੰਦਾ ਹੈ :

ਅੱਗੇ ਡੇਰਾ ਗੁਰੂ ਜੀ 'ਜੈਤੋ' ਕੀਤਾ। ਜੈਤੋ ਸ਼ਿਕਾਰ ਚੜ੍ਹੇ ਛਡੀ ਅਸਵਾਰੀ। ਖੇਡਦੇ ਖੇਡਦੇ 'ਕੋਠੇ ਪ੍ਰਿਥੀ ਚੰਦ ਕੇ' ਮਲੂਕੇ ਕੇ ਵਿਚਾਲੇ ਆਏ ਉਤਰੇ, ਡੇਰਾ ਕਰਾ ਦੀਆ ॥੪੭॥

ਤੰਬੂ ਲਾਇ ਦੀਆ। ਚਾਰ ਘੜੀ ਕੇ ਅੰਮ੍ਰਿਤ ਵੇਲੇ ਆਇਆ ਦੀਵਾਨਾ; ਸਿਰ ਮੂੰਹ ਕਾ ਭੱਦੁਣ ਕੀਤਾ ਹੋਇਆ ਕਹਿੰਦਾ, "ਗੁਰੂ ਜੀ ਕਾ ਦੀਦਾਰ ਕਰਨਾ ਹੈ।" ਸਿੰਘ ਨੇ ਕਹਿਆ, "ਦਿਨ ਚੜ੍ਹੇ ਕਰੀਂ।" ਡਿਓਢੀ ਵਾਲੇ ਨੇ।

ਦੀਵਾਨੇ ਕਹਿਆ : "ਮੈਂ ਹੁਣੇ ਹੀ ਅੰਦਰ ਜਾਨਾਂ ਹਾਂ।" ਸਿੰਘ ਨੇ ਕਹਿਆ, "ਗੁਰੂ ਜੀ ਆਪਣੇ ਰੰਗ ਮਹਿ ਬੈਠੇ ਹਨਿ; ਹੁਣ ਨਾਹੀਂ ਹੁਕਮ।" ਦੀਵਾਨਾ ਸਿੰਘ ਨੂੰ ਮੁਹਲਾ ਚੁੱਕ ਕੇ ਧੱਕੇ ਨਾਲ ਵੜਨਿ ਲੱਗਾ। ਸਿੰਘ ਨੇ ਤਲਵਾਰ ਮਾਰੀ। ਦਿਨ ਚੜ੍ਹੇ ਘੜੀ ਕਹਿੰਦਾ : "ਹੁਣ ਤਾਂ ਗੁਰੂ ਜੀ ਕਾ ਦਰਸ਼ਨ ਕਰਾਵੋ।"

ਗੁਰੂ ਜੀ ਨੂੰ ਸਿੱਖ ਪੁੱਛਿਆ, "ਜੀ! ਦੀਵਾਨਾ ਜ਼ਖ਼ਮੀ ਹੋਇਆ ਹੈ। ਕਹਿੰਦਾ : "ਮੈਨੂੰ ਹੁਣ ਤਾਂ ਗੁਰੂ ਜੀ ਕਾ ਦਰਸ਼ਨ ਕਰਾਵੋ।"

ਗੁਰੂ ਜੀ ਕਹਿੰਦੇ, "ਆਵਣਿ ਦੇਹੁ!"

ਦੀਵਾਨੇ ਮੱਥਾ ਟੇਕਿਆ।

ਗੁਰੂ ਜੀ ਕਹਿੰਦੇ, "ਜੀਵਣ ਕੀ ਸੁਰਤਿ ਹੈ?"

ਦੀਵਾਨਾ ਕਹਿੰਦਾ ਹੈ, "ਜੀ! ਹੁਣ ਖ਼ੁਸ਼ੀ ਕਰੋ। ਤੁਸਾਂ ਕੀ ਹਜ਼ੂਰਿ ਪ੍ਰਾਣ ਮੇਰੇ ਛੁੱਟਣ। ਇਹ ਖ਼ੁਸ਼ੀ ਕਰੋ।" ਫੇਰ ਪ੍ਰਾਣ ਛੁੱਟੇ।

ਚੌਪਈ
ਮਲੂਕੇ ਕੀ ਮਾਰਿਆ ਇਕੁ ਦੀਵਾਨਾ।
ਜੰਗਲ ਕੇ ਭੂਪਤਿ ਸਭ ਭਏ ਹੈਰਾਨਾ।
ਇਕ ਬਿਚਲੇ, ਇਕ ਸਾਬਤ ਰਹੇ।
ਇਕਨ੍ਹਾਂ ਦ੍ਰਿੜ ਕਰਿ ਚਰਨ ਗੁਰੂ ਕੇ ਗਹੇ।

'ਬੈਰਾੜ' ਕਹਿੰਦੇ, "ਏਹ ਭਲਾ ਗੁਰੂ ਹੈ, ਜਿਸ ਨੇ ਦੀਵਾਨਾ ਮਾਰਿਆ। ਇਕ ਕਹਿੰਦਾ, "ਦੀਵਾਨਾ ਭੀ ਗੁਰੂ ਕਾ, ਜਿਸ ਨੇ ਤਲਵਾਰ ਮਾਰੀ ਸਿੱਖ ਨੇ, ਉਹ ਭੀ ਗੁਰੂ ਕਾ।" (ਬਾਜਦ ਪਿੰਡ ਡੇਰਾ ਸੀ ਤਦੋਂ)

ਅੱਗੇ ਘੁੱਦੇ ਤੇ ਸੁੱਖੂ 'ਦੀਵਾਨੇ' ਨੇ ਕਹਿਆ, "ਗੁਰੂ ਜੀ ਨੇ ਦਿਵਾਨਾ ਮਾਰਿਆ ਹੈ, ਵੈਰ ਲਈਏ!" ਪੰਜਾਹ ਦਿਵਾਨੇ ਕੱਠੇ ਕੀਤੇ ਜਾਂ ਰਾਹਿ ਵਿਚ ਆਏ, ਪੱਚੀ ਹਟਿ ਗਏ। ਕਹਿੰਦੇ, "ਗੁਰੂ ਨਾਲਿ ਨਾਹੀ ਲੜਦੇ!" ਜਾ ਅੱਗੇ ਆਏ ਤਾਂ ਤੇਰਾਂ (ਹੋਰ ਹਟਿ ਗਏ) ਜਾਂ ਅੱਗੇ ਆਏ ਤਾਂ ਦਸ (ਹੋਰ) ਹੱਟ ਗਏ। ਕਹਿੰਦੇ, "ਗੁਰੂ ਨਾਲਿ ਨਾਹੀ ਲੜਦੇ।" ਸੁਖੂ ਤੇ ਬੁਧੂ ਰਹਿ ਗਏ। ਸਾਰੰਗੀ ਤੇ ਢਡ ਸੀ ਪਾਸ (ਉਹ ਵੀ) ਡੇਰੇ ਧਰਿ ਗਏ। ਗੁਰੂ ਜੀ ਨੂੰ ਮੱਥਾ ਜਾਇ ਟੇਕਿਆ।

ਗੁਰੂ ਜੀ ਕਹਿੰਦੇ, "ਜੋ ਕੁਹ ਡੇਰੇ ਲੁਕਾਇ ਆਏ ਹਹੁ ਓਹੁ ਲੈ ਆਵੋ।" ਓਹੁ ਢਡ ਸਾਰੰਗੀ ਲੈ ਆਇ। ਗੁਰੂ ਜੀ ਕਹਿੰਦੇ, "ਗਾਓ!" ਉਹਨਾਂ ਨੇ ਸਾਰੰਗੀ ਸੁਰ ਕੀਤੀ, ਗਾਵਣ ਲੱਗੇ:

ਕਹਿੰਦਾ, "ਕਚਾ ਕੋਠਾ, ਵਿਚ ਵਸਦਾ ਜਾਨੀ। ਸਦਾ ਨ ਮਾਪੇ, ਨਿਤ ਨਾਹੀ ਜੁਆਨੀ।"

ਗੁਰੂ ਜੀ ਕਹਿੰਦੇ, "ਫੇਰ ਕਹੁ।" ਤਿੰਨ ਵਾਰੀ ਕਹਾਇਆ।

ਗੁਰੂ ਜੀ ਚੜ੍ਹਨ ਲੱਗੇ। ਸੁੱਖੂ ਕਹਿੰਦਾ, "ਜੀ ਸਾਡੇ ਉੱਤੇ ਅਸਵਾਰੀ ਕਰੋ।" ਦੁਇ ਦਿਵਾਨੇ, ਦੁਇ ਸਿੱਖ ਹੋਰ ਕੀਤੇ, ਚਾਰਪਾਏ ਉੱਤੇ ਗੁਰੂ ਜੀ ਨੂੰ ਚੜ੍ਹਾ ਕੇ ਚੱਕਿਆ। ਗੁਰੂ ਜੀ ਸੁੱਖੂ ਦੇ ਸਿਰ ਉੱਤੇ ਧਉਸੇਂ ਵਾਂਙੂ ਵਜਾਇੰਦੇ ਜਾਵਨ। ਸੁੱਖੂ ਦਾ ਸਿਰ ਰੋਡਾ। ਹੇਠ ਸੁੱਖੂ ਕਹਿੰਦਾ ਜਾਵੇ: ਧਉਂ ਧਉਂ! ਧਉਂ ਧਉਂ!!

ਅੱਗੇ ਕੋਸਕਿ ਥੋਂ ਗੁਰੂ ਜੀ ਘੋੜੇ ਉੱਤੇ ਅਸਵਾਰੀ ਕੀਤੀ। ਓਸ ਕਾ ਭਾਉ ਕਰ ਕੇ ਚੜ੍ਹੇ ਸੇ ਪਲੰਘ ਉਪਰਿ। ਸੁੱਖੂ ਨੇ ਆਖਿਆ ਸੀ: ਜੋ ਸਾਂਗ ਆਪ ਮਾਛੀਵਾੜੇ ਕੀਤਾ ਹੈ, ਸੋ ਦਿਖਾਓ ਮੈਨੂੰ। ਮੰਜੇ ਉੱਤੇ ਚੜ੍ਹੇ, ਨੀਲੀ ਪੋਸ਼ਾਕ ਪਹਿਰੀ। ਉਸ ਨੂੰ ਰਾਜ਼ੀ ਕੀਤੀ। ਡੇਰਾ ਹੋਇਆ। ਸੁੱਖੂ ਮੱਥਾ ਟੇਕਿਆ ਤੇ ਪਰਿਕਰਮਾ ਦੇਣ ਲੱਗਾ। ਨਾਲੇ ਕਹਿੰਦਾ ਫਿਰੇ, "ਊਂ ਘਾਂ! ਊਂ ਘਾਂ!! (ਸਾਹਨ ਵਾਂਙ ਬੜ੍ਹਕਾਂ ਮਾਰਦਾ) ਭੌਨਾ ਫਿਰੇ। ਫੇਰ ਹਾਰ ਕੇ ਡਿੱਗ ਪਇਆ। ਗੁਰੂ ਜੀ ਨੇ ਸੁੱਖੂ ਨੂੰ ਕਹਿਆ, "ਏਸ ਕਾ ਅਸ਼ਨਾਨ ਕਰਵਾਓ।"

ਫੇਰ ਅਸ਼ਨਾਨ ਕੀਤਾ; ਸੁਧਿ ਆਈ। ਸੁੱਖੂ ਨੇ ਗੁਰੂ ਜੀ ਨੂੰ ਮੱਥਾ ਟੇਕਿਆ। ਕਹਿੰਦਾ, "ਵੱਡਾ ਵੈਰਾਗੁ ਆਇਆ ਸੀ, ਤੁਸੀਂ ਅਸ਼ਨਾਨ ਨਾਹੀ ਸੀ ਕਰਵਾਉਣਾ ਜੀ!"

ਗੁਰੂ ਜੀ ਨੇ ਰੁਪਈਆ ਦਿੱਤਾ ਚੌਖੂਟੀਆ। ਓਸ ਨੂੰ ਅੱਜ ਤੀਕ ਮੱਥਾ ਟੇਕਦੇ ਹਨ ਜੀ॥੭੪॥

"ਪਾਤਸਾਹੀ ੧੦ ਗੁਰੂ ਜੀ ਨੇ ਦੱਖਣ ਜਾਣੇ ਕੀ ਤਿਆਰੀ ਕੀਤੀ। ਏਹ ਸੱਦ ਦਸ ਦਿੰਹ ਅੱਗੋਂ ਦੀ ਕੀਤੀ : ਮਾਝਿ ਪਾਤਿਸ਼ਾਹੀ ੧੦। (ਲੱਖੀ ਜੰਗਲ ਖਾਲਸਾ ਦੀਦਾਰੁ ਆਨਿ ਲਗਾ; ਤਬ ਉਚਾਰ ਹੋਇਆ :

ਸੁਣ ਕੈ ਸਦੁ ਮਾਹੀ ਦਾ ਮੇਹੀ, ਪਾਣੀ ਘਾਹੁ ਮੁਤੋ ਨੇ।
ਕਿਸੈ ਨਾਲਿ ਨ ਰਲੀ ਆ ਕਾਈ, ਕੇਹੋ ਸਉਕ ਪਯੋ ਨੇ।
ਗਇਆ ਫਿਰਾਕੁ ਮਿਲਿਆ ਮਿਤੁ ਮਾਹੀ, ਤਾਹੀ ਸੁਕਰੁ ਕੀਤੋ ਨੇ॥੧॥[11]

ਸੁਣ ਕੇ ਗੁਰੂ ਜੀ ਕਾ ਬਾਕ ਸਰਬੱਤ ਖ਼ਾਲਸੇ ਨੇੜੇ ਦੂਰ ਕੇ ਹੁਮ ਹੁਮਾਇ ਕੇ ਆਇ, ਦਰਸ਼ਨਾਂ ਨੂੰ। ਭਾਈ ਰੂਪੇ ਤੇ ਧਾਮ ਸਿੰਘ ਆਇਆ। ਬੁਧੂ ਸੁਧੂ ਦੀਵਾਨੇ ਆਏ। ਅਭੈ ਰਾਮ ਸੋਢੀ ਆਇਆ 'ਕੋਠੇ' ਤੋਂ। ਅਬਲੂ ਮਹਿਮੇ ਦੇ ਦਾਨ ਸਿੰਘ ਆਇਆ; ਆਪਣੇ ਬੇਟੇ ਗੁਰਬਖ਼ਸ਼ ਸਿੰਘ ਕੋ ਸਾਥ ਲੈ ਕੇ। ਅੰਮ੍ਰਿਤਸਰ ਤੋਂ ਭਾਈ ਮਨੀ ਸਿੰਘ ਜੀ ਆਏ; ਸੰਗਤਿ ਸਾਥ ਲੈ ਕੇ। ਰਮਦਾਸੋਂ ਭਾਈ ਗੁਰਬਖ਼ਸ਼ ਸਿੰਘ ਜੀ ਆਏ; ਸੰਗਤਿ ਕੋ ਸਾਥ ਲੈ ਕੇ। ਚੱਕਾਂ ਤੇ ਭਾਈ ਰਾਮ ਸਿੰਘ, ਭਾਈ ਦਿਆਲ ਸਿੰਘ ਆਏ। ਭੁਚੋ ਤੋਂ ਭਾਈ ਗੋਦੜੀਆ ਆਇਆ। ਸਰਬਤ ਨੇ ਆਨਿ ਹਜ਼ੂਰ ਦਰਸ਼ਨ ਕੀਤਾ। ਆਪਣੀ ਆਪਣੀ ਭੇਟਾ ਰੱਖੀ ਸਰਬਤ੍ਰ ਨੇ। ਦਰਬਾਰੀ, ਘਰਬਾਰੀ ਦੀਵਾਨ ਸੇ ਗੁਰੂ ਜੀ ਕੇ; ਉਨ੍ਹਾਂ ਬੇਨਤੀ ਕੀਤੀ, "ਜੀ ਪਾਤਸ਼ਾਹ! ਆਪ ਮਾਲਵੇ ਦੇਸ਼ ਵਿਚ 'ਗੁਰੂ ਕੀ ਕਾਸ਼ੀ' ਬੈਠੇ ਹੋ, ਦਰਸ਼ਨ ਦੇਂਦੇ ਹੋ। ਸਿੱਖ ਸਖਾ ਸਭ ਕੋਈ ਚਲਿਆ ਆਂਵਦਾ ਹੈ। ਦੱਖਣ ਭੱਠ ਪਈ ਕਾ ਕੀ ਨਾਉਂ ਲੈਂਦੇ ਹਉ!!"

ਗੁਰੂ ਜੀ ਬਚਨ ਕੀਤਾ, "ਨਾ ਵੇ! ਸਾਡਾ ਕਾਰਜ ਹੀ ਹੈ; ਅਸਾਂ ਨੂੰ ਜ਼ਰੂਰ ਜਾਣਾ ਹੀ ਹੈ!" ਦਮਦਮੇ ਕੇ ਸਮਾਨ ਅਸਥਾਨ ਨਹੀਂ ਹੈ ਹੋਰ, ਪਰ ਅਸੀਂ ਜਾਣਾ ਹੀ ਹੈ।"

ਰਾਮ ਸਿੰਘ ਤਲੋਕੇ ਸਿੰਘ ਨੂੰ ਖ਼ੁਸ਼ੀ ਕੀਤੀ, ਸਿਰੋਪਾਉ ਦਿੱਤੇ। ਭਾਈ ਗੁਰਬਖ਼ਸ਼ ਸਿੰਘ, ਭਾਈ ਮਨੀ ਸਿੰਘ, ਭਾਈ ਧਰਮ ਸਿੰਘ, ਦਾਨ ਸਿੰਘ ਦਾ ਬੇਟਾ ਗੁਰਬਖ਼ਸ਼ ਸਿੰਘ, ਭਾਈ ਸੰਤੋਖ ਸਿੰਘ—ਏ ਪੰਜੇ ਨਾਮਦਾਰ ਗੁਰੂ ਜੀ ਦੇ ਸਾਥ ਹੀ ਚੜ੍ਹੇ; ਚਰਨ ਕਮਲੋਂ ਕੇ। ਪ੍ਰਿਥਮੇ ਦਰਬਾਰੀ, ਘਰਬਾਰੀ ਭੱਜੇ, ਰਾਤਿ ਪਾੜਕੇ ਬਰਾੜਾਂ ਨੂੰ ਸਾਥ ਲੈ ਕੇ। ਸੋਢੀ ਅਭੈ ਸਿੰਘ ਨੂੰ ਗੁਰੂ ਜੀ ਕਹਿੰਦੇ ਹੁੰਦੇ :

"ਇਹ ਭਾਂਡਾ ਸੁੱਧ ਹੈ; ਵਸਤੂ ਪਾਵਨ ਵਾਲਾ।" ਤਿਸ ਨੂੰ ਦੀਵਾਨੇ ਸਾਧੂ ਬੁਧੂ ਰਸਤੇ ਵਿੱਚੋਂ ਸੁਤੇ ਨੂੰ ਮੰਜਾ ਚੁਕ ਲਿਆਏ।

ਆਪ ਚੜ੍ਹੇ ਕਤਿਕ ਕੀ ਸੁਦੀ ਥਿਤਿ ਪੰਚਮੀ ਦਿਨ ਵੀਰਵਾਰ, ਸਵਾ ਪਹਿਰ ਦਿਨ ਚੜ੍ਹੇ ਕੂਚ ਕੀਆ, ਦੱਖਣ ਕਉ॥੧੦੫॥

---

11. ਪਿੰਡ ਮਟੌਰ (ਅਨੰਦਪੁਰ ਲਾਗੇ) ਦੇ ਵਸਨੀਕ ਸ. ਬਲੀ ਸਿੰਘ ਦੇ ਘਰੋਂ ਇਕ ਪੁਰਾਤਨ ਲਿਖਤ ਪੱਤਰੇ ਪੁਰ ਇਹ ਸੱਦ ਲਿਖੀ ਮਿਲੀ ਹੈ। ਜਿਸ ਵਿਚ ਤੀਜੀ ਤੁਕ "ਬਨ ਬਨ ਮਾਗੀ ਫਿਰੈ ਢੂੰਢਤੀ, ਕਿਹਾ ਵਿਯੋਗ ਪਯੋਨੀ" ਵਧਾ ਕੇ ਚਾਰ ਕੀਤੀਆਂ ਹੋਈਆਂ। ਅਸੀਂ ਇਸ ਨੂੰ ਇਥੇ ਇੰਨ-ਬਿੰਨ ਅੰਕਿਤ ਕੀਤਾ ਹੈ।

ਗੁਰੂ ਉਦਾਸੀਨ ਮਤ ਦਰਪਣ ਦੇ ਕਥਨ ਮੁਤਾਬਿਕ, "ਭਾਈ ਭੌਂਦੜ ਸ਼ਾਹ (ਦਿਵਾਨਾ ਸਾਹਿਬ) ਸ੍ਰੀ ਨਿਰਬਾਣ ਮਿਹਰਵਾਨ (ਬਾਬਾ ਮਨੋਹਰ ਦਾਸ) ਦੇ ਸਿੱਖ ਸਨ। ਜੋ ਉਦਾਸ ਬਿਰਤੀ ਧਾਰ ਕੇ ਅਤੀਤ (ਸਾਧੂ) ਬਣ ਗਏ। ਉਹਨਾਂ ਦੇ ਜਾਨਸ਼ੀਨ ਸ੍ਰੀ ਬਾਵਾ ਹਰੀ ਦਾਸ ਜੀ ਦੇ ਨੌਸ਼ਾਹ ਜੀ ਤੇ ਉਨ੍ਹਾਂ ਦੇ ਸਿੱਖ ਸ੍ਰੀ ਬਾਵਾ ਭਾਗ ਪੀਰ ਜੀ ਪ੍ਰਸਿੱਧ ਹੋਏ ਜਿਨ੍ਹਾਂ ਦਾ ਅਸਥਾਨ ਪਟਿਆਲੇ ਸ਼ਹਿਰ ਵਿਚ ਵੀ ਹੈ।

ਮਹਾਨ ਕੋਸ਼ ਵਿਚ ਦਿਵਾਨੇ ਇੰਦਰਾਜ ਵਿਚ ਅੰਕਿਤ ਹੈ:

> "ਹਰੀਆ ਅਤੇ ਬਾਲਾ ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਦੇ ਚੇਲੇ ਸਨ, ਜੋ ਆਪਣਾ ਕਾਲਾ ਮੂੰਹ ਕਰਕੇ, ਸਿਰ ਉਪਰ ਮੋਰਪੰਖ ਦਾ ਮੁਕਟ ਪਹਿਨਦੇ ਸਨ। ਇਸ ਕਰਕੇ ਉਹਨਾਂ ਦੀ ਤੇ ਉਹਨਾਂ ਤੋਂ ਜੋ ਪੰਥ ਚਲਿਆ, ਉਸ ਦੀ ਦੀਵਾਨੇ ਸੰਗਿਆ ਹੋਈ। ਦਿਵਾਨਿਆਂ ਦੀ ਗੱਦੀ ਪਿੰਡ ਕੋਟਿ ਪੀਰ, ਮਾਲਵੇ ਵਿਚ ਹੈ ਅਤੇ ਪਟਿਆਲੇ ਬਾਵਾ ਰਾਮਦਾਸ ਜੀ ਦਾ ਡੇਰਾ ਇਸੇ ਸੰਪ੍ਰਦਾ ਦਾ ਹੈ। ਦਿਵਾਨੇ ਸਾਧੂ ਉਦਾਸੀਆਂ ਵਿਚ ਹੀ ਗਿਣੇ ਜਾਂਦੇ ਹਨ। ਉਹਨਾਂ ਦਾ ਵੀ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ।"
>
> *(ਜਿਲਦ 3, ਕਾਲਮ 2, ਪੰਨਾ 1903)*

ਇਹਨਾਂ ਸਾਰੇ ਬਿਆਨਾਂ ਦੇ ਵਿਸ਼ਲੇਸ਼ਣ ਤੋਂ ਇਹ ਪਤਾ ਲੱਗਦਾ ਹੈ ਕਿ ਬਾਬਾ ਮਨੋਹਰ ਦਾਸ (ਗੁਰੂ ਮਿਹਰਬਾਨ) ਦੇ ਸਿੱਖ ਸ਼ਰਧਾਲੂਆਂ 'ਚੋਂ ਬਾਬਾ ਭੂੰਦੜ ਦਾਸ, ਸੱਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਨੂੰ ਮਾਲਵੇ ਦੇਸ ਦੇ ਦੌਰੇ ਸਮੇਂ ਉਸ ਮਸਤਾਨੇ ਭੇਖ ਵਿਚ ਮਿਲੇ, ਜਿਸ ਦਾ ਜ਼ਿਕਰ *ਪੰਥ ਪ੍ਰਕਾਸ਼* ਤੇ *ਮਹਾਨ ਕੋਸ਼* ਦੇ ਲੇਖਕਾਂ ਨੇ ਕੀਤਾ ਹੈ। ਬਾਬਾ ਜੀ ਨੇ ਸੇਵਾ ਭਗਤੀ ਕਰਕੇ ਸੱਚੇ ਪਾਤਿਸ਼ਾਹ ਨੂੰ ਰੀਝਾਇਆ ਤੇ 'ਦੀਵਾਨਾ ਸਾਹਿਬ' ਦਾ ਖ਼ਿਤਾਬ ਪਾਇਆ। ਉਦੋਂ ਤੋਂ ਹੀ ਉਨ੍ਹਾਂ ਦੇ ਚੇਲੇ (ਸਿੱਖ) ਮੀਣੇ ਗੁਰੂਆਂ ਦੇ ਅਸਰ ਹੇਠੋਂ ਨਿਕਲ ਕੇ, ਗੁਰਮਤਿ ਗਾਡੀ ਰਾਹ ਪੁਰ ਚੱਲਣ ਲੱਗ ਪਏ।

ਸੰਮਤ 1762-63 ਬਿ: ਵਿਚ ਦਸਵੇਂ ਪਾਤਸ਼ਾਹ ਜਦੋਂ 'ਲੱਖੀ ਜੰਗਲ' ਦੇ ਪਰਗਨੇ ਪਧਾਰ ਕੇ ਸੰਗਤਾਂ ਨੂੰ ਤਾਰ ਰਹੇ ਸਨ; ਤਦ ਮਲੂਕੇ ਪਿੰਡ ਦੇ ਸਥਾਨ 'ਤੇ ਦਿਵਾਨੇ ਸਾਧੂ ਦੇ ਅੜਦੰਗਪੁਣੇ ਵਿਚ ਮਾਰੇ ਜਾਣ ਦੀ ਘਟਨਾ ਵਾਪਰੀ। ਅਰੁ ਦਿਵਾਨਿਆਂ ਦੇ ਮੁਖੀ ਬਾਬੇ ਘੁੱਦੇ ਨੇ ਮੁਕਤਾਏ ਸਾਧੂ ਦਾ ਬਦਲਾ ਲੈਣ ਖ਼ਾਤਰ 48 ਦਿਵਾਨੇ ਭਾਈ ਸੁੱਖੂ ਤੇ ਬੁੱਧੂ ਦੀ ਕਮਾਨ ਹੇਠ ਗੁਰੂ ਜੀ ਪਰ ਚਾੜ੍ਹ ਲਿਆਏ। ਲੇਕਿਨ ਸਾਥੀ ਰਾਹ ਵਿਚ ਹੀ ਰਹਿ ਗਏ ਤੇ ਦੋਵੇਂ ਗੁਰੂ ਜੀ ਦੀ ਸ਼ਰਨ ਲੈ ਕੇ ਗੁਰਸਿੱਖ ਬਣੇ। ਉਦੋਂ ਤੋਂ ਕੇਸਾਂ ਦੀ ਬੇਅਦਬੀ ਕਰਨੀ ਬੰਦ ਕਰ ਦਿੱਤੀ ਤੇ ਗੁਰੂ ਕੇ ਕੇਸਾਧਾਰੀ ਸਿੱਖ ਅਖਵਾਏ।

ਇਸ ਸ਼੍ਰੇਣੀ ਦੇ ਸਾਧੂ ਬਾਵਾ ਰਾਮਦਾਸ ਨੇ, ਮਹਾਰਾਜ ਕਰਮ ਸਿੰਘ ਪਟਿਆਲੇ ਦੇ ਸਮੇਂ ਸੰਮਤ 1880 ਬਿ: ਵਿਚ ਮਹਾਰਾਜਾ ਤੇ ਸਿੱਖ ਸੰਗਤ ਦੀ ਸਹਾਇਤਾ ਨਾਲ ਰਾਜਧਾਨੀ ਪਟਿਆਲੇ ਅੰਦਰ ਇਕ ਧਰਮਸਾਲਾ ਬੱਧੀ। ਇਸ ਦੀ ਸੇਵਾ-ਸੰਭਾਲ ਇਸੇ ਸ਼ਾਖ਼ ਦੇ ਸਾਧੂ ਕਰਦੇ ਰਹੇ।

ਗੁਰੂ ਉਦਾਸੀਨ ਮਤ ਦਰਪਣ ਅਨੁਸਾਰ ਇਥੋਂ ਦੇ ਗੁਰੂ ਸੰਤਾਂ-ਮਹੰਤਾਂ ਦੀ ਗੁਰ-ਪ੍ਰਣਾਲੀ ਇਸ ਤਰ੍ਹਾਂ ਲਿਖੀ ਹੈ:

ਦਿਵਾਨਾ ਸਾਹਿਬ (ਭੂੰਦੜ ਦਾਸ) ਦੇ ਚੇਲੇ ਬਾਲਾ ਦਾਸ (ਬਾਲਾ), ਉਹਨਾਂ ਦੇ ਹਰੀ ਦਾਸ (ਹਰੀਆ), ਤਿਨਾਂ ਦੇ ਮੱਸਾ ਦਾਸ ਸਿੱਖ ਹੋਏ। ਉਪਰੰਤ ਵਾਰੀ ਸੁਧੇ ਬਾਵਾ

ਦਰਬਾਰੀ ਦਾਸ, ਚਤੁਰ ਦਾਸ, ਰਾਮ ਸੁੰਦਰ, ਨਿਕਟੀ ਦਾਸ, ਸਿਦਕੀ ਦਾਸ, ਮੋਹਨ ਦਾਸ ਤੇ ਬਾਬਾ ਰਾਮ ਦਾਸ (ਜਿਨ੍ਹਾਂ ਇਹ ਧਰਮਸਾਲ ਬੱਧੀ) ਚੇਲੇ ਪੜਚੇਲੇ ਬਣਦੇ ਆਏ। ਬਾਵਾ ਕਿਸ਼ਨ ਦਾਸ, ਨਾਨਕ ਪ੍ਰਕਾਸ਼, ਸੰਤ ਦਾਸ ਤੇ ਬਾਵਾ ਜੈ ਰਾਮ ਦਾਸ ਨੰਬਰਵਾਰ ਇਸ ਧਰਮਸਾਲਾ ਦੇ ਮਹੰਤ ਬਣਦੇ ਆਏ। ਬਾਬਾ ਜੈ ਰਾਮ ਦਾਸ ਸੰਮਤ 1983 ਬਿ: ਵਿਚ ਮਹੰਤ ਸੀ।

ਇਸ ਭੇਖ ਦੇ ਹੋਰ ਅਸਥਾਨ ਅੰਬਾਲਾ, ਰਾਇਪੁਰ, ਅੰਮ੍ਰਿਤਸਰ ਤੇ ਪਿੰਡ ਸੂਚਾਂ (ਪਟਿਆਲਾ) ਵਿਚ ਹਨ। ਬਾਬਾ ਭਾਗ ਪੀਰ ਦੀ ਗੱਦੀ (ਯਾਦਗਾਰੀ ਥਾਂ) ਪੀਰ ਕੋਟ ਵਿਚ ਹੈ।

ਅੰਬਾਲਾ ਸ਼ਹਿਰ, ਮੁਹੱਲਾ ਕਲਾਲ ਮਾਜਰੀ ਵਿਚ ਵੀ ਬਾਬਾ ਰਾਮਦਾਸ ਨੇ ਧਰਮਸਾਲ ਬਣਵਾਈ ਸੀ। 'ਗੁਰਦੁਆਰਾ ਸੁਧਾਰ ਲਹਿਰ' ਸਮੇਂ ਇਸ ਥਾਂ ਮਹੰਤ ਮੁਕਤ ਰਾਮ ਦਾ ਚੇਲਾ ਸ਼ਰਨ ਦਾਸ ਮਹੰਤ ਸੀ। ਗੁਰਦੁਆਰਾ ਕਾਨੂੰਨ ਦੀ ਦਫ਼ਾ 7 ਅਨੁਸਾਰ ਇਹ ਧਰਮਸਾਲਾ ਨੂੰ ਵੀ ਸਿੱਖ ਗੁਰਦੁਆਰਿਆਂ ਦੀ ਸੂਚੀ (ਸ਼ੈਡੂਲ) ਵਿਚ 1609 ਨੰਬਰ ਪੁਰ ਦਰਜ ਕੀਤਾ ਗਿਆ ਸੀ। ਬਾਵਾ ਸ਼ਰਨ ਦਾਸ ਨੇ ਦਫ਼ਾ 8 ਮੁਜਬ 25 ਜੂਨ, 1929 ਨੂੰ ਉਜ਼ਰਦਾਰੀ ਕੀਤੀ, ਪਰ ਬਿਆਨ ਦਿੱਤਾ ਕਿ 'ਡੇਰਾ ਬਾਬਾ ਮੁਕਤ ਰਾਮ' ਸਿੱਖ ਗੁਰਦੁਆਰਾ ਨਹੀਂ; ਸਗੋਂ ਇਹ ਉਦਾਸੀ ਫ਼ਕੀਰਾਂ ਦਾ ਡੇਰਾ ਹੈ। ਉਦਾਸੀ ਫ਼ਿਰਕਾ ਸਿੱਖਾਂ ਨਾਲੋਂ ਵੱਖਰਾ ਹੈ। ਇਸ ਅਸਥਾਨ ਵਿਚ ਇਸ ਡੇਰੇ ਦੇ ਬਾਨੀ ਬਾਬਾ ਰਾਮਦਾਸ ਦੀ ਸਮਾਧ ਹੈ। ਇਸ ਡੇਰੇ ਦਾ ਸੰਬੰਧ ਕਿਸੇ ਸਿੱਖ ਗੁਰੂ ਜਾਂ ਉਨ੍ਹਾਂ ਦੇ ਕਿਸੇ ਕਾਰਜ ਨਾਲ ਨਹੀਂ। ਹੋਰ ਕਿਸੇ ਲਿਹਾਜ਼ ਨਾਲ ਵੀ ਇਹ ਸਿੱਖ ਗੁਰਦੁਆਰਾ ਨਹੀਂ। ਸੋ ਅੰਗਰੇਜ਼ੀ ਸਰਕਾਰ ਨੇ ਚਿੱਠੀ ਨੰਬਰ 2499 ਮਿਤੀ 12 ਜੂਨ, 1857 ਅਨੁਸਾਰ ਮੌਕੇ ਦੇ ਮਹੰਤ ਮੁਕਤ ਰਾਮ ਦੇ ਜੀਵਨ ਪ੍ਰਯੰਤ ਬਹਾਲ ਰੱਖੀ।

5. ਹੀਰਾ ਦਾਸੀਏ

ਮਿਸਟਰ ਐੱਚ.ਏ. ਰੋਜ਼ 'ਗਲਾਸਰੀ' ਵਿਚ ਲਿਖਦਾ ਹੈ :

> "The Hardasis of our census returns appear to be either named after a mochi who joined the order or after a Bairagi Saint of the Muzaffargarh." *(Vol. III, p. 481)*
>
> [ਭਾਵ ਸਾਡੀਆਂ ਮਰਦਮਸ਼ੁਮਾਰੀਆਂ ਦੀਆਂ ਰਿਪੋਟਾਂ ਵਿਚ 'ਹੀਰਾ ਦਾਸੀਏ ਸਾਧੂਆਂ' ਦਾ ਜ਼ਿਕਰ ਵੀ ਆਇਆ ਹੈ, ਜੋ ਹੀਰਾ ਦਾਸ ਨਾਮ ਦੇ ਇਕ ਮੋਚੀ ਨਾਲ ਸੰਬੰਧਿਤ ਹਨ। ਉਹ ਉਦਾਸੀ ਸੰਪ੍ਰਦਾਇ ਜਾਂ ਮੁਜ਼ਫਰਗੜ੍ਹ ਜ਼ਿਲ੍ਹੇ ਦੇ ਇਕ ਵੈਰਾਗੀ (ਅਤੀਤ) ਸੰਤ ਦੀ ਸੰਗਤ ਵਿਚ ਸ਼ਾਮਲ ਹੋ ਗਿਆ।]

ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ (ਸੰਪਾਦਿਤ ਗਿਆਨੀ ਕ੍ਰਿਪਾਲ ਸਿੰਘ) ਲਿਖਦਾ ਹੈ :

ਦੋਹਰਾ॥
ਗਾਥਾ ਹੀਰਾ ਦਾਸੀਏ, ਸੰਤਨ ਕੀ ਸੁਨ ਔਰ।
ਸੁਰ ਸੰਗ ਪਿੰਡ ਮਾਝੇ ਬਸੇ, 'ਅਬਦੁਲ' ਮੋਚੀ ਗੌਰ॥

ਸਰਣ ਦਾਸ ਸਾਧੂ ਤਹਾਂ, ਰਹਿਤ ਉਦਾਸੀ ਏਕ।
ਅਬਦੁਲ ਕਾ ਸੁਤ ਤਾਂਹਿ ਪੈ, ਪੜ੍ਹਿਓ ਗੁਰੁ ਮੁਖੀ ਨੇਕ॥
ਸੋ ਚੇਲਾ ਉਸ ਕਾ ਭਯੋ, ਹੀਰ ਦਾਸ ਪਰਸਿੱਧ।
ਭਯੋ ਚਤੁਰ ਪਰ ਗਲਭ ਸੋ, ਬਨੀ ਆਇ ਇਹ ਬਿੱਧਿ॥੫੯॥ *(ਪੰਨਾ 1295)*

ਬਾਬਾ ਹੀਰਾ ਦਾਸ ਜੀ ਸਿੱਖ ਰਾਜ ਸਮੇਂ ਦੇ ਬੜੇ ਪ੍ਰਸਿੱਧ ਸੰਤ ਤੇ ਗੁਰਮਤਿ ਦੇ ਬੜੇ ਪ੍ਰਭਾਵਸ਼ਾਲੀ ਪ੍ਰਚਾਰਕ ਸਨ। ਇਹਨਾਂ ਦੇ ਅਸਥਾਨ ਤੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸਮੇਂ ਲਿਖੇ ਗਏ ਗੁਰਬਾਣੀ ਤੇ ਗੁਰਮਤਿ ਦੇ ਗ੍ਰੰਥ ਮਿਲੇ ਹਨ। ਅਨੇਕਾਂ ਹਿਕਮਤ ਦੇ ਪੁਰਾਣੇ ਫ਼ਾਰਸੀ ਪੁਸਤਕ ਵੀ ਬਾਬਾ ਜੀ ਸਾਂਈ ਲੋਕ ਦੀ ਆਗਿਆ ਨਾਲ ਨਕਲ ਹੋਏ ਸਨ। ਜੋ ਇਸ ਵਕਤ ਸਿੱਖ ਰੈਫ਼ਰੈਂਸ ਲਾਇਬ੍ਰੇਰੀ 'ਚ ਸ਼ਿੰਗਾਰ ਹਨ। ਹੁਣ ਪਤਾ ਨਹੀਂ ਹੈ ਕਿ ਨਹੀਂ, ਕਿਉਂਕਿ ਬਲੂ ਸਟਾਰ ਓਪਰੇਸ਼ਨ ਵਿਚ ਬਹੁਤ ਸਾਰੇ ਗ੍ਰੰਥ ਅਗਨ ਭੇਂਟ ਹੋ ਗਏ ਸਨ।

6. ਰਾਮ ਰਾਈਏ

ਬਾਬਾ ਰਾਮ ਰਾਇ ਜੀ ਸੱਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਸਰੀਤਾ ਸੁਤ ਸਨ ਤੇ ਕੁਝ ਗੁਰਮਤਿ ਵਿਰੁੱਧ ਅਮਲ ਕਰਨ ਕਰਕੇ ਗੁਰੁ-ਵੰਸ਼ ਦੇ ਛੁੱਟੜ ਸਾਹਿਬਜ਼ਾਦਿਆਂ ਵਿਚ ਗਿਣੇ ਗਏ ਤੇ ਗੜ੍ਹਵਾਲ ਦੇਸ਼ ਵਿਚ ਜਾ ਟਿਕੇ ਸਨ। ਆਪ ਨੇ ਸਮੇਂ ਦੇ ਹਾਕਮਾਂ ਨੂੰ ਅਜ਼ਮਤਾਂ ਨਾਲ ਹੈਰਾਨ ਕਰਕੇ, ਸੰਮਤ 1736 ਬਿ: ਵਿਚ ਇਸੇ ਦੂਨ ਅੰਦਰ ਸੱਤ ਪਿੰਡ ਖੁਰਵਧੀ, ਧਾਮਾਵਾਲਾ, ਚਾਮਾਸਾਰੀ, ਧਰਤਾਂਵਾਲੀ, ਪੰਡਿਤ ਵਾੜੀ, ਮੀਆਂ ਵਾਲਾ ਤੇ ਰਾਜਪੁਰਾ ਪੁੰਨ ਅਰਥ ਪ੍ਰਾਪਤ ਕਰ ਲਏ ਸਨ। ਪਿੰਡ ਖੁਰਵਧੀ ਵਿਚ ਰਿਹਾਇਸ਼ੀ ਮਕਾਨ ਬਣਾ ਕੇ ਇਲਾਕੇ ਵਿਚ ਆਪਣੇ ਢੰਗ ਨਾਲ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ। ਉਸ ਦੇਸ ਦਾ ਰਾਜਾ ਫ਼ਤਹਿ ਸ਼ਾਹ ਸ੍ਰੀਨਗਰੀਆ ਆਪ ਜੀ ਦਾ ਸੇਵਕ ਬਣ ਗਿਆ। ਉਸ ਦੀ ਰੀਸੇ ਉਸ ਪਾਸੇ ਬਾਬਾ ਜੀ ਦੇ ਸੇਵਕ ਸ਼ਰਧਾਲੂ ਵੀ ਬਹੁਤ ਬਣ ਗਏ। ਬਾਬਾ ਜੀ ਮੀਣੇ ਤੇ ਧੀਰ ਮੱਲ ਆਦਿ ਹੋਰਨਾਂ ਛੁੱਟੜ ਸੋਢੀ ਸਾਹਿਬਜ਼ਾਦਿਆਂ ਨਾਲ ਰਲ ਕੇ ਈਰਖਾ ਦ੍ਵੈਖ ਵੀ ਕਰਦੇ ਰਹੇ। ਇਨ੍ਹਾਂ ਦੀਆਂ ਅਜ਼ਮਤਾਂ ਦੇ ਤਾਣ ਸ੍ਰੀਨਗਰੀਆ ਰਾਜਾ ਗੁਆਂਢੀ ਰਾਜੇ-ਰਾਣਿਆਂ ਉੱਤੇ ਰੋਹਬ ਛਾਂਟਦਾ ਤੇ ਉਹਨਾਂ ਦੇ ਇਲਾਕੇ ਦੱਬ ਕੇ ਸਤਾਉਂਦਾ ਰਿਹਾ। ਇਸ ਦੀਆਂ ਵਧੀਕੀਆਂ ਤੋਂ ਤੰਗ ਆ ਕੇ ਹੀ ਸੰਮਤ 1743 ਬਿ: ਵਿਚ ਨਾਹਣ-ਪਤਿ ਰਾਜਾ ਮੇਦਨੀ ਪ੍ਰਕਾਸ਼ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਣ ਲਈ ਤੇ ਸਤਿਗੁਰਾਂ ਨੂੰ ਆਪਣੇ ਨਗਰ ਪਾਂਵਟੇ ਸ਼ਹਿਰ ਲੈ ਆਇਆ। ਗੁਰੂ ਸਾਹਿਬ ਨੇ ਬਾਬਾ ਰਾਮ ਰਾਇ ਜੀ ਨੂੰ ਸਮਝਾ-ਬੁਝਾ ਕੇ ਸ੍ਰੀਨਗਰੀਏ ਦੇ ਨੱਕ ਨਕੇਲ ਪੁਆਈ। ਪਰ ਅਗਲੇ ਹੀ ਸਾਲ ਸੰਮਤ 1716 ਬਿ: ਦੀ ਲਿਖੀ ਇਕ ਆਦਿ ਗ੍ਰੰਥ ਦੀ ਬੀੜ, ਜੋ ਉਹਨਾਂ ਦੇ ਦੇਹੁਰੇ ਵਿਰਾਜਮਾਨ ਹੈ, ਦੇ ਇਸ ਲੇਖ ਅਨੁਸਾਰ ਬਾਬਾ ਜੀ ਪਰਲੋਕ ਪਧਾਰ ਗਏ :

"ਸੰਮਤ 1744 ਭਾਦਉ ਸੁਦੀ 8 ਆਇਤਵਾਰਿ ਪੰਜ ਘੜੀ ਦਿਨ ਚੜ੍ਹੇ ਛੇਵੀਂ

> ਕੇ ਅਸਲਿ ਸ੍ਰੀ ਸਤਿਗੁਰੂ ਰਾਮ ਰਾਇ ਜੀ ਸਮਾਣੈ॥ ਗੜਵਾਲ ਦੇਸ, ਖੁਰਵਧੀ, ਗੰਗਾ ਯਮੁਨਾ ਕੇ ਮਧਿਆਨ॥"

ਸੰਤਾਨ ਹੀਣ ਹੋਣ ਕਰਕੇ ਬਾਬਾ ਜੀ ਦੀ ਪਤਨੀ ਪੰਜਾਬ ਕੌਰ ਹੀ ਉਹਨਾਂ ਦੀ ਇਕਲੌਤੀ ਵਾਰਸ ਤੇ ਜਾਨਸ਼ੀਨ ਮੰਨੀ ਗਈ। ਜਿਸ ਨੇ ਦਰਬਾਰ ਦਾ ਸਾਰਾ ਪ੍ਰਬੰਧ ਤੇ ਧਰਮ ਪ੍ਰਚਾਰ ਬੜੀ ਸਿਆਣਪ ਨਾਲ ਚਲਾਇਆ। ਬਾਬਾ ਜੀ ਦੀ ਮੰਜੀ (ਗੱਦੀ ਵਾਲੀ ਥਾਂ) ਪੁਰ ਸੰਮਤ 1763 ਬਿ: ਵਿਚ ਦੇਹੁਰਾ ਬਣਵਾਇਆ। ਸੱਤਰ ਵਰ੍ਹੇ ਦੀ ਉਮਰੇ ਸਰੀਰ ਬਿਨਸਣਹਾਰ ਜਾਚ ਕੇ, ਮਾਤਾ ਜੀ ਨੇ ਬਾਬਾ ਬਾਲੂ 'ਹੱਸਣਾ' ਜੀ ਦੀ ਪੱਧਤੀ ਦੇ ਇਕ ਉਦਾਸੀ ਸਾਧੂ ਨੂੰ ਆਪਣਾ ਮੁਤਬੰਨਾ (ਪਾਲਕ ਪੁੱਤਰ) ਬਣਾ ਕੇ ਆਪਣਾ ਸਰਵੰਸ ਉਸ ਨੂੰ ਸੌਂਪ ਦਿੱਤਾ। ਅਰ ਆਪ ਪਤੀ ਪਰਮਾਤਮਾ ਜੀ ਦੇ ਚਰਨਾਂ ਵਿਚ ਜਾ ਬਿਰਾਜੇ। ਉਦੋਂ ਤੋਂ ਬਾਲੂ ਹੱਸਣਾ ਜੀ ਦੇ ਸਾਧੂ ਇਸ ਧਰਮ ਸਥਾਨ ਦੀ ਸੇਵਾ-ਸੰਭਾਲ ਕਰਦੇ ਆ ਰਹੇ ਹਨ।

ਅਧਿਆਇ ਪੰਜਵਾਂ

ਉਦਾਸੀ ਸੰਤਾਂ ਦੇ ਪ੍ਰਸਿੱਧ ਡੇਰੇ

ਲਹਿੰਦੇ ਪੰਜਾਬ ਵਿਚ ਉਦਾਸੀ ਸੰਤਾਂ ਦੇ ਡੇਰੇ

1. ਚੱਕ ਨੰ. 16

ਜ਼ਿਲ੍ਹਾ ਮਿੰਟਗੁਮਰੀ, ਤਹਿਸੀਲ ਪਾਕਪਟਨ ਵਿਚ ਪਿੰਡ ਹੈ, ਚੱਕ ਨੰ. 16। ਬਾਬਾ ਬਾਲੂ 'ਹੱਸਣਾ' ਦੇ ਸੇਵਕ ਬਾਬਾ ਜਾਦੋ ਰਾਇ ਜੀ ਦੀ ਸ਼੍ਰੇਣੀ ਵਿੱਚੋਂ ਬਾਰ੍ਹਵੀਂ ਪੀੜ੍ਹੀ ਸਾਧੂ ਧਿਆਨ ਦਾਸ ਜੀ ਹੋਏ ਹਨ। ਆਪ ਉਦਾਸੀ ਸਾਧੂਆਂ ਦੀ ਜਮਾਤ ਲੈ ਕੇ ਧਰਮ ਪ੍ਰਚਾਰ ਕਰਦੇ ਫਿਰਦੇ ਹੁੰਦੇ ਸਨ। ਇਸੇ ਤਰ੍ਹਾਂ ਦੌਰਾ ਕਰਦੇ ਜਦੋਂ ਆਪ ਇਸ ਪਿੰਡ ਪਧਾਰੇ ਤਾਂ ਸਤਿਗੁਰਾਂ ਦੀ ਪ੍ਰੇਰਨਾ ਨਾਲ ਇਥੇ ਟਿਕ ਗਏ ਅਰ ਸੰਮਤ 1949 ਬਿ: ਵਿਚ ਧਰਮਸਾਲ ਬਣਵਾਈ ਅਰ ਖ਼ੁਦ ਇਸ ਵਿਚ ਬਹਿ ਕੇ ਗੁਰਮਤਿ, ਗੁਰਬਾਣੀ ਤੇ ਗੁਰਸਿੱਖੀ ਵਿੱਦਿਆ ਦਾ ਪ੍ਰਚਾਰ ਕਰਦੇ ਰਹੇ।

ਸਿੰਧ ਦੇਸ਼

ਜਿਵੇਂ ਬਾਬਾ ਅਲਮਸਤ ਜੀ ਦੇ ਸੇਵਕਾਂ ਇਸ ਦੇਸ਼ ਵਿਚ ਵਿਚਰ ਕੇ ਸਿੱਖ ਧਰਮ ਦਾ ਪ੍ਰਚਾਰ ਕੀਤਾ ਤੇ ਧਰਮਸਾਲਾਵਾਂ ਬੱਧੀਆਂ, ਉਸੇ ਤਰ੍ਹਾਂ ਇਸ ਦੂਜੇ ਧੂਣੇਂ ਦੇ ਸਾਧੂਆਂ ਵੀ ਚੰਗੇ ਉੱਦਮ-ਉਪਰਾਲੇ ਕੀਤੇ ਹਨ। ਇਸ ਗੱਲ ਦਾ ਸਬੂਤ ਹੇਠ ਲਿਖੇ ਧਰਮ ਅਸਥਾਨਾਂ ਦੀ ਕਾਇਮੀ ਤੋਂ ਮਿਲਦਾ ਹੈ:

1. ਸ਼ਿਕਾਰਪੁਰ

(1) ਦੂਜੇ ਧੂਣੇ ਦੇ ਸਾਧੂਆਂ ਵਿੱਚੋਂ ਬਾਬਾ ਗੁਰਦਾਸ ਖਟਵਾਲੇ ਨੇ ਸਭ ਤੋਂ ਪਹਿਲਾਂ ਸ਼ਿਕਾਰਪੁਰ ਸ਼ਹਿਰ ਵਿਚ ਸਿੱਖ ਧਰਮ ਦੇ ਪ੍ਰਚਾਰ ਹਿਤ ਪੌਖਾ ਪਾਇਆ। ਅਰੁ ਸੰਮਤ 1815 ਬਿ: ਵਿਚ ਸਤਿਗੁਰੂ ਨਾਨਕ ਜੀ ਦੀ ਚਰਨ-ਛੁਹ ਨਾਲ ਸਰਫ਼ਰਾਜ ਹੋਈ ਧਰਤੀ ਪੁਰ ਧਰਮਸਾਲ ਕਾਇਮ ਕੀਤੀ, ਜੋ ਇਨ੍ਹਾਂ ਦੇ ਨਾਮ ਪੁਰ 'ਖਟਵਾਲੀ ਧਰਮਸਾਲ' ਪ੍ਰਸਿੱਧ ਹੈ। ਬਾਬਾ ਗੁਰਦਾਸ ਜੀ, ਬਾਬਾ ਲਾਲ ਦਾਸ ਦਰਿਆਈ, ਜੋ ਪਹਿਲੇ ਨਗਨ ਰਹਿੰਦੇ ਹੁੰਦੇ ਸਨ, ਦੀ ਅੱਠਵੀਂ ਪੀੜ੍ਹੀ ਸਨ। ਬੜੇ ਨਾਮ ਰਸੀਏ ਗੁਰੂ ਭਗਤ ਤੇ ਕਰਨੀ ਕਰਤੂਤ ਵਾਲੇ ਸਾਧੂ ਪ੍ਰਸਿੱਧ ਸਨ। ਕਹਿੰਦੇ ਹਨ ਕਿ ਆਪ ਨੇ ਗੁਰੂ ਪਾਰਬ੍ਰਹਮ ਦਾ ਪ੍ਰਤਾਪ ਦੱਸਣ ਲਈ ਅਨੇਕਾਂ ਚਮਤਕਾਰ ਵਿਖਾਲੇ। ਰੇਤ ਤੋਂ ਖੰਡ ਬਣਾਈ, ਇਕ ਮਾਈ ਨੂੰ ਗੰਗਾ ਦਾ ਇਸ਼ਨਾਨ ਕਰਵਾਇਆ, ਅਰ ਕਈ ਵਾਰੀ

ਆਪਣੇ ਸ਼ਰਧਾਲੂਆਂ ਦੀ ਚੋਰਾਂ ਤੋਂ ਗੁਪਤੀ ਰਾਖੀ ਕੀਤੀ। ਰੰਗੂਨ ਦੇ ਇਕ ਸੇਵਾਦਾਰ ਦਾ ਡੁੱਬਦਾ ਬੇੜਾ ਤਾਰਿਆ ਤੇ ਪ੍ਰਤੱਖ ਚਿੰਨ੍ਹ ਵਿਖਾ ਕੇ ਉਸ ਦਾ ਡੋਲਦਾ ਸਿਦਕ ਪੱਕਿਆਂ ਕਰ ਸੁੱਖਣਾ ਦੀ ਪੂਰੀ ਰਕਮ ਵਸੂਲ ਕੀਤੀ। ਨਾਲ ਹੀ ਗੁਰੂ ਦਾ ਚੱਕ ਖ਼ਜ਼ਾਨਾ ਧਨ, ਦੌਲਤ ਨਾਲ ਭਰਪੂਰ ਵਿਖਾ ਕੇ, ਆਪਣੀ ਵਿਰੱਕਤਤਾ ਦਾ ਯਕੀਨ ਕਰਾਇਆ। ਇਨ੍ਹਾਂ ਦੀ ਸ਼੍ਰੇਣੀ ਦਾ ਸਿਲਸਿਲਾ ਇਸ ਪ੍ਰਕਾਰ ਬਾਬਾ ਬਾਲੂ ਹੱਸਣਾ ਜੀ ਨਾਲ ਮਿਲਦਾ ਹੈ: (1) ਬਾਬਾ ਬਾਲੂ 'ਹੱਸਣਾ', (2) ਬਾਬਾ ਲਾਲ ਦਾਸ 'ਦਰਿਆਈ' (ਨਾਂਗਾ), (3) ਬਾਬਾ ਰਾਮਦਾਸ ਜੀ ਹਜ਼ੂਰੀਆ[1], (4) ਬਾਬਾ ਦਿਆਲ ਦਾਸ (ਨਾਂਗਾ) ਚਰਮਪੋਸ਼, (5) ਸੁਰਤ ਦਾਸ, (6) ਧਰਮ ਚੰਦ, (7) ਸੰਤ ਰਾਮ, (8) ਹਰੀ ਦਾਸ 'ਨਿਰਬਾਣ' ਚਰਮ ਪੋਸ਼ ਤੇ (9) ਬਾਬਾ ਗੁਰਦਾਸ ਜੀ।

ਇਹਨਾਂ ਤੋਂ ਮਗਰੋਂ ਇਸ ਧਰਮਸਾਲ ਦੇ ਸੇਵਕ ਪ੍ਰਬੰਧਕ ਇਕ ਦੂਜੇ ਤੋਂ ਬਾਦ ਸਾਧੂ ਠਾਰੂ ਦਾਸ, ਮੇਵਲਿ ਦਾਸ, ਅਮੋਲ ਦਾਸ, ਮੇਹਰ ਦਾਸ, ਸ਼ਾਮ ਦਾਸ, ਬਿਸ਼ਨ ਦਾਸ, ਕਿਸ਼ਨ ਦਾਸ, ਕਾਸ਼ੀ ਦਾਸ, ਕੇਵਲ ਦਾਸ, ਨਰਾਇਣ ਦਾਸ, ਸੇਵਾ ਦਾਸ ਤੇ ਮਹੰਤ ਗਿਆਨ ਦਾਸ ਜੀ ਬਣਦੇ ਆਏ ਹਨ।

(2) ਸੰਤ ਜਾਦੋ ਰਾਇ ਜੀ ਦੀ ਸ਼੍ਰੇਣੀ ਦੇ ਸਾਧੂਆਂ, ਰਿਆਸਤ ਪਟਿਆਲਾ ਦੇ ਨਗਰ 'ਕੋਟ ਫੱਤਾ' ਵਿਚ ਜੋ ਕੇਂਦਰ ਕਾਇਮ ਕੀਤਾ ਹੋਇਆ ਹੈ, ਉਸੇ ਦੀ ਸ਼ਾਖ਼ ਸ਼ਿਕਾਰਪੁਰ ਵਿਚ ਵੀ ਹੈ। ਇਸ ਧਰਮਸਾਲ ਦੀ ਬੁਨਿਆਦ ਪੰਡਿਤ ਹਰਿਨਾਮ ਦਾਸ ਜੀ ਨੇ ਸੰਮਤ ਉੱਨੀਹ ਸੈ ਉਨਤਾਲੀਹ ਵਿਚ ਰੱਖੀ। ਪੰਡਿਤ ਜੀ ਦਾ ਸੰਬੰਧ ਬਾਰ੍ਹਵੇਂ ਥਾਂ ਬਾਬਾ ਜਾਦੋ ਰਾਇ ਜੀ ਨਾਲ ਇਉਂ ਜੁੜਦਾ ਹੈ: ਬਾਬਾ ਜਾਦੋ ਰਾਇ ਦੇ ਚੇਲੇ ਸ਼ਾਹ ਜੀ, ਸ਼ਾਹੀ ਜੀ ਦੇ ਊਧਵ ਰਾਮ ਤੇ ਅੱਗੋਂ ਕ੍ਰਮਵਾਰ ਬਾਬਾ ਗੁਲਾਬ, ਨਾਨੂ, ਨਿਰਦ੍ਵੰਦ, ਮੁਕਤ ਰਾਮ, ਬ੍ਰਹਮ ਦਾਸ, ਬਸਾਹੂ ਦਾਸ, ਬਾਬਾ ਚਰਨ ਦਾਸ ਜੀ ਦੇ ਸੇਵਕ ਪੰਡਿਤ ਹਰਿਨਾਮ ਦਾਸ ਜੀ ਸਨ।

2. ਹੈਦਰਾਬਾਦ

ਇਸੇ ਧੂਣੇਂ ਦੇ ਸਾਧੂਆਂ ਵਿੱਚੋਂ ਬਾਬਾ ਪ੍ਰੀਤਮ ਦਾਸ ਜੀ ਸਿੱਖ ਧਰਮ ਤੇ ਗੁਰ ਤੀਰਥਾਂ ਦੀ ਯਾਤਰਾ ਕਰਦੇ ਹੋਏ ਸੰਮਤ ਅਠਾਰਾਂ ਸੈਂ ਸੱਤਰ ਬਿ: ਵਿਖੇ ਹੈਦਰਾਬਾਦ ਨਗਰ ਪਹੁੰਚੇ। ਸਤਿਗੁਰੂ ਨਾਨਕ ਦੇ ਚਰਨ ਪਰਸਨ ਨਾਲ ਪਾਵਨ ਹੋਈ ਧਰਤੀ ਲੱਭ ਕੇ ਆਸਣ ਜਮਾ ਲਿਆ। ਨਾਨਕ ਪੰਥੀ ਪ੍ਰੇਮੀਆਂ ਉਨ੍ਹਾਂ ਨੂੰ ਇਥੇ ਟਿਕਾਣ ਵਾਸਤੇ ਧਰਮਸਾਲ ਬੰਨ੍ਹ ਦਿੱਤੀ, ਜਿਸ ਦੀ ਸੇਵਾ-ਸੰਭਾਲ ਹੁਣ ਤਕ ਇਸੇ ਪੱਧਤੀ ਦੇ ਸੰਤ-ਮਹੰਤ ਕਰਦੇ ਆਏ ਹਨ। ਇਨ੍ਹਾਂ ਸਾਧੂਆਂ ਦਾ ਸਿਲਸਿਲਾ ਬਾਲੂ ਹੱਸਣਾ ਜੀ ਦੇ ਜੇਠੇ ਚੇਲੇ ਬਾਬਾ ਲਾਲ ਦਾਸ ਜੀ ਦਰਿਆਈ (ਭਾਈ ਪ੍ਰਹਿਲਾਦ ਸਿੰਘ) ਨਾਲ ਇਸ ਤਰ੍ਹਾਂ ਜੁੜਦਾ ਹੈ: (1) ਬਾਬਾ ਲਾਲ ਦਾਸ, (2) ਬਾਬਾ ਰਾਮਦਾਸ 'ਹਜ਼ੂਰੀ', (3) ਬਾਬਾ ਨੰਦ ਲਾਲ,

---

1. ਬਾਬਾ ਰਾਮਦਾਸ ਜੀ ਬਾਬਾ ਲਾਲ ਦਾਸ ਜੀ 'ਦਰਿਆਈ' ਦੀ ਉਸੇ ਜਮਾਤ ਵਿਚ ਸ਼ਾਮਲ ਸਨ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰਿ ਅੰਤ ਸਮੇਂ ਤਕ ਹਾਜ਼ਰ ਰਹੀ। ਇਹ ਚੂੰਕਿ ਖ਼ਾਸ ਤੌਰ 'ਤੇ ਹਜ਼ੂਰੀ ਸੇਵਾ ਕਰਦੇ ਰਹੇ, ਇਸ ਕਰਕੇ 'ਹਜ਼ੂਰੀ' ਪਦਵੀ ਨਾਲ ਪ੍ਰਸਿੱਧ ਹੋ ਗਏ।

(4) ਬਾਬਾ ਸੁੱਖਾ ਨੰਦ, (5) ਬਾਬਾ ਪਰਮਾਨੰਦ, (6) ਹਰਿ ਸਹਾਇ, (7) ਰਾਮ ਸਹਾਇ, (8) ਬਾਬਾ ਮਨਸਾ ਰਾਮ ਤੇ (9) ਬਾਬਾ ਪ੍ਰੀਤਮ ਦਾਸ ਜੀ। ਇਹਨਾਂ ਤੋਂ ਮਗਰੋਂ ਇਸ ਧਰਮਸਾਲ ਦੀ ਸੇਵਾ-ਸੰਭਾਲ ਤੇ ਗੁਰਮਤਿ ਅਨੁਸਾਰ ਕਥਾ ਵਾਰਤਾ ਵਾਰੋ-ਵਾਰੀ ਬਾਬਾ ਅਮੋਲਕ ਦਾਸ, ਧਿਆਨ ਦਾਸ, ਬਿਰਾਮ ਦਿਤੁ, ਮੋਹਨ ਦਾਸ, ਸੁੰਦਰ ਦਾਸ, ਚਰਨ ਦਾਸ ਤੇ ਬਾਵਾ ਹਰਿ ਕ੍ਰਿਸ਼ਨ ਦਾਸ ਜੀ ਕਰਦੇ ਆਏ ਹਨ।

(2) ਇਸੇ ਪੱਧਤੀ ਦੇ ਸਾਧੂ ਮਨਸਾ ਰਾਮ ਜੀ ਨੇ, ਜੋ ਪ੍ਰੀਤਮ ਦਾਸ ਜੀ ਦੇ ਵਿੱਦਿਆ ਦਾਤਾ ਤੇ ਚਰਨ ਪਾਹੁਲ ਦੇਣਹਾਰ ਸਨ, ਇਸ ਨਗਰ ਦੇ ਕਿਲਾਦਾਰ ਬਾਜ਼ਾਰ ਵਿਚ ਸੰਮਤ ਉੱਨੀਹ ਸੈ ਇਕ ਬਿ: ਵਿਖੇ ਹੋਰ ਧਰਮਸਾਲਾ ਬੱਧੀ, ਤਾਂ ਜੋ ਗੁਰਮੁਖੀ ਵਿੱਦਿਆ ਤੇ ਧਰਮ ਪ੍ਰਚਾਰ ਕਰਨ ਵਿਚ ਵਧੇਰੇ ਸੌਖ ਹੋ ਜਾਏ। ਬਾਬਾ ਜੀ ਦੇ ਦੇਹਾਂਤ ਤੋਂ ਬਾਦ ਇਹ ਧਰਮਸਾਲ ਦੀ ਸੇਵਾ-ਮੁਕਤ ਵਾਸਤੇ ਬਾਬਾ ਪ੍ਰੀਤਮ ਦਾਸ ਜੀ ਦੇ ਚੇਲੇ ਸਾਧੂ ਸੰਤੋਖ ਦਾਸ ਜੀ ਨੀਯਤ ਹੋਏ ਅਰ ਇਹਨਾਂ ਤੋਂ ਮਗਰੋਂ ਬਾਬਾ ਗ਼ਰੀਬ ਦਾਸ, ਬਿਸ਼ਨ ਦਾਸ ਤੇ ਗੁਰਮੁਖ ਦਾਸ ਜੀ ਇਕ ਦੂਜੇ ਤੋਂ ਬਾਦ ਇਸ ਅਸਥਾਨ ਦੀ ਕਾਇਮੀ ਦਾ ਮਨੋਰਥ ਪੂਰਾ ਕਰਦੇ ਰਹੇ।

(3) ਬਾਬਾ ਬਾਲੂ 'ਹੱਸਣਾ' ਦੇ ਦੂਜੇ ਸੇਵਕ ਸੰਤ ਪੂਰਨ ਦਾਸ ਦੀ ਸ਼੍ਰੇਣੀ 'ਚੋਂ ਅੱਠਵੇਂ ਥਾਂ ਸਾਧੂ ਖੇਮ ਦਾਸ ਜੀ, ਸਿੰਧ ਮੁਲਕ ਵਿਚ ਵਿਚਰਦੇ ਹੋਏ ਹੈਦਰਾਬਾਦ ਪਹੁੰਚੇ। ਨਗਰੋਂ ਬਾਹਰ ਵਾਰ ਧੂਆਂ ਧੁਖਾ ਕੇ ਆਸਣ ਜਮਾ ਲਿਆ। ਸਤਿਗੁਰੂ ਨਾਨਕ ਦੇ ਨਾਮ ਲੇਵਾ ਪ੍ਰੇਮੀਆਂ, ਪ੍ਰੇਮ ਬੰਧਨ ਪਾ ਕੇ ਸੰਤ ਜੀ ਨੂੰ ਇਥੇ ਹੀ ਟਿਕਾ ਲਿਆ। ਅਰ ਸੰਮਤ ਅਠਾਰਾਂ ਸੈਂ ਨਵੈ ਬਿਕ੍ਰਮੀ ਵਿਖੇ ਇਸ ਥਾਂ ਧਰਮਸਾਲ ਦੀ ਬੁਨਿਆਦ ਰੱਖ ਦਿੱਤੀ। ਸਹਿਜੇ ਸਹਿਜੇ ਇਸ ਗੁਰਧਾਮ ਗਿਰਦੇ ਆਬਾਦੀ ਹੋ ਗਈ ਤੇ ਇਸ ਵਸੋਂ ਦਾ ਨਾਮ ਹੀ ਧੂਣੀ ਘਿੱਟੀ (ਧੂਣੀ ਵਾਲੀ ਗਲੀ) ਪੈ ਗਿਆ। ਇਸ ਧਰਮਸਾਲ ਦੇ ਪ੍ਰਬੰਧਕਾਂ ਦੀ ਲੜੀ ਇਸ ਤਰ੍ਹਾਂ ਚਲੀ ਆਈ ਹੈ : (1) ਬਾਬਾ ਪੂਰਨ ਦਾਸ ਜੀ, (2) ਬਾਬਾ ਮਾਨ ਦਾਸ, (3) ਬਾਬਾ ਮਯਾ ਦਾਸ, (4) ਬਾਬਾ ਦਿਆਲ ਦਾਸ, (5) ਬਾਬਾ ਦਰਬਾਰੀ ਦਾਸ, (6) ਬਾਬਾ ਸੰਗਤ ਦਾਸ, (7) ਬਾਬਾ ਪ੍ਰੇਮ ਦਾਸ, ਤੇ (8) ਬਾਬਾ ਖੇਮ ਦਾਸ ਜੀ। ਇਨ੍ਹਾਂ ਤੋਂ ਬਾਦ ਬਾਬਾ ਨਾਰਾਇਣ ਦਾਸ, ਬਾਬਾ ਹਰੀ ਦਾਸ, ਬਾਬਾ ਪ੍ਰੀਤਮ ਦਾਸ ਤੇ ਬਾਬਾ ਗੁਰਦਾਸ ਜੀ ਇਥੋਂ ਦੇ ਮਹੰਤ ਨੀਯਤ ਹੁੰਦੇ ਆਏ ਹਨ।

3. ਮੀਰਪੁਰ ਬਠੋਰੋ

ਹੈਦਰਾਬਾਦ ਨਗਰ, ਧੂਣੀ ਘਿੱਟੀ ਵਾਲੇ ਬਾਬਾ ਖੇਮ ਦਾਸ ਜੀ ਨੇ ਆਪਣੇ ਸੇਵਕ ਸਾਧੂ ਗ਼ਰੀਬ ਦਾਸ ਨੂੰ ਮੀਰਪੁਰ ਬਠੋਰੋ ਭੇਜ ਕੇ ਸੱਚ ਧਰਮ ਦੇ ਪ੍ਰਚਾਰ ਹਿੱਤ ਧਰਮਸਾਲਾ ਕਾਇਮ ਕਰਵਾਈ। ਉਨ੍ਹਾਂ ਤੋਂ ਬਾਦ ਸੰਤ ਹਰਿਸ਼ਰਨ ਦਾਸ ਤੇ ਮਨੋਹਰ ਦਾਸ ਜੀ ਇਕ ਦੂਜੇ ਤੋਂ ਮਗਰੋਂ ਇਸ ਧਰਮ ਅਸਥਾਨ ਦੀ ਸੇਵਾ-ਸੰਭਾਲ ਕਰਦੇ ਰਹੇ ਹਨ।

ਖਾਨਪੁਰ

ਜ਼ਿਲ੍ਹਾ ਸਖਰ ਦੇ ਨਗਰ ਖਾਨਪੁਰ ਵਿਚ ਬਾਬਾ 'ਬਾਲੂ ਹੱਸਣਾ' ਜੀ ਦੇ ਸੇਵਕ

ਪੂਰਨਦਾਸ ਦੀ ਪੱਧਤੀ ਦੇ ਸਾਧੂਆਂ ਵਿੱਚੋਂ ਬਾਬਾ ਆਤਮਾ ਰਾਮ ਜੀ ਨੇ ਸੰਮਤ ਉਨੀਹ ਸੈ ਚਾਲੀਹ ਵਿਖੇ ਧਰਮ ਸਾਲ ਬੱਧੀ। ਆਪ ਪੂਰਨ ਦਾਸ ਜੀ ਤੋਂ ਸੱਤਵੀਂ ਪੀੜ੍ਹੀ ਸਨ। ਪੀੜ੍ਹੀ ਇਸ ਪ੍ਰਕਾਰ ਚੱਲਦੀ ਹੈ: ਬਾਬਾ ਪੂਰਨ ਦਾਸ ਦੇ ਚੇਲੇ ਸਾਧੂ ਸੂਨਾ ਦਾਸ ਦੇ ਬਾਬਾ ਪ੍ਰੇਮ ਦਾਸ, ਉਹਨਾਂ ਦੇ ਬਾਬਾ ਕਿਸ਼ਨ ਦਾਸ। ਫਿਰ ਨੰਬਰ ਵਾਰ ਬਾਬਾ ਸਿਆਮ ਦਾਸ, ਬਾਬਾ ਸੇਵਾ ਦਾਸ ਤੇ ਸੰਤ ਆਤਮਾ ਰਾਮ ਜੀ। ਇਹਨਾਂ ਤੋਂ ਬਾਦ ਧਰਮਸਾਲ ਦੇ ਪ੍ਰਬੰਧਕ (ਮਹੰਤ) ਰਾਮ ਰੂਪ ਜੀ ਤੇ ਫਿਰ ਭਗਤੂ ਰਾਮ ਬਣੇ।

ਖਾਹੀ ਰਾਹੂ

ਸਿੰਧ ਦੇਸ ਦੇ ਜ਼ਿਲ੍ਹਾ ਨਵਾਬ ਸ਼ਾਹ ਵਿਚ ਇਹ ਗਿਰਾਂਉਂ ਹੈ। ਦੂਜੇ ਧੂਣੇਂ ਦੇ ਸਾਧੂ ਬਾਬਾ ਪੂਰਨ ਦਾਸ ਜੀ ਦੀ ਸ਼੍ਰੇਣੀ 'ਚੋਂ ਸਾਧੂ ਹਰਿਚੰਦ ਰਾਜ ਦੀ ਛੇਵੀਂ ਪੀੜ੍ਹੀ ਹੋਏ ਹਨ। ਆਪ ਨੇ ਆਪਣੇ ਪਾਹੁਲ ਦਾਤਾ ਬਾਬਾ ਆਗਿਆ ਰਾਮ ਜੀ ਦੀ ਆਗਿਆ ਨਾਲ ਇਸ ਇਲਾਕੇ ਵਿਚ ਸਿੱਖ ਧਰਮ ਦਾ ਪ੍ਰਚਾਰ ਕੀਤਾ। ਉਹਨਾਂ ਨੇ ਹੀ ਸੰਮਤ ਅਠਾਰਾਂ ਸੈ ਅੱਸੀਹ ਵਿਚ ਇਸ ਗਿਰਾਂ ਟਿਕਾਣਾ ਕਰ ਕੇ ਧਰਮਸਾਲ ਬੰਨ੍ਹੀ। ਆਪ ਦੀ ਲੜੀ ਇਸ ਤਰ੍ਹਾਂ ਬਾਬਾ ਪੂਰਨ ਦਾਸ ਨਾਲ ਜਾ ਮਿਲਦੀ ਹੈ: (1) ਬਾਬਾ ਪੂਰਨ ਦਾਸ ਜੀ, (2) ਬਾਬਾ ਮਾਨ ਦਾਸ ਜੀ, (3) ਬਾਬਾ ਮੱਯਾ ਰਾਮ ਜੀ, (4) ਬਾਬਾ ਦਯਾ ਰਾਮ ਜੀ, (5) ਬਾਬਾ ਆਗਿਆ ਰਾਮ ਜੀ ਤੇ ਛੇਵੇਂ ਬਾਬਾ ਹਰਿਚੰਦ ਰਾਮ ਜੀ। ਇਹਨਾਂ ਦੇ ਸੇਵਕ ਸਾਧੂ ਜੁਗਤ ਰਾਮ, ਅਲਖ ਰਾਮ, ਮਨਸਾ ਰਾਮ, ਪਰਸ ਰਾਮ, ਮੇਲਾ ਰਾਮ ਤੇ ਮਹੰਤ ਪਿਆਰਾ ਰਾਮ ਜੀ ਵਾਰੋ-ਵਾਰੀ ਧਰਮਸਾਲ ਬਹਾਲ ਰੱਖ ਕੇ ਇਸ ਦੀ ਕਾਇਮੀ ਦਾ ਮਨੋਰਥ ਵਿਤ ਅਨੁਸਾਰ ਪੂਰਾ ਕਰਦੇ ਕਰਾਉਂਦੇ ਰਹੇ।

ਹਿਲਾਣੀ

ਬਾਬਾ ਬਾਲੂ ਹੱਸਣਾ ਜੀ ਦੇ ਸੇਵਕ ਸੰਤ ਲਾਲ ਦਾਸ 'ਦਰਿਆਈ' ਦੀ ਸ਼੍ਰੇਣੀ ਵਿਚ ਸਾਧੂ ਸੰਤਰੇਣ ਜੀ ਬੜੇ ਪ੍ਰਸਿੱਧ ਗੁਰਮੁਖ ਵਿਦਵਾਨ ਹੋਏ ਹਨ, ਜਿਹਨਾਂ ਦਾ ਸਮਾਚਾਰ ਪਿੱਛੇ ਆ ਚੁੱਕਾ ਹੈ। ਇਹਨਾਂ ਦੇ ਸੇਵਕ ਬਾਬਾ ਸੁਕਦੇਵ ਜੀ ਵੀ ਗੁਰਮਤਿ ਪੁਰ ਬੜੇ ਦ੍ਰਿੜ੍ਹ ਵਿਸ਼ਵਾਸੀ ਸਾਧੂ ਹੋਏ, ਜੋ ਧਰਮ ਪ੍ਰਚਾਰ ਤੇ ਗੁਰਧਾਮਾਂ ਦੀ ਯਾਤਰਾ ਕਰਦੇ ਸਿੰਧ ਦੇਸ ਵਿਚ ਇਸ ਨਗਰ ਦੀ ਜੂਹ ਵਿਚ ਆ ਬੈਠੇ। ਲੋਕਾਂ ਆਖਿਆ, "ਮਹਾਰਾਜ! ਇਹ ਥਾਂ ਬੜੀ ਕਰੜੀ ਹੈ। ਭੂਤਾਂ-ਪ੍ਰੇਤਾਂ ਦਾ ਏਥੇ ਵਾਸਾ ਹੈ। ਤੁਹਾਨੂੰ ਆਪਣੇ ਸਿਰ ਦੀ ਖ਼ੈਰ ਮੰਗਣੀ ਚਾਹੀਦੀ ਹੈ।"

ਬਾਬਾ ਜੀ ਬੋਲੇ, "ਉਹ ਜਾਣੇ, ਉਹ ਵੀ ਤਾਂ ਸਾਡੇ ਈ ਭਰਾ ਹਨ।" ਐਉਂ ਬੇ-ਪ੍ਰਵਾਹ ਤੇ ਨਿੱਡਰ ਹੋ ਕੇ ਬਾਬਾ ਜੀ ਕਈ ਦਿਨ ਉਸੇ ਥਾਂ ਟਿਕੇ ਰਹੇ। ਆਪ ਦਾ ਏਹ ਤਪਾਵਸ ਵੇਖ ਕੇ ਅਨੇਕਾਂ ਸ਼ਰਧਾਲੂ ਗੁਰਸਿੱਖ ਬਣੇ ਤੇ ਬਾਬਾ ਜੀ ਦੀ ਸੇਵਾ ਕਰਨ ਲੱਗ ਪਏ। ਸੇਵਕਾਂ ਉੱਦਮ ਕਰ ਕੇ ਇਸੇ ਥਾਂ ਧਰਮਸਾਲ ਬਣਾ ਦਿੱਤੀ, ਜਿਸ ਵਿਚ ਸੰਗਤ ਜੁੜਨ ਤੇ ਗੁਰਬਾਣੀ ਦਾ ਪਾਠ ਵਿਚਾਰ ਕਰਨ ਲੱਗ ਪਈ। ਗੁਰੂ ਕਾ ਲੰਗਰ ਜਾਰੀ ਹੋ ਗਿਆ।

ਬਾਬਾ ਜੀ ਦੇ ਤਿੰਨ ਚੇਲੇ ਬਾਬਾ ਸੁਖਰਾਮ ਦਾਸ, ਸਯਾਮ ਦਾਸ ਤੇ ਸੰਤ ਦਾਸ ਹੋਏ। ਆਪ ਨੇ ਤਿੰਨਾਂ ਨੂੰ ਧਰਮਸਾਲ ਦੀ ਵੱਖੋ-ਵੱਖ ਸੇਵਾ-ਸੰਭਾਲ ਦਿੱਤੀ। ਇਕ ਨੂੰ ਧਰਮਸਾਲ ਵਿਚ 'ਗ੍ਰੰਥੀ' ਦੀ, ਦੂਜੇ ਨੂੰ ਭੰਡਾਰੇ ਦੀ ਤੇ ਤੀਜੇ ਨੂੰ ਗੁਰੂ ਕੇ ਲੰਗਰ ਦੀ। ਇਸ ਤਰੀਕੇ ਨਾਲ ਕਾਰਜ ਚਲਾਉਣ ਕਰਕੇ ਸੰਨਿਆਸੀ, ਵੈਰਾਗੀ ਸਾਧੂਆਂ ਵਾਂਙ ਇਸ ਧਰਮਸਾਲ ਦਾ ਨਾਮ ਵੀ 'ਅਖਾੜਾ' ਪ੍ਰਸਿੱਧ ਹੋ ਗਿਆ। ਇਹਨਾਂ ਸਾਧੂਆਂ ਵਿੱਚੋਂ ਬਾਬਾ ਸਯਾਮ ਦਾਸ ਜੀ ਬੜੇ ਚੰਗੇ ਬ੍ਰਹਮ-ਨੇਸ਼ਟਾਂ ਤੇ ਭਜਨ ਬੰਦਗੀ ਵਾਲੇ ਸਾਧੂ ਹੋਏ ਹਨ। ਆਪ ਦੀ ਤਜਵੀਜ਼ ਅਨੁਸਾਰ ਸੰਮਤ ਉੱਨੀ ਸੈ ਉਣੰਜਾਹ ਬਿ: ਤੋਂ ਇਸ ਗੁਰਧਾਮ ਪੁਰ ਚੇਤਰ ਦੀ ਹਰ ਸੰਗਰਾਂਦ 'ਤੇ ਜੋੜ-ਮੇਲਾ ਹੋਣ ਲੱਗ ਪਿਆ। ਇਸ ਤਰ੍ਹਾਂ ਰੌਣਕਾਂ ਬਹੁਤ ਵੱਧ ਗਈਆਂ ਤੇ ਮੰਦਿਰ ਵੀ ਵੱਡਾ ਬਣ ਗਿਆ ਹੈ।

ਇਹਨਾਂ ਤੋਂ ਬਾਦ ਬਾਬਾ ਸੁਖਰਾਮ ਦਾ ਚੇਲਾ ਸੰਤੋਖ ਦਾਸ ਮਹੰਤ ਬਣਿਆ। ਇਸ ਤੋਂ ਬਾਅਦ ਬਾਬਾ ਸੰਗਤ ਦਾਸ ਤੇ ਸਰੂਪ ਦਾਸ ਇਕ ਦੂਜੇ ਮਗਰੋਂ ਮਹੰਤ ਬਣੇ। ਪੰਜਾਬ ਵਿਚ ਗੁਰਦੁਆਰਾ ਸੁਧਾਰ ਲਹਿਰ ਚਾਲੂ ਹੋਣ ਤਕ ਸਰੂਪ ਦਾਸ ਜੀ ਹੀਨ ਹਯਾਤ ਵਿਚ ਸਨ।

ਬਾਬਾ ਸਯਾਮ ਦਾਸ ਦੀ ਲੜੀ ਇਸ ਤਰ੍ਹਾਂ ਚੱਲਦੀ ਆਈ : ਮਾਣਕ ਦਾਸ ਜੀ, ਬਾਬਾ ਨਰਾਇਣ ਦਾਸ ਜੀ, ਬਾਬਾ ਕਿਸ਼ਨ ਦਾਸ ਤੇ ਬਾਬਾ ਹਰੀ ਦਾਸ ਜੀ। ਅਰੁ ਬਾਬਾ ਸੰਤ ਦਾਸ ਜੀ ਦੀ ਐਉਂ ਸੰਤ ਬਖ਼ਸ਼, ਗੁਰਬਖ਼ਸ਼, ਸੰਤ ਮਿਹਰ ਬਖ਼ਸ਼, ਸੰਤ ਗੁਰਦਾਸ ਜੀ, ਸੰਤ ਗ਼ਰੀਬ ਦਾਸ ਜੀ, ਧਿਆਨ ਦਾਸ ਜੀ ਤੇ ਸੰਤ ਅਮਰਦਾਸ ਜੀ ਹੋਏ ਹਨ।

ਟਿੰਡਾ ਅਲਹ ਯਾਰ

ਧਰਮਸਾਲ ਹਿਲਾਣੀ ਦੇ ਅਸਥਾਪਕ ਬਾਬਾ ਸੁਕਦੇਵ ਜੀ ਦੇ ਇਕ ਚੇਲੇ ਬਾਬਾ ਬ੍ਰਹਮਦਾਸ ਜੀ ਨੇ ਆਪਣੇ ਗੁਰੂ ਦੀ ਆਗਿਆ ਅਨੁਸਾਰ 'ਟਿੰਡਾ ਅਲਹ ਯਾਰ' ਵਿਚ ਧਰਮਸਾਲ ਕਾਇਮ ਕਰ ਕੇ ਗੁਰਮਤਿ ਦਾ ਪ੍ਰਚਾਰ ਆਰੰਭ ਕੀਤਾ। ਉਹਨਾਂ ਤੋਂ ਬਾਅਦ ਇਸ ਧਰਮਸਾਲ ਦੀ ਸੇਵਾ-ਸੰਭਾਲ ਨੰਬਰਵਾਰ ਸੰਤ ਪ੍ਰੇਮ ਦਾਸ, ਬੁੱਧ ਦਾਸ ਤੇ ਜੈ ਰਾਮ ਦਾਸ ਜੀ ਕਰਦੇ ਆਏ।

ਲਹਿੰਦਾ ਪੰਜਾਬ

ਬਾਬਾ ਬਾਲੂ 'ਹੱਸਣਾ' ਜੀ ਨੇ ਗੁਰੂ ਆਗਿਆ ਪਾ ਕੇ ਪੋਠੋਹਾਰ ਦੇ ਇਲਾਕੇ 'ਚ ਅਠਾਰਾਂ ਉੱਨੀਹ ਵਰ੍ਹੇ ਸੱਚ ਧਰਮ ਦਾ ਪ੍ਰਚਾਰ ਕੀਤਾ। ਅਨੇਕਾਂ ਥਾਵਾਂ ਵਿਚ ਧਰਮਸਾਲਾ ਬੱਧੀਆਂ ਹੋਣਗੀਆਂ। ਲੇਕਿਨ ਅਜੇ ਤਕ ਕਿਸੇ ਇਤਿਹਾਸ ਵਿਚ ਬਾਬਾ ਜੀ ਦੀ ਕਾਰਗੁਜ਼ਾਰੀ ਦਾ ਜ਼ਿਕਰ ਨਹੀਂ ਆਇਆ। ਨਾ ਹੀ ਕਿਸੇ ਧਰਮਸਾਲ ਦੀ ਸੂਹ ਸੋਝੀ ਮਿਲੀ ਹੈ। ਜਾਪਦਾ ਹੈ ਕਿ ਆਪ ਬਹੁਤਾ ਚਿਰ ਛੱਡ ਚੱਕਲੇ ਅੰਦਰ ਸਤਿਗੁਰੂ ਨਾਨਕ ਦੇ ਪ੍ਰਸਿੱਧ ਅਸਥਾਨ 'ਪੰਜਾ ਸਾਹਿਬ', ਹਸਨ ਅਬਦਾਲ ਹੀ ਟਿਕੇ ਰਹੇ। ਅਰੁ ਇਸੇ ਅਸਥਾਨ ਨੂੰ ਪ੍ਰਗਟ ਕਰ ਕੇ ਨਿਰੰਕਾਰੀ ਧਰਮ ਦੇ ਪ੍ਰਚਾਰ ਦਾ ਕੇਂਦਰ ਬਣਾਇਆ।

ਵਿਚ-ਵਿਚਾਲੇ ਬਾਹਰ ਪਿਸ਼ਾਵਰ ਤਕ ਦੌਰੇ ਪੁਰ ਵੀ ਜਾਂਦੇ ਰਹੇ। ਪਰ ਅਫ਼ਸੋਸ ! ਆਪ ਜੀ ਦੀ ਸਮਾਧੀ ਵਾਲੀ ਜਗ੍ਹਾ ਦਾ ਪਤਾ ਨਿਸ਼ਾਨ ਵੀ ਹਾਲਾਂ ਤਕ ਕਿਸੇ ਨਹੀਂ ਲੱਭਿਆ। ਹਾਂ ਆਪਣੀ ਪੱਧਤੀ ਦੇ ਸੰਤ ਰਾਮਦਾਸ 'ਹਜ਼ੂਰੀ' ਦੀ ਸ਼੍ਰੇਣੀ ਵਿੱਚੋਂ ਬਾਬਾ ਭਗਤ ਰਾਮ ਜੀ ਨੇ ਖ਼ਾਲਸਾ ਰਾਜ ਸਮੇਂ ਝੰਗ ਮਘਿਆਣੇ ਦੀ ਧਰਤੀ 'ਤੇ ਚਰਨ ਪਾਏ। ਅਰੁ ਸੰਮਤ ਅਠਾਰਾਂ ਸੈ ਅੱਸੀਹ ਬਿ: ਵਿਚ ਮੁਹੱਲਾ ਲੁਹਾਰਾਂ ਅੰਦਰ ਧਰਮਸਾਲ ਕਾਇਮ ਕੀਤੀ। ਇਸੇ ਗੁਰ-ਅਸਥਾਨ ਨੂੰ ਕੇਂਦਰ ਬਣਾ ਕੇ ਉਦਾਲੇ-ਪਦਾਲੇ ਗੁਰਸਿੱਖ ਫੁਲਵਾੜੀ ਲਾਈ ਤੇ ਮਹਿਕਾਈ। ਬਾਬਾ ਭਗਤ ਰਾਮ ਜੀ ਦੀ ਗੁਰ-ਪ੍ਰਣਾਲੀ ਬਾਬਾ ਰਾਮਦਾਸ ਜੀ 'ਹਜ਼ੂਰੀ' ਨਾਲ ਇੰਜ ਮਿਲਦੀ ਹੈ: (1) ਬਾਬਾ ਲਾਲ ਦਾਸ 'ਦਰਿਆਈ', (2) ਬਾਬਾ ਰਾਮਦਾਸ 'ਹਜ਼ੂਰੀ', (3) ਬਾਬਾ ਦਿਆਲ ਦਾਸ, (4) ਬਾਬਾ ਕਉਡੀ ਰਾਮ, (5) ਬਾਬਾ ਤਿਲੋਕ ਦਾਸ, (6) ਬਾਬਾ ਭਗਤ ਰਾਮ ਜੀ। ਇਹਨਾਂ ਤੋਂ ਮਗਰੋਂ ਇਸ ਧਰਮ ਕੇਂਦਰ ਦੀ ਸੇਵਾ-ਸੰਭਾਲ ਨੰਬਰਵਾਰ ਹੇਠ ਲਿਖੇ ਗੁਰਮੁਖ ਸਾਧੂ ਕਰਦੇ ਰਹੇ: ਬਾਬਾ ਮਗਨੀ ਰਾਮ, ਦਇਆ ਰਾਮ, ਗੰਗਾ ਦਾਸ, ਮਿਲਾਵਾ ਦਾਸ, ਜਾਨਕੀ ਦਾਸ, ਗੁਰਮੁਖ ਦਾਸ, ਨਾਨੂ, ਸਚਿਆਰ ਜੀ, ਲੱਛੀ ਰਾਮ, ਸਾਧੂ ਰਾਮ, ਗੁਲਾਬ ਰਾਮ, ਸਿੰਘਾ ਰਾਮ, ਗੁਰਬਖ਼ਸ਼ ਰਾਮ, ਸੁਰਤ ਰਾਮ, ਸਹਿਜ ਰਾਮ ਤੇ ਬਾਵਾ ਵਸਾਇਆ ਰਾਮ ਜੀ।

ਨੋਟ: ਸਿੰਧ ਤੋਂ ਲਹਿੰਦਾ ਪੰਜਾਬ ਸੰਮਤ 2004 ਬਿਕ੍ਰਮੀ (1947 ਈ.) ਤੋਂ ਪਾਕਿਸਤਾਨੀ ਘੱਲੂਘਾਰੇ ਦਾ ਸ਼ਿਕਾਰ ਹੋ ਗਏ ਹਨ। ਹੁਣ ਪਤਾ ਨਹੀਂ ਇਨ੍ਹਾਂ ਅਸਥਾਨਾਂ ਦੀ ਕੀ ਹਾਲਤ ਹੈ ਤੇ ਸੇਵਾ-ਸੰਭਾਲ ਕੌਣ ਤੇ ਕਿਸ ਤਰ੍ਹਾਂ ਕਰ ਰਿਹਾ ਹੈ ?

ਦੁਆਬੇ ਵਿਚ ਉਦਾਸੀ ਸੰਤਾਂ ਦੇ ਡੇਰੇ

ਕਰਤਾਰਪੁਰ (ਦੁਆਬਾ)

ਜ਼ਿਲ੍ਹਾ ਜਲੰਧਰ ਵਿਚ ਉੱਤਰ ਰੇਲਵੇ ਲਾਇਨ ਪੁਰ ਪ੍ਰਸਿੱਧ ਸਟੇਸ਼ਨ ਤੇ ਨਗਰ ਹੈ, ਜੋ ਸੰਮਤ ਸੋਲ੍ਹਾਂ ਸੈ ਇਕਵੰਜਾਹ ਵਿਚ ਸ੍ਰੀ ਗੁਰੂ ਅਰਜਨ ਸਾਹਿਬ ਨੇ ਅਕਬਰ ਬਾਦਸ਼ਾਹ ਵੱਲੋਂ ਗੁਰਗੱਦੀ ਨੂੰ ਭੇਂਟ ਹੋਏ ਐਮੇ ਵਿਚ ਬੱਧਾ ਸੀ। ਸਭ ਤੋਂ ਪਹਿਲੋਂ ਜਿਸ ਥਾਂ ਮੋਹੜੀ ਗੱਡ ਕੇ 'ਧਰਮਸਾਲ' ਕਾਇਮ ਕੀਤੀ; ਉਸ ਮਕਾਨ ਦਾ ਨਾਮ 'ਦੀਵਾਨ ਖ਼ਾਨਾ' ਤੇ 'ਥੰਮ੍ਹ ਸਾਹਿਬ' ਪ੍ਰਸਿੱਧ ਹੋਇਆ। ਇਸ ਦੇ ਲਾਗੇ ਹੀ ਗੁਰੂ ਜੀ ਨੇ ਵਾਸੂ ਮਕਾਨ ਉਸਾਰੇ ਸਨ। ਪੰਚਮ ਪਾਤਿਸ਼ਾਹ ਦੀ ਸ਼ਹੀਦੀ ਤੋਂ ਬਾਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਇਥੇ ਬਿਰਾਜੇ ਸਨ। ਅਰੁ ਧਰਮਸਾਲ (ਥੰਮ੍ਹ ਸਾਹਿਬ) ਦੀ ਸੇਵਾ-ਸੰਭਾਲ ਉਦਾਸ-ਬਿਰਤੀ ਵਾਲੇ ਸਿੱਖਾਂ ਪਾਸੋਂ ਕਰਾਉਂਦੇ ਰਹੇ। ਬਾਬਾ ਬਾਲੂ 'ਹੱਸਣਾ' ਜੀ ਦੀ ਸੇਵਾ ਲੇਖੇ ਲਾ ਕੇ ਜਦੋਂ ਧਰਮ ਪ੍ਰਚਾਰ ਦੇ ਅਧਿਕਾਰ ਬਖ਼ਸ਼ੇ ਗਏ ਤਾਂ ਉਹ ਇਸੇ ਅਸਥਾਨ ਲਾਗੇ ਆਸਣ ਜਮਾ ਕੇ ਸਤਿਗੁਰਾਂ ਦੇ ਝਰੋਖਾ-ਦਰਸ਼ਨ ਵੱਲ ਟਿਕਟਿਕੀ ਲਾ ਕੇ ਬੈਠ ਗਏ। ਅੰਮ੍ਰਿਤ ਵੇਲੇ ਗੁਰ-ਦਰਸ਼ਨ ਕਰ ਕੇ ਆਪ ਨੇ ਜੋਤਿ ਜਾਮੇ ਦਾ ਸਰੂਪ ਨੈਣਾਂ ਦੀਆਂ ਡੂੰਘਾਈਆਂ ਵਿਚ ਰੱਖ ਕੇ ਸਮਾਧ ਸਥਿਤ ਹੋ ਜਾਣਾ, ਫਿਰ ਧਰਮਸਾਲ ਵਿਚ ਸੇਵਾ ਕਰਨੀ ਤੇ ਸ਼ਬਦ ਕੀਰਤਨ ਦਾ ਅਨੰਦ ਮਾਣਨਾ।

ਫਿਰ ਜਦੋਂ ਸੰਮਤ ਸੋਲ੍ਹਾਂ ਸੈ ਚੌਰਾਨਵੇਂ ਵਿਚ ਚੇਤਰ ਸੁਦੀ ਨੌਮੀਂ ਨੂੰ ਬਾਬਾ

ਗੁਰਦਿੱਤਾ ਜੀ ਕੀਰਤਪੁਰ ਨੂੰ ਤੁਰਨ ਲੱਗੇ ਤਾਂ ਸਤਿਗੁਰਾਂ ਦੀ ਆਗਿਆ ਅਨੁਸਾਰ 'ਧਰਮਸਾਲ' ਦਾ ਪ੍ਰਬੰਧ ਇਨ੍ਹਾਂ ਨੂੰ ਹੀ ਸੌਂਪ ਗਏ। ਚਾਰ ਕੁ ਵਰ੍ਹੇ ਆਪ ਨੇ ਏਥੇ ਸੇਵਾ ਕੀਤੀ। ਫਿਰ ਸਤਿਗੁਰਾਂ ਨੇ ਬਾਬਾ ਜੀ ਦੀ ਡਿਊਟੀ ਪੱਛਮੀ ਪੰਜਾਬ ਵੱਲ ਪੋਠੋਹਾਰ ਆਦਿ ਇਲਾਕਿਆਂ ਵਿਚ ਧਰਮ ਪ੍ਰਚਾਰ ਕਰਨ 'ਤੇ ਲਾ ਦਿੱਤੀ। ਇਸ ਲਈ ਆਪਣੇ ਇਕ ਹੋਰ ਸੇਵਕ ਨੂੰ ਇਥੋਂ ਦੀ ਸੇਵਾ-ਸੰਭਾਲ ਕੇ ਸੰਮਤ ਸੋਲ੍ਹਾਂ ਸੈਂ ਅਠਾਨਵੇਂ ਵਿਖੇ ਕੱਤਕ ਪੁੰਨਿਆਂ ਵਾਲੇ ਦਿਨ ਪੋਠੋਹਾਰ ਵੱਲ ਟੁਰ ਗਏ। ਉਸੇ ਵਕਤ ਇਸ ਧਰਮਸਾਲ ਦੀ ਸੇਵਾ ਇਸ ਧੂਣੇਂ ਦੇ ਉਦਾਸੀ ਸਾਧੂ ਕਰਦੇ ਆਏ। ਗੁਰਦੁਆਰਾ ਸੁਧਾਰ ਲਹਿਰ ਚੱਲਣ ਪੁਰ ਗੁਰਦੁਆਰਾ ਕਾਨੂੰਨ ਅਨੁਸਾਰ ਇਸ ਧਰਮਸਾਲਾ ਦਾ ਪ੍ਰਬੰਧ ਪੰਥ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਸਥਾਨਕ ਗੁਰਦੁਆਰਾ ਕਮੇਟੀ ਕਰ ਰਹੀ ਹੈ।

ਧਰਮਸਾਲਾ ਫਿਲੌਰ

ਸੰਮਤ ਸੋਲ੍ਹਾਂ ਸੈਂ ਚਉਹਠ ਮਿਤੀ 25 ਕੱਤਕ ਮੱਘਰ ਵਦੀ 6 ਨੂੰ ਗੋਇੰਦਵਾਲ ਵਿਖੇ ਬਾਬਾ ਕਮਲ ਨੈਨ ਜੀ ਦਾ ਜਨਮ ਹੋਇਆ। ਬਿਰਤੀ ਵਿਚ ਜਮਾਂਦਰੂ ਹੀ ਸੰਸਾਰ ਵੱਲੋਂ ਵੈਰਾਗ ਸੀ। ਗੱਭਰੂ ਹੋ ਕੇ ਗੁਰਸਿੱਖ ਬਣਨ ਦੀ ਅਭਿਲਾਖਾ ਨਾਲ ਘਰੋਂ ਨਿਕਲੇ ਅਰੁ ਬਾਬਾ ਗੋਇੰਦ ਜੀ ਦੀ ਸੇਵਾ ਵਿਚ ਹਾਜ਼ਰ ਹੋਏ। ਬਾਬਾ ਜੀ ਨੇ ਨਾਮ ਦਾਨ ਬਖ਼ਸ਼ ਕੇ ਸੰਤੋਖਿਆ ਤੇ ਚਰਨ ਪਾਹੁਲ ਦੇ ਕੇ ਗੁਰਸਿੱਖ ਬਣਾਇਆ। ਸਦਾ ਨਿਰਇੱਛ ਸੇਵਾ ਕਰਨ ਵਿਚ ਨਿਮਗਨ ਰਹੇ। ਆਖ਼ਰ ਸੇਵਾ-ਘਾਲਣਾ ਪੁਰ ਪਸੀਜ ਕੇ ਬਾਬਾ ਜੀ ਨੇ ਬਾਬਾ ਕਮਲ ਨੈਨ ਸਾਹਿਬ ਨੂੰ ਸੰਮਤ ਸੋਲ੍ਹਾਂ ਸੈ ਚੁਰਾਨਵੇਂ ਵਿਖੇ 15 ਭਾਦਰੋਂ ਸੁਦੀ ਨੌਮੀ ਵਾਲੇ ਦਿਨ ਉਦਾਸੀ ਭੇਖ ਦੀ ਰੀਤ ਦ੍ਰਿੜ੍ਹ ਕਰਾਈ। ਅਰੁ ਦੇਹਾਂਤ ਤੋਂ ਇਕ ਦਿਨ ਪਹਿਲਾਂ ਸੰਮਤ ਸਤਾਰਾਂ ਸੈ ਛੇਅ ਮਿਤੀ ਅੱਸੂ ਵੱਦੀ ਚੌਥ ਧਰਮਸਾਲ ਫਿਲੌਰ ਦੀ ਮਹੰਤੀ (ਸੇਵਾ-ਸੰਭਾਲ) ਬਖ਼ਸ਼ੀ।

ਆਪ ਨੇ ਪੰਜ ਕੁ ਸਾਲ ਮਹੰਤੀ ਕਰ ਕੇ ਸੰਮਤ ਸਤਾਰਾਂ ਸੈ ਗਿਆਰਾਂ ਮਿਤੀ ਸਾਵਣ ਵਦੀ ਅਠੋਂ ਨੂੰ ਸਰੀਰ ਤਿਆਗਿਆ ਅਤੇ ਆਪਣੇ ਜੇਠੇ ਚੇਲੇ ਚਿੰਤਾਮਣੀ ਨੂੰ ਮਹੰਤ ਥਾਪਿਆ।

ਬਾਬਾ ਚਿੰਤਾਮਣੀ ਜੀ ਦਾ ਜਨਮ ਸੰਮਤ ਸੋਲ੍ਹਾਂ ਸੈ ਪੰਝਤਰੇ ਮਿਤੀ 26 ਪੋਹ ਮਾਘ ਵਦੀ ਅਠਿਓਂ ਨੂੰ ਹੁਸ਼ਿਆਰਪੁਰ ਹੋਇਆ। ਵੱਡੇ ਹੋ ਕੇ ਸੰਤ-ਸੇਵਾ ਵੱਲ ਰੁੱਜੂ ਹੋਏ। ਅਰੁ ਬਾਬਾ ਕਮਲ ਨੈਨ ਜੀ ਪਾਸੋਂ ਗੁਰਮਤਿ ਦੀ ਸੀਖਿਆ-ਦੀਖਿਆ ਲੈ ਕੇ ਗੁਰਸਿੱਖ ਬਣੇ। ਨਿਵਿਰਤੀ ਪੱਖ ਵੱਲ ਝੁਕਾਉ ਵੇਖ ਕੇ ਤੇ ਘਾਲ ਕਮਾਈ ਪੁਰ ਰੀਝ ਕੇ ਬਾਬਾ ਜੀ ਨੇ 'ਉਦਾਸੀ ਸਾਧੂ' ਬਣਾ ਲਿਆ। ਅਰੁ ਸੰਮਤ ਸਤਾਰਾ ਸੈ ਗਿਆਰਾ ਮਿਤੀ ਸਾਵਣ ਵਦੀ ਸੱਤੋ ਨੂੰ ਆਪਣੀ ਥਾਂ ਧਰਮਸਾਲ ਫਿਲੌਰ ਦਾ ਮਹੰਤ ਥਾਪ ਦਿੱਤਾ।

ਧਰਮਸਾਲ ਬਹਾਦੁਰ ਪੁਰ

ਬਾਬਾ ਫੂਲ ਜੀ ਬਾਬਾ ਗੋਇੰਦ ਜੀ ਦੇ ਛੋਟੇ ਭਾਈ ਸਨ। ਇਹਨਾਂ ਦਾ ਸਮਾਂ

ਸੰਮਤ ਸੋਲ੍ਹਾਂ ਸੈਂ ਤੀਹ ਮਿਤੀ 15 ਫੱਗਣ ਵਦੀ ਅੱਠਵੀਂ ਐਤਵਾਰ ਨੂੰ ਮਾਤਾ ਸੁਭੱਦਰਾ ਦੇ ਉਦਰ ਤੋਂ ਪਿਤਾ ਜੈਦੇਵ ਦੇ ਘਰ ਸ੍ਰੀਨਗਰ (ਕਸ਼ਮੀਰ) ਵਿਚ ਹੀ ਹੋਇਆ। ਤੀਹ ਇਕੱਤਹੀ ਵਰ੍ਹੇ ਦੀ ਉਮਰ ਵਿਚ ਆਪਣੇ ਵੱਡੇ ਭਰਾ ਦੀ ਰੀਸੇ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੇਵਾ ਵਿਚ ਰਾਮਦਾਸ ਪੁਰੇ ਹਾਜ਼ਰ ਹੋ ਕੇ ਸੰਮਤ ਸੋਲ੍ਹਾਂ ਸੈ ਇਕਾਹਠ ਮਿਤੀ 23 ਚੇਤਰ ਪੁੰਨਿਆ ਐਤਵਾਰ ਨੂੰ ਸਤਿਗੁਰੂ ਨਾਨਕ ਦਾ ਨਿਰੰਕਾਰੀ ਧਰਮ ਧਾਰਨ ਕੀਤਾ। ਫਿਰ ਗੁਰੂ ਘਰ ਜੋਗੇ ਹੀ ਹੋ ਰਹੇ। ਗ੍ਰਿਹਸਤ ਧਰਮ ਦੀਆਂ ਖੇਚਲਾਂ ਝੱਲਣ ਤੋਂ ਖ਼ੁਦ ਨੂੰ ਅਸਮਰੱਥ ਖ਼ਿਆਲ ਕਰ ਕੇ ਬ੍ਰਹਮਚਾਰੀ ਹੀ ਰਹੇ। ਛੇਵੇਂ ਪਾਤਸ਼ਾਹ ਦੇ ਹਜ਼ੂਰ ਰਹਿ ਕੇ ਵੀ ਗਾਖੜੀ ਸੇਵਾ ਕਮਾਈ। ਮਿਤੀ 25 ਮਾਘ ਸੁਦੀ ਪੰਚਮੀ ਛਨਿਛਰਵਾਰ ਤੋਂ 'ਉਦਾਸੀ ਭੇਖ' ਤੇ ਰੀਤਿ ਧਾਰਨ ਕਰਾ ਦਿੱਤੀ।

ਸੰਮਤ ਸੋਲ੍ਹਾਂ ਸੈ ਚੌਰਾਨਵੇਂ ਮਿਤੀ 13 ਅੱਸੂ ਸੁਦੀ ਨੌਮੀ ਐਤਵਾਰ ਤੋਂ ਸਤਿਗੁਰਾਂ ਨੇ ਬਾਬਾ ਫੂਲ ਸਾਹਿਬ ਨੂੰ ਦੁਆਬੇ ਦੇਸ ਵਿਚ ਹੁਸ਼ਿਆਰਪੁਰ ਦੇ ਇਲਾਕੇ ਧਰਮ ਪ੍ਰਚਾਰ ਕਰਨ ਭੇਜ ਦਿੱਤਾ। ਆਗਿਆ ਮੰਨ ਕੇ, ਬਾਬਾ ਫੂਲ ਸਾਹਿਬ ਜੀ ਬਹਾਦੁਰ ਪੁਰ ਪਿੰਡ ਦੀ ਜੂਹ ਵਿਚ ਆ ਬੈਠੇ। ਸਹਿਜੇ ਸਹਿਜੇ ਧਰਮ ਸੁਗੰਧੀ ਦੇ ਮੁਸ਼ਤਾਕ ਅਨੇਕ ਜਗਿਆਸੀ ਭੌਰੇ ਸੰਤਾਂ ਦੇ ਚਰਨ ਕਮਲਾਂ ਗਿਰਦ ਗੁੰਜਾਰਨ ਲੱਗ ਪਏ। ਬਹਾਦੁਰਪੁਰ ਵਿਖੇ ਧਰਮਸਾਲ ਬਣਵਾਈ। ਗੁਰਬਾਣੀ ਦੇ ਕਥਾ ਕੀਰਤਨ ਦਾ ਰੰਗ ਬੱਝ ਗਿਆ।

ਨੂਰ ਮਹਿਲ

ਜ਼ਿਲ੍ਹਾ ਜਲੰਧਰ ਵਿਚ ਨੂਰਜਹਾਂ ਬੇਗਮ ਦਾ ਵਸਾਇਆ ਹੋਇਆ ਇਹ ਮਸ਼ਹੂਰ ਪਿੰਡ ਹੈ। ਛੇਵੇਂ ਪਾਤਿਸ਼ਾਹ ਜਦੋਂ ਲਾਹੌਰੋਂ ਮਾਤਾ ਕਮਲਾ (ਕਉਲਾ) ਦਾ ਡੋਲਾ ਲੈ ਕੇ ਆਏ ਹਨ ਤਾਂ ਜਹਾਂਗੀਰ ਬਾਦਸ਼ਾਹ ਦੇ ਨਾਲ ਹੀ ਗੋਇੰਦਵਾਲ ਹੁੰਦੇ ਹੋਏ ਸੰਮਤ 1677, ਮਾਘ 4 ਨੂੰ ਇਸ ਟਿਕਾਣੇ ਪਧਾਰੇ ਸਨ। ਅਰੁ ਇਥੋਂ ਹੀ ਵਿਦਾਅ ਹੋ ਕੇ ਕਰਤਾਰਪੁਰ ਪਹੁੰਚੇ ਸਨ। ਫਿਰ ਸੰਮਤ 1714 ਸਾਵਣ ਮਹੀਨੇ ਔਰੰਗਜ਼ੇਬ ਪਾਸੋਂ ਹਾਰ ਖਾ ਕੇ ਸਾਹਿਬਜ਼ਾਦਾ ਦਾਰਾ ਸ਼ਿਕੋਹ ਲਾਹੌਰ ਵੱਲ ਨੱਸ ਆਇਆ ਤਾਂ ਉਸ ਨੇ ਸ੍ਰੀ ਗੁਰੂ ਹਰਿਰਾਇ ਸਾਹਿਬ ਨੂੰ ਆਪਣੀ ਸਹਾਇਤਾ ਵਾਸਤੇ ਸੱਦਿਆ। ਗੁਰੂ ਸਾਹਿਬ ਕੀਰਤਪੁਰੋਂ ਆਪਣੇ ਸੱਤ ਸੌ ਸਵਾਰ ਲੈ ਕੇ ਗੋਇੰਦਵਾਲ ਦਾ ਪੱਤਣ ਰੋਕਣ ਵਾਸਤੇ ਆਏ। ਰਾਹ ਵਿਚ 'ਨੂਰ ਮਹਿਲ' ਪਿੰਡ ਵੀ ਅਟਕੇ ਸਨ। ਨੂਰਜਹਾਂ ਦੇ ਬਾਗ਼ ਵਿਚ ਹੀ ਦੋਵੇਂ ਸਤਿਗੁਰੂ ਵਿਰਾਜੇ ਸਨ। ਦੋਹਾਂ ਦੀ ਯਾਦਗਾਰ ਵਿਚ ਇਸ ਟਿਕਾਣੇ ਗੁਰਦੁਆਰਾ ਹੈ, ਜਿਸ ਦੀ ਸੇਵਾ-ਸੰਭਾਲ ਸੁਥਰੇ ਸ਼ਾਹੀ ਫ਼ਕੀਰ ਕਰਦੇ ਆਏ ਸਨ। ਲੇਕਿਨ ਗੁਰਦੁਆਰਾ ਕਾਨੂੰਨ ਬਣ ਜਾਣ ਪੁਰ ਇਹ ਗੁਰਦੁਆਰਾ ਪੰਥਕ ਪ੍ਰਬੰਧ ਵਿਚ ਆ ਚੁੱਕਾ ਹੈ।

ਗੜ੍ਹਦੀਵਾਲੇ ਵਾਲੇ ਸਾਧੂ

ਬਾਬਾ ਸੰਗਤ ਸਾਹਿਬ ਦੇ ਚੇਲੇ ਬਾਬਾ ਨਰਾਇਣ ਦਾਸ ਦੀ ਸੇਵਾ ਕਰ ਕੇ ਬਾਬਾ ਗੁਰਦਿੱਤਾ ਜੀ ਨੇ ਨਾਮ ਦਾਨ ਤੇ ਚਰਨਾਮ੍ਰਿਤ ਪ੍ਰਾਪਤ ਕੀਤਾ ਅਰ ਉਦਾਸ ਬਿਰਤੀ

ਧਾਰਨ ਕਰਕੇ ਗੁਰਧਾਮਾਂ ਦੀ ਯਾਤਰਾ ਕਰਨ ਚੱਲ ਪਏ। ਵਿਚਰਦੇ ਵਿਚਰਦੇ 'ਗੜ੍ਹ ਦੁਮਾਲੇ' (ਜ਼ਿਲ੍ਹਾ ਹੁਸ਼ਿਆਰਪੁਰ) ਆ ਟਿਕੇ। ਨਾਲ ਹੋਰ ਵੀ ਕਈ ਸਾਧੂ ਸਨ। ਚੁਮਾਸਾ ਇਸੇ ਥਾਂ ਗੁਜ਼ਾਰਿਆ। ਤੁਰਨ ਲੱਗੇ ਤਾਂ ਲੋਕੀਂ ਖਹਿੜੇ ਪੈ ਗਏ ਅਰ ਬਾਬਾ ਸਾਹਿਬ ਉਹਨਾਂ ਦੀ ਮਰਜ਼ੀ ਜਾਚ ਕੇ ਇਥੇ ਹੀ ਟਿਕ ਗਏ। ਗੁਰੂ ਕਾ ਲੰਗਰ ਜਾਰੀ ਕਰ ਦਿੱਤਾ। ਗੜ੍ਹ ਦੁਮਾਲੇ (ਗੜ੍ਹਦੀਵਾਲਾ) ਦੇ ਸਰਦਾਰ ਨੇ ਬੜੀ ਸੇਵਾ ਕੀਤੀ। ਗੁਰਬਾਣੀ ਦਾ ਪਾਠ ਤੇ ਕਥਾ ਕੀਰਤਨ, ਭਜਨ-ਬੰਦਗੀ ਖ਼ੂਬ ਹੋਵੈ। ਸਤਿਸੰਗ ਦਾ ਚੰਗਾ ਰੰਗ ਲੱਗਾ ਰਹੇ।

ਮਨਸਾ ਸਿੰਘ ਨਾਮ ਦਾ ਜ਼ਿਮੀਂਦਾਰ ਸੀ, ਜੋ ਹੈ ਤਾਂ ਸੀ ਖ਼ਾਨਦਾਨੀ ਰਈਸ, ਪਰ ਕਿਸਮਤ ਦਾ ਗੇੜ ਐਸਾ ਪਿਆ ਕਿ ਗ਼ਰੀਬੀ ਵਰਤ ਗਈ। ਬਹੁਤ ਔਖਾ ਹੋ ਗਿਆ ਤਾਂ ਬਾਬਾ ਗੁਰਦਿੱਤਾ ਜੀ ਦੀ ਸ਼ਰਨ ਆਇਆ। ਬੜੀ ਦੀਨਤਾ ਕਰ ਕੇ ਚਰਨ ਫੜੇ। ਸੰਤ ਜੀ ਨੇ ਬਚਨ ਕੀਤਾ, "ਗੁਰੂ ਕੇ ਲੰਗਰ ਦੀ ਸੇਵਾ ਤੇ ਸਤਿਸੰਗ ਕਰੋ। ਗੁਰੂ ਤੁਹਾਨੂੰ ਸ਼ਰੀਕਾਂ ਨਾਲੋਂ ਵੱਧ ਪ੍ਰਤਾਪ ਬਖ਼ਸ਼ੇਗਾ।"

ਸ. ਮਨਸਾ ਸਿੰਘ 'ਸਤਿ ਬਚਨ' ਆਖ ਕੇ ਆਗਿਆ ਪਾਲਣ ਲੱਗਾ। ਥੋੜ੍ਹਾ ਚਿਰ ਬਾਦ ਹੀ ਮਹਾਰਾਜਾ ਰਣਜੀਤ ਸਿੰਘ ਦੀ ਸਵੱਲੀ ਨਜ਼ਰ ਸ. ਮਨਸਾ ਸਿੰਘ ਪੁਰ ਹੋ ਗਈ। 'ਸਰਕਾਰ' ਨੇ ਖ਼ੁਸ਼ੀ ਹੋ ਕੇ ਲੱਖ ਰੁਪਏ ਦੀ ਜਾਗੀਰ ਬਖ਼ਸ਼ ਦਿੱਤੀ। ਤਦ ਸਰਕਾਰ ਨੇ ਬਾਬਾ ਗੁਰਦਿੱਤਾ ਜੀ ਦੀ ਸੇਵਾ, ਬੜੇ ਸਤਿਕਾਰ ਅਰੁ ਸ਼ਰਧਾ ਭਾਵ ਨਾਲ ਕੀਤੀ। ਗੁਰੂ ਕੇ ਲੰਗਰ ਵਾਸਤੇ ਪੰਜ ਪਿੰਡ ਅਰਦਾਸ ਕਰਾਏ। ਇਲਾਕੇ ਦੇ ਹੋਰ ਸਿੱਖ ਵੀ ਬੜੀ ਸੇਵਾ ਇਸ ਧਰਮਸਾਲ ਦੀ ਕਰਦੇ ਰਹੇ। ਇਸ ਤਰ੍ਹਾਂ ਬਾਬਾ ਜੀ ਦਾ ਬੜਾ ਪ੍ਰਤਾਪ ਵਧਿਆ ਤੇ ਮਹਿਮਾ ਫੈਲੀ। ਸੰਤ ਜੀ ਪਾਸੋਂ ਗੁਰ-ਦੀਖਿਆ ਲੈ ਕੇ ਗੁਰਸਿੱਖ ਤਾਂ ਅਨੇਕਾਂ ਬਣੇ, ਪਰ ਉਦਾਸੀ ਬਿਰਤੀ ਦਸਾਂ ਨੇ ਧਾਰਨ ਕੀਤੀ। ਪੰਜ ਤੀਰਥ ਰਟਨ ਲਈ ਤੁਰ ਪਏ, ਪੰਜ ਧਰਮਸਾਲ ਵਿਚ ਰਹਿ ਕੇ ਸੇਵਾ ਕਰਦੇ ਰਹੇ। ਤਿਨ੍ਹਾਂ ਦੇ ਨਾਮ: ਸੰਤ ਦਾਸ, ਰਾਮ ਦਾਸ, ਮਨਸਾ ਰਾਮ, ਕਲਿਆਣ ਦਾਸ, ਚੂਹੜ ਜੀ, ਪ੍ਰੇਮ ਦਾਸ ਤੇ ਧਰਮ ਦਾਸ ਆਦਿ। ਇਹ ਸਾਰੇ ਬੜੇ ਸ਼ਾਂਤ ਆਤਮਾ ਤੇ ਭਜਨ-ਬੰਦਗੀ ਕਰ ਕੇ ਪ੍ਰਤਾਪ ਵਾਲੇ ਹੋਏ। ਬਾਬਾ ਰਾਮ ਦਾਸ ਜੀ, ਆਪਣੇ ਦੀਖਿਆ-ਦਾਤਾ ਦੀ ਥਾਂ ਧਰਮਸਾਲ ਗੜ੍ਹਦੀਵਾਲਾ ਦੇ ਮਹੰਤ ਬਣੇ। ਬਾਬਾ ਜੀ ਗੁਣਾਂ ਦੇ ਗੁਥਲੇ ਤੇ ਬੜੇ ਉਦਾਰ ਆਤਮਾ ਸਨ। ਬਾਬਾ ਗੁਰਦਿੱਤਾ ਜੀ ਨੇ ਜੋ ਮਰਿਆਦਾ ਧਰਮਸਾਲਾ ਤੇ ਗੁਰੂ ਕੇ ਲੰਗਰ ਦੀ ਬੱਧੀ, ਬਾਬਾ ਰਾਮ ਦਾਸ ਨੇ ਐਨ-ਬੈਨ ਬਹਾਲ ਰੱਖੀ।

ਜਮਸ਼ੇਰ

ਜ਼ਿਲ੍ਹਾ ਜਲੰਧਰ ਵਿਚ ਡੇਰਾ ਛੱਤਾ ਮਗਨੀ ਰਾਮ ਪਟਿਆਲਾ ਦੇ ਮਹੰਤਾਂ ਇਕ ਧਰਮਸਾਲ ਕਾਇਮ ਕੀਤੀ ਹੋਈ ਹੈ, ਜਿਸ ਦੇ ਮਹੰਤ ਅੱਜ-ਕੱਲ ਗੁਰ-ਨਾਰਾਇਣ ਜੀ ਹਨ। ਇਹ 'ਵੱਡੀ ਧਰਮਸਾਲਾ' ਕਰ ਕੇ ਪ੍ਰਸਿੱਧ ਹੈ। ਇਸ ਦੇ ਨਾਮ ਜ਼ਮੀਨਾਂ, ਜ਼ਿਲ੍ਹਾ ਜਲੰਧਰ ਦੇ ਪਿੰਡ ਵਹੈਣ, ਸੰਸਾਰਪੁਰ, ਬੁੰਮੀਆਂ ਵਾਲੀ, ਫੋਲੜੀ ਵਾਲਾ, ਜੰਡਿਆਲੀ, ਫਰਾਈ, ਰਾਇਪੁਰ, ਦੋਸਾਂਝ; ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮੋਖਲੀ ਤਾਣਾ, ਬਾਬਲਕੇ; ਫ਼ਿਰੋਜ਼ਪੁਰ ਦੇ ਲੰਗਿਆਣਾ ਨਵਾਂ ਤੇ ਜ਼ਿਲ੍ਹਾ ਅੰਬਾਲਾ ਦੇ ਨਗਰ ਜਗਾਧਰੀ ਵਿਚ

ਵੀ ਹਨ। ਕਈ ਥਾਈਂ ਧਰਮਸਾਲਾ ਵੀ ਬਣੀਆਂ ਹੋਈਆਂ ਹਨ। ਗੁਰਦੁਆਰਾ ਕਾਨੂੰਨ ਦੇ ਅਧੀਨ ਇਸ ਧਰਮਸਾਲਾ ਨੂੰ ਸਿੱਖ ਗੁਰਦੁਆਰਾ ਕਰਾਰ ਦਿਵਾਉਣ ਦਾ ਜਤਨ ਹੋਇਆ ਸੀ, ਪਰ ਮੌਕੇ ਦੇ ਮਹੰਤ ਗੋਬਿੰਦ ਰਾਮ ਚੇਲਾ ਗੁਰਮੁਖ ਦਾਸ ਨੇ 1 ਅਪਰੈਲ 1929 ਨੂੰ ਉਜਰਦਾਰੀ ਕਰਨ ਪੁਰ ਅਸਫਲ ਰਿਹਾ ਸੀ।

ਸੋਢਲ ਛੋਟਾ

ਜਲੰਧਰ ਸਟੇਸ਼ਨ ਲਾਗੇ ਹੈ। ਇਥੇ ਵੀ ਇਸ ਪੱਧਤੀ ਦੇ ਸੰਤਾਂ ਨੇ ਧਰਮਸਾਲਾ ਬਣਾਈ, ਜੋ ਜ਼ਿਲ੍ਹਾ ਫ਼ਿਰੋਜ਼ਪੁਰ ਤਹਿਸੀਲ ਜ਼ੀਰਾ ਦੇ ਪਿੰਡ ਦਾਤਾ ਦੀ ਧਰਮਸਾਲਾ ਤੋਂ ਇਥੇ ਆ ਕੇ ਪੰਡਿਤ ਸਚਿਦਾਨੰਦ ਜੀ ਨੇ ਨਗਰ ਨਿਵਾਸੀਆਂ ਨੂੰ ਪ੍ਰੇਰ ਕੇ ਬਣਵਾਈ ਸੀ। ਪੰਡਿਤ ਜੀ ਦੇ ਸੇਵਕ ਸਾਧੂ ਹੀ ਇਸ ਦੀ ਸੇਵਾ-ਸੰਭਾਲ ਕਰਦੇ ਆਏ ਸਨ।

ਬੰਗਾ ਨਗਰ

ਤਹਿਸੀਲ ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ ਵਿਚ ਖੁੱਡੀ ਵਾਲੀ ਧਰਮਸਾਲਾ ਦੇ ਸਾਧੂਆਂ ਉੱਦਮ ਉਪਰਾਲਾ ਕਰ ਕਰਾ ਕੇ ਧਰਮਸਾਲ ਬਣਵਾਈ, ਜਿਸ ਦੇ ਮੋਢੀ ਬਾਬਾ ਮੀਹਾਂ ਸਾਹਿਬ ਦੇ ਪੋਤਰੇ ਚੇਲੇ ਬਾਬਾ ਸਿਦਕੀ ਦਾਸ ਸਨ। ਉਹਨਾਂ ਦੇ ਨਾਮ 'ਤੇ ਹੀ ਧਰਮਸਾਲਾ ਸਿਦਕੀ ਦਾਸ ਸਦਾਉਂਦੀ ਹੈ। ਆਪ ਬਾਬਾ ਸੰਤ ਦਾਸ ਖੁੱਡੀ ਵਾਲਿਆਂ ਦੇ ਸੇਵਕ ਸਨ। ਗੁਰਦੁਆਰਾ ਕਾਨੂੰਨ ਬਣਨ ਪੁਰ ਇਸ ਧਰਮਸਾਲਾ ਦਾ ਨਾਮ ਵੀ ਸਿੱਖ ਗੁਰਦੁਆਰਿਆਂ ਵਿਖੇ ਲਿਖਿਆ ਗਿਆ ਸੀ। ਉਸ ਸਮੇਂ ਦੇ ਮਹੰਤ ਰਾਮ ਸ਼ਰਨ ਦਾਸ ਜੀ ਨੇ ਰਾਜ਼ੀਨਾਮਾ ਕਰਨ ਦਾ ਯਤਨ ਵੀ ਕੀਤਾ, ਪਰ ਅੰਮ੍ਰਿਤਸਰੀਏ ਮਹੰਤ ਸੰਤ ਬਾਵਾ ਪਰਮਾਨੰਦ ਜੀ ਦੇ ਚੇਲੇ ਮਨਸਾ ਰਾਮ ਪਾਸੋਂ 29 ਅਕਤੂਬਰ, 1929 ਨੂੰ ਉਜਰਦਾਰੀ ਕਰਵਾ ਦਿੱਤੀ। ਇਸ ਲਈ ਮੁਕੱਦਮੇ ਦੇ ਖ਼ਰਚਾਂ ਤੋਂ ਡਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੈਰਵੀ ਕਰਨ ਤੋਂ ਹੀ ਪੈਰ ਖਸਕਾ ਲਏ। ਬਾਅਦ ਵਿਚ ਇਸ ਅਸਥਾਨ 'ਤੇ ਬਾਵਾ ਦਰਸ਼ਨ ਦਾਸ ਜੀ ਮਹੰਤ ਬਣੇ ਰਹੇ।

ਖਟਕੜ ਕਲਾਂ

ਨਿਰਬਾਣ ਪ੍ਰੀਤਮ ਦਾਸ ਜੀ ਦੇ ਦੂਜੇ ਸ਼ਿਸ਼ ਬ੍ਰਹਮ ਸਰਬਤ੍ਰ ਦੇਵ ਜੀ ਨੇ ਅੰਮ੍ਰਿਤਸਰ ਕਟੜਾ ਦਲ ਸਿੰਘ ਵਿਚ ਨਾਂਗਿਆਂ ਵਾਲੀ ਧਰਮਸਾਲ ਬਣਾਈ ਸੀ। ਉਹਨਾਂ ਦੇ ਸੇਵਕ ਅਨਘੜ ਦੇਵ, ਤਿੰਨਾਂ ਦੇ ਚੇਲੇ ਸੁਤੈ ਪ੍ਰਕਾਸ਼, ਤਿਸ ਦੇ ਸਿੱਖ ਨਾਨਕ ਰਾਮ ਸਨ; ਜਿਨ੍ਹਾਂ ਇਸ ਨਗਰ ਬਹਿ ਕੇ ਵਸਨੀਕਾਂ ਦੇ ਉੱਦਮ-ਉਪਰਾਲੇ ਨੂੰ ਟੁੰਬਿਆ ਤੇ ਧਰਮਸਾਲ ਬਣਵਾਈ। ਉਨ੍ਹਾਂ ਤੋਂ ਬਾਅਦ ਇਸ ਧਰਮਸਾਲ ਦੀ ਸੇਵਾ-ਸੰਭਾਲ ਇਸੇ ਲੜੀ ਦੇ ਸਾਧੂ ਭਗਵਾਨ ਦਾਸ ਆਦਿ ਕਰਦੇ ਰਹੇ ਹਨ।

ਤਸੌਲੀ

ਜ਼ਿਲ੍ਹਾ ਹੁਸ਼ਿਆਰਪੁਰ ਵਿਚ ਵੀ ਇਸ ਪੱਧਤੀ ਦੇ ਸੰਤਾਂ ਵੱਲੋਂ ਕਾਇਮ ਕੀਤੀ ਧਰਮਸਾਲਾ ਦੱਸੀ ਜਾਂਦੀ ਹੈ।

ਕਾਠਗੜ੍ਹ

ਤਹਿਸੀਲ ਗੜ੍ਹ ਸ਼ੰਕਰ ਵਿਚ ਨਾਂਗਿਆਂ ਦੀ ਧਰਮਸਾਲਾ ਅੰਮ੍ਰਿਤਸਰ ਦੇ ਬਾਨੀ ਬਾਵਾ ਬ੍ਰਹਮ ਸਰਬਤ੍ਰ ਦੇਵ ਦੇ ਚੇਲੇ ਬਾਵਾ ਅਨਘੜ ਦੇਵ ਨੇ ਇਥੋਂ ਦੇ ਸਿੱਖ ਸਰਦਾਰਾਂ ਤੇ ਵਸਨੀਕਾਂ ਦੀ ਮਾਲੀ ਤੇ ਮਿਹਨਤੀ ਮਦਦ ਨਾਲ ਧਰਮਸਾਲਾ ਕਾਇਮ ਕੀਤੀ। ਮਗਰੋਂ ਉਹਨਾਂ ਦੇ ਹੀ ਚੇਲੇ ਚਾਟੜੇ ਸੁਤੈ ਪ੍ਰਕਾਸ਼, ਨਾਨਕ ਰਾਮ ਤੇ ਭਗਵਾਨ ਦਾਸ ਆਦਿ ਸੰਤ ਇਸ ਦੀ ਸੰਭਾਲ ਵਾਰੀ ਵਾਰੀ ਕਰਦੇ ਰਹੇ।

ਮਾਝੇ ਵਿਚ ਉਦਾਸੀ ਸੰਤਾਂ ਦੇ ਡੇਰੇ

ਮਾਝੇ ਵਿਚ ਪਹਿਲਾਂ ਅਸੀਂ ਅੰਮ੍ਰਿਤਸਰ ਦੇ ਉਦਾਸੀ ਸੰਤਾਂ ਵੱਲੋਂ ਸਥਾਪਤ ਕੀਤੇ ਅਖਾੜਿਆਂ ਦਾ ਜ਼ਿਕਰ ਕਰਾਂਗੇ। ਇਥੇ ਅਸੀਂ 'ਅਖਾੜਾ' ਸ਼ਬਦ 'ਤੇ ਵੀ ਵਿਚਾਰ ਕਰਾਂਗੇ। 'ਅਖਾੜਾ' ਸ਼ਬਦ ਨੂੰ 'ਡੇਰਾ ਦਰਬਾਰ' ਸਮਾਧ ਆਦਿ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਉਦਾਸੀ ਸੰਤਾਂ ਦੇ ਬਹੁਤ ਪੁਰਾਣੇ ਸਥਾਨ ਹਨ। ਇਹਨਾਂ ਅਖਾੜਿਆਂ ਦੇ ਜੀਵਨ ਦੇ ਹਰ ਪਹਿਲੂ ਜਿਵੇਂ ਧਾਰਮਿਕ, ਸਮਾਜਿਕ, ਸਭਿਆਚਾਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। 'ਅਖਾੜਾ' ਸ਼ਬਦ ਸਾਧੂਆਂ ਦੇ ਡੇਰੇ ਲਈ ਵੀ ਵਰਤਿਆ ਜਾਂਦਾ ਹੈ। 'ਅਖਾੜਾ' ਸ਼ਬਦ ਦਾ ਅਰਥ ਹੈ: ਉਹ ਅਸਥਾਨ ਜਿਥੇ ਪਹਿਲਵਾਨਾਂ ਤੇ ਯੋਧਿਆਂ ਦਾ ਘੋਲ ਹੁੰਦਾ ਹੈ ਜਾਂ ਜਿਥੇ ਨਾਟਕ, ਤਮਾਸ਼ਾ ਕੀਤਾ ਜਾਂਦਾ ਹੋਵੇ। ਪਰ ਜਦੋਂ ਅਸੀਂ ਧਰਮ ਦੇ ਪਰਿਪੇਖ ਵਿਚ ਇਸ ਸ਼ਬਦ ਨੂੰ ਵਿਚਾਰਦੇ ਹਾਂ ਤਾਂ 'ਅਖਾੜਾ' ਸ਼ਬਦ ਤੋਂ ਭਾਵ ਸਾਧੂਆਂ ਦਾ ਡੇਰਾ। ਭਾਈ ਕਾਨ੍ਹ ਸਿੰਘ ਨਾਭਾ 'ਅਖਾੜਾ' ਬਾਬਤ ਲਿਖਦੇ ਹਨ: ਸਾਧੂਆਂ ਦਾ ਡੇਰਾ, ਸੰਤਾਂ ਦੀ ਮੰਡਲੀ, ਉਦਾਸੀ ਅਤੇ ਨਿਰਮਲੇ ਸਾਧੂਆਂ ਦੇ ਨਿਯਮਾਂ ਵਿਚ ਆਏ ਹੋਏ ਧਰਮ ਪ੍ਰਚਾਰਕ ਜਥੇ 'ਅਖਾੜਾ' ਨਾਉਂ ਤੋਂ ਪ੍ਰਸਿੱਧ ਹਨ।

ਮੱਧਕਾਲ ਵਿਚ ਸਾਧੂਆਂ ਦੇ ਡੇਰੇ ਵਿਚ ਸ਼ਾਸਤਰਾਂ ਦੀ ਚਰਚਾ ਅਤੇ ਅਧਿਆਤਮ ਗੋਸ਼ਟਾਂ ਹੋਇਆ ਕਰਦੀਆਂ ਸਨ, ਜਿਨ੍ਹਾਂ ਨੂੰ ਸੁਣਨ ਲਈ ਦੂਰੋਂ-ਦੂਰੋਂ ਲੋਕ ਆਉਂਦੇ ਸਨ। ਜੇ ਭਲਵਾਨ ਸਰੀਰਕ ਜ਼ੋਰ ਵਿਖਾਉਂਦੇ ਸਨ ਤਾਂ ਸਾਧੂ ਵਿਵੇਕ ਬੁੱਧੀ ਦਾ, ਜਿਸ ਤੋਂ ਇਹਨਾਂ ਡੇਰਿਆਂ ਦਾ ਨਾਂ ਅਖਾੜਾ ਪੈ ਗਿਆ। ਮਗਰੋਂ ਧਰਮ ਅਸਥਾਨਾਂ ਨੂੰ ਵੀ ਅਖਾੜਾ ਕਿਹਾ ਜਾਣ ਲੱਗਾ। ਅਖਾੜਿਆਂ ਦੀਆਂ ਸੇਵਾਵਾਂ ਕਈ ਪ੍ਰਕਾਰ ਦੀਆਂ ਸਨ। ਭਾਵੇਂ ਉਦਾਸੀਆਂ ਦਾ ਮੁੱਖ ਉਦੇਸ਼ ਧਰਮ ਪ੍ਰਚਾਰ ਨਾਲ ਸੀ, ਪਰ ਅਖਾੜੇ ਕੇਵਲ ਪੂਜਾ ਸਥਾਨ ਹੀ ਨਹੀਂ, ਬਲਕਿ ਸਿੱਖਿਆ ਦੇ ਸਥਾਨ ਵੀ ਸਨ।

ਅੰਮ੍ਰਿਤਸਰ ਵਿਚਲੇ ਕੁਝ ਅਖਾੜਿਆਂ ਅਖਾੜਾ ਬ੍ਰਹਮ ਬੂਟਾ, ਬਾਬਾ ਨੰਦ ਘੁਮੰਡ ਦਾਸ ਅੰਮ੍ਰਿਤਸਰ ਵਿਚ ਵਿਦਿਆਰਥੀਆਂ ਦੇ ਰਹਿਣ ਲਈ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਕਰਦੇ ਸਨ ਜੋ ਕਿ ਵੱਖ ਵੱਖ ਸੰਸਥਾਵਾਂ ਤੋਂ ਵਿੱਦਿਆ ਪ੍ਰਾਪਤ ਕਰਦੇ ਸਨ, ਪਰ ਉਸ ਸਮੇਂ ਅੰਮ੍ਰਿਤਸਰ ਵਿਚ ਬਾਲਾ ਨੰਦ ਜੀ ਹੀ ਅਜਿਹਾ ਅਖਾੜਾ ਹੈ, ਜਿਥੇ ਵਿਦਿਆਰਥੀਆਂ ਨੂੰ ਸੰਸਕ੍ਰਿਤ ਦੀ ਸਿੱਖਿਆ ਦਿੱਤੀ ਜਾਂਦੀ ਹੈ। ਰੋਗੀਆਂ ਦੇ ਇਲਾਜ ਲਈ ਮੁਫ਼ਤ ਦਵਾਈ, ਲੋੜਵੰਦਾਂ ਨੂੰ ਕਿਤਾਬਾਂ ਅਖਾੜਾ ਬ੍ਰਹਮ ਬੂਟਾ ਅਤੇ

ਸੰਗਲ ਵਾਲੇ ਅਖਾੜੇ ਤੋਂ ਦਿੱਤੀਆਂ ਜਾਂਦੀਆਂ ਹਨ। ਅੰਮ੍ਰਿਤਸਰ ਵਿਚ ਪ੍ਰਮੁੱਖ ਅਖਾੜੇ :

1. ਅਖਾੜਾ ਬ੍ਰਹਮ ਬੂਟਾ
2. ਅਖਾੜਾ ਬਾਲਾ ਨੰਦ
3. ਅਖਾੜਾ ਬੇਰੀ ਵਾਲਾ
4. ਅਖਾੜਾ ਚਿੱਟਾ
5. ਅਖਾੜਾ ਸੰਗਲ ਵਾਲਾ
6. ਅਖਾੜਾ ਪੰਚਾਇਤੀ
7. ਅਖਾੜਾ ਕਾਸ਼ੀ ਵਾਲਾ
8. ਅਖਾੜਾ ਬਿਬੇਕਸਰ

ਮਾਝੇ ਵਿਚ ਉਦਾਸੀਆਂ ਦੇ ਪ੍ਰਮੁੱਖ ਡੇਰੇ :

1. ਮਹੰਤ ਮੇਹਰਦਾਸ (ਕੋਹਾਲੀ) ਅੰਮ੍ਰਿਤਸਰ ਨਜ਼ਦੀਕ
2. ਸੰਤ ਬਾਬਾ ਹੀਰਾ ਦਾਸ ਭਿੱਟੇ ਵੱਢ, ਅਜਨਾਲਾ ਨਜ਼ਦੀਕ
3. ਮਹੰਤ ਪਰਮਾਨੰਦ (ਜੰਡਿਆਲਾ ਗੁਰੂ)

1. ਅਖਾੜਾ ਬ੍ਰਹਮ ਬੂਟਾ

ਅੰਮ੍ਰਿਤਸਰ ਸਰੋਵਰ ਦੇ ਪੂਰਬੀ ਕੋਨੇ ਵਿਚ ਅਖਾੜਾ ਬ੍ਰਹਮ ਬੂਟਾ ਹੈ। ਜਿਸ ਦਾ ਮੁੱਖ ਦਰਵਾਜ਼ਾ ਗੁਰੂ ਰਾਮਦਾਸ ਸਰਾਂ ਦੇ ਨਜ਼ਦੀਕ ਹੈ। ਮੁੱਖ ਦਰਵਾਜ਼ੇ ਤੋਂ ਲੰਘਣ ਉਪਰੰਤ ਕੁਝ ਕੁ ਕਦਮਾਂ ਦੇ ਫ਼ਾਸਲੇ ਖੱਬੇ ਪਾਸੇ ਇਕ ਦਰਵਾਜ਼ਾ ਹੈ, ਜਿਸ ਰਾਹੀਂ ਪੂਜਾ ਸਥਾਨ ਤਕ ਪਹੁੰਚਿਆ ਜਾ ਸਕਦਾ ਹੈ।

ਇਸ ਅਖਾੜੇ ਦੀ ਇਮਾਰਤ ਪੁਰਾਣੀ ਹੁੰਦੀ ਹੋਈ ਵੀ ਕਾਫ਼ੀ ਵਧੀਆ ਹਾਲਤ ਵਿਚ ਹੈ। ਇਸ ਦਾ ਕੇਵਲ ਥੋੜ੍ਹਾ ਜਿਹਾ ਹਿੱਸਾ ਨੀਲਾ ਤਾਰਾ ਕਾਰਵਾਈ ਦੌਰਾਨ ਨਸ਼ਟ ਹੋ ਗਿਆ ਸੀ। ਅਖਾੜੇ ਵਿਚ ਕਮਰਿਆਂ ਤੋਂ ਇਲਾਵਾ ਕਾਫ਼ੀ ਵੱਡੇ ਵੱਡੇ ਹਾਲ ਕਮਰੇ ਹਨ। ਜਿਨ੍ਹਾਂ ਵਿਚ ਕਈ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਨ ਲਈ ਰਹਿੰਦੇ ਹੁੰਦੇ ਸਨ। ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਸੀ ਅਤੇ ਹੋਰ ਦੇਵੀ-ਦੇਵਤਿਆਂ ਲਈ ਵੀ ਵੱਖਰੇ ਵੱਖਰੇ ਪੂਜਾ ਸਥਾਨ ਹਨ। ਬਾਬਾ ਸ੍ਰੀ ਚੰਦ ਜੀ ਦੀ ਬਹੁਤ ਵੱਡੀ ਸੰਗਮਰਮਰ ਦੀ ਮੂਰਤੀ ਹੈ। ਇਸ ਤੋਂ ਛੁੱਟ ਬਾਬਾ ਸੰਗਤ ਸਾਹਿਬ ਜੀ (ਸੱਚੀ ਦਾੜ੍ਹੀ ਵਾਲੇ) ਅਤੇ ਇਸ ਅਖਾੜੇ ਦੇ ਰਹਿ ਚੁੱਕੇ ਮਹੰਤਾਂ ਦੀਆਂ ਵੀ ਤਸਵੀਰਾਂ ਹਨ। ਪੂਜਾ ਸਥਾਨ ਦੇ ਸਾਹਮਣੇ ਸਮਾਧੀਆਂ ਹਨ, ਜਿਨ੍ਹਾਂ ਦੇ ਦਰਸ਼ਨਾਂ ਲਈ ਕੁਝ ਪੌੜੀਆਂ ਚੜ੍ਹਨੀਆਂ ਪੈਂਦੀਆਂ ਹਨ। ਹਰ ਸਮਾਧੀ 'ਤੇ ਨਾਂ ਲਿਖਿਆ ਹੋਇਆ ਹੈ। ਮਹੰਤ ਸੰਤੋਖ ਦਾਸ ਜੀ ਦੀ ਸਮਾਧੀ ਸਭ ਤੋਂ ਵੱਡੀ ਹੈ।

ਸੰਮਤ 1811 ਵਿਚ ਮਹੰਤ ਸੰਤੋਖ ਦਾਸ ਜੀ ਨੇ ਅਖਾੜੇ ਦੀ ਨੀਂਹ ਰੱਖੀ ਸੀ। ਮੌਜੂਦਾ ਮਹੰਤ ਜੀ ਤੋਂ ਇਹ ਪੁੱਛੇ ਜਾਣ 'ਤੇ ਕਿ ਇਸ ਅਖਾੜੇ ਦਾ ਨਾਂ ਬ੍ਰਹਮ ਬੂਟਾ

ਕਿਵੇਂ ਪ੍ਰਚਲਿਤ ਹੋਇਆ। ਮਹੰਤ ਸੰਤੋਖ ਦਾਸ ਜੀ ਜਦੋਂ ਸਮੁੱਚੇ ਭਾਰਤ ਦੇ ਭ੍ਰਮ 'ਤੇ ਚੱਲਣ ਲੱਗੇ ਤਾਂ ਇਕ ਬੋਹੜ ਦਾ ਬੂਟਾ ਜੋ ਗਮਲੇ ਵਿਚ ਲੱਗਾ ਸੀ, ਮਹੰਤ ਜੀ ਨੇ ਉਸ ਬੂਟੇ ਨੂੰ ਮੁਖ਼ਾਤਿਬ ਹੋ ਕੇ ਕਿਹਾ ਕਿ ਅਸੀਂ ਹੁਣ ਤੀਰਥਾਂ ਦੀ ਯਾਤਰਾ 'ਤੇ ਚੱਲੇ ਹਾਂ ਤੇ ਤੁਸੀਂ ਕਿਰਪਾ ਕਰਕੇ ਆਪਣੇ ਬਾਲ ਸਰੂਪ ਵਿਚ ਹੀ ਰਹਿਣਾ। ਸੋ ਮਹੰਤ ਜੀ ਗਮਲੇ ਨੂੰ ਆਪਣੇ ਸਿਰ 'ਤੇ ਰੱਖ ਕੇ ਸਾਰੇ ਤੀਰਥਾਂ ਦਾ ਭ੍ਰਮਣ ਕਰ ਕੇ ਬਾਰ੍ਹਾਂ ਸਾਲ ਬਾਅਦ ਅੰਮ੍ਰਿਤਸਰ ਵਾਪਸ ਆਏ। ਆਪ ਜੀ ਨੇ ਇਹ ਬੂਟਾ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਲਗਾ ਦਿੱਤਾ। ਮਹੰਤ ਜੀ ਨੇ ਬੂਟੇ ਨੂੰ ਕਿਹਾ ਕਿ ਹੁਣ ਤੁਸੀਂ ਆਪਣੇ ਅਸਲੀ ਰੂਪ ਵਿਚ ਵਧੋ ਫੁੱਲੋ। ਬ੍ਰਹਮ ਬੂਟੇ ਨੇ ਵਧਣਾ ਸ਼ੁਰੂ ਕਰ ਦਿੱਤਾ। ਉਸੇ ਬੂਟੇ ਦੇ ਨਾਂ 'ਤੇ ਇਸ ਅਖਾੜੇ ਦਾ ਨਾਮ ਪ੍ਰਸਿੱਧ ਹੋਇਆ। ਪਰਿਕਰਮਾ ਪੂਰਬੀ ਕੋਣ ਵਿਚ ਜੋ ਬਾਰ੍ਹਾਂ ਸਾਲਾਂ ਵਿਚ 360 ਤੀਰਥਾਂ ਦਾ ਇਸ਼ਨਾਨ ਕਰ ਕੇ ਨਿਰਬਾਣ ਜੀ ਦੇ ਹੁਕਮ ਅਨੁਸਾਰ ਇਥੇ ਸਮਾਧੀ ਵਿਚ ਟਿਕ ਗਿਆ ਸੀ।

ਸਿੱਖ ਰਾਜ ਸਮੇਂ ਅਖਾੜਿਆਂ ਨੂੰ ਜੋ ਕੁਝ ਗਰਾਂਟ ਮਿਲਦੀ ਸੀ, ਉਸ ਵਿੱਚੋਂ 18000 ਰੁਪਏ ਅਖਾੜਾ ਬ੍ਰਹਮ ਬੂਟਾ ਨੂੰ ਦਿੱਤਾ ਜਾਂਦਾ ਸੀ। ਪਰ ਉੱਨ੍ਹੀਵੀਂ ਸਦੀ ਵਿਚ ਇਹ ਸਿਰਫ਼ 7000 ਰੁਪਏ ਰਹਿ ਗਈ। ਰਾਜਾ ਗੁਲਾਬ ਸਿੰਘ ਜੀ ਵੱਲੋਂ ਵੀ ਇਸ ਅਖਾੜੇ ਨੂੰ ਤਿੰਨ ਪਿੰਡ ਦਿੱਤੇ ਗਏ, ਜਿਨ੍ਹਾਂ ਤੋਂ 1600 ਰੁਪਏ ਸਾਲਾਨਾ ਪ੍ਰਾਪਤ ਹੁੰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੀ ਤਰ੍ਹਾਂ ਮਹਾਰਾਜਾ ਖੜਕ ਸਿੰਘ ਨੇ ਵੀ ਸਤਿਕਾਰ ਵਜੋਂ ਮਹੰਤ ਬ੍ਰਹਮ ਹਰੀ ਜੀ ਦੇ ਸਮੇਂ ਇਕ ਪਿੰਡ ਲੁਹਾਰ ਵਾਲੀ ਦੀ ਜਾਗੀਰ ਇਸ ਅਖਾੜੇ ਦੇ ਨਾਮ ਲਗਵਾਈ ਸੀ।

ਮਹੰਤ ਸੰਤੋਖ ਦਾਸ ਜੀ 1850 ਈ. ਨੂੰ ਅਕਾਲ ਚਲਾਣਾ ਕਰ ਗਏ। ਉਹਨਾਂ ਤੋਂ ਬਾਅਦ ਜੋ ਮਹੰਤ ਬਣੇ, ਉਹਨਾਂ ਦਾ ਸਜਰਾ ਇਸ ਪ੍ਰਕਾਰ ਹੈ:

> 1. ਮਹੰਤ ਆਪ ਬ੍ਰਹਮ ਜੀ, 2. ਮਹੰਤ ਬ੍ਰਹਮ ਹਰੀ ਜੀ, 3. ਮਹੰਤ ਬ੍ਰਹਮ ਬੂਟਾ ਜੀ, 4. ਮਹੰਤ ਨਿਰੰਜਨ ਦਾਸ ਜੀ, 5. ਮਹੰਤ ਪ੍ਰਾਗ ਦਾਸ ਜੀ, 6. ਮਹੰਤ ਸਾਧੂ ਰਾਮ ਜੀ, 7. ਮਹੰਤ ਲਛਮਣ ਦਾਸ ਜੀ, 8. ਮਹੰਤ ਰਤਨ ਜੀ, 9. ਮਹੰਤ ਬਿਕਰਮ ਦਾਸ ਜੀ, 10. ਮਹੰਤ ਰਵਿੰਦਰ ਦਾਸ ਜੀ।

ਅਖਾੜੇ ਵਿਚ ਮਹੰਤ ਜੀ ਤੋਂ ਇਲਾਵਾ ਸਾਧ, ਮਾਲੀ ਅਤੇ ਮੁਨੀਮ ਰਹਿ ਰਹੇ ਹਨ। ਮਹੰਤ ਜੀ ਅਨੁਸਾਰ ਕੁਲ ਮਿਲਾ ਕੇ ਗਰਾਂਟ ਤੋਂ ਸਿਰਫ਼ 10,000/- ਰੁਪਏ ਸਾਲਾਨਾ ਪ੍ਰਾਪਤ ਹੁੰਦੇ ਹਨ। ਜਦ ਕਿ ਮਹੀਨੇ ਦਾ ਖ਼ਰਚ ਲਗਭਗ 25,000/- ਰੁਪਏ ਹੈ। ਇਸ ਅਖਾੜੇ ਦੇ ਨਾਂ 350 ਏਕੜ ਜ਼ਮੀਨ ਹੈ ਅਤੇ ਮਾਰਕੀਟ ਵਿਚ ਦੁਕਾਨਾਂ ਹਨ, ਜਿਨ੍ਹਾਂ ਤੋਂ ਕਿਰਾਇਆ ਪ੍ਰਾਪਤ ਹੁੰਦਾ ਹੈ ਅਤੇ ਅਖਾੜੇ ਦਾ ਇਸ ਸਾਰੀ ਆਮਦਨ ਨਾਲ ਕੰਮ-ਕਾਜ ਚੱਲਦਾ ਹੈ।

2. ਅਖਾੜਾ ਬਾਲਾ ਨੰਦ

ਅਖਾੜਾ ਬਾਲਾ ਨੰਦ ਬਾਜ਼ਾਰ ਮੋਚੀਆਂ ਵਿਚ ਸਥਿਤ ਹੈ। ਇਸ ਦਾ ਮੁੱਖ ਦਰਵਾਜ਼ਾ ਬਹੁਤ ਵੱਡਾ ਹੈ। ਦਰਵਾਜ਼ੇ ਤੋਂ ਲੰਘਣ ਉਪਰੰਤ ਬਹੁਤ ਵੱਡੀ ਡਿਓਢੀ

ਹੈ, ਜਿਸ ਕਰਕੇ ਇਸ ਦਾ ਨਾਂ ਡਿਓਢੀ ਵਾਲਾ ਅਖਾੜਾ ਵੀ ਪ੍ਰਸਿੱਧ ਹੈ। ਇਸ ਅਖਾੜੇ ਦੀ ਇਮਾਰਤ ਕਾਫ਼ੀ ਪੁਰਾਣੀ ਹੈ। ਡਿਓਢੀ ਲੰਘਣ ਤੋਂ ਬਾਅਦ ਇਕ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਉਸੇ ਕਮਰੇ ਵਿਚ ਬਾਬਾ ਸ੍ਰੀ ਚੰਦ ਜੀ ਅਤੇ ਇਸ ਅਖਾੜੇ ਵਿਚ ਹੋ ਚੁੱਕੇ ਸੰਤਾਂ ਦੀਆਂ ਫੋਟੋਆਂ ਵੀ ਲੱਗੀਆਂ ਹੋਈਆਂ ਹਨ। ਅਖਾੜੇ ਵਿਚ ਮਹੰਤਾਂ ਦੀਆਂ ਸਮਾਧਾਂ ਤੇ ਦੇਵਤਿਆਂ ਦੀਆਂ ਤਸਵੀਰਾਂ ਵੀ ਹਨ। ਇਸ ਅਖਾੜੇ ਵਿਚ ਕੰਧ ਚਿੱਤਰ ਬਣੇ ਹੋਏ ਹਨ, ਜੋ ਬਹੁਤ ਹੀ ਪੁਰਾਣੇ ਹਨ। ਇਕ ਚਿੱਤਰ ਵਿਚ ਭਗਵਾਨ ਜੀ ਰਾਜਾ ਬਲੀ ਤੋਂ ਢਾਈ ਕਰਮਾਂ ਜ਼ਮੀਨ ਦਾ ਦਾਨ ਮੰਗ ਰਹੇ ਹਨ ਅਤੇ ਦੇਵਤਿਆਂ ਦੇ ਸਮੁੰਦਰ ਮੰਥਨ ਦਾ ਚਿੱਤਰ ਵੀ ਬਣਿਆ ਹੋਇਆ ਹੈ। ਇਸ ਤੋਂ ਇਲਾਵਾ ਇਕ ਵੱਡੇ ਸਾਰੇ ਕੰਧ ਚਿੱਤਰ ਵਿਚ ਗੁਰੂ ਨਾਨਕ ਦੇਵ ਜੀ ਸਿੱਧਾਂ ਨਾਲ ਗੋਸਟਿ ਕਰ ਰਹੇ ਹਨ। ਅਖਾੜੇ ਵਿਚ ਇਕ ਅਜਿਹਾ ਕਮਰਾ ਹੈ, ਜਿਸ ਦੇ ਚਾਰੇ ਪਾਸੇ ਚਿੱਤਰਕਾਰੀ ਕੀਤੀ ਹੋਈ ਹੈ। ਇਹ ਚਿੱਤਰਕਾਰੀ ਹੱਥ ਲਾਇਆਂ ਹੀ ਖ਼ਰਾਬ ਹੁੰਦੀ ਹੈ। ਇਹ ਕਮਰਾ ਕਦੇ ਕਦਾਈਂ ਹੀ ਖੋਲ੍ਹਿਆ ਜਾਂਦਾ ਹੈ। ਇਥੇ ਦਸਾਂ ਪਾਤਸ਼ਾਹੀਆਂ, ਪਹਿਲੇ ਪੰਜ ਮਹੰਤਾਂ ਅਤੇ ਦਰੋਪਦੀ ਆਦਿ ਦੇ ਚਿੱਤਰ ਉਕਰੇ ਹੋਏ ਹਨ।

ਇਸ ਡੇਰੇ ਦੀ ਖ਼ਾਸੀਅਤ ਇਹ ਹੈ ਕਿ ਇਥੇ ਵਿਦਿਆਰਥੀਆਂ ਨੂੰ ਸੰਸਕ੍ਰਿਤ ਦੀ ਸਿੱਖਿਆ ਵੀ ਦਿੱਤੀ ਜਾ ਰਹੀ ਹੈ। ਮਹੰਤ ਤੋਂ ਇਲਾਵਾ ਲਾਂਗਰੀ ਅਤੇ ਲਗਭਗ 10 ਹੋਰ ਸੰਤ ਰਹਿ ਰਹੇ ਹਨ। ਇਥੇ ਸੰਗਤ ਅਤੇ ਯਾਤਰੂਆਂ ਦੇ ਰਹਿਣ ਵਾਸਤੇ ਪੂਰਾ ਪ੍ਰਬੰਧ ਹੈ। ਆਰਥਿਕ ਤੌਰ 'ਤੇ ਡੇਰਾ ਬਹੁਤ ਮਜ਼ਬੂਤ ਹੈ। ਡੇਰੇ ਕੋਲ ਆਪਣੀ 80 ਕਿੱਲੇ ਜ਼ਮੀਨ ਹਰੀਕੇ ਪੱਤਣ ਵਿਚ ਹੈ। ਜਿਸ 'ਤੇ ਖੇਤੀ ਮਹੰਤ ਆਪ ਕਰਦੇ ਹਨ। ਇਸ ਅਖਾੜੇ ਦੀ ਮਾਲੀ ਹਾਲਾਤ ਬਹੁਤ ਬੇਹਤਰ ਹੈ।

ਇਸ ਅਖਾੜੇ ਦੀ ਨੀਂਹ ਬਾਲਾ ਨੰਦ ਜੀ ਨੇ ਸੰਮਤ 1832 ਵਿਚ ਰੱਖੀ। ਮਹੰਤ ਜੀ ਦੇ ਨਾਂ 'ਤੇ ਇਸ ਅਖਾੜੇ ਦਾ ਨਾਮ ਬਾਲਾ ਨੰਦ ਪ੍ਰਸਿੱਧ ਹੋਇਆ। ਇਸ ਅਖਾੜੇ ਵਿਚਲੀ ਚਿੱਤਰਕਾਰੀ ਅਤੇ ਇਮਾਰਤ ਦਾ ਕੁਝ ਕੰਮ ਮਹੰਤ ਬਿਸ਼ੰਭਰ ਪ੍ਰਸਾਦ ਜੀ, ਜੋ ਕਿ ਪੰਜਵੀਂ ਪੀੜ੍ਹੀ ਦੇ ਸਨ, ਸਮੇਂ ਹੋਇਆ। ਮਹੰਤ ਬਾਲਾ ਜੀ ਸੰਸਕ੍ਰਿਤ ਦੇ ਬਹੁਤ ਹੀ ਗਿਆਨਵਾਨ ਪੰਡਿਤ ਸਨ। ਉਨ੍ਹਾਂ ਨੇ ਆਪਣੀ ਵਿਦਵਤਾ ਸਦਕਾ ਇਹਨਾਂ ਦੇ ਸਰਦਾਰ ਅਲਬੇਲ ਸਿੰਘ ਜੱਲੇਵਾਲੀਆਂ ਪਾਸੋਂ ਜਿਹਲਮ ਵਿਚ 1380/- ਰੁਪੈ ਦੀ ਜਾਗੀਰ ਪ੍ਰਾਪਤ ਕੀਤੀ। ਇਸ ਅਖਾੜੇ ਦੀ ਗੁਰ-ਪ੍ਰਣਾਲੀ ਇਸ ਪ੍ਰਕਾਰ ਹੈ: ਮਹੰਤ ਟਹਿਲ ਦਾਸ, ਮਹੰਤ ਬਾਲਾ ਨੰਦ, ਮਹੰਤ ਬਿਸ਼ੇਸ਼ਰ ਦਾਸ, ਮਹੰਤ ਅਰਜਨ ਦਾਸ, ਮਹੰਤ ਬਿਸ਼ੰਭਰ ਦਾਸ, ਮਹੰਤ ਧਰਮ ਪ੍ਰਸਾਦਿ, ਮਹੰਤ ਸਵਰਨ ਪ੍ਰਸਾਦਿ (ਵਰਤਮਾਨ ਮੁਖੀ)।

3. ਅਖਾੜਾ ਬੇਰੀ ਵਾਲਾ

ਅਖਾੜਾ ਬੇਰੀ ਵਾਲਾ ਦੀ ਨੀਂਹ ਘਮੰਡਾ ਦਾਸ ਜੀ ਨੇ ਸੰਮਤ 1822 ਬਿ: ਵਿਚ ਰੱਖੀ ਸੀ। ਇਸ ਸਥਾਨ 'ਤੇ ਬਹੁਤ ਸਾਰੀਆਂ ਬੇਰੀਆਂ ਹੋਣ ਕਰਕੇ ਇਸ ਦਾ ਨਾਮ ਬੇਰੀ ਵਾਲਾ ਅਖਾੜਾ ਪ੍ਰਸਿੱਧ ਹੋਇਆ। ਇਹ ਅਖਾੜਾ ਗੁਰੂ ਰਾਮਦਾਸ ਸਰਾਂ ਦੇ ਗੇਟ

ਦੇ ਬਿਲਕੁਲ ਸਾਹਮਣੇ ਹੈ। ਅਖਾੜੇ ਦਾ ਅਗਲਾ ਹਿੱਸਾ ਕਿਰਾਏ 'ਤੇ ਦਿੱਤਾ ਹੋਇਆ ਹੈ। ਅੰਦਰਵਾਰੋਂ ਅਖਾੜੇ ਦੀ ਕਾਫ਼ੀ ਖੁੱਲ੍ਹੀ ਜਗ੍ਹਾ ਹੈ। ਇਥੇ ਇਕ ਗ੍ਰੰਥੀ ਅਤੇ ਮਹੰਤ ਜੀ ਦਾ ਕਮਰਾ ਹੈ। ਇਹਨਾਂ ਦੇ ਕਮਰਿਆਂ ਦੇ ਸਾਹਮਣੇ ਪੂਜਾ ਸਥਾਨ ਹੈ। ਅਖਾੜੇ ਵਿਚ ਇਕ ਕਮਰੇ ਵਿਚ ਬਾਬਾ ਸ੍ਰੀ ਚੰਦ ਜੀ ਦੀ ਸੰਗਮਰਮਰ ਦੀ ਬਹੁਤ ਵੱਡੀ ਮੂਰਤ ਹੈ ਅਤੇ ਨਾਲ ਹੀ ਕੰਧ ਚਿੱਤਰ ਹਨ, ਜੋ ਦੇਖਣ ਯੋਗ ਹਨ। ਇਹਨਾਂ ਚਿੱਤਰਾਂ ਵਿਚ ਮਹੰਤ ਸੰਤੋਖ ਦਾਸ ਜੀ, ਘਮੰਡਾ ਦਾਸ ਜੀ ਦੇ ਚਿੱਤਰ ਹਨ। ਦੂਸਰੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਅਖਾੜੇ ਦੀ ਇਮਾਰਤ ਦਾ ਕੁਝ ਭਾਗ ਨੀਲਾ ਤਾਰਾ ਦੀ ਕਾਰਵਾਈ ਦੌਰਾਨ ਢਹਿ-ਢੇਰੀ ਹੋ ਗਿਆ ਸੀ। ਅਖਾੜੇ ਵਿਚ ਇਕ ਅੱਠ ਨੁੱਕਰੀ ਖੂਹੀ ਹੈ, ਜਿਸ ਬਾਰੇ ਮਾਨਤਾ ਹੈ ਕਿ ਜਿਨ੍ਹਾਂ ਬੱਚਿਆਂ ਨੂੰ ਸੋਕਾ ਹੋਵੇ, ਉਨ੍ਹਾਂ ਨੂੰ ਖੂਹ ਦੇ ਪਾਣੀ ਵਿਚ ਨਹਾਇਆ ਜਾਵੇ ਤਾਂ ਉਹ ਸਿਹਤਮੰਦ ਹੋ ਜਾਂਦੇ ਹਨ।

ਅਖਾੜੇ ਦੇ ਸੰਸਥਾਪਕ ਮਹੰਤ ਘਮੰਡਾ ਦਾਸ ਜੀ ਦੇ ਗੁਰੂ ਬਾਬਾ ਗੁਰੀਆ ਜੀ ਸਨ। ਘਮੰਡਾ ਦਾਸ ਜੀ ਦੇ ਅੱਗੇ ਚਾਰ ਸੇਵਕ ਸਨ। ਮਹੰਤ ਚਰਨ ਦਾਸ ਜੀ, ਬਾਬਾ ਗਿਆਨ ਦਾਸ ਜੀ, ਬਾਵਾ ਪੂਰਨ ਦਾਸ ਜੀ, ਬਾਵਾ ਬਹਾਦਰ ਜੀ। ਇਸ ਅਖਾੜੇ ਦੀ ਗੁਰ-ਪ੍ਰਣਾਲੀ ਇਸ ਪ੍ਰਕਾਰ ਹੈ:

> ਨਿਰਬਾਣ ਸ੍ਰੀ ਸੰਗਤ ਸਾਹਿਬ ਜੀ ਸੱਚੀ ਦਾਹੜੀ, ਨਿਰਬਾਣ ਸ੍ਰੀ ਨਰਾਇਣ ਦਾਸ ਜੀ, ਬਾਬਾ ਗੁਰਬਖ਼ਸ਼ ਸਾਹਿਬ ਜੀ, ਨਿਰਬਾਣ ਬਾਬਾ ਗੁਰੀਆ ਸਾਹਿਬ ਜੀ, ਨਿਰਬਾਣ ਬਾਬਾ ਘਮੰਡਾ ਦਾਸ ਜੀ, ਮਹੰਤ ਚਰਨ ਦਾਸ ਜੀ, ਮਹੰਤ ਸੰਤ ਦਾਸ ਜੀ, ਮਹੰਤ ਸੇਵਾ ਦਾਸ ਜੀ, ਮਹੰਤ ਅਰਜਨ ਦਾਸ ਜੀ, ਮਹੰਤ ਸੁੰਦਰ ਦਾਸ ਜੀ, ਮਹੰਤ ਗੁਰਪ੍ਰਤਾਪ ਦਾਸ ਜੀ।

ਇਹ ਡੇਰਾ ਆਰਥਿਕ ਰੂਪ ਵਿਚ ਬਹੁਤ ਮਜ਼ਬੂਤ ਹੈ। ਇਸ ਕੋਲ ਕੁੱਲ 87 ਏਕੜ ਜ਼ਮੀਨ ਹੈ। ਇਹ ਜ਼ਮੀਨ ਪਿੰਡ ਰਾਣੀਵਾਲ 22 ਏਕੜ, ਮੁੰਡਾ ਪਿੰਡ 12 ਏਕੜ, ਪਿੰਡੋਰੀ ਵੜੈਚ 37 ਏਕੜ, ਭਾਗੋਵਾਲ 16 ਏਕੜ ਜ਼ਮੀਨ ਹੈ। ਜ਼ਮੀਨ ਦੀ ਵਾਹੀ ਖੇਤੀ ਅਖਾੜੇ ਦੇ ਸੰਤ ਆਪ ਹੀ ਕਰਦੇ ਹਨ। ਇਥੋਂ ਪ੍ਰਾਪਤ ਰਸਦ ਤੋਂ ਹੀ ਲੰਗਰ ਚਲਾਇਆ ਜਾਂਦਾ ਹੈ। ਇਸ ਤੋਂ ਇਲਾਵਾ ਅਖਾੜੇ ਕੋਲ ਆਪਣੀਆਂ ਕੁਝ ਦੁਕਾਨਾਂ ਕਰੋੜੀ ਚੌਂਕ ਅਤੇ ਪਰਾਗ ਦਾਸ ਚੌਂਕ ਵਿਚ ਹਨ, ਜੋ ਕਿਰਾਏ 'ਤੇ ਦਿੱਤੀਆਂ ਹਨ। ਅਖਾੜੇ ਦਾ ਬਾਹਰਲਾ ਹਿੱਸਾ ਵੀ ਕਿਰਾਏ 'ਤੇ ਦਿੱਤਾ ਹੋਇਆ ਹੈ, ਜਿਸ ਤੋਂ ਕਾਫ਼ੀ ਆਮਦਨ ਪ੍ਰਾਪਤ ਹੁੰਦੀ ਹੈ। ਅਖਾੜੇ ਵਿਚ ਸਮਾਜਿਕ ਪੱਧਰ 'ਤੇ ਮਹੰਤ ਹਰਨਾਮ ਦਾਸ ਜੀ ਦੀ ਯਾਦ ਵਿਚ ਇਕਾਦਸੀ ਦਾ ਸ਼ਰਾਧ ਮਨਾਇਆ ਜਾਂਦਾ ਹੈ। ਇਸ ਸਭ ਦੇ ਸੰਚਾਲਨ ਲਈ ਇਕ ਕਮੇਟੀ ਬਣਾਈ ਗਈ ਹੈ। ਮਹੰਤ ਆਪਣੀ ਇਸ ਕਮੇਟੀ ਦੇ ਮੈਂਬਰ ਹਨ।

4. ਅਖਾੜਾ ਚਿੱਟਾ

ਇਹ ਅਖਾੜਾ ਬਾਜ਼ਾਰ ਮਾਈ ਸੇਵਾਂ ਵਿਚ ਸਥਿਤ ਹੈ। ਇਸ ਅਖਾੜੇ ਅੰਦਰ ਦਾਖ਼ਲ ਹੁੰਦਿਆਂ ਹੀ ਛੋਟੀ ਜਿਹੀ ਡਿਓਢੀ ਹੈ, ਫਿਰ ਵਿਹੜਾ ਹੈ ਅਤੇ ਸਾਹਮਣੇ ਪੂਜਾ

ਵਾਲਾ ਕਮਰਾ ਹੈ। ਵਿਹੜੇ ਦੀ ਕੰਧ ਦੇ ਉਪਰਲੇ ਹਿੱਸੇ 'ਤੇ ਚਾਰੇ ਪਾਸੇ ਚਿੱਤਰਕਾਰੀ ਕੀਤੀ ਹੋਈ ਹੈ। ਇਸ ਚਿੱਤਰਕਾਰੀ ਵਿਚ ਗੋਰਖ ਨਾਥ, ਵਿਅਕਰਣੀ, ਗੁਰੂ ਸਾਹਿਬਾਨ ਦੀਆਂ ਤਸਵੀਰਾਂ ਬਣਾਈਆਂ ਹੋਈਆਂ ਹਨ। ਇਸ ਅਖਾੜੇ ਵਿਚ 'ਲਛਮੀ ਉਲਾਸ ਗ੍ਰੰਥ' ਦਾ ਪ੍ਰਕਾਸ਼ ਹੈ, ਜੋ ਕਿ ਬੇਦੀ ਵੰਸ ਵਿੱਚੋਂ ਕਿਸੇ ਦਾ ਲਿਖਿਆ ਹੋਇਆ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਜਪੁਜੀ ਸਾਹਿਬ, ਰਾਮਾਇਣ ਅਤੇ ਗੀਤਾ ਦਾ ਪਾਠ ਵੀ ਕੀਤਾ ਜਾਂਦਾ ਹੈ। ਹਿੰਦੂ ਧਰਮਾਂ ਅਤੇ ਰਹੁ-ਰੀਤਾਂ ਦਾ ਸਿੱਖੀ ਦਾ ਸੁਮੇਲ ਇਸ ਅਖਾੜੇ ਵਿਚ ਪਾਇਆ ਜਾਂਦਾ ਹੈ।

ਇਸ ਅਖਾੜੇ ਦੀ ਸਥਾਪਨਾ ਮਹੰਤ ਗੰਗਾ ਰਾਮ ਵਿਅਕਰਣੀ ਜੀ ਨੇ 1871-72 ਈ. ਵਿਚ ਕੀਤੀ। ਸਿੱਖ ਸਰਦਾਰਾਂ ਤੋਂ ਜਗੀਰ ਪ੍ਰਾਪਤ ਕਰ ਕੇ ਇਸ ਅਖਾੜੇ ਦੇ ਲੰਗਰ ਨੂੰ ਚਲਾਇਆ। ਮਹੰਤ ਗੰਗਾ ਰਾਮ ਵਿਅਕਰਣੀ ਜੀ ਪਹਿਲਾਂ ਕਾਸ਼ੀ ਰਹਿੰਦੇ ਸਨ ਅਤੇ ਉਥੇ ਹੀ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਸਨ। ਮਹੰਤ ਗੰਗਾ ਰਾਮ ਵਿਅਕਰਣੀ ਜੀ ਨੇ ਇਸ ਤਰ੍ਹਾਂ ਦਾ ਇਕ ਮਕਾਨ ਕਾਸ਼ੀ ਵਿਚ ਵੀ ਬਣਵਾਇਆ ਸੀ। ਅਖਾੜੇ ਦੇ ਮਹੰਤ ਦਮੋਦਰ ਜੀ ਸਨ, ਜਿਨ੍ਹਾਂ ਨੇ 25 ਸਾਲ ਤੋਂ ਇਸ ਅਖਾੜੇ ਦੀ ਸੇਵਾ ਵਿਚ ਲਗਾਏ ਸਨ।

ਇਸ ਅਖਾੜੇ ਦੀ ਆਰਥਿਕ ਹਾਲਤ ਬਹੁਤ ਚੰਗੀ ਨਹੀਂ ਹੈ। ਫਿਰ ਵੀ ਅਖਾੜੇ ਦੀ ਉਪਰਲੀ ਮੰਜ਼ਿਲ 'ਤੇ ਯਾਤਰੂਆਂ ਦੇ ਰਹਿਣ ਲਈ ਕਮਰੇ ਬਣਾਏ ਹੋਏ ਹਨ ਅਤੇ ਯਾਤਰੂਆਂ ਨੂੰ ਰਹਿਣ ਲਈ ਜਗ੍ਹਾ ਅਤੇ ਲੰਗਰ ਮੁਹੱਈਆ ਕਰਵਾਇਆ ਜਾਂਦਾ ਹੈ। ਇਸ ਅਖਾੜੇ ਵਿਚ ਰਹਿਣ ਵਾਲਿਆਂ ਦੇ ਲੰਗਰ ਦੀ ਫ਼ਰੀ ਸੇਵਾ ਅਖਾੜੇ ਵੱਲੋਂ ਕੀਤੀ ਜਾਂਦੀ ਹੈ।

ਇਸ ਅਖਾੜੇ ਦਾ ਸਮਾਜਿਕ ਪ੍ਰਭਾਵ ਵੀ ਬਹੁਤ ਜ਼ਿਆਦਾ ਨਹੀਂ ਅਤੇ ਨਾ ਹੀ ਬਹੁਤੇ ਸ਼ਰਧਾਲੂ ਅਤੇ ਯਾਤਰੂਆਂ ਦਾ ਆਉਣਾ-ਜਾਣਾ ਹੈ। ਫਿਰ ਵੀ ਜਦੋਂ ਕੋਈ ਯਾਤਰੂ ਆਉਂਦਾ ਹੈ ਤਾਂ ਗੁਰੂ ਨਾਨਕ ਵੱਲੋਂ ਚਲਾਈ ਮਰਿਆਦਾ ਅਤੇ ਲੰਗਰ ਦੀ ਸੇਵਾ ਕੀਤੀ ਜਾਂਦੀ ਹੈ।

5. ਅਖਾੜਾ ਸੰਗਲ ਵਾਲਾ

ਇਹ ਅਖਾੜਾ ਮਾਈ ਸੇਵਾਂ ਬਾਜ਼ਾਰ ਵਿਚ ਸਥਿਤ ਹੈ। ਕੁਝ ਪੌੜੀਆਂ ਨੀਚੇ ਉਤਰ ਕੇ ਇਸ ਅਖਾੜੇ ਦਾ ਮੁੱਖ ਵੱਡਾ ਸਾਰਾ ਦਰਵਾਜ਼ਾ ਹੈ, ਜਿਸ ਰਾਹੀਂ ਅਖਾੜੇ ਦੇ ਅੰਦਰ ਪ੍ਰਵੇਸ਼ ਕੀਤਾ ਜਾਂਦਾ ਹੈ। ਇਸ ਅਖਾੜੇ ਦੇ ਅੰਦਰ ਵੜਦਿਆਂ ਹੀ ਸਾਹਮਣੇ ਇਕ ਵੱਡਾ ਸਾਰਾ ਕਮਰਾ ਹੈ, ਜਿਸ ਵਿਚ ਭਾਗਵਤ ਪੁਰਾਣ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਇਸ ਤੋਂ ਇਲਾਵਾ ਮਹੰਤ ਪ੍ਰੀਤਮ ਦਾਸ, ਸੰਤੋਖ ਦਾਸ ਅਤੇ ਹੋਰ ਮਹੰਤਾਂ ਦੀਆਂ ਫੋਟੋਆਂ ਲੱਗੀਆਂ ਹੋਈਆਂ ਹਨ। ਇਸ ਦੇ ਸਾਹਮਣੇ ਵਾਲੇ ਕਮਰੇ ਵਿਚ ਬਾਬਾ ਸ੍ਰੀ ਚੰਦ ਜੀ ਦੀ ਸੰਗਮਰਮਰ ਦੀ ਮੂਰਤੀ ਹੈ, ਜਿਸ ਵਿਚ ਬਹੁਤ ਹੀ ਸੁੰਦਰ ਚਿੱਤਰਕਾਰੀ ਸੀ। ਮਹੰਤ ਜੀ ਦੇ ਦੱਸਣ ਅਨੁਸਾਰ ਛੱਤ ਪੁਰਾਣੀ ਹੋਣ ਕਾਰਨ ਢਹਿ ਗਈ ਸੀ, ਜਿਸ ਨਾਲ ਸਾਰੀ ਚਿੱਤਰਕਾਰੀ ਖ਼ਰਾਬ ਹੋ ਗਈ। ਇਸ ਕਮਰੇ ਦੇ ਨਾਲ ਹੀ ਸਮਾਧਾਂ

ਹਨ ਅਤੇ ਸਮਾਧਾਂ ਤੋਂ ਅੱਗੇ ਇਕ ਹੋਰ ਕਮਰੇ ਵਿਚ ਬਹੁਤ ਸਾਰੇ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਹਨ। ਇਸ ਤੋਂ ਹੋਰ ਥੋੜ੍ਹੀ ਅੱਗੇ ਜਾ ਕੇ ਧੂਣੀ ਹੈ। ਉਸ ਧੂਣੀ 'ਤੇ ਬੈਠ ਕੇ ਮਹੰਤ ਜੀ ਬੰਦਗੀ ਕਰਦੇ ਹਨ। ਮੁੱਖ ਦੁਆਰ ਤੋਂ ਸੱਜੇ ਪਾਸੇ ਥੱਲੇ ਵੀ ਕਮਰੇ ਹਨ ਅਤੇ ਉਪਰ ਛੱਤ 'ਤੇ ਵੀ ਕਮਰੇ ਬਣੇ ਹਨ।

ਇਸ ਅਖਾੜੇ ਦੀ ਰਚਨਾ ਸੰਮਤ 1838 ਬਿ: ਵਿਚ ਮਹੰਤ ਪ੍ਰੀਤਮ ਦਾਸ ਜੀ ਨੇ ਕੀਤੀ, ਜੋ ਕਿ ਪੰਚਾਇਤੀ ਅਖਾੜੇ ਦੇ ਵੀ ਮੋਢੀ ਸਨ। ਜਟਾਵਾਂ ਦਾ ਆਰੰਭ ਵੀ ਮਹੰਤ ਪ੍ਰੀਤਮ ਦਾਸ ਜੀ ਦੇ ਸਮੇਂ ਤੋਂ ਹੋਇਆ। ਇਹ ਅਖਾੜਾ ਉਸ ਸਮੇਂ ਦਾ ਪਹਿਲਾ ਨਿਰਵਾਣ ਅਖਾੜਾ ਸੀ। ਮਹੰਤ ਚਰਨ ਦਾਸ ਜੀ ਤੋਂ ਬਾਅਦ ਅਖਾੜੇ ਦੇ ਦਰਵਾਜ਼ੇ 'ਤੇ ਸੰਗਲ ਲਗਾਇਆ ਗਿਆ, ਜਿਸ ਕਰਕੇ ਇਸ ਦਾ ਨਾਂ ਸੰਗਲ ਵਾਲਾ ਅਖਾੜਾ ਪ੍ਰਸਿੱਧ ਹੋਇਆ। ਗਿਆਨੀ ਗਿਆਨ ਸਿੰਘ ਜੀ *ਪੰਥ ਪ੍ਰਕਾਸ਼* ਵਿਚ ਲਿਖਦੇ ਹਨ ਕਿ ਪ੍ਰੀਤਮ ਦਾਸ ਇਕ ਮਹਾਤਮਾ ਉਦਾਸੀ ਸਾਧੂ ਸਨ, ਜੋ ਸੰਗਤ ਦਾਸ ਜੀ ਦਾ ਸੰਮਤ 1820 ਵਿਚ ਚੇਲਾ ਬਣਿਆ। ਇਸ ਨੂੰ 'ਨਿਰਬਾਣ' ਪਦਵੀ ਅਤੇ ਵਿਭੂਤਿ (ਭਸਮ) ਦਾ ਗੋਲਾ ਮਹਾਤਮਾ ਬਨਖੰਡੀ ਜੀ ਨੇ ਦਿੱਤਾ। ਸੰਮਤ 1838 ਵਿਚ ਰਾਵੀ ਤੋਂ ਨਹਿਰ (ਹੰਸਲੀ) ਲਿਆ ਕੇ ਅੰਮ੍ਰਿਤਸਰ ਸਰੋਵਰ ਵਿਚ ਜਲ ਪਾਉਣ ਦੀ ਸੇਵਾ ਨਿਰਵਾਨ ਪ੍ਰੀਤਮ ਦਾਸ ਜੀ ਅਤੇ ਮਹੰਤ ਸੰਤੋਖ ਦਾਸ ਜੀ ਨੇ ਰਲ ਕੇ ਕਰਵਾਈ।

ਪਹਿਲਾਂ ਅੰਮ੍ਰਿਤਸਰ ਤਾਲ ਵਿਚ ਵਰਖਾ ਰੁੱਤ ਦਾ ਜਲ ਹੀ ਜਮ੍ਹਾਂ ਹੁੰਦਾ ਸੀ, ਜੋ ਸਿਆਲ ਵਿਚ ਵਰਖਾ ਘੱਟ ਹੋਣ ਸਮੇਂ ਅਮੂਮਨ ਸੁੱਕ ਜਾਇਆ ਕਰਦਾ ਸੀ। ਸੰਮਤ 1840 ਵਿਚ ਸਿਆਲ ਵਿਚ ਛੱਡਿਆ ਸਾਉਣ ਵਿਚ ਵੀ ਵਰਖਾ ਨਾ ਹੋਈ। ਇਸ ਕਰਕੇ ਸਰੋਵਰ ਵਿਚ ਜਲ ਵੱਲੋਂ ਸੋਕਾ ਵਰਤ ਗਿਆ। ਉਸ ਸਮੇਂ ਭਾਈ ਮੀਹਾਂ ਸਾਹਿਬ ਦੇ ਸੇਵਕਾਂ 'ਚੋਂ ਮਹੰਤ ਸੰਤੋਖ ਦਾਸ ਜੀ ਸਿੱਖ ਪੰਥ ਵਿਚ ਬੜੇ ਕਰਨੀ-ਕਰਤੂਤ ਵਾਲੇ ਮੰਨੇ-ਪ੍ਰਮੰਨੇ ਸਾਧੂ ਸਨ। ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀਆਂ, ਗ੍ਰੰਥੀਆਂ ਤੇ ਪੰਥ ਦੇ ਹੋਰ ਪ੍ਰਤਿਨਿਧਤਾਂ ਮਿਲ ਕੇ ਇਨ੍ਹਾਂ ਦੋਹਾਂ ਮਹਾਤਮਾਵਾਂ ਪਾਸ ਪ੍ਰਾਰਥਨਾ ਕੀਤੀ ਕਿ ਵਰਖਾ ਦੀ ਔੜ ਦੇ ਕਾਰਨ 'ਸੁਧਾਸਰ' ਮਸਤਾਨਾ ਪਿਆ ਹੈ। ਕੋਈ ਐਸੀ ਵਿਉਂਤ ਬਣਾਓ ਕਿ ਰਾਵੀ ਨਦੀ ਵਿੱਚੋਂ ਨਹਿਰ ਲਿਆ ਕੇ ਇਸ ਥੁੜ ਦੀ ਹਮੇਸ਼ਾਂ ਲਈ ਸਮਾਪਤੀ ਹੋ ਸਕੇ। ਦੋਹਾਂ ਮਹਾਤਮਾਵਾਂ ਨੇ ਮਿਲ ਕੇ ਇਸ ਲੋੜ ਨੂੰ ਪੂਰਿਆਂ ਕਰਨ ਹਿੱਤ ਲੱਕ ਬੰਨ੍ਹ ਲਿਆ ਤੇ ਪੰਜ ਸੌ ਸਾਧੂਆਂ ਦੀ ਜਮਾਤ ਲੈ ਕੇ ਪਠਾਨਕੋਟ ਦੇ ਹਾਕਮ ਭੰਗੀ ਸਰਦਾਰ ਪਾਸ ਪਹੁੰਚੇ। ਉਸ ਨੂੰ ਪ੍ਰੇਰ ਕੇ ਰਾਵੀ ਤੋਂ ਨਹਿਰ ਖਟਾਉਣੀ ਪ੍ਰਵਾਨ ਕਰਵਾਈ। ਉਸ ਭਲੇ ਲੋਕ ਨੇ ਆਪਣੇ ਖ਼ਰਚ ਨਾਲ ਨਹਿਰ (ਹੰਸਲੀ) ਆਪਣੀ ਹੱਦ ਤਕ ਪਹੁੰਚਾ ਦਿੱਤੀ। ਇਸੇ ਤਰ੍ਹਾਂ ਸੰਤਾਂ ਨੇ ਹੋਰਨਾਂ ਰਈਸਾਂ, ਸਰਦਾਰਾਂ ਨੂੰ ਉਤਸ਼ਾਹਿਤ ਕਰ ਕੇ ਆਪੋ ਆਪਣੇ ਹਿੱਸੇ ਦੀ ਹੰਸਲੀ ਤਿਆਰ ਕਰਵਾਈ। ਅਰੁ ਗੁਰੂ-ਚੱਕ ਦੀ ਹੱਦ ਅੰਦਰ ਇਕ ਮੀਲ ਤਕ ਲੰਮੀਂ ਹੰਸਲੀ ਦੀ ਸੇਵਾ ਬਾਬਾ ਸੰਤੋਖ ਦਾਸ ਜੀ ਨੇ ਆਪ ਮਾਇਆ ਤੇ ਮਿਹਨਤ ਖ਼ਰਚ ਕੇ ਕੀਤੀ। ਉਤਲੇ ਦੇਸ਼ ਵਿਚ ਜਿਥੋਂ ਜਿਥੋਂ ਦੀ ਹੰਸਲੀ ਨਹਿਰ ਲੰਘੀ, ਹੇਠ ਲਿਖੇ ਹਾਕਮ ਰਾਜ ਕਰਦੇ ਸਨ। ਇਹਨਾਂ ਦੇ ਆਪਣੇ ਆਪਣੇ ਰਾਜ ਦੀ ਹੰਸਲੀ ਬਣਾਉਣ ਦੀ ਖ਼ਿਦਮਤ ਕਰਕੇ ਜੱਸ ਖੱਟਿਆ। ਬਾਬਾ ਪ੍ਰੀਤਮ

ਦਾਸ ਜੀ ਨਿਰਬਾਣ ਤੋਂ ਬਾਅਦ ਜੋ ਇਸ ਅਖਾੜੇ ਦੇ ਮਹੰਤ ਰਹੇ, ਉਹਨਾਂ ਦੇ ਨਾਂ ਇਸ ਪ੍ਰਕਾਰ ਹਨ :

> 1. ਮਹੰਤ ਪ੍ਰੀਤਮ ਦਾਸ ਜੀ, 2. ਮਹੰਤ ਬ੍ਰਹਮ ਨਿਜਰੂਪ ਜੀ, 3. ਮਹੰਤ ਮਿਤਿਯ ਨੰਦ ਜੀ, 4. ਮਹੰਤ ਪਰਮਾਨੰਦ ਜੀ, 5. ਮਹੰਤ ਚਰਨ ਦਾਸ ਜੀ, 6. ਮਹੰਤ ਬੁੱਧ ਪ੍ਰਕਾਸ਼ ਜੀ, 7. ਮਹੰਤ ਹੀਰਾ ਨੰਦ ਜੀ, 8. ਮਹੰਤ ਸੰਤ ਰਾਮ ਜੀ, 9. ਮਹੰਤ ਅੰਮ੍ਰਿਤਾਨੰਦ ਜੀ, 10. ਮਹੰਤ ਨਰਬਦਾ ਨੰਦ ਜੀ, 11. ਮਹੰਤ ਅਨੰਤਾ ਨੰਦ ਜੀ।

ਮਹੰਤ ਅਨੰਤਾ ਨੰਦ ਜੀ, ਜੋ ਕਿ ਸੰਮਤ 1978 ਬਿ: ਵਿਚ ਇਸ ਅਖਾੜੇ ਦੇ ਮਹੰਤ ਵਜੋਂ ਸੇਵਾ ਨਿਭਾਈ। ਉਹਨਾਂ ਨੇ ਬੜੇ ਹੀ ਉੱਚੇ-ਸੁੱਚੇ ਵਿਚਾਰਾਂ ਨਾਲ ਬੜੀ ਲਗਨ ਅਤੇ ਮਿਹਨਤ ਨਾਲ ਅਖਾੜੇ ਦਾ ਪ੍ਰਬੰਧ ਸੰਭਾਲਿਆ।

ਡੇਰੇ ਦੀ ਆਰਥਿਕ ਸਥਿਤੀ ਬਹੁਤ ਕਮਜ਼ੋਰ ਨਹੀਂ ਹੈ। ਮਹੰਤ ਜੀ ਦੇ ਦੱਸਣ ਅਨੁਸਾਰ ਇਸ ਡੇਰੇ ਕੋਲ ਆਪਣੀ 24 ਏਕੜ ਜ਼ਮੀਨ ਹੈ, ਜੋ ਧਾਰੀਵਾਲ ਵਿਚ ਹੈ। ਖੇਤੀ ਸੰਤ ਆਪ ਹੀ ਕਰਦੇ ਹਨ। ਡੇਰੇ ਕੋਲ ਆਪਣੀਆਂ ਕੁਝ ਦੁਕਾਨਾਂ ਹਨ, ਜੋ ਕਿਰਾਏ 'ਤੇ ਦਿੱਤੀਆਂ ਹਨ। ਦੁਕਾਨਾਂ ਤੋਂ ਕਿਰਾਏ ਅਤੇ ਉਪਜ ਤੋਂ ਹੀ ਅਖਾੜੇ ਦਾ ਖ਼ਰਚਾ ਚੱਲਦਾ ਹੈ। ਡੇਰੇ ਵਿਚ ਲੰਗਰ ਦੋਨੋਂ ਸਮੇਂ ਚੱਲਦੇ ਹਨ ਅਤੇ ਬਾਹਰੋਂ ਆਏ ਯਾਤਰੂ ਅਤੇ ਸ਼ਰਧਾਲੂਆਂ ਦੀ ਸੇਵਾ ਚੰਗੀ ਤਰ੍ਹਾਂ ਕੀਤੀ ਜਾਂਦੀ ਹੈ। ਸੰਗਤ ਦੇ ਰਹਿਣ ਲਈ ਖੁੱਲ੍ਹੇ ਅਤੇ ਹਵਾਦਾਰ ਕਮਰੇ ਬਣੇ ਹੋਏ ਹਨ। ਉਂਜ ਵੀ ਅਖਾੜੇ ਵਿਚ 10 ਤੋਂ ਵੱਧ ਮੈਂਬਰ ਰਹਿ ਰਹੇ ਹਨ। ਅਖਾੜੇ ਦਾ ਸਮਾਜਿਕ ਪ੍ਰਭਾਵ ਵਧੀਆ ਹੈ। ਦੋ ਵਾਰ ਆਰਤੀ ਹੁੰਦੀ ਹੈ। ਬਾਬਾ ਸ੍ਰੀ ਚੰਦ ਦਾ ਆਰਤਾ ਵੀ ਪੜ੍ਹਿਆ ਜਾਂਦਾ ਹੈ। ਹੋਰ ਗ੍ਰੰਥਾਂ ਦਾ ਪਾਠ ਵੀ ਹੁੰਦਾ ਹੈ।

6. ਅਖਾੜਾ ਪੰਚਾਇਤੀ

ਇਹ ਅਖਾੜਾ ਭੂਸ਼ਨਪੁਰੇ ਵਿਚ ਹੈ। ਇਸ ਦੀ ਇਮਾਰਤ ਕੋਈ ਵੱਡੀ ਨਹੀਂ ਹੈ। ਅਖਾੜੇ ਦੇ ਅੰਦਰ ਵੜਦਿਆਂ ਇਕ ਛੋਟੀ ਜਿਹੀ ਡਿਓਢੀ ਹੈ ਅਤੇ ਡਿਓਢੀ ਤੋਂ ਬਾਅਦ ਕਾਫ਼ੀ ਖੁੱਲ੍ਹਾ ਵਿਹੜਾ ਹੈ। ਸਾਹਮਣੇ ਕਮਰੇ ਵਿਚ ਬਾਬਾ ਸ੍ਰੀ ਚੰਦ ਜੀ ਅਤੇ ਕੁਝ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਹਨ। ਕਮਰੇ ਦੇ ਬਾਹਰਵਾਰ ਇਕ ਸਮਾਧ ਹੈ, ਜੋ ਕਿ ਇਸ ਡੇਰੇ ਦੇ ਮੋਢੀ/ਸੰਸਥਾਪਕ ਬਾਬਾ ਹਰੀਸ਼ਰਨ ਦਾਸ ਜੀ ਦੀ ਹੈ। ਇਹ ਅਖਾੜਾ ਕਦੋਂ ਹੋਂਦ ਵਿਚ ਆਇਆ, ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲ ਸਕੀ।

ਪੰਚਾਇਤੀ ਅਖਾੜੇ ਦੇ ਸੰਬੰਧ ਹਰਿਦੁਆਰ ਦੇ ਉਦਾਸੀਨ ਪੰਚਾਇਤ ਅਖਾੜੇ ਨਾਲ ਹੈ। ਇਥੋਂ ਦਾ ਮਹੰਤ ਹਰਿਦੁਆਰ ਤੋਂ ਨਿਯੁਕਤ ਕਰ ਕੇ ਭੇਜਿਆ ਜਾਂਦਾ ਹੈ। ਉਹ ਜਿੰਨੀ ਦੇਰ ਚਾਹੇ, ਸੇਵਾ ਕਰ ਸਕਦਾ ਹੈ ਅਤੇ ਆਪਣੀ ਮਰਜ਼ੀ ਨਾਲ ਮਹੰਤੀ ਤੋਂ ਅਸਤੀਫ਼ਾ ਵੀ ਦੇ ਸਕਦਾ ਹੈ। ਕਈ ਵਾਰ ਇਸ ਸੇਵਾ ਦੀ ਮੁਨਿਆਦ ਹਰਿਦੁਆਰ ਦੇ ਅਖਾੜੇ ਵਾਲੇ ਹੀ ਨਿਸਚਿਤ ਕਰਦੇ ਹਨ।

ਅਖਾੜੇ ਦੇ ਮਹੰਤ ਮੋਹਨ ਦਾਸ ਜੀ ਨੇ 1938 ਈ. ਤੋਂ ਇਥੇ ਰਹਿ ਕੇ ਸੇਵਾ

ਕੀਤੀ। ਇਨ੍ਹਾਂ ਦੀ ਸ਼ਖ਼ਸੀਅਤ ਬਹੁਤ ਹੀ ਪ੍ਰਭਾਵਸ਼ਾਲੀ ਹੈ ਅਤੇ ਵਿਚਾਰ ਵੀ ਬੜੇ ਸ਼ੁੱਧਤਾਪੂਰਨ ਹਨ। ਅਖਾੜੇ ਦਾ ਸਾਰਾ ਪ੍ਰਬੰਧ ਮਹੰਤ ਖ਼ੁਦ ਆਪ ਹੀ ਕਰਦੇ ਹਨ। ਅਖਾੜੇ ਵਿਚ ਕੋਈ ਭੰਡਾਰੀ ਜਾਂ ਪੁਜਾਰੀ ਵੀ ਨਹੀਂ ਰੱਖਿਆ ਗਿਆ ਤੇ ਨਾ ਹੀ ਅਖਾੜੇ ਵਿਚ ਕੋਈ ਧੂਣੀ ਹੈ। ਮਹੰਤ ਜੀ ਦਾ ਖ਼ਿਆਲ ਹੈ ਕਿ ਸਮਾਜ ਵਿਚ ਰਹਿ ਕੇ ਅਜਿਹੇ ਕਰਮ ਨਹੀਂ ਹੋ ਸਕਦੇ, ਜਿਵੇਂ ਕਿ ਬਸਤਰਾਂ ਦਾ ਤਿਆਗਣਾ, ਧੂਣੀਆਂ ਧੁਖਾਉਣਾ। ਅਜਿਹੀ ਤਪੱਸਿਆ ਜੰਗਲਾਂ ਵਿਚ ਰਹਿ ਕੇ ਹੀ ਹੋ ਸਕਦੀ ਹੈ। ਮਨੁੱਖੀ ਜੀਵਨ ਦਾ ਮੁੱਖ ਮੰਤਵ ਤਾਂ ਪਰਮਾਤਮਾ ਦੇ ਨਾਮ ਨੂੰ ਧਿਆਉਣਾ ਹੈ ਅਤੇ ਇਸ ਨੂੰ ਧਿਆਉਂਦੇ ਰਹਿਣਾ ਚਾਹੀਦਾ ਹੈ। ਇਸ ਲਈ ਕਿਸੇ ਸੰਸਾਰ ਕਰਮ-ਕਾਂਡ ਦਾ ਸਹਾਰਾ ਨਹੀਂ ਲੈਣਾ ਚਾਹੀਦਾ ਹੈ। ਪਰਮਾਤਮਾ ਨੂੰ ਹਰ ਸਥਾਨ ਅਤੇ ਹਰ ਚੀਜ਼ ਵਿਚ ਹਾਜ਼ਰ-ਨਾਜ਼ਰ ਜਾਨਣਾ ਚਾਹੀਦਾ ਹੈ। ਮਹੰਤ ਜੀ ਬਾਬਾ ਸ੍ਰੀ ਚੰਦ ਦੇ ਮਾਤਰੇ ਅਤੇ ਆਰਤੀ ਤੋਂ ਇਲਾਵਾ ਵਾਹਿਗੁਰੂ ਦਾ ਜਾਪ ਵੀ ਕਰਦੇ ਹਨ ਅਤੇ ਸਾਰਿਆਂ ਨੂੰ ਇਹ ਜਾਪ ਕਰਨ 'ਤੇ ਜ਼ੋਰ ਵੀ ਦਿੰਦੇ ਹਨ। ਇਸ ਅਖਾੜੇ ਦੀ ਆਮਦਨ ਦਾ ਮੁੱਖ ਸਾਧਨ ਦੁਕਾਨਾਂ ਤੋਂ ਪ੍ਰਾਪਤ ਹੁੰਦਾ ਕਿਰਾਇਆ ਹੀ ਹੈ।

7. ਅਖਾੜਾ ਕਾਸ਼ੀ ਵਾਲਾ

ਅਖਾੜਾ ਕਾਸ਼ੀ ਵਾਲਾ ਰਾਮਾਨੰਦ ਬਾਗ਼ ਦੇ ਨਜ਼ਦੀਕ ਘਿਉ ਮੰਡੀ ਵਿਚ ਸਥਿਤ ਹੈ। ਅਖਾੜੇ ਦੇ ਅੰਦਰ ਪ੍ਰਵੇਸ਼ ਕਰਦਿਆਂ ਡਿਓਢੀ ਤੋਂ ਬਾਅਦ ਵਿਹੜਾ ਹੈ ਅਤੇ ਖੱਬੇ ਪਾਸੇ ਨੂੰ ਮਹੰਤ ਜੀ ਦਾ ਕਮਰਾ ਹੈ। ਸਾਹਮਣੇ ਸਮਾਧਾਂ ਹਨ ਅਤੇ ਸਮਾਧਾਂ ਦੇ ਨਾਲ ਵਾਲੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕੀਤੇ ਹੋਏ ਹਨ। ਅਖਾੜੇ ਦਾ ਕੁਝ ਹਿੱਸਾ ਕਿਰਾਏ 'ਤੇ ਦਿੱਤਾ ਹੋਇਆ ਹੈ। ਇਸ ਅਖਾੜੇ ਦੇ ਮੋਢੀ ਮਹੰਤ ਸ਼ਰਨ ਦਾਸ ਜੀ ਸਨ, ਜਿਨ੍ਹਾਂ ਨੇ ਸੰਮਤ 1842 ਈ. ਵਿਚ ਅਖਾੜੇ ਦੀ ਨੀਂਹ ਰੱਖੀ। ਅਖਾੜੇ ਦੇ ਮਹੰਤ ਸਰਵਨ ਦਾਸ ਨੂੰ 108 ਦੀ ਉਪਾਧੀ ਵੀ ਮਿਲੀ ਹੋਈ ਹੈ। ਮਹੰਤ ਸ੍ਰੀ ਸ਼ਰਨ ਦਾਸ ਜੀ ਦੇ ਦੋ ਚੇਲੇ ਸਨ: ਇਕ ਹਰਭਜਨ ਦਾਸ, ਜਿਨ੍ਹਾਂ ਨੇ ਪਟਿਆਲਾ ਵਿਚ ਆਪਣਾ ਡੇਰਾ ਸਥਾਪਤ ਕੀਤਾ ਹੋਇਆ ਹੈ। ਦੂਸਰੇ ਦਾ ਨਾਂ ਯਸ਼ਪਾਲ ਹੈ, ਜੋ ਕਿ ਅਖਾੜੇ ਦੀ ਸੇਵਾ-ਸੰਭਾਲ ਕਰਦੇ ਰਹੇ। ਕੁਝ ਸਮਾਂ ਅਖਾੜੇ ਵਿਚ ਕੋਈ ਪੁਜਾਰੀ ਜਾਂ ਭੰਡਾਰੀ ਨਹੀਂ ਸੀ, ਪਰੰਤੂ ਹੁਣ ਮਹੰਤ ਭਗਵਾਨ ਦੇਵ ਜੀ ਸੇਵਾ ਕਰ ਰਹੇ ਹਨ।

ਆਰਥਿਕ ਤੌਰ 'ਤੇ ਅਖਾੜੇ ਕੋਲ ਆਪਣੀਆਂ ਕੁੱਲ 30 ਦੁਕਾਨਾਂ ਹਨ, ਜੋ ਘਿਉ ਮੰਡੀ ਵਿਚ ਸਥਿਤ ਹਨ ਅਤੇ 40 ਕਿੱਲੇ ਜ਼ਮੀਨ ਜ਼ੀਰੇ ਤਹਿਸੀਲ ਵਿਚ ਹੈ। ਦੁਕਾਨਾਂ ਦੇ ਕਿਰਾਏ ਅਤੇ ਜ਼ਮੀਨ ਤੋਂ ਆਈ ਆਮਦਨ ਨਾਲ ਹੀ ਅਖਾੜੇ ਦਾ ਪ੍ਰਬੰਧ ਕੀਤਾ ਜਾਂਦਾ ਹੈ ਤੇ ਲੰਗਰ ਚਲਾਇਆ ਜਾਂਦਾ ਹੈ। ਡੇਰੇ ਕੋਲ ਕੋਈ ਬਹੁਤ ਵੱਡੀ ਇਮਾਰਤ ਨਹੀਂ ਹੈ।

8. ਅਖਾੜਾ ਬਿਬੇਕਸਰ

ਇਹ ਅਖਾੜਾ ਗੁਰਦੁਆਰਾ ਬਿਬੇਕਸਰ ਦੇ ਕੋਲ ਹੈ। ਇਸ ਅਖਾੜੇ ਦੀ ਇਮਾਰਤ

ਕਾਫ਼ੀ ਵਿਸ਼ਾਲ ਹੈ। ਇਸ ਅਖਾੜੇ ਦੀ ਨੀਂਹ ਮਹੰਤ ਬਾਲਕ ਰਾਮ ਜੀ ਨੇ ਸੰਮਤ 1882 ਬਿ: ਵਿਚ ਰੱਖੀ। ਇਸ ਸਮੇਂ ਮਹੰਤੀ ਦੀ ਗੱਦੀ 'ਤੇ ਮਹੰਤ ਦਰਸ਼ਨ ਹਰੀ ਜੀ ਹਨ ਅਤੇ ਪ੍ਰਬੰਧਕ ਮਹੰਤ ਗੁਰਦੇਵ ਮੁਨੀ ਜੀ ਹਨ। ਇਹਨਾਂ ਤੋਂ ਪਹਿਲਾਂ ਬਾਬਾ ਸੋਹਣ ਦਾਸ ਜੀ ਸਨ, ਜਿਨ੍ਹਾਂ ਨੇ ਕਾਫ਼ੀ ਬਜ਼ੁਰਗੀ ਦੀ ਅਵਸਥਾ ਤਕ ਇਸ ਅਖਾੜੇ ਦੀ ਸੇਵਾ ਕੀਤੀ।

ਅਖਾੜੇ ਵਿਚ ਪੂਜਾ ਲਈ ਇਕ ਛੋਟਾ ਜਿਹਾ ਕਮਰਾ ਹੈ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ, ਪਰ ਹੁਣ ਬਾਬਾ ਸ੍ਰੀ ਚੰਦ ਜੀ ਦੀ ਤਸਵੀਰ ਲੱਗੀ ਹੋਈ ਹੈ। ਇਸ ਤੋਂ ਇਲਾਵਾ ਇਥੇ ਇਕ ਛੋਟਾ ਜਿਹਾ ਵਿਸ਼ੇਸ਼ ਆਸਣ ਬਣਾਇਆ ਹੈ, ਜਿਥੇ ਬੈਠ ਕੇ ਮਹੰਤ ਜੀ ਪੂਜਾ-ਪਾਠ ਕਰਦੇ ਹਨ। ਇਸ ਕਮਰੇ ਵਿਚ ਬਾਬਾ ਸ੍ਰੀ ਚੰਦ ਜੀ ਦੇ ਇਤਿਹਾਸ ਬਾਰੇ ਕੁਝ ਕਿਤਾਬਾਂ ਵੀ ਹਨ। ਪੂਜਾ ਵਾਲੇ ਕਮਰੇ ਦੇ ਸੱਜੇ ਪਾਸੇ ਸਮਾਧਾਂ ਹਨ ਅਤੇ ਖੱਬੇ ਪਾਸੇ ਕਮਰੇ ਹਨ, ਜਿਥੇ ਮਹੰਤ ਜੀ ਅਤੇ ਉਨ੍ਹਾਂ ਦੇ ਬਾਕੀ ਸਾਥੀ ਰਹਿੰਦੇ ਹਨ। ਇਸ ਅਖਾੜੇ ਦੇ ਸਾਹਮਣੇ ਨਿਰਮਲੇ ਸੰਤਾਂ ਦਾ ਡੇਰਾ ਵੀ ਹੈ।

ਮਹੰਤ ਜੀ ਅਨੁਸਾਰ ਡੇਰੇ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ ਹੈ। ਆਮਦਨ ਦੇ ਕੋਈ ਵਿਸ਼ੇਸ਼ ਸਾਧਨ ਨਾ ਹੋਣ ਕਾਰਨ ਮੁਸ਼ਕਲ ਨਾਲ ਅਖਾੜੇ ਦਾ ਖ਼ਰਚਾ ਹੀ ਚੱਲਦਾ ਹੈ। ਅਖਾੜੇ ਵਿਚ ਬਹੁਤ ਸਾਰੇ ਕਿਰਾਏਦਾਰ ਰਹਿੰਦੇ ਹਨ, ਪਰੰਤੂ ਕਿਰਾਏਦਾਰਾਂ ਤੋਂ ਕਿਰਾਇਆ ਵੀ ਪ੍ਰਾਪਤ ਨਹੀਂ ਹੁੰਦਾ। ਆਮਦਨ ਦਾ ਮੁੱਖ ਸਾਧਨ ਕਿਰਾਇਆ ਹੀ ਹੈ। ਇਸ ਅਖਾੜੇ ਦਾ ਇਕ ਮਕਾਨ ਹਰਿਦੁਆਰ ਹੈ, ਜਿਸ ਤੋਂ ਕੁਝ ਪੈਸਾ ਆਉਂਦਾ ਹੈ, ਜਿਸ ਨਾਲ ਇਸ ਅਖਾੜੇ ਦਾ ਖ਼ਰਚਾ ਚੱਲਦਾ ਹੈ। ਮਹੰਤ ਜੀ ਦੇ ਦੱਸਣ ਅਨੁਸਾਰ ਇਸ ਅਖਾੜੇ ਦੇ ਨਾਂ ਇਕ ਪਿੰਡ (ਵੱਲੇਕ) ਤਹਿਸੀਲ ਨਾਰੋਵਾਲ (ਪਾਕਿਸਤਾਨ) ਵਿਚ ਸੀ, ਜਿਸ ਤੋਂ ਕਿ 900/- ਰੁਪਏ ਆਮਦਨੀ ਸੀ। ਮਹੰਤ ਜੀ ਦੇ ਨਾਲ ਇਥੇ ਇਕ ਭੰਡਾਰੀ ਅਤੇ ਪੁਜਾਰੀ ਰਹਿ ਰਹੇ ਹਨ।

9. ਅਖਾੜਾ ਕਾਸ਼ੀ ਵਾਲਾ

ਸੁਲਤਾਨਵਿੰਡ ਗੇਟ ਦੇ ਅੰਦਰਵਾਰ ਅਖਾੜਾ ਕਾਸ਼ੀ ਵਾਲਾ ਸਥਿਤ ਹੈ। ਇਹ ਅਖਾੜਾ ਕਾਫ਼ੀ ਵੱਡਾ ਹੈ। ਇਸ ਦੀ ਇਮਾਰਤ ਵੀ ਪੁਰਾਣੀ ਹੀ ਹੈ। ਇਸ ਅਖਾੜੇ ਦੀ ਨੀਂਹ ਮਹੰਤ ਉਦੇਤ ਨਰਾਇਣ ਜੀ ਨੇ ਸੰਮਤ 1852 ਬਿ: ਵਿਚ ਰੱਖੀ। ਇਸ ਸਮੇਂ ਇਥੋਂ ਦੇ ਦੋ ਮਹੰਤ ਹਨ।

ਇਹ ਅਖਾੜਾ ਆਰਥਿਕ ਤੌਰ 'ਤੇ ਕਾਫ਼ੀ ਮਜ਼ਬੂਤ ਹੈ। ਅਖਾੜੇ ਦੇ ਨਾਂ 'ਤੇ ਵੱਖ-ਵੱਖ ਸਥਾਨਾਂ 'ਤੇ ਜ਼ਮੀਨ ਹੈ, ਜੋ ਕੁਲ ਮਿਲਾ ਕੇ 200 ਏਕੜ ਬਣਦੀ ਹੈ। ਡੇਰੇ ਦੇ ਮਹੰਤ ਨੇ ਦੱਸਿਆ ਕਿ ਜ਼ਮੀਨ ਦੇ ਕੁਝ ਭਾਗ ਦੀ ਅਖਾੜੇ ਦੇ ਮੈਂਬਰ ਵੀ ਕਾਸ਼ਤ ਕਰਦੇ ਹਨ ਅਤੇ ਕੁਝ ਜ਼ਮੀਨ ਠੇਕੇ 'ਤੇ ਦਿੱਤੀ ਹੋਈ ਹੈ। ਡੇਰੇ ਕੋਲ ਆਪਣੀਆਂ ਦੁਕਾਨਾਂ ਵੀ ਹਨ, ਜੋ ਕਿਰਾਏ 'ਤੇ ਦਿੱਤੀਆਂ ਹੋਈਆਂ ਹਨ। ਆਮਦਨ ਦਾ ਮੁੱਖ ਵਸੀਲਾ ਦੁਕਾਨਾਂ ਤੋਂ ਪ੍ਰਾਪਤ ਹੁੰਦਾ ਕਿਰਾਇਆ ਹੈ। ਇਸ ਅਖਾੜੇ ਵਿਚ 10

ਵਿਅਕਤੀ ਸਥਾਈ ਰੂਪ ਵਿਚ ਪੱਕੇ ਹੀ ਰਹਿੰਦੇ ਹਨ। ਅਖਾੜੇ ਦੀ ਜ਼ਮੀਨ ਬਾਰੇ ਵੀ ਝਗੜੇ ਚੱਲ ਰਹੇ ਹਨ, ਜਿਸ ਬਾਰੇ ਅਖਾੜੇ ਵਾਲੇ ਗੱਲਬਾਤ ਕਰਨ ਤੋਂ ਸੰਕੋਚ ਕਰਦੇ ਹਨ।

10. ਅਖਾੜਾ ਮਹੰਤ ਮੇਹਰ ਦਾਸ (ਕੋਹਾਲੀ)

ਇਹ ਅਖਾੜਾ ਅੰਮ੍ਰਿਤਸਰ ਤੋਂ ਰਾਣੀਆਂ ਰੋਡ 'ਤੇ ਰਸਤੇ ਵਿਚ ਆਉਂਦੇ ਇਕ ਪਿੰਡ ਕੋਹਾਲੀ ਵਿਚ ਸਥਿਤ ਹੈ, ਜੋ ਕਿ ਅੰਮ੍ਰਿਤਸਰ ਤੋਂ ਲਗਪਗ 20 ਕਿਲੋਮੀਟਰ ਦੀ ਦੂਰੀ 'ਤੇ ਹੈ। ਪਿੰਡ ਦੇ ਅੱਡੇ 'ਤੇ ਪਹੁੰਚਦਿਆਂ ਹੀ ਸੱਜੇ ਹੱਥ ਇਕ ਵੱਡਾ ਸਾਰਾ ਗੇਟ, ਜਿਸ ਉੱਤੇ ਅਖਾੜੇ ਦਾ ਨਾਂ ਉਕਰਿਆ ਹੋਇਆ ਹੈ। ਅਖਾੜਾ ਬਹੁਤ ਹੀ ਵੱਡਾ ਤੇ ਖੁੱਲ੍ਹੀ ਜਗ੍ਹਾ 'ਤੇ ਬਣਿਆ ਹੋਇਆ ਹੈ। ਅਖਾੜੇ ਦੀ ਇਮਾਰਤ ਸੁੰਦਰ ਅਤੇ ਆਲੀਸ਼ਾਨ ਬਣੀ ਹੋਈ ਹੈ। ਇਹ ਅਖਾੜਾ ਲਗਪਗ 400 ਸਾਲ ਪੁਰਾਣਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਸ ਅਖਾੜੇ ਦੀ ਕਾਫ਼ੀ ਮਹਾਨਤਾ ਸੀ। ਇਹ ਕਿਹਾ ਜਾਂਦਾ ਹੈ ਕਿ ਇਸ ਪਿੰਡ ਦੇ ਸਰਦਾਰ ਜੋ ਸੰਤ ਸੀ, ਦੇ ਚਲਾਣੇ ਤੋਂ ਬਾਅਦ ਉਸ ਦੀ ਸਮਾਧ ਬਣਾਈ ਗਈ। ਮੇਹਰ ਦਾਸ, ਜੋ ਕਿ ਉਦਾਸੀ ਸੰਤ ਸੀ, ਇਸ ਸਮਾਧ 'ਤੇ ਆ ਕੇ ਬੰਦਗੀ ਕਰਨ ਲੱਗਾ। ਪਿੰਡ ਵਾਲਿਆਂ ਨੇ ਇਸ ਉਦਾਸੀ ਸੰਤ ਨੂੰ ਮਾਨਤਾ ਦੇ ਦਿੱਤੀ ਅਤੇ ਪੂਜਾ-ਪਾਠ ਕਰਨਾ ਆਰੰਭ ਕਰ ਦਿੱਤਾ। ਸੰਤ ਮੇਹਰ ਦਾਸ ਤੋਂ ਬਾਅਦ ਇਸ ਗੱਦੀ 'ਤੇ ਹੇਠ-ਲਿਖੇ ਅਨੁਸਾਰ ਸੰਤ ਸੁਸ਼ੋਭਿਤ ਹੁੰਦੇ ਰਹੇ:

1. ਸੰਤ ਮੇਹਰ ਦਾਸ, 2. ਸੰਤ ਟਹਿਲ ਦਾਸ, 3. ਸੰਤ ਕਰਮ ਸਿੰਘ, 5. ਸੰਤ ਬ੍ਰਹਮ ਦਾਸ, 5. ਸੰਤ ਰਾਮ ਨਾਰਾਇਣ, 6. ਸੰਤ ਭਗਤ ਰਾਮ, 7. ਸੰਤ ਸੁੰਦਰ ਦਾਸ, 8. ਸੰਤ ਮਸਤ ਰਾਮ, 9. ਸੰਤ ਪ੍ਰਕਾਸ਼ ਮੁਨਿ।

ਹੁਣ ਐਸ ਵੇਲੇ ਸੰਤ ਪ੍ਰਕਾਸ਼ ਮੁਨਿ ਜੀ ਅਖਾੜੇ ਦੇ ਮਹੰਤ ਵਜੋਂ ਸੇਵਾ ਨਿਭਾਅ ਰਹੇ ਹਨ, ਜੋ ਕਿ ਬਹੁਤ ਹੀ ਮਿਹਨਤ, ਲਗਨ ਅਤੇ ਉੱਚੇ-ਸੁੱਚੇ ਕਿਰਦਾਰ ਦੇ ਧਾਰਨੀ ਅਖਾੜੇ ਦਾ ਸਮਾਜਿਕ ਪ੍ਰਭਾਵ ਸਮਾਜ ਵਿਚ ਵਧਾਉਣ ਵਿਚ ਸਫਲ ਰਹੇ ਹਨ।

ਅਖਾੜੇ ਵਿਚ ਹਰ ਮਹੀਨੇ ਦੀ ਦੇਸੀ ਸੱਤ ਤਰੀਕ ਨੂੰ ਅਖੰਡ ਪਾਠ ਦਾ ਭੋਗ ਪਾਇਆ ਜਾਂਦਾ ਹੈ ਅਤੇ ਸਾਲ ਵਿਚ ਇਕ ਵਾਰ 7 ਫੱਗਣ ਨੂੰ ਬਹੁਤ ਭਾਰੀ ਮੇਲਾ ਲੱਗਦਾ ਹੈ। ਇਹ ਮੇਲਾ ਪਹਿਲਾਂ 7 ਹਾੜ ਨੂੰ ਲੱਗਦਾ ਸੀ, ਪਰੰਤੂ ਹੁਣ ਇਹ ਤਰੀਕ 7 ਫੱਗਣ ਕਰ ਦਿੱਤੀ ਗਈ ਹੈ। ਮੇਲੇ ਤੋਂ ਪਹਿਲਾਂ ਇਥੇ ਉਦਾਸੀ ਸੰਤ ਆ ਕੇ ਧੂਣਾ ਲਗਾ ਕੇ ਬੰਦਗੀ ਕਰਦੇ ਹਨ। ਉਸ ਧੂਣੇ ਦੀ ਰਾਖ ਸਾਂਭ ਕੇ ਰੱਖ ਦਿੱਤੀ ਜਾਂਦੀ ਹੈ।

ਇਸ ਅਖਾੜੇ ਦੀ ਆਰਥਿਕ ਹਾਲਤ ਬਹੁਤ ਵਧੀਆ ਹੈ। ਅਖਾੜੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਅਖਾੜੇ ਵਿਚ ਬਾਬਾ ਸ੍ਰੀ ਚੰਦ ਜੀ ਅਤੇ ਹੋਰ ਮਹੰਤਾਂ ਦੀਆਂ ਫੋਟੋਆਂ ਲੱਗੀਆਂ ਹਨ। ਖੱਬੇ ਪਾਸੇ ਬਾਬੇ ਦਾ ਧੂਣਾ ਹੈ, ਜਿਥੇ ਬੈਠ ਕੇ ਵਰਤਮਾਨ ਮਹੰਤ ਤੇ ਹੋਰ ਉਦਾਸੀ ਸੰਤ ਪੂਜਾ-ਪਾਠ ਕਰਦੇ ਹਨ। ਧੂਣੇ ਦੇ ਪਿਛਲੇ ਪਾਸੇ ਮਹੰਤ ਮਸਤ ਰਾਮ ਜੀ ਦੀ ਸਮਾਧ ਹੈ। ਡੇਰੇ ਦੇ ਮੁੱਖ ਦੁਆਰ ਦੇ ਬਿਲਕੁਲ ਖੱਬੇ ਹੱਥ ਇਕ ਸ਼ਿਵ ਮੰਦਰ ਹੈ, ਜਿਸ ਵਿਚ ਹਿੰਦੂ ਰਹੁ-ਰੀਤਾਂ ਨਾਲ ਪੂਜਾ ਕੀਤੀ ਜਾਂਦੀ

ਹੈ। ਬਹੁਤ ਵੱਡਾ ਲੰਗਰ ਹਾਲ ਹੈ, ਜਿਥੇ ਲਗਪਗ 2000 ਵਿਅਕਤੀ ਇਕੱਠੇ ਬੈਠ ਕੇ ਲੰਗਰ ਛਕ ਸਕਦੇ ਹਨ। ਬਹੁਤ ਵੱਡੀ ਰਸੋਈ ਦਾ ਪ੍ਰਬੰਧ ਵੀ ਹੈ। ਲੰਗਰ ਹਾਲ ਉਪਰ ਇਕ ਸਰਾਂ ਵੀ ਬਣੀ ਹੋਈ ਹੈ, ਜਿਥੇ ਸੰਗਤ ਦੇ ਰਹਿਣ ਦਾ ਵਧੀਆ ਪ੍ਰਬੰਧ ਹੈ। ਪਹਿਲਾਂ ਅਖਾੜੇ ਵਿਚ ਅੰਬਾਂ ਦਾ ਬਾਗ਼ ਸੀ, ਜੋ ਹੁਣ ਵੱਢ ਦਿੱਤਾ ਗਿਆ ਹੈ। ਡੇਰੇ ਕੋਲ ਲਗਪਗ 20 ਏਕੜ ਦੇ ਕਰੀਬ ਜ਼ਮੀਨ ਹੈ।

ਅਖਾੜੇ ਦੀ ਆਰਥਿਕ ਸਥਿਤੀ ਦੇ ਨਾਲ ਨਾਲ ਸਮਾਜਿਕ ਸਥਿਤੀ ਵੀ ਬਹੁਤ ਵਧੀਆ ਹੈ। ਆਲੇ-ਦੁਆਲੇ ਇਲਾਕੇ ਦੀਆਂ ਸੰਗਤਾਂ ਵਿਚ ਅਖਾੜੇ ਦੀ ਬਹੁਤ ਮਾਨਤਾ ਹੈ। ਮੂਲ ਰੂਪ ਵਿਚ ਇਸ ਅਖਾੜੇ ਦਾ ਸਮਾਜਿਕ ਤੌਰ 'ਤੇ ਵਿਸ਼ੇਸ਼ ਪ੍ਰਭਾਵ ਹੈ।

11. ਧਰਮਸਾਲਾ ਮਾਈ ਮਾਨੋ

ਬਾਬਾ ਬਾਲੂ 'ਹੱਸਣਾ' ਜੀ ਦੀ ਸ਼੍ਰੇਣੀ ਵਿੱਚੋਂ ਹੀ ਮਹੰਤ ਆਸ਼ਾ ਨੰਦ 'ਨਿਰਬਾਣ' ਸਿੱਖ ਰਾਜ ਸਮੇਂ ਹੋਏ ਸਨ। ਇਹਨਾਂ ਨੇ ਗੁਰੂ ਕੀ ਨਗਰੀ ਵਿਚ ਸੰਮਤ 1880 ਵਿਚ ਧਰਮਸਾਲਾ ਕਾਇਮ ਕੀਤੀ, ਜੋ ਅੱਜ-ਕੱਲ੍ਹ ਮਾਈ ਮਾਨੋ ਦੀ ਧਰਮਸਾਲਾ ਕਰ ਕੇ ਮਸ਼ਹੂਰ ਹੈ। ਇਥੋਂ ਦੇ ਮਹੰਤ ਦੇ ਗੁਰ ਪ੍ਰਚਾਰ 'ਤੇ ਰੀਝ ਕੇ ਤਹਿਸੀਲ ਅਜਨਾਲਾ ਦੇ ਪਿੰਡ ਘੋਨਾਵਾਲਾ ਵਾਸੀ ਇਕ ਸਿੱਖ ਨੇ ਮਕਾਨ ਅਰਦਾਸ ਕਰਾ ਦਿੱਤਾ। ਬਾਵਾ ਆਸ਼ਾਨੰਦ ਤੋਂ ਬਾਅਦ ਸੰਤ ਰਾਮਾਨੰਦ, ਸਹਿਜਾ ਨੰਦ, ਭਗਵਾਨ ਕ੍ਰਿਸ਼ਨਾ ਨੰਦ, ਸਦਾਨੰਦ, ਪਰਮਾਨੰਦ, ਬ੍ਰਹਮਾਨੰਦ ਅਤੇ ਮੰਗਲ ਦਾਸ ਆਦਿ ਗੁਰਬਾਣੀ ਤੇ ਗੁਰਮੁਖੀ ਵਿੱਦਿਆ ਦਾ ਪ੍ਰਚਾਰ ਕਰਦੇ ਰਹੇ ਹਨ।

12. ਧਰਮਸਾਲਾ ਚੇਤਨ ਦਾਸ

ਰਿਆਸਤ ਪਟਿਆਲਾ ਦੇ ਨਗਰ ਕੋਟ ਫੱਤਾ ਵਿਚ ਬਾਬਾ ਬਾਲੂ 'ਹੱਸਣਾ' ਜੀ ਦੀ ਪੱਧਤੀ ਦੀ ਜੋ ਧਰਮਸਾਲ ਹੈ, ਉਸੇ ਦੀ ਸ਼ਾਖ਼ ਅੰਮ੍ਰਿਤਸਰ ਵਿਚ ਇਹ ਧਰਮਸਾਲਾ ਹੈ। ਬਾਵਾ ਸੁੰਦਰ ਦਾਸ ਜੀ ਨੇ ਸੁਲਤਾਨਵਿੰਡ ਦਰਵਾਜ਼ੇ ਦੇ ਅੰਦਰ ਟਿਕਾਣਾ ਕਰ ਕੇ ਗੁਰਮਤਿ, ਗੁਰਬਾਣੀ ਤੇ ਗੁਰਮੁਖੀ ਵਿੱਦਿਆ ਦਾ ਜੱਗ ਲਾਇਆ ਅਰ ਸਹਿਜੇ ਸਹਿਜੇ ਸਿੱਖ ਸ਼ਰਧਾਲੂਆਂ ਦੀ ਸਹਾਇਤਾ ਨਾਲ ਇਹ ਧਰਮਸਾਲਾ ਕਾਇਮ ਕੀਤੀ। ਬਾਦ ਵਿਚ ਇਸ ਅਸਥਾਨ ਦੇ ਪ੍ਰਬੰਧਕਾਂ ਵਿੱਚੋਂ ਚੇਤਨ ਦਾਸ ਜੀ ਚੰਗੇ ਉੱਦਮੀ ਤੇ ਕਮਾਈ ਵਾਲੇ ਸਾਧੂ ਹੋਏ, ਜਿਨ੍ਹਾਂ ਦੇ ਨਾਮ ਪੁਰ ਇਸ ਦਾ ਇਹ ਨਾਮ ਪ੍ਰਸਿੱਧ ਹੋ ਗਿਆ।

ਮਾਲਵੇ ਵਿਚ ਉਦਾਸੀ ਸੰਤਾਂ ਦੇ ਪ੍ਰਸਿੱਧ ਡੇਰੇ

ਇਸ ਭਾਗ ਵਿਚ ਅਸੀਂ ਸਭ ਤੋਂ ਪਹਿਲਾਂ ਬਾਬਾ ਅਲਮਸਤ ਜੀ ਦੇ ਧੂਣੇ ਨਾਲ ਸੰਬੰਧਿਤ ਡੇਰਿਆਂ ਦਾ ਅਧਿਐਨ ਕਰਾਂਗੇ।

1. ਲੌਂਗੋਵਾਲ

ਇਹ ਨਗਰ ਪਹਿਲਾਂ ਪੁਰਾਣੀ ਰਿਆਸਤ ਜੀਂਦ ਵਿਚ ਸੀ। ਪੰਜਾਬ ਵਿਚ

ਰਿਆਸਤਾਂ ਨੂੰ ਪੈਪਸੂ ਵੀ ਕਿਹਾ ਜਾਂਦਾ ਹੈ। ਭਾਰਤ ਸਰਕਾਰ ਨੇ ਪੰਜਾਬ ਦੀਆਂ ਰਿਆਸਤਾਂ ਪਟਿਆਲਾ, ਨਾਭਾ, ਜੀਂਦ, ਫ਼ਰੀਦਕੋਟ, ਕਪੂਰਥਲਾ, ਮਲੇਰਕੋਟਲਾ ਤੇ ਨਾਲਾਗੜ੍ਹ ਮਿਲਾ ਕੇ ਬਣਾਇਆ ਹੈ। ਜਿਸ ਦਾ ਅੰਗਰੇਜ਼ੀ ਨਾਮ 'ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ' ਰੱਖਿਆ। ਇਸ ਨੂੰ ਛੋਟਾ ਕਰਕੇ ਪੀ.ਈ.ਪੀ.ਐੱਸ.ਯੂ. (PEPSU) ਜੋੜ ਕੇ ਛੋਟਾ ਜਿਹਾ ਨਾਮ ਪੈਪਸੂ ਰੱਖਿਆ। ਸੋ ਪੈਪਸੂ ਵਿਚ ਬਾਬਾ ਅਲਮਸਤ ਜੀ ਨਾਲ ਸੰਬੰਧਿਤ ਡੇਰਿਆਂ ਨੂੰ ਇਸੇ ਮਾਲਵੇ ਵਿਚ ਹੀ ਗਿਣਿਆ ਜਾਵੇਗਾ। ਸਿਵਾਏ ਕਪੂਰਥਲਾ ਤੇ ਨਾਲਾਗੜ੍ਹ ਤੋਂ।

ਸਤਿਗੁਰੂ ਨਾਨਕ ਦੇਵ ਜੀ ਪੂਰਬ ਦੀ ਉਦਾਸੀ ਤੋਂ ਮੁੜਦੇ ਹੋਏ ਸੁਨਾਮ ਨਗਰ ਬਾਹਿਰ ਨਦੀ ਕੰਢੇ ਬਿਰਾਜੇ ਸਨ। ਉਥੋਂ ਸੁਲਤਾਨਪੁਰ ਲੋਧੀ ਵੱਲ ਆਉਂਦੇ ਹੋਏ, ਇਸ ਪਿੰਡ ਵਿਚ ਵੀ ਚਰਨ ਪਾਏ। ਛੇਵੇਂ ਤੇ ਨੌਵੇਂ ਗੁਰੂ ਜੀ ਨੇ ਵੀ ਇਸ ਇਲਾਕੇ ਨੂੰ ਆਪਣੇ ਚਰਨ-ਕੰਵਲਾਂ ਦੀ ਧੂੜ ਬਖ਼ਸ਼ੀ।

ਬਾਬਾ ਗੁਰਦਾਸ 'ਦੱਖਣੀ' ਜੀ ਨੇ ਨਾਨਕ ਮਤੇ ਤੋਂ ਆਪਣੇ ਸੰਤ ਸੇਵਕ ਖ਼ਿਆਲੀ ਦਾਸ ਨੂੰ ਇਸ ਪਾਸੇ ਗੁਰਸਿੱਖਾਂ ਵਿਚ ਧਰਮ ਪ੍ਰਚਾਰ ਕਰਨ ਲਈ ਤੇ ਗੁਰ-ਸਥਾਨਾਂ ਦੇ ਨਿਸ਼ਾਨ ਕਾਇਮ ਕਰਨ ਲਈ ਭੇਜਿਆ। ਸੰਤ ਜੀ ਨੇ ਸੰਮਤ 1755 ਬਿ: ਵਿਖੇ ਇਸ ਗਰਾਓਂ ਵਿਚ ਧਰਮਸਾਲਾ ਸਥਾਪਤ ਕੀਤੀ ਤੇ ਸਤਿਸੰਗ ਦਾ ਪ੍ਰਵਾਹ ਚਲਾਇਆ। ਸਿੱਖ ਰਾਜ ਸਮੇਂ ਇਸ ਨਾਲ ਬਹੁਤ ਜਾਇਦਾਦ ਵੀ ਲੱਗੀ।

ਦਿੜ੍ਹਬਾ ਪਿੰਡ (ਤਹਿਸੀਲ ਭਵਾਨੀਗੜ੍ਹ)

ਇਹ ਪਹਿਲਾਂ ਪਟਿਆਲਾ ਰਾਜ ਵਿਚ ਸੀ। ਸਤਿਗੁਰੂ ਨਾਨਕ ਦੇਵ ਜੀ ਜਦੋਂ ਸੁਨਾਮ ਆਏ ਤਾਂ ਇਸ ਨਗਰ ਵਿਚ ਵੀ ਪਧਾਰੇ। ਫਿਰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਮਾਲਵੇ ਦੇਸ਼ ਦਾ ਦੌਰਾ ਕੀਤਾ ਤਾਂ ਪਿੰਡ ਤੋਂ ਲਹਿੰਦੇ ਪਾਸੇ ਜਿਥੇ ਗੁਰਦੁਆਰਾ ਬਿਰਾਜਮਾਨ ਹੈ, ਇਥੇ ਉਤਾਰਾ ਕੀਤਾ। ਸਤਿਗੁਰੂ ਨਾਨਕ ਦੇਵ ਜੀ ਦੀ ਪਾਵਨ ਕੀਤੀ ਥਾਂ ਦਾ ਪਤਾ ਨਿਸ਼ਾਨ ਲੱਭਣ ਲਈ ਤੇ ਉਥੇ 'ਪੂਜਾ ਆਸਣ' ਥਾਪਣ ਲਈ ਲੌਂਗੋਵਾਲ ਤੋਂ ਸੰਤ ਖ਼ਿਆਲੀ ਦਾਸ ਜੀ ਨੇ ਆਪਣੇ ਸੇਵਕ ਗ਼ਰੀਬ ਦਾਸ ਸਾਧੂ ਨੂੰ ਭੇਜਿਆ। ਉਹ ਪਿੰਡੋਂ ਬਾਹਰ ਸੰਘਣੇ ਜੰਗਲ ਵਿਚ ਹੀ ਜਾ ਕੇ ਰਹੇ। ਨਗਰ ਦੇ ਲੋਕੀਂ ਉਸ ਥਾਂ ਜੰਗਲੀ ਜਾਨਵਰਾਂ ਦਾ ਖ਼ਤਰਾ ਦੱਸ ਕੇ ਪਿੰਡ ਲੈ ਆਏ। ਪਿੰਡ ਦੇ ਬਿਰਧਾਂ ਤੋਂ ਪੁੱਛਗਿੱਛ ਕੇ, ਕੁਝ ਆਪਣੀ ਭਗਤ ਸ਼ਕਤੀ ਦੇ ਸਦਕੇ ਉਨ੍ਹਾਂ ਸਤਿਗੁਰੂ ਨਾਨਕ ਦੇ ਵਿਰਾਜਨ ਵਾਲੀ ਥਾਂ ਲੱਭੀ। ਉਥੇ ਪਿੰਡੋਂ ਬਾਹਰ ਵਾਰ ਹੀ ਆਸਣ ਜਮਾ ਲਿਆ ਅਰ ਸਤਿਨਾਮ ਵਾਹਿਗੁਰੂ ਦਾ ਸਿਮਰਨ ਤੇ ਗੁਰਬਾਣੀ ਉਪਦੇਸ਼ ਦਾ ਪ੍ਰਵਾਹ ਚਲਾ ਦਿੱਤਾ। ਥੋੜ੍ਹੇ ਸਮੇਂ ਬਾਦ ਇਸ ਦੇਸ਼ ਵਿਚ ਭਿਆਨਕ ਕਾਲ ਪੈ ਗਿਆ। ਸਰਬੱਤ ਦਾ ਭਲਾ ਲੋਚਣ ਵਾਲੇ ਉਦਾਸੀ ਸਾਧੂ ਨੇ ਗੁਰੂ ਬਾਬੇ ਦੇ ਨਾਮ ਪੁਰ ਛੋਲਿਆਂ ਦੀਆਂ ਬਕੁਲੀਆਂ (ਘੁੰਙਣੀਆਂ) ਉਬਾਲ ਕੇ ਇਕ ਭਾਂਡੇ ਵਿਚ ਭਰ ਲਈਆਂ। ਜੋ ਲੋੜਵੰਦ ਆਵੇ, ਉਸ ਭਾਂਡੇ ਵਿੱਚੋਂ ਮੁੱਠਾਂ ਭਰ ਭਰ ਵੰਡੀ ਜਾਣ ਤੇ 'ਸੰਤੋਖ' ਦਾ ਉਪਦੇਸ਼ ਦੇ ਕੇ ਸਭ ਦੀ ਨਿਸ਼ਾ ਕੀਤੀ ਜਾਵੇ। ਇਸ ਤਰ੍ਹਾਂ ਜਦੋਂ ਆਪ ਦੀ ਬਰਕਤ ਦਾ ਚਰਚਾ ਤੇ ਸੇਵਾ ਸਦਕੇ ਜੱਸ ਆਲੇ-

ਦੁਆਲੇ ਫੈਲ ਗਿਆ ਤਾਂ ਪਟਿਆਲਾ ਪਤਿ ਮਹਾਰਾਜਾ ਆਲਾ ਸਿੰਘ ਨੇ ਵੀ ਸੁਣਿਆ। ਸੰਤਾਂ ਦੇ ਦਰਸ਼ਨ ਕਰਨ ਆਇਆ। ਭਾਂਡੇ ਵਾਲੀ ਅਜ਼ਮਤ ਦੇਖ ਕੇ ਅਚਰਜ ਹੋਇਆ ਤੇ ਭਰਮ ਦੂਰ ਕਰਨ ਵਾਸਤੇ ਭਾਂਡਾ ਵੇਖਣ ਦੀ ਇੱਛਾ ਕੀਤੀ। ਸੰਤਾਂ ਉਜਰ ਕੀਤਾ, "ਰਾਜਨ! ਸਾਧੂ ਦਾ ਅੰਤ ਲੈਣਾ ਉਚਿਤ ਨਹੀਂ, ਆਪ ਨੂੰ।" ਪਰ ਰਾਜੇ ਨੇ ਜੱਟ ਵਾਲੀ ਅੜੀ ਫੜੀ ਤਾਂ ਸੰਤਾਂ ਖ਼ਾਲੀ ਭਾਂਡਾ ਵਿਖਾਲ ਦਿੱਤਾ। ਰਾਜਾ ਨੇ ਸ਼ਰਮਸਾਰ ਹੋ ਕੇ ਖਿਮਾ ਮੰਗੀ, ਨਾਲੇ ਹਜ਼ਾਰ ਬਿਘੇ ਜ਼ਮੀਨ ਲੰਗਰ ਤੇ ਧਰਮਸਾਲ ਬਣਾਉਣ ਵਾਸਤੇ ਦਾਨ ਕੀਤੀ। ਸੋ ਬਾਬਾ ਗ਼ਰੀਬ ਦਾਸ ਜੀ ਨੇ ਹੀ ਸਤਿਗੁਰੂ ਨਾਨਕ ਜੀ ਦੀ ਯਾਦਗਾਰ ਅਟੱਲ ਕਰਨ ਵਾਸਤੇ ਇਥੇ ਧਰਮਸਾਲਾ ਬਣਾਈ ਅਰ ਨਾਮ ਤੇ ਦੇਗ ਦਾ ਸਦਾ ਵਰਤ ਜਾਰੀ ਕੀਤਾ। ਗੁਰਮੁਖੀ ਵਿੱਦਿਆ ਤੇ ਗੁਰਬਾਣੀ ਪੜ੍ਹਾਣ ਦਾ ਵੀ ਇਥੇ ਉੱਤਮ ਪ੍ਰਬੰਧ ਕੀਤਾ ਗਿਆ। ਗੁਰਬਾਣੀ ਦੀਆਂ ਪੋਥੀਆਂ ਲਿਖ ਲਿਖ ਕੇ ਲੋੜਵੰਦਾਂ ਨੂੰ ਦੇਣ ਦਾ ਉਪਕਾਰੀ ਉੱਦਮ ਇਸ ਥਾਂ ਦੇ ਸੇਵਕ ਸੰਤਾਂ-ਮਹੰਤਾਂ ਆਰੰਭ ਕੀਤਾ।

ਨਾਭਾ ਸ਼ਹਿਰ

ਫੂਲਕੀਆ ਵੰਸ਼ ਦੇ ਚੌਧਰੀ ਗੁਰਦਿੱਤ ਸਿੰਘ ਜੀ 'ਨਾਭਾ' ਰਾਜ ਵੰਸ਼ ਦੇ ਮੁਖੀ ਬਜ਼ੁਰਗ ਸਨ। ਇਨ੍ਹਾਂ ਦੇ ਪੋਤਰੇ ਹਮੀਰ ਸਿੰਘ ਨੇ ਸੰਮਤ ਅਠਾਰਾਂ ਸੈ ਤੇਰਾ (ਸੰਨ 1755 ਈ.) ਵਿਚ ਨਾਭਾ ਨਗਰ ਦੀ ਨੀਂਹ ਰੱਖੀ ਸੀ। ਬਾਬਾ ਅਲਮਸਤ ਜੀ ਦੇ ਸੇਵਕ ਸੰਤ ਗ਼ਰੀਬ ਦਾਸ ਜੀ 'ਵੱਡੇ' ਦੇ ਸ਼੍ਰੇਣੀ ਵਿੱਚੋਂ ਅੱਠਵੀਂ ਪੀੜ੍ਹੀ ਬਾਬਾ ਹਰੀਰਾਮ ਜੀ ਇਕ ਗੁਰਮੁਖ ਤੇ ਉੱਦਮੀ ਸਾਧੂ ਹੋਏ ਹਨ। ਉਹਨਾਂ ਨੇ ਗੁਜਰਾਂਵਾਲੇ ਦੇ ਜ਼ਿਲ੍ਹੇ ਰਾਮ ਨਗਰ ਵਿਚ ਧਰਮਸਾਲਾ ਕਾਇਮ ਕੀਤੀ। ਮਹਾਰਾਜਾ ਭਰਪੂਰ ਸਿੰਘ ਨਾਭਾਪਤਿ ਦੀ ਇੱਛਾ ਅਨੁਸਾਰ ਸੰਤ ਹਰੀ ਰਾਮ ਜੀ ਨੇ ਆਪਣੇ ਸੇਵਕ ਸਾਧੂ ਬਿਸ਼ਨ ਦਾਸ ਜੀ ਨੂੰ ਨਾਭੇ ਭੇਜਿਆ। ਉਨ੍ਹਾਂ ਨੇ ਸੰਮਤ ਉੱਨੀ ਸੌ ਬਾਰ੍ਹਾਂ ਵਿਚ ਏਥੇ ਧਰਮਸਾਲ ਬੱਧੀ; ਅਰ ਨਾਮ ਬਾਣੀ ਦਾ ਪ੍ਰਵਾਹ ਚਲਾਇਆ। ਆਏ ਗਏ ਅਤਿਥੀਆਂ ਲਈ ਲੰਗਰ ਆਦਿ ਦਾ ਪ੍ਰਬੰਧ ਕੀ ਕੀਤਾ।

ਪੂਰਬੀ ਪੰਜਾਬ ਵਿਚ ਇਸ ਧੂਣੇ ਨਾਲ ਨਾਤਾ ਰੱਖਣ ਵਾਲੇ ਸਾਧੂ-ਸੰਤਾਂ ਨੇ ਕਈ ਥਾਈਂ ਧਰਮਸਾਲਾ ਕਾਇਮ ਕਰ ਕੇ ਨਿਰੰਕਾਰੀ ਧਰਮ ਦੇ ਪ੍ਰਚਾਰ ਲਈ ਸੋਮੇ ਜਾਰੀ ਕੀਤੇ। ਜਿਹਾ ਕਿ :

1. ਹੇਹਰਾਂ

ਜ਼ਿਲ੍ਹਾ ਲੁਧਿਆਣਾ, ਤਹਿਸੀਲ ਜਗਰਾਉਂ ਦੇ ਰਾਇ ਕੋਟ ਠਾਣੇ ਅੰਦਰ ਪੁਰਾਣਾ ਪਿੰਡ ਹੈ। ਛੇਵੇਂ ਪਾਤਿਸ਼ਾਹ ਦਾ ਇਕ ਪ੍ਰੇਮੀ ਭਗਤ ਭਾਈ ਹਮੀਰਾ ਇਸ ਨਗਰ ਦਾ ਵਸਨੀਕ ਸੀ। ਸੰਮਤ ਸਤਾਰਾਂ ਸੈ ਚੌਦਾਂ ਬਿ: ਵਿਚ ਜਦੋਂ ਸ਼ਾਹਜ਼ਹਾਨ ਦੇ ਵੱਡੇ ਪੁੱਤਰ ਟਿੱਕੇ ਦਾਰਾ ਸ਼ਿਕੋਹ ਨੂੰ ਛੋਟੇ ਭਰਾ ਸ਼ਹਿਜ਼ਾਦਾ ਔਰੰਗਜ਼ੇਬ ਨੇ ਭਾਜੜਾਂ ਪਾਈਆਂ ਹੋਈਆਂ ਸਨ ਤਾਂ ਸ੍ਰੀ ਗੁਰੂ ਹਰਿਰਾਇ ਜੀ ਪਾਸ ਵੀ ਦਾਰਾ ਸ਼ਿਕੋਹ ਨੇ ਸਹਾਇਤਾ ਵਾਸਤੇ ਤਰਲਾ ਪਾਇਆ ਸੀ। ਉਸ ਦੀ ਸਹਾਇਤਾ ਵਾਸਤੇ ਸਤਿਗੁਰੂ ਕੀਰਤਪੁਰ

ਸਾਹਿਬ ਤੋਂ ਏਧਰ ਪਧਾਰੇ ਸਨ। ਟਿੱਕਾ ਸਾਹਿਬ ਦਾ ਮਨੋਰਥ ਪੂਰਨ ਕਰ ਕੇ ਮਾਝਾ ਰਿਆੜਕੀ ਦੜਪ (ਜ਼ਿਲ੍ਹਾ ਸਿਆਲਕੋਟ) ਆਦਿ ਇਲਾਕਿਆਂ ਵਿਚ ਦਰਸ਼ਨਾਂ ਦੀ ਤਾਂਘ ਰਹੀਆਂ ਰੂਹਾਂ ਨੂੰ ਨਿਹਾਲ ਕਰ ਕੇ ਸਾਹਿਬਾਂ ਮੁਹਾਰਾਂ ਮੋੜੀਆਂ ਅਤੇ ਤਿਹਾੜੇ ਢਾਹੇ ਤੇ ਜੰਗਲੇ ਆਦਿ ਤੱਲਕਿਆਂ ਦਾ ਦੌਰਾ ਕੀਤਾ। ਬਠਿੰਡੇ, ਮਰਾਜ਼ ਆਦਿ ਨਗਰਾਂ ਨੂੰ ਮੁਕੰਦਪੁਰ ਤੇ ਪਲਾਹੀ ਦੇ ਰਸਤੇ ਕੀਰਤਪੁਰ ਨੂੰ ਮੁੜਦੇ ਹੋਏ ਸਤਿਗੁਰੂ ਇਸ ਪਿੰਡ (ਹੇਹਰਾਂ) ਵਿਚ ਦੀ ਲੰਘੇ। ਭਾਈ ਹਮੀਰੇ ਨੇ ਚਰਨ ਪਰਸ ਕੇ ਸੇਵਾ ਕੀਤੀ। ਗੁਰੂ ਸਾਹਿਬਾਨ ਦੀ ਪ੍ਰੇਰਣਾ ਨਾਲ ਨਗਰ ਵਿਚ ਸਤਿਸੰਗ ਕਾਇਮ ਕੀਤਾ ਅਤੇ ਸੰਮਤ ਸਤਾਰਾਂ ਸੌ ਪੰਦਰਾਂ ਬਿਕ੍ਰਮੀ ਵਿਚ ਧਰਮਸਾਲ ਦੀ ਨੀਂਹ ਰੱਖੀ। ਬਾਬਾ ਅਲਮਸਤ ਜੀ ਦੀ ਪੱਧਤੀ ਵਿੱਚੋਂ ਸੰਤ ਕ੍ਰਿਪਾਲ ਦਾਸ ਜੀ 'ਕੁੱਤਕੇ ਵਾਲੇ' ਭੰਗਾਣੀ ਯੁੱਧ ਜਿੱਤਣ ਤੋਂ ਬਾਅਦ ਸਾਹਿਬ.ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਨਾਲ ਇਸ ਧਰਮਸਾਲ ਦੀ ਸੇਵਾ- ਸੰਭਾਲ ਵਾਸਤੇ ਆਣ ਟਿਕੇ। ਉਦੋਂ ਤੋਂ ਇਸ ਗੁਰ-ਸਥਾਨ ਦਾ ਪ੍ਰਬੰਧ ਇਸੇ ਸ਼੍ਰੇਣੀ ਦੇ ਸਾਧੂ ਕਰਦੇ ਰਹੇ। ਸੰਮਤ ਉੱਨੀ ਸੌ ਬਿਆਸੀ (1925 ਈ.) ਵਿਚ ਗੁਰਦੁਆਰਾ ਕਾਨੂੰਨ ਬਣ ਜਾਣ ਨਾਲ ਇਹ ਗੁਰਦੁਆਰਾ ਪੰਥਕ ਪ੍ਰਬੰਧ ਵਿਚ ਆ ਗਿਆ ਹੈ।

ਸੰਤ ਦਿਆਲ ਦਾਸ ਜੀ

ਬਾਬਾ ਬਾਲੂ 'ਹੱਸਣਾ' ਜੀ ਦੇ ਸੇਵਕ ਬਾਵਾ ਪੂਰਨ ਦਾਸ ਜੀ ਪਾਸੋਂ ਸਿੱਖਿਆ-ਦੀਖਯਾ ਪ੍ਰਾਪਤ ਕਰ ਕੇ ਪ੍ਰੇਮੀ ਦਿਆਲ ਦਾਸ 'ਨਿਰਬਾਣ' ਬੜੇ ਉੱਦਮੀ ਗੁਰਸਿੱਖ ਹੋਏ ਹਨ। ਆਪ ਨੇ ਸਿੱਖ ਮਿਸਲਾਂ ਦੇ ਤੇਜ ਪ੍ਰਤਾਪ ਸਮੇਂ ਮਾਲਵੇ ਦੇਸ਼ ਦਾ ਰਟਨ ਕਰ ਕੇ ਬੜਾ ਨਿੱਗਰ ਇਤਿਹਾਸਕ ਮਸਾਲਾ ਸੰਗ੍ਰਹਿ ਕੀਤਾ, ਜਿਸ ਦਾ ਨਾਮ *ਦੌਰੇ ਦੀ ਸਾਖੀ* ਮਸ਼ਹੂਰ ਹੈ। ਇਸ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਤੇ ਸਤਿਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਏਸ ਦੇਸ਼ ਨੂੰ ਗੁਰਮਤਿ ਦਾਨ ਕਰਨ ਦੇ ਸਮਾਚਾਰ ਹਨ। ਇਸ ਸੱਚੇ ਦਾ ਸਹਾਰਾ ਲੈ ਕੇ ਭਾਈ ਸਾਹਿਬ ਸੰਤੋਖ ਸਿੰਘ ਨੇ ਨੌਵੇਂ ਦਸਵੇਂ ਪਾਤਸ਼ਾਹਾਂ ਦੇ ਇਸ ਦੇਸ਼ ਨਾਲ ਸੰਬੰਧਿਤ ਸਮਾਚਾਰ ਲਿਖੇ ਹਨ।

ਕੋਟ ਫੱਤਾ

ਇਹ ਪਿੰਡ ਪੰਜਾਬ ਪੈਪਸੂ ਦੇ ਗੋਬਿੰਦਗੜ੍ਹ ਥਾਣੇ ਵਿਚ ਦਿੱਲੀ ਫ਼ਿਰੋਜ਼ਪੁਰ ਲਾਇਨ ਪੁਰ ਸਟੇਸ਼ਨ ਹੈ। ਪਿੰਡ ਰੇਲਵੇ ਤੋਂ (ਦਿੱਲੀ ਵੱਲ ਜਾਈਏ ਤਾਂ) ਸੱਜੇ ਹੱਥ ਕੁਝ ਹਟਵਾਂ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਸੰਮਤ 1763 ਵਿਚ ਜਦੋਂ ਛੇ ਕੁ ਮਹੀਨੇ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਵਿਰਾਜੇ ਤਾਂ ਇਕੇਰਾਂ ਭਾਈ ਕੇ ਚੱਕੀਂ ਪਧਾਰੇ। ਰਾਹ ਵਿਚ ਇਸ ਪਿੰਡ ਵੀ ਚਰਨ ਪਾਏ। 'ਬਾਲੂ ਹੱਸਣੀਏ' ਉਦਾਸੀ ਸਾਧੂਆਂ ਦੀ ਜਮਾਤ ਉਸ ਸਮੇਂ ਸੇਵਾ ਵਿਚ ਹਾਜ਼ਰ ਰਹਿੰਦੀ ਸੀ। ਮਗਰੋਂ ਇਸੇ ਪੱਧਤੀ ਦੇ ਸਾਧੂਆਂ ਵਿੱਚੋਂ ਇਕ ਸੰਤ ਜੋ ਬਾਬਾ ਜਾਦੋ ਰਾਇ ਦੀ ਸ਼ਾਖ਼ ਵਿੱਚੋਂ ਸੀ, ਇਸ ਪਿੰਡ ਟਿਕ ਗਿਆ। ਉਸੇ ਸਾਹਿਬਾਂ ਦੇ ਚਰਨਾਂ ਦੀ ਛੁਹ ਨਾਲ ਪਾਵਨ ਹੋਈ ਧਰਤੀ ਦਾ

ਨਿਸ਼ਾਨ ਦਿੱਤਾ। ਸਿੱਖ ਰਾਜ ਸਥਾਪਨ ਹੋਣ ਪੁਰ ਇਸ ਥਾਂ ਚੰਗਾ ਗੁਰ-ਸਥਾਨ ਬਣ ਗਿਆ ਤੇ ਜਗੀਰ ਨਾਮ ਲੱਗ ਗਈ। ਇਥੋਂ ਦੇ ਮਹੰਤਾਂ ਦੀ ਲੜੀ ਤਰਤੀਬਵਾਰ ਇੰਜ ਚੱਲੀ ਆਈ ਹੈ : ਬਾਵਾ ਜਾਦੋ ਰਾਇ, ਸ਼ਾਹ ਜੀ, ਊਧੋ ਰਾਮ, ਗੁਲਾਬ ਦਾਸ, ਨਾਨੂ ਸਾਹਿਬ, ਨਿਰਦੰਗ ਸਾਹਿਬ, ਮੁਕਤਾ ਰਾਮ, ਬ੍ਰਹਮ ਦਾਸ, ਵਸਾਊ ਦਾਸ, ਚਰਣ ਦਾਸ, ਸੁੰਦਰ ਦਾਸ ਤੇ ਨਿਰਬਾਣ ਹੰਸ ਰਾਜ ਜੀ।

ਇਸ ਅਸਥਾਨ ਦੇ ਪ੍ਰਬੰਧਕਾਂ ਨੇ ਉੱਦਮ ਕਰ ਕੇ ਉਦਾਲੇ-ਪਦਾਲੇ ਵੀ ਬਹੁਤ ਸਾਰੇ ਨਗਰਾਂ ਵਿਚ ਗੁਰੂ ਸਾਹਿਬਾਂ ਦੀਆਂ ਯਾਦਗਰਾਂ ਕਾਇਮ ਕੀਤੀਆਂ ਤੇ ਸੇਵਾਦਾਰ ਟਿਕਾਏ ਹਨ। ਜਿਵੇਂ ਕਿ :

ਫੱਤੇ ਦਾ ਕੋਟ

ਇਥੇ 'ਕੋਟ ਫੱਤੇ' ਦੇ ਮਹੰਤ ਬਾਵਾ ਵਸਾਊ ਦਾਸ ਜੀ 'ਖੜਸੇਰੀ' ਨੇ ਆਪਣੇ ਸੇਵਕ ਪ੍ਰੀਤਮ ਦਾਸ ਨੂੰ ਸੇਵਾ ਬਖ਼ਸ਼ ਕੇ ਗੁਰ-ਅਸਥਾਨ ਕਾਇਮ ਕਰਾਇਆ। ਉਪਰੰਤ ਉਨ੍ਹਾਂ ਦੇ ਨੀਯਤ ਕੀਤੇ ਸੇਵਕ ਬਾਬਾ ਹੀਰਾ ਦਾਸ ਤੇ ਉੱਤਮ ਦਾਸ ਸੇਵਾ ਪ੍ਰਬੰਧ ਕਰਦੇ ਆਏ। ਹੋਰ ਅਸਥਾਨ ਧੌਲ ਖੇੜੀ, ਰਾਜ ਪਟਿਆਲਾ, ਕੌਣੀ, ਧੂੜਕੋਟ ਆਦਿ ਜ਼ਿਲ੍ਹਾ ਫ਼ਿਰੋਜ਼ਪੁਰ ਤੇ ਸ਼ਹਿਰ ਅੰਮ੍ਰਿਤਸਰ ਅੰਦਰ ਹਨ।

ਧਨੌਲਾ

ਬਾਬਾ ਬਾਲੂ 'ਹੱਸਣਾ' ਜੀ ਦੇ ਸੇਵਕ ਸੰਤ ਕਵੀ ਜਾਦੋ ਰਾਇ ਪਾਸੋਂ ਵਿਰੋਸਾਏ ਸਾਧੂਆਂ ਵਿਚ ਸੱਤਵੇਂ ਥਾਂ ਬਾਬਾ ਬ੍ਰਹਮ ਧਯਾਨ ਜੀ ਹੋਏ ਹਨ। ਉਨ੍ਹਾਂ ਨੇ ਇਸ ਨਗਰ ਵਿਚ ਵਿਰਾਜ ਕੇ ਸਿੱਖ ਧਰਮ ਦਾ ਪ੍ਰਚਾਰ ਆਰੰਭਿਆ। ਇਸ ਨਗਰ ਦਾ ਪੌਣ ਪਾਣੀ ਬੜਾ ਸਿਹਤਮੰਦ ਤੇ ਸੁਹਾਵਣਾ ਹੈ। ਇਸ ਧਰਤੀ ਵਿਚ ਚੰਗੇ ਕੱਦ ਕਾਠ ਵਾਲੇ ਸੂਰਬੀਰ ਪੈਦਾ ਹੁੰਦੇ ਹਨ। ਇਸ ਲਈ ਰਿਆਸਤ ਨਾਭਾ ਦੇ ਰਾਜੇ ਇਸ ਨਗਰ ਦਾ ਜਲ ਬਹੁਤ ਪਸੰਦ ਕਰਦੇ ਸਨ। ਮਹਾਰਾਜਾ ਹੀਰਾ ਸਿੰਘ ਸਦਾ ਇਸੇ ਧਰਤੀ ਦਾ ਜਲ ਵਰਤਿਆ ਕਰਦਾ ਸੀ। ਸੰਤ ਬ੍ਰਹਮ ਧਯਾਨ ਨੂੰ ਇਥੋਂ ਦੇ ਗੱਭਰੂਆਂ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਦਿਆਂ ਦੇਖ ਕੇ ਸੰਮਤ 1882 ਬਿ: ਵਿਚ ਰਾਜਾ ਜਸਵੰਤ ਸਿੰਘ ਨੇ ਸਹਾਇਤਾ ਦੇ ਕੇ ਆਸ਼ਰਮ (ਅਸਥਾਨ) ਬਣਵਾਇਆ ਅਰੁ ਬ੍ਰਹਮ ਧਯਾਨ ਜੀ ਤੋਂ ਬਾਦ ਸੰਤ ਸਨਮੁਖ ਦਾਸ, ਸੁੰਦਰ ਦਾਸ ਤੇ ਖ਼ਜ਼ਾਨ ਦਾਸ ਇਸ ਧਰਮ ਅਸਥਾਨ ਦਾ ਪ੍ਰਬੰਧ ਤੇ ਨਿਰੰਕਾਰੀ ਧਰਮ ਦਾ ਪ੍ਰਚਾਰ ਕਰਦੇ ਰਹੇ।

ਲੌਂਗੋਵਾਲ

ਅਸੀਂ ਪਹਿਲਾਂ ਵੀ ਲੌਂਗੋਵਾਲ ਦਾ ਜ਼ਿਕਰ ਕਰ ਆਏ ਹਾਂ। ਇਥੇ ਸੰਖੇਪ ਵਿਚ ਦੱਸ ਚੱਲੀਏ ਕਿ ਉਹ ਬਾਬਾ ਅਲਮਸਤ ਜੀ ਦੀ ਪੱਧਤੀ ਦੇ ਸੰਤ 'ਖ਼ਿਆਲੀ ਦਾਸ' ਜੀ ਦਾ ਸਥਾਨ ਹੈ। ਹੁਣ ਅਸੀਂ ਬਾਬਾ ਬਾਲੂ ਹੱਸਣਾ ਜੀ ਦੀ ਪੱਧਤੀ ਦੇ ਸੰਤ ਕਵਿ ਜਾਦੋ ਰਾਇ ਦੇ ਪੋਤਰੇ ਚੇਲੇ ਗੰਗਾ ਰਾਮ ਜੀ ਬਾਰੇ ਦੱਸਦੇ ਹਾਂ ਕਿ ਉਨ੍ਹਾਂ ਦੇ ਚੇਲੇ

ਬਾਬਾ ਜਿਊਣ ਦਾਸ ਨੇ ਆਪਣੇ ਪਿਆਰੇ ਸੇਵਕ ਮਨਸਾ ਰਾਮ ਨੂੰ ਇਸ ਨਗਰ ਵਿਚ ਸਤਿਗੁਰਾਂ ਦੀ ਯਾਦਗਾਰ ਕਾਇਮ ਕਰਨ ਵਾਸਤੇ ਭੇਜਿਆ। ਆਪ ਨੇ ਪਟਿਆਲਾ ਪਤਿ ਮਹਾਰਾਜਾ ਕਰਮ ਸਿੰਘ ਤੇ ਨਗਰ ਨਿਵਾਸੀਆਂ ਦੀ ਸਹਾਇਤਾ ਨਾਲ ਸੰਮਤ 1880 ਵਿਚ ਇਹ ਧਰਮ ਅਸਥਾਨ ਕਾਇਮ ਕੀਤਾ। ਗੁਰਬਾਣੀ ਦਾ ਪਾਠ ਕਥਾ ਤੇ ਧਰਮ ਪ੍ਰਚਾਰ ਦਾ ਜਗ ਇਥੇ ਜਾਰੀ ਕਰ ਦਿੱਤਾ। ਬਾਅਦ 'ਚ ਇਸੇ ਸ਼ੁੱਭ ਉੱਦਮ ਨੂੰ ਸੰਤ ਹਰਿਦਯਾਲ, ਨਰੈਣ ਦਾਸ, ਘੁਮੰਡੀ ਦਾਸ, ਮਸਤ ਰਾਮ, ਗੁਪਾਲ ਦਾਸ ਤੇ ਰਤਨ ਦਾਸ ਜੀ ਨੇ ਜਾਰੀ ਰੱਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿੱਤ ਪ੍ਰਕਾਸ਼ ਤੇ ਕਥਾ ਕੀਰਤਨ ਉਸੇ ਤਰ੍ਹਾਂ ਹੁਣ ਤਕ ਹੁੰਦਾ ਹੈ।

ਜੰਡਾਂ ਵਾਲਾ ਟੋਭਾ

ਜ਼ਿਲ੍ਹਾ ਬਰਨਾਲਾ ਵਿਖੇ ਇਹ ਇਕ ਛੋਟਾ ਜਿਹਾ ਪਿੰਡ ਹੈ। ਇਸ ਪੱਧਤੀ ਦੇ ਸੰਤ ਕਵੀ ਜਾਦੋ ਰਾਇ ਦੇ ਸੇਵਕਾਂ ਨੇ ਇਥੇ ਧਰਮਸਾਲਾ (ਗੁਰਦੁਆਰਾ) ਕਾਇਮ ਕੀਤੀ ਹੈ। ਜਿਨ੍ਹਾਂ ਦੀ ਪੀੜ੍ਹੀ ਇਸ ਤਰ੍ਹਾਂ ਹੈ: ਜਾਦੋ ਰਾਇ ਦੇ ਸੇਵਕ ਸ਼ਾਹ ਜੀ ਤੋਂ ਅੱਗੇ ਵਾਰੋ ਵਾਰੀ ਉਦੇ ਰਾਇ, ਗੁਲਾਬ ਦਾਸ, ਨਾਨੂ ਜੀ, ਨਿਰਦੂੰਦ ਦਾਸ, ਮੁਕਤਾ ਰਾਮ, ਬ੍ਰਹਮ ਦਾਸ, ਵਸਾਊ ਦਾਸ, ਚਰਨ ਦਾਸ, ਆਤਮਾ ਰਾਮ, ਹਰੀ ਦਾਸ ਤੇ ਜਵਾਹਰ ਦਾਸ ਜੀ।

ਖਨੌੜਾ ਖ਼ਿਆਲੀ ਦਾ

ਬਾਬਾ ਬਾਲੂ ਹੱਸਣਾ ਜੀ ਦੇ ਸੇਵਕ ਪੂਰਨ ਦਾਸ ਜੀ ਦੇ ਸ਼੍ਰੇਣੀ ਵਿਚ ਕਈ ਬੜੇ ਤਪੱਸਵੀ ਤੇ ਸਿੱਧ ਆਤਮਾ ਹੋਏ ਹਨ। ਜਿਨ੍ਹਾਂ ਦੇ ਤਰਤੀਬਵਾਰ ਨਾਮ ਇਹ ਹਨ: ਸੰਤ ਦਿਆਲ ਦਾਸ 'ਨਿਰਬਾਣ', ਮਾਨ ਦਾਸ, ਸੇਵਾ ਦਾਸ, ਸੀਤਲ ਦਾਸ ਤੇ ਬਾਬਾ ਖ਼ਿਆਲੀ ਬੜੇ ਤਿਆਗੀ ਤੇ ਨਾਮ ਸਿਮਰਨ ਵਿਚ ਮਗਨ ਰਹਿਣ ਵਾਲੇ ਸਾਧੂ ਸਨ। ਇਸ ਪਿੰਡ ਵਾਲੀ ਥਾਂ ਜੋ ਰਿਆਸਤ ਨਾਭਾ ਦੇ ਮਸ਼ਹੂਰ ਨਗਰ ਭਾਦਸੋਂ ਤੋਂ ਪੱਛਮੋਤਰ ਚਾਰ ਕੁ ਮੀਲ ਹੈ। ਜੰਗਲ ਵਿਚ ਨਾਮ ਸਿਮਰਨ ਵਿਚ ਮਗਨ ਹੋ ਕੇ ਬਹਿ ਰਹੇ। ਉਦਾਲੇ-ਪਦਾਲੇ ਦੇ ਨਗਰ ਨਿਵਾਸੀ ਸੇਵਾ ਕਰਨ ਲੱਗ ਪਏ। ਸਹਿਜੇ ਸਹਿਜੇ ਰੌਣਕਾਂ ਵੱਧ ਗਈਆਂ। ਜਿਨ੍ਹਾਂ ਲੋਕਾਂ ਦੀਆਂ ਜ਼ਮੀਨਾਂ ਨੇੜੇ ਲੱਗਦੀਆਂ ਸਨ, ਉਹਨਾਂ ਏਸੇ ਧਰਮ ਪੁਰੀ ਵਿਚ ਛੰਨਾਂ ਛੱਪਰ ਤੇ ਖੱਨ-ਕੋਠੇ ਪਾ ਕੇ ਵੱਸਣਾ ਸ਼ੁਰੂ ਕਰ ਦਿੱਤਾ। ਇਸ ਵਸਤੀ ਦਾ ਨਾਮ ਹੀ 'ਖ਼ਿਆਲੀ ਦਾ ਖਨੌੜਾ' ਕੋਠਾ ਪ੍ਰਸਿੱਧ ਹੋ ਗਿਆ। ਬਾਬਾ ਜੀ ਦੇ ਆਸਣ ਵਾਲੀ ਥਾਂ 'ਧਰਮਸਾਲ' ਬਣ ਗਈ। ਮਗਰੋਂ ਇਸ ਧਰਮਸਾਲ ਦੇ ਸੇਵਕ ਤੇ ਪ੍ਰਬੰਧਕ (ਮਹੰਤ) ਸੰਤ ਕਮਲਾ ਜੀ, ਹਰਦਾਸ ਬ੍ਰਹਮ ਸਰੂਪ ਜੀ, ਜੋਰਾ ਧਿਆਨ ਜੀ, ਕਰਨ ਦਾਸ ਤੇ ਸੁੰਦਰ ਦਾਸ ਜੀ ਬਣਦੇ ਆਏ ਹਨ।

ਭੂਦਨ

ਇਹ ਪਿੰਡ ਰਿਆਸਤ ਮਲੇਰਕੋਟਲੇ ਵਿਚ ਸੀ, ਜੋ ਹੁਣ ਪੈਪਸੂ ਨਾਲ ਸ਼ਾਮਲ

ਹੋ ਚੁੱਕਾ ਹੈ। ਇਸ ਗਿਰਾਂ ਵਿਚ ਧਰਮਸਾਲ ਕਾਇਮ ਕਰਨ ਵਾਲੇ ਸਾਧੂ ਬਾਬਾ ਬਾਲੂ ਹੱਸਣਾ ਜੀ ਪਾਸੋਂ ਵਿਰੋਸਾਏ ਬਾਬਾ ਰੂੜ ਦਾਸ ਜੀ ਦੀ ਰਤਨਮਾਲ ਦੇ ਲਾਲ ਹਨ। ਅਰ ਜੱਸੋਵਾਲ (ਜ਼ਿਲ੍ਹਾ ਲੁਧਿਆਣਾ) ਦੀ ਧਰਮਸਾਲ ਦੇ ਪ੍ਰਬੰਧਕਾਂ ਸੰਤਾਂ ਵਿੱਚੋਂ ਆਏ ਹੋਏ ਹਨ। ਇਸ ਪੱਧਤੀ ਦੇ ਸਾਧੂ ਬੜੇ ਗੁਰਮੁਖ ਵਿਦਵਾਨ ਤੇ ਨਿਰੰਕਾਰੀ ਧਰਮ ਦੇ ਉੱਦਮੀ ਪ੍ਰਚਾਰ ਹੋਏ ਹਨ, ਜਿਨ੍ਹਾਂ ਦਾ ਸਿਲਸਿਲਾ ਇਸ ਪ੍ਰਕਾਰ ਨਾਲ ਬਾਲੂ ਹੱਸਣਾ ਜੀ ਤਕ ਅਪੜਦਾ ਹੈ

> 1. ਬਾਬਾ ਬਾਲੂ 'ਹੱਸਣ' ਜੀ, 2. ਬਾਬਾ ਪੂਰਨ ਦਾਸ ਜੀ, 3. ਬਾਬਾ ਦਿਆਲ ਦਾਸ ਜੀ, 4. ਬਾਬਾ ਮਾਨ ਦਾਸ ਜੀ, 5. ਬਾਬਾ ਰੂੜ ਮੱਲ ਜੀ, 6. ਬਾਬਾ ਲੱਧਾ ਮੱਲ ਜੀ, 7. ਬਾਬਾ ਬੁੱਧ ਮੱਲ ਜੀ, 8. ਬਾਬਾ ਸੰਤ ਪ੍ਰਸਾਦ ਜੀ, 9. ਬਾਬਾ ਸਾਹਿਬ ਦਾਸ ਜੀ, 10. ਬਾਬਾ ਸੰਤਰੇਣ ਜੀ, 11. ਬਾਬਾ ਰਾਮ ਸਰਨ ਜੀ, 12. ਬਾਬਾ ਮਦਨ ਗੋਪਾਲ ਜੀ, 13. ਬਾਬਾ ਸੰਤ ਮੁਕਤ ਰਾਮ ਜੀ।

ਇਸ ਗੁਰਮੁਖ ਹੰਸ ਮਾਲ ਵਿੱਚੋਂ ਬਾਬਾ ਰੂੜ੍ਹ ਮੱਲ ਜੀ ਨੇ ਪਿੰਡ ਗੁੱਜਰਵਾਲ (ਜ਼ਿਲ੍ਹਾ ਤਹਿਸੀਲ ਲੁਧਿਆਣਾ) ਵਿਚ ਛੇਵੇਂ ਪਾਤਸ਼ਾਹ ਦੇ ਯਾਦਗਾਰੀ ਅਸਥਾਨ ਦਾ ਨਿਸ਼ਾਨ ਲੱਭ ਕੇ ਗੁਰਦੁਆਰਾ ਕਾਇਮ ਕੀਤਾ, ਜੋ ਹੁਣ ਪੰਥਕ ਪ੍ਰਬੰਧ ਹੇਠ ਹੈ। ਬਾਬਾ ਜੀ ਦੀ ਸਮਾਧ ਵੀ ਉਸੇ ਗੁਰਧਾਮ ਵਿਚ ਹੈ।

ਬਾਬਾ ਲੱਧਾ ਮੱਲ ਜੀ ਨੇ ਜ਼ਿਲ੍ਹਾ ਤਹਿਸੀਲ ਲੁਧਿਆਣਾ ਦੇ ਪਿੰਡ ਰਾਇ ਪੁਰ ਵਿਖੇ ਧਰਮਸਾਲ ਬੱਧੀ ਤੇ ਉਥੇ ਹੀ ਸਰੀਰ ਤਿਆਗਿਆ।

ਬਾਬਾ ਬੁੱਧ ਮੱਲ ਸਾਹਿਬ ਨੇ ਇਸੇ ਤਹਿਸੀਲ ਦੇ ਜੱਸੋਵਾਲ ਰੇਲਵੇ ਸਟੇਸ਼ਨ (ਨਗਰ) ਵਿਰਾਜ ਕੇ ਗੁਰਮਤਿ ਦਾ ਚੰਨਣ ਬਿਰਛ ਲਾਇਆ, ਜਿਸ ਦੀ ਸੁਗੰਧੀ ਨਾਲ ਸਾਰਾ ਪਚੱਘ ਮਹਿਕਾਂ ਮਾਰ ਉਠਿਆ। ਇਹਨਾਂ ਦਾ ਸਰੀਰ ਸੱਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਦਰਸਨ ਪਰਸਨ ਤੇ ਸੇਵਾ ਕਰ ਕੇ ਸਕਾਰਥਾ ਹੋਇਆ। ਗੁਰੂ ਸਾਹਿਬਾਂ ਸੁਪ੍ਰਸੰਨ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ, ਨਿਸ਼ਾਨ ਸਾਹਿਬ ਤੇ ਨਗਾਰਾ ਪ੍ਰਦਾਨ ਕੀਤਾ।

ਬਾਬਾ ਸੰਤ ਪ੍ਰਸਾਦ ਜੀ ਨੇ ਗੁਰ ਸੰਤ ਜੀ ਦੀ ਆਗਿਆ ਨਾਲ ਭੂਦਨ ਨਗਰ ਵਿਖੇ ਧਰਮਸਾਲਾ ਕਾਇਮ ਕਰ ਕੇ ਸਤਿਗੁਰੂ ਨਾਨਕ ਦੇ ਹੁਕਮ ਦੀ ਪਾਲਣਾ ਕੀਤੀ।

ਸੰਤ ਸਾਹਿਬ ਦਾਸ ਜੀ ਨੇ ਅਲਾਲ ਰੇਲਵੇ ਸਟੇਸ਼ਨ ਲਾਗਲੇ ਨਗਰ ਹੇੜੀ ਕੇ ਵਿਖੇ ਜੱਟਾਂ ਦੇ ਘਰ ਜਨਮ ਧਾਰਿਆ। ਬਾਬਾ ਸੰਤ ਪ੍ਰਸਾਦ ਸਾਹਿਬ ਪਾਸੋਂ ਗੁਰ-ਮੰਤਰ ਤੇ ਸਿੱਖਿਆ-ਦੀਖਿਆ ਪ੍ਰਾਪਤ ਕਰ ਕੇ ਇਥੇ ਹੀ ਧਰਮਸਾਲ ਵਿਚ ਸੇਵਾ ਕਮਾਈ ਤੇ ਮਹੰਤੀ ਪਾਈ।

ਕਵਿ ਮਹੋਦਯ ਬਾਬਾ ਸੰਤਰੇਣੁ ਜੀ ਨੇ ਸੰਮਤ ਸਤਾਰਾਂ ਸੈ ਅਠਾਨਵੇਂ ਵਿਚ ਜਨਮ ਧਾਰ ਕੇ ਮਹੰਤ ਸਾਹਿਬ ਦਾਸ ਜੀ ਦੀ ਸੇਵਾ ਭਗਤੀ ਕਰ ਕੇ ਗੁਰਮਤਿ ਦਾ ਦਾਨ ਪ੍ਰਾਪਤ ਕੀਤਾ। ਫਿਰ ਗੁਰ-ਮੰਤਰ ਦਾਤਾ ਜੀ ਦੀ ਆਗਿਆ ਸਿਰ ਧਰ ਕੇ ਦੱਖਣ

ਦੇਸ਼ 'ਬਾਲਾਪੁਰ' ਨਗਰ ਉਸ ਟਿਕਾਣੇ ਜਾ ਟਿਕੇ, ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਜਾ ਕੇ ਬਾਬਾ ਦਿਆਲ ਦਾਸ ਜੀ ਨੇ ਦਸਮੇਸ਼ ਜੀ ਦੇ ਦੱਸੇ ਨਿਸ਼ਾਨ ਮੂਜਬ ਸਤਿਗੁਰੂ ਨਾਨਕ ਦੇਵ ਜੀ ਦਾ ਯਾਦਗਾਰੀ ਸਥਾਨ ਬਣਾਇਆ ਸੀ। ਉਥੇ ਬਿਰਾਜਣ ਸਮੇਂ ਹੀ ਆਪ ਨੇ ਉੱਤਮ ਇਤਿਹਾਸਕ ਗ੍ਰੰਥ *ਨਾਨਕ ਵਿਜੈ* ਸੁੰਦਰ ਤੇ ਸਰਲ ਕਵਿਤਾ ਵਿਚ ਰਚਿਆ, ਜਿਸ ਦਾ ਆਕਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਜਿਤਨਾ ਹੈ। ਇਸ ਮਹਾਂਕਾਵਿ ਦਾ ਉਤਾਰਾ ਇਕ ਭੂਦਨ ਤੇ ਇਕ ਜਾਖਲ ਜੰਕਸ਼ਨ ਲਾਗੇ ਲਹਿਲ ਨਗਰ ਵਿਚ ਹੈ। ਆਪ ਨੇ *ਉਦਾਸੀ ਬੋਧ* ਆਦਿਕ ਹੋਰ ਵੀ ਬੜੇ ਲੋੜੀਂਦੇ ਪੁਸਤਕ ਰਚੇ ਹਨ।

ਬਾਲਾਪੁਰ ਰਹਿੰਦਿਆਂ ਆਪ ਜੀ ਨੇ ਬੇਅੰਤ ਜਗਿਆਸੂਆਂ ਨੂੰ ਨਾਮ ਦਾਨ ਬਖ਼ਸ਼ ਕੇ ਸਤਿਗੁਰ ਨਾਨਕ ਦੇ ਚਰਨੀਂ ਲਾਇਆ ਤੇ ਗੁਰਸਿੱਖ ਬਣਾਇਆ, ਜਿਨ੍ਹਾਂ ਵਿੱਚੋਂ ਭਾਈ ਭਗਤ ਰੇਣੂ, ਮਾਈ ਹੀਰਾ ਬਾਈ, ਭਾਈ ਗੋਬਿੰਦ ਰਾਮ ਤੇ ਸੁਖਦੇਵ ਜੀ ਨੇ ਉਦਾਸ ਬਿਰਤੀ ਧਾਰਨ ਕੀਤੀ। ਸੰਤ ਭਗਤ ਰੇਣੂ ਜੀ ਨੂੰ ਆਪ ਧਰਮਸਾਲ ਬਾਲਾਪੁਰ ਦੀ ਸੇਵਾ (ਮਹੰਤੀ) ਸੌਂਪ ਕੇ, ਪੰਜਾਬ ਚਲੇ ਆਏ ਅਰੁ 'ਭੂਦਨਾਸ੍ਰਮ' ਦਾ ਪ੍ਰਬੰਧ ਸੰਭਾਲਿਆ। ਮਾਈ ਹੀਰਾ ਬਾਈ, ਸੇਠ ਭਗਤ ਲਾਲ ਦੀ ਸਪੁੱਤਰੀ ਵੱਡੇ ਰੋਗ (ਕੋਹੜ) ਨਾਲ ਪੀੜਤ ਸਨ। ਬਾਬਾ ਜੀ ਨੇ "ਸਰਬ ਰੋਗ ਕਾ ਅਉਖਦੁ ਨਾਮੁ" ਬਖ਼ਸ਼ ਕੇ ਉਸ ਦਾ ਸਰੀਰ ਨਵਾਂ-ਨਰੋਆ ਕੀਤਾ। ਫਿਰ ਇਸ ਮਾਈ ਨੇ ਮੀਰਾਂ ਬਾਈ ਵਾਂਙ ਸਤਿਗੁਰ ਨਾਨਕ ਦੀ ਭਗਤੀ ਕਮਾਈ। ਮਹਾਂ ਕਵੀ ਸੰਤਰੇਣ ਜੀ ਵੀ ਸਤਿਗੁਰੂ ਨਾਨਕ ਦੇ ਉਸੇ ਤਰ੍ਹਾਂ ਅਨਿੰਨ ਭਗਤ ਸਨ, ਜਿਵੇਂ ਭਗਤ (ਸੂਰਦਾਸ) ਸ੍ਰੀ ਕ੍ਰਿਸ਼ਨ ਜੀ ਦਾ।

ਸ੍ਰੇਸ਼ਟ ਸਿੱਖ ਸਾਧੂ ਬਾਬਾ ਸੰਤਰੇਣੂ ਜੀ ਦੇ ਪਰਲੋਕ ਪਿਆਨੇ ਸੰਮਤ ਉੱਨੀਹ ਸੈ ਅਠਾਈਹ ਵਿਚ ਫੱਗਣ ਤ੍ਰਿਉਦਸੀ ਨੂੰ ਭੂਦਾਸ੍ਰਮ ਵਿਖੇ ਹੀ ਹੋਏ। ਆਪ ਜੀ ਥਾਵੇਂ ਆਪ ਦੇ ਸੇਵਕ ਸੰਤ ਰਾਮ ਸਰਣ ਜੀ ਇਸ ਧਰਮਸਾਲ ਦੇ ਮਹੰਤ ਬਣੇ।

ਬਾਬਾ ਸੰਤਰੇਣ ਜੀ ਗੁਰਮੁਖ ਸਾਧੂ ਤੇ ਮਹਾਂਕਵੀ ਹੋਣ ਤੋਂ ਇਲਾਵਾ ਵੈਦ ਕਵੀਰਾਜ ਵੀ ਸਨ। ਜਿਨ੍ਹਾਂ ਦਾ ਲਾਇਆ ਵੈਦਯ ਕਲਪਤਰੂ ਹੁਣ ਤਕ ਉਸੇ ਤਰ੍ਹਾਂ ਸਾਵਾ-ਸਰਵਾ ਤੇ ਸਫਲ ਫਲਿਆ ਲਹਿ ਲਹਾ ਰਿਹਾ ਹੈ।

ਜਿਨ੍ਹਾਂ ਭਗਵੰਤੇ ਪ੍ਰਾਣੀਆਂ ਨੇ ਆਪ ਜੀ ਦੇ ਦਰਸ਼ਨ ਕੀਤੇ ਹਨ, ਉਹ ਦੱਸਦੇ ਹਨ ਕਿ ਬਾਬਾ ਜੀ ਆਪਣੇ ਪ੍ਰੀਤਮ 'ਨਾਨਕ' ਦੇ ਇਸ਼ਕ ਵਿਚ ਇਸ ਤਰ੍ਹਾਂ ਘੁਲੇ-ਮਿਲੇ ਸਨ ਕਿ ਨਾਨਕ! ਨਾਨਕ!! ਦਾ ਵਿਰਦ ਕਰਦੇ, ਵੈਰਾਗ ਦੇ ਵਹਿਣ ਵਹਾ ਦੇਂਦੇ ਤੇ ਉਸੇ ਹਾਲਤ ਵਿਚ ਗੁੰਮ ਹੋ ਜਾਂਦੇ ਸਨ। ਪਹਿਰਾਂ ਬੱਧੀ ਪ੍ਰੀਤਮ ਦੇ ਚਰਨਾਂ ਦਾ ਧਿਆਨ ਧਰ ਸਮਾਧਿ ਸਥਿਤ ਹੋਏ ਰਹਿੰਦੇ ਸਨ। ਆਪ ਨੇ *ਨਾਨਕ ਵਿਜੈ ਗ੍ਰੰਥ* ਦੀ ਰਚਨਾ ਵੀ ਇਸੇ ਪ੍ਰੇਮ ਮਗਨ ਅਵਸਥਾ ਵਿਚ ਹੀ ਕੀਤੀ ਹੈ।

ਬਾਬਾ ਜੀ ਦੀ ਕਵਿਤਾ ਵਿੱਚੋਂ ਵੰਨਗੀ ਮਾਤਰ ਮੁਲਾਹਜ਼ਾ ਹੋਵੇ:

ਰਾਮ ਬਿਨੋਦ ਛੰਦ

ਗੁਰ ਕ੍ਰਿਪਾਲੰ, ਪਰਮ ਦਿਆਲੰ, ਕਰੈ ਨਿਹਾਲੰ, ਦਯਾ ਕਰੇ।
ਗੁਰ ਪਰਮੇਸੁਰ, ਗੁਰ ਜਗਤੇਸ਼ੁਰ, ਗੁਰ ਰਘੇਸ਼ੁਰ, ਰਾਮ ਹਰੇ।

ਗੁਰ ਸੁਖਦਾਤਾ ਪੁਰਖ ਬਿਧਾਤਾ, ਗੁਰ ਸਭਿ ਗਯਾਤਾ, ਗਯਾਨ ਭਰੇ।
ਨਿਜ ਬੁਧ ਮੰਥੰ, ਬਰਨੋ ਗ੍ਰੰਥੰ, ਹਰਿ ਗੁਰ ਪੰਥੰ, ਪਾਇ ਪਰੇ।

ਦੋਹਰਾ॥

ਪਰਮੇਸ਼੍ਵਰ ਪ੍ਰਾਰਬ੍ਰਹਮ ਜੋ, ਜੋ ਸਭਿ ਵਿਸੁ ਅਧਾਰ॥
ਤਿਸ ਪਰਮੇਸ਼੍ਵਰ ਕੇ ਭਯੋ, 'ਓਅੰਕਾਰ' ਉਦਾਰ॥੬॥

ਰਾਗੁ ਆਸਾ ਛੰਤ

ਆਦਿ ਮੰਤ੍ਰ ਇਹ ਬਿਸ਼ਨ ਕਾ ਬ੍ਰਹਮਾ ਕੋ ਦੀਆ।
ਬ੍ਰਹਮੈ ਬੇਦ ਬਣਾਇਕੈ, ਜਗਿ ਪ੍ਰਗਟਿ ਕੀਆ॥੧॥
ਅਮਰ ਕਥਾ ਕਾ ਬੀਜ ਏਹੁ, ਓਅੰਕਾਰ ਸੁ ਭਾਈ।
ਮਹਿਮਾ 'ਓਅੰਕਾਰ' ਕੀ ਗੁਰੁ ਨਾਨਕ ਗਾਈ॥੧॥ਰਹਾਉ॥
ਬ੍ਰਹਮਾ ਨੇ ਇਹੁ ਮੰਤ੍ਰੰ ਨਾਰਦ ਕੋ ਦੀਆ।
ਨਾਰਦ ਦਯੋ ਬਿਆਸ ਕੋ, ਸਾਦਰ ਤਿਨ ਲੀਆ॥੨॥
ਸਨਕਾਦਿਕ ਕੋ ਪੁਨਿ ਭਯੋ ਬ੍ਰਹਮਾ ਸੁਖਦਾਈ।
ਮੰਤਰ ਕੇ ਪ੍ਰਤਾਪ ਤੇ ਭਯੋ ਸੁਖੀ ਸੁ ਭਾਈ॥੩॥
ਜਨਕ ਦੀਉ ਸੁਖਦੇਵ ਕੋ ਪਰਤਾਪ ਦਿਖਾਰੇ।
ਦਯੋ ਬਸਿਸਟੰ ਰਾਮ ਕੋ ਸਿਵ ਗਿਰਜਾ ਠਾਰੇ॥੪॥
ਰਾਮਾਨੰਦ ਕੋ ਇਹੀ ਪੁਨਿ, ਰਾਮਾਨੁਜਿ ਦੀਨਾ।
ਦਯੋ ਮਛਿੰਦਰਿ ਗੋਰਖੈ ਪਰਮਾਰਥ ਕੀਨਾ॥੫॥
ਸੇਸ ਸਾਈ ਭਗਵਾਨ ਨੇ, ਨਾਨਕ ਕੋ ਦੀਆ।
ਗੁਰੁ ਨਾਨਕ ਤੇ ਅੰਗਦੰ ਇਹ ਮੰਤਰ ਲੀਆ॥੬॥...
ਬਾਲੂ ਹਸਨੇ ਕੋ ਦਯੋ ਬਾਬੇ ਗੁਰਦਿੱਤੇ।
ਬਹੁਰਿ ਦਯੋ ਅਲਮਸਤਿ ਕੋ ਪਰਮੰ ਇਹੁ ਬਿੱਤੈ॥੮॥
ਬਹੁਰਿ ਦਯੋ ਗੋਇੰਦ ਕੋ, ਇਹੁ ਮੰਤਰ ਭਾਈ।
ਫੂਲ ਸਾਹਿਬ ਕੋ ਪੁਨਿ ਦਯੋ, ਗੁਰਦਿੱਤੇ ਸਾਈ॥੯॥
ਤਿਨ ਚਾਰੋਂ ਤੇ ਪੰਥ ਮੈਂ ਸਭ ਸੰਤਹਿ ਪਾਇਆ।
ਪਰਮਪਰਾ ਇਹੁ ਮੰਤਰੰ, ਚਲਤਾ ਜਗ ਆਇਆ॥੧੦॥
ਮਹਿਮਾ 'ਓਅੰਕਾਰ' ਕੀ ਗੁਰੁ ਨਾਨਕ ਜਾਣੈ।
ਸੰਤਰੇਣੂ ਅਲਪੱਗ ਜੀਵ, ਹਮ ਕਾਇ ਬਖਾਣੈ॥੧੧॥

(ਉਦਾਸੀ ਬੋਧ ਗ੍ਰੰਥ)

ਭੂਦਨਾਸ਼੍ਰਮ ਦੇ ਮਹੰਤ (ਪ੍ਰਬੰਧਕ-ਸੇਵਕ) ਸੰਤ ਰਾਮ ਸਰਨ ਜੀ ਤੋਂ ਬਾਦ ਸੰਤ ਮਦਨ ਗੋਪਾਲ ਜੀ ਬਣੇ, ਜੋ ਕੱਤਕ ਪੁੰਨਿਆ ਸੰਮਤ 2000 ਬਿ: (10 ਨਵੰਬਰ, 1943 ਈ.) ਨੂੰ ਪਰਲੋਕ ਪਧਾਰ ਗਏ। ਉਪਰੰਤ ਆਪ ਦੇ ਨੌਜਵਾਨ ਸੇਵਕ ਮੁਕਤ ਰਾਮ ਜੀ ਆਸ਼੍ਰਮਾਧੀਨ ਨੀਯਤ ਹੋਏ, ਜਿਨ੍ਹਾਂ ਦਾ ਜਨਮ ਧਾਂਦਰੇ ਨਗਰ ਵਿਚ ਸ. ਬਖ਼ਤਾਵਰ ਸਿੰਘ ਦੇ ਘਰ ਹੋਇਆ। ਅਰੁ ਅੱਸੂ ਵਦੀ ਦਸਮੀ, ਸੰਮਤ 1992 ਬਿ: ਨੂੰ ਬਾਲ ਅਵਸਥਾ ਵਿਚ ਹੀ ਬਾਬਾ ਮਦਨ ਗੋਪਾਲ ਜੀ ਪਾਸਹੁੰ ਗੁਰ-ਮੰਤਰ ਤੇ ਚਰਨ ਪਾਹੁਲ ਪ੍ਰਾਪਤ ਕਰ ਕੇ ਉਦਾਸੀ ਭੇਖ ਧਾਰਿਆ। ਆਪ ਦੇ ਵੱਡੇ ਭਰਾਤਾ ਸੰਤ ਹਰਿਨਾਮ

ਦਾਸ ਜੀ ਵੀ ਉਦਾਸੀ ਭੇਖਧਾਰੀ ਹਨ ਤੇ ਆਪ ਜੀ ਦੇ ਪਾਸ ਵਿਰਾਜਦੇ ਸਨ। ਇਹ ਦੋਵੇਂ ਮਹਾਤਮਾ ਵੱਡੇ ਉੱਤਮ ਵੈਦ ਤੇ ਗੁਰਮੁਖ ਸਾਧੂ ਸਨ, ਜਿਨ੍ਹਾਂ ਦੀ ਵੈਦਗੀ ਤੇ ਅੰਨ ਦਾ ਮਾਨੋ ਲੰਗਰ ਹੀ ਲਾ ਛੱਡਿਆ ਸੀ।

ਇਸ ਧਰਮਸਾਲਾ ਨਾਲ ਦੋ ਡੂਢ ਹੱਲ ਜ਼ਮੀਨ ਵੀ ਮੁਆਫ਼ ਹੈ। ਪਿੰਡ ਧਾਂਦਰੇ (ਧੂਰੀ ਲਾਗੇ) ਵਿਚ ਵੀ ਇਸ ਸ਼੍ਰੇਣੀ ਦੇ ਸੰਤਾਂ ਧਰਮਸਾਲ ਕਾਇਮ ਕੀਤੀ ਸੀ। ਸੰਤ ਹਰਿਨਾਮ ਦਾਸ ਜੀ ਉਥੋਂ ਦੇ ਜੇਠੇ ਚੇਲੇ ਸਨ।

1. ਗੁੱਜਰਵਾਲ

ਜ਼ਿਲ੍ਹਾ ਲੁਧਿਆਣਾ ਤੇ ਇਸੇ ਤਹਿਸੀਲ ਵਿਚ ਬੜਾ ਪ੍ਰਸਿੱਧ ਨਗਰ ਹੈ। ਮਾਲਵੇ ਨੂੰ ਨਾਮ ਦਾਨ ਤੇ ਗੁਰ-ਉਪਦੇਸ਼ ਦੇ ਕੇ ਤਾਰਦੇ ਹੋਏ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇਸ ਨਗਰ ਵਿਰਾਜੇ ਸਨ।

(1) ਚੌਧਰੀ ਰਾਮੇ ਦੇ ਪੁੱਤਰ ਭਾਈ ਫਤੂਹੀ ਨੇ ਪ੍ਰੇਮ ਨਾਲ ਸੇਵਾ ਕੀਤੀ ਤੇ ਇਕ ਸ਼ਿਕਾਰੀ ਪੰਛੀ ਬਾਜ ਭੇਂਟ ਕੀਤਾ। ਸਤਿਗੁਰਾਂ ਸਿਰਪਾਓ ਵਜੋਂ ਦਸਤਾਰ ਬਖ਼ਸ਼ੀ, ਜੋ ਹਾਲਾਂ ਤਕ ਉਸ ਦੀ ਸੰਤਾਨ ਪਾਸ ਮੌਜੂਦ ਹੈ।

(2) ਚੌਧਰੀ ਮਿਤੂ ਨੇ ਸਤਿਗੁਰਾਂ ਨੂੰ ਆਪਣੇ ਘਰ ਲਿਜਾ ਕੇ ਸੇਵਾ ਕੀਤੀ। ਘੋੜਾ ਅਰਦਾਸ ਕਰਾਇਆ। ਗੁਰੂ ਸਾਹਿਬਾਂ ਪ੍ਰਸੰਨ ਹੋ ਕੇ 'ਖੰਡਾ ਬਖ਼ਸ਼ਿਆ', ਜਿਸ ਦੇ ਦਰਸ਼ਨ ਕਰਾਏ ਜਾਂਦੇ ਹਨ। ਸ਼ਰਧਾਵਾਨ ਭੇਟਾ ਚਾੜ੍ਹਦੇ ਹਨ।

ਇਹਨਾਂ ਦੋਹਾਂ ਅਸਥਾਨਾਂ ਪੁਰ ਯਾਦਗਾਰੀ ਗੁਰ-ਮੰਦਰ ਬਣੇ ਹੋਏ ਹਨ ਅਰ ਪੰਥਕ ਪ੍ਰਬੰਧ ਵਿਚ ਹਨ।

(3) ਇਨ੍ਹਾਂ ਤੋਂ ਬਿਨਾਂ ਬਾਬਾ ਬਾਲੂ ਹੱਸਣਾ ਜੀ ਦੇ ਸੇਵਕ ਬਾਬਾ ਰੂੜ ਮੱਲ ਜੀ ਨੇ ਇਸ ਨਗਰ ਅੰਦਰ ਇਕ ਧਰਮਸਾਲ ਬੱਧੀ, ਜਿਸ ਦੇ ਨਾਮ ਸਿੱਖ ਰਾਜ ਵੇਲੇ ਤੀਹ ਕੁ ਵਿਘੇ ਜ਼ਮੀਨ ਵੀ ਪੁੰਨ-ਅਰਥ ਅਰਦਾਸ ਹੋਈ। ਜੋ ਅੰਗਰੇਜ਼ੀ ਰਾਜ ਅੰਦਰ ਕਮਿਸ਼ਨਰ ਦੀ ਚਿੱਠੀ ਨੰ. 124 ਮਿਤੀ 26 ਜਨਵਰੀ, 1857 ਅਨੁਸਾਰ ਧਰਮਸਾਲ ਦੀ ਬਹਾਲੀ ਤੇ ਖ਼ਰਚ ਨਿਬਾਹੁਣ ਹਿੱਤ ਸਦਾ ਲਈ ਬਹਾਲ ਰੱਖੀ ਗਈ। ਮਗਰੋਂ ਇਥੇ ਗੁਰੂ ਕਾ ਲੰਗਰ ਤੇ ਸਿੱਖ ਧਰਮ ਦਾ ਪ੍ਰਚਾਰ ਜਾਰੀ ਦੇਖ ਕੇ ਪਿੰਡ ਫੱਲੇਵਾਲ ਦੇ ਇਕ ਸਿੱਖ ਪ੍ਰੇਮੀ ਨੇ ਦਸ ਵਿਘੇ ਜ਼ਮੀਨ ਅਰਦਾਸ ਕਰਵਾਈ। ਇਸ ਤਰ੍ਹਾਂ 'ਕੋਟ ਆਗਾ' ਪਿੰਡ ਵਿਚ ਵੀ ਸਵਾ ਕੁ ਵਿਘਾ ਭੁਇੰ ਭੇਟ ਹੋਈ, ਜੋ ਹੁਣ ਤਕ ਬਹਾਲ ਹੈ।

ਇਸ ਅਸਥਾਨ ਦੇ ਪ੍ਰਬੰਧਕ ਬਾਬਾ ਰੂੜ ਮੱਲ ਜੀ ਤੋਂ ਬਾਅਦ ਵਾਰੋ-ਵਾਰੀ ਬਾਬਾ ਚੇਤਨ ਦਾਸ, ਗੁਰਦਾਸ, ਸੰਗਤ ਦਾਸ, ਦਿਆਲ ਦਾਸ, ਮਾਯਾ ਰਾਮ, ਰੰਗੀ ਰਾਮ, ਮੰਗਲ ਦਾਸ ਤੇ ਜਾਨਕੀ ਦਾਸ ਜੀ ਹੁੰਦੇ ਆਏ।

2. ਭਰੋਆਲ

ਇਹ ਪਿੰਡ ਵੀ ਜ਼ਿਲ੍ਹਾ ਲੁਧਿਆਣਾ ਦੀ ਜਗਰਾਉਂ ਤਹਿਸੀਲ ਵਿਚ ਹੈ। ਇਸ ਦੇਸ਼ ਨੂੰ ਚਰਨ ਛੁਹ ਬਖ਼ਸ਼ ਕੇ ਤਾਰਦੇ ਹੋਏ ਸ੍ਰੀ ਗੁਰੂ ਹਰਿਗੋਬਿੰਦ ਜੀ ਇਥੇ ਪਧਾਰੇ

ਸਨ। ਜਿਸ ਦੀ ਯਾਦ ਬਾਲੂ ਹੱਸਣਾ ਪੱਧਤੀ ਦੇ ਸੰਤ ਪੂਰਨ ਦਾਸ ਜੀ ਦੀ ਸ਼੍ਰੇਣੀ ਦੇ ਸਾਧੂਆਂ ਕਾਇਮ ਕੀਤੀ। ਧਰਮਸਾਲ ਬੰਨ੍ਹ ਕੇ ਨਿਰੰਕਾਰੀ ਧਰਮ ਦਾ ਪ੍ਰਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਤੇ ਕਥਾ ਕੀਰਤਨ ਕਰਦੇ ਰਹੇ। ਇਸ ਲੜੀ ਦੀ ਪ੍ਰਸੰਗਲੀ ਬਾਬਾ ਬਾਲੂ ਹੱਸਣਾ ਜੀ ਦੇ ਸੇਵਕ ਬਾਵਾ ਪੂਰਨ ਦਾਸ ਨਾਲ ਇਸ ਤਰ੍ਹਾਂ ਮਿਲਦੀ ਹੈ:

ਬਾਬਾ ਪੂਰਨ ਦਾਸ ਜੀ ਤੋਂ ਬਾਦ ਸੰਤ ਦਿਆਲ ਦਾਸ ਜੀ, ਮਾਨ ਦਾਸ ਜੀ, ਸੇਵਾ ਦਾਸ, ਰਾਮ ਚੇਰਾ, ਰਾਮ ਦਿੱਤਾ, ਦੁਨੀ ਚੰਦ, ਝੰਡਾ ਦਾਸ, ਗੁਰਦਿਆਲ, ਫੂਲ ਦਾਸ, ਗੁਲਾਬ ਦਾਸ, ਸਾਹਿਬ ਦਾਸ, ਚਰਨ ਦਾਸ, ਮੁਕਤ ਰਾਮ, ਸਰੂਪ ਦਾਸ, ਮੌਜ ਦਰਿਯਾ ਤੋਂ ਸੰਤ ਨਰੈਣ ਦਾਸ ਜੀ।

ਇਹ 'ਧਰਮਸਾਲਾ' ਸਿੱਖ ਰਾਜ ਸਮੇਂ ਕਾਇਮ ਹੋਈ ਤੇ ਅਠਤਾਲੀਹ ਕੁ ਵਿਘੇ ਜ਼ਮੀਨ ਇਸ ਅਸਥਾਨ ਦੀ ਸੇਵਾ-ਸੰਭਾਲ ਗੁਰੂ ਕੇ ਲੰਗਰ ਤੇ ਧਰਮ ਪ੍ਰਚਾਰ ਜਾਰੀ ਰਹਿਣ ਵਾਸਤੇ ਲਾਈ ਗਈ। ਅੰਗਰੇਜ਼ੀ ਰਾਜ ਸਮੇਂ ਇਹ ਮੁਆਫ਼ੀ ਸਕੱਤਰ ਗਵਰਨਮੈਂਟ (ਪੰਜਾਬ ਦੀ ਚਿੱਠੀ ਨੰ. 142 ਮਿਤੀ 16 ਜੁਲਾਈ, 1883 ਈ.) ਅਨੁਸਾਰ ਸਮੇਂ ਦੇ ਸੇਵਾਦਾਰ (ਮਹੰਤ) ਦੇ ਨਾਮ ਧਰਮਸਾਲ ਦੀ ਕਾਇਮੀ ਤੇ ਸੇਵਾਦਾਰ ਦੀ ਨੇਕ ਚੱਲਣੀ ਦੀ ਸ਼ਰਤ ਪੁਰ ਬਹਾਲ ਰਹੀ।

ਸੰਨ 1897 ਈ. ਵਿਚ ਇਥੋਂ ਦਾ ਸੇਵਾਦਾਰ ਮਹੰਤ ਚਰਨ ਦਾਸ ਚੇਲਾ ਸੰਤ ਸਾਹਿਬ ਦਾਸ ਦਾ ਸੀ। ਇਸੇ ਵਰ੍ਹੇ ਹੀ ਉਹ ਚੜ੍ਹਾਈ ਕਰ ਗਿਆ ਤਾਂ ਮੁਆਫ਼ੀ ਸਾਧੂ ਮੁਕਤ ਰਾਮ ਦੇ ਨਾਮ ਦਾਖ਼ਲ ਹੋਈ। ਫਿਰ 1909 ਈ. ਵਿਚ ਉਸ ਦੇ ਦੇਹਾਂਤ ਪੁਰ ਸੰਤ ਸਰੂਪ ਦਾਸ ਜੀ ਦੇ ਨਾਮ ਤਬਦੀਲ ਹੋ ਗਈ। ਸੰਨ 1923 ਈ. ਵਿਚ ਮਹੰਤ ਨਰੈਣ ਦਾਸ ਜੀ ਪ੍ਰਬੰਧਕ ਸਨ। ਸੋ ਨਿਤਾਪ੍ਰਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਤੇ ਪਾਠ ਕਰਦੇ, ਅਰੁ ਸਿੱਖ ਧਰਮ ਦੀ ਮਰਯਾਦਾ ਨਿਬਾਹੁੰਦੇ ਸਨ।

3. ਜੱਸੋਵਾਲ

ਜ਼ਿਲ੍ਹਾ ਲੁਧਿਆਣਾ ਵਿਚ ਧੂਰੀ ਰੇਲਵੇ ਸਟੇਸ਼ਨ ਪੁਰ ਲੁਧਿਆਣਾ ਜੰਕਸ਼ਨ ਤੋਂ ਦੂਜਾ ਸਟੇਸ਼ਨ ਜੱਸੋਵਾਲ ਹੈ। ਨਗਰ ਲਾਇਨ ਤੋਂ ਪੌਣਾਂ ਕੁ ਮੀਲ ਫ਼ਰਕ ਨਾਲ ਖੱਬੇ ਪਾਸੇ ਹੈ। ਇਸ ਨਗਰ ਵਿਚ ਬਾਬਾ ਬਾਲੂ 'ਹੱਸਣਾ' ਤੋਂ ਸੱਤਵੀਂ ਪੀੜ੍ਹੀ ਸੰਤ ਬੁੱਧ ਮੱਲ ਜੀ ਨੇ ਧਰਮਸਾਲ ਬੰਨ੍ਹ ਕੇ ਗੁਰਮਤਿ ਦਾ ਚੰਨਣ ਬਿਰਛ ਲਾਇਆ। ਜਿਸ ਨੇ ਉਦਾਲੇ-ਪੁਦਾਲੇ ਸਾਰੇ ਪਚੱਘ ਵਿਚ ਨਾਮ ਬਾਣੀ ਤੇ ਗੁਰਮਤਿ ਗਿਆਨ ਦੀ ਸੁਗੰਧੀ ਮਹਿਕਾ ਦਿੱਤੀ। ਨਿਰੰਕਾਰੀ ਧਰਮ ਤੇ ਗੁਰਮੁਖੀ ਵਿੱਦਿਆ ਦਾ ਪ੍ਰਚਾਰ ਹੁੰਦਾ ਵੇਖ ਕੇ ਸਮਰੱਥ ਸਿੱਖ ਜ਼ਿਮੀਂਦਾਰਾਂ ਇਸ 'ਵਿੱਦਿਆ ਸਾਗਰ' ਦੇ ਨਾਮ ਹੇਠ ਲਿਖੇ ਪਿੰਡਾਂ ਵਿਚ ਜ਼ਮੀਨਾਂ ਅਰਦਾਸ ਕਰਾਈਆਂ:

ਪਿੰਡ (ਰਕਬਾ)	ਵਿਘੇ	ਵਿਸਵੇ	ਬਿਸਵਾਂਸੀ
1. ਜੱਸੋਵਾਲ	63	17	8
2. ਬਹੀਲੋ	71	18	18

ਪਿੰਡ (ਰਕਬਾ)	ਵਿਘੇ	ਵਿਸਵੇ	ਬਿਸਵਾਂਸੀ
3. ਖੇੜੀ	33	2	1
4. ਦੂਲੋਂ ਛੋਟੀ	25	4	13
5. ਗੁਪਾਲਪੁਰ	1	0	8
6. ਰਾਇਪੁਰ	37	4	8
7. ਮਨਸੂਰਾਂ	2	19	16
8. ਧਾਂਦਰਾ	114	6	2
9. ਰੁੜਕਾ	59	10	10
10 ਮੋਹੀ	29	0	7
11. ਕੁਲਾਰ (ਘੁਨਾਲ)	26	10	15

12. ਰੋਪੜ (ਜ਼ਿਲ੍ਹਾ ਅੰਬਾਲਾ) ਸਿਰਫ਼ ਇਕ ਖੇਤ ਤੇ ਧਰਮਸਾਲਾ

ਅੰਗਰੇਜ਼ੀ ਰਾਜ ਦੀ ਅਮਲਦਾਰੀ ਵਿਚ ਹੋਏ ਬੰਦੋਬਸਤ ਸਮੇਂ ਜੱਸੋਵਾਲ ਧਰਮਸਾਲ ਦੇ ਮਹੰਤ ਬਾਬਾ ਗੁਲਾਬ ਦਾਸ, ਦੀਵਾਨ ਦਾਸ ਤੇ ਮਾਧੋ ਦਾਸ ਆਦਿ ਸਨ, ਜਿਨ੍ਹਾਂ ਦੇ ਨਾਮ ਇੰਤਕਾਲ ਜਾਇਦਾਦ ਬਾਰੇ ਹੇਠ ਲਿਖੇ ਇੰਦਰਾਜ ਕਾਗ਼ਜ਼ਾਤ ਮਾਲ ਵਿਚ ਹੋਏ ਹਨ:

1. ਬਹੀਲਾ: "ਬ-ਮੂਜਬ ਚਿੱਠੀ ਨੰ. 306 ਮੁਅੱਰਖਾ 15 ਫ਼ਰਵਰੀ 1854 ਈ. ਸਾਹਿਬ ਫਿਨਾਨਸਲ ਕਮਿਸ਼ਨਰ ਬਹਾਦੁਰ ਈ ਰੂਇ ਸਤਲੁਜ ਮੁੱਆਫ਼ੀ ਹਜ਼ਾ ਬਰਾਇ ਕਾਇਮੀ ਲੰਗਰ ਵ ਸਕੂਲ ਮੌਜ਼ਾ ਜੱਸੋਵਾਲ ਬਨਾਮ ਗੁਲਾਬ ਦਾਸ ਮਾਲਿਕ ਤੇ ਤਾ-ਦਵਾਰਾ ਮੁੱਆਫ਼ੀ ਹੈ। ਫਿਰ "ਬਹੁਕਮ 9 ਸਤੰਬਰ 1909 ਬਨਾਮ ਮਾਧੋਦਾਸ ਸ਼ਰਾਇਤ ਸਾਬਿਕਾ ਪਰ ਮੁੱਆਫ਼ੀ ਬਦਸੂਰਤ ਰੱਖੀ ਗਈ।"

2. ਧਾਂਦਰਾ: ਉਤਲੀ ਚਿੱਠੀ ਅਨੁਸਾਰ ਹੀ ਇਸ ਪਿੰਡ ਦੀ ਜ਼ਮੀਨ ਦੀਵਾਨ ਦਾਸ ਦੇ ਚੇਲੇ ਮਾਧੋ ਦਾਸ ਨੇ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੁੰਦੇ ਰਹਿਣ ਧਰਮਸਾਲ ਦੀ ਕਾਇਮੀ ਤੇ ਮਹੰਤ ਦੀ ਨੇਕ ਚੱਲਣੀ ਦੀ ਸ਼ਰਤ ਪੁਰ ਸਦਾ ਲਈ ਮੁੱਆਫ਼ ਹੈ।

3. ਰਾਇਪੁਰ: ਸਤਲੁਜੋਂ ਉਰਾਰ ਦੇ ਸਾਹਿਬ ਕਮਿਸ਼ਨਰ ਬਹਾਦੁਰ ਦੀ ਚਿੱਠੀ ਨੰ. 124 ਮਿਤੀ 26 ਜਨਵਰੀ 1857 ਈ. ਅਨੁਸਾਰ ਇਹ ਜ਼ਮੀਨ ਜੱਸੋਵਾਲ ਧਰਮਸਾਲ ਦੀ ਕਾਇਮੀ ਤੇ ਖ਼ਰਚਾਂ ਵਾਸਤੇ ਸਦਾ ਲਈ ਮੁੱਆਫ਼ ਹੈ। ਅਰ ਇਹ ਹੁਕਮ ਹਿੰਦ ਸਰਕਾਰ ਦੀ ਚਿੱਠੀ ਨੰਬਰ 15 ਮਿਤੀ ਇੱਕੀ ਜਨਵਰੀ 1857 ਈ. ਦੇ ਪੰਨਾ 9 ਦੇ ਆਧਾਰ ਪੁਰ ਜਾਰੀ ਹੋਇਆ ਹੈ।

4. ਮੋਹੀ: ਸਤਲੁਜ ਨਦੀ ਤੋਂ ਇਸ (ਖੱਬੇ) ਪਾਸੇ ਦੇ ਕਮਿਸ਼ਨਰ ਤੇ ਸੁਪ੍ਰਿੰਟੈਂਡੈਂਟ ਸਾਹਿਬ ਬਹਾਦੁਰ ਵੱਲੋਂ ਲਿਖੀ ਗਈ ਚਿੱਠੀ ਨੰ. 144 ਮਿਤੀ 29 ਜਨਵਰੀ 1857 ਈ. ਦੇ ਆਧਾਰ 'ਤੇ ਇਹ ਜ਼ਮੀਨ ਮਹੰਤ ਦੇ ਨੇਕ ਚੱਲਣ ਰਹਿਣ ਦੀ ਸੂਰਤ ਵਿਚ ਧਰਮਸਾਲ ਦੇ ਖ਼ਰਚਾਂ ਵਾਸਤੇ ਬਾਬਾ ਦੀਵਾਨ ਦਾਸ ਦੇ ਚੇਲੇ ਮਾਧੋਦਾਸ ਦੇ ਨਾਮ ਸਦਾ ਲਈ ਮੁੱਆਫ਼ ਹੈ।

4. ਧੂੜਕੋਟ

ਤਹਿਸੀਲ ਮੋਗਾ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਧੂੜ ਕੋਟ ਰਣ ਸਿੰਹ ਕਰ ਕੇ ਮਸ਼ਹੂਰ ਪਿੰਡ ਹੈ। ਏਥੇ 'ਚੰਡੂਆਣਾ' ਨਾਮੇ ਇਕ ਤਲਾਉ ਪਿੰਡੋਂ ਬਾਹਰ ਫ਼ਰਕ ਨਾਲ ਹੈ। ਜਿਸ ਪੁਰ ਕਦੀ ਨਾਂਗੇ ਸਾਧੂ ਧੂਣੀਆਂ ਧੁਖਾ ਕੇ ਚੰਡੂ ਪੀਂਦੇ ਸਨ। ਜਿਸ ਕਰਕੇ ਇਸ ਦਾ ਨਾਮ ਹੀ ਚੰਡੂਆਣਾ ਮਸ਼ਹੂਰ ਹੋ ਗਿਆ। ਅਸਲ ਵਿਚ ਇਥੇ ਬਾਲੂ ਹੱਸਣੀਏ ਸਾਧੂਆਂ ਨੇ ਛੇਵੇਂ ਤੇ ਦਸਵੇਂ ਪਾਤਿਸ਼ਾਹ ਦੀ ਯਾਦਗਾਰ ਵਜੋਂ ਨਿਸ਼ਾਨ ਕਾਇਮ ਕੀਤਾ ਸੀ। ਮਗਰੋਂ ਨਗਰ ਨਿਵਾਸੀਆਂ ਦੀ ਲਾਪ੍ਰਵਾਹੀ ਕਰ ਕੇ ਬਰਬਾਦ ਹੋ ਗਿਆ। ਕੁਝ ਅਰਸੇ ਤੋਂ ਸੰਤ ਹੀਰਾ ਦਾਸ ਸਿਵੀਆਂ ਵਾਲੇ ਦੇ ਸੇਵਕ ਬਾਬਾ ਤਾਰਾ ਦਾਸ ਨੇ ਇਥੇ ਕੁਟੀਆ ਬਣਾਈ ਹੈ। ਜੋ ਵੈਦਗੀ ਕਰਕੇ ਪਰਉਪਕਾਰ ਕਮਾ ਰਹੇ ਹਨ ਤੇ ਅਤੀਤ ਵਰਤਦੇ ਹਨ। ਨਗਰ ਅੰਦਰ ਇਕ ਧਰਮਸਾਲਾ 'ਡੇਰਾ ਨਾਂਗਿਆਂ' ਕਰਕੇ ਪ੍ਰਸਿੱਧ ਹੈ। ਜਿਸ ਦੇ ਨਾਮ 77 ਵਿਘੇ 15 ਵਿਸਵੇ ਜ਼ਮੀਨ ਵੀ ਹੈ। ਇਸ ਦਾ ਸੰਬੰਧ ਗੁਰਦੁਆਰਾ ਨਾਨਕ ਤਖ਼ਤੂ ਪੁਰਾ ਨਾਲ ਹੈ, ਜੋ ਇਸ ਵਕਤ ਪੰਥਕ ਪ੍ਰਬੰਧ ਵਿਚ ਹੈ।

5. ਕੌਣੀ

ਜ਼ਿਲ੍ਹਾ ਫ਼ਿਰੋਜ਼ਪੁਰ ਦੀ ਤਹਿਸੀਲ ਮੁਕਤਸਰ ਵਿਚ ਕੌਣੀ ਪਿੰਡ ਹੈ। ਕੋਟ ਫਤੇ ਵਾਲੇ 'ਬਾਲੂ ਹੱਸਣੀਏ' ਸੰਤਾਂ ਵਿੱਚੋਂ ਹੀ ਇਕ ਸਾਧੂ ਨੇ ਇਥੇ ਦਸਵੇਂ ਪਾਤਸ਼ਾਹ ਦੀ ਯਾਦਗਾਰੀ ਥਾਂ ਲੱਭ ਕੇ ਨਿਸ਼ਾਨ ਕਾਇਮ ਕੀਤਾ ਅਰ ਸਹਿਜੇ ਸਹਿਜੇ 'ਧਰਮਸਾਲ' ਬਣ ਗਈ। ਇਥੋਂ ਦੇ ਸੇਵਕ ਸੰਤ ਗੁਰਮਤਿ ਦੇ ਬੜੇ ਚੰਗੇ ਗਿਆਤਾ ਤੇ ਕਥਾਵਾਚਕ ਸਨ। ਸੰਤ ਗੁਰਮੁਖ ਦਾਸ ਜੀ ਨੇ ਢੇਰ ਚਿਰ ਗੁਰਮਤਿ ਗ੍ਰੰਥਾਂ ਦੀ ਕਥਾ ਵਿਚਾਰ ਤੇ ਗੁਰਮੁਖੀ ਵਿੱਦਿਆ ਦਾ ਪ੍ਰਚਾਰ ਜਾਰੀ ਰੱਖਿਆ ਹੈ। ਉਨ੍ਹਾਂ ਦੇ ਚੇਲੇ ਸੰਤ ਹਰੀ ਪ੍ਰਕਾਸ਼ ਜੀ ਵੀ ਚੰਗੇ ਵਿਦਵਾਨ ਸਾਧੂ ਹਨ।

ਗਿਲ ਨਗਰ

ਸੰਗਲ ਵਾਲਾ ਧੂਣੇ ਦੇ ਸੰਤਾਂ ਨੇ ਲੁਧਿਆਣਾ ਦੇ ਨਗਰ 'ਗਿਲ' ਵਿਚ ਪਹਿਲਾਂ ਧਰਮਸਾਲਾ ਬੰਨ੍ਹੀ, ਜੋ ਹੁਣ ਪੰਥਕ ਪ੍ਰਬੰਧ ਦੇ ਅਧੀਨ ਹੈ। ਇਸੇ ਧਰਮਸਾਲਾ ਦੇ ਸਾਧੂਆਂ ਨੇ ਅੰਮ੍ਰਿਤਸਰ ਲੂਣ ਮੰਡੀ ਵਿਚ ਹੀ ਧਰਮਸਾਲਾ ਕਾਇਮ ਕੀਤੀ।

ਕਥਰ ਵੱਛੇ

ਬਾਬਾ ਗੁਰਦਿਆਲ ਜੀ ਬਾਬਾ ਗੋਇੰਦ ਜੀ ਦੇ ਧੂਣੇ ਦੇ ਪ੍ਰਸਿੱਧ ਸੰਤ ਭਾਈ ਚਿੰਤਾ ਮਨੀ ਜੀ ਦੇ ਚੇਲੇ ਸਨ। ਭਾਈ ਚਿੰਤਾ ਮਨੀ ਜੀ ਦਾ ਜਨਮ ਸੰਮਤ ਸੋਲ੍ਹਾਂ ਸੈ ਪੰਝਤਰ ਮਿਤੀ 26 ਮੋਹ ਮਾਘ ਵਦੀ ਅੱਠਿਓਂ ਨੂੰ ਹੁਸ਼ਿਆਰਪੁਰ ਹੋਇਆ ਸੀ। ਵੱਡੇ ਹੋ ਕੇ ਸੰਤ ਸੇਵਾ ਵੱਲ ਰੁਜੂ ਹੋਏ। ਅਰੁ ਬਾਬਾ ਕਮਲ ਨੈਣ ਜੀ ਪਾਸੋਂ ਗੁਰਮਤਿ ਦੀ ਸਿੱਖਿਆ-ਦੀਖਿਆ ਲੈ ਕੇ ਗੁਰਸਿੱਖ ਬਣੇ। ਨਵਿਰਤੀ ਪੱਖ ਵੱਲ ਝੁਕਾਉ ਦੇਖ ਕੇ ਘਾਲ-ਕਮਾਈ ਪੁਰ ਰੀਝ ਕੇ ਬਾਬਾ ਜੀ ਨੇ ਉਦਾਸੀ ਸਾਧੂ ਬਣਾ ਲਿਆ। ਅਰੁ

ਸੰਮਤ ਸਤਾਰਾ ਸੈ ਗਿਆਰਾਂ ਨੂੰ ਮਿਤੀ ਸਾਵਣ ਵਦੀ ਸੱਤੋ ਨੂੰ ਆਪਣੀ ਥਾਂ ਧਰਮਸਾਲਾ ਫਿਲੌਰ ਦਾ ਮਹੰਤ ਥਾਪ ਦਿੱਤਾ। ਇਹਨਾਂ ਦੇ ਹੀ ਸ਼ਿਸ਼ ਬਾਬਾ ਗੁਰਦਿਆਲ ਜੀ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪ੍ਰਸਿੱਧ ਨਗਰ 'ਕਬਰ ਵੱਛੇ' ਜਾ ਕੇ ਧਰਮ ਪ੍ਰਚਾਰ ਆਰੰਭਿਆ ਤੇ ਧਰਮਸਾਲਾ ਬੱਧੀ। ਇਸ ਅਸਥਾਨ ਨੂੰ ਕੇਂਦਰੀ ਅਸਥਾਨ ਬਣਾ ਕੇ ਇਸ ਸ਼੍ਰੇਣੀ ਦੇ ਸਾਧੂਆਂ ਚਉਗਿਰਦੇ ਕਾਫ਼ੀ ਧਰਮ ਪ੍ਰਚਾਰ ਕੀਤਾ ਤੇ ਗੁਰਧਾਮ ਬਣਾਏ, ਜਿਨ੍ਹਾਂ ਦੇ ਪ੍ਰਬੰਧਕ ਬਹੁਤੇ ਮੀਹਾਂ ਸ਼ਾਹੀ ਬਖ਼ਸ਼ ਦੇ ਸਾਧੂ ਹਨ। ਜਿਹਾ ਕਿ (1) ਸਮਾਲਸਰ, ਤਹਿਸੀਲ ਮੋਗਾ ਵਿਚ, (2) ਕੁੱਬੇ ਇਲਾਕਾ ਧਨੌਲਾ ਪੈਪਸੂ ਵਿਚ, (3) ਢੰਢੋਲੀ ਤਹਿਸੀਲ ਭਵਾਨੀਗੜ੍ਹ (ਪੈਪਸੂ), (4) ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਪੈਪਸੂ ਵਿਚ।

ਬਰਾਰ (ਬਿਹਾਰ) ਦੇਸ਼

ਬਾਬਾ ਚਰਨ ਸ਼ਾਹ ਜੀ ਜਲੰਧਰੀ ਬਹਾਦੁਰਪੁਰ ਦੀ ਗੱਦੀ 'ਤੇ ਬਿਰਾਜਮਾਨ ਹੋਏ। ਬਾਬਾ ਚਰਨ ਸ਼ਾਹ ਜੀ ਦਾ ਜਨਮ ਜਲੰਧਰ ਵਿਖੇ ਸੰਮਤ ਸੋਲ੍ਹਾਂ ਸੈ ਸਤੱਤਰ ਮਿਤੀ 6 ਭਾਦਰੋਂ ਵਦੀ ਸੱਤਿਓਂ ਵੀਰਵਾਰ ਨੂੰ ਹੋਇਆ। ਜਿਸ ਵੇਲੇ ਬਾਬਾ ਫੂਲ ਸ਼ਾਹ ਜੀ ਗੁਰ-ਤੀਰਥਾਂ ਦੀ ਯਾਤਰਾ ਕਰ ਕੇ ਵਿਚਰ ਰਹੇ ਸਨ। ਭਾਈ ਜੀ ਨੂੰ ਸੰਤ ਚਰਨ ਦੀ ਛੋਹ ਪ੍ਰਾਪਤ ਹੋਈ। ਉਸੇ ਦਿਨ ਤੋਂ ਇਨ੍ਹਾਂ ਦੇ ਜਗਿਆਸੂ ਮਨ ਦੀ ਸੂਈ ਬਾਬਾ ਜੀ ਦੇ ਚਰਨ ਚੁੰਬਕ ਨਾਲ ਖਿੱਚੀਂਦੀ ਫਿਰਦੀ ਰਹੀ। ਓੜਕ ਮੁਸ਼ੱਕਤਾਂ ਘਾਲਣ ਦਾ ਫਲ ਨਾਮ-ਦਾਨ ਤੇ ਚਰਨਾਮ੍ਰਿਤ ਸੰਮਤ ਸਤਾਰਾਂ ਸੈਂ ਬਾਰ੍ਹਾਂ ਮਿਤੀ ਕੱਤਕ ਵਦੀ ਚਉਦੇ ਨੂੰ ਹਾਸਲ ਹੋਈ। ਬਾਬਾ ਫੂਲ ਜੀ ਨੇ ਸਰੀਰ ਤਿਆਗਣ ਤੋਂ ਪਹਿਲਾਂ ਸਤਿਗੁਰੂ ਜੀ ਪਾਸੋਂ ਮਿਲੇ ਭੇਖ ਦੇ ਅਧਿਕਾਰ ਭਾਈ ਸਾਹਿਬ ਨੂੰ ਬਖ਼ਸ਼ ਕੇ 'ਉਦਾਸੀ ਸਾਧੂ' ਬਣਾ ਲਿਆ। ਅੱਗੋਂ ਇਹਨਾਂ ਦੇ ਚੇਲੇ ਦੱਖਣੀ ਸ਼ਾਹ, ਗੁਰਬਖ਼ਸ਼ ਸ਼ਾਹ, ਕਰਮ ਦਾਸ, ਸੰਤ ਦਾਸ, ਸਰਮੁਖ ਦਾਸ, ਬਾਲਕ ਰਾਮ, ਬ੍ਰਹਮ ਦਾਸ, ਮੰਗਲ ਦਾਸ, ਸਾਹਿਬ ਦਾਸ, ਗੁਰਮੁਖ ਦਾਸ ਤੇ ਆਦਿ ਰਾਮ ਜੀ; ਜੋ ਬਰਾਰ ਦੇਸ਼ ਵਿਚ ਬੁਠਲਾਣਾ ਜ਼ਿਲ੍ਹੇ ਦੇ ਚੀਖਲੀ ਨਗਰ ਵਿਚ ਬਣੇ ਗੁਰੂ ਨਾਨਕ ਦੇਵ ਦੇ ਯਾਦਗਾਰੀ ਅਸਥਾਨ ਦੀ ਸੇਵਾ-ਸੰਭਾਲ ਕਰਦੇ ਰਹੇ ਹਨ।

ਪੈਪਸੂ ਵਿਚ (ਪਿੰਡ ਸਲਾਣਾ)

ਭਗਤ ਭਗਵਾਨ ਜੀ ਸ੍ਰੀ ਗੁਰੂ ਹਰਿਰਾਇ ਜੀ ਪਾਸੋਂ 'ਉਦਾਸੀ ਭੇਖ' ਦੀ ਬਖ਼ਸ਼ ਪ੍ਰਾਪਤ ਕਰ ਕੇ ਸਭ ਤੋਂ ਪਹਿਲਾਂ ਜਿਥੇ ਝੁੱਗੀ ਪਾ ਕੇ ਬੈਠੇ, ਉਹ ਅਮਲੋਹ ਲਾਗੇ ਸਲਾਣਾ ਪਿੰਡ ਹੈ। ਭਗਤ ਜੀ ਦੇ ਪੜਪੋਤੇ ਚੇਲੇ ਬਾਵਾ ਗ਼ਰੀਬ ਦਾਸ ਜੀ ਉਸ ਵੇਲੇ ਨਾਲ ਸਨ। ਉਨ੍ਹਾਂ ਨੇ ਸਤਾਰਾਂ ਸੈ ਸੋਲ੍ਹਾਂ ਵਿਚ ਇਸੇ ਥਾਂ ਡੇਰਾ ਲਾ ਲਿਆ ਤੇ ਸਹਿਜੇ ਸਹਿਜੇ ਧਰਮਸਾਲਾ ਬੰਨ੍ਹ ਲਈ, ਜੋ ਕੁਟੀਆ ਮਸ਼ਹੂਰ ਹੈ।

ਇਥੇ ਬੜਾ ਸੰਘਣਾ ਜੰਗਲ ਸੀ, ਜਿਸ ਵਿਚ ਵਣਜਾਰੇ ਸਿੱਖਾਂ ਆਪਣੇ ਟਾਂਡੇ ਦੀਆਂ ਗਊਆਂ ਵਾਸਤੇ ਢਾਬ (ਟੋਭਾ) ਪੁੱਟੀ ਹੋਈ ਸੀ। ਇਸੇ ਦੇ ਕੰਢੇ ਪੱਛਮ ਵੱਲ

ਫਲਾਹੀ ਹੇਠ ਪਹਿਲ ਪਿਰਥਮੇ ਭਗਤ ਜੀ ਆ ਕੇ ਵਿਰਾਜੇ। ਬੱਕਰੀਆਂ ਚਾਰਨ ਵਾਲੇ ਆਜੜੀਆਂ ਸਾਧੂਆਂ ਦੇ ਉਤਰਨ ਦੀ ਖ਼ਬਰ ਪਿੰਡ ਦੇ ਲੋਕਾਂ ਨੂੰ ਸੁਣਾਈ ਤਾਂ ਉਹ ਵੀ ਸੇਵਾ ਕਰਨ ਡਹਿ ਪਏ। ਫਿਰ ਗ਼ਰੀਬ ਦਾਸ ਜੀ ਵੀ ਇਸੇ ਟਿਕਾਣੇ ਸਿਮਰਨ ਸਾਧਨਾ ਕਰਦੇ ਰਹੇ। ਇਲਾਕੇ ਦੇ ਚੌਧਰੀ ਨੇ ਸੰਤਾਂ ਦੀ ਮਹਿਮਾ ਦੱਸ ਕੇ ਪੰਜ ਸੌ ਵਿਘੇ ਝੜੀ (ਜੰਗਲ) ਸਰਕਾਰ ਪਾਸੋਂ ਇਸ ਅਸਥਾਨ ਦੇ ਨਾਮ ਕਰਵਾ ਦਿੱਤੀ। ਫਲਾਹੀ ਦਾ ਬਿਰਛ ਅਜੇ ਤਕ ਕਾਇਮ ਹੈ।

ਬਾਵਾ ਗ਼ਰੀਬ ਦਾਸ ਤੋਂ ਬਾਅਦ ਇਸ ਧਰਮਸਾਲਾ ਦੇ ਪ੍ਰਬੰਧਕ (ਮਹੰਤ) ਨੰਬਰਦਾਰ ਬਾਵਾ ਬਰੈਣਾਂ, ਦੁਪਹਿਰੀਆ, ਭੂਰੀਆ ਦਾਸ, ਧਰਮ ਦਾਸ, ਗੁਰਮੁਖ ਦਾਸ, ਗੁਰੀਆ ਦਾਸ, ਠਾਕੁਰ ਦਾਸ, ਗੁਰਬਖ਼ਸ਼ ਦਾਸ, ਮੰਗਲ ਦਾਸ, ਮਾਨ ਦਾਸ ਤੇ ਬਾਵਾ ਭਗਵਾਨ ਦਾਸ ਜੀ ਹੋਏ ਹਨ।

ਲੱਡਾ

ਧੂਰੀ ਸਟੇਸ਼ਨ ਤੋਂ ਚਾਰ ਕੁ ਮੀਲ ਦੱਖਣ ਪੱਛਮ ਵੱਲ ਇਹ ਪਿੰਡ ਵੱਸਦਾ ਹੈ। ਭਗਤ ਭਗਵਾਨ ਜੀ ਦੇ ਚੇਲੇ ਟੀਕਾ ਰਾਮ ਦੀ ਲੜੀ ਵਿੱਚੋਂ ਪੰਜਵੇਂ ਥਾਂ ਸਾਧੂ ਸੂਰਤ ਰਾਮ ਜੀ ਬੜੇ ਭਜਨ ਬੰਦਗੀ ਵਾਲੇ ਉਦਾਸੀ ਹੋਏ ਹਨ। ਉਨ੍ਹਾਂ ਨੇ ਇਸ ਥਾਂ ਸਤਿਗੁਰੂ ਨਾਨਕ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਚਰਨਾਂ ਨਾਲ ਛੁਹੀ ਧਰਤੀ ਸਿਞਾਣ ਕੇ ਸੰਮਤ ਸਤਾਰਾਂ ਸੈਂ ਬਤੀਹੇ ਵਿਚ ਆਸਣ ਜਮਾ ਲਿਆ ਅਰ ਧਰਮਸਾਲਾ ਬਣਵਾਈ। ਉੱਦਮ ਸੰਤਾਂ ਦਾ ਤੇ ਸੇਵਾ ਸਿੱਖਾਂ-ਸੇਵਕਾਂ ਦੀ ਅੱਜ ਤਕ ਨਿਰੰਕਾਰੀ ਧਰਮ ਦੇ ਪ੍ਰਚਾਰ ਦਾ ਸੋਮਾ ਬਣੀ ਹੋਈ ਹੈ। ਬਾਵਾ ਸੁਰਤ ਰਾਮ ਜੀ ਤੋਂ ਬਾਅਦ ਉਨ੍ਹਾਂ ਦੇ ਹੀ ਚੇਲੇ ਪੜਚੇਲੇ ਇਸ ਅਸਥਾਨ ਦੀ ਸੇਵਾ ਸੰਭਾਲ ਕਰਦੇ ਆਏ ਹਨ, ਜਿਨ੍ਹਾਂ ਦੇ ਤਰਤੀਬਵਾਰ ਨਾਮ ਇਹ ਹਨ—ਬਾਵਾ ਭੋਲਾ ਦਾਸ, ਸਿਆਮ ਦਾਸ, ਰਤਨ ਦਾਸ, ਬ੍ਰਹਮ ਦਾਸ, ਬ੍ਰਹਮ ਬਸੰਤ, ਬ੍ਰਹਮ ਸਰੂਪ ਦਾਸ ਤੇ ਬਾਵਾ ਮੰਗਲ ਦਾਸ ਜੀ।

ਲੱਡਾ ਵੱਡਾ

ਇਸ ਪਿੰਡ ਵਿਚ ਵੀ ਬਾਵਾ ਟੀਕਾ ਰਾਮ ਦੀ ਸ਼੍ਰੇਣੀ ਦੇ ਸਾਧੂਆਂ ਧਰਮਸਾਲ ਬਣਾਈ ਹੈ। ਇਥੋਂ ਦੇ ਪ੍ਰਬੰਧਕਾਂ ਦੀ ਪੀੜ੍ਹੀ ਇਸ ਤਰ੍ਹਾਂ ਦੀ ਬਾਬਾ ਟੀਕਾ ਰਾਮ ਤਕ ਪਹੁੰਚਦੀ ਹੈ। ਬਾਬਾ ਤੋਲਾ ਰਾਮ, ਲਾਲ ਮੁਨੀ, ਗ਼ਰੀਬ ਮੁਨੀ, ਰੋਡਾ ਦਾਸ, ਕੁਸ਼ਾਲ ਦਾਸ, ਰਾਮ ਦਾਸ, ਚਰਪਟ ਦਾਸ, ਰਾਮ ਸਰਨ ਦਾਸ, ਬਰਿਆਮ ਦਾਸ, ਸੇਵਾ ਦਾਸ, ਕਾਨ ਦਾਸ, ਬਿਸ਼ਨ ਦਾਸ, ਸਰਜੂ ਦਾਸ, ਹਰਿਭਜਨ ਦਾਸ, ਰਾਮ ਰਤਨ ਦਾਸ, ਲਛਮਣ ਦਾਸ, ਮਾਨ ਦਾਸ ਤੇ ਨਾਰਾਯਣ ਦਾਸ।

ਲੱਛਾ ਬੱਦੀ

ਪਿੰਡ ਮਲੇਰਕੋਟਲੇ ਲਾਗੇ ਹੈ। ਲੱਡੇ ਵਾਲੇ ਸੰਤ ਸੁਰਤ ਰਾਮ ਜੀ ਤੋਂ ਅੱਠਵੀਂ ਥਾਂ ਬਾਵਾ ਹਰਿਕਾ ਦਾਸ ਹੋਏ ਹਨ। ਉਨ੍ਹਾਂ ਨੇ ਸੰਮਤ ਉਨੀਹ ਸੈ ਇਕ ਵਿਚ ਇਸ

ਪਿੰਡ ਵਿਚ ਆ ਕੇ ਉਹ ਟਿਕਾਣਾ ਮੱਲਿਆ, ਜਿਥੇ ਸਤਿਗੁਰੂ ਨਾਨਕ ਛੀਟਾਂ ਵਾਲੇ ਵੱਲ ਜਾਂਦੇ ਹੋਏ ਵਿਰਾਜੇ ਸਨ ਤੇ ਛੇਵੇਂ ਪਾਤਿਸ਼ਾਹ ਮਾਲਵੇ ਦੇ ਦੌਰੇ ਸਮੇਂ ਇਥੇ ਪਧਾਰ ਕੇ ਨਿਸ਼ਾਨਦੇਹੀ ਕਰ ਆਏ ਸਨ। ਨਗਰ ਨਿਵਾਸੀਆਂ ਨੂੰ ਪ੍ਰੇਰ ਕੇ ਆਪ ਨੇ ਇਥੇ ਧਰਮਸਾਲ ਬਣਵਾਈ ਤੇ ਨਾਮ ਸਿਮਰਨ ਦਾ ਪ੍ਰਵਾਹ ਚਲਾਇਆ। ਦੁਨੀਆਂਦਾਰਾਂ ਨੂੰ ਗੁਰਬਾਣੀ ਦੇ ਲੜ ਲਾ ਕੇ ਧਰਮ ਦੀ ਕਿਰਤ ਕਰਨ ਤੇ ਵੰਡ ਛਕਣ ਦਾ ਉਪਦੇਸ਼ ਦ੍ਰਿੜ੍ਹਾਇਆ। ਨਾਮ ਦਾਨ ਬਖ਼ਸ਼ ਕੇ ਅਨੇਕਾਂ ਪ੍ਰਾਣੀਆਂ ਨੂੰ ਗੁਰਮਤਿ ਦੇ ਰਾਹ ਪਾਇਆ।

ਇਨ੍ਹਾਂ ਦੀ ਗੁਰ-ਪ੍ਰਣਾਲੀ ਬਾਵਾ ਸੁਰਤ ਰਾਮ ਤੋਂ ਬਾਅਦ ਇਸ ਤਰ੍ਹਾਂ ਤੁਰੀ ਆਈ ਹੈ: ਬਾਵਾ ਚੰਪਤ ਦਾਸ, ਕੁਸ਼ਾਲ ਦਾਸ, ਰਾਮ ਸਰਨ ਦਾਸ, ਸੇਵਾ ਦਾਸ, ਧਿਆਨ ਦਾਸ, ਪ੍ਰੇਮ ਦਾਸ, ਹਰਿ ਕਾ ਦਾਸ, ਕਰਨ ਦਾਸ ਤੇ ਸੰਤੋਖ ਦਾਸ।

ਦੂੰਨਾ ਕੋਟ

ਦੂੰਨਾ ਕੋਟ ਵਿਚ ਵੀ ਬਾਬਾ ਟੀਕਾ ਰਾਮ ਦੇ ਚੇਲੇ ਤੁਲਾ ਰਾਮ ਜੀ ਦੀ ਸ਼ਾਖ਼ ਦੇ ਸਾਧੂਆਂ ਨੇ ਧਰਮਸ਼ਾਲਾ ਬੱਧੀ ਹੈ। ਇਹਨਾਂ ਦੀ ਲੜੀ ਤੁਲਾ ਰਾਮ ਜੀ ਤੋਂ ਮਗਰੋਂ ਐਉਂ ਚਾਲੂ ਰਹੀ: ਬਾਵਾ ਹਰਿਮਕਰੰਦ ਜੀ, ਫ਼ਤਹਿ ਚੰਦ, ਵਿਕ੍ਰਮ ਦਾਸ, ਅੰਮ੍ਰਿਤ ਰਾਮ, ਲੋਕ ਦਾਸ, ਬ੍ਰਹਮ ਦਾਸ, ਮਿਹਰ ਦਾਸ, ਸਾਹਿਬ ਦਾਸ ਤੇ ਰਾਮ ਪ੍ਰਸਾਦ।

ਬਨੂੜ

ਰਾਜਪੁਰੇ ਦੇ ਇਲਾਕੇ ਵਿਚ ਰੇਲਵੇ ਜੰਕਸ਼ਨ ਰਾਜਪੁਰਾ ਤੋਂ ਨੌਂ ਮੀਲ ਪੁਰਬੋਤਰ ਦਿਸ਼ਾ ਵਿਖੇ ਪ੍ਰਸਿੱਧ ਤੇ ਪੁਰਾਣਾ ਨਗਰ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਕੀਰਤਪੁਰ ਤੋਂ ਦਿੱਲੀ ਜਾਂਦੇ ਹੋਏ ਇਸ ਨਗਰ ਵਿਚ ਦੀ ਲੰਘੇ ਸਨ। ਜਿਸ ਥਾਂ ਘੜੀ ਸੁਸਤਾਏ, ਉਸ ਥਾਂ ਦਾ ਪਤਾ ਕਰ ਕੇ ਬਾਵਾ ਸੰਧਿਆ ਦਾਸ ਜੀ ਨੇ ਸੰਮਤ ਅਠਾਰਾਂ ਸੈ ਨੱਵੇ ਵਿਚ ਯਾਦਗਾਰ ਕਾਇਮ ਕੀਤੀ। ਨਗਰ ਤੇ ਲਾਗ-ਲਾਉਣੇ ਦੇ ਸਿੱਖਾਂ ਨੂੰ ਹੱਲਾਸ਼ੇਰੀ ਦੇ ਕੇ ਤਨ, ਧਨ ਦੀ ਸੇਵਾ ਕਰਵਾਈ। ਬਾਵਾ ਸੰਧਿਆ ਦਾਸ ਜੀ ਭਗਤ ਭਗਵਾਨ ਜੀ ਦੇ ਸੇਵਕ ਬਾਵਾ ਬੈਰਾਣਾ ਦਾਸ ਤੋਂ ਅੱਠਵੀਂ ਪੀੜ੍ਹੀ ਸਨ, ਜਿਨ੍ਹਾਂ ਦੀ ਗੁਰ-ਪ੍ਰਣਾਲੀ ਇਸ ਤਰ੍ਹਾਂ ਲਿਖੀ ਹੋਈ ਮਿਲਦੀ ਹੈ: ਬੈਰਾਣਾ ਦਾਸ ਜੀ ਤੋਂ ਪਿੱਛੋਂ ਠਾਕੁਰ ਦਾਸ, ਧਰਮ ਦਾਸ, ਗ਼ਰੀਬ ਦਾਸ, ਗੁਰਬਖ਼ਸ਼ ਦਾਸ, ਮੰਗਲ ਦਾਸ, ਸੰਧਿਆ ਦਾਸ, ਹਰੀ ਦਾਸ, ਪੂਰਨ ਦਾਸ, ਮਿਹਰ ਦਾਸ, ਕਰਨ ਦਾਸ ਤੇ ਨਿਰੰਜਨ ਦਾਸ। ਇਸੇ ਤਰਤੀਬ ਨਾਲ ਇਹ ਸਾਧੂ ਇਸ ਗੁਰੂ ਸਥਾਨ 'ਤੇ ਪ੍ਰਬੰਧਕ (ਮਹੰਤ) ਬਣਦੇ ਆਏ ਹਨ।

ਦਾਖਾ

ਜ਼ਿਲ੍ਹਾ ਤਹਿਸੀਲ ਲੁਧਿਆਣਾ ਵਿਚ ਪ੍ਰਸਿੱਧ ਨਗਰ ਹੈ। ਭਗਤ ਭਗਵਾਨ ਜੀ ਦੇ ਗੁਰ-ਭਾਈ ਨਾਰਾਇਣ ਦਾਸ ਦੀ ਸ਼ਾਖ਼ ਦੇ ਸਾਧੂਆਂ ਇਸ ਨਗਰ ਵਿਚ ਧਰਤੀ ਦੀ ਉਹ ਟਿੱਕਰੀ ਲੱਭੀ, ਜਿਸ ਨੇ ਮਾਲਵੇ ਦੀ ਫੇਰੀ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ

ਨੇ ਚਰਨ ਪਰਸੇ ਸਨ। ਬਾਬਾ ਜੀ ਨੇ ਨਗਰ ਨਿਵਾਸੀਆਂ ਦੀ ਸੇਵਾ ਸਹਾਇਤਾ ਨਾਲ ਗੁਰ-ਅਸਥਾਨ ਬਣਾਇਆ। ਇਸੇ ਮੂੰਹੀਂ ਦੇ ਸਾਧੂ ਇਸ ਅਸਥਾਨ ਦੇ ਪ੍ਰਬੰਧਕ ਸੇਵਕ ਚਲੇ ਆ ਰਹੇ ਹਨ, ਜਿਨ੍ਹਾਂ ਦੀ ਗੁਰ-ਪ੍ਰਣਾਲੀ ਇਉਂ ਦੱਸੀ ਜਾਂਦੀ ਹੈ : ਬਾਬਾ ਨਾਰਾਇਣ ਦਾਸ ਦਾ ਚੇਲਾ ਬਾਵਾ ਹੀਰਾ ਦਾਸ, ਉਸ ਦਾ ਸਦਾ ਨੰਦ। ਇਸੇ ਤਰ੍ਹਾਂ ਅੱਗੇ ਸਿਲਸਿਲੇਵਾਰ ਰਾਮ ਦਿਆਲ, ਹਰਿ ਧਿਆਨ ਦਾਸ, ਬ੍ਰਹਮ ਹਰੀ, ਮਾਯਾ ਰਾਮ, ਕਿਸ਼ਨ ਦਾਸ ਤੇ ਬਾਬਾ ਮੰਗਲ ਦਾਸ।

ਸੰਮਤ ਉੱਨੀਹ ਸੈ ਅੱਸੀਹ ਵਿਚ ਇਥੋਂ ਦਾ ਮਹੰਤ ਬਾਵਾ ਸ਼ਿਵ ਨਾਰਾਇਣ ਚੇਲਾ ਬਿਸ਼ਨ ਦਾਸ ਦਾ ਸੀ।

ਇਸ ਧਰਮਸਾਲਾ ਦੇ ਨਾਮ ਸਰਕਾਰੀ ਕਾਗ਼ਜ਼ਾਂ ਵਿਚ ਕੁੱਲ 77/8/7 ਵਿਘੇ ਜ਼ਮੀਨ ਹੈ, ਜਿਸ ਵਿੱਚੋਂ 44/9/9 ਵਿਘੇ ਖ਼ਾਲਸਾ ਹੈ ਤੇ ਬਾਕੀ ਦਾ ਲਗਾਨ ਮੁਆਫ਼ ਹੈ।

ਖਿੜਕੀਆਂ ਵਾਲਾ

ਜ਼ਿਲ੍ਹਾ ਫ਼ਿਰੋਜ਼ਪੁਰ ਤਹਿਸੀਲ ਮੁਕਤਸਰ ਵਿਚ ਹੈ। ਭਗਤ ਭਗਵਾਨ ਜੀ ਦੇ ਚੇਲੇ ਬਾਬਾ ਟੀਕਾ ਰਾਮ ਦੀ ਲੜੀ ਦੇ ਸਾਧੂ ਭਗਵਾਨ ਦਾਸ ਨੇ ਸੰਮਤ ਉੱਨੀਹ ਸੈ ਪੈਂਤਾਲੀਹ ਵਿਚ ਇਸ ਪਿੰਡ ਆ ਕੇ ਆਸਣ ਲਾਇਆ। ਨਗਰ ਨਿਵਾਸੀਆਂ ਨੂੰ ਪ੍ਰੇਰ ਕੇ ਧਰਮਸਾਲ ਬਣਵਾਈ ਤੇ ਗੁਰਮਤਿ ਪ੍ਰਚਾਰ ਦਾ ਪ੍ਰਵਾਹ ਚਲਾਇਆ। ਇਨ੍ਹਾਂ ਸਾਧੂਆਂ ਦੀ ਪ੍ਰਸੰਗਲੀ ਇਉਂ ਚਲੀ ਆਈ ਹੈ : ਬਾਬਾ ਟੀਕਾ ਰਾਮ ਤੋਂ ਬਾਅਦ ਲੜੀਵਾਰ ਬਾਬਾ ਤੁਲਾ ਰਾਮ, ਲਾਲ ਮੁਨੀ, ਗ਼ਰੀਬ ਦਾਸ, ਸੰਗਤ ਦਾਸ, ਰੂੜਾ ਰਾਮ ਸ਼ਰਨ, ਸੇਵਾ ਦਾਸ, ਕਾਨ੍ਹ ਦਾਸ, ਸੋਭਾ ਰਾਮ, ਕੌਲ ਦਾਸ ਦਾ ਚੇਲਾ ਬਾਬਾ ਭਗਵਾਨ ਦਾਸ। ਉਸ ਤੋਂ ਬਾਅਦ ਸਿਲਸਿਲੇਵਾਰ ਮਹੰਤ ਬ੍ਰਹਮ ਦਾਸ ਤੇ ਕਲਿਆਣ ਦਾਸ ਬਣੇ।

ਕੋਟ ਕਪੂਰਾ

ਭਾਈ ਹੀਰਾ ਲਾਲ ਬਾਬਾ ਨਾਰਾਇਣ ਦਾਸ ਜੀ ਦੇ ਦੂਜੇ ਚੇਲੇ ਸਨ। ਇਨ੍ਹਾਂ ਦਾ ਪ੍ਰਤਾਪ ਹੀਰੇ ਲਾਲ ਜੈਸਾ, ਪਰਮ ਉਤਕ੍ਰਿਸ਼ਟ ਸਰੂਪ, ਸ਼ਾਂਤ ਮੂਰਤਿ, ਨਿਰਵਾਸਨਾ, ਨਿਰਲੋਭ, ਨਿਰਛਲ ਦ੍ਰਿੜ੍ਹ ਆਸਨ, ਗੰਭੀਰ, ਵਾਕ ਜਿਨ੍ਹਾਂ ਦਾ ਅਮੋਘ (ਅਰੁਕ)। ਇਕੇਰਾਂ ਦੇਸ਼ 'ਚ ਕਾਲ ਪੈ ਗਿਆ। ਸੈਲਾ ਕਰਨ ਵਾਸਤੇ ਤੁਰ ਪਏ। ਵਿਚਰਦੇ ਵਿਚਰਦੇ ਮਾਲਵੇ ਦੇਸ ਕਪੂਰੇ ਦੇ ਕੋਲ ਅਪੜ ਗਏ। ਪਿੰਡੋਂ ਬਾਹਰਵਾਰ ਡੇਰਾ ਜਾ ਲਾਇਆ। ਅੱਠ ਪਹਿਰ ਬੈਠੇ ਰਹੇ, ਕਿਸੇ ਨਾ ਵਾਤ ਪੁੱਛੀ। ਸਾਥੀ ਸੰਤਾਂ ਨੇ ਬਾਬਾ ਜੀ ਪਾਸ ਬਿਨੈ ਕੀਤੀ, "ਭੁੱਖਣ ਭਾਣੇ ਬੈਠੇ ਹਾਂ, ਹੁਣ ਕੀ ਕਰੀਏ ? ਕਿਚਰਕੁ ਐਉਂ ਨਿਭ ਸਕਾਂਗੇ !!" ਬਾਬਾ ਜੀ ਬੋਲੇ, "ਜਿਸ ਮਾਲਕ ਦੇ ਤੁਸੀਂ ਹੋ ਗਏ ਓ; ਓਸ ਦੇ ਘਰ ਕੀ ਘਾਟਾ ਹੈ ? ਤੁਸੀਂ ਉਸੇ ਦਾ ਧਿਆਨ ਧਰੋ।"

ਇਹ ਬਚਨ ਸੁਣ ਕੇ ਸਾਧੂ ਚੁੱਪ ਕਰ ਗਏ। ਅੱਧੀ ਰਾਤ ਗੁਜ਼ਰ ਗਈ, ਕੋਈ

ਨਗਰ ਵਾਸੀ ਮੱਥਾ ਟੇਕਣ ਤਕ ਨਾ ਆਇਆ। ਭੋਜਨ ਤਾਂ ਕਿਸੇ ਕੀ ਛਕਾਉਣਾ ਸੀ।

ਉਸ ਨਗਰ ਦੇ ਚੌਧਰੀ ਕਪੂਰੇ[2] ਦੇ ਦੋ ਪੁੱਤਰ ਸਨ—ਜੋਧਾ ਤੇ ਬੀਰਾ। ਉਹਨਾਂ ਨੂੰ ਸੁਪਨੇ ਵਿਚ ਸੂਚਨਾ ਹੋਈ ਕਿ "ਤੁਹਾਡੇ ਪਿੰਡ ਦੀ ਜੂਹ ਸੰਤ ਆਏ ਬੈਠੇ ਹਨ, ਤੁਸਾਂ ਖ਼ਬਰ ਸੁਰਤ ਹੀ ਨਹੀਂ ਲਈ। ਹੁਣੇ ਜਾਓ ਤੇ ਸੇਵਾ ਕਰੋ। ਨਾ ਕਰੋਗੇ ਤਾਂ ਬੜਾ ਦੁੱਖ ਪਾਓਗੇ।"

ਅੰਮ੍ਰਿਤ ਵੇਲੇ ਉੱਠ ਕੇ ਦੋਵੇਂ ਭਰਾ ਜੋਧਾ ਤੇ ਬੀਰਾ ਬਹੁਤ ਸਾਰੀ ਰਸਦ—ਘਿਉ, ਦੁੱਧ ਤੇ ਦਹੀਂ ਆਦਿ ਲੈ ਕੇ ਦਰਸ਼ਨ ਕਰਨ ਆਏ। ਨਿਮਰਤਾ ਸਹਿਤ ਬੇਨਤੀ ਕਰ ਕੇ ਆਪਣੀ ਭੁੱਲ ਬਖ਼ਸ਼ਾਈ। ਸੇਵਾ ਵੀ ਐਸੀ ਕਰੀ ਕਿ ਬਰਸ ਰੋਜ਼ ਨਵੀਂ ਤੋਂ ਨਵੀਂ। ਬਾਬਾ ਹੀਰਾ ਲਾਲ ਜੀ ਦੇ ਚਰਨਾਂ ਵਿਚ ਨਿਸ਼ਚਾ ਕਰ ਕੇ ਚਰਨਮ੍ਰਿਤ ਲਿਆ, ਗੁਰੂ ਕੇ ਸਿੱਖ ਬਣੇ। ਜਦੋਂ ਬਾਬਾ ਜੀ ਵਿਦਾਅ ਮੰਗਣ ਲੱਗੇ ਤਾਂ ਉਹ ਬੜੇ ਦੁਖੀ ਹੋਏ। ਅਰਜ਼ਾਂ ਕਰਨ ਲੱਗੇ, "ਆਪ ਤੋਂ ਬਿਨਾਂ ਅਸੀਂ ਕਿਵੇਂ ਰਹਾਂਗੇ ?"

ਬਾਬਾ ਜੀ ਨੇ ਉਹਨਾਂ ਦਾ ਬਹੁਤ ਪ੍ਰੇਮ ਵੇਖਿਆ ਤਾਂ ਦੋ ਚੇਲੇ ਉਥੇ ਛੱਡ ਦਿੱਤੇ ਤੇ ਉਹਨਾਂ ਵਾਸਤੇ ਡੇਰਾ (ਧਰਮਸਾਲਾ) ਪਵਾ ਦਿੱਤੀ। ਜੋਧੇ, ਬੀਰੇ ਨੂੰ ਉਹਨਾਂ ਦੀ ਸੇਵਾ ਲਾ ਕੇ ਆਪ ਉਥੋਂ ਵਿਦਾਅ ਹੋ ਚੱਲੇ।

ਬਾਬਾ ਜੱਗਾ ਜੀ

ਮਹੰਤ ਹੀਰਾ ਲਾਲ ਜੀ ਦੇ ਚੇਲੇ ਸੇਵਾ ਵਿਚ ਬੜੇ ਨਿਪੁੰਨ ਸਾਧ ਸੇਵੀ ਤੇ ਆਗਿਆਕਾਰੀ ਸੇਵਕ ਸੀ। ਇਹਨਾਂ ਦੀ ਯੋਗਤਾ ਦੇਖ ਕੇ ਬਾਬਾ ਜੀ ਨੇ ਧਰਮਸਾਲ ਦੀ ਸੇਵਾ-ਸੰਭਾਲ ਇਨ੍ਹਾਂ ਨੂੰ ਬਖ਼ਸ਼ੀ। ਸਤਲੁਜ ਦਰਿਆ ਪੁਰ ਇਕ ਪਿੰਡ ਸੀ, ਉਥੋਂ ਦਾ ਇਕ ਸਿੱਖ ਦੋ ਵਰ੍ਹੇ ਬੇਨਤੀਆਂ ਕਰਦਾ ਰਿਹਾ। ਇਤਨੇ ਨੂੰ ਉਸ ਦੇ ਪੁੱਤਰ ਦਾ ਵਿਆਹ ਆ ਗਿਆ। ਉਹ ਸਿੱਖ ਬਹੁਤ ਗਿੜ ਗਿੜਾਇਆ, ਤਦ ਮਸਾਂ ਤੁਰੇ ਤੇ ਉਸ ਦੇ ਪਿੰਡ ਗਏ। ਸ਼ਬਦ ਕੀਰਤਨ ਤੇ ਕਥਾ ਕਰਦਿਆਂ ਉਥੇ ਦਿਨ ਬਤੀਤ ਕੀਤੇ। ਭੁਜੰਗੀ ਦਾ ਵਿਆਹ ਬੜੇ ਅਨੰਦ ਵਿਚ ਸਰੰਜਾਮ ਹੋਇਆ। ਸਾਰੇ ਪਰਿਵਾਰ ਨੇ ਸੇਵਾ ਪੂਜਾ ਕਰ ਕੇ ਸੰਤਾਂ ਦੀਆਂ ਖ਼ੁਸ਼ੀਆਂ ਲਈਆਂ ਤੇ ਵਿਦਾਅ ਕੀਤੇ।

ਰਾਹ ਵਿਚ ਟਿਕਾਣੇ ਵਾਸਤੇ ਲੋਕੀਂ ਬੜਾ ਯਤਨ ਕਰਨ, ਪਰ ਥੋੜ੍ਹਾ ਥੋੜ੍ਹਾ ਚਿਰ ਰਹਿੰਦੇ ਚਲੇ ਆਏ। ਰਸਤੇ ਵਿਚ ਇਕ ਨਗਰ ਆਇਆ 'ਲਾਡੀ' ਨਾਮ, ਉਥੇ ਆ ਖੜੇ ਹੋਏ। ਲੋਕਾਂ ਮੱਥਾ ਟੇਕਿਆ। ਭਾਈ ਸਾਹਿਬ ਨੇ ਪੁੱਛਿਆ, "ਤੁਹਾਡੇ ਨਗਰ ਵਿਚ ਆਬਾਦੀ ਤਾਂ ਅੱਛੀ ਹੈ ?" ਲੋਕਾਂ ਸਮਝਿਆ ਇਥੇ ਡੇਰਾ ਪਾਉਣ ਦੇ ਇਰਾਦੇ ਨਾਲ ਹੀ ਇਹ ਗੱਲ ਪੁੱਛ ਰਹੇ ਹਨ। ਰਹਿ ਪਏ ਤਾਂ ਸੇਵਾ ਕਰਨੀ ਪਊ। ਬੋਲੇ, "ਕੁਝ ਚੰਗੀ

---

2. ਚੌਧਰੀ ਕਪੂਰਾ ਦਸਵੇਂ ਪਾਤਸ਼ਾਹ ਦੇ ਸਮੇਂ ਹੋਇਆ ਹੈ। ਸੰਮਤ 1762 ਚੇਤ ਮਹੀਨੇ ਸਤਿਗੁਰੂ ਦੀਨੇ ਕਾਂਗੜ ਤੋਂ ਚਾਲੇ ਪਾ ਕੇ ਨਵਾਬ ਵਜ਼ੀਰ ਖ਼ਾਂ ਦੇ ਚੜ੍ਹੇ ਆ ਰਹੇ ਲਸ਼ਕਰ ਨਾਲ ਮੁਕਾਬਲਾ ਕਰਨ ਵਾਸਤੇ ਯੋਗ ਮੈਦਾਨੇ-ਜੰਗ ਦੀ ਭਾਲ ਕਰਦੇ 'ਕੋਟ ਕਪੂਰੇ' ਪਧਾਰੇ ਸਨ। ਚੌਧਰੀ ਨੇ ਖਿਦਰਾਣੇ ਦੀ ਢਾਬ ਪੁਰ ਲੈ ਜਾ ਕੇ ਮੋਰਚੇ ਲਾਏ ਸਨ।

ਆਬਾਦੀ ਨਹੀਂ।" ਸੰਤਾਂ ਦੇ ਮੁਖਹੁੰ ਸੁਭਾਵਿਕ ਬਚਨ ਨਿਕਲਿਆ, "ਹੱਛਾ ਕੁਝ ਨਹੀਂ ਹੋਣਾ।" ਏਨਾ ਕਹਿ ਕੇ ਅਗਾਂਹ ਟੁਰ ਪਏ।

ਅੱਗੇ ਪਿੰਡ ਆਇਆ 'ਠੀਗਾ'। ਉਥੋਂ ਦੇ ਵਸਨੀਕਾਂ ਸੁਣਿਆ ਕਿ 'ਲਾਡੀ' ਵਿਚ ਸੰਤਾਂ ਦੀ ਕੁਝ ਸੇਵਾ ਨਹੀਂ ਹੋਈ। ਜ਼ਿਮੀਂਦਾਰ ਦੌੜ ਕੇ ਆਏ ਮੱਥਾ ਟੇਕਿਆ। ਮਹੰਤ ਜੀ ਨੇ ਪੁੱਛਿਆ, "ਰਾਜ਼ੀ ਓ!" ਤਦ ਲੋਕਾਂ ਉੱਤਰ ਦਿੱਤਾ, "ਮਹਾਰਾਜ! ਆਪ ਦੇ ਦਰਸ਼ਨ ਕਰ ਕੇ ਸਾਰੇ ਦਲਿੱਦਰ ਦੂਰ ਹੋ ਗਏ ਹਨ।" ਭਾਈ ਜੀ ਨੇ ਬਚਨ ਕੀਤਾ, "ਐਸੇ ਹੀ ਹੋਵੇਗਾ।" ਜ਼ਿਮੀਂਦਾਰਾਂ ਸੇਵਾ ਵੀ ਬੜੀ ਕੀਤੀ, ਤਨ ਮਨ ਲਾ ਕੇ। ਤੁਰਨ ਸਮੇਂ ਭਾਈ ਜੱਗਾ ਜੀ ਨੇ ਫਿਰ ਖ਼ੁਸ਼ੀ ਕੀਤੀ, "ਇਥੇ ਸਭ ਤਰ੍ਹਾਂ ਦੀ ਬਰਕਤ ਹੋਵੇਗੀ।"

ਇਸ ਤਰ੍ਹਾਂ ਲੋਕਾਂ ਦੀਆਂ ਨੀਤਾਂ ਤੇ ਸੇਵਾ ਨੂੰ ਫਲ ਲਾਉਂਦੇ ਅਭਿਲਾਖੀਆਂ ਨੂੰ ਵਰਸਾਉਂਦੇ ਸੰਤ ਜੀ ਆਪਣੇ ਅਸਥਾਨ ਮੁੜ ਆਏ।

ਬਾਅਦ ਵਿਚ ਲਾਡੀ ਪਿੰਡ ਵਿਚ ਦਲਿੱਦਰ ਫੈਲ ਗਿਆ। ਨਾ ਕੁਝ ਰੌਣਕ ਰਹੀ ਤੇ ਨਾ ਮੀਂਹ ਵਰਸੇ। ਹੋਰ ਥਾਵਾਂ 'ਤੇ ਮੀਂਹ ਪੈ ਜਾਇਆ ਕਰੇ। ਫ਼ਸਲਾਂ ਵੀ ਵਧੀਆ ਹੋਣ, ਪਰ ਲਾਡੀ ਪਿੰਡ ਵਿਚ ਕਣੀ ਵੀ ਨਾ ਪਵੇ। ਹਾਰ ਕੇ ਲੋਕਾਂ ਨੇ ਉਹ ਥਾਂ ਛੱਡ ਕੇ ਹੋਰ ਥਾਂ ਪਿੰਡ ਬੰਨ੍ਹਿਆ। ਉਥੇ ਭੀ ਓਹੋ ਹਾਲ। ਤਦ ਲੋਕਾਂ ਵਿਚਾਰਿਆ ਕਿ ਬਾਬਾ ਜੱਗਾ ਸਾਹਿਬ ਦੀ ਦਇਆ ਦ੍ਰਿਸ਼ਟੀ ਪ੍ਰਾਪਤ ਕੀਤਿਆਂ ਸਾਡੇ ਸਿਰੋਂ ਦਲਿੱਦਰ ਦਾ ਛਨਿਚਰ ਨਹੀਂ ਟਲਣਾ। ਆਖ਼ਰ ਬਹੁਤ ਲੋਕ ਤੁਰ ਕੇ, ਭਾਈ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ। ਮਾਫ਼ੀਆਂ ਮੰਗੀਆਂ ਅਰ ਤਰਲੇ ਮਿੰਨਤਾਂ ਕਰ ਕੇ ਉਹਨਾਂ ਨੂੰ ਲਾਡੀ ਨਾਲ ਲੈ ਗਏ। ਸੰਤਾਂ ਦੇ ਚਰਨ ਪੈਣ ਦੀ ਦੇਰ ਸੀ ਕਿ ਵਰਖਾ ਲਹਿ ਪਈ। ਜਲ-ਥਲ ਇਕ ਕਰ ਦਿੱਤਾ। ਲੋਕੀਂ ਬੜੇ ਖ਼ੁਸ਼ ਹੋਏ। ਸੰਤਾਂ ਦੀ ਤਨ, ਮਨ, ਧਨ ਨਾਲ ਸੇਵਾ ਕਰਨ ਲੱਗੇ। ਆਖਣ, "ਮਹਾਰਾਜ! ਆਪ ਦੀ ਕ੍ਰਿਪਾ ਨਾਲ ਸਾਰੇ ਦਲਿੱਦਰ ਕੱਟੇ ਗਏ ਹਨ, ਪਰ ਇਹ ਨਗਰ ਨਵਾਂ ਬੱਧਾ ਹੈ, ਇਥੇ ਛਾਇਆ ਕੋਈ ਨਹੀਂ।"

ਬਾਬਾ ਜੀ ਦੇ ਹੱਥ ਵਿਚ ਉਸ ਮੌਕੇ ਟਾਹਲੀ ਦੀ ਲੱਕੜੀ (ਛਟੀ) ਸੀ ਅਰ ਜਿਥੇ ਖੜ੍ਹੇ ਸਨ, ਉਥੇ ਲਾਗੇ ਹੀ ਛੱਪੜ ਹੈ ਸੀ। ਸੁਭਾਇਕੀ ਆਖਣ ਲੱਗੇ, "ਲਓ ਇਹ ਟਾਹਲੀ ਹੀ ਬੜੀ ਛਾਇਆ ਕਰੇਗੀ।"

ਏਨਾ ਬਚਨ ਸੁਣ ਕੇ ਉਹ ਟਾਹਲੀ ਦੀ ਛਟੀ ਛੱਪੜ ਦੇ ਕੰਢੇ ਗੱਡ ਦਿੱਤੀ। ਤੀਜੇ ਦਿਨ ਸੁਰਜੀਤ ਹੋ ਗਈ। ਸਭ ਲੋਕ ਅਚੰਭਾ ਮੰਨ ਗਏ। ਲੱਗੇ ਧੰਨ! ਧੰਨ!! ਆਖਣ। ਤਦ ਬਾਬਾ ਜੀ ਨਗਰ ਨਿਵਾਸੀਆਂ ਤੋਂ ਵਿਦਾਅ ਲੈ ਕੇ ਆਪਣੇ ਗੁਰਦੁਆਰੇ ਮੁੜ ਆਏ।

ਸਾਹਨੇਵਾਲ

ਬਾਬਾ ਸਾਈਂ ਦਾਸ, ਬਾਬਾ ਹੀਰਾ ਲਾਲ ਮਹੰਤ ਧਰਮਸਾਲ 'ਭਾਈ ਫੇਰੂ' ਤੇ 'ਖਾਨਕੀ' ਪਾਸੋਂ ਵਿਰੋਸਾਏ ਪ੍ਰਾਣੀਆਂ ਵਿੱਚੋਂ ਇਕ ਬਾਬਾ ਸਾਈਂ ਦਾਸ ਵੀ ਸਨ, ਜੋ ਸਹੀ ਅਰਥਾਂ ਵਿਚ ਸਾਈਂ ਦੇ ਦਾਸ ਹੀ ਸਿੱਧ ਹੋਏ। ਪਰਉਪਕਾਰੀ, ਤੇਜਵੰਤ ਤੇ ਧੀਰਜਵਾਨ ਪੁਰਖ ਸਨ। ਪਰਪੁਰਖੀ ਏਨੇ ਕੁ ਸਾਰੇ ਗੁਰ-ਤੀਰਥਾਂ ਦੀ ਯਾਤਰਾ ਪੈਰੀਂ ਤੁਰ ਕੇ ਕੀਤੀ।

ਇਉਂ ਵਿਚਰਦੇ ਵਿਚਰਦੇ ਲੁਧਿਆਣੇ ਦੇ ਇਲਾਕੇ 'ਸਾਹਨੇਵਾਲ' ਨਗਰ ਆ ਕੇ ਬਾਹਰਵਾਰ ਆ ਬੈਠੇ। ਉਨ੍ਹਾਂ ਦੇ ਮੱਥੇ ਤਪੱਸਿਆ ਤੇ ਗੁਰਮਤਿ ਗਿਆਨ ਦਾ ਨੀਸਾਣੁ ਵੇਖ ਕੇ ਲੋਕੀਂ ਸ਼ਰਧਾ-ਪ੍ਰੇਮ ਨਾਲ ਸੇਵਾ ਕਰਨ ਲੱਗ ਪਏ। ਸੰਗਤਾਂ ਦੇ ਪ੍ਰੇਮ ਬੰਧਨ 'ਚ ਬੱਝ ਕੇ ਉਥੇ ਹੀ ਟਿੱਕ ਗਏ। ਤਪ ਦੀ ਬਿਰਤੀ ਇਹ ਧਾਰ ਲਈ ਕਿ ਰਾਤ ਸਮੇਂ ਨਾ ਬਹਿਣਾ ਤੇ ਨਾ ਸੌਣਾ। ਇਕ ਆਸਾ (ਸੋਟਾ) ਹੱਥ 'ਚ ਰੱਖਣਾ; ਜਦੋਂ ਕਿਤੇ ਧਰਮ ਰਾਇ ਦੀ ਪੁੱਤਰੀ ਹੱਠ ਕਰ ਕੇ ਆ ਚੰਬੜੇ ਤਾਂ ਆਸਾ ਕੱਛ ਵਿਚ ਟੇਕ ਕੇ ਖਲੋ ਜਾਣਾ ਤੇ ਗੁਰਬਾਣੀ ਪੜ੍ਹਦਿਆਂ ਰਹਿਣਾ।

ਪਿੰਡ ਦੇ ਉਦਿਆਨ ਵਿਚ ਇਕ ਬਾਉਲੀ ਸੀ। ਉਸ ਦੇ ਲਾਗਿਉਂ ਦੋ ਰਸਤੇ ਲੰਘਦੇ ਸਨ। ਲੋਕਾਂ ਵਿਚ ਇਹ ਗੱਲ ਧੁੰਮੀ ਹੋਈ ਸੀ ਕਿ ਉਸ ਬਾਉਲੀ ਵਿਚ ਦੋ ਪਰੀਆਂ ਰਹਿੰਦੀਆਂ ਹਨ, ਜੋ ਆਉਂਦੇ-ਜਾਂਦੇ ਇਕੱਲੇ-ਦੁਕੱਲੇ ਰਾਹੀ ਪੁਰ ਕਾਮਨ ਪਾਉਂਦੀਆਂ ਤੇ ਤੰਗ ਕਰਦੀਆਂ ਹਨ। ਲੋਕਾਂ ਨੇ ਇਹ ਮਸਲਾ ਭਾਈ ਸਾਈਂ ਦਾਸ ਜੀ ਦੇ ਪੇਸ਼ ਕੀਤਾ। ਅਰਦਾਸ ਕੀਤੀ, "ਮਹਾਰਾਜ! ਇਹ ਬਲਾਵਾਂ ਆਪ ਦੇ ਤੇਜ ਪ੍ਰਤਾਪ ਨਾਲ ਟਲ ਸਕਦੀਆਂ ਹਨ, ਕਿਰਪਾ ਕਰੋ।" ਸੰਤਾਂ ਨੇ ਗੁਰੂ ਦੀ ਬਾਣੀ ਦੇ ਤੇਜ ਤਪਾਵਸ ਨਾਲ ਪਰੀਆਂ ਨੂੰ ਤਾੜਨਾ ਕੀਤੀ ਤੇ ਉਹ ਆਪਣੀਆਂ ਕਰਤੂਤਾਂ ਤੋਂ ਬਾਜ਼ ਆ ਗਈਆਂ ਤੇ ਗੁਰਮਤਿ ਗ੍ਰਹਿਣ ਕਰ ਕੇ ਸਤਿਗੁਰੂ ਦੀਆਂ ਉਸੇ ਤਰ੍ਹਾਂ ਸਿੱਖ ਬਣ ਗਈਆਂ, ਜਿਵੇਂ ਕਾਮਰੂਪ (ਆਸਾਮ) ਦੇਸ਼ ਦੀਆਂ ਜਾਦੂਗਰਨੀਆਂ (ਨੂਰ ਸ਼ਾਹ ਆਦਿ) ਚਰਨ ਸੇਵਕਾਂ ਬਣੀਆਂ ਸਨ। ਪਰੀਆਂ, ਸੰਤ ਜੀ ਨੂੰ ਬਹੁਤ ਧਨ ਭੇਟ ਕਰਨ ਲੱਗੀਆਂ, ਐਪਰ ਉਹਨਾਂ ਅੰਗੀਕਾਰ ਨਾ ਕੀਤਾ। ਤਦ ਵੀ ਉਹਨਾਂ ਇਕ ਅਜਬ ਵਡਮੁੱਲਾ ਦਮੜਾ ਭੇਟ ਕੀਤਾ, ਜਿਸ ਵਿਚ ਰਿਧੀਆਂ-ਸਿਧੀਆਂ ਭਰਪੂਰ ਸਨ। ਸੰਤ ਜੀ ਨੇ ਉਹਨਾਂ ਦਾ ਦਿਲ ਰੱਖਣ ਹਿਤ ਪ੍ਰਵਾਨ ਕਰ ਲਿਆ, ਪਰ ਉਸੇ ਵੇਲੇ ਆਪਣੇ ਇਕ ਸੇਵਕ ਭਾਈ ਗੁਲਾਬ ਦਾਸ ਨੂੰ ਦੇ ਦਿੱਤਾ। ਪਰੀਆਂ ਨਿਹਾਲ ਹੋ ਕੇ ਵਿਦਾਅ ਹੋਈਆਂ। ਉਸ ਦਿਨ ਤੋਂ ਇਲਾਕੇ ਦੇ ਲੋਕਾਂ ਨੂੰ ਸਤਾਉਣਾ ਛੱਡ ਦਿੱਤਾ ਅਰੁ ਸੰਤਾਂ ਦੀ ਯਥਾਯੋਗ ਸੇਵਾ ਕਰਦੀਆਂ ਰਹੀਆਂ। ਇਸ ਦੇ ਨਾਲ ਹੀ ਸੰਤ ਜੀ ਬਾਰੇ ਇਹ ਗੱਲ ਵੀ ਮਸ਼ਹੂਰ ਹੈ ਕਿ ਭੂਤ-ਪ੍ਰੇਤ ਤੇ ਜਿੰਨ-ਪਰੀ, ਸਭ ਉਨ੍ਹਾਂ ਤੋਂ ਕੰਨ ਭਰਦੇ ਹਨ ਤੇ ਹੁਕਮੀ-ਸੇਵਾ ਕਮਾਉਂਦੇ ਹਨ।

ਇਕ ਸੁੱਖਾ ਸਿੰਘ ਸਰਦਾਰ ਹੁੰਦਾ ਸੀ, ਉਹ ਤਾਂ ਪਰਲੋਕ ਸਿਧਾਰ ਗਿਆ। ਉਸ ਦੀ ਸਰਦਾਰਨੀ ਢੇਰ ਚਿਰ ਮਗਰੋਂ ਤਕ ਰਿਆਸਤ ਦਾ ਕਾਰੋਬਾਰ ਨਿਬਾਹੁੰਦੀ ਰਹੀ। ਸਰਦਾਰਨੀ ਦਾ ਨਾਂ ਲੱਛਮੀ ਸੀ, ਹੈ ਭੀ ਲੱਛਮੀ ਸਮਾਨ ਹੀ ਸੀ। ਉਸ ਨੂੰ ਰਾਜ ਭਾਗ ਦਾ ਬੜਾ ਮਾਣ ਸੀ। ਸੰਤ ਅਤਿਥੀ ਦੀ ਸੇਵਾ ਵੱਲੋਂ ਬਿਲਕੁਲ ਕੋਰੀ ਧਰਮ ਹੀਣ। ਇਕ ਦਿਨ ਸੰਤ ਸਾਈਂ ਦਾਸ ਜੀ ਚਲੇ ਜਾ ਰਹੇ ਸਨ। ਰਾਹ ਵਿਚ ਉਸ ਨਾਲ ਭੇਟ ਹੋ ਗਈ। ਬੜੇ ਅਭਿਮਾਨ ਨਾਲ ਆਉਂਦੀ ਵੇਖ ਕੇ ਬਾਬਾ ਜੀ ਨੇ ਪੁੱਛਿਆ, "ਬੀਬੀ ਜੀ! ਕਿਥੋਂ ਆ ਰਹੇ ਓ ?" ਮਾਣਮੱਤੀ ਨੇ ਨਮਸਕਾਰ ਤਾਂ ਕੀ ਕਰਨਾ ਸੀ, ਮਿੱਠੇ ਬਚਨ ਵੀ ਉਸ ਤੋਂ ਨਾ ਸਰੇ। ਹੰਕਾਰ ਨਾਲ ਭਰੀ ਹੋਈ ਨੱਕ-ਬੁੱਲ੍ਹ ਚੜ੍ਹਾਅ ਕੇ ਬੋਲੀ, "ਇਕ ਅਸਾਮੀ (ਮੁਜ਼ਾਰਾ) ਉੱਜੜ ਗਈ ਹੈ। ਉਸ ਦੀ ਕਪਾਹ ਚੁਣ ਕੇ ਲਿਆਈ ਹਾਂ।"

ਬਾਬਾ ਜੀ ਦੇ ਮੂੰਹੋਂ ਸਹਿਜ-ਸੁਭਾਅ ਬਚਨ ਨਿਕਲੇ, "ਅੱਗੇ ਤਾਂ ਲੱਛਮੀ ਹੀ ਸੀ, ਪਰ ਹੁਣ ਕੁਲਖਮੀ ਹੋ ਗਈ!" ਇਹ ਸੁਣ ਕੇ ਉਹ ਚੰਡ-ਪ੍ਰਚੰਡ ਹੋ ਗਈ। ਬੋਲੀ, "ਤੇਰੇ ਸਾਰਖੇ ਕਈ ਕਰਾਮਾਤੀ ਸਾਧੜੇ ਮੈਂ ਦੇਖੇ ਹੋਏ ਹਨ। ਦੇਖਾਂਗੀ, ਤੂੰ ਮੇਰਾ ਕੀ ਟੰਗ ਭੰਨ ਦੇਵੇਂਗਾ।"

ਭਾਈ ਜੀ ਨੇ ਤਾਂ ਉਸ ਦੇ ਕੁਬਚਨਾਂ ਦਾ ਕੋਈ ਉੱਤਰ ਨਾ ਦਿੱਤਾ। ਬਹੁਤ ਸਮਾਂ ਨਹੀਂ ਸੀ ਹੋਇਆ। ਮਹਾਰਾਜਾ ਰਣਜੀਤ ਸਿੰਘ ਨੇ ਉਸ ਦਾ ਸਾਰਾ ਇਲਾਕਾ ਖੋਹ ਲਿਆ ਤੇ ਲੱਛਮੀ ਨੂੰ ਘਰੋਂ ਕੱਢ ਦਿੱਤਾ। ਤਦ ਉਹ ਸੰਤਾਂ ਦੇ ਚਰਨਾਂ ਪਰ ਆ ਡਿੱਗੀ। ਸੰਤਾਂ ਨੇ ਫ਼ੁਰਮਾਇਆ, "ਗੁਜ਼ਾਰੇ ਮਾਤਰ ਰੁਜ਼ੀਨਾ ਮਿਲੇਗਾ।" ਸੰਤਾਂ ਦੇ ਬਚਨਾਂ ਸਦਕਾ, ਮਹਾਰਾਜਾ ਸਾਹਿਬ ਨੇ ਗੁਜ਼ਾਰੇ ਵਾਸਤੇ ਪੰਜ ਪਿੰਡ ਉਸ ਨੂੰ ਬਖ਼ਸ਼ ਦਿੱਤੇ।

ਇਕ ਪਿੰਡ ਹੈ 'ਕੁਢੀਡ'। ਸੰਤ ਸਾਈਂ ਦਾਸ ਜੀ ਇਕੇਰਾਂ ਉਥੇ ਗਏ। ਨਾਲ ਬਹੁਤ ਸਾਰੇ ਸਾਧੂ ਸਨ। ਤਿੰਨ ਦਿਨ ਉਥੇ ਬੈਠੇ ਰਹੇ, ਕਿਸੇ ਨੇ ਬਾਤ ਨਾ ਪੁੱਛੀ, ਸੇਵਾ ਤਾਂ ਕੀ ਕਰਨੀ ਸੀ। ਚੌਥੇ ਦਿਨ ਤੁਰਨ ਲੱਗੇ ਤਾਂ ਉਸ ਪਿੰਡ ਦਾ ਮਾਲਕ ਸਰਦਾਰ ਆਇਆ, ਪਰ ਬਹੁਤ ਸ਼ਰਧਾਹੀਣ ਜਿਹੇ ਮਤੇ ਨਾਲ। ਉਸ ਨੇ ਨਿਰਾਦਰ ਭਰੇ ਲਹਿਜੇ ਵਿਚ ਸੰਤਾਂ ਨੂੰ ਪ੍ਰਸਾਦ ਵਰਜਿਆ। ਸੰਤ ਜੀ ਦੇ ਮੂੰਹੋਂ ਨਿਕਲਿਆ, "ਹੁਣ ਸੰਤ ਉਦੋਂ ਭੋਜਨ ਪਾਉਣਗੇ, ਜਦੋਂ ਤੇਰੇ ਸਿਰ ਵਿਚ ਹੁੱਕੇ ਦਾ ਪਾਣੀ ਪਊ ਤੇ ਮਲੇਛ ਮੂੰਹ ਉੱਤੇ ਥੁੱਕਣਗੇ।"

ਇੰਨਾ ਬਚਨ ਕਹਿ ਕੇ ਸੰਤ ਮੰਡਲੀ ਸਮੇਤ ਟੁਰ ਆਏ। ਥੋੜ੍ਹੇ ਦਿਨਾਂ ਬਾਦ ਹੀ ਸਰਦਾਰ ਨੇ ਇਕ ਮਿਰਾਸਣ (ਡੂੰਮਣੀ) ਆਪਣੇ ਕਿਲ੍ਹੇ ਅੰਦਰ ਰੱਖ ਲਈ। ਮਹੀਨੇ ਦੋ ਗੁਜ਼ਰੇ ਤਾਂ ਠੀਕ ਉਹੋ ਗੱਲ ਹੋਈ। ਮਿਰਾਸਣ ਦੇ ਵਾਰਸ ਮੁਸਲਮਾਨਾਂ ਨੇ ਸਰਦਾਰ ਦੇ ਸਿਰ ਵਿਚ ਹੁੱਕੇ ਦਾ ਪਾਣੀ ਵੀ ਪਾਇਆ ਤੇ ਮੂੰਹ 'ਤੇ ਥੁੱਕਾਂ ਵੀ ਪਾਈਆਂ। ਇਉਂ ਪਾਣ ਪਤਿ ਲੁਹਾ ਕੇ ਸੰਤਾਂ ਦੀ ਸ਼ਰਨ ਪਇਆ। ਸੰਤਾਂ ਦੇ ਚਰਨ ਚੁੰਮੇ ਤੇ ਮਾਫ਼ੀ ਮੰਗੀ। ਇਕ ਖੂਹ ਤੇ ਚੋਖੀ ਸਾਰੀ ਜ਼ਮੀਨ ਅਰਦਾਸ ਕਰਾਈ। ਇਸ ਤਰ੍ਹਾਂ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰ ਕੇ ਘਰਾਂ ਨੂੰ ਗਿਆ।

ਸਾਹਨੇਵਾਲ ਪਿੰਡ ਵਿਚ ਮਾਪਿਆਂ ਦਾ ਇਕ ਇਕਲੌਤਾ ਪੁੱਤਰ ਮਰ ਗਿਆ। ਉਨ੍ਹਾਂ ਬਾਬਾ ਸਾਈਂ ਦਾਸ ਜੀ ਦੇ ਚਰਨਾਂ ਵਿਚ ਲਿਆ ਰੱਖਿਆ। ਸੰਤ ਜੀ ਨੇ ਬਚਨ ਕੀਤਾ, "ਡਾਇਣ ਨੇ ਮਾਰਿਆ ਏ?" ਬਾਲਕ ਨੇ ਝੱਟ ਅੱਖੀਂ ਉਘੇੜ ਲਈਆਂ ਤੇ ਉਠ ਖੜਾ ਹੋਇਆ। ਸਾਰੇ ਲੋਕ ਅਚੰਭਾ ਮੰਨ ਗਏ। ਲੋਕੀਂ ਤੇ ਬਾਲਕ ਦੇ ਮਾਪੇ ਸੰਤਾਂ ਦਾ ਜੱਸ ਗਾਉਂਦੇ ਘਰਾਂ ਨੂੰ ਗਏ। ਉਹ ਬਾਲਕ ਅਜੇ (ਲਿਖਾਰੀ ਦੇ ਪੋਥੀ ਲਿਖਣ ਸਮੇਂ) ਤਕ ਜਿਉਂਦਾ ਸੀ। ਹਜ਼ਾਰੀ ਉਸ ਦਾ ਨਾਮ ਸੀ।

ਡਾਲਾ

ਬਾਬਾ ਰੋਡੂ ਜੀ ਮਾਲਵੇ ਦੇਸ਼ ਦੇ 'ਡਾਲਾ' ਨਾਮੇ ਨਗਰ ਵਿਚ ਟਿਕਦੇ ਸਨ। ਜਪ ਤਪ ਸਿਮਰਨ ਸਾਧਨ ਵਿਚ ਪੂਰੇ। ਕਦੇ ਸ਼ੇਰ ਬਣ ਜਾਣਾ, ਕਦੀ ਮਿਰਗ। ਆਮ

ਲੋਕਾਂ ਵਿਚ ਰਹਿੰਦਿਆਂ, ਬਿਰਤੀ ਵਿਰੱਕਤ ਰੱਖਣੀ। ਲੋਕਾਂ ਕਦੀ ਸਰੀਰ ਦੇ ਅੰਗ ਅੰਗ ਅੱਡ ਹੋਏ ਵੇਖਣੇ ਤੇ ਤੁਰੰਤ ਹੀ ਬਾਅਦ ਸਹੀ-ਸਲਾਮਤ ਸਰੀਰ ਨਾਲ ਬੈਠੇ ਹੋਏ ਦਰਸ਼ਨ ਕਰਨੇ। ਸਾਧੂ ਸੇਵਾ ਦਾ ਬਾਬਾ ਜੀ ਨੂੰ ਸਦਾ ਚਾਉ ਚੜ੍ਹਿਆ ਰਹਿਣਾ। ਜਿਸ ਤੀਰਥ ਪੁਰ ਜਾਣਾ, ਆਪਣੀ ਸਿੱਧੀ ਦੇ ਪ੍ਰਤਾਪ ਲੰਗਰ ਜਾਰੀ ਕਰ ਦੇਣਾ। ਬਹੁਤਾ ਅਵਧੂਤ ਸਾਧੂਆਂ ਨੂੰ ਭੋਜਨ ਛਕਾਉਣਾ। ਬਚਨ ਜੋ ਬੋਲਣਾ, ਸਤਿ ਹੋ ਜਾਣਾ।

ਫ਼ਰੀਦਕੋਟ ਦੇ ਰਾਜੇ ਵਜ਼ੀਰ ਸਿੰਘ ਨੇ ਪ੍ਰਾਰਥਨਾ ਕੀਤੀ, "ਮਹਾਰਾਜ! ਮਿਹਰ ਕਰੋ, ਸਾਡੇ ਘਰ ਪੋਤਰਾ ਬਖ਼ਸ਼ੋ।" ਬਾਬਾ ਰੋੜੂ ਜੀ ਨੇ ਪ੍ਰਸੰਨ ਹੋ ਕੇ 'ਸਤਿ ਬਚਨ' ਆਖਿਆ। ਨੌਂ ਮਹੀਨੇ ਬੀਤੇ ਤਾਂ ਸਿਰਜਣਹਾਰ ਦੀ ਦਰਗਾਹੋਂ ਰਾਜਾ ਸਾਹਿਬ ਨੂੰ ਪੋਤਰੇ ਦੀ ਦਾਤ ਮਿਲੀ। ਰਾਜਾ ਜੀ, ਬਾਬਾ ਜੀ ਨੂੰ ਪਦਾਰਥ ਵਸਤਰ ਲੱਗੇ ਦੇਣ, ਤਾਂ ਉਨ੍ਹਾਂ ਅੰਗੀਕਾਰ ਨਾ ਕੀਤੇ। ਸਗੋਂ ਰਾਤ ਸਮੇਂ ਉਨ੍ਹਾਂ ਪਾਸੋਂ ਉਠ ਕੇ ਕਿਧਰੇ ਚਲੇ ਗਏ।

ਲੋਕਾਂ ਕਈ ਵਾਰੀ ਬਾਬਾ ਜੀ ਦੀ ਪ੍ਰੀਖਿਆ ਵਾਸਤੇ ਉਨ੍ਹਾਂ ਪਾਸ ਸੁੰਦਰ ਇਸਤਰੀਆਂ ਭੇਜੀਆਂ, ਪਰ ਉਹ ਕਦੀ ਜਤ-ਸਤ ਤੋਂ ਨਾ ਡੋਲੇ।

ਸੰਘੇੜੇ

ਪਿੰਡ ਵਿਚ ਧਰਮਸਾਲ ਸਥਾਪਤ ਕਰਨ ਵਾਲੇ ਨਾਂਗੇ ਸਾਧੂ ਹੋਏ ਹਨ। ਸੰਤ ਬ੍ਰਹਮ ਦਾਸ ਜੀ 'ਰੁਖੜ' 'ਰੁੱਖਾਂ ਦੀ ਜੀਰਾਂਦ' ਰੱਖਣ ਵਾਲੇ ਨਾਂਗੇ ਸਾਧੂ ਹੋਏ ਹਨ। ਬਹੁਤ ਸਾਰੇ ਸਾਧੂਆਂ ਦੀ ਜਮਾਤ ਲੈ ਕੇ ਤੀਰਥ ਯਾਤਰਾ ਕਰਦੇ ਫਿਰਦੇ ਰਹਿੰਦੇ ਸਨ। ਸਭ ਨਾਲ ਮਿੱਤਰਤਾ, ਦੁਐਤ ਕਿਸੇ ਨਾਲ ਨਾ ਕਰਨੀ, ਹਰ ਛੋਟੇ ਵੱਡੇ ਨੂੰ ਨਮਸਕਾਰ ਕਰ ਕੇ ਮਿਲਣਾ, ਆਪ ਦੀ ਸੁਭਾਵਿਕ ਬਿਰਤੀ ਸੀ। ਇਨ੍ਹਾਂ ਸੰਘੇੜੇ ਨਗਰ ਵਿਚ ਧਰਮਸਾਲ ਗੁਰਦੁਆਰਾ ਸਥਾਪਤ ਕੀਤਾ ਸੀ।

ਮੁਕੰਦਪੁਰ

ਸੰਤ ਸਰੂਪ ਦਾਸ ਜੀ ਮੁਕੰਦਪੁਰੇ ਟਿਕਦੇ ਸਨ। ਨਿਰੇ ਭਜਨ ਸਾਧਨਾ ਦੀ ਮੂਰਤ। ਵਰ, ਸਰਾਪ ਤੋਂ ਸਦਾ ਅਛੂਤੇ ਰਹਿਣ ਵਾਲੇ ਤੇ ਸ਼ਾਂਤ ਸੁਭਾਉ ਸਾਧੂ ਹੋ ਗੁਜ਼ਰੇ ਹਨ। ਸ੍ਵੈ-ਸਰੂਪ ਵਿਚ ਲੀਨ ਹੋਏ, ਮਗਰੋਂ ਉਨ੍ਹਾਂ ਦੇ ਸੇਵਕ ਸ਼ਰਧਾਲੂਆਂ ਨੇ ਸਾਧੂਆਂ, ਅਤਿਥੀਆਂ ਨੂੰ ਪ੍ਰਸ਼ਾਦ (ਭੰਡਾਰਾ) ਕੀਤਾ ਤੇ ਯਾਦਗਾਰ ਵਜੋਂ ਸਮਾਧ ਬਣਾ ਦਿੱਤੀ। ਇਕ ਦੁਸ਼ਟ ਸੰਤ ਦੋਖੀ ਮਤਿ ਮੰਦ ਨੇ ਬਾਬਾ ਜੀ ਦੀ ਸਮਾਧ ਪੁਰ ਜੁੱਤੀ ਸਮੇਤ ਲੱਤ ਮਾਰ ਦਿੱਤੀ। ਕਿਸੇ ਸ਼ਰੀਫ਼ ਸੱਜਣ ਨੇ ਉਸ ਨੂੰ ਇਸ ਕੁਕਰਮ ਤੋਂ ਵਰਜਿਆ ਤਾਂ ਆਖਣ ਲੱਗਾ, "ਇਹ ਕੋਈ ਸੱਪ ਹੈ, ਜੋ ਮੈਨੂੰ ਡੰਗ ਮਾਰੂ। ਇੱਟਾਂ ਵਿਚ ਕੀ ਪਿਆ ਹੈ।"

ਅਜੇ ਉਸ ਨੇ ਗੱਲ ਮੁਕਾਈ ਨਹੀਂ ਸੀ ਕਿ ਸੱਪ ਨੇ ਉਸ ਦੇ ਪੈਰ 'ਤੇ ਡੰਗ ਮਾਰਿਆ। ਉਹ ਦੁਸ਼ਟ ਡਿੱਗਦਿਆਂ ਸਾਰ ਕੁੰਭੀ ਨਰਕ ਜਾ ਪਿਆ। ਇਹ ਹਾਲ ਦੇਖ ਕੇ ਲੋਕੀਂ ਹੈਰਾਨ ਰਹਿ ਗਏ।

ਸਲੀਣਾ

ਮਾਲਵੇ ਦੇਸ਼ ਵਿਚ ਸਲੀਣਾ ਨਗਰ ਹੈ। ਇਸ ਗਿਰਾਉਂ ਵਿਚ ਧਰਮਸਾਲ ਬਾਬਾ

ਫੇਰੂ (ਸੰਗਤ ਸਾਹਿਬ) ਜੀ ਦੀ ਪੱਧਤੀ ਦੇ ਸਾਧੂਆਂ ਨੇ ਸਥਾਪਤ ਕੀਤੀ ਹੈ। ਜਿਸ ਦੇ ਪਹਿਲੇ ਪ੍ਰਬੰਧਕ ਸੰਤ ਬਾਵਾ ਦਾਸ ਟਹਿਲ ਦਾਸ ਤੇ ਗਿਆਨ ਸਰੂਪ ਜੀ ਹੋਏ ਹਨ। ਉਪਰੰਤ ਸੰਤ ਧਰਮ ਦਾਸ ਜੀ ਮਹੰਤ ਬਣੇ। ਇਹ ਮਹਾਤਮਾ ਬੜੇ ਬਰਕਤ ਵਾਲੇ ਮਸ਼ਹੂਰ ਸਨ। ਇਕ ਦਿਨ ਸੰਤ ਜੀ ਆਪਣੇ ਰੰਗ ਵਿਚ ਬੈਠੇ ਸਨ, ਕਿਸੇ ਆ ਕੇ ਆਖਿਆ, "ਮਹਾਰਾਜ! ਆਪ ਦਾ ਟਹਿਲ ਵਾਲਾ ਭਾਗ ਸਿੰਘ ਛੀਂਬਾ ਹੁਕਮ ਸਤਿ ਹੋ ਗਿਆ ਹੈ।"

ਭਾਈ ਸਾਹਿਬ ਕੁੱਝ ਨਹੀਂ ਬੋਲੇ। ਏਨੇ ਨੂੰ ਉਸ ਦੇ ਸੰਬੰਧੀ ਰੋਂਦੇ ਪਿਟਦੇ ਸੰਤ ਪਾਸ ਆਏ। ਉਨ੍ਹਾਂ ਦਾ ਹਾਹ-ਵਿਰਲਾਪ ਸੁਣ ਕੇ ਸੰਤ ਜੀ ਨੂੰ ਤਰਸ ਆ ਗਿਆ। ਉਠ ਕੇ ਉਨ੍ਹਾਂ ਨਾਲ ਤੁਰ ਪਏ। ਭਾਗ ਸਿੰਘ ਦੀ ਮੜ੍ਹੋਲੀ ਪਾਸ ਜਾ ਕੇ ਉਸ ਦੀ ਬਾਂਹ ਫੜ ਕੇ ਬਚਨ ਕੀਤਾ, "ਉਠੋ ਭਾਗ ਸਿੰਘ! ਤੇਰੇ ਬਿਨਾਂ ਸਾਡੀ ਟਹਿਲ ਸੇਵਾ ਕਉਣ ਕਰੇਗਾ?" ਐਨੀ ਗੱਲ ਕਹਿਣ ਦੀ ਦੇਰ ਸੀ ਕਿ ਭਾਗ ਸਿੰਘ ਉਠ ਕੇ ਬਹਿ ਗਿਆ। ਇਹ ਕਉਤਕ ਵੇਖ ਕੇ ਸਾਰੀ ਸੰਗਤ ਵਿਚ ਧੰਨ! ਧੰਨ!! ਦੀ ਧੁਨੀ ਗੂੰਜ ਉਠੀ। ਸੋਗੀ ਨਜ਼ਾਰਾ ਖ਼ੁਸ਼ੀਆਂ ਦੀਆਂ ਠਾਠਾਂ ਮਾਰ ਕੇ ਸਾਗਰ ਵਿਚ ਬਦਲ ਗਿਆ। ਐਪਰ ਬਾਵਾ ਜੀ ਉਸੇ ਤਰ੍ਹਾਂ ਗੰਭੀਰ ਚੁੱਪ-ਚਪੀਤੇ ਆਪਣੇ ਆਸਣ ਵੱਲ ਮੁੜ ਗਏ।

ਕੰਗ ਨਗਰ

ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਇਹ ਨਗਰ ਸੀ। ਬਾਬਾ ਰਾਮ ਪ੍ਰਗਾਸ ਦੀ ਉਦਾਸੀ ਸੰਤ ਇਥੇ ਹੀ ਰਹਿੰਦੇ ਸਨ, ਸੀਗੇ ਬੜੇ ਤੇਜ ਤਪ ਵਾਲੇ। ਉਥੋਂ ਦੇ ਇਕ ਜ਼ਿਮੀਂਦਾਰ ਨੂੰ ਕੁਸ਼ਟ ਰੋਗ ਹੋ ਗਿਆ। ਉਹ ਬੜਾ ਦੁੱਖੀ ਜੀਵਨ ਬਤੀਤ ਕਰ ਰਿਹਾ ਸੀ। ਇਕ ਦਿਨ ਆਤੁਰ ਹੋ ਕੇ ਸੰਤ ਜੀ ਦੇ ਤਰਲੇ ਕੱਢਣ ਲੱਗਾ। ਸੰਤ ਜੀ ਨੇ ਤਰਸ ਖਾ ਕੇ ਸਤਿਨਾਮ ਵਾਹਿਗੁਰੂ ਮੰਤਰ ਪੜ੍ਹ ਕੇ ਜਲ ਮੰਤਰਿਆ ਤੇ ਉਸ ਦੇ ਛੱਟੇ ਰੋਗੀ ਨੂੰ ਮਾਰੇ। ਗੁਰੂ ਗੋਬਿੰਦ ਸਿੰਘ ਜੀ ਦੀ ਮਿਹਰ ਨਾਲ ਕੁਸ਼ਟੀ ਦਾ ਦੁੱਖ ਰੋਗ ਦੂਰ ਹੋ ਗਿਆ। ਇਸ ਪ੍ਰਤੱਖ ਕਰਾਮਾਤ ਨੇ ਸਭ ਲੋਕ ਹੈਰਾਨ ਕਰ ਦਿੱਤੇ।

ਗੁਆਂਢੀ ਪਿੰਡ 'ਸਨ੍ਹੇਰ' ਦਾ ਵਸਨੀਕ ਇਕ ਬ੍ਰਾਹਮਣ ਬੜਾ ਸੰਤ-ਸੇਵੀ ਸੀ। ਪਰ ਉਸ ਦੇ ਘਰ ਪੁੱਤਰ ਰੂਪੀ ਚਿਰਾਗ ਨਹੀਂ ਸੀ ਜਗਦਾ। ਸੰਤਾਂ ਪਾਸ ਪ੍ਰਾਰਥੀ ਹੋਇਆ। ਸੰਤਾਂ ਨੇ ਸੇਵਾ ਦਾ 'ਪੁੱਤਰ' ਭਗਵੰਤ ਪਾਸੋਂ ਦਾਨ ਦਿਵਾਇਆ।

ਆਕੜ

ਮਾਲਵੇ ਦੇਸ਼ ਦੇ ਆਕੜ ਨਾਮੀ ਪਿੰਡ ਵਿਚ ਬਾਬਾ ਬਿਸ਼ਨ ਦਾਸ ਜੀ ਰਹਿੰਦੇ ਸਨ। ਬੜੇ ਸਤਿਵਾਦੀ, ਸੰਤੋਖੀ, ਸਰਬ ਗੁਣ ਸੰਪੰਨ, ਇੰਦਰੇ ਜਿੱਤ ਪਰਮ ਪ੍ਰਤਾਪੀ ਸਾਧੂ ਹੋਏ ਹਨ। ਰਾਜ ਪਟਿਆਲਾ ਦੇ ਮੋਢੀ ਬਾਬਾ ਆਲਾ ਸਿੰਘ ਜੀ, ਇਹਨਾਂ ਦੇ ਬੜੇ ਸੇਵਕ ਸ਼ਰਧਾਲੂ ਸਨ। ਉਨ੍ਹਾਂ ਨੇ ਇਕੇਰਾਂ ਸੰਤਾਂ ਨੂੰ ਪ੍ਰਸੰਨਤਾ ਦੇ ਘਰ 'ਚ ਜਾ ਕੇ ਪ੍ਰਾਰਥਨਾ ਕੀਤੀ, "ਮਹਾਰਾਜ! ਆਪ ਦੀ ਦਾਸ ਪੁਰ ਬੜੀ ਖ਼ੁਸ਼ੀ ਹੋਈ ਹੈ, ਪਰ ਮਾਇਆ ਬੜੀ ਚੰਚਲ ਹੈ, ਸਦਾ ਥਿਰ ਨਹੀਂ ਰਹਿੰਦੀ। ਮੈਂ ਤਾਂ ਆਪ ਜੀ ਦੀ ਕਿਰਪਾ ਨਾਲ ਰਾਜ ਭਾਗ ਭੋਗ ਰਿਹਾ ਹਾਂ, ਮੈਥੋਂ ਮਗਰੋਂ ਪਤਾ ਨਹੀਂ ਕੀ ਹੋਵੇ?"

"ਰਾਜਾ ਜੀ ਚਿੰਤਾ ਨਾ ਕਰੋ। ਤੁਹਾਡੀ ਵੰਸ਼ ਵਿਚ ਸੱਤਾਂ ਪੀੜ੍ਹੀਆਂ ਤਕ ਰਾਜ ਭਾਗ ਬਹਾਲ ਰਹੇਗਾ। ਅਰੁ ਦਿਨੋ ਦਿਨ ਤੇਜ ਪ੍ਰਤਾਪ ਵਧੇਗਾ। ਰਾਜੇ ਨਿਰਛਲ, ਧਰਮੀ ਤੇ ਸਾਧ ਸੇਵੀ ਹੋਣਗੇ।"

ਰਾਜਾ ਸਾਹਿਬ ਇਹ ਬਚਨ ਸੁਣ ਕੇ ਬੜੇ ਖ਼ੁਸ਼ ਹੋਏ। ਸੰਤਾਂ ਦੇ ਵਚਨਾਂ 'ਤੇ ਮਹਾਰਾਜੇ ਨੂੰ ਪਹਿਲੋਂ ਹੀ ਬੜਾ ਨਿਸ਼ਚਾ ਸੀ, ਹੁਣ ਹੋਰ ਪਰਪੱਕ ਹੋ ਗਿਆ। ਸੰਤ ਜੀ ਦਾ ਇਹ ਬਚਨ ਵੀ ਸੋਲ੍ਹਾਂ ਆਨੇ ਸੱਚ ਸਾਬਤ ਹੋਇਆ। ਮਹਾਰਾਜਾ ਆਲਾ ਸਿੰਘ ਤੋਂ ਬਾਅਦ ਸੱਤਾਂ ਪੀੜ੍ਹੀਆਂ—1. ਮਹਾਰਾਜਾ ਅਮਰ ਸਿੰਘ, 2. ਸਾਹਿਬ ਸਿੰਘ, 3. ਕਰਮ ਸਿੰਘ, 4, ਨਰਿੰਦਰ ਸਿੰਘ, 5. ਰਾਜਿੰਦਰ ਸਿੰਘ, 7 ਭੁਪਿੰਦਰ ਸਿੰਘ ਤਕ ਰਾਜ ਭਾਗ ਠੀਕ ਬਹਾਲ ਰਿਹਾ ਤੇ ਵੱਧਦਾ-ਫੁੱਲਦਾ ਰਿਹਾ। ਲੇਕਿਨ ਸੰਤ ਜੀ ਦੇ ਬਚਨਾ ਮੁਤਾਬਕ ਬਾਬਾ ਜੀ ਸਮੇਤ ਸੱਤਵੀਂ ਪੀੜ੍ਹੀ ਮਹਾਰਾਜਾ ਗਜਿੰਦਰ ਸਿੰਘ ਤਕ ਸਾਰੇ ਰਾਜੇ ਲਗਪਗ ਧਰਮੀ ਤੇ ਸੰਤ-ਸੇਵੀ ਰਹੇ ਹਨ। ਪਰ ਮਹਾਰਾਜਾ ਭੁਪਿੰਦਰ ਸਿੰਘ ਇਨ੍ਹਾਂ ਤੋਂ ਐਨ ਉਲਟ ਸੀ। ਸ਼ਾਇਦ ਇਸੇ ਕਰਕੇ ਇਸ ਅੱਠਵੀਂ ਪੀੜ੍ਹੀ ਵਿਚ ਤੇਜ ਪ੍ਰਤਾਪ ਤੇ ਰਾਜ ਭਾਗ ਵਿਚ ਘਾਟ ਪੈਣੀ ਸ਼ੁਰੂ ਹੋ ਗਈ। ਆਖ਼ਰ ਨੌਵੀਂ ਪੀੜ੍ਹੀ ਮਹਾਰਾਜਾ ਯਾਦਵਿੰਦਰ ਸਿੰਘ ਹੱਥੋਂ ਸਭ ਕੁਝ ਖੁੱਸ ਗਿਆ।

ਚੁੱਘੇ ਪਿੰਡ

ਮਾਲਵੇ ਦੇਸ਼ ਦੇ ਚੁੱਘਾ ਪਿੰਡ (ਜ਼ਿਲ੍ਹਾ ਫ਼ਿਰੋਜ਼ਪੁਰ) ਵਿਚ ਸੰਤ ਬਾਬਾ ਖੇਮ ਸਿੰਘ ਜੀ ਧਰਮਸਾਲ ਬਣਾ ਕੇ ਟਿਕੇ ਹੋਏ ਸਨ। ਇਲਾਕੇ ਵਿਚ ਬੜੀ ਮਾਨ ਪ੍ਰਤਿਸ਼ਠਾ ਸੀ। ਮਾਲਵੇ ਦੇ ਸਾਰੇ ਸਰਦਾਰ ਆਪ ਦੀ ਆਗਿਆ ਮੰਨਦੇ ਸਨ ਤੇ ਸੇਵਾ ਕਰਦੇ ਸਨ। ਭਾਈ ਸਾਹਿਬ ਨੇ ਸੱਚ ਧਰਮ ਦਾ ਉਪਦੇਸ਼ ਕਰ ਕੇ ਬੇਸ਼ੁਮਾਰ ਸਿੱਖ ਸਜਾਏ। ਧਰਮਸਾਲ ਨਾਲ 'ਗੁਰੂ ਕਾ ਲੰਗਰ' ਬੜੇ ਸੁਚੱਜੇ ਢੰਗ ਨਾਲ ਚਲਾਉਂਦੇ ਸਨ। ਇਕ ਸਾਲ ਸੰਮਤ 1823 ਬਿ: ਪੰਜਾਬ ਵਿਚ ਬੜਾ ਕਾਲ ਪੈ ਗਿਆ। ਇਸ ਵਰ੍ਹੇ ਦੇ ਅੰਤ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਅੱਠਵਾਂ ਤੇ ਅੰਤਲਾ ਹਮਲਾ ਹਿੰਦੁਸਤਾਨ 'ਤੇ ਕੀਤਾ, ਜਿਸ ਵਿਚ ਭਾਈ ਸੰਗਤ ਸਾਹਿਬ ਵਾਲੀ ਧਰਮਸਾਲ ਦੇ ਮਹੰਤ ਭਾਈ ਮਾਲੀ ਜੀ ਸ਼ਹੀਦ ਕਰ ਦਿੱਤੇ ਅਤੇ ਡੇਰੇ ਦੀ ਸਾਰੀ ਸਮੱਗਰੀ ਤੇ ਹੋਰ ਸਾਮਾਨ ਲੁੱਟ ਲਿਆ। ਧਰਮਸਾਲ ਰਹਿਣ ਵਾਲੇ ਸਾਰੇ ਸਾਧੂ ਉਦਾਸ ਹੋ ਕੇ ਖਿੰਡ-ਪੁੰਡ ਗਏ। ਬਹੁਤੇ ਚੁੱਘੇ ਸੰਤ ਖੇਮ ਸਿੰਘ ਜੀ ਕੋਲ ਆ ਗਏ। ਇਹਨਾਂ ਸਾਧੂਆਂ ਨੇ ਧਰਮਸਾਲ ਪੁਰ ਵਰਤਿਆ ਵਰਤਾਰਾ ਸੁਣਾਇਆ ਤੇ ਸੰਤ ਜੀ ਨੂੰ ਉਸ ਧਰਮਸਾਲ ਦਾ ਪ੍ਰਬੰਧ ਸੰਭਾਲਣ ਵਾਸਤੇ ਪ੍ਰੇਰਨਾ/ਪ੍ਰਾਰਥਨਾ ਕੀਤੀ। ਸੰਤ ਜੀ ਨੇ ਗੁਰਦੁਆਰੇ ਦਾ ਸਤਿਕਾਰ ਬਹਾਲ ਕਰਨ ਦੇ ਖ਼ਿਆਲ ਨਾਲ ਗੱਲ ਮੰਨ ਲਈ। ਧਰਮਸਾਲ ਚੁੱਘਾ ਦੀ ਸੇਵਾ ਆਪਣੇ ਇਕ ਸੇਵਕ ਚੇਲੇ ਨੂੰ ਸੰਭਾਲ ਕੇ ਖ਼ੁਦ ਸੰਤ ਸੰਗਤ ਸਾਹਿਬ ਦੇ ਗੁਰਦੁਆਰੇ ਆਏ। ਸੰਗਤ ਨੇ ਆਪ ਨੂੰ ਮਹੰਤੀ ਦੀ ਦਸਤਾਰ ਬੰਨ੍ਹੀ। ਆਪ ਨੇ ਚੁੱਘੇ ਤੋਂ ਲੰਗਰ ਦਾ ਸਾਮਾਨ, ਅੰਨ, ਮੱਝਾਂ, ਗਾਈਆਂ ਤੇ ਘੋੜੀਆਂ ਆਦਿ ਲਿਆ ਕੇ ਆਪਣੇ ਗੁਰੂ ਦੇ ਗੁਰਦੁਆਰੇ ਨੂੰ ਮੁੜ ਆਬਾਦ ਕੀਤਾ ਅਤੇ ਗੁਰੂ ਕੇ ਲੰਗਰ ਦੀ ਪੁਰਾਤਨ ਮਹਾਨਤਾ ਬਹਾਲ ਕੀਤੀ। ਪਏ ਅਕਾਲ ਦੀ ਘਾਟ ਤੇ ਬਰਬਾਦੀ

ਦਾ ਮੁਕਾਬਲਾ ਖ਼ੂਬ ਦ੍ਰਿੜ੍ਹਤਾ ਨਾਲ ਲੱਕ ਬੰਨ੍ਹ ਕੇ ਕੀਤਾ। ਵਰਖਾ ਵੀ ਹੋ ਗਈ ਤੇ ਅਕਾਲ ਦੂਰ ਹੋ ਗਿਆ। ਇਸ ਔਖੇ ਸਮੇਂ ਸੰਤ ਜੀ ਦੇ ਉੱਦਮ ਸਦਕਾ ਤੇ ਉਪਰਾਲੇ ਦੇ ਕਾਰਨ ਆਪ ਜੀ ਦਾ ਬੜਾ ਜੱਸ ਫੈਲਿਆ।

ਖੜਿਆਲ ਨਗਰ

ਪਹਿਲਾਂ ਇਹ ਜ਼ਿਲ੍ਹਾ ਕਰਨਾਲ ਦੀ ਸਬ-ਤਹਿਸੀਲ ਗੂਹਲਾ ਵਿਚ ਸੀ। ਬਾਅਦ ਵਿਚ ਪੈਪਸੂ ਵਿਚ ਸ਼ਾਮਲ ਕਰ ਦਿੱਤਾ ਗਿਆ ਸੀ। ਇਸ ਨਗਰ ਵਿਚ ਤਿੰਨ ਗੁਰਧਾਮ ਸਨ, ਜਿਨ੍ਹਾਂ ਵਿੱਚੋਂ ਇਕ ਦਾ ਨਾਮ 'ਧਰਮਸਾਲ ਪੰਚਾਇਤੀ' ਸੀ। ਇਹ ਧਰਮਸਾਲ 1940 ਬਿ: ਵਿਚ ਸੰਤ ਰਾਮ ਸਰੂਪ ਦੀ ਪ੍ਰੇਰਣਾ ਨਾਲ ਸਥਾਨਕ ਗੁਰਸਿੱਖਾਂ ਮਿਹਨਤ ਤੇ ਮਾਇਆ ਖ਼ਰਚ ਕੇ ਬਣਾਈ। ਸੰਤ ਜੀ ਨੂੰ ਹੀ ਇਸ ਦੀ ਸੇਵਾ-ਸੰਭਾਲ ਸੌਂਪ ਦਿੱਤੀ। ਮਗਰੋਂ ਸੰਤ ਜੀ ਦੇ ਸੇਵਕ ਸ੍ਵਯੰਜੋਤੀ ਸਰੂਪ ਮਹੰਤ ਬਣੇ, ਜੋ ਗੁਰਦੁਆਰਾ ਸੁਧਾਰ ਲਹਿਰ ਚਾਲੂ ਹੋਣ ਸਮੇਂ ਤਕ ਮੌਜੂਦ ਸਨ। ਵਿਦੇਸ਼ੀ ਸਰਕਾਰ ਦੀ ਗਿਣੀ-ਮਿਥੀ ਨੀਤੀ ਨੇ ਸਿੱਖਾਂ ਦੇ ਇਸ ਸਾਂਝੇ ਅਸਥਾਨ ਨੂੰ ਵੀ ਸਿੱਖ ਗੁਰਦੁਆਰਾ ਨਹੀਂ ਮੰਨਿਆ। ਹਾਲਾਂਕਿ ਇਸ ਨਾਲ 'ਗੁਰੂ ਕਾ ਲੰਗਰ' ਜਾਰੀ ਰੱਖਣ ਵਾਸਤੇ ਸਥਾਨਕ ਖੇਵਟਦਾਰਾਂ ਬੱਤੀਹ ਕਨਾਲ ਅੱਠ ਮਰਲੇ ਜ਼ਮੀਨ ਮਹੰਤ ਸਾਹਿਬ ਨੇ ਗਹਿਣੇ ਰੱਖੀ। ਇਹ ਮਹੰਤ ਨਾਰਾਇਣ ਦਾਸ (ਚੇਲਾ ਭਾਈ ਫੇਰੂ ਜੀ) ਦੀ ਸ਼ਾਖ਼ ਵਿੱਚੋਂ ਸੀ।

ਬੁੱਟਰ

ਤਹਿਸੀਲ ਤੇ ਜ਼ਿਲ੍ਹਾ ਬਠਿੰਡਾ ਵਿਖੇ ਸੰਤ ਨਾਰਾਇਣ ਦਾਸ ਦੀ ਸ਼ਾਖ਼ ਦੇ ਸਾਧੂ ਸੰਤ ਜਵਾਹਰ ਦਾਸ ਨੇ ਨਗਰ ਨਿਵਾਸੀਆਂ ਨੂੰ ਪ੍ਰੇਰ ਕੇ, ਸਤਿਗੁਰੂ ਨਾਨਕ ਦੇਵ ਜੀ ਦੇ ਹੁਕਮ ਦੀ ਪਾਲਣਾ ਕਰਵਾਉਂਦਿਆਂ ਹੋਇਆਂ ਸੰਮਤ 1930 ਬਿ: ਵਿਚ ਇਕ ਧਰਮਸਾਲ ਕਾਇਮ ਕਰਾਈ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਗੁਰਮਤਿ ਉਪਦੇਸ਼ ਤੇ ਕਥਾ ਕੀਰਤਨ ਦਾ ਪ੍ਰਵਾਹ ਚਲਾਇਆ। ਸਾਧੂ ਮੁਸਾਫ਼ਰਾਂ ਵਾਸਤੇ ਪ੍ਰਸ਼ਾਦ ਪਾਣੀ ਤੇ ਵਿਸ਼ਰਾਮ ਦਾ ਪ੍ਰਬੰਧ ਵੀ ਕੀਤਾ। ਇਨ੍ਹਾਂ ਤੋਂ ਬਾਅਦ ਚਰਨ ਦਾਸ ਜੀ ਮਹੰਤ ਬਣੇ, ਜਿਨ੍ਹਾਂ ਨੂੰ ਗਊਆਂ ਪਾਲਣ ਦਾ ਸ਼ੌਂਕ ਤੇ ਰੀਝ ਸੀ। ਇਸ ਰੀਝ ਸਦਕੇ ਧਰਮਸਾਲ ਦੇ ਪ੍ਰਬੰਧ ਵਿਚ ਹੋਰ ਵਾਧੇ ਤੇ ਸੌਖ ਸੁਭੀਤੇ ਪੈਦਾ ਹੋਏ। ਇਨ੍ਹਾਂ ਸੰਤਾਂ ਦੀ ਪ੍ਰਸੰਗਲੀ ਭਾਈ ਸੰਗਤ ਸਾਹਿਬ ਨਾਲ ਇਸ ਰੀਤ ਮਿਲਦੀ ਹੈ:

ਬਾਬਾ ਸੰਗਤ ਸਾਹਿਬ ਦੇ ਸੇਵਕ ਨਾਰਾਇਣ ਦਾਸ, ਇਨ੍ਹਾਂ ਦੇ ਹੀਰਾ ਲਾਲ, ਤਿੰਨਾਂ ਦੇ ਮਿਹਰਦਾਸ, ਅੱਗੇ ਅਗਾਹਾਂ ਨੰਬਰਵਾਰ ਭਾਈ ਮੇਲਾ ਰਾਮ, ਪੂਰਨ ਦਾਸ, ਪ੍ਰੇਮਦਾਸ, ਬ੍ਰਹਮ ਗਿਆਨ, ਧਰਮ ਦਾਸ ਤੇ ਫਿਰ ਜਵਾਹਰ ਦਾਸ ਚੇਲੇ-ਪੜਚੇਲੇ ਬਣਦੇ ਆਏ। ਮਹੰਤ ਚਰਨ ਦਾਸ ਤੋਂ ਬਾਅਦ ਸਾਧੂ ਇੰਦਰ ਦਾਸ ਮਹੰਤ ਬਣੇ, ਜੋ ਸੰਮਤ 1980 ਬਿ: ਵਿਚ ਮੌਜੂਦ ਸਨ।

ਗਹਿਰੀ ਪਿੰਡ

ਇਹ ਪਿੰਡ ਵੀ ਬਠਿੰਡਾ ਤਹਿਸੀਲ ਵਿਚ ਹੈ। ਇਥੋਂ ਵਾਲੀ ਧਰਮਸਾਲ ਵੀ

ਸੰਤ ਜਵਾਹਰ ਦਾਸ ਜੀ ਨੇ ਹੀ ਸੰਮਤ 1937 ਬਿ: ਵਿਚ ਕਾਇਮ ਕੀਤੀ/ਕਰਾਈ ਸੀ। ਦੋਹਾਂ ਦੀ ਸੇਵਾ-ਸੰਭਾਲ ਵੀ ਇੱਕੋ ਮਹੰਤ ਹੀ ਕਰਦਾ ਸੀ।

ਘੁੜਾਣੀ ਵੱਡੀ

ਇਸ ਪਿੰਡ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਾਲਵੇ ਦੇਸ਼ ਵਿਚਰਨ ਸਮੇਂ ਵਿਰਾਜੇ ਸਨ। ਸਤਿਗੁਰਾਂ ਦੀ ਚਰਨ ਛੁਹ ਨਾਲ ਪਾਵਨ ਹੋਈ ਧਰਤੀ ਪੁਰ ਯਾਦਗਾਰ ਕਾਇਮ ਕਰਨ ਦੇ ਖ਼ਿਆਲ ਨਾਲ ਸੰਗਤ ਸ਼ਾਹੀਏ ਬਖ਼ਸ਼ਿਸ਼ ਨਾਲ ਸੰਬੰਧਿਤ ਸਾਧੂਆਂ ਨਗਰ ਨਿਵਾਸੀਆਂ ਨੂੰ ਉਤਸ਼ਾਹਿਤ ਕਰ ਕੇ ਗੁਰਦੁਆਰਾ ਧਰਮਸਾਲ ਕਾਇਮ ਕਰਵਾਇਆ। ਸਾਧੂ ਪਾਂਧੀਆਂ ਦੇ ਆਰਾਮ ਤੇ ਭੋਜਨ ਛਾਦਨ ਦਾ ਪ੍ਰਬੰਧ ਵੀ ਕੀਤਾ। ਇਥੋਂ ਦੇ ਪ੍ਰਬੰਧਕ ਮਹੰਤਾਂ ਦੀ ਪ੍ਰਸੰਗਲੀ ਇਸ ਪ੍ਰਕਾਰ ਹੈ : ਫੇਰੂ ਜੀ, ਨਾਰਾਇਣ ਦਾਸ ਜੀ, ਹੀਰਾ ਲਾਲ ਜੀ, ਸਦਾ ਨੰਦ ਜੀ, ਕਾਸ਼ੀ ਰਾਮ, ਪ੍ਰਾਗਦਾਸ ਜੀ, ਕਰਮ ਪ੍ਰਕਾਸ਼ ਤੇ ਅਮਰਦਾਸ ਜੀ। ਆਖ਼ਰੀ ਸੰਤ, 1980 ਬਿ: ਵਿਚ (ਗੁਰਦੁਆਰਾ ਸੁਧਾਰ ਲਹਿਰ ਸਮੇਂ) ਮਹੰਤ ਸਨ।

ਕੋਟ ਸ਼ਮੀਰ

ਦਿੱਲੀ-ਬਠਿੰਡਾ ਰੇਲ ਲਾਇਨ ਦੇ ਸਟੇਸ਼ਨ ਕੋਟ ਫੱਤਾ ਤੋਂ ਦੱਖਣ ਪੱਛਮ ਵੱਲ ਚਾਰ ਕੁ ਮੀਲ ਦੀ ਵਿੱਥ ਪੁਰ ਹੈ। ਤਲਵੰਡੀ ਸਾਬੋ ਕੀ ਦਮਦਮਾ ਸਾਹਿਬ ਨਿਵਾਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸ ਨਗਰ ਵਿਚ ਚਰਨ ਪਾਏ ਸਨ। ਉਸੇ ਯਾਦਗਾਰ ਨੂੰ ਬਹਾਲ ਰੱਖਣ ਵਾਸਤੇ ਇਸ ਸ਼੍ਰੇਣੀ ਦੇ ਸਾਧੂ ਭਾਈ ਕਾਹਨ ਦਾਸ ਨੇ ਸਿੱਖਾਂ ਦੀ ਸੇਵਾ ਸਹਾਇਤਾ ਨਾਲ ਸੰਮਤ 1915 ਬਿ: ਵਿਚ ਧਰਮਸਾਲ ਬਣਾਈ, ਜਿਸ ਦੀ ਸੇਵਾ-ਸੰਭਾਲ ਮਗਰੋਂ ਉਨ੍ਹਾਂ ਦੇ ਚੇਲੇ ਪੜਚੇਲੇ ਬਾਬਾ ਧਿਆਨ ਦਾਸ, ਟਹਿਲ ਦਾਸ, ਉੱਤਮ ਦਾਸ ਤੇ ਬਾਬਾ ਜੀਵਨ ਦਾਸ ਵਾਰੀ ਸੁਧੇ ਕਰਦੇ ਰਹੇ। ਅਕਾਲੀ ਲਹਿਰ ਸਮੇਂ (ਸੰਮਤ 1980 ਬਿ: ਵਿਚ) ਸਾਧੂ ਜੀਊਣ ਦਾਸ ਜੀ ਮਹੰਤ ਮੌਜੂਦ ਸਨ।

ਚਾਂਗਲੀ ਰਾਉਂ ਬਹਿ ਕੇ ਮਹੰਤ ਨਾਰਾਇਣ ਦਾਸ ਦੀ ਲੜੀ ਦੇ ਸਾਧੂ ਨਿਹਾਲ ਦਾਸ ਨੇ ਸੰਮਤ 1927 ਬਿ: ਵਿਚ ਧਰਮਸਾਲਾ ਕਾਇਮ ਕਰਾਈ। ਬਾਅਦ ਵਿਚ ਉਹਨਾਂ ਦੇ ਚੇਲੇ ਸੁੰਦਰ ਦਾਸ ਤੇ ਫਿਰ ਸਨਮੁਖ ਦਾਸ ਸਾਲ 1980 ਬਿ: ਤਕ ਇਸ ਧਰਮਸਾਲ ਦੀ ਸੇਵਾ-ਸੰਭਾਲ ਕਰਦੇ ਆਏ ਹਨ। ਇਨ੍ਹਾਂ ਦੀ ਲੜੀ ਇਨ੍ਹਾਂ ਕੜੀਆਂ ਰਾਹੀਂ ਬਾਬਾ ਨਾਰਾਇਣ ਦਾਸ ਨਾਲ ਜੋੜੀ ਜਾਂਦੀ ਹੈ : ਮਹੰਤ ਨਿਹਾਲ ਦਾਸ ਤੇ ਗੁਰ ਪ੍ਰੇਮ ਦਾਸ ਉਨ੍ਹਾਂ ਦੇ ਪੂਰਨ ਦਾਸ, ਤਿੰਨਾਂ ਦੇ ਮੇਲਾ ਰਾਮ ਫਿਰ ਉਤਾਹਾਂ ਨੂੰ ਸੰਤ ਮਿਹਰਦਾਸ, ਹੀਰਾ ਲਾਲ ਤੇ ਨਾਰਾਇਣ ਦਾਸ ਜੀ।

ਪਿੰਡ ਰੱਲਾ

ਪਹਿਲਾ ਥਾਣਾ ਭਿੱਖੀ ਵਿਚ ਸੀ। ਹੁਣ ਥਾਣਾ ਜੋਗਾ ਵਿਚ ਹੈ। ਇਥੇ ਨੌਵੇਂ ਪਾਤਿਸ਼ਾਹ ਮਾਲਵੇ ਦਾ ਰਟਨ ਕਰਦਿਆਂ ਚਰਨ ਪਾਏ ਸਨ। ਚਰਨ ਛੁਹ ਨਾਲ ਪਾਵਨ

ਹੋਈ ਟੇਕਰੀ ਦਾ ਅਦਬ ਸਤਿਕਾਰ ਬਹਾਲ ਰੱਖਣ ਹਿੱਤ ਸੰਤ ਮਸਤ ਰਾਮ ਜੀ ਨੇ ਲੋਕਾਂ ਨੂੰ ਪ੍ਰੇਰ ਕੇ ਉਸ ਥਾਂ ਗੁਰਦੁਆਰਾ ਬਣਵਾ ਦਿੱਤਾ। ਜਿਉਂਦੇ-ਜੀਅ ਖ਼ੁਦ ਸੇਵਾ-ਸੰਭਾਲ ਕਰਦੇ ਰਹੇ। ਬਾਅਦ ਵਿਚ ਉਹਨਾਂ ਦੇ ਚੇਲੇ-ਚਾਟੜੇ ਇਹ ਸੇਵਾ ਨਿਭਾਉਂਦੇ ਰਹੇ। ਇਹ ਮਹਾਤਮਾ ਸੰਤ ਬ੍ਰਿੰਦਾਬਨ ਜੀ ਦੀ ਸ਼ਾਖ਼ ਵਿੱਚੋਂ ਸੰਤ ਸੰਗਤ ਸਾਹਿਬ ਤੋਂ ਨੌਵੇਂ ਥਾਂ 'ਤੇ ਸਨ। ਪੀੜ੍ਹੀ ਇਸ ਤਰ੍ਹਾਂ ਲਿਖੀ ਮਿਲਦੀ ਹੈ : ਬਾਬਾ ਫੇਰੂ ਜੀ ਦੇ ਸੇਵਕ ਬ੍ਰਿੰਦਾਬਨ ਜੀ, ਉਨ੍ਹਾਂ ਦੇ ਸੰਤ ਆਲਮ ਦਾਸ, ਫਿਰ ਸਰੂਪ ਦਾਸ, ਟੇਕ ਦਾਸ, ਹਰੀ ਦਾਸ, ਰੂਪ ਦਾਸ, ਬ੍ਰਹਮ ਦਾਸ ਤੇ ਮਸਤ ਰਾਮ ਜੀ।

ਨਾਭਾ ਸ਼ਹਿਰ

ਅੰਦਰ ਪਟਿਆਲੇ ਵਾਲੇ ਦਰਵਾਜ਼ੇ ਮਹਾਰਾਜ ਭਰਪੂਰ ਸਿੰਘ ਜੀ ਨੇ ਉਨ੍ਹਾਂ ਦੀ ਰਾਣੀ ਸ੍ਰੀਮਤੀ ਪ੍ਰਤਾਪ ਕੌਰ ਨੇ ਸੰਮਤ 1901 ਬਿ: ਵਿਚ ਧਰਮਸਾਲ ਬਣਾਈ। ਸੇਵਾ-ਸੰਭਾਲ ਵਾਸਤੇ ਨਾਰਾਇਣ ਦਾਸ ਜੀ ਦੀ ਸ਼ਾਖ਼ ਦੇ ਸਾਧੂ ਸੰਤ ਭਗਤ ਰਾਮ ਜੀ ਨੂੰ ਬਿਠਾਇਆ। ਇਨ੍ਹਾਂ ਪਾਸੋਂ ਹੀ ਰਾਣੀ ਸਾਹਿਬ ਨੇ ਗੁਰਮਤਿ ਵਿੱਦਿਆ ਤੇ ਨਾਮ ਦਾਨ ਪ੍ਰਾਪਤ ਕੀਤਾ। ਸੰਤ ਭਗਤ ਰਾਮ ਜੀ ਤੋਂ ਬਾਅਦ ਉਨ੍ਹਾਂ ਦੇ ਚੇਲੇ-ਪੜਚੇਲੇ ਭਾਈ ਰਾਮ ਸ਼ਰਨ ਤੇ ਸੇਵਾ ਦਾਸ ਜੀ ਵਾਰੀ ਸਿਰ ਮਹੰਤ ਬਣੇ। ਆਖ਼ਰੀ ਸੱਜਣ ਗੁਰਦੁਆਰਾ ਸੁਧਾਰ ਲਹਿਰ ਦੇ ਜਨਮ ਸਮੇਂ ਹੀਨ ਹਯਾਤ ਜੀ ਸਨ।

ਭਗਤ ਰਾਮ ਜੀ ਦਾ ਸਿਲਸਿਲਾ ਨੌਵੇਂ ਥਾਂ ਬਾਬਾ ਫੇਰੂ ਸ਼ਾਹ ਸੱਚੀ ਦਾੜ੍ਹੀ ਇਉਂ ਮੇਲਿਆ ਜਾਂਦਾ ਹੈ : ਬਾਬਾ ਫੇਰੂ ਜੀ ਦੇ ਸੇਵਕ ਬਾਬਾ ਨਾਰਾਇਣ ਦਾਸ ਜੀ, ਉਨ੍ਹਾਂ ਦੇ ਬਖ਼ਤਾ ਜੀ, ਤਿੰਨਾਂ ਦੇ ਹਰੀ ਦਾਸ, ਫਿਰ ਲੜੀਵਾਰ ਬਾਲਕ ਰਾਮ, ਗੁਰਬਖ਼ਸ਼, ਵਸਤੀ ਰਾਮ ਬ੍ਰਹਮੱਗਯ ਤੇ ਭਗਤ ਰਾਮ ਜੀ।

ਸ਼ਹਿਰ ਨਾਭਾ ਦੇ ਦੁਲੱਦੀ ਦਰਵਾਜ਼ੇ ਲਾਗੇ ਇਕ ਤਲਾਉ ਸੱਤਵੇਂ ਪਾਤਸ਼ਾਹ ਦੇ ਸਿੱਖ ਭਾਈ ਗੰਗਾ ਰਾਮ ਨੇ ਬਣਵਾਇਆ ਸੀ, ਜੋ 'ਗੰਗਾ ਸਾਗਰ' ਨਾਮ ਨਾਲ ਮਸ਼ਹੂਰ ਹੈ। ਇਸੇ ਸਾਗਰ ਦੇ ਕੰਢੇ ਨਾਰਾਇਣ ਦਾਸ ਦੀ ਸ਼ਾਖ਼ ਦੇ ਸਾਧੂ ਨਿਰੰਜਨ ਦਾਸ ਨੇ ਉੱਦਮ ਉਪਰਾਲਾ ਕਰ ਕੇ ਧਰਮਸਾਲ ਤਿਆਰ ਕਰਵਾਈ।

ਮੁਕੰਦਪੁਰ

ਜ਼ਿਲ੍ਹਾ ਤਹਿਸੀਲ ਲੁਧਿਆਣੇ ਦੇ ਥਾਣਾ ਡੇਹਲੋਂ ਦਾ ਇਕ ਪਿੰਡ ਇਥੇ ਤਿੰਨ ਧਰਮਸਾਲਾ : 'ਅੰਦਰਲੀ', 'ਬਾਹਰਲੀ' ਤੇ ਇਕ ਹੋਰ ਹਨ। ਸਭਨਾਂ ਦੀ ਸੇਵਾ-ਸੰਭਾਲ ਉਦਾਸੀ ਸਾਧੂ ਹੀ ਕਰ ਰਹੇ ਹਨ। ਇਨ੍ਹਾਂ ਵਿੱਚੋਂ ਤੀਜੀ ਬਖ਼ਸ਼ ਦੇ ਸਾਧੂਆਂ ਦੇ ਉੱਦਮ ਉਪਰਾਲੇ ਨਾਲ ਕਾਇਮ ਹੋਈ ਤੇ ਸੰਭਾਲੀ ਹੋਈ ਚਲੀ ਆ ਰਹੀ ਹੈ।

ਸਾਹਨੇਵਾਲ

ਤਹਿਸੀਲ ਜ਼ਿਲ੍ਹਾ ਲੁਧਿਆਣਾ ਵਿਚ ਪ੍ਰਸਿੱਧ ਨਗਰ ਤੇ ਉੱਤਰੀ ਰੇਲਵੇ ਦਾ ਸਟੇਸ਼ਨ ਹੈ। ਇਥੇ ਸੰਮਤ 1900 ਬਿ: ਵਿਚ 'ਸੰਗਤ ਸਾਹਿਬ' ਦੇ ਪੜੋਤੇ-ਚੇਲੇ ਭਾਈ ਸਾਈਂ ਦਾਸ ਜੀ ਨੇ ਉੱਦਮ ਕਰ ਕੇ ਧਰਮਸਾਲ ਬਣਵਾਈ।

ਗੁਰਦੁਆਰਾ ਕਾਨੂੰਨ ਲਾਗੂ ਹੋਣ ਪੁਰ ਇਹ ਧਰਮਸਾਲਾ ਵੀ ਕਾਨੂੰਨ ਦੀ ਦਫ਼ਾ ਵਿਚ ਆਉਣ ਵਾਲੇ ਗੁਰਦੁਆਰਿਆਂ ਵਿਖੇ ਗਿਣੀਆਂ ਗਈਆਂ ਸਨ। ਲੇਕਿਨ ਪੈਰਵੀ ਮੁਕੱਦਮਾ ਨਾ ਕੀਤੇ ਜਾਣ ਕਰ ਕੇ ਪੰਥਕ ਪ੍ਰਬੰਧ ਹੇਠ ਨਹੀਂ ਆ ਸਕੀਆਂ।

ਝੋਰੜ ਜਾਂ ਝੋਰੜੀ ਪਿੰਡ

ਜ਼ਿਲ੍ਹਾ ਹਿਸਾਰ, ਤਹਿਸੀਲ ਸਰਸਾ ਥਾਣਾ ਰੋੜੀ ਬੜਾ ਗੂੜ੍ਹਾ ਰੇਲਵੇ ਸਟੇਸ਼ਨ ਤੋਂ ਪੂਰਬ ਬੰਨੇ ਚਾਰ ਕੁ ਮੀਲ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਤੋਂ ਚਾਲੇ ਪਾ ਕੇ ਦੱਖਣ ਵੱਲ ਜਾਂਦੇ ਹੋਏ ਇਸ ਪਿੰਡ ਬਿਰਾਜੇ ਸਨ। ਸੰਮਤ 1945 ਬਿ: ਵਿਚ ਭਾਈ ਸੰਗਤ ਸਾਹਿਬ ਦੇ ਸਾਧੂਆਂ, ਇਥੇ ਧਰਮਸਾਲ ਕਾਇਮ ਕਰ ਕੇ ਉਸ ਸ਼ੁਭ ਸਿਮ੍ਰਿਤੀ ਨੂੰ ਬਹਾਲ ਕੀਤਾ। ਇਸ ਗੁਰਧਾਮ ਦੇ ਬਾਨੀ ਮਹੰਤਾਂ ਦੀ ਗੁਰਪ੍ਰਣਾਲੀ ਇਸ ਤਰ੍ਹਾਂ ਲਿਖੀ ਹੋਈ ਹੈ : ਗੁਰੂ ਸੰਗਤ ਸਾਹਿਬ ਜੀ, ਬਾਬਾ ਨਾਰਾਇਣ ਦਾਸ ਜੀ, ਭਾਈ ਗੁਰਬਖ਼ਸ਼ ਜੀ, ਗੁਰੀਆ ਸਾਹਿਬ, ਸੰਤੋਖ ਦਾਸ, ਨਿਰਬਾਣੀ, ਸੁਚੇਤ ਦਾਸ, ਰਾਮ ਦਾਸ, ਗੰਗਾ ਦਾਸ, ਗੁਲਾਬ ਦਾਸ, ਮੋਤੀ ਰਾਮ ਤੇ ਸੇਵਾ ਦਾਸ ਜੋ ਗੁਰਦੁਆਰਾ ਸੁਧਾਰ ਲਹਿਰ ਦੇ ਜਨਮ ਸਮੇਂ ਸੰਮਤ 1980 ਬਿ: ਵਿਚ ਮੌਜੂਦ ਸੀ।

ਗਿਆਨੀ ਗਿਆਨ ਸਿੰਘ ਜੀ ਕਰਤਾ *ਗੁਰਧਾਮ ਸੰਗ੍ਰਹਿ* ਦੇ ਕਥਨ ਅਨੁਸਾਰ "ਗੁਰ ਸਥਾਨ ਪੱਕਾ, ਆਮਦਨੀ ਚੋਖੀ ਤੇ ਰੌਣਕ ਬਹੁਤ ਹੈ। ਐਪਰ ਇਹ ਗੁਰਧਾਮ ਗੁਰਦੁਆਰਾ ਕਾਨੂੰਨ ਅਨੁਸਾਰ ਪੰਥਕ ਪ੍ਰਬੰਧ ਵਿਚ ਨਹੀਂ ਆਉਂਦਾ ਰਿਹਾ।"

ਚੌਥੀ ਬਖ਼ਸ਼ਿਸ਼ ਮੀਹਾਂ ਸਾਹਿਬ ਜੀ ਦੇ ਮਾਲਵੇ ਵਿਚ ਅਸਥਾਨ

ਜਗਰਾਉਂ

ਜ਼ਿਲ੍ਹਾ ਲੁਧਿਆਣਾ ਵਿਚ ਇਕ ਧਰਮਸਾਲ ਹੈ। ਪੰਜਾਬ ਸਰਕਾਰ ਨੇ ਜਦੋਂ 1925 ਈ. ਗੁਰਦੁਆਰਾ ਕਾਨੂੰਨ ਬਣਾਇਆ ਤਾਂ ਇਸ ਅਸਥਾਨ ਦਾ ਨਾਮ ਵੀ ਸਿੱਖ ਗੁਰਦੁਆਰਿਆਂ ਦੀ ਨਾਮਾਵਲੀ ਵਿਚ ਦਿੱਤਾ ਗਿਆ। ਕਾਬਜ਼ ਸਾਧੂ ਪੂਰਨ ਦਾਸ ਨੇ ਉਜ਼ਰਦਾਰੀ ਕਰ ਦਿੱਤੀ, ਜੋ ਗੁਰਦੁਆਰਾ ਟ੍ਰਿਬਊਨਲ ਜੀ.ਸੀ. ਹਿਲਟਨ ਪ੍ਰਧਾਨ ਰਾਇ ਬਹਾਦੁਰ ਦੁਆਰਕਾ ਪ੍ਰਸਾਦ ਤੋਂ ਸ. ਮਾਨ ਸਿੰਘ ਮੈਂਬਰਾਂ ਦੇ ਪੇਸ਼ ਹੋਈ। ਅਦਾਲਤ ਵਿਚ ਇਸ ਧਰਮ ਧਾਮ ਦਾ ਇਤਿਹਾਸ ਇਸ ਤਰ੍ਹਾਂ ਬਿਆਨ ਕੀਤਾ ਗਿਆ :

"ਪਟਿਆਲਾ ਪਤਿ ਮਹਾਰਾਜਾ ਆਲਾ ਸਿੰਘ ਦੀ ਰਾਜਕੁਮਾਰੀ ਬੀਬੀ ਪ੍ਰਧਾਨ ਬੜੀ ਧਰਮਾਤਮਾ ਸੀ। ਸੰਤ ਨਿੱਕਾ ਸਿੰਘ ਜੀ ਨਿਰਮਲੇ ਸਾਧੂ, ਬੀਬੀ ਜੀ ਦੇ ਸਿੱਖਯਾ ਦਾਤੇ (ਗੁਰੂ) ਸਨ। ਉਹਨਾਂ ਨੂੰ ਰਾਜਕੁਮਾਰੀ ਨੇ ਪਿੰਡ ਜਲਵਾਣਾ (ਜਰਵਾਣਾ ?) ਵਿਚ ਤਿੰਨ ਧਰਮ ਸਥਾਨਾਂ ਦੀ ਸੇਵਾ ਵਾਸਤੇ ਜਗੀਰ ਅਰਪਣ ਕੀਤੀ। ਇਹ ਤਿੰਨੇ ਅਸਥਾਨ (ਧਰਮਸਾਲ) ਸੰਤ ਨਿੱਕਾ ਸਿੰਘ ਜੀ ਨੇ ਪਹਿਲਾਂ ਹੀ ਕਾਇਮ ਕੀਤੇ ਹੋਏ ਸਨ। ਤਿੰਨਾਂ 'ਚੋਂ ਇਕ ਜਗਰਾਉਂ ਵਾਲੀ ਇਹ ਧਰਮਸਾਲਾ ਵੀ ਸੀ। ਸੰਤ ਜੀ ਆਪ ਬਰਨਾਲਾ

ਰਾਜਧਾਨੀ ਸੰਤ ਗਾਂਧਾ ਸਿੰਘ ਜੀ ਦੇ ਡੇਰੇ ਵਿਚ ਬੀਬੀ ਜੀ ਪਾਸ ਟਿਕਦੇ ਸਨ। ਇਨ੍ਹਾਂ ਧਰਮਸਾਲਾ ਦੀ ਸੇਵਾ-ਸੰਭਾਲ ਹੋਰਨਾਂ ਸਾਧੂਆਂ ਨੂੰ ਸੌਂਪੀ ਹੋਈ ਸੀ। ਜਗਰਾਉਂ ਵਾਲੀ ਧਰਮਸਾਲ ਵਿਚ ਬਾਬਾ ਮੀਹਾਂ ਸਾਹਿਬ ਦੀ ਬਖ਼ਸ਼ ਦੇ ਸਾਧੂ ਗ਼ਰੀਬ ਦਾਸ ਸੇਵਾ ਪੁਰ ਨਿਯਤ ਕੀਤੇ ਗਏ ਸਨ। ਫਿਰ ਨੰਬਰਵਾਰ ਬਾਵਾ ਰਾਮਦਾਸ, ਹਰਸਰਨ ਦਾਸ ਤੇ ਪੂਰਨ ਦਾਸ ਚੇਲੇ ਪੜਚੇਲੇ ਸੇਵਾ ਪੁਰ ਨਿਯਤ ਹੁੰਦੇ ਆਏ। ਬਾਬਾ ਪੂਰਨ ਦਾਸ, ਸੰਮਤ 1982 ਬਿ: (1925 ਈ.) ਵਿਚ ਸੇਵਾ ਪੁਰ ਮੌਜੂਦ ਸੀ, ਜਿਸ ਨੇ ਧਰਮਸਾਲਾ ਨੂੰ ਗ਼ੈਰ-ਸਿੱਖ ਅਸਥਾਨ ਸਿੱਧ ਕਰਨ ਦਾ ਸਫਲ ਜਤਨ ਕੀਤਾ।

ਬੀਬੀ ਪ੍ਰਧਾਨ ਜੀ ਦੀ ਲਾਈ ਜਾਗੀਰ ਤੋਂ ਬਿਨਾਂ ਇਸ ਧਰਮਸਾਲ ਦੇ ਨਾਮ 25 ਘੁਮਾਂ ਜ਼ਮੀਨ ਜਗਰਾਉਂ ਨਗਰ ਦੇ ਅਗਵਾੜ ਪੂਨਾਂ ਵਿਚ ਤੇ ਚਾਰ ਘੁਮਾਂ ਪਿੰਡ ਬਰਦੀ ਦੇ ਵਿਚ ਹੈ, ਜੋ ਸਰਕਾਰ ਅੰਗਰੇਜ਼ੀ ਨੇ 16 ਫ਼ਰਵਰੀ 1853 ਨੂੰ ਜਾਰੀ ਹੋਏ ਹੁਕਮ ਅਨੁਸਾਰ ਉਸ ਮੌਕੇ ਮੌਜੂਦ ਮਾਫ਼ੀਦਾਰ ਹਰਿਸਰਨ ਦਾਸ ਦੇ ਨਾਮ ਮਾਫ਼ੀ ਪ੍ਰਵਾਨ ਕੀਤੀ।

ਇਸ ਧਰਮਸਾਲਾ ਵਿਚ ਸਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੇ ਪੂਜਾ ਪਾਠ ਹੁੰਦਾ ਸੀ। ਆਏ ਰਾਹੀ ਮੁਸਾਫ਼ਰ ਤੇ ਸਾਧੂ-ਫ਼ਕੀਰ ਨੂੰ ਪ੍ਰਸ਼ਾਦ ਪਾਣੀ ਅਰੁ ਬਿਸਰਾਮ ਮਿਲਦਾ ਸੀ। ਪਹਿਲੇ ਬੰਦੋਬਸਤ ਸੰਨ 1848 ਤੋਂ 1886 ਈ. (1905 ਬਿ: ਤੋਂ 1943 ਬਿ:) ਤਕ ਸਰਕਾਰ ਅੰਗਰੇਜ਼ੀ ਦੇ ਅਨੇਕ ਅਫ਼ਸਰ ਪੁੱਛਗਿੱਛ ਕਰ ਕੇ ਇਸ ਮਾਫ਼ੀ ਦੀ ਤਸਦੀਕ ਕਰ ਜਾਂਦੇ ਰਹੇ। ਮਿਲਦੀ ਜਾਗੀਰ ਸੰਬੰਧੀ ਰਿਆਸਤ ਪਟਿਆਲਾ ਦੇ ਅਹਿਲਕਾਰ ਬਿ: ਸੰਮਤ 1937 ਤੋਂ 1963 ਤਕ ਮੌਕਾ ਵੇਖ ਕੇ ਤਸਦੀਕ ਕਰਦੇ ਰਹੇ। 1880 ਈ. (1937 ਬਿ:) ਵਿਚ ਹਰਿਸਰਨ ਦਾਸ ਦੇ ਚੇਲੇ ਗੋਪਾਲ ਦਾਸ ਦੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦਾ ਜ਼ਿਕਰ ਖ਼ਾਸ ਤੌਰ ਪੁਰ ਕੀਤਾ ਗਿਆ ਹੈ। ਇਹਨਾਂ ਕਾਰਨਾਂ ਕਰਕੇ ਹੀ 1943 ਬਿ: ਵਿਚ ਹਰਿਸਰਨ ਦਾਸ ਦੇ ਅਕਾਲ ਚਲਾਣਾ ਕਰਨ ਤੋਂ ਬਾਅਦ ਵੀ ਜਾਗੀਰ ਤੇ ਜ਼ਮੀਨ ਦੀ ਮਾਫ਼ੀ ਧਰਮਸਾਲ ਦੇ ਨਾਮ ਬਹਾਲ ਰਹੀ। ਬਾਬਾ ਹਰਿਸਰਨ ਦਾਸ ਦੇ ਮਰਨ ਪੁਰ ਮਾਫ਼ੀ ਤੇ ਜਾਗੀਰ ਦਾ ਇੰਤਕਾਲ ਜਦੋਂ ਸੰਤ ਪੂਰਨ ਦਾਸ ਦੇ ਨਾਮ ਹੋਇਆ, ਉਸ ਮੌਕੇ ਪੂਰਨ ਦਾਸ ਉਸ ਦੇ ਗੁਰੂ ਭਾਈ ਗੋਬਿੰਦ ਦਾਸ ਤੇ ਜਗਰਾਉਂ ਦੇ ਨੰਬਰਦਾਰਾਂ ਦੇ ਬਿਆਨਾਂ ਅਰੁ ਤਹਿਸੀਲਦਾਰਾਂ ਆਦਿ ਦੀਆਂ ਰਿਪੋਰਟਾਂ ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੇ ਪੂਜਾ ਪਾਠ ਹੁੰਦਾ ਮੰਨਿਆ ਗਿਆ। ਸੰਨ 1886 ਈ. (1943 ਬਿ:) ਵਿਚ ਗੋਬਿੰਦ ਦਾਸ ਨੇ ਤਹਿਸੀਲਦਾਰ ਦੇ ਰੂ-ਬ-ਰੂ ਬਿਆਨ ਦੇਂਦਿਆਂ ਵੀ ਆਖਿਆ ਸੀ ਕਿ ਬਾਬਾ ਪੂਰਨ ਦਾਸ ਦੇ ਭਾਈਵਾਲ ਗੋਪਾਲ ਦਾਸ ਨੇ, ਜੋ ਇਸ ਧਰਮਸਾਲ ਵਿਚ ਰਹਿੰਦਾ ਸੀ ਅਰੁ ਗੋਪਾਲ ਦਾਸ 1889 ਈ. ਵਿਚ ਬਿਆਨ ਦਿੰਦਾ ਹੈ ਕਿ ਉਹ ਹਰਿਸਰਨ ਦਾਸ ਦਾ ਚੇਲਾ ਹੈ ਤੇ ਪੂਰਨ ਦਾਸ ਮਹੰਤ ਧਰਮਸਾਲਾ (ਹਰਿਸਰਨ ਦਾਸ) ਦਾ ਮੁਖ਼ਤਿਆਰ। ਐਪਰ ਪੂਰਨ ਦਾਸ ਕਹਿੰਦਾ ਹੈ ਕਿ ਗੋਪਾਲ ਦਾਸ ਬਾਬਾ ਹਰਿਨਾਮ ਦਾਸ ਮਹੰਤ ਧਰਮਸਾਲਾ ਜਲਾਣਾ (ਜਲਵਾਣਾ ?) ਦਾ ਚੇਲਾ ਸੀ ਤੇ ਉਥੋਂ ਆ ਕੇ ਜਗਰਾਉਂ ਆ ਕੇ ਰਹਿਣ ਲੱਗਾ ਸੀ।

ਇਨ੍ਹਾਂ ਬਿਆਨਾਂ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਜਗਰਾਉਂ ਤੇ ਜਲਵਾਨੇ ਦੀਆਂ ਧਰਮਸਾਲਾ ਆਪੋ ਵਿਚ ਸੰਬੰਧਿਤ ਹਨ ਅਰੁ ਦੋਵੇਂ ਸਿੱਖਾਂ ਦੇ ਧਰਮ ਅਸਥਾਨ ਹਨ। ਇਸ ਤੋਂ ਬਿਨਾਂ ਸਭ ਤੋਂ ਪਹਿਲੀ ਤਹਿਕੀਕਾਤ ਸਰਕਾਰ ਅੰਗਰੇਜ਼ੀ ਦੇ ਤਹਿਸੀਲਦਾਰ ਨੇ 12 ਜੂਨ 1948 ਨੂੰ ਕੀਤੀ। ਰਿਪੋਰਟ ਵਿਚ ਲਿਖਿਆ ਹੈ ਕਿ "ਧਰਮਸਾਲਾ ਕਾਇਮ ਹੈ। ਸਾਧੂ ਸੰਤ ਇਸ ਦੀ ਆਮਦਨ ਨਾਲ ਵਿਰੋਸਾਂਦੇ ਹਨ। ਇਸ ਮਾਫ਼ੀ ਦਾ ਵੱਡਾ ਮਨੋਰਥ ਪੁੰਨ ਦਾਨ (ਧਰਮਾਰਥ) ਹੀ ਹੈ (ਯਕ ਗਨਾ ਇਸ ਮੁਆਫ਼ੀ ਸੇ ਅਜਰਾਇ ਕਾਰਿ ਖ਼ੈਰ ਹੈ)।"

ਸੰਨ 1851 ਈ. (1908 ਬਿ:) ਵਿਚ ਮਾਲ ਅਫ਼ਸਰ ਸਾਹਿਬ ਖ਼ੁਦ ਮੌਕੇ ਪੁਰ ਗਏ। ਉਹਨਾਂ ਨੇ ਵੀ ਲਿਖਿਆ ਹੈ: "ਮੈਂ ਫ਼ਕੀਰ ਤੇ ਮੁਸਾਫ਼ਰ ਉਥੇ ਵੇਖੇ। ਇਸ ਲਈ ਸਾਹਿਬ ਬਹਾਦੁਰ ਦੇ ਮਾਫ਼ੀ ਬਹਾਲ ਰਹਿਣ ਦੀ ਸਿਫ਼ਾਰਸ਼ ਕੀਤੀ। ਅਗਲੇ ਵਰ੍ਹੇ 1852 ਈ. ਵਿਚ ਮਾਫ਼ੀਦਾਰ ਹਰਿਸਰਨ ਦਾਸ ਨੇ ਅਰਜ਼ ਕੀਤੀ ਕਿ ਮਾਫ਼ੀ ਸਦਾ ਲਈ ਪੱਕੀ ਕਰ ਦਿੱਤੀ ਜਾਏ, ਕਿਉਂ ਜੋ ਮੁਸਾਫ਼ਰ ਤਾਂ ਮੇਰੇ ਮਰਨ ਤੋਂ ਬਾਅਦ ਵੀ ਇਥੇ ਆਉਂਦੇ ਹੀ ਰਹਿਣਗੇ।"

ਸੰਨ 1881 ਈ. ਦੀ ਰਿਪੋਰਟ ਵਿਚ ਹਲਕੇ ਦਾ ਪਟਵਾਰੀ ਕਹਿੰਦਾ ਹੈ: "ਧਰਮਸਾਲਾ ਜਾਰੀ ਹੈ, ਯਾਨੀ ਮੁਸਾਫ਼ਰੋਂ ਵਗ਼ੈਰਾ ਕੋ ਆਰਾਮ ਮਿਲਦਾ ਹੈ। ਲੇਕਿਨ ਸੰਨ 1851 ਈ. ਵਿਚ ਮੁੱਲੋ ਪਟਵਾਰੀ ਨੇ ਪਤਾ ਨਹੀਂ ਕਿਸ ਨੀਤ ਨਾਲ ਲਿਖ ਦਿੱਤਾ ਕਿ "ਸਾਧੂ ਫ਼ਕੀਰ ਏਥੇ ਟਿਕਦੇ ਹਨ। ਉਥੇ ਠਾਕੁਰ ਦੁਆਰੀ ਵੀ ਸੀ ਤੇ ਉਸ ਵਿਚ ਠਾਕੁਰ ਜੀ ਦੀ ਮੂਰਤੀ ਸੀ ਅਰੁ ਜ਼ਮੀਨ ਦੀ ਮਾਫ਼ੀ ਧਰਮਸਾਲਾ ਤੇ ਠਾਕੁਰ ਦੁਆਰੇ ਦੇ ਨਾਮ ਹੈ।"

ਪੇਸ਼ ਹੋਏ ਇਨ੍ਹਾਂ ਸਾਰੇ ਬਿਆਨਾਂ ਦੇ ਰਿਪੋਰਟਾਂ ਪੁਰ ਅਦਾਲਤ ਹੈਰਾਨ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਿੱਖਾਂ ਦੀ ਆਮ ਪੂਜਾ ਪਾਠ ਹੋਣ ਦਾ ਜ਼ਿਕਰ ਇਨ੍ਹਾਂ ਬਿਆਨਾਂ ਵਿਚ ਕਿਉਂ ਨਹੀਂ। ਅਦਾਲਤ ਇਹ ਵੀ ਮੰਨਦੀ ਹੈ ਕਿ ਸਮਾਧਾਂ ਗੋਲਾ ਸਾਹਿਬ ਜਾਂ ਬਾਵਾ ਸ੍ਰੀ ਚੰਦ ਜੀ ਮੂਰਤੀ ਤੇ ਠਾਕੁਰਾਂ ਦਾ ਜ਼ਿਕਰ ਵੀ ਸੰਨ 1851 ਈ. ਤੋਂ ਬਾਅਦ ਕਿਸੇ ਬਿਆਨ ਅੰਦਰ ਨਹੀਂ। ਫਿਰ ਵੀ ਹਿੰਦੂ ਜੱਜ ਸਾਹਿਬ ਨਤੀਜਾ ਇਹ ਕੱਢ ਲੈਂਦੇ ਹਨ ਕਿ ਭਾਈ ਨਿੱਕਾ ਸਿੰਘ ਇਸ ਧਰਮਸਾਲਾ ਨੂੰ ਕਾਇਮ ਕਰਨ ਵਾਲਾ ਨਹੀਂ, ਸਗੋਂ ਰਿਆਸਤ ਪਟਿਆਲਾ ਵੱਲੋਂ ਲੱਗੀ ਜਾਗੀਰ ਪ੍ਰਾਪਤ ਕਰਨ ਵਾਸਤੇ ਹੀ ਉਸ ਦਾ ਨਾਮ ਇਸ ਨਾਲ ਜੋੜਿਆ ਗਿਆ ਹੈ। ਸੋ ਇਹ ਸਿੱਖ ਗੁਰਦੁਆਰਾ ਨਹੀਂ। ਸ. ਮਾਨ ਸਿੰਘ ਜੀ ਨੇ ਰਾਇ ਬਹਾਦੁਰ ਦੁਆਰਕਾ ਪ੍ਰਸ਼ਾਦ ਦੀਆਂ ਦਲੀਲਾਂ ਨਾਲ ਅਸਹਿਮਤੀ ਪ੍ਰਗਟਾਈ ਕਿ "ਪੂਰਨ ਦਾਸ ਦਾ ਉਜ਼ਰ ਰੱਦ ਕਰ ਕੇ ਧਰਮਸਾਲਾ ਨੂੰ ਸਿੱਖ ਗੁਰਦੁਆਰਾ ਮੰਨਿਆ ਜਾਣਾ ਚਾਹੀਦਾ ਹੈ।" ਪਰ ਅੰਗਰੇਜ਼ ਤੇ ਹਿੰਦੂ ਦੀ ਮਿਲੀ ਭੁਗਤ ਦੇ ਸਦਕੇ ਅਦਾਲਤ ਦੇ ਪ੍ਰਧਾਨ ਜੱਜ ਜੀ.ਸੀ. ਹਿਲਟਨ ਸਾਹਿਬ 17 ਨਵੰਬਰ 1934 ਨੂੰ ਬਾਵਾ ਪੂਰਨ ਦਾਸ ਦੇ ਹੱਕ ਵਿਚ ਫ਼ੈਸਲਾ ਦੇ ਦਿੰਦੇ ਹਨ। ਧਰਮਸਾਲ ਤੋਂ ਬਿਨਾਂ ਇਕ ਬਾਗ਼ ਤੇ ਛਿਅ ਮਕਾਨ ਯਾ ਖੋਲ੍ਹੇ ਆਦਿਕ ਵੀ ਜਗਰਾਉਂ ਸ਼ਹਿਰ ਅੰਦਰ ਇਸ ਧਰਮ ਸਥਾਨ ਨਾਲ ਸੰਬੰਧਿਤ ਹਨ।

ਰੋਪੜ

ਪਹਿਲਾ ਜ਼ਿਲ੍ਹਾ ਅੰਬਾਲਾ ਵਿਚ ਸੀ, ਪਰ ਹੁਣ ਰੋਪੜ (ਰੂਪ ਨਗਰ) ਆਪ ਜ਼ਿਲ੍ਹਾ ਹੈ। ਇਥੇ ਰਾਮ ਬਾਗ਼ ਨਾਮਕ ਅਸਥਾਨ ਵੀ ਇਸੇ ਪੱਧਤੀ ਦੇ ਸੰਤਾਂ ਨੇ ਕਾਇਮ ਕੀਤਾ ਹੋਇਆ ਤੇ ਬਹਾਲ ਰੱਖਿਆ ਹੈ। ਕਹਿੰਦੇ ਹਨ ਕਿ ਬਾਬਾ ਮੀਹਾਂ ਸਾਹਿਬ ਦੇ ਸੇਵਕ ਬਾਵਾ ਸੰਤੋਖ ਦਾਸ ਜੀ ਦਾ ਚੇਲਾ ਸਾਧੂ ਰਾਮ ਇਥੇ ਬਹਿ ਕੇ ਸਿਮਰਨ ਭਜਨ ਕਰਦਾ ਰਿਹਾ ਸੀ। ਉਸ ਦੇ ਸੇਵਕ ਪੂਰਨ ਦਾਸ ਨੇ ਇਸ ਅਸਥਾਨ ਦਾ ਸਤਿਕਾਰ ਕਾਇਮ ਰੱਖਣ ਹਿੱਤ ਇਥੇ ਡੇਰਾ ਲਾ ਲਿਆ। ਰੋਪੜ ਪਤਿ ਸਰਦਾਰ ਭੂਪ ਸਿੰਘ ਨੇ ਧਰਮਸਾਲ ਬਣਵਾ ਕੇ ਯਾਦਗਾਰ ਪੱਕੀ ਕਰ ਦਿੱਤੀ ਅਰੁ ਇਹ ਬਾਗ਼ ਉਸ ਦੇ ਨਾਮ ਲਾ ਦਿੱਤਾ।

ਬਾਵਾ ਸਾਧੂ ਰਾਮ ਤੋਂ ਬਾਅਦ ਉਨ੍ਹਾਂ ਦੇ ਦਾਸ ਤੇ ਦਾਸਾਨ ਦਾਸ ਬਾਵਾ ਸ਼ਰਨ ਦਾਸ, ਬ੍ਰਹਮ ਦਾਸ, ਧਿਆਨ ਦਾਸ, ਜਗਤ ਰਾਮ ਤੇ ਉੱਤਮ ਦਾਸ ਵਾਰੀ ਸੁੱਧੇ ਇਥੋਂ ਦੇ ਮਹੰਤ ਬਣਦੇ ਆਏ ਹਨ। ਬਾਬਾ ਉੱਤਮ ਦਾਸ ਦੇ ਦੋ ਚੇਲੇ ਰਾਮਦਾਸ ਤੇ ਨਾਰਾਇਣ ਦਾਸ ਸਨ। ਵੱਡਾ ਇਸ ਅਸਥਾਨ ਦਾ ਤੇ ਛੋਟਾ ਬਨੂੜ (ਰਾਜ ਪਟਿਆਲਾ) ਵਾਲੀ ਧਰਮਸਾਲ ਦਾ ਮਹੰਤ ਬਣਿਆ, ਜੋ ਬਾਵਾ ਸਾਧੂ ਰਾਮ ਦੇ ਦੂਜੇ ਚੇਲੇ ਮਗਨੀ ਰਾਮ ਨੇ ਕਾਇਮ ਕਰਾਈ ਸੀ।

ਪਿੰਡ ਕੀਹੜ (ਘੀਹੜ) ਕੋਰੋ ਮਾਜਰਾ-ਕੁਰਾਲੀ (ਤਹਿਸੀਲ ਖਰੜ, ਜ਼ਿਲ੍ਹਾ ਅੰਬਾਲਾ) ਲਾਗਲੇ ਪਿੰਡ ਵਿਚ ਵੀ ਇਸੇ ਪੱਧਤੀ ਦੇ ਸਾਧੂਆਂ ਡੇਰਾ 'ਛੱਡਾ ਮੰਗਨੀ ਰਾਮ' (ਪਟਿਆਲਾ) ਤੋਂ ਜਾ ਕੇ ਧਰਮਸਾਲ ਬਣਾਉਣ ਦਾ ਉੱਦਮ ਸਿੱਖਾਂ ਨੂੰ ਪ੍ਰੇਰ ਕੇ ਕਰਵਾਇਆ ਹੈ।

ਛੱਤਿਆਣਾ

ਤਹਿਸੀਲ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਇਕ ਪ੍ਰਸਿੱਧ ਪੁਰਾਣਾ ਪਿੰਡ ਹੈ। ਜਿਥੋਂ ਦਾ ਸੂਫ਼ੀ ਫ਼ਕੀਰ ਇਬਰਾਹੀਮ 'ਬਹਮੀ' ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਮਿਹਰ ਮੁਹੱਬਤ ਨਾਲ ਗੁਰਸਿੱਖ ਸੱਜ ਕੇ ਭਾਈ ਅਜਮੇਰ ਸਿੰਘ ਪ੍ਰਸਿੱਧ ਹੋਇਆ ਸੀ। ਬਾਬਾ ਬਣਖੰਡੀ ਜੀ ਦੇ ਚੇਲੇ ਬਾਬਾ ਹਰਿ ਨਾਰਾਇਣ ਦਾਸ ਦਾ ਸ਼ਿਸ਼ ਗਿਆਨ ਦਾਸ ਉਦਾਸ ਬਿਰਤੀ ਧਾਰ ਕੇ ਪਟਿਆਲੇ ਡੇਰਾ ਮਗਨੀ ਰਾਮ ਵਿਖੇ ਜਾ ਟਿਕਿਆ ਸੀ। ਫਿਰ ਇਸ ਥਾਂ ਦੇ ਮਹੰਤ ਦਾ ਆਦੇਸ਼ ਪਾ ਕੇ, ਉਸ ਨੇ ਇਸ ਨਗਰ ਡੇਰਾ ਆ ਜਮਾਇਆ ਤੇ ਸਿੱਖ ਸੰਗਤ ਨੂੰ ਪ੍ਰੇਰ ਕੇ ਧਰਮਸਾਲ ਬਣਵਾਈ। ਗਿਆਨ ਦਾਸ ਜੀ ਦੇ ਦੇਹਾਂਤ ਮਗਰੋਂ ਉਹਨਾਂ ਦਾ ਚੇਲਾ ਬਾਵਾ ਆਤਮਾ ਰਾਮ ਮਹੰਤ ਥਾਪਿਆ ਗਿਆ ਸੀ।

ਪਟਿਆਲਾ ਸ਼ਹਿਰ

(ੳ) ਕਿਲ੍ਹਾ ਮੁਬਾਰਕ ਦੇ ਐਨ ਸਾਹਮਣੇ ਬਾਜ਼ਾਰ ਵਿਚ ਦੋ ਡੂਢ ਫ਼ਰਲਾਂਗ ਦੀ ਵਿੱਥ ਪੁਰ 'ਡੇਰਾ ਛੱਤਾ ਮਗਨੀ ਰਾਮ' ਪ੍ਰਸਿੱਧ ਧਰਮਸਾਲਾ ਹੈ, ਜੋ ਬਾਬਾ ਮੀਹਾਂ ਸਾਹਿਬ ਜੀ ਦੀ ਬਖ਼ਸ਼ਿਸ਼ ਦੇ ਸਾਧੂਆਂ ਦੇ ਕਥਨ ਅਨੁਸਾਰ ਇਸ ਬਖ਼ਸ਼ ਦੀ ਮੁੱਖ ਗੱਦੀ ਹੈ ਅਰੁ ਪਟਿਆਲਾ ਸ਼ਹਿਰ ਦੀ ਬੁਨਿਆਦ ਰੱਖਣ ਸਮੇਂ ਸੰਮਤ 1810-20 ਬਿ:

ਵਿਚਕਾਰ ਬਾਬਾ ਲਖਮੀਰ ਸਾਹਿਬ ਦੇ ਚੇਲੇ ਸੰਤ ਰੂਪ ਨਾਰਾਇਣ ਜੀ ਨੇ ਇਸ ਦਾ ਉੱਦਮ ਕੀਤਾ ਦੱਸਦੇ ਹਨ। ਲੇਕਿਨ ਇਸ ਡੇਰੇ ਦੇ ਬਿਰਧ ਮਹੰਤ ਆਗਿਆ ਰਾਮ ਧਰਮਸਾਲਾ ਦੀ ਕਾਇਮੀ ਮਹਾਰਾਜਾ ਅਮਰ ਸਿੰਘ ਦੇ ਸਮੇਂ (ਸੰਮਤ 1822-38 ਵਿਚਕਾਰ) ਮੰਨਦੇ ਹਨ। ਇਹੋ ਸਮਾਂ ਸਹੀ ਜਚਦਾ ਹੈ, ਕਿਉਂਕਿ ਜੋ ਬਾਬਾ ਰੂਪ ਨਰਾਇਣ ਜੀ, ਬਾਬਾ ਮੀਹਾਂ ਜੀ ਤੀਜੀ ਪੀੜ੍ਹੀ ਵਿਚ ਉਦੋਂ ਕੁ ਹੀ ਹੋਏ ਹਨ। ਧਰਮਸਾਲ ਪੱਕੀ ਮਹਾਰਾਜਾ ਕਰਮ ਸਿੰਘ (ਸੰਮਤ 1870-1902 ਵਿਚਕਾਰ) ਨੇ ਬਣਵਾਈ। ਇਸ ਮੌਕੇ ਬਾਵਾ ਮਗਨੀ ਰਾਮ ਜੀ ਇਸ ਧਰਮਸਾਲ ਦੇ ਮਹੰਤ ਸਨ। ਇਸੇ ਕਰਕੇ ਇਸ ਦਾ ਨਾਮ 'ਡੇਰਾ ਮਗਨੀ ਰਾਮ' ਪ੍ਰਸਿੱਧ ਹੋਇਆ ਹੈ। ਜ਼ਮੀਨ ਤੇ ਜਾਗੀਰ ਵੀ ਇਸੇ ਦਾਨੀ ਮਹਾਰਾਜੇ ਨੇ ਅਰਪਣ ਕੀਤੀ, ਜੋ ਕਿ ਹਾਲਾਂ ਤਕ ਬਹਾਲ ਹੈ।

ਬਾਬਾ ਮੀਹਾਂ ਸਾਹਿਬ ਨੂੰ ਸਤਿਗੁਰਾਂ ਪਾਸੋਂ ਪ੍ਰਾਪਤ ਹੋਈਆਂ ਯਾਦਗਾਰੀ ਵਸਤਾਂ ਵਿੱਚੋਂ ਇਸ ਵੇਲੇ ਇਕ ਵੀ ਇਸ ਧਰਮਸਾਲ ਵਿਚ ਮੌਜੂਦ ਨਹੀਂ। ਤਤਕਾਲੀਨ ਮਹੰਤ ਹਰਿ ਕ੍ਰਿਸ਼ਨ ਦਾਸ ਦਾ ਕਹਿਣਾ ਸੀ ਕਿ 1946 ਤੋਂ 1950 ਈ. ਤਕ 'ਸਰਦਾਰ ਡਿਓਢੀ' ਦੇ ਕਬਜ਼ੇ ਸਮੇਂ ਨੀਯਤ ਕੀਤੇ ਗਏ ਸੁਪਰਵਾਇਜ਼ਰ (ਨਿਗਰਾਨ) ਸ. ਗੁਰਬਚਨ ਸਿੰਘ ਨੇ ਸਾਰੀਆਂ ਪਾਵਨ ਵਸਤਾਂ ਖੁਰਦ-ਬੁਰਦ ਕਰ ਦਿੱਤੀਆਂ ਸਨ। ਬਣਾਈ ਗਈ ਸੂਚੀ ਅਨੁਸਾਰ ਨਗ ਪੂਰੇ ਕਰ ਦਿੱਤੇ ਗਏ, ਪਰੰਤੂ ਅਸਲ ਸ਼ਸਤਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਆਦਿ ਕੁਝ ਵੀ ਨਹੀਂ। ਨਵੀਂ ਛਪੀ ਹੋਈ ਬੀੜ ਖ਼ਰੀਦ ਕੇ ਪ੍ਰਕਾਸ਼ ਕੀਤੀ ਗਈ ਹੈ।

ਰਸਮੀ ਤੌਰ 'ਤੇ ਮਹਾਰਾਜ ਜੀ ਦਾ ਪ੍ਰਕਾਸ਼ ਹੈ ਤੇ ਪੂਜਾ-ਪਾਠ ਜ਼ਰੂਰ ਹੁੰਦਾ ਹੈ। ਪਰ ਮਹੰਤੀ ਦੀ ਗੱਦੀ ਪੁਰ ਗੁਰੂ ਗ੍ਰੰਥ ਸਾਹਿਬ ਦੇ ਬਰੋਬਰ ਪਰ ਰਤਾ ਹਟਵੀਂ ਬਾਬਾ ਸ੍ਰੀ ਚੰਦ ਜੀ ਦੀ ਤਸਵੀਰ ਰੱਖੀ ਜਾਂਦੀ ਹੈ। ਪਰਪਾਟੀ ਗੁਰੂ ਕੇ ਲੰਗਰ ਕੀ ਭੀ ਚਾਲੂ ਰੱਖੀ ਹੋਈ ਹੈ। ਤਤਕਾਲੀਨ ਮਹੰਤ ਹਰਿਕ੍ਰਿਸ਼ਨ ਦਾਸ ਜੀ ਚੰਗੇ ਪੜ੍ਹੇ-ਲਿਖੇ (ਐਜੂਕੇਟਿਡ) ਗ੍ਰਿਹਸਤੀ ਗੱਭਰੂ ਹਨ। ਨਵੇਂ ਮਾਡਰਨ ਗੱਭਰੂਆਂ ਵਾਂਙ ਹੀ ਰਹਿਣ-ਸਹਿਣ ਤੇ ਧਰਮ-ਕਰਮ ਵਿਚ ਖਲਾਸੇ ਹੋਏ ਸਨ।

(ਅ) **ਡੇਰਾ ਇਮਲੀ ਵਾਲਾ :** ਦਰਵਾਜ਼ਾ ਨਾਭਾ ਦੇ ਅੰਦਰਵਾਰ ਥੋੜ੍ਹੀ ਕੁ ਦੂਰ ਇਸੇ ਪੱਧਤੀ ਦੀ ਇਕ ਹੋਰ ਧਰਮਸਾਲਾ ਹੈ, ਜਿਸ ਨੂੰ 'ਨਿਰਬਾਣ ਆਸਣ' ਜਾਂ 'ਡੇਰਾ ਇਮਲੀ ਵਾਲਾ' ਸੱਦਦੇ ਹਨ। ਇਸ ਮਕਾਨ ਦੀ ਡਿਓਢੀ ਅਗਾੜੀ ਵਲਗਣ ਅੰਦਰ ਵੱਡਾ ਪਾਰਾ ਬ੍ਰਿਛ ਇਮਲੀ ਦਾ ਖਲੋਤਾ ਹੈ। ਇਹੋ ਦੂਜੇ ਨਾਮ ਦਾ ਕਾਰਨ ਹੈ। ਜਾਪਦਾ ਹੈ ਕਿ ਮਹਾਰਾਜਾ ਸਾਹਿਬ ਸਿੰਘ ਦੇ ਅਹਦ (ਸੰਮਤ 1838 ਬਿ: ਤੋਂ 1869 ਬਿ: ਤਕ) ਇਕ ਨਿਰਬਾਣੀ ਪ੍ਰੀਤਮ ਦਾਸ ਜੀ ਰਮਤੇ ਕਿਸੇ ਵੇਲੇ ਇਥੇ ਵਗ ਰਹੀ ਬਰਸਾਤੀ ਨਦੀ ਕਿਨਾਰੇ ਜੰਗਲ ਵਿਚ ਬਿਰਾਜੇ ਸਨ। ਉਨ੍ਹਾਂ ਦੇ ਸਾਥੀ ਸਾਧੂਆਂ ਵਿੱਚੋਂ ਮਈਆ ਰਾਮ ਨੇ, ਮਗਰੋਂ ਉਨ੍ਹਾਂ ਦੇ ਆਸਣ ਵਾਲੀ ਥਾਂ ਸਤਿਕਾਰ ਵਜੋਂ ਥੜ੍ਹਾ ਬਣਾ ਕੇ 'ਨਿਰਬਾਣ ਆਸਣ' ਨਾਮ ਰੱਖ ਦਿੱਤਾ ਅਰੁ ਇਥੇ ਬਿਰਾਜ ਕੇ ਭਜਨ ਬੰਦਗੀ ਕਰਦੇ ਰਹੇ।

ਮਹਾਰਾਜਾ ਕਰਮ ਸਿੰਘ ਨੂੰ ਗੰਜਸੀ ਫੋੜਾ (ਕਾਰਬੰਕਲ) ਨਿਕਲਿਆ ਸੀ, ਜਿਸ

ਨਾਲ ਉਨ੍ਹਾਂ ਨੇ ਬੜਾ ਕਸ਼ਟ ਪਾਇਆ ਤੇ ਇਲਾਜ ਵੀ ਬਹੁਤ ਕਰਵਾਇਆ, ਪਰ ਕਿਤੇ ਆਰਾਮ ਨਾ ਆਇਆ। ਓੜਕ ਬਾਬਾ ਮਈਆ ਰਾਮ ਦੀ ਅਰਦਾਸ ਅਰੁ ਧੂਣੇਂ ਦੀ ਰਾਖ ਫੋੜੇ 'ਤੇ ਲਾਉਣ ਨਾਲ ਦੁਖਦਾਈ ਗੜ੍ਹ ਨਸ਼ਟ ਹੋ ਗਿਆ। ਮਹਾਰਾਜਾ ਸਾਹਿਬ ਨੇ ਕ੍ਰਿਤੱਗਯਾ ਤੇ ਸੇਵਾ ਵਜੋਂ ਧਰਮਸਾਲ ਪੱਕੀ ਬਾਬਾ ਜੀ ਨੂੰ ਬਣਾ ਦਿੱਤੀ ਤੇ ਤਹਿਸੀਲ ਬਸੀ ਵਿਚ ਧਨੌਰਾ ਨਾਮੇ ਪਿੰਡ ਭੇਟਾ ਕੀਤਾ। ਜਿਸ ਦਾ ਰਕਬਾ ਚਾਰ ਕੁ ਸੌ ਵਿਘੇ ਹੈ ਤੇ ਹੁਣ ਤਕ ਇਸ ਧਰਮਸਾਲਾ ਦੇ ਨਾਮ ਮਾਫ਼ ਹੈ।

ਬਾਬਾ ਮਈਆ ਰਾਮ ਤੋਂ ਬਾਅਦ ਉਹਨਾਂ ਦੇ ਚੇਲੇ ਪੜਚੇਲੇ ਇਸ ਕਰਮ ਅਨੁਸਾਰ ਮਹੰਤ ਬਣ ਕੇ ਧਰਮਸਾਲ ਦੀ ਸੇਵਾ-ਸੰਭਾਲ ਕਰਦੇ ਆਏ ਹਨ :

ਬਾਬਾ ਗੰਗਾ ਰਾਮ ਸਾਗਰ, ਸਰੂਪ ਦਾਸ, ਸਾਹਿਬ ਦਾਸ, ਰਾਮ ਦਾਸ ਤੇ ਨਰਾਇਣ ਮੁਨੀ। ਸੰਮਤ 2004 ਬਿ: ਵਿਚ ਮਹੰਤ ਨਾਰਾਇਣ ਮੁਨੀ ਨੂੰ ਗੱਦੀਓਂ ਲਾਹ ਕੇ ਸਰਕਾਰ ਨੇ 'ਕੋਰਟ ਆਫ਼ ਵਾਰਡ' ਥਾਪ ਦਿੱਤਾ। ਜਿਸ ਦੇ ਮੈਨੇਜਰ ਬਾਬਾ ਸੰਤ ਰਾਮ ਜੀ ਬਣੇ ਅਰੁ ਨਾਬਾਲ਼ਗ ਮਹੰਤ ਕਰਮ ਪ੍ਰਕਾਸ਼। ਹੁਣ ਮਹੰਤ ਦੇ ਬਾਲ਼ਗ ਹੋ ਜਾਣ ਪੁਰ 'ਕੋਰਟ' ਤੋੜ ਦਿੱਤਾ ਗਿਆ।

ਇਸ ਅਸਥਾਨ ਤੋਂ ਉਸ ਵਕਤ 'ਨਿਰਬਾਣ ਆਸਣ' ਤੇ ਸਮਾਧ ਬਾਵਾ ਮਈਆ ਰਾਮ ਸਤਿਕਾਰ ਯੋਗ ਮੰਨੇ ਜਾਂਦੇ ਹਨ। ਭਾਦਰੋਂ ਸੁਦੀ ਨੌਮੀ ਬਾਬਾ ਸ੍ਰੀ ਚੰਦ ਜੀ ਦਾ ਪੂਰਬ ਤੇ ਦੀਪਮਾਲਾ ਮਨਾਈ ਜਾਂਦੀ ਹੈ।

(ੲ) **ਲਟੂਰਪੁਰਾ** : ਵਸਤੀ ਅੰਦਰ ਜੌੜੀਆਂ ਭੱਠੀਆਂ ਲਾਗੇ ਵੀ ਬਾਬਾ ਮੀਹਾਂ ਸਾਹਿਬ ਦੀ ਬਖ਼ਸ਼ ਦੇ ਸਾਧੂਆਂ ਇਕ ਧਰਮਸਾਲ ਬਣਾਈ ਹੋਈ ਹੈ।

ਬੀੜ ਖੇੜੀ

ਖੇੜੀ ਪਿੰਡ ਸ਼ਹਿਰ ਪਟਿਆਲਾ ਦੀ ਜੂਹ ਦੇ ਨਾਲ ਲਗਵਾਂ ਹੀ ਦੱਖਣ ਪੱਛਮ ਵੱਲ ਹੈ। ਪਟਿਆਲੇ ਦੇ ਨਾਲ ਲਗਵੇਂ ਰਕਬੇ ਵਿਚ ਬੜਾ ਲੰਮਾ ਚੌੜਾ ਜੰਗਲ ਪਸ਼ੂਆਂ ਦੇ ਚਰਨ ਹਿਤ ਬੀੜ ਪਿਆ ਹੁੰਦਾ ਸੀ। ਮਹਾਰਾਜਾ ਕਰਮ ਸਿੰਘ ਦੇ ਸਮੇਂ ਸੰਮਤ 1870-1902 ਤਕ) ਖੁੱਡੀ (ਰੇਲਵੇ ਸਟੇਸ਼ਨ ਹੰਢਿਆਏ ਲਾਗੇ) ਦੀ ਧਰਮਸਾਲਾ ਤੋਂ ਇਕ ਜਪੀਏ ਤਪੀਏ, ਸਾਧੂ ਬਾਬਾ ਬਿਸ਼ਨ ਦਾਸ ਜੀ ਆਏ ਤੇ ਇਸ ਬੀੜ ਵਿਚ ਛੱਪੜ ਕੰਢੇ ਹੀਂਸਾ ਦੀ ਝੰਗੀ ਹੇਠ ਥੜ੍ਹਾ ਬਣਾ ਕੇ ਭਜਨ ਸਿਮਰਨ ਕਰਨ ਬਹਿ ਗਏ। ਖੇੜੀ ਪਿੰਡ ਦਾ ਇਕ (ਨਾਈ) ਬੁਤਕਾਰੀਆ ਸੰਤ ਸੇਵੀ ਸਿੱਖ ਸਾਧੂ ਬੈਠਾ ਵੇਖ ਕੇ ਸੇਵਾ ਕਰਨ ਲੱਗ ਪਿਆ। ਉਹ ਪਿੰਡੋਂ ਦੁੱਧ ਲਿਆਉਂਦਾ ਸੰਤ ਜੀ ਲੋੜ ਅਨੁਸਾਰ ਛਕ ਕੇ ਬਾਕੀ ਰੱਖ ਛੱਡਦੇ। ਜੰਗਲ ਵਿਚ ਸੱਪ ਬੜੇ ਹੁੰਦੇ ਸਨ, ਬਾਕੀ ਪਿਆ ਦੁੱਧ ਉਹ ਪੀ ਜਾਂਦੇ। ਇਸੇ ਤਰ੍ਹਾਂ ਸਮਾਂ ਬੀਤਦਾ ਗਿਆ। ਇਕ ਦਿਨ ਉਹ ਸਿੱਖ ਦੁੱਧ ਲੈ ਕੇ ਆਇਆ ਤਾਂ ਉਸ ਨੇ ਸੰਤ ਬਾਬੇ ਦੇ ਅੰਗ ਅੱਡ-ਅੱਡ ਖਿੰਡੇ ਪਏ ਦੇਖੇ। ਹੈਰਾਨ ਤੇ ਭੈਭੀਤ ਹੋ ਕੇ ਪਿੰਡ ਮੁੜ ਗਿਆ। ਉਸ ਦੀ ਜ਼ਬਾਨੀ ਇਹ ਦੁੱਖ ਭਰੀ ਖ਼ਬਰ ਸੁਣ ਕੇ ਕੁਝ ਮੁਖੀਏ ਸੱਜਣ ਮੌਕਾ ਵੇਖਣ ਆਏ ਤਾਂ ਸੰਤ ਜੀ ਨੂੰ ਉਹਨਾਂ ਆਸਣ ਪੁਰ ਜਮੀਂ ਬੈਠੇ ਵੇਖਿਆ। ਇਸ ਤਰ੍ਹਾਂ ਦੇ ਕਲਾਵਾਨ ਸੰਤ ਦੇ ਦਰਸ਼ਨਾਂ ਵਾਸਤੇ ਲੁਕਾਈ

ਝੁੱਕ ਪਈ ਅਰੁ ਸੇਵਾ-ਮਾਨਤਾ ਸ਼ੁਰੂ ਹੋ ਗਈ। ਮਹਾਰਾਜਾ ਕਰਮ ਸਿੰਘ ਦੇ ਕੰਨੀਂ ਸ਼ੁਹਰਤ ਪਹੁੰਚੀ, ਤਾਂ ਉਹ ਵੀ ਰਾਣੀ ਸਮੇਤ ਦਰਸ਼ਨ ਕਰਨ ਆਏ। ਕਹਿੰਦੇ ਹਨ ਕਿ ਉਸ ਵਕਤ ਤਕ ਉਹਨਾਂ ਦੇ ਘਰ ਸੰਤਾਨ ਨਹੀਂ ਸੀ ਹੋਈ। ਸੋ ਉਨ੍ਹਾਂ ਮੁਨਾਸਿਬ ਭੇਟਾ ਰੱਖ ਕੇ ਪੁੱਤਰ ਦੀ ਮੰਗ ਮੰਗੀ। ਬਾਬਾ ਜੀ ਨੇ ਅਰਦਾਸ ਕਰ ਕੇ ਮੰਗ ਸਿਰਜਣਹਾਰ ਦਾਤਾਰ ਦੇ ਦਰਬਾਰ ਪਹੁੰਚਾ ਦਿੱਤੀ। ਲੇਕਿਨ ਆਪ ਲੋਕਾਂ ਵਿਚ ਵਧੇ ਰੌਲੇ-ਗੌਲੇ ਤੋਂ ਬਚਣ ਲਈ ਖੁੱਡੀ ਹੀ ਮੁੜ ਗਏ। ਮਗਰੋਂ ਮਹਾਰਾਜੇ ਦੇ ਘਰ ਸੰਮਤ 1880 ਮੱਘਰ ਵਦੀ 10 (26 ਨਵੰਬਰ 1823) ਨੂੰ ਬਾਲਕ ਜਨਮਿਆ, ਜਿਸ ਦਾ ਨਾਮ ਨਰੇਂਦ੍ਰ ਸਿੰਘ ਰੱਖਿਆ ਗਿਆ। ਮੁਰਾਦ ਪੂਰੀ ਹੋਣ ਪੁਰ ਮਹਾਰਾਜਾ ਸਾਹਿਬ ਸੰਤਾਂ ਦਾ ਧੰਨਵਾਦ ਤੇ ਕ੍ਰਿਤੱਗਯਤਾ ਪ੍ਰਗਟ ਕਰਨ ਖੁੱਡੀ ਪਹੁੰਚੇ ਅਰੁ ਸੰਤਾਂ ਨੂੰ ਹਾਥੀ ਪੁਰ ਬਿਠਾ ਕੇ ਬੀੜ ਹੀ ਲੈ ਆਏ। ਉਸੇ ਮੌਕੇ ਮਹਾਰਾਜੇ ਨੇ ਇਸ ਬੀੜ ਵਿੱਚੋਂ ਦੋ ਸੌ ਵਿਘੇ ਜ਼ਮੀਨ ਭੇਟ ਕੀਤੀ। ਬਾਬਾ ਬਿਸ਼ਨ ਦਾਸ ਕੁਟੀਆ ਬਣਾ ਕੇ ਇਥੇ ਟਿੱਕ ਗਏ। ਮਗਰੋਂ ਉਹਨਾਂ ਦੇ ਸੇਵਕਾਂ ਆਸਣ ਦਾ ਸਤਿਕਾਰ ਕਾਇਮ ਰੱਖਣ ਲਈ ਉਥੇ ਥੜ੍ਹੇ ਪੁਰ ਬਣੀ ਕੁਟਿਆ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ ਸ਼ੁਰੂ ਕਰ ਦਿੱਤਾ ਤੇ ਧਰਮਸਾਲ ਕਾਇਮ ਕਰ ਦਿੱਤੀ ਨਾਲੇ ਗੁਰੂ ਕਾ ਲੰਗਰ ਜਾਰੀ ਹੋ ਗਿਆ। ਸੋ ਸਦਾ ਲਈ ਨਾਮ ਬਾਣੀ ਤੇ ਅੰਨ ਜਲ ਦੇ ਗੱਫ਼ੇ ਅਭਿਲਾਖੀਆਂ ਤੇ ਅਧਿਕਾਰੀਆਂ ਨੂੰ ਮਿਲਣ ਲੱਗ ਪਏ।

ਬਾਬਾ ਬਿਸ਼ਨ ਦਾਸ ਜੀ ਸੰਤ ਕ੍ਰਿਪਾ ਦਾਸ ਜੀ ਦੇ ਚੇਲੇ ਸਨ ਤੇ ਉਹ ਬਾਬਾ ਮੇਲਾ ਰਾਮ ਦੇ ਅਰੁ ਮੇਲਾ ਰਾਮ ਜੀ, ਬਾਬਾ ਸੰਤ ਦਾਸ ਜੀ ਪਾਸੋਂ ਵਰੋਸਾਏ ਸਨ, ਜੋ ਬਾਬਾ ਮੀਹਾਂ ਸਾਹਿਬ ਦੇ ਵੀਹਵੇਂ ਚੇਲੇ ਸਨ। ਇਸੇ ਮਹਾਤਮਾ ਨੇ ਪਿੰਡ ਖੁੱਡੀ ਵਿਚ ਬੈਠ ਕੇ, ਗੁਰੂ ਬਾਬੇ ਦੀ ਆਗਿਆ ਪਾਲਣ ਹਿੱਤ ਨਗਰ ਨਿਵਾਸੀਆਂ ਪਾਸੋਂ ਧਰਮਸਾਲ ਬਨਾਵਣ ਦਾ ਨੇਮ ਕੰਮ ਕਰਵਾਇਆ ਸੀ।

ਬਾਬਾ ਬਿਸ਼ਨ ਦਾਸ ਤੋਂ ਬਾਅਦ ਬੀੜ ਖੇੜੀ ਦੀ ਸੇਵਾ ਉਹਨਾਂ ਦੇ ਸੇਵਕ ਬਾਬਾ ਅਮੋਲਕ ਰਾਮ ਨੂੰ ਮਿਲੀ। ਇਹ ਬੜੇ ਸਿਆਣੇ ਪ੍ਰਬੰਧਕ ਅਰੁ ਉੱਨਤਸ਼ੀਲ ਸਾਧੂ ਸਨ। ਇਹਨਾਂ ਨੇ ਛੱਪੜ ਨੂੰ ਕੱਚੇ ਸਰੋਵਰ ਦਾ ਰੂਪ ਦਿੱਤਾ ਤੇ ਸਾਧੂ ਫ਼ਕੀਰਾਂ ਦੇ ਵਿਸ਼ਰਾਮ ਵਾਸਤੇ ਕੱਚੇ ਮਕਾਨ ਵੀ ਬਣਵਾਏ। ਆਪ ਦਾ ਦੇਹਾਂਤ 1900 ਬਿ: ਵਿਚ ਹੋਇਆ। ਉਹਨਾਂ ਤੋਂ ਬਾਅਦ ਬਾਬਾ ਰਾਮ ਦਾਸ ਜੀ ਇਥੋਂ ਦੇ ਮਹੰਤ ਬਣੇ ਅਰੁ 24 ਵਰ੍ਹੇ ਧਰਮ ਪ੍ਰਚਾਰ ਤੇ ਸਾਧਾਂ-ਸੰਤਾਂ ਦੀ ਸੇਵਾ ਨਿਬਾਹ ਕੇ ਸੰਮਤ 1924 ਬਿ: ਵਿਚ ਗੁਰਪੁਰੀ ਸਿਧਾਰ ਗਏ।

ਬਾਬਾ ਰਾਮਦਾਸ ਜਿਸ ਸਮੇਂ ਮਹੰਤ ਸਨ, ਉਨ੍ਹਾਂ ਦਿਨਾਂ ਵਿਚ ਅੱਠ ਖੂਹਾਂ ਦੇ ਮੌਜੇ ਸ਼ਾਹਬਾਜਪੁਰ ਦਾ ਮਾਮਲਾ ਸਰਕਾਰ ਲੋਕੀਂ ਨਾ ਤਾਰ ਸਕੇ। ਮਹਾਰਾਜਾ ਨਰੇਂਦ੍ਰ ਸਿੰਘ ਦੇ ਵਜ਼ੀਰ ਨੇ ਮਹਾਰਾਜਾ ਸਾਹਿਬ ਤੋਂ ਚੋਰੀ ਆਪਣੇ ਪੱਲਿਓਂ ਮਾਮਲਾ ਭਰ ਕੇ, ਕਾਗਜ਼ਾਤ ਮਾਲ ਵਿਚ ਸਾਰਾ ਚੱਕ ਆਪਣੇ ਨਾਮ ਲਿਖਵਾ ਲਿਆ। ਲੋਕਾਂ ਬਾਬਾ ਰਾਮਦਾਸ ਪਾਸ ਆ ਕੇ ਫ਼ਰਿਆਦ ਕੀਤੀ। ਉਹਨਾਂ ਨੇ ਇਹ ਠੱਗੀ ਮਹਾਰਾਜੇ ਦੇ ਕੰਨਾਂ ਤਕ ਪਹੁੰਚਾਈ ਤੇ ਦੀਵਾਨ ਸਾਹਿਬ ਨੂੰ ਝਾੜ ਪਾਈ। ਸਰਕਾਰ ਨੇ ਚੱਕ ਦੀਵਾਨ

ਦੇ ਨਾਮ ਤੋਂ ਤੁੜਵਾ ਕੇ ਅਸਲ ਹੱਕਦਾਰਾਂ ਨੂੰ ਸੌਂਪ ਦਿੱਤਾ। ਇਸ ਉਪਕਾਰ ਬਦਲੇ ਜ਼ਿਮੀਂਦਾਰਾਂ ਇਕ ਖੂਹ ਬਾਬਾ ਰਾਮਦਾਸ ਜੀ ਨੂੰ ਭੇਟ ਕਰ ਕੇ ਕ੍ਰਿਤੱਗਯਤਾ ਪ੍ਰਗਟ ਕੀਤੀ।

ਬਾਬਾ ਜੀ ਨੇ ਇਹ ਜ਼ਮੀਨ ਆਪਣੇ ਗੁਰੂ ਬਾਬਾ ਅਮੋਲਕ ਰਾਮ ਦੇ ਨਾਮ ਲਿਖਵਾ ਦਿੱਤੀ। ਉਹ ਖੂਹ ਹੁਣ ਤਕ ਬੀੜ ਖੇੜੀ ਵਾਲੇ ਅਸਥਾਨ ਨਾਲ ਸੰਬੰਧਿਤ ਹੈ।

ਬਾਬਾ ਰਾਮਦਾਸ ਤੋਂ ਬਾਅਦ ਬਾਬਾ ਹਰੀ ਦਾਸ ਇਸ ਅਸਥਾਨ ਦੇ ਮਹੰਤ ਨੀਯਤ ਕੀਤੇ ਗਏ, ਜੋ ਬਾਰ੍ਹਾਂ ਕੁ ਵਰ੍ਹੇ ਇਸ ਗੁਰਧਾਮ ਤੇ ਜਾਇਦਾਦ ਦੀ ਸੇਵਾ-ਸੰਭਾਲ ਕਰ ਕੇ ਸੰਮਤ 1936 ਵਿਚ ਪਰਲੋਕ ਗਾਮੀ ਹੋ ਗਏ। ਬਾਬਾ ਹਰੀ ਜੀ ਦੇ ਦੋ ਚੇਲੇ ਨਿਹਾਲ ਦਾਸ ਤੇ ਕਾਹਨ ਦਾਸ ਉਦਾਸ ਬਿਰਤੀ ਵਾਲੇ ਸਨ, ਪਰ ਇਸ ਗੁਰਧਾਮ ਦੀ ਮਹੰਤੀ ਬਾਬਾ ਨਿਹਾਲ ਦਾਸ ਦੇ ਸੇਵਕ ਬ੍ਰਹਮ ਸ਼ੁੱਧ ਜੀ ਨੂੰ ਪ੍ਰਾਪਤ ਹੋਈ। ਜੋ ਅੱਠ-ਨੌਂ ਵਰ੍ਹੇ ਗੱਦੀ ਵਿਰਾਜ ਕੇ ਸੰਮਤ 1945 ਬਿ: ਵਿਚ ਗੁਰੂ ਚਰਨੀਂ ਜਾ ਬਿਰਾਜੇ। ਉਨ੍ਹਾਂ ਦੀ ਥਾਂ ਬਾਵਾ ਹਰੀ ਦਾਸ (ਉਨ੍ਹਾਂ ਦੇ ਪੋਤਰੇ ਚੇਲੇ) ਨੂੰ ਮਹੰਤ ਥਾਪਿਆ ਗਿਆ, ਕਿਉਂਕਿ ਮਹੰਤ ਬ੍ਰੱਧ ਸ਼ੁੱਧ ਜੀ ਦੇ ਚੇਲੇ ਬਾਵਾ ਸਰਮੁੱਖ ਦਾਸ ਜੀ ਨੇ 36-37 ਵਰ੍ਹੇ ਮਹੰਤੀ ਨਿਬਾਹੀ ਤੇ ਸੰਮਤ 1982 ਵਿਚ ਆਪ ਦੀ ਮੱਸਿਆ ਵਾਲੇ ਦਿਨ ਗੁਰਪੁਰੀ ਧਾਰ ਗਏ। ਹੁਣ ਮਹੰਤੀ ਦਾ ਮਾਣ ਬਾਵਾ ਕਾਹਨ ਦਾਸ (ਚੇਲਾ ਮਹੰਤ ਹਰੀ ਦਾਸ ਸਵਰਗਵਾਸੀ) ਦੇ ਚੇਲੇ ਬਾਵਾ ਠਾਕੁਰ ਦਾਸ ਨੂੰ ਮਿਲਿਆ।

ਬਾਵਾ ਠਾਕੁਰ ਦਾਸ ਜੀ ਦਾ ਜਨਮ ਕਾਹਨ ਸਿੰਘ ਦੇ ਘਰ ਮਾਤਾ ਸੱਮਾ ਕੌਰ ਦੀ ਕੁੱਖੋਂ ਸੰਮਤ 1826 ਬਿ: ਵਿਖੇ ਲਹਿਰਾ ਮੁਹੱਬਤ (ਬਾਹੀਏ) ਵਿਚ ਹੋਇਆ ਸੀ। ਸਤਾਰਾਂ ਵਰ੍ਹੇ ਦੀ ਉਮਰੇ 1946 ਬਿ: ਵਿਚ ਬੀੜ ਖੇੜੀ ਆ ਕੇ ਸੰਤ ਕਾਹਨ ਦਾਸ ਜੀ ਦੇ ਚਰਨੀਂ ਲੱਗ ਗੁਰਮਤਿ ਗ੍ਰਹਿਣ ਕੀਤਾ। ਚਾਰ ਕੁ ਸਾਲ ਗੁਰੂ ਤੇ ਸੰਗਤ ਦੀ ਸੇਵਾ ਵਿਚ ਜੁਟੇ ਰਹੇ। ਫਿਰ ਸੁਨਾਮ ਦੇ ਇਲਾਕੇ ਪਿੰਡ ਮਹਿਲਾਂ ਦੀ ਧਰਮਸਾਲ ਜਾ ਕੇ ਬਾਬਾ ਅਤਰ ਦਾਸ ਪਾਸੋਂ ਵਿੱਦਿਆ ਪੜ੍ਹੀ। ਸਾਲ ਕੁ ਬਾਅਦ ਸ੍ਰੀ ਅੰਮ੍ਰਿਤਸਰ ਛੱਤੇ ਵਾਲੇ ਅਖਾੜੇ ਆ ਗਏ। ਉਦੋਂ ਬਾਬਾ ਚੇਤਨ ਦਾਸ ਜੀ (ਮਹੰਤ ਡੇਰਾ ਮਗਨੀ ਰਾਮ ਪਟਿਆਲਾ) ਇਸ ਅਖਾੜੇ ਵਿਰਾਜਦੇ ਸਨ। ਇਥੇ ਛੇ ਕੁ ਮਹੀਨੇ ਸਾਧ ਸੰਗਤ ਦੀ ਸੇਵਾ ਕੀਤੀ, ਨਾਲੇ ਬਾਵਾ ਹਰਿ ਪ੍ਰਸਾਦ ਪਾਸਹੁ 'ਬਾਈਹ ਵਾਰਾਂ' ਅਰਥ ਪਰਮਾਰਥ ਸਮੇਤ ਪੜ੍ਹੀਆਂ, ਉਪਰੰਤ ਬੀੜ ਖੇੜੀ ਆ ਕੇ ਵਿਰਾਜੇ। ਇਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹੋਰ ਕਈ ਗ੍ਰੰਥਾਂ ਦਾ ਪਾਠ ਸੰਥਯਾ ਨਾਲ ਕੀਤਾ।

ਖੁੱਡੀ ਵਾਲੇ ਸੰਤਾਂ ਦੀ ਕਾਇਮ ਕੀਤੀ ਇਕ ਧਰਮਸਾਲ ਧੂੜ ਕੋੜ੍ਹਿ ਵੀ ਹੈ। ਉਥੋਂ ਦੇ ਸਾਧੂ ਬਾਲਕ ਰਾਮ ਨਾਲ ਰਲ ਕੇ ਤੀਰਥ ਯਾਤਰਾ ਕਰਨ ਹਰਿਦੁਆਰ, ਰਿਸ਼ੀਕੇਸ਼ ਗਏ ਤੇ ਉਥੇ ਛੇ ਕੁ ਮਹੀਨੇ ਟਿਕ ਕੇ ਹੋਰ ਗੁਰਮਤਿ ਦੇ ਗ੍ਰੰਥ ਵਾਚੇ ਤੇ ਵਿਚਾਰੇ। ਫਿਰ ਡੇਰੇ ਆ ਕੇ ਸੰਮਤ 1982 ਵਿਚ ਬੀੜ ਖੇੜੀ ਗੁਰਧਾਮ ਦੇ ਮਹੰਤ ਬਣੇ। ਸਤਾਰਾਂ ਕੁ ਵਰ੍ਹੇ ਮਹੰਤੀ ਦੀਆਂ ਜ਼ਿੰਮੇਵਾਰੀਆਂ ਨਿਬਾਹੀਆਂ। ਸਰੀਰ ਬਿਰਧ ਹੋ ਜਾਣ ਕਰਕੇ ਸੰਮਤ 1999 ਵਿਚ ਖ਼ੁਸ਼ੀ ਨਾਲ ਹੀ ਜ਼ਿੰਮੇਵਾਰੀਆਂ ਦੀ ਪੰਡ (ਮਹੰਤੀ) ਸਵਰਗਵਾਸੀ ਮਹੰਤ ਹਰੀ ਦਾਸ ਜੀ ਦੇ ਸੇਵਕ ਬਾਬਾ ਆਦਰ ਰਾਮ ਜੀ ਦੇ ਸਿਰ

ਦੇ ਕੇ ਆਪ ਸੁਰਖ਼ਰੂ ਹੋ ਗਏ ਹਨ। ਮਹੰਤ ਆਦਿ ਰਾਮ ਜੀ ਬੜੇ ਅਦਬ ਸਤਿਕਾਰ ਨਾਲ ਬਾਬਾ ਜੀ ਦੀ ਸੇਵਾ ਕਰਦੇ ਤੇ ਪੂਰੀ ਚੌਕਸੀ ਨਾਲ ਮਹੰਤੀ ਦੇ ਫ਼ਰਜ਼ ਨਿਬਾਹ ਰਹੇ ਹਨ।

ਮਹੰਤ ਆਦਿ ਰਾਮ ਜੀ ਜਨਮ ਤੋਂ ਬ੍ਰਾਹਮਣ ਹਨ। ਆਪ ਦਾ ਜਨਮ ਜ਼ਿਲ੍ਹਾ ਗੁਰਦਾਸਪੁਰ, ਤਹਿਸੀਲ ਸ਼ਕਰਗੜ੍ਹ ਦੇ ਪਿੰਡ ਢੰਡੇਰ ਵਿਚ ਭਾਈ ਸੋਹਨ ਲਾਲ ਦੇ ਘਰ, ਮਾਤਾ ਤਿਲੋਚਨਾਂ ਦੇ ਉਦਰ ਤੋਂ ਸੰਮਤ 1951-52 ਬਿ: ਵਿਖੇ ਹੋਇਆ। ਪਿਤਾ ਜੀ ਚੂੰਕਿ ਲਾਹੌਰ ਵਿਚ ਸਰਕਾਰੀ ਮੁਲਾਜ਼ਮ ਸਨ, ਇਸ ਲਈ ਲਾਲਣ-ਪਾਲਣ ਬਹੁਤ ਲਾਹੌਰ ਹੀ ਹੋਇਆ। ਪਹਿਲਾ ਪਲੇਗ ਵਿਚ ਕਾਲ ਨਿਰਦਈ ਨੇ ਮਾਤਾ ਖੋਹ ਲਈ, ਤੇ ਦੋ ਵਰ੍ਹੇ ਬਾਅਦ ਪਿਤਾ ਦਾ ਸਾਇਆ ਵੀ ਸਿਰੋਂ ਚਾਅ ਲਿਆ। ਇਸ ਤਰ੍ਹਾਂ ਮਾਪਿਆਂ ਬਾਹਰੇ ਹੋ ਜਾਣ ਕਰਕੇ ਉਦਾਸ ਹੋ ਗਏ ਤੇ ਬਾਰ੍ਹਾਂ ਤੇਰ੍ਹਾਂ ਵਰੇ ਦੀ ਉਮਰ ਹੀ ਹਰਿਦੁਆਰ ਜਾ ਕੇ ਸੰਤ ਹਰੀ ਦਾਸ ਜੀ ਦੇ ਚਰਨਾਂ ਦੀ ਓਟ ਲੈ ਲਈ। ਉਨ੍ਹਾਂ ਪਾਸੋਂ ਹੀ ਗੁਰਮਤਿ ਦੀ ਸਿਖਿਆ-ਦੀਖਯਾ ਲੈ ਕੇ ਸਤਿਸੰਗ ਦਾ ਰੰਗ ਮਾਣਿਆ ਅਰੁ ਗੁਰਧਾਮਾਂ ਦੀ ਯਾਤਰਾ ਕਰਦੇ ਰਹੇ। ਫਿਰ ਸੁਤੰਤਰ ਹੋ ਕੇ ਵੀ ਕਈ ਵਰ੍ਹੇ ਸਿੰਧ, ਬਲੋਚਿਸਤਾਨ, ਕਲਾਤ ਤੇ ਖੁਰਾਸਾਨ ਆਦਿ ਦੇਸ਼ਾਂ ਵਿਚ ਵਿਚਰ ਕੇ ਗੁਰੂ ਬਾਬੇ ਦੀ ਚਰਨ ਛੁਹ ਨਾਲ ਪਾਵਨ ਹੋਏ ਅਸਥਾਨ ਡਿੱਠੇ ਪਰਸੇ।

ਸੰਮਤ 1972 ਵਿਚ ਉਧਰੋਂ ਮੁੜ ਕੇ ਕੁੰਭ ਦੇ ਸਮੇਂ ਹਰਿਦੁਆਰ ਪਹੁੰਚੇ ਤੇ ਪੰਚਾਇਤੀ ਅਖਾੜੇ ਵਿਚ ਸ਼ਾਮਲ ਹੋ ਗਏ। ਛੇ ਕੁ ਮਹੀਨੇ ਬਾਅਦ ਅਖਾੜਾ ਛੱਡ ਕੇ ਬੀੜ ਖੇੜੀ ਆ ਗਏ। ਫਿਰ 1973 ਵਿਚ ਸੰਤ ਸੁੰਦਰ ਦਾਸ ਜੀ ਨਾਲ ਰਲ ਕੇ ਪੈਦਲ ਹੀ ਤੀਰਥ ਯਾਤਰਾ ਪੁਰ ਚੜ੍ਹ ਪਏ। ਡੇਰਾ ਬਾਬਾ ਨਾਨਕ, ਜੰਮੂ ਤੇ ਕਸ਼ਮੀਰ ਵਿਚ ਗੁਰਧਾਮਾਂ ਦਾ ਦਰਸ-ਪਰਸ ਕਰਦੇ ਹੋਇਆਂ, ਸਾਵਣ ਪੁੰਨਿਆਂ ਦਾ ਮੇਲਾ 'ਅਮਰਨਾਥ' ਤੀਰਥ ਪੁਰ ਜਾ ਵੇਖਿਆ। ਉਥੇ ਮੁੜ ਕੇ ਬਾਰਾਮੂਲਾ ਬੱਠਾ, ਸੁਨਕਰੀ, ਬਾਲਾ ਕੋਟ, ਨੁਸ਼ਹਿਰੇ, ਮਰੀ ਤੇ ਐਬਟਾਬਾਦ ਆਦਿ ਵਿਚ ਸਤਿਗੁਰੂ ਨਾਨਕ ਦੇਵ ਚਰਨਾਂ ਨਾਲ ਪਵਿੱਤਰ ਹੋਈ ਧੂੜੀ ਮਸਤਕ ਲਾਉਂਦੇ, ਹਸਨ ਅਬਦਾਲ ਵਿਚ ਗੁਰੂ ਬਾਬੇ ਦਾ ਪੰਜਾ ਆਣ ਦਰਸਿਆ ਤੇ ਪਰਸਿਆ। ਉਥੋਂ ਰਾਵਲਪਿੰਡੀ ਹੁੰਦੇ ਹੋਏ ਸੰਮਤ 1974 ਦੀ ਦੀਪਮਾਲਾ ਦੇ ਮੌਕੇ ਅੰਮ੍ਰਿਤਸਰ ਪਹੁੰਚ ਗਏ।

ਸੰਮਤ 1975 ਵਿਚ ਕੁੰਭ ਦੇ ਮੌਕੇ ਪਰਾਗਰਾਜ ਜਾ ਕੇ ਸੰਤਾਂ ਮਹਾਤਮਾਂ ਦੇ ਦਰਸ਼ਨ ਕੀਤੇ, ਸਤਿਸੰਗ ਦਾ ਰੰਗ ਮਾਣਿਆ। ਉਧਰੋਂ ਮੁੜ ਕੇ ਖੁੱਡੀ ਧਰਮਸਾਲਾ ਵਿਚ ਸਾਲ ਕੁ ਬਾਬਾ ਸੰਤ ਰਾਮ ਜੀ 'ਵੈਦ' ਦੀ ਸੇਵਾ ਕੀਤੀ ਅਰੁ ਚਕਿਸਤਾ (ਵੈਦਗੀ) ਪੜ੍ਹੀ। ਉਪਰੰਤ ਫ਼ਰੀਦਕੋਟ ਰਾਜ ਵਿਚ ਨੇਹੀਆਂ ਵਾਲੇ ਸਟੇਸ਼ਨ ਲਾਗੇ ਪਿੰਡ ਜੰਡਾਂ ਵਾਲੇ ਨਿਰਮਲੇ ਸੰਤ ਨਾਰਾਇਣ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਥਯਾ ਨਾਲ ਅਰਥ ਵਿਚਾਰ ਸਹਿਤ ਪਾਠ ਕੀਤਾ। ਡੇਢ ਕੁ ਸਾਲ ਉਥੇ ਟਿਕ ਕੇ ਹੋਰ ਵੇਦਾਂਤ ਆਦਿ ਦੇ ਗ੍ਰੰਥ ਵੀ ਪੜ੍ਹੇ।

ਫਿਰ ਤਹਿਸੀਲ ਮੋਗਾ ਦੇ ਪਿੰਡ ਬਧਣੀ ਜਾ ਕੇ ਭਗਤ ਭਗਵਾਨ ਦੀ ਬਖ਼ਸ਼ ਦੇ ਸਾਧੂ ਗਿਆਨੀ ਆਤਮਾ ਨੰਦ ਜੀ ਦੀ ਸੇਵਾ ਵਿਚ ਰਹਿ ਕੇ *ਲਘੂ ਕੌਮਦੀ*, ਵੇਦਾਂਤ

ਤੇ ਗੁਰਬਾਣੀ ਦੇ ਕਈ ਗ੍ਰੰਥ ਅਰਥ ਪਰਮਾਰਥ ਸਹਿਤ ਪੜ੍ਹੇ, ਅਰੁ ਗੁਰਬਾਣੀ ਕੰਠ ਕੀਤੀ। ਉਹਨਾਂ ਨਾਲ ਹੀ ਚਕ੍ਰਵਰਤੀ ਹੋ ਕੇ *ਵਿਚਾਰ ਸਾਗਰ* ਦੀ ਸੰਥਯਾ ਲਈ।

ਸੰਮਤ 1979 ਵਿਚ ਮੁੜ ਪੰਚਾਇਤੀ ਅਖਾੜੇ ਵਿਚ ਸ਼ਾਮਲ ਹੋ ਕੇ ਸੰਮਤ 1981 ਦੀ ਅਰਧ-ਕੁੰਭੀ ਵਾਸਤੇ ਸਾਮੱਗਰੀ ਇਕੱਤਰ ਕਰਨ ਤੇ ਪ੍ਰਬੰਧ ਸੰਬੰਧੀ ਸੇਵਾ ਵਿਚ ਸਾਥੀਆਂ ਦਾ ਹੱਥ ਵਟਾਇਆ। ਸੰਮਤ 1982 ਵਿਚ ਅਖਾੜਾ ਹਰਿਦੁਆਰ ਆਇਆ ਤਾਂ ਚੇਤਰ ਸੁਦੀ ਪੰਚਮੀ ਨੂੰ ਬਾਬਾ ਮੀਹਾਂ ਸਾਹਿਬ ਦੀ ਬਖ਼ਸ਼ ਵੱਲੋਂ ਪ੍ਰਤਿਨਿਧ ਦੀ ਹੈਸੀਅਤ ਵਿਚ ਆਪ ਨੂੰ 'ਪੰਚਾਇਤੀ ਅਖਾੜੇ' ਦਾ ਚੌਥਾ ਮਹੰਤ ਥਾਪਿਆ ਗਿਆ। 1999 ਤਕ ਇਸ ਮਹਾਨ ਪਦਵੀ ਉੱਤੇ ਸੁਸ਼ੋਭਿਤ ਰਹੇ। ਇਸ ਵਰ੍ਹੇ ਕਿਸੇ ਕੰਮ ਸ੍ਰੀ ਅੰਮ੍ਰਿਤਸਰ ਜਾਂਦੇ ਹੋਏ ਬੀੜ ਖੇੜੀ ਆਏ ਤਾਂ ਬਾਬਾ ਠਾਕੁਰ ਦਾਸ ਜੀ ਨੇ ਇਥੋਂ ਦੀ ਮਹੰਤੀ ਆਪ ਜੀ ਨੂੰ ਸੌਂਪ ਦਿੱਤੀ।

ਸੰਮਤ 2004 (1947 ਈ.) ਦੇ ਰੌਲੇ-ਗੌਲੇ ਤੋਂ ਬਾਅਦ ਜਦੋਂ ਰਾਜਿਆਂ-ਮਹਾਰਾਜਿਆਂ ਦੇ ਤਖ਼ਤ ਤਾਜ ਖੁੱਸਣ ਲੱਗੇ ਤਾਂ ਵੱਡੇ ਵੱਡੇ ਸਮਰਿਧੀਸ਼ਾਲੀ ਡੇਰਿਆਂ ਦੇ ਮਹੰਤਾਂ ਨੂੰ ਵੀ ਰਾਜ ਭਾਗ ਹੱਥੋਂ ਜਾਣ ਦੀ ਚਿੰਤਾ ਚਿੰਬੜੀ। 'ਪੰਜਾਬ ਰਜਵਾੜਾ ਸੰਘ' ਦੇ ਸਾਧੂਆਂ ਰਲ ਕੇ 'ਸਰਬ ਸਾਧੂ ਸੰਪ੍ਰਦਾਇ ਪੈਪਸੂ' ਨਾਮ ਦੀ ਇਕ ਜਥੇਬੰਦੀ ਕਾਇਮ ਕੀਤੀ, ਜਿਸ ਦੇ ਆਪ ਪ੍ਰਧਾਨ ਚੁਣੇ ਗਏ। ਆਪ ਨੇ ਲੱਕ ਬੰਨ੍ਹ ਕੇ ਪ੍ਰਧਾਨਗੀ ਦਾ ਫ਼ਰਜ਼ ਨਿਬਾਹਿਆ ਤੇ ਡੇਰਿਆਂ ਦਾ ਪ੍ਰਬੰਧ ਗੁਰਦੁਆਰਿਆਂ ਦੇ ਸਾਂਝੇ ਪ੍ਰਬੰਧ ਲਈ ਬਣਾਏ 'ਧਰਮ ਅਰਧ-ਬੋਰਡ' ਦੇ ਹੱਥ ਜਾਣ ਤੋਂ ਬਚਾਇਆ।

ਜ਼ਮੀਨਾਂ ਦੀ ਮਾਲਕੀ ਬਾਰੇ ਨਿੱਤ ਨਵੇਂ ਸੂਰਜ ਘੜੇ ਜਾ ਰਹੇ ਅਨੋਖੇ ਕਾਨੂੰਨਾਂ ਦੇ ਅਸਰ ਤੋਂ ਬਚਣ ਲਈ ਇਸ ਵਕਤ ਮਹੰਤ ਸਾਹਿਬ ਬੀੜ ਖੇੜੀ ਦੇ ਸ਼ਾਹਬਾਜ਼ਪੁਰ ਦੀ ਸਾਰੀ ਜ਼ਮੀਨ ਖ਼ੁਦ ਕਾਸ਼ਤ ਕਰਵਾ ਰਹੇ ਸਨ ਅਤੇ ਚੰਗੇ ਸਿਆਣੇ ਤੇ ਸਫਲ ਜ਼ਿਮੀਂਦਾਰਾਂ ਵਾਂਙੂ ਟਰੈਕਟਰ ਆਦਿ ਸਾਇੰਟਫ਼ਿਕ ਸੰਦਾਂ ਦੁਆਰਾ ਵਾਹੀ ਕਰ ਕੇ ਜ਼ਮੀਨ ਤੋਂ ਪੂਰਾ ਪੂਰਾ ਲਾਭ ਉਠਾ ਰਹੇ ਹਨ।

ਡੇਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ ਤੇ ਲੰਗਰ ਵੀ ਚੱਲਦਾ ਹੈ। ਬਾਬਾ ਬਿਸ਼ਨ ਦਾਸ ਦੇ ਸਮੇਂ ਦੀ ਸੰਭਾਲੀ ਹੋਈ 'ਆਦਿ ਗ੍ਰੰਥ ਸਾਹਿਬ' ਦੀ ਬੀੜ ਇਸ ਅਸਥਾਨ ਵਿਚ ਹੁਣ ਵੀ ਵਿਰਾਜਮਾਨ ਹੈ।

ਬਹਿਰੂ ਪਿੰਡ

ਬਹਿਰੂ ਪਿੰਡ (ਪਟਿਆਲੇ ਤੋਂ ਦਸ ਬਾਰਾਂ ਮੀਲ) ਇਸ ਗਰਾਉਂ ਵਿਚ ਛੱਤਾ ਮਗਨੀ ਰਾਮ (ਪਟਿਆਲਾ) ਦੇ ਸੰਤਾਂ-ਮਹੰਤਾਂ ਧਰਮਸਾਲ ਬਣਵਾਈ ਹੈ। ਇਥੇ ਇਸ ਵਕਤ ਮਹੰਤ ਬ੍ਰਹਮ ਦਾਸ ਜੀ ਸਨ।

ਬਨੇਰਾ

ਪਟਿਆਲੇ ਤੋਂ 12 ਮੀਲ ਦੂਰ ਇਸ ਪਿੰਡ ਬੀੜ ਖੇੜੀ ਵਾਲੀ ਸ਼ਾਖ਼ ਦਾ ਡੇਰਾ ਹੈ, ਜੋ ਬਾਬਾ ਅਮੋਲਕ ਦਾਸ ਜੀ ਦੇ ਚੇਲੇ ਬਾਵਾ ਹਰਿ ਸੇਵਕ ਰਾਮ ਦੇ ਉੱਤਮ ਉਪਰਾਲੇ

ਦਾ ਨੀਸਾਣੁ ਹੈ। ਉਪਰੰਤ ਉਨ੍ਹਾਂ ਦੇ ਸਿੱਖ ਸੇਵਕ ਬੇਲੀ ਰਾਮ, ਹਰਿ ਪ੍ਰਸਾਦਿ ਤੇ ਗਿਆਨ ਦਾਸ ਵਾਰੀ ਸੁੱਧੇ ਮਹੰਤ ਬਣਦੇ ਆਏ ਹਨ। ਗਿਆਨ ਦਾਸ ਤੋਂ ਬਾਅਦ ਬੀੜ ਖੇੜੀ ਵਾਲੇ ਮਹੰਤ ਠਾਕੁਰ ਦਾਸ ਜੀ ਦੇ ਚੇਲੇ ਬ੍ਰਹਮ ਦਾਸ ਮਹੰਤ ਨਿਯਤ ਹੋਏ। ਮਹੰਤ ਆਦਿ ਰਾਮ ਜੀ ਦੇ ਚੇਲੇ ਮੁਕੰਦ ਦਾਸ ਜੀ ਮਹੰਤੀ ਪ੍ਰਾਪਤ ਕਰ ਕੇ ਪ੍ਰਬੰਧ ਚਲਾ ਰਹੇ ਸਨ।

ਬਰਨਾਲਾ

ਬਰਨਾਲਾ ਨਗਰ ਪਟਿਆਲਾ ਰਾਜ ਦੀ ਆਦਿ ਰਾਜਧਾਨੀ ਹੈ। ਇਸ ਕਰਕੇ ਇਸ ਨਗਰ ਵਿਚ ਸਿੱਖ ਸਾਧੂਆਂ ਦੇ ਬਹੁਤ ਡੇਰੇ ਲੱਗੇ ਰਹੇ ਹਨ। ਬਾਬਾ ਮੀਹਾਂ ਸਾਹਿਬ ਦੀ ਬਖ਼ਸ਼ ਦੇ ਸਾਧੂਆਂ ਵੀ ਇਥੇ ਧਰਮ ਸਥਾਨ ਮਹਾਰਾਜਾ ਆਲਾ ਸਿੰਘ ਤੇ ਇਨ੍ਹਾਂ ਦੇ ਜਾਨਸ਼ੀਨਾਂ ਪਾਸੋਂ ਬਣਵਾਏ। ਇਸ ਧਰਮ ਕਰਮ ਦਾ ਉੱਦਮ ਚਾਹੁਣ ਵਾਲੇ ਬਾਬਾ ਮੀਹਾਂ ਸਾਹਿਬ ਦੇ ਪੋਤਰੇ ਚੇਲੇ ਦਿਆਲ ਦਾਸ ਜੀ ਸਨ, ਜਿਨ੍ਹਾਂ ਦੀ ਗੁਰਪ੍ਰਣਾਲੀ ਇਸ ਤਰਤੀਬ ਮੁਜ਼ਬ ਬਾਬਾ ਮੀਹਾਂ ਜੀ ਨਾਲ ਮਿਲਦੀ ਹੈ।

ਸ਼ਹਿਰ ਪਟਿਆਲੇ, ਨਾਭਾ ਦਰਵਾਜ਼ੇ ਅੰਦਰ ਜੋ ਧਰਮਸਾਲਾ 'ਨਿਰਬਾਣ ਆਸਣ' (ਇਮਲੀ ਵਾਲੇ) ਸਦਾਉਂਦੀ ਹੈ, ਉਹ ਬਾਬਾ ਦਿਆਲ ਦਾਸ ਦੇ ਚੇਲੇ ਬਾਵਾ ਮਈਆ ਰਾਮ ਦੇ ਪਰਾਕ੍ਰਮ ਨਾਲ ਹੀ ਬਣੀ ਸੀ। ਭਵਾਨੀਗੜ੍ਹ, ਚੁਹਾਣਕੇ ਖੁਰਦ ਤੇ (ਲੰਗ) ਚਲਾਲਾ ਪਿੰਡਾਂ ਵਿਚਲੀਆਂ ਧਰਮਸਾਲਾਵਾਂ ਵੀ ਇਥੋਂ ਦੇ ਸੰਤਾਂ-ਮਹੰਤਾਂ ਦੇ ਉੱਦਮ ਉਪਕਾਰ ਦਾ ਨਿਸ਼ਾਨ ਸਨ।

ਖੁੱਡੀ ਪਿੰਡ

ਰੇਲਵੇ ਸਟੇਸ਼ਨ ਹੰਢਿਆਏ ਲਾਗੇ ਹੈ। ਬਾਬਾ ਮੀਹਾਂ ਸਾਹਿਬ ਦੇ ਸਿੱਖਾਂ ਵਿੱਚੋਂ ਬਾਬਾ ਸੰਤ ਦਾਸ ਦੀ ਸ਼ਾਖ਼ ਦਾ ਮੁੱਖ ਅਸਥਾਨ ਇਸ ਪਿੰਡ ਵਿਚ ਹੈ। ਇਸ ਸ਼ਾਖ਼ ਦੇ ਸੰਤਾਂ-ਮਹੰਤਾਂ ਅਨੇਕਾਂ ਥਾਵਾਂ ਵਿਚ ਗੁਰੂ ਸਾਹਿਬਨ ਦੇ ਚਰਨਾਂ ਦੀ ਛੋਹ ਨਾਲ ਪੁਨੀਤ ਹੋਏ ਟਿਕਾਣੇ ਲੱਭ ਕੇ ਤੇ ਗੁਰੂ ਬਾਬਾ ਜੀ ਦੀ ਮਨਸ਼ਾ ਮੁਤਾਬਿਕ ਇਤਿਹਾਸਕ ਯਾਦਗਾਰਾਂ ਤੇ ਧਰਮਸਾਲਾ ਕਾਇਮ ਕੀਤੀਆਂ/ਕਰਾਈਆਂ ਹਨ, ਜਿਨ੍ਹਾਂ ਦੇ ਸੰਖੇਪ ਸਮਾਚਾਰ ਮੌਕੇ ਸਿਰ ਦਿੱਤੇ ਗਏ ਹਨ। ਬਾਬਾ ਸੰਤ ਦਾਸ ਜੀ ਤੋਂ ਮਗਰੋਂ ਬਾਬਾ ਮੇਲਾ ਰਾਮ ਤੇ ਕ੍ਰਿਪਾ ਦਾਸ ਆਦਿ ਇਸ ਅਸਥਾਨ ਦੇ ਮਹੰਤ ਬਣਦੇ ਆਏ ਹਨ। ਮਹਾਰਾਜਾ ਕਰਮ ਸਿੰਘ ਪਟਿਆਲਾ ਪਤਿ ਦੇ ਸਮੇਂ ਇਥੇ ਮਹੰਤ ਕ੍ਰਿਪਾ ਰਾਮ ਜੀ ਸਨ, ਜਿਨ੍ਹਾਂ ਤੋਂ ਸਿੱਖਿਆ-ਦੀਖਿਆ ਲੈ ਕੇ ਬਾਬਾ ਬਿਸ਼ਨ ਦਾਸ ਜੀ ਬੀੜ ਖੇੜੀ ਜਾ ਕੇ ਪ੍ਰਸਿੱਧ ਹੋਏ। ਬੰਗੇ ਪਿੰਡ ਦਾਤੇ ਤੇ ਸੋਢਲ ਆਦਿ ਗਿਰਾਵਾਂ ਵਿਚ ਇਸੇ ਸ਼ਾਖ਼ ਦੇ ਬਣਵਾਏ ਧਰਮਸਾਲ ਤੇ ਗੁਰ-ਅਸਥਾਨ ਹਨ। ਇਸ ਮੌਕੇ ਦੇ ਮਹੰਤ ਸਾਹਿਬ ਦਾ ਨਾਮ ਸੰਤ ਰਾਮ ਸੀ।

ਹਥਨ

ਪੁਰਾਣੀ ਰਿਆਸਤ ਮਲੇਰਕੋਟਲਾ ਵਿਚ ਇਕ ਪ੍ਰਸਿੱਧ ਪਿੰਡ ਹੈ। ਬਾਬਾ ਮੀਹਾਂ

ਸਾਹਿਬ ਦੇ ਸਿੱਖ ਭਾਈ ਜਗਨ ਨਾਥ ਦੀ ਸ਼ਾਖ਼ ਵਿਚ ਬਾਬਾ ਹਜ਼ਾਰਾ ਸਾਹਿਬ ਇਕ ਪ੍ਰਸਿੱਧ ਮਹਾਤਮਾ ਹੋਏ ਹਨ। ਉਨ੍ਹਾਂ ਨੇ ਲਖਨਊ ਵਿਚ ਇਤਿਹਾਸਕ ਚਿੰਨ੍ਹ ਢੂੰਡ ਕੇ ਧਰਮਸਾਲ ਤੇ ਬਾਗ਼ ਆਦਿ ਦਾ ਉੱਦਮ ਕੀਤਾ ਸੀ। ਉਨ੍ਹਾਂ ਦੀ ਸ਼੍ਰੇਣੀ 'ਚੋਂ ਬਾਬਾ ਬ੍ਰਹਮ ਦਾਸ ਇਸ ਪਿੰਡ ਆ ਬੈਠੇ। ਪਿੰਡ ਵਾਸੀਆਂ ਦੇ ਉੱਦਮ ਉਪਰਾਲੇ ਨੂੰ ਹੱਲਾ-ਸ਼ੇਰੀ ਦੇ ਕੇ ਧਰਮਸਾਲ ਬਣਵਾਈ। ਇਹ ਸੰਤ ਬੜੇ ਸੇਵਾ ਭਾਉ ਵਾਲੇ ਸਨ। ਆਏ ਗਏ ਯਾਤਰੂ ਸਿੱਖਾਂ ਦੇ ਸੁੱਖ ਬਿਸਰਾਮ ਦਾ ਖ਼ੂਬ ਧਿਆਨ ਕਰਦੇ ਸਨ।

ਮਲੇਰਕੋਟਲਾ ਦੇ ਨਵਾਬ ਸਿਕੰਦਰ ਖ਼ਾਨ ਨੇ ਵੀ ਗੁਰੂ ਬਾਬੇ ਦੇ ਭੇਖ ਤੇ ਸੰਤ ਜੀ ਦੀ ਕਰਣੀ ਕਰਤੂਤ ਪੁਰ ਰੀਝ ਕੇ ਜ਼ਮੀਨ ਦੀ ਮਾਫ਼ੀ ਦਿੱਤੀ। ਜੁੜੀ ਮਾਇਆ ਤੇ ਸਿੱਖਾਂ ਦੀ ਮਿਹਨਤ ਨਾਲ ਮਹੰਤ ਜੀ ਨੇ ਤਲਾਉ ਵੀ ਬਣਵਾਇਆ।

ਕੰਙਣਵਾਲ

ਇਹ ਵੀ ਮਲੇਰਕੋਟਲਾ ਰਾਜ ਦਾ ਹੀ ਪਿੰਡ ਹੈ। ਬਾਬਾ ਮੀਹਾਂ ਸਾਹਿਬ ਦੇ ਜੇਠੇ ਚੇਲੇ ਲਖਮੀਰ ਸਾਹਿਬ ਨੇ ਸਤਿਗੁਰੂ ਨਾਨਕ ਰਾਇ ਦੀ ਮਿਹਰ ਨਦਰ ਤੇ ਚਰਨ ਛੁਹ ਨਾਲ ਨਿਹਾਲ ਹੋਈ ਥਾਂ ਲੱਭ ਕੇ 'ਨਾਨਕ ਬਾੜੀ' ਨਾਮ ਗੁਰੂਧਾਮ ਪ੍ਰਗਟ ਕੀਤਾ ਸੀ। ਉਹਨਾਂ ਪਾਸੋਂ ਨਾਮ ਦਾਨ ਲੈ ਕੇ ਵਰੋਸਾਏ ਬਾਬਾ ਬਖ਼ਤ ਮੱਲ ਜੀ ਏਸ ਨਗਰ ਆਏ ਤੇ ਟਿਕੇ ਰਹੇ। ਲੋਕਾਂ ਦੇ ਪ੍ਰੇਮ-ਭਾਵ ਤੇ ਮਾਇਆ-ਮਿਹਨਤ ਨੂੰ ਹੱਲਾਸ਼ੇਰੀ ਦੇ ਕੇ ਧਰਮ ਕਾਰਜਾਂ ਵੱਲ ਪ੍ਰੇਰਿਆ ਅਰੁ ਗੁਰੂ ਬਾਬੇ ਦੀ ਆਗਿਆ ਪਾਲਣ ਹਿਤ ਧਰਮਸਾਲ ਬਣਵਾਈ। ਸਤਿਗੁਰੂ ਨਾਨਕ ਸਾਹਿਬ ਵੀ ਆਪਣੀ ਉਦਾਸੀ (ਦੇਸ਼ ਰਟਨ) ਸਮੇਂ ਇਸ ਨਗਰ ਇਕੇਰਾਂ ਵਿਰਾਜ ਗਏ ਸਨ। ਉਹ ਪਾਵਨ ਟਿੱਕਰੀ ਨੂੰ ਪੱਕੀ ਯਾਦਗਾਰ ਬਣਾਉਣ ਹਿੱਤ ਹੀ ਇਹ ਧਰਮਸਾਲ ਬਣੀ ਜਾਪਦੀ ਹੈ। ਜਦੋਂ ਬਾਬਾ ਬਖ਼ਤ ਮੱਲ ਜੀ ਆਏ, ਜੰਗਲ ਬੀਆਬਾਨ ਵਿਚ ਆਸਣ ਜਮਾ ਬੈਠੇ। ਗੁਰੂ ਬਾਬੇ ਦੀ ਮਿਹਰ ਤੇ ਆਪਣੇ ਤਪ ਤੇਜ ਦੇ ਸਦਕੇ ਇਸੇ ਜੰਗਲ ਵਿਚ ਬਾਬਾ ਜੀ ਨੇ ਮੰਗਲ ਲਾ ਦਿੱਤੇ। ਨਵਾਬ ਭੀਖਨ ਖ਼ਾਨ ਨੇ ਜਗਤ ਗੁਰੂ ਨਾਨਕ ਸ਼ਾਹ ਦੇ ਨਾਮ ਪੁਰ ਇਸ ਯਾਦਗਾਰੀ ਅਸਥਾਨ ਦੇ ਨਾਮ ਜਾਗੀਰ ਤੇ ਜ਼ਮੀਨ ਲਾ ਦਿੱਤੀ।

ਬਾਬਾ ਬਖ਼ਤ ਮੱਲ ਤੋਂ ਬਾਅਦ ਉਹਨਾਂ ਦੇ ਸਿੱਖ ਸੇਵਕ ਬਾਬਾ ਟਹਲ ਦਾਸ, ਬਾਬਾ ਸੇਵਾ ਰਾਮ, ਬਾਬਾ ਗੁਰਮੁਖ ਦਾਸ, ਬਾਬਾ ਮਥੁਰਾ ਦਾਸ ਤੇ ਬਾਬਾ ਕਾਨ੍ਹ ਦਾਸ ਨੰਬਰਵਾਰ ਮਹੰਤ ਬਣਦੇ ਤੇ ਸੇਵਾ-ਸੰਭਾਲ ਕਰਦੇ ਆਏ। ਬਾਅਦ ਵਿਚ ਇਸ ਗੁਰਧਾਮ ਦੀ ਸੇਵਾ 2011 ਬਿ: ਵਿਚ ਮਹੰਤ ਸੁੰਦਰ ਦਾਸ ਜੀ ਹਨ।

ਛਪਾਰ

ਧੂਰੀ ਲੁਧਿਆਣਾ ਲਾਇਨ ਪੁਰ ਅਹਿਮਦਗੜ੍ਹ ਰੇਲਵੇ ਸਟੇਸ਼ਨ ਲਾਗੇ ਇਕ ਪ੍ਰਸਿੱਧ ਨਗਰ ਹੈ, ਜਿਥੇ ਭਾਦਰੋਂ ਦੀ ਚਾਨਣੀ ਚੌਦੇ ਨੂੰ ਗੁੱਗੇ ਦਾ ਬੜਾ ਭਾਰੀ ਮੇਲਾ ਲੱਗਦਾ ਹੈ। ਬਾਬਾ ਮੀਹਾਂ ਸ਼ਾਹ ਦੀ ਬਖ਼ਸ਼ਿਸ਼ ਦੇ ਸਾਧੂਆਂ ਇਥੇ ਵੀ ਇਕ ਧਰਮਸਾਲਾ ਬਣਵਾਈ ਸੀ।

ਠੁਲੀਵਾਲ

ਲਾਗੇ ਅਲਾਲ ਰੇਲਵੇ ਸਟੇਸ਼ਨ ਥਾਣਾ ਸ਼ੇਰਪੁਰ ਵਿਚ ਹੈ। ਇਸ ਪਿੰਡ ਵਿਚ ਵੀ ਇਸੇ ਬਖ਼ਸ਼ ਦੇ ਸਾਧੂਆਂ ਧਰਮਸਾਲ ਬਣਵਾ ਕੇ ਬਹਾਲ ਰੱਖੀ ਹੋਈ ਹੈ।

ਫੱਫੜੇ ਭਾਈ ਕੇ

ਇਸ ਨਗਰ ਵਿਚ ਸਤਿਗੁਰੂ ਨਾਨਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੇ ਹਿੰਦ ਦੀ ਚਾਦਰ ਗੁਰੂ ਤੇਗ਼ ਬਹਾਦਰ ਸਾਹਿਬ ਨੇ ਚਰਨ ਪਾਏ ਸਨ। ਸਤਿਗੁਰਾਂ ਦੀ ਯਾਦਗਾਰ ਕਾਇਮ ਕਰਨ ਵਾਸਤੇ ਹੀ ਪਟਿਆਲੇ ਵਾਲੇ ਡੇਰੇ ਮਗਨੀ ਰਾਮ ਦੇ ਸੰਤਾਂ-ਮਹੰਤਾਂ ਇਥੇ ਬਹਿ ਕੇ ਧਰਮਸਾਲ (ਗੁਰਦੁਆਰਾ) ਕਾਇਮ ਕੀਤਾ। ਸੰਤ ਮਗਨੀ ਰਾਮ ਦੇ ਛੱਤੇ ਤੋਂ ਇਕ ਸਾਧੂ ਬਿਜਾਰਾਮ ਸੰਮਤ 1836 ਬਿ: ਵਿਚ ਇਸ ਪਿੰਡ ਦੀ ਜੂਹ ਵਿਚ ਆ ਬੈਠਾ। ਸਤਿਗੁਰਾਂ ਦਾ ਪਾਵਨ ਕੀਤਾ ਥਾਂ ਟੋਲ ਕੇ ਆਸਣ ਜਮਾਇਆ। ਲੋਕਾਂ ਨੂੰ ਪ੍ਰੇਰ ਕੇ ਗੁਰ ਅਸਥਾਨ ਬਣਵਾਇਆ। ਉਸ ਮਹਾਤਮਾ ਦਾ ਸੇਵਕ ਮੰਗਲ ਦਾਸ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦਾ ਰਿਹਾ। ਉਪਰੰਤ ਬਾਬਾ ਮੰਗਲ ਦਾਸ ਜੀ ਦੇ ਸੇਵਕ ਸਿੱਖ ਭਾਈ ਸੁੰਦਰ ਦਾਸ ਜੀ ਭਾਈ ਬਹਿਲੋ ਕੀ ਸੰਤਾਨ ਨੂੰ ਇਹ ਗੁਰ-ਅਸਥਾਨ ਸੌਂਪ ਕੇ ਆਪ ਮੰਡੇਰੀਂ ਚਲੇ ਗਏ।

ਮੰਡੇਰ ਕਲਾਂ

ਇਸ ਪਿੰਡ ਵਿਚ ਪਹਿਲੇ, ਛੇਵੇਂ ਤੇ ਨੌਵੇਂ ਪਾਤਿਸ਼ਾਹ ਬਿਰਾਜ ਕੇ ਰੰਗ ਲਾ ਗਏ ਸਨ। ਸੰਤ ਸੁੰਦਰ ਦਾਸ ਜੀ ਨੇ ਸੰਮਤ 1910 ਬਿ: ਵਿਚ ਫਫੜਿਆਂ ਤੋਂ ਇਥੇ ਆ ਕੇ ਸਿੱਖ ਵਸਨੀਕਾਂ ਨੂੰ ਧਰਮਸਾਲ (ਗੁਰਦੁਆਰਾ) ਬਣਾਉਣ ਵਾਸਤੇ ਉਭਾਰਿਆ। ਉਹਨਾਂ ਦੀ ਮਿਹਨਤ ਮਾਇਆ ਤੇ ਆਪਣੇ ਉੱਦਮ ਤੇ ਤਾਣ ਇਹ ਯਾਦਗਾਰੀ ਅਸਥਾਨ ਕਾਇਮ ਹੋ ਗਿਆ। ਬਾਅਦ ਵਿਚ ਉਹਨਾਂ ਦੇ ਸੇਵਕ ਲਾਲ ਦਾਸ ਜੀ ਆਦਿਕ ਸੇਵਾ ਕਰਦੇ ਕਰਾਉਂਦੇ ਰਹੇ ਹਨ।

ਰੱਲਾ ਜੋਗਾ

ਇਹ ਦੋਵੇਂ ਪਿੰਡ ਪ੍ਰਸਿੱਧ ਹਨ। ਨੌਵੇਂ ਪਾਤਿਸ਼ਾਹ ਜਦੋਂ ਇਸ ਜੰਗਲ ਦੇਸ਼ ਨੂੰ ਨਿਹਾਲ ਕਰਨ ਚੜ੍ਹੇ ਸਨ, ਉਦੋਂ ਅਜੇ ਜੋਗਾ ਪਿੰਡ ਨਹੀਂ ਸੀ ਵੱਸਿਆ। ਸਾਹਿਬਾਂ ਇਕ ਉੱਚੀ ਤੇ ਸਵੱਛ ਜਗ੍ਹਾ ਤੱਕ ਕੇ ਡੇਰਾ ਲਾਇਆ ਸੀ ਤੇ ਆਬਾਦ ਹੋਣ ਦਾ ਬਚਨ ਕੀਤਾ ਸੀ। ਮਗਰੋਂ ਬਚਨ ਸਫਲ ਹੋਏ ਤਾਂ ਬਾਬਾ ਮੀਹਾਂ ਸਾਹਿਬ ਦੀ ਬਖ਼ਸ਼ ਦੇ ਸਾਧੂਆਂ ਨੌਂਵੇਂ ਪਾਤਸ਼ਾਹ ਦੀ ਚਰਨ ਰੱਜ ਦਾ ਸਤਿਕਾਰ ਕਾਇਮ ਰੱਖਣ ਹਿੱਤ ਯਾਦਗਾਰੀ ਧਰਮਸਾਲਾ ਬਣਵਾ ਦਿੱਤੀ।

ਕਾਲਾ ਝਾੜ

ਸੁਨਾਮ ਵਾਲੀ ਸੜਕ ਪੁਰ ਬਾਰ੍ਹਾਂ ਕੁ ਮੀਲ ਦੂਰ ਇਹ ਟਿਕਾਣਾ ਹੈ, ਜਿਥੇ ਬਾਬਾ ਮੀਹਾਂ ਸਾਹਿਬ ਦੀ ਪੱਧਤੀ ਦੇ ਸੰਤਾਂ ਨੇ ਹੀ ਗੁਰਧਾਮ ਪ੍ਰਗਟ ਕੀਤਾ ਹੈ।

ਲੋਹਾਖੇੜਾ

ਡਾਕਖ਼ਾਨਾ ਲੌਂਗੋਵਾਲ ਪਹਿਲੋਂ ਜੀਂਦ ਰਿਆਸਤ ਵਿਚ ਸੀ, ਹੁਣ ਇਹ ਪੈਪਸੂ ਵਿਚ ਸ਼ਾਮਲ ਹੈ। ਇਸ ਪਿੰਡ ਵਿਚ ਬਾਬਾ ਮੀਹਾਂ ਸਾਹਿਬ ਦੇ ਚੇਲੇ ਭਾਈ ਸੰਤ ਦਾਸ ਜੀ (ਧਰਮਸਾਲਾ ਖੁੱਡੀ ਦੇ ਕਾਇਮ ਕਰਤਾ) ਦੀ ਸ਼ਾਖ਼ 'ਚੋਂ ਸਾਧੂ ਰਾਮਦਾਸ ਜੀ ਨੇ ਇਹ ਗੁਰ-ਅਸਥਾਨ ਸੰਮਤ 1914 ਬਿ: ਵਿਖੇ ਆਬਾਦ ਕੀਤਾ, ਜਿਨ੍ਹਾਂ ਦੀ ਗੁਰ-ਪ੍ਰਣਾਲੀ ਇਸ ਤਰ੍ਹਾਂ ਹੈ: ਬਾਬਾ ਮੀਹਾਂ ਸ਼ਾਹ, ਉਹਨਾਂ ਦੇ ਰੂਪਾ ਸ਼ਾਹ, ਤਿੰਨਾਂ ਦੇ ਗੁਰਦਿਆਲ, ਫਿਰ ਕਰਮਵਾਰ ਬ੍ਰਹਮ ਹਰਿ, ਬ੍ਰਹਮ ਬਿਲਾਸ, ਇਹਨਾਂ ਦੇ ਬਾਬਾ ਰਾਮਦਾਸ ਜੀ। ਮਗਰੋਂ ਉਹਨਾਂ ਦੇ ਚੇਲੇ-ਪੜਚੇਲੇ ਬਾਬਾ ਬ੍ਰਹਮਦੇਵ, ਕ੍ਰਿਪਾਲ ਦਾਸ ਤੇ ਕਿਰਪਾ ਰਾਮ ਜੀ ਮਹੰਤ ਬਣਦੇ ਆਏ।

ਇਹ ਸਾਧੂ ਆਪਣਾ ਸੰਬੰਧ ਬਾਬਾ ਗੋਇੰਦ ਸਾਹਿਬ ਦੀ ਸੰਪ੍ਰਦਾਇ ਦੇ ਪ੍ਰਗਟ ਕੀਤੇ ਗੁਰ-ਅਸਥਾਨ ਕਬਰ ਵੱਡਾ (ਜ਼ਿਲ੍ਹਾ ਫ਼ਿਰੋਜ਼ਪੁਰ) ਨਾਲ ਜੋੜਦੇ ਹਨ ਅਰੁ ਬਾਬਾ ਮੀਹਾਂ ਸਾਹਿਬ ਨੂੰ ਵੀ ਉਸ ਧੂਣੇ ਦੇ ਸਾਧੂਆਂ ਵਿਚ ਗਿਣਦੇ ਹਨ।

ਸਾਬੋ ਕੀ ਤਲਵੰਡੀ

ਇਸ ਨਗਰ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਈ ਮਹੀਨੇ ਠਹਿਰ ਕੇ ਭਾਗ ਲਾਏ ਤੇ ਗੁਰੂ ਕੀ ਕਾਸ਼ੀ ਹੋਣ ਦੇ ਸ਼ੁਭ ਬਚਨ ਫ਼ੁਰਮਾਏ। ਸਤਿਗੁਰਾਂ ਦਾ ਯਾਦਗਾਰੀ ਤੀਰਥ ਹੋਣ ਕਰਕੇ ਕਈ ਸੰਤ ਮਹਾਤਮਾ ਵੀ ਇਥੇ ਆਏ ਤੇ ਉਹਨਾਂ ਸ਼ਰਧਾਲੂ ਸਿੱਖਾਂ ਪਾਸੋਂ ਧਰਮਸਾਲਾ ਬਣਾਉਣ ਦੇ ਸ਼ੁੱਭ ਉੱਦਮ ਕਰਵਾਏ ਹਨ, ਜਿਨ੍ਹਾਂ ਵਿੱਚੋਂ ਇਕ ਧਰਮਸਾਲਾ ਇਸ ਬਖ਼ਸ਼ ਦੇ ਸਾਧੂਆਂ ਦੀ ਹਿੰਮਤ ਕਮਾਈ ਦਾ ਯਾਦਗਾਰੀ ਨੀਸਾਣੁ ਹੈ, ਜੋ ਬਾਬਾ ਬ੍ਰਹਮ ਦਾਸ ਜੀ 'ਤੰਗ ਤੋੜ' ਨੇ ਤਿਆਰ ਕਰਵਾਈ ਹੈ। 'ਤੰਗ ਤੋੜ' ਸਾਹਿਬ ਸੌ ਵਰ੍ਹੇ ਤੋਂ ਵੱਧ ਅਵਰਦਾ ਭੋਗ ਕੇ ਸੰਮਤ 1987 ਬਿ: ਵਿਚ ਪਰਲੋਕ ਪਧਾਰੇ ਹਨ। ਉਨ੍ਹਾਂ ਤੋਂ ਬਾਅਦ ਆਪ ਦਾ ਪੋਤਰਾ ਚੇਲਾ ਭਾਈ ਅਲੱਖ ਰਾਮ ਇਸ ਪਰਮ ਧਾਮ ਦਾ ਮਹੰਤ ਨੀਯਤ ਹੋਇਆ।

ਭਾਗੀ ਬਾਂਦਰ

ਭਾਗੀ ਬਾਂਦਰ ਵਿਚ ਵੀ 'ਤੰਗ ਤੋੜ' ਬਾਬਾ ਜੀ ਦੀ ਹਿੰਮਤ ਨਾਲ ਧਰਮਸਾਲ ਕਾਇਮ ਹੋਈ ਤੇ ਆਪ ਦਾ ਚੇਲਾ ਨਿੱਕੂ ਰਾਮ ਮਹੰਤ ਬਣਿਆ। ਉਹਨਾਂ ਤੋਂ ਬਾਅਦ ਬਾਬਾ ਅਰਜਨ ਦਾਸ ਜੀ ਸੇਵਾ ਨਿਬਾਹੁੰਦੇ ਰਹੇ।

ਬੀੜ ਫ਼ਰੀਦਕੋਟ

ਕੋਟਕਪੂਰੇ ਤੋਂ ਤਿੰਨ ਮੀਲ ਪੂਰਬ 'ਬਾਬਾ ਤੰਗ ਤੋੜ' ਜੀ ਦੇ ਸੇਵਕ ਬਾਵਾ ਉੱਤਮ ਦਾਸ ਨੇ ਧਰਮਸਾਲ ਕਾਇਮ ਕਰ ਕੇ ਉੱਤਮ ਕਾਰਜ ਕੀਤਾ। ਆਪ ਜੀ ਦੇ ਚੇਲੇ ਬਾਬਾ ਰਾਮਦਾਸ ਜੀ ਪੰਚਾਇਤੀ ਅਖਾੜੇ ਦੇ ਮਹੰਤ ਹਨ।

ਨਾਭਾ

ਡਾਕਖ਼ਾਨਾ ਬਨੂੜ ਵਿਚ ਇਸ ਬਖ਼ਸ਼ ਦੇ ਸਾਧੂ ਸੰਤ ਦਾਸ ਨੇ ਨਗਰ ਨਿਵਾਸੀਆਂ ਤੋਂ ਸੰਮਤ 1870 ਬਿ: ਵਿਚ ਧਰਮਸਾਲ ਬਣਾਉਣ ਦਾ ਉੱਦਮ ਕਰਵਾਇਆ। ਇਹ ਮਹਾਤਮਾ ਬਾਬਾ ਮੀਹਾਂ ਸਾਹਿਬ ਦੇ ਜੇਠੇ ਚੇਲੇ ਬਾਬਾ ਲਖਮੀਰ ਜੀ ਦੇ ਪੋਤਰੇ ਚੇਲੇ ਤੇ ਬਾਬਾ ਅਚੱਲ ਨਿਰਬਾਣੀ ਸਾਹਿਬ ਦੇ ਚੇਲੇ ਸਨ। ਇਹਨਾਂ ਦੀ ਚੇਲਾ ਪੱਧਤੀ ਇਸ ਤਰ੍ਹਾਂ ਚੱਲਦੀ ਆਈ ਹੈ: ਬਾਵਾ ਹਰਿਸ਼ਰਨ ਦਾਸ, ਹਰਿ ਪ੍ਰਸਾਦ, ਲੱਖਾ ਰਾਮ, ਹਰੀ ਦਾਸ, ਬੀਰਮ ਦਾਸ ਤੇ ਬਾਵਾ ਪ੍ਰੀਤਮ ਦਾਸ ਜੋ 1983 ਬਿ: ਵਿਚ ਇਸ ਧਰਮਸਾਲਾ ਦੇ ਮਹੰਤ ਬਣੇ ਸਨ।

ਬਨੂੜ

ਬਨੂੜ ਖ਼ਾਸ ਵਿਚ ਵੀ ਇਸ ਪੱਧਤੀ ਦੇ 'ਰਾਮ ਬਾਗ਼' ਰੋਪੜ ਵਾਲੇ ਸੰਤਾਂ-ਮਹੰਤਾਂ ਇਕ ਧਰਮਸਾਲਾ ਬਣਵਾਈ। ਬਾਬਾ ਮੀਹਾਂ ਸਾਹਿਬ ਦੇ ਪੋਤਰੇ ਚੇਲੇ (ਜੋ ਬਾਬਾ ਸੰਤੋਖ ਦਾਸ ਦੇ ਸੇਵਕ ਸਿੱਖ ਸਨ) ਸਾਧੂ ਰਾਮ ਜੀ ਦੇ ਦੂਜੇ ਚੇਲੇ ਬਾਬਾ ਮਗਨੀ ਰਾਮ ਨੇ ਇਸ ਨਗਰ ਦੇ ਵਸਨੀਕਾਂ ਦੀ ਮਿਹਨਤ ਮਾਇਆ ਨਾਲ ਆਪਣਾ ਉੱਦਮ ਉਤਸ਼ਾਹ ਰਲਾ ਕੇ ਇਹ ਪਰਮ ਧਾਮ ਅਸਥਾਪਨ ਕੀਤਾ ਸੀ। ਮਗਰੋਂ ਰੋਪੜ ਵਾਲੀ ਧਰਮਸਾਲ ਦੇ ਸੰਤ-ਮਹੰਤ ਹੀ ਇਥੋਂ ਦੀ ਸੇਵਾ-ਸੰਭਾਲ ਕਰਦੇ ਤੇ ਪ੍ਰਬੰਧ ਚਲਾਉਂਦੇ ਰਹੇ ਹਨ। ਸੰਮਤ 1982-83 ਬਿ: ਵਿਚ ਰਾਮ ਬਾਗ਼ ਰੋਪੜ ਵਾਲੇ ਮਹੰਤ ਉੱਤਮ ਦਾਸ ਦੇ ਦੋ ਸੇਵਕ ਬਾਵਾ ਰਾਮਦਾਸ ਤੇ ਨਾਰਾਇਣ ਦਾਸ ਇਥੇ ਟਿੱਕ ਕੇ ਪਰਮ ਕਰਮ ਚਲਾਉਂਦੇ ਸਨ।

ਬਿਹਾਰ ਸੂਬਾ

ਬਾਬਾ ਬਾਲੂ 'ਹੱਸਣਾ' ਜੀ ਦੇ ਸੇਵਕਾਂ ਵਿੱਚੋਂ ਕੁਝ ਸਾਧੂ ਪੂਰਬ ਭਾਰਤ ਵੱਲ ਗੁਰਧਾਮਾਂ ਦੀ ਚਰਨ ਧੂੜਿ ਮਸਤਕ ਲਾਉਣ ਲਈ ਗਏ। ਬਿਹਾਰ ਸੂਬੇ ਦੀ ਰਾਜਧਾਨੀ ਪਟਨਾ ਸਤਿਗੁਰੂ ਨਾਨਕ, ਹਿੰਦ ਦੀ ਚਾਦਰ ਗੁਰੂ ਤੇਗ਼ ਬਹਾਦਰ ਤੇ ਖ਼ਾਲਸਾ ਪੰਥ ਦੇ ਧਰਮ-ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਰਨ ਕੰਵਲਾਂ ਦੀ ਛੁਹ ਪ੍ਰਾਪਤ ਕਰ ਕੇ ਪਾਵਨ ਹੋਈ ਹੈ, ਇਸ ਲਈ ਹਰ ਸਿੱਖ ਇਸ ਸ਼ਹਿਰ ਦੇ ਦਰਸ਼ਨ-ਪਰਸਨ ਦੀ ਅਭਿਲਾਖਾ ਰੱਖਦਾ ਹੈ ਅਰੁ ਲੱਗਦੇ ਚਾਰੇ ਆਪਣੇ ਜੀਵਨ ਅੰਦਰ ਇਥੋਂ ਦੇ ਗੁਰਧਾਮਾਂ ਦੀ ਯਾਤਰਾ ਦਾ ਜਤਨ ਵੀ ਕਰਦਾ ਹੈ। ਇਸ ਪ੍ਰਾਚੀਨ ਨਗਰ ਵਿਚ 'ਪੰਚਾਇਤੀ ਅਖਾੜੇ' ਵੱਲੋਂ 36 ਧਰਮਸਾਲਾਂ ਬਣੀਆਂ ਹੋਈਆਂ ਹਨ, ਜਿਨ੍ਹਾਂ ਵਿਚ ਸਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਬਾਣੀ ਦਾ ਪਾਠ ਅਰ ਕਥਾ ਕੀਰਤਨ ਹੁੰਦਾ ਹੈ। ਐਪਰ ਕੁਝ ਸਮੇਂ ਤੋਂ ਨਾਲ ਠਾਕੁਰ-ਪੂਜਾ ਵੀ ਕਈ ਥਾਈਂ ਹੋਣ ਲੱਗ ਪਈ ਹੈ। ਇਨ੍ਹਾਂ ਵਿੱਚੋਂ ਹੇਠ-ਲਿਖੇ ਅਸਥਾਨ ਦੂਜੇ ਧੂਣੇਂ ਦੇ ਉਦਾਸੀ ਸਾਧੂਆਂ ਪ੍ਰਗਟ ਕੀਤੇ ਤੇ ਬਣਵਾਏ ਹਨ:

1. ਕਰਨਾਲ ਗੰਜ

ਇਸ ਮਹੱਲੇ ਅੰਦਰ ਪੱਛਮੀ ਦਰਵਾਜ਼ੇ, ਸਤਿਗੁਰ ਨਾਨਕ ਦੇਵ ਜੀ ਦੀ ਚਰਨ ਛੁਹ ਨਾਲ ਪਵਿੱਤਰ ਹੋਈ ਸੁਭਾਗ ਭੂਮੀ ਪੁਰ ਸੰਮਤ ਸਤਾਰਾਂ ਸੈ ਵੀਹ ਬਿ: ਵਿਖੇ ਧਰਮਸਾਲ ਕਾਇਮ ਹੋਈ, ਜਿਸ ਦਾ ਪ੍ਰਬੰਧ ਇਸੇ ਸਾਧੂ ਸ਼੍ਰੇਣੀ ਦੇ ਹੱਥ ਚਲਾ ਆ ਰਿਹਾ ਹੈ।

2. ਸ਼ਿਮਲੀ

ਬਾਬਾ ਬਾਲੂ 'ਹੱਸਣਾ' ਜੀ ਦੇ ਸੇਵਕ ਸਾਧੂ ਬਖ਼ਸ਼ ਮੱਲ ਜੀ ਦੇ ਚੇਲੇ ਬਾਬਾ ਗੁਲਮਿਹਰ ਜੀ ਹੋਏ ਹਨ। ਆਪ ਨੇ ਪਟਨਾ ਸ਼ਹਿਰ ਆ ਕੇ ਸਤਿਗੁਰੂ ਨਾਨਕ ਦੇਵ ਜੀ ਦਾ ਜੋ ਸਥਾਨ ਭਾਲਿਆ, ਜਿਥੇ ਬੈਠ ਕੇ ਗੁਰੂ ਜੀ ਨਗਰੋਂ ਬਾਹਰ, ਪਹਿਰ ਪਿਰਥਮੇ ਆ ਬੈਠੇ। ਸੇਵਕ ਸ਼ਰਧਾਲੂ ਸਿੱਖਾਂ ਦੀ ਸਹਾਇਤਾ ਨਾਲ ਸੰਮਤ ਸਤਾਰਾਂ ਸੈ ਬਹੱਤਰ ਵਿਖੇ ਉਸ ਥਾਂ ਧਰਮਸਾਲ ਬਣਾਈ, ਜੋ 'ਸ਼ਿਮਲੀ ਧਰਮਸਾਲ' ਕਰਕੇ ਵੱਜਦੀ ਹੈ। ਬਾਬਾ ਜੀ ਤੋਂ ਬਾਅਦ ਉਹਨਾਂ ਦੇ ਸੇਵਕਾਂ ਦੀ ਲੜੀ ਇਉਂ ਚੱਲ ਆਈ ਹੈ: (1) ਬਾਬਾ ਹਰਿ ਨਰਾਇਣ ਜੀ, (2) ਬਾਬਾ ਗੋਪਾਲ ਦਾਸ ਜੀ, (3) ਬਾਬਾ ਰਾਮਦਾਸ ਜੀ, (4) ਬਾਬਾ ਸਾਧੂ ਰਾਮ, (5) ਬਾਬਾ ਰਾਮ ਸ਼ਰਨ ਦਾਸ, (6) ਬਾਬਾ ਹੀਰਾ ਦਾਸ, ਤੇ (7) ਮਹੰਤ ਗਣੇਸ਼ ਦਾਸ ਜੀ।

ਬਾਬਾ ਗੁਲਮਿਹਰ ਜੀ ਚੰਗੀ ਵੈਦਗੀ ਜਾਣਦੇ ਸਨ। ਇਸ ਵਸੀਲੇ ਆਪ ਨੇ ਦੀਨਾਂ-ਦੁਖੀਆਂ ਦੀ ਸੇਵਾ ਕੀਤੀ ਅਰੁ ਉਨ੍ਹਾਂ ਪਾਸੋਂ ਇਸ ਧਰਮ ਅਸਥਾਨ ਦੀ ਸੇਵਾ ਕਰਵਾਈ। ਆਪ ਦੇ ਸੇਵਕ ਸਾਧੂ ਮਗਰੋਂ ਵੀ ਇਹ ਲੋਕ ਭਲਾਈ ਦਾ ਕਾਰਜ ਚਲਾਉਂਦੇ ਰਹੇ ਹਨ। ਬਾਅਦ ਵਿਚ ਢਿੱਲੇ ਮੱਠੇ ਧਰਮ ਵਾਲੇ ਸਾਧੂਆਂ, ਇਥੇ ਸ਼ਿਵ ਮੰਦਰ ਵੀ ਬਣਵਾ ਦਿੱਤਾ ਅਰੁ ਮਹੰਤਾਂ ਦੀਆਂ ਸਮਾਧਾਂ ਵੀ ਬਣੀਆਂ ਹਨ।

3. ਮਲੀਆ ਮਹਾਂਦੇਵ

ਪਟਨਾ ਸ਼ਹਿਰ ਦੇ 'ਮਲੀਆ ਮਹਾਂਦੇਵ' ਟਿਕਾਣੇ ਬਾਲੂ ਹੱਸਣੀਏ ਸਾਧੂ ਸੰਮਤ ਉਨੀਹ ਸੈ ਚਾਰ ਵਿਚ ਧਰਮਸਾਲਾ ਕਾਇਮ ਕੀਤੀ। ਇਸ ਅਸਥਾਨ ਦੀ ਬੁਨਿਆਦ ਬਾਬਾ ਜਾਦੋ ਰਾਇ ਜੀ ਦੀ ਸ਼੍ਰੇਣੀ ਵਿੱਚੋਂ ਬਾਬਾ ਪਰਮਾਨੰਦ ਜੀ ਨੇ ਰੱਖੀ ਅਤੇ ਆਪਣੇ ਸ਼ਰਧਾਲੂ ਗੁਰਸਿੱਖਾਂ ਨੂੰ ਪ੍ਰੇਰ ਕੇ ਸੇਵਾ ਕਰਵਾਈ। ਇਥੇ ਸਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਤੇ ਗੁਰਬਾਣੀ ਦਾ ਪਾਠ-ਵਿਚਾਰ ਹੁੰਦਾ ਸੀ। ਲੇਕਿਨ ਕੁਝ ਸਮੇਂ ਤੋਂ ਮਹੰਤਾਂ ਹਿੰਦੂਆਂ ਨੂੰ ਨਾਲ ਜੋੜਨ ਤੇ ਉਹਨਾਂ ਦੇ ਪ੍ਰਭਾਵ ਅਧੀਨ ਉਹਨਾਂ ਨੂੰ ਖ਼ੁਸ਼ ਕਰਨ ਹਿੱਤ ਠਾਕੁਰ ਪੂਜਾ ਦੀ ਲਗਨ ਵੀ ਲਾ ਲਈ ਹੈ। ਇਸ ਧਰਮਸਾਲ ਦੇ ਮਹੰਤ ਪਰਮਾਨੰਦ ਜੀ ਤੋਂ ਬਾਅਦ ਨੰਬਰਵਾਰ: ਬਾਬਾ ਦਲਪਤਿ ਦਾਸ ਜੀ, ਬਾਬਾ ਭੋਮਾ ਰਾਮ ਜੀ, ਬਾਬਾ ਰਾਮਦਾਸ ਜੀ, ਬਾਬਾ ਕੁਸ਼ਲ ਦਾਸ ਜੀ, ਬਾਬਾ ਨੰਦ ਰਾਮ ਜੀ, ਬਾਬਾ ਹਰੀ ਦਾਸ ਤੇ ਬਾਬਾ ਸੰਧਯਾ ਜੀ ਹੁੰਦੇ ਆਏ ਹਨ।

ਉੜੀਸਾ

ਇਸ ਦੇਸ ਵਿਚ ਵੀ ਸਤਿਗੁਰੂ ਨਾਨਕ ਦੇਵ ਜੀ ਨੇ ਅੰਮ੍ਰਿਤ ਨਾਮ ਦੀ ਵਰਖਾ ਕਰ ਕੇ ਜਗਤ ਜਲੰਦੇ ਨੂੰ ਰੱਖਿਆ ਹੈ। ਗੁਰ ਤੀਰਥ ਤਾਂ ਅਨੇਕਾਂ ਥਾਵਾਂ ਵਿਚ ਹੋਣੇ ਚਾਹੀਦੇ ਹਨ, ਪਰ ਜੋ ਆਮ ਪ੍ਰਸਿੱਧ ਹੈ, ਉਹ ਹੈ ਹਿੰਦੂਆਂ ਦੇ ਪ੍ਰਾਚੀਨ ਤੀਰਥ 'ਪੁਰੀ ਜਗਨਨਾਥ' ਵਿਚ। ਸਤਿਗੁਰੂ ਨਾਨਕ, ਜਿਸ ਮੌਕੇ ਇਸ ਟਿਕਾਣੇ ਪੁੱਜੇ, ਉਦੋਂ ਸੰਧਿਆ ਦੀ ਆਰਤੀ ਦਾ ਮੌਕਾ ਸੀ। ਗੁਰੂ ਜੀ ਮੰਦਰ ਦੀ ਡਿਓਢੀ ਦੇ ਸਾਹਮਣੇ ਚੌਂਕੜਾ ਮਾਰ ਕੇ ਵਿਰਾਜ ਗਏ। ਆਰਤੀ ਸਮੇਂ ਖੜੇ ਨਾ ਹੋਏ। ਪਾਂਡਿਆਂ ਮਗਰੋਂ ਕਿੰਤੂ ਕੀਤਾ ਤਾਂ ਸਤਿਗੁਰਾਂ ਉਹਨਾਂ ਦੀ ਦਿਖਾਵੇ ਮਾਤ੍ਰ ਆਰਤੀ ਦਾ ਨਿਖੇਧ ਕਰ ਕੇ ਨਿਰੰਕਾਰ ਦੀ ਸੱਚੀ ਆਰਤੀ ਦਾ ਗਿਆਨ ਇਸ ਸ਼ਬਦ ਦੁਆਰਾ ਬਖ਼ਸ਼ਿਆ :

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥
ਅਨਹਤਾ ਸਬਦ ਵਾਜੰਤ ਭੇਰੀ ॥੧॥ਰਹਾਉ॥
ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥
ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋੁ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥

(ਧਨਾਸਰੀ ਮ: ੧, ਪੰਨਾ 13)

ਜਦੋਂ ਸਤਿਗੁਰੂ ਜੀ ਨੇ ਇਸ ਸਾਰੇ ਪਾਠ ਦਾ ਵਿਚਾਰ ਸੁਣਾਇਆ ਤਾਂ ਰਾਜਾ ਮੰਗਲ ਦੱਤ ਤੇ ਪਾਂਡਿਆਂ ਨੇ ਸਤਿਗੁਰਾਂ ਦੇ ਚਰਨ ਫੜ ਲਏ ਅਰੁ ਜਿਥੇ ਗੁਰੂ ਬਾਬਾ ਜੀ ਬੈਠੇ ਸਨ, ਉਥੇ ਪੱਕਾ ਯਾਦਗਾਰੀ ਅਸਥਾਨ ਬਣਾ ਦਿੱਤਾ। ਸਮੁੰਦਰ ਦਾ ਕਿਨਾਰਾ ਹੋਣ ਕਰਕੇ ਇਥੇ ਜਲ ਖਾਰਾ ਸੀ, ਸੋ ਇਸ ਸਮੱਸਿਆ ਨੂੰ ਦੂਰ ਕਰਨ ਬਾਰੇ ਸਤਿਗੁਰੂ ਜੀ ਕੋਲ ਫ਼ਰਿਆਦ ਹੋਈ ਤਾਂ ਆਪ ਜੀ ਨੇ ਨਿਸ਼ਾਨ ਦੇ ਕੇ ਬਾਵਲੀ ਦਾ ਟੱਕ ਲਵਾ ਦਿੱਤਾ। ਇਸ ਬਾਵਲੀ ਦਾ ਜਲ ਪੀਣ ਯੋਗ ਮਿੱਠਾ ਨਿਕਲਿਆ। ਇਸ ਪਰੋਪਕਾਰ ਦੇ ਕਾਰਨ ਸਤਿਗੁਰੂ ਦੀ ਮਹਿਮਾ ਦਾ ਸਿੱਕਾ ਪੁਰੀ ਵਾਸੀ ਲੋਕਾਂ ਦੇ ਦਿਲਾਂ ਪੁਰ ਵਹਿ ਗਿਆ।

ਸੰਮਤ ਸਤਾਰਾਂ ਸੈ ਤੇਰ੍ਹਾਂ ਵਿਚ ਬਾਬਾ ਬਾਲੂ 'ਹੱਸਣਾ' ਜੀ ਦੇ ਸੇਵਕ ਬਾਬਾ ਜਾਦੋ ਰਾਇ ਦੀ ਸ਼੍ਰੇਣੀ 'ਚੋਂ ਇਕ ਸਾਧੂ ਹਰੀ ਦਾਸ 'ਚਰਮਪੋਸ਼' ਇਸ ਟਿਕਾਣੇ ਧੂਣੀ ਰਮਾ ਬੈਠਾ। ਉਸਦੀ ਤਪੱਸਿਆ ਭਗਤੀ ਵੇਖ ਕੇ ਰਾਜਾ ਮੰਗਲ ਦਾਸ ਦੇ ਪੜਪੋਤਰੇ ਠਾਕੁਰ ਦਾਸ ਨੇ ਰਸਦਾਂ ਬੰਨ੍ਹ ਦਿੱਤੀਆਂ ਅਰੁ ਧਰਮਸਾਲ ਦੀ ਸੇਵਾ-ਸੰਭਾਲ ਤੇ ਗੁਰੂ ਕੇ ਲੰਗਰ ਦੇ ਖ਼ਰਚ ਵਾਸਤੇ ਦੋ ਹਜ਼ਾਰ ਰੁਪਏ ਆਮਦਨ ਵਾਲੇ ਦੋ ਪਿੰਡ ਜਾਗੀਰ

ਵਿੱਚੋਂ ਲਾ ਦਿੱਤੇ। ਫਿਰ ਬਾਬਾ ਨਿਧਾ ਦਾਸ ਤੇ ਬਿਸ਼ਨ ਦਾਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਵਿਚਾਰ ਤੇ ਲੰਗਰ ਦੀ ਕਾਰ ਚੰਗੀ ਚਲਾਈ। ਐਪਰ ਸੰਗਤ ਉਨੀਹ ਸੈ ਤੇਤੀਹ ਵਿਖੇ ਇਥੋਂ ਦੇ ਮਹੰਤ ਰਾਮ ਦਾਸ ਨੇ ਘਰ-ਗ੍ਰਿਹਸਤੀ ਦਾ ਟੈਂਟਾ ਗਲ ਪਾ ਲਿਆ ਅਰੁ ਦੋਵੇਂ ਪਿੰਡ ਵੇਚ ਕੇ ਖਾ ਲਏ। ਹੁਣ ਕੇਵਲ ਕੁਝ ਹੱਟੀਆਂ ਤੇ ਕਿਰਾਏ ਪੁਰ ਗੁਜ਼ਰਾਨ ਹੈ।

ਇਸ ਗੁਰਧਾਮ ਦੇ ਸੇਵਕਾਂ ਦੀ ਪੀੜ੍ਹੀ ਇਸ ਤਰ੍ਹਾਂ ਲਿਖੀ ਮਿਲਦੀ ਹੈ: (1) ਬਾਬਾ ਜਾਦੋ ਰਾਇ, (2) ਬਾਬਾ ਸ਼ਾਹ ਜੀ, (3) ਬਾਬਾ ਜੀਵਨ ਦਾਸ ਜੀ, (4) ਬਾਬਾ ਬਾਲਕ ਦਾਸ ਜੀ, (5) ਬਾਬਾ ਯੋਧਾ ਰਾਮ, (6) ਬਾਬਾ ਸੰਗਤ ਦਾਸ, (7) ਬਾਬਾ ਨਿਧਾ ਦਾਸ ਦੇ ਦੋ ਚੇਲੇ ਬਾਬਾ ਗੋਦੜ ਜੀ ਅਤੇ ਬਿਸ਼ਨ ਦਾਸ ਜੀ ਸਨ। ਬਾਬਾ ਗੋਦੜ ਦਾਸ ਜੀ ਨੂੰ ਧਰਮਸਾਲ ਦੀ ਮਹੰਤੀ ਮਿਲੀ ਤੇ ਬਾਬਾ ਬਿਸ਼ਨ ਦਾਸ ਨੂੰ ਬਾਵਲੀ ਸਾਹਿਬ ਦੀ ਸੇਵਾ-ਸੰਭਾਲ। ਗੋਦੜ ਜੀ ਤੋਂ ਬਾਅਦ ਧਰਮਸਾਲ ਦੇ ਮਹੰਤ ਮੰਗੂ ਜੀ ਨੀਯਤ ਹੋਏ, ਜਿਨ੍ਹਾਂ ਨੇ ਗੁਰਧਾਮ ਦੀ ਚੰਗੀ ਮਹਿਮਾ ਵਿਸਥਾਰੀ। ਇਸੇ ਕਰਕੇ ਧਰਮਸਾਲ ਦਾ ਨਾਮ 'ਮੰਗੂ ਮੱਠ' ਪ੍ਰਸਿੱਧ ਹੋ ਗਿਆ। ਲੇਕਿਨ ਬਿਸ਼ਨ ਦਾਸ ਦੇ ਚੇਲੇ ਗੁਰਪ੍ਰਸਾਦ ਤੋਂ ਬਾਅਦ ਉਹਨਾਂ ਦਾ ਸੇਵਕ ਰਾਮਦਾਸ ਮਹੰਤ ਬਣਿਆ, ਤਾਂ ਇਕ ਰੰਨ ਦਾ ਗੋੱਲਾ ਬਣ ਕੇ ਸਾਰੀ ਜਾਇਦਾਦ ਖਾ ਪੀ ਕੇ ਬਰਬਾਦ ਕਰ ਬੈਠਾ।

ਅਧਿਆਇ ਛੇਵਾਂ

ਉਦਾਸੀ ਸੰਪ੍ਰਦਾਇ ਦੇ ਪ੍ਰਸਿੱਧ ਸੰਤ

1. ਸੰਤ ਰੰਗੀ ਰਾਮ ਜੀ

ਬਾਬਾ ਰੰਗੀ ਰਾਮ ਜੀ ਦਾ ਜਨਮ ਨਗਰ ਭੁਟਾਲ ਕਲਾਂ ਵਿਖੇ ਹੋਇਆ। ਬਾਬਾ ਜੀ ਨੇ ਬਧੌਛੀ ਡੇਰਾ ਲਾਇਆ। ਬਾਬਾ ਜੀ ਦਾ ਗੁਰ-ਅਸਥਾਨ ਰੁਪਾੜ ਹੇੜੀ ਹੈ ਅਤੇ ਗੁਰਦੇਵ ਜੀ ਮਹਾਰਾਜ ਸਰਬੰਸ ਦਾਸ ਜੀ ਉਦਾਸੀਨ ਸਨ। ਆਪ ਜੀ ਬਾਬਾ ਵੀਰਮ ਦਾਸ ਦੇ ਸਮਕਾਲੀ ਸਾਧੂ ਸਨ। ਬਾਬਾ ਵੀਰਮ ਦਾਸ ਜੀ ਆਪ ਜੀ ਦੇ ਕੌਤਕ ਦੇਖ ਕੇ ਕਿਹਾ ਕਰਦੇ ਸਨ ਕਿ "ਰੰਗੀ ਰਾਮਾ! ਨਾਮ ਦਾ ਰੰਗੀ ਰਾਮ ਹੈ ਤੇ ਹੈਂ ਵੀ ਰੰਗੀ ਰਾਮ।" ਬਾਬਾ ਰੰਗੀ ਰਾਮ ਬੀਨ ਦੇ ਲਹਿਰੇ ਵਿਚ ਸੁਖਮਨੀ ਸਾਹਿਬ ਦੇ ਦੋ ਪਾਠ ਕਰ ਦਿਆ ਕਰਦੇ ਸਨ। ਬੀਨ ਦੇ ਲਹਿਰੇ ਵੱਜੀ ਜਾਣੇ ਤੇ ਗਊਆਂ ਨੇ ਆਲੇ-ਦੁਆਲੇ ਚਰੀ ਜਾਣਾ। ਜਦੋਂ ਦੋ ਸੁਖਮਨੀ ਸਾਹਿਬ ਦੇ ਪਾਠ ਸਮਾਪਤ ਹੋ ਜਾਣ ਤੇ ਗਊਆਂ ਆਪੇ ਰੰਗੀ ਰਾਮ ਜੀ ਕੋਲ ਆ ਖੜਦੀਆਂ।

ਸੰਤਾਂ ਦਾ ਕੋਈ ਪੱਕਾ ਟਿਕਾਣਾ ਨਹੀਂ ਹੁੰਦਾ। ਅੱਜ-ਕੱਲ੍ਹ ਸੰਤ ਪੱਕੇ ਸਥਾਨ ਬਣਾ ਕੇ ਰਹਿੰਦੇ ਹਨ, ਪਰੰਤੂ ਪੁਰਾਤਨ ਸਮਿਆਂ ਅੰਦਰ ਸਾਧੂ ਜੰਗਲਾਂ-ਬੇਲਿਆਂ ਵਿਚ ਹੀ ਰਮਤ ਕਰਦੇ ਰਹਿੰਦੇ ਸਨ। ਕਦੇ ਵੀ ਇਕ ਥਾਂ 'ਤੇ ਟਿੱਕ ਨਹੀਂ ਸਨ ਬੈਠਦੇ। ਇਸ ਤਰ੍ਹਾਂ ਬਾਬਾ ਰੰਗੀ ਰਾਮ ਜੀ ਵੀ ਵੱਖ ਵੱਖ ਥਾਵਾਂ 'ਤੇ ਪੜਾਅ ਕਰਦੇ ਤੁਰੇ ਫਿਰਦੇ ਰਹਿੰਦੇ ਸਨ ਤੇ ਨਾਲ ਹੀ ਉਹਨਾਂ ਦੀਆਂ ਗਊਆਂ ਵੀ। ਪਟਿਆਲੇ ਦੀ ਹੱਦ ਅੰਦਰ ਪਿੰਡ ਬੈਂ ਹੈ। ਨਹਿਰ ਦੇ ਪਰਲੇ ਪਾਸੇ ਪਿੰਡ ਦੰਦਰਾਲਾ ਖਰੌਡਾਂ ਪਟਿਆਲਾ ਰਿਆਸਤ ਵਿਚ ਹੈ। ਇਨ੍ਹਾਂ ਦੋਨਾਂ ਪਿੰਡਾਂ ਦੇ ਦਰਮਿਆਨ ਇਹ ਮਹਾਨ ਹਸਤੀਆਂ ਤੇ ਕਈ ਹੋਰ ਸਾਧੂ ਵਿਚਰਦੇ ਸਨ। ਕਿਸੇ ਸਮੇਂ ਉਸ ਬੇਗੀਆਨੇ ਢਾਬ ਦੇ ਕਿਨਾਰੇ ਬਾਵਾ ਬੀਰਮ ਦਾਸ ਜੀ ਦੇ ਆਗਮਨ ਤੋਂ ਪਹਿਲਾਂ ਨਗਰ ਭਾਗੋਆਨਾ ਵੱਸਦਾ ਸੀ। ਪਰ ਉਥੇ ਅੱਜ ਵੀ ਬੇਗੀਆਨੇ ਟੋਭੇ ਦੀ ਹੀ ਨਿਸ਼ਾਨੀ ਹੈ। ਭਾਵੇਂ ਆਲੇ-ਦੁਆਲੇ ਕਾਫ਼ੀ ਜਗ੍ਹਾ ਆਬਾਦ ਹੋ ਚੁੱਕੀ ਹੈ। ਹੁਣ ਜੰਗਲ ਚੱਕ ਦਿੱਤੇ ਹਨ, ਉਪਜਾਊ ਪੈਲੀਆਂ ਹੁੰਦੀਆਂ ਹਨ। ਭਾਗੋਆਨਾ ਨਗਰ ਵਿਚ ਇਕ ਮਾਈ ਨੂੰ ਸੰਤਾਂ ਦੇ ਸਰਾਪ ਦੇਣ 'ਤੇ ਇਹ ਨਗਰ ਉੱਜੜ ਗਿਆ ਸੀ। ਸਿਵਾਏ ਬੇਗੀਆਨੇ ਦੇ ਟੋਭੇ ਦੇ ਉਸ ਪਿੰਡ ਦਾ ਕੋਈ ਨਾਮ-ਨਿਸ਼ਾਨ ਨਹੀਂ ਹੈ। ਉਸ ਪਿੰਡ ਦੀ ਹੋਂਦ ਦਾ ਪੁਰਾਣੇ ਪਟਵਾਰੀਆਂ ਦੇ ਕਾਗਜ਼ਾਂ ਵਿੱਚੋਂ ਪਤਾ ਲੱਗਦਾ ਹੈ।

ਨਹਿਰ ਦੇ ਲਹਿੰਦੇ ਵੱਲ ਇਕ ਚੰਦ ਮਕਾਨਾਂ ਵਾਲਾ ਇਕ ਦੋ ਉੱਚੀਆਂ

ਅਟਾਰੀਆਂ ਵਾਲਾ ਛੋਟਾ ਜਿਹਾ ਪਿੰਡ ਹੈ। ਜੋ ਬੈਂ ਕਰਕੇ ਮਸ਼ਹੂਰ ਹੈ। ਇਸ ਬੈਂ ਨਗਰ ਦਾ ਸਰਦਾਰ ਬਾਬਾ ਰੰਗੀ ਰਾਮ ਜੀ ਦੀਆਂ ਗਊਆਂ ਨਾਲ ਵੈਰ-ਭਾਵ ਰੱਖਣ ਲੱਗ ਪਿਆ। ਸੰਤ ਦੋਖੀਆਂ ਨੇ ਰੋਹੀਆਂ ਉਦਿਆਨਾਂ ਵਿਚ ਰਹਿਣ ਵਾਲੇ ਸਾਧੂਆਂ ਨਾਲ ਇਨ੍ਹਾਂ ਸੁਤੇ-ਸਿੱਧ ਹੀ ਵੈਰ ਪਾ ਲਿਆ। ਇਥੋਂ ਤਕ ਮੂਲੇਪੁਰ ਤੋਂ ਥਾਣੇਦਾਰ ਨੂੰ ਚੜ੍ਹਾਅ ਲਿਆਇਆ।

ਇਤਨਾ ਵੈਰ ਵਧਾ ਲਿਆ ਕਿ ਥਾਣੇਦਾਰ ਨੇ ਚੜ੍ਹਾਈ ਕਰ ਕੇ ਸੰਤਾਂ 'ਤੇ ਹਮਲਾ ਕਰਨਾ ਚਾਹਿਆ ਕਿ ਪਕੜ ਕੇ ਜੇਲ੍ਹ ਲੈ ਚੱਲੀਏ। ਇਹ ਖ਼ਬਰ ਆਲੇ-ਦੁਆਲੇ ਦੇ ਪਿੰਡਾਂ ਵਿਚ ਫੈਲ ਗਈ। ਬਾਬਾ ਕੌਲ ਜੀ ਦੇ ਖ਼ਾਨਦਾਨ ਵਿਚ ਸੰਤ ਅਰਜਨ ਸਿੰਘ ਜੀ ਵੀ ਬਾਬਾ ਰੰਗੀ ਰਾਮ ਜੀ ਦੀ ਸਹਾਇਤਾ ਲਈ ਆਏ। ਉਹਨਾਂ ਦਾ ਤੇ ਥਾਣੇਦਾਰ ਦਾ ਆਪਸ ਵਿਚ ਕਾਫ਼ੀ ਤਕਰਾਰ ਹੋਇਆ। ਥਾਣੇਦਾਰ ਨੇ ਬਾਬਾ ਅਰਜਨ ਸਿੰਘ ਜੀ 'ਤੇ ਡੰਡਾ ਮਾਰਨਾ ਚਾਹਿਆ ਤਾਂ ਬਾਬਾ ਅਰਜਨ ਸਿੰਘ ਨੇ ਆਪਣੇ ਨੇਤਰਾਂ ਨਾਲ ਥਾਣੇਦਾਰ ਵੱਲ ਤੱਕਿਆ ਤਾਂ ਉਸ ਦੀ ਰੂਲ ਵਾਲੀ ਬਾਂਹ ਉਥੇ ਹੀ ਜੁੜ ਗਈ। ਹਿੱਲਣ ਦੀ ਤਾਕਤ ਨਾ ਰਹੀ। ਫਿਰ ਵੀ ਉਸ ਥਾਣੇਦਾਰ ਨੂੰ ਅਕਲ ਨਾ ਆਈ, ਬਲਕਿ ਸੰਤ ਅਰਜਨ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਕੇ ਪਟਿਆਲੇ ਜੇਲ੍ਹ ਬੰਦੀਖ਼ਾਨੇ ਵਿਚ ਪਹੁੰਚਾ ਦਿੱਤਾ। ਉਥੇ ਕਈ ਜੁਰਮ ਲਗਾ ਕੇ ਸੰਤ ਅਰਜਨ ਸਿੰਘ ਨੂੰ ਚੱਕੀ ਪੀਸਣ ਦੀ ਮੁਸ਼ੱਕਤ ਲਗਾ ਦਿੱਤੀ। ਇਥੇ ਵੀ ਏਮਨਾਬਾਦ ਵਾਲੀ ਘਟਨਾ ਵਾਪਰੀ। ਜਦੋਂ ਸੰਤ ਜੀ ਅੱਗੇ ਅਨਾਜ ਰੱਖ ਕੇ ਚੱਕੀ ਪੀਸਣ ਨੂੰ ਕਿਹਾ ਗਿਆ ਤਾਂ ਚੱਕੀ ਆਪਣੇ ਆਪ ਚੱਲਣ ਲੱਗ ਪਈ। ਇਸ ਕੌਤਕ ਦੀ ਖ਼ਬਰ ਸਾਰੀ ਜੇਲ੍ਹ ਵਿਚ ਫੈਲ ਗਈ। ਇਥੋਂ ਤਕ ਰਾਜੇ ਭੁਪਿੰਦਰ ਸਿੰਘ ਤਕ ਵੀ ਇਹ ਖ਼ਬਰ ਪਹੁੰਚ ਗਈ। ਮਹਾਰਾਜਾ ਮੰਤਰੀਆਂ ਸਮੇਤ ਜੇਲ੍ਹ ਵਿਚ ਸੰਤ ਜੀ ਦੇ ਦਰਸ਼ਨ ਕਰਨ ਆਇਆ। ਉਸ ਨੂੰ ਡਰ ਸੀ ਕਿ ਸੰਤਾਂ ਦੇ ਸਰਾਪ ਨਾਲ ਮੇਰਾ ਰਾਜ ਭਾਗ ਹੀ ਨਾ ਗ਼ਰਕ ਹੋ ਜਾਵੇ। ਆਉਂਦਾ ਹੀ ਰਾਜਾ ਸੰਤ ਅਰਜਨ ਸਿੰਘ ਦੇ ਚਰਨਾਂ 'ਤੇ ਢਹਿ ਪਿਆ ਤੇ ਬਖ਼ਸ਼ ਦਿਓ! ਬਖ਼ਸ਼ ਦਿਓ!! ਦੀ ਅਰਦਾਸ ਕਰਨ ਲੱਗਿਆ। ਅੱਗੋਂ ਬਾਬਾ ਜੀ ਨੇ ਕਿਹਾ ਕਿ "ਪਹਿਲਾਂ ਇਹ ਮੰਨੋ ਕਿ ਅੱਗੇ ਤੋਂ ਕਿਸੇ ਸੰਤ ਨੂੰ ਦੁੱਖ ਨਹੀਂ ਦਿਆਂਗੇ। ਖ਼ਾਸ ਕਰਕੇ ਬਾਬਾ ਰੰਗੀ ਰਾਮ ਜੀ ਅਤੇ ਉਨ੍ਹਾਂ ਦੀਆਂ ਗਊਆਂ ਕਰਕੇ ਸਾਨੂੰ ਇਹ ਜੇਲ੍ਹ ਕੱਟਣੀ ਪਈ।"

ਰਾਜਾ ਭੁਪਿੰਦਰ ਸਿੰਘ ਨੇ ਅੱਗੇ ਤੋਂ ਕਿਸੇ ਸੰਤ ਨੂੰ ਤੰਗ ਪਰੇਸ਼ਾਨ ਨਾ ਕਰਨ ਦਾ ਬਚਨ ਦਿੱਤਾ। ਜੇਲ੍ਹ ਵਿਚ ਜਿਸ ਥਾਂ 'ਤੇ ਸੰਤ ਜੀ ਨੇ ਚੱਕੀ ਚਲਾਈ ਸੀ, ਉਥੇ ਹੀ ਗੁਰਦੁਆਰਾ ਸਾਹਿਬ ਸਥਾਪਤ ਹੈ।

ਬਾਬਾ ਰੰਗੀ ਰਾਮ ਜੀ ਚਲੋਲੇ ਤੋਂ ਰੋੜੇਵਾਲਾ ਉਪਰੰਤ ਛੋਟੀ ਬਧੌਛੀ ਡੇਰਾ ਲਾਇਆ। ਬਾਬਾ ਵੀਰਮ ਦਾਸ ਜੀ ਦਾ ਵੱਡੀਆਂ ਬਧੌਛੀ ਡੇਰਾ ਹੈ। ਛੋਟੀ ਬਧੌਛੀ ਤੋਂ ਬਾਹਰ ਪੱਛਮ ਵੱਲ ਬਾਬਾ ਰੰਗੀ ਰਾਮ ਜੀ ਦਾ ਬਾਗ਼ ਹੈ। ਇਸ ਬਾਗ਼ ਦੀ ਸੇਵਾ ਸੰਤ ਅਰਜਨ ਸਿੰਘ ਜੀ ਨੇ ਕਰਵਾਈ। ਕੁਦਰਤ ਅਤੇ ਦੇਵਨੇਤ ਨਾਲ ਬਾਗ਼ ਪੂਰੇ ਜੋਬਨ 'ਤੇ ਖਿੜ ਗਿਆ ਤੇ ਫਲ ਦੇਣ ਲੱਗ ਪਿਆ। ਉਸ ਪਿੰਡ ਦੀ ਪੰਚਾਇਤ ਨੇ ਸੰਤਾਂ ਨੂੰ ਕਿਹਾ ਕਿ ਅਸੀਂ ਧਰਮਸਾਲਾ ਪਾਉਣੀ ਹੈ। ਅਸੀਂ ਸਤੀਰਾਂ ਤੇ ਬਾਲਿਆਂ

ਲਈ ਲੱਕੜ ਇਸੇ ਬਾਗ਼ ਵਿੱਚੋਂ ਕੱਟਣੀ ਹੈ। ਸੰਤਾਂ ਨੇ ਕਿਹਾ ਕਿ ਅਸੀਂ ਇਹ ਬਾਗ਼ ਬੜੀ ਮੁਸ਼ਕਲ ਨਾਲ ਪਾਲਿਆ ਹੈ। ਇਹ ਤਾਂ ਪਸ਼ੂ-ਪੰਛੀਆਂ ਲਈ ਛਾਂ ਅਤੇ ਫਲ ਦੇਣ ਲਈ ਹੈ। ਚੂਲੀ ਚੂਲੀ ਪਾਣੀ ਦੇ ਕੇ ਇਸ ਨੂੰ ਸੰਤਾਂ ਨੇ ਸਿੰਜਿਆ ਹੈ, ਪਰ ਪੰਚਾਇਤ ਕਿਥੇ ਮੰਨਣ ਵਾਲੀ ਸੀ। ਉਹਨਾਂ ਨੇ ਧੱਕੇ ਨਾਲ ਲੱਕੜ ਕੱਟ ਲਈ, ਸੰਤਾਂ ਨੇ ਬਚਨ ਕੀਤਾ ਕਿ ਜਿਥੇ ਇਹ ਲੱਕੜ ਪਾਓਗੇ, ਉਥੇ ਕੋਈ ਵੀ ਆਰਾਮ ਨਹੀਂ ਕਰ ਸਕੇਗਾ।

ਜਿਥੇ ਬਾਗ਼ ਦੀਆਂ ਲੱਕੜੀਆਂ ਵਾਲੇ ਸ਼ਤੀਰ ਤੇ ਬਾਲੇ ਤਿਆਰ ਕਰਨੇ ਪਏ, ਉਹ ਢਹਿ ਢੇਰੀ ਹੋ ਗਈ। ਉਹ ਧਰਮਸਾਲਾ ਬੇ-ਆਬਾਦ ਹੋ ਗਈ। ਕੋਈ ਜੰਞ ਨਾ ਉਤਰੀ, ਨਾ ਹੀ ਕੋਈ ਆਰਾਮ ਕਰ ਸਕਿਆ। ਇਹ ਬਚਨ ਸੰਤਾਂ ਦਾ ਪੂਰਾ ਹੋਇਆ। ਉਹ ਥਾਂ ਕਲੇਸ਼ ਦਾ ਘਰ ਬਣ ਗਈ। ਪੰਚਾਇਤ ਵਿਚ ਆਪਸੀ ਲੜਾਈ ਸ਼ੁਰੂ ਹੋ ਗਈ।

ਸੰਤ ਰੰਗੀ ਰਾਮ ਜੀ ਨੇ ਪੰਚਾਇਤ ਨੂੰ ਵਰਜਿਆ ਸੀ। ਸੰਤਾਂ ਦੀਆਂ ਵਸਤੂਆਂ ਦੇਖ ਕੇ ਮਨ ਲੁਭਾਇਮਾਨ ਨਹੀਂ ਕਰੀਦਾ, ਸਗੋਂ ਸੰਤਾਂ ਦੀ ਮਦਦ ਕਰੀਦੀ ਹੈ। ਪੰਚਾਇਤ ਹੰਕਾਰ ਵਿਚ ਬੋਲੀ ਕਿ "ਇਹ ਤਾਂ ਸਾਂਝੀ ਪਿੰਡ ਦੀ ਜ਼ਮੀਨ ਹੈ। ਤੁਹਾਡਾ ਕੀ ਹੈ ਇਥੇ ?" ਸੰਤਾਂ ਨਾਲ ਧੱਕੇਸ਼ਾਹੀ ਕੀਤੀ। ਸੰਤਾਂ ਨਿਰਦਾਵੇ ਹੋ ਕੇ ਗਊਆਂ ਲੈ ਕੇ ਰੁਪਾਲਹੇੜੀ ਆ ਕੇ ਅਸਥਾਨ ਕੀਤਾ। ਸੰਤਾਂ ਨੇ ਕਈ ਵਾਰ ਵੱਡੇ ਭੰਡਾਰੇ ਕਰਨੇ। ਬਾਬਾ ਜੀ ਦਾ ਪਿੰਡ ਭੁਟਾਲ ਕਲਾਂ ਸੀ। ਅੰਤਿਮ ਸਮੇਂ ਆਪ ਜੀ ਨੇ ਪਿੰਡ ਦੇ ਵਸਨੀਕਾਂ ਤੇ ਸ਼ਰਧਾਲੂ ਸੰਗਤਾਂ ਨੂੰ ਆਖਿਆ ਕਿ ਹੁਣ ਅਸੀਂ ਸਰੀਰ ਤਿਆਗਣਾ ਹੈ। ਆਪ ਗਊਆਂ ਦੇ ਨਾਲ ਬੀਨ ਵਜਾਉਂਦੇ ਹੋਏ ਭੁਟਾਲ ਕਲਾਂ ਵਿਚ ਪਹੁੰਚੇ। ਉਥੇ ਸਮਾਧੀ ਸਥਿਤ ਹੋ ਗਏ। ਆਪ ਜੀ ਨੇ ਇਸ਼ਨਾਨ ਕਰ ਕੇ ਬੀਨ ਦੇ ਲਹਿਜੇ 'ਤੇ ਸੁਖਮਨੀ ਸਾਹਿਬ ਦੇ ਪਾਠ ਕੀਤੇ ਤੇ ਨਿਤਨੇਮ ਦਾ ਪਾਠ ਕਰ ਕੇ ਸਰੀਰ (ਚੋਲਾ) ਤਿਆਗ ਦਿੱਤਾ। ਇਥੇ ਆਪ ਜੀ ਦੀ ਸਮਾਧੀ ਬਣੀ ਹੋਈ ਹੈ।

2. ਬਾਬਾ ਵੀਰਮ ਦਾਸ ਜੀ

ਬਾਬਾ ਵੀਰਮ ਦਾਸ ਜੀ ਸੰਤ ਗੋਕਲ ਦਾਸ ਜੀ ਦੇ ਸ਼ਿਸ਼ ਸਨ। ਬਾਬਾ ਵੀਰਮ ਦਾਸ ਜੀ ਗੋਕਲ ਦਾਸ ਜੀ ਦੇ ਡੇਰੇ ਦੀਆਂ ਗਾਵਾਂ ਚਾਰਨ ਦੀ ਸੇਵਾ ਲਗਪਗ 12 ਸਾਲ ਨਿਭਾਉਂਦੇ ਰਹੇ। ਬਾਬਾ ਵੀਰਮ ਦਾਸ ਜੀ ਨੂੰ ਸੁਖਮਨੀ ਸਾਹਿਬ ਦੇ ਪਾਠ ਕੰਠ ਸੀ। ਉਹ ਦਿਨ ਰਾਤ ਸੁਖਮਨੀ ਸਾਹਿਬ ਦੇ ਪਾਠ ਕਰਦੇ ਰਹਿੰਦੇ ਸਨ। ਇਕ ਦਿਨ ਬਾਬਾ ਵੀਰਮ ਦਾਸ ਜੀ ਸਮਾਧੀ ਲਗਾ ਕੇ ਬੈਠ ਗਏ। ਗਊਆਂ ਕਿਸਾਨਾਂ ਦੇ ਖੇਤਾਂ ਵਿਚ ਜਾ ਵੜੀਆਂ ਤੇ ਫ਼ਸਲਾਂ ਦੀ ਤਬਾਹੀ ਦੇਖ ਕੇ ਕਿਸਾਨ ਬਾਬਾ ਜੀ ਕੋਲ ਆਇਆ ਤੇ ਕ੍ਰੋਧਵਾਨ ਹੋ ਕੇ ਬਾਬਾ ਜੀ ਨੂੰ ਕੁਬਚਨ ਬੋਲਿਆ। ਜਿਸ ਨਾਲ ਬਾਬਾ ਜੀ ਦੀ ਸਮਾਧੀ ਖੁੱਲ੍ਹ ਗਈ। ਕਿਸਾਨ ਨੇ ਡੇਰੇ 'ਤੇ ਆ ਕੇ ਸੰਤ ਗੋਕਲ ਦਾਸ ਜੀ ਨੂੰ ਵੀ ਉਲਾਂਭਾ ਦਿੱਤਾ। ਕੁਝ ਦੇਰ ਬਾਅਦ ਬਾਬਾ ਵੀਰਮ ਦਾਸ ਜੀ ਵੀ ਡੇਰੇ ਵਿਚ ਵਾਪਸ ਆਏ। ਬਾਬਾ ਜੀ ਨੂੰ ਸੰਤ ਗੋਕਲ ਦਾਸ ਜੀ ਨੇ ਕਿਹਾ ਕਿ ਗਊਆਂ ਦੀ ਠੀਕ ਤਰ੍ਹਾਂ

ਸੰਭਾਲ ਨਹੀਂ ਕੀਤੀ। ਕਿਸਾਨ ਦਾ ਖੇਤ ਉਜਾੜ ਦਿੱਤਾ ਹੈ। ਬਾਬਾ ਵੀਰਮ ਦਾਸ ਜੀ ਬੋਲੇ, "ਗੁਰਦੇਵ ਚਲੋ ਜਾ ਕੇ ਦੇਖੋ।" ਗੋਕਲ ਦਾਸ ਜੀ ਨੇ ਕਿਸਾਨ ਨੂੰ ਕਿਹਾ ਕਿ ਆਪ ਜੀ ਨਗਰ ਵਿਚ ਜਾ ਕੇ ਪਤਵੰਤੇ ਸੱਜਣ, ਪੰਚਾਇਤ, ਨੰਬਰਦਾਰ ਨੂੰ ਬੁਲਾ ਕੇ ਲਿਆਓ ਤੇ ਅਸੀਂ ਵੀ ਚੱਲਦੇ ਹਾਂ। ਕਿਸਾਨ ਨਗਰ ਵਿੱਚੋਂ ਪੰਚਾਇਤ ਬੁਲਾ ਲਿਆਇਆ। ਬਾਬਾ ਜੀ ਨੂੰ ਨਾਲ ਲੈ ਕੇ ਗੋਕਲ ਦਾਸ ਜੀ ਵੀ ਖੇਤ ਵਿਚ ਪਹੁੰਚੇ। ਬਾਬਾ ਵੀਰਮ ਦਾਸ ਜੀ ਨੇ ਕਿਹਾ, "ਦਿਖਾਓ ਕਿਹੜੀ ਖੇਤੀ ਉਜਾੜੀ ਹੈ।" ਜਦੋਂ ਦੇਖਿਆ ਤਾਂ ਫ਼ਸਲ ਅੱਗੋਂ ਨਾਲੋਂ ਵੀ ਹਰੀ-ਭਰੀ ਖੜੀ ਹੈ। ਕਿਸਾਨ ਤੇ ਪੰਚਾਇਤ ਦੇਖ ਕੇ ਹੱਕੇ-ਬੱਕੇ ਰਹਿ ਗਏ। ਕਿਸਾਨ ਝੂਠਾ ਪੈ ਗਿਆ।

ਲੋਕਾਂ ਨੇ ਬਾਬਾ ਵੀਰਮ ਦਾਸ ਜੀ ਨੂੰ ਸਿੱਧ ਪੁਰਸ਼ ਮੰਨਣਾ ਕੀਤਾ। ਦੂਜੀ ਵਾਰ ਸੰਤ ਗੋਕਲ ਦਾਸ ਜੀ ਨੇ ਬਾਬਾ ਵੀਰਮ ਦਾਸ ਜੀ ਨੂੰ ਗਊਆਂ ਦੀ ਸੇਵਾ ਤੋਂ ਮੁਕਤ ਕਰ ਕੇ ਧੂਣੇ ਲਈ ਜੰਗਲ ਤੋਂ ਲੱਕੜਾਂ ਲਿਆਉਣ ਲਈ ਬਚਨ ਕੀਤਾ। ਬਾਬਾ ਜੀ ਨੇ 12 ਸਾਲ ਧੂਣੇ ਦੀ ਸੇਵਾ ਕੀਤੀ। ਇਕ ਦਿਨ ਐਸਾ ਕੌਤਕ ਵਰਤਿਆ ਕਿ ਲੱਕੜਾਂ ਦਾ ਭਾਰ ਬਾਬਾ ਜੀ ਦੇ ਸੀਸ ਤੋਂ ਸਵਾ ਹੱਥ ਉੱਚਾ ਤੇ ਬਾਬਾ ਜੀ ਬਿਨਾਂ ਹੱਥ ਲਗਾਏ ਤੁਰੇ ਆ ਰਹੇ ਸਨ। ਜਦੋਂ ਡੇਰੇ ਦੇ ਨਜ਼ਦੀਕ ਆਏ ਤਾਂ ਸਾਰੇ ਸੇਵਾਦਾਰ ਤੇ ਸੰਤ ਗੋਕਲ ਦਾਸ ਜੀ ਦੇਖ ਕੇ ਹੈਰਾਨ ਰਹਿ ਗਏ। ਸੰਤ ਗੋਕਲ ਦਾਸ ਜੀ ਨੇ ਬਚਨ ਕੀਤਾ ਕਿ ਆਪ ਜੀ ਪੂਰਨ ਸਿੱਧ ਪੁਰਸ਼ ਹੋ ਗਏ ਹੋ। ਹੁਣ ਇਹ ਸੇਵਾ ਛੱਡ ਦੇਵੋ ਤੇ ਕੋਈ ਕਰਮ ਕਰੋ। ਹੁਣ ਮੈਂ ਤੁਹਾਨੂੰ ਕੋਈ ਸੇਵਾ ਨਹੀਂ ਕਹਿੰਦਾ। ਆਪ ਜੀ ਸਰਬ ਪ੍ਰਕਾਰ ਪਰੀਪੂਰਣ ਹੋ ਚੁੱਕੇ ਹੋ। ਇਹ ਬਚਨ ਸੁਣ ਕੇ ਬਾਬਾ ਵੀਰਮ ਦਾਸ ਜੀ ਉਦਾਸ ਹੋ ਗਏ ਤੇ ਜੰਗਲ ਵਿਚ ਜਾ ਕੇ ਸਮਾਧੀ ਲਗਾ ਲਈ। ਲਗਪਗ 12 ਸਾਲ ਸਮਾਧੀ ਵਿਚ ਰਹੇ ਤੇ ਆਲੇ-ਦੁਆਲੇ ਬਰਮੀ ਲੱਗ ਗਈ। 12 ਸਾਲ ਬਾਅਦ ਗੁਰੂ ਗੋਕਲ ਦਾਸ ਨੇ ਸੰਗਤ ਨੂੰ ਨਾਲ ਲਿਜਾ ਕੇ ਬਰਮੀ ਵਿੱਚੋਂ ਬਾਹਰ ਕੱਢਿਆ। ਅੱਗੇ ਬਚਨ ਕੀਤਾ ਕਿ ਤੂੰ ਬਹੁਤ ਸ਼ਕਤੀਆਂ, ਰਿਧੀਆਂ-ਸਿਧੀਆਂ ਕਮਾਈਆਂ ਦਾ ਮਾਲਕ ਹੋ ਗਿਆ ਹੈਂ। ਹੁਣ ਆਪ ਜੀ ਦਾ ਜਿਧਰ ਜੀਅ ਕਰਦਾ ਹੈ ਇਕੱਲੇ ਵਿਚਰੋ।

ਬਾਬਾ ਵੀਰਮ ਦਾਸ ਜੀ ਬਾਬਾ ਆਲਾ ਰਾਏ ਨੂੰ ਧੂਣਾ ਬਖ਼ਸ਼ ਕੇ ਆਪ ਰਾਜ ਦੀਆਂ ਹੱਦਾਂ ਦੇ ਆਲੇ-ਦੁਆਲੇ ਵਿਚਰਦੇ ਰਹੇ। ਕੁਲਬੁਰਸ਼ੇ ਨਗਰ ਬਾਰ੍ਹਾਂ ਸਾਲ ਇਕ ਬ੍ਰਾਹਮਣੀ ਮਾਈ ਦੇ ਚੁਬਾਰੇ ਵਿਚ ਆਸਣ ਰੱਖਿਆ। ਇਕ ਦਿਨ ਸੰਤ ਬਾਬਾ ਵੀਰਮ ਦਾਸ ਜੀਆਂ ਦੇ ਮਧੂਕਰੀਆਂ ਹੱਥ ਵਿਚ ਸਨ, ਤੁਰੇ ਆ ਰਹੇ ਸਨ। ਗਊਆਂ ਦੀ ਸੱਥ ਵਿੱਚੋਂ ਇਕ ਗਊ ਦੀ ਬਛਰੀ ਮਰੀ ਪਈ ਦੇਖ ਕੇ ਸੰਤ ਜੀ ਉਸ ਕੋਲ ਬੈਠ ਗਏ। ਉਸ ਦੇ ਸਿਰ ਥੱਲੇ ਹੱਥ ਰੱਖ ਕੇ ਫੇਰ ਕੰਨ ਵਿਚ ਕਿਹਾ, "ਤੂੰ ਕਿਉਂ ਮਰੀ ਪਈ ਹੈਂ ? ਉੱਠੋ ਜਾਗੋ ਤੇ ਚਰਣਾ ਕਰੋ।" ਬਛਰੀ ਉਠ ਕੇ ਆਪਣੀ ਮਾਂ ਦਾ ਦੁੱਧ ਚੁੰਘਣ ਲੱਗ ਪਈ। ਇਹ ਕੌਤਕ ਲੋਕਾਂ ਨੇ ਦੇਖਿਆ। ਬਾਬਾ ਜੀ ਦੀ ਸੋਭਾ ਸਾਰੇ ਨਗਰ ਵਿਚ ਫੈਲ ਗਈ। ਪਰ ਬਾਬਾ ਵੀਰਮ ਦਾਸ ਜੀ ਗੁਪਤ ਰਹਿਣਾ ਚਾਹੁੰਦੇ ਸਨ ਕਿ ਸਾਡੀ ਕੋਈ ਉਪਮਾ ਨਾ ਕਰੇ।

ਇਥੋਂ ਚੱਲ ਕੇ ਬਾਬਾ ਜੀ ਗਜੂ ਮਾਜਰੇ ਬਾਰ੍ਹਾਂ ਸਾਲ ਠਹਿਰੇ। ਫੇਰ ਇਥੋਂ ਰੋੜੇਵਾਲ

ਢੱਕੀ ਘਣੇ ਜੰਗਲ ਵਿਚ ਚੋਏ ਦੇ ਕਿਨਾਰੇ ਠਹਿਰੇ। ਬੇਗੀਆਣਾ ਰੋੜੇਵਾਲ, ਜਾਲ ਖੇੜੀ, ਡਕੌਂਦਾਂ, ਦਿਤੂਪੁਰ, ਦੰਦਰਾਲਾ ਦੇ ਨੇੜੇ ਬੈਂ-ਚਲੈਲਾ ਚੋਏ ਕਿਨਾਰੇ 'ਤੇ ਰੋੜੇਵਾਲ ਪਹਿਲਾਂ ਬਿਰਾਜਦਿਆਂ ਤਪੱਸਿਆ ਦਾ ਤੇਜ ਪ੍ਰਤਾਪ ਤੇ ਜੱਸ ਉਪਮਾ ਕਸਤੂਰੀ ਵਾਂਗ ਮਹਿਕ ਉਠੀ। ਉਨ੍ਹਾਂ ਦੇ ਤੇਜ ਪ੍ਰਤਾਪ ਨੂੰ ਦੇਖ ਕੇ ਜਿਵੇਂ ਰਾਜੇ ਆਉਂਦੇ ਸਨ, ਉਸੇ ਤਰ੍ਹਾਂ ਜੋਗੀ ਜੋਗ ਕਮਾਉਣ ਵਾਲੇ ਜਤੀ ਸਨ ਰੱਖਣ ਵਾਲੇ, ਸਤੀ ਹੋਰ ਮਹਾਨ ਤਪੱਸਵੀ ਸਾਧੂ ਸੰਤ ਉਹਨਾਂ ਕੋਲ ਆਉਣ ਲੱਗੇ। ਤਧੌਂਦਾ ਨਗਰ ਬਖ਼ਸ਼ਿਸ਼ ਗੁਰੂਦੇਵ ਬਾਬਾ ਪੂਰਨ ਜਸ ਜੀ ਉਦਾਸੀਨ ਦਾ ਜਨਮ ਨਗਰ ਔਰ ਗੁਰ-ਅਸਥਾਨ ਉਦਾਸੀਨ ਡੇਰਾ ਹੈ, ਇਥੇ ਮੜ੍ਹੀਆਂ ਵਿਚ ਬਹੁਤ ਸਮਾਂ ਠਹਿਰੇ।

ਜੰਮੂ ਦਾ ਰਾਜਾ ਆਪ ਜੀ ਦੀ ਸ਼ਰਨ ਆਇਆ। ਉਸ ਨੇ ਬਹੁਤ ਸਾਰੀ ਦੌਲਤ ਪੁੱਤਰ ਪ੍ਰਾਪਤੀ ਲਈ ਸਾਧੂ ਸੰਤਾਂ ਨੂੰ ਦੇ ਕੇ ਗਵਾ ਲਈ ਸੀ। ਜਦੋਂ ਬਾਬਾ ਵੀਰਮ ਦਾਸ ਜੀ ਬਾਰੇ ਪਤਾ ਲੱਗਿਆ ਤਾਂ ਆਪ ਪਹਿਲਾਂ ਪਇਆਲੇ ਵਾਲੇ ਮਹਾਰਾਜੇ ਭੂਪਿੰਦਰ ਸਿੰਘ ਕੋਲ ਆਏ। ਉਹਨਾਂ ਨੇ ਜੰਮੂ ਵਾਲੇ ਰਾਜੇ ਨੂੰ ਬਾਬਾ ਜੀ ਦੇ ਦਰਸ਼ਨ ਕਰਵਾਉਣ ਦਾ ਪ੍ਰਬੰਧ ਕੀਤਾ। ਬਾਬਾ ਵੀਰਮ ਦਾਸ ਜੀ ਰਾਜੇ ਮਹਾਰਾਜਿਆਂ ਦੀ ਪ੍ਰਵਾਹ ਨਹੀਂ ਸਨ ਕਰਦੇ। ਉਹਨਾਂ ਦੀਆਂ ਨਜ਼ਰਾਂ ਵਿਚ ਅਮੀਰ-ਗ਼ਰੀਬ ਇਕ-ਸਮਾਨ ਸਨ। ਪਰ ਭਾਗਾਂ ਵਾਲਿਆਂ ਨੂੰ ਦਰਸ਼ਨ ਦਿੰਦੇ ਸਨ, ਨਹੀਂ ਤਾਂ ਦੂਰੋਂ ਹੀ ਝਿੜਕ ਕੇ ਭਜਾ ਦਿੰਦੇ ਸਨ।

ਰਾਜੇ ਨੂੰ ਬਾਬਾ ਵੀਰਮ ਦਾਸ ਜੀ ਵਰ ਦਿੱਤਾ ਕਿ ਜਾਹ ਤੇਰੇ ਇਕ ਪੁੱਤਰ ਹੋਵੇਗਾ। ਰਾਜੇ ਨੂੰ ਕਿਹਾ, "ਜਾਹ ਹੁਣ ਚਲਾ ਜਾਹ।" ਇਉਂ ਬਚਨ ਕਰਕੇ ਸੰਤ ਵੀਰਮ ਦਾਸ ਜੀ ਬਧੌਛੀ ਕਲਾਂ ਬੰਨ੍ਹਾ ਛੱਡ ਕੇ ਅਤਾਪੁਰ ਧਰਤੀ 'ਤੇ ਆ ਬਿਰਾਜੇ। ਪਰ ਆਪ ਜੀ ਡੇਰੇ ਤੋਂ ਬਾਹਰ ਰੋਹੀ ਔਰ ਜੰਗਲ ਘਣੇ ਢੱਕਾਂ ਪਲਾਹਾਂ, ਹੀਸਾਂ ਵਿਚ ਹੀ ਰਹਿੰਦੇ ਸਨ। ਫਿਰ ਨਵਾਂ ਡੇਰਾ ਬੰਨ੍ਹਿਆ ਮਾਈ ਜੀਊਣੀ ਦਾਸ ਜੀ ਨੇ ਤੇ ਹੋਰ ਸਾਧੂਆਂ ਨੇ। ਸਰੋਵਰ ਬਧੌਛੀ ਦੀ ਜੂਹ ਵਿਚ ਅਤੇ ਡੇਰਾ ਅਤਾਪੁਰ ਦੀ ਹੱਦ ਵਿਚ ਹੈ। ਆਖ਼ਰ ਸਮਾਧੀ ਇਥੇ ਹੀ ਲਗਾ ਗਏ। ਇਸ ਦੀ ਦੋ-ਮੰਜ਼ਿਲਾ ਇਮਾਰਤ ਦੀ ਸੇਵਾ ਮਹਾਰਾਜਾ ਭੂਪਿੰਦਰ ਸਿੰਘ ਜੀ ਨੇ ਕੀਤੀ ਹੈ। ਇਕ ਪਾਸੇ ਲੰਗਰ ਦਾ ਪ੍ਰਬੰਧ ਕੀਤਾ ਗਿਆ ਹੈ। ਦਰਮਿਆਨ ਵਿਚ ਧੂਣਾ ਚੇਤਨ ਹੈ। ਖੂਹੀ ਦੀ ਸੇਵਾ ਸੰਤ ਅਰਜਨ ਸਿੰਘ ਜੀ ਨੇ ਕਰਵਾਈ।

3. ਸੰਤ ਰੋਡੂ ਰਾਮ ਜੀ

ਸੰਤ ਰੋਡੂ ਰਾਮ ਜੀ ਨੇ ਉਦਾਸੀ ਭੇਖ ਪਹਿਲਾਂ ਲਿਆ ਹੋਇਆ ਸੀ। ਪਰ ਇਥੇ ਸੰਤ ਵੀਰਮ ਦਾਸ ਜੀ ਦਾ ਪ੍ਰਤਾਪ ਦੇਖ ਕੇ, ਸੁਣ ਕੇ ਹਿਰਦੇ ਵਿਚ ਧਾਰਨ ਕੀਤਾ। ਨਿਸਚਿਤ ਪੂਰਨ ਖੱਟ ਲਖਣ ਮਹਾਂਪੁਰਖ ਮੰਨ ਕੇ ਸੰਤ ਬਾਬਾ ਵੀਰਮ ਦਾਸ ਜੀ ਦੀ ਸਰਨ ਵਿਚ ਸੰਤ ਰੋਡੂ ਰਾਮ ਜੀ ਨੇ ਚਲੈਲੇ ਤੋਂ ਖ਼ੁਸ਼ੀ ਖ਼ੁਸ਼ੀ ਨਾਲ ਭੱਜ ਕੇ ਜਾਣਾ। ਇਹ ਡੇਰੇ ਦੇ ਬਾਹਰ ਕੁਟੀਆ ਹੈ। ਇਸ ਦੇ ਨਾਲ ਹੀ ਗੁਰਦੁਆਰਾ ਤਪਸਰ ਸਾਹਿਬ

ਹੈ। ਇਥੇ ਸਰੋਵਰ ਪੱਕਾ ਹੈ। ਇਹ ਗੁਰਦੁਆਰਾ ਤਪਸਰ ਸਾਹਿਬ ਦੀ ਸੇਵਾ ਸੰਤ ਬਾਬਾ ਪੂਰਨ ਦਾਸ ਜੀ ਦੀ ਕਿਰਪਾ ਨਾਲ ਹੋਈ। ਗੁਰਦੁਆਰਾ ਤਪਸਰ ਸਾਹਿਬ ਤੋਂ ਇਕ ਫ਼ਰਲਾਂਗ ਫ਼ਾਸਲਾ ਪੂਰਬ ਵੱਲ ਇਹ ਡੇਰਾ ਇਸਥਿਤ ਹੈ। ਅੱਜ-ਕੱਲ੍ਹ ਇਸ ਡੇਰੇ ਦੀ ਨਾ ਸੰਭਾਲ ਕਰਕੇ ਬੇਆਬਾਦ ਹੋ ਚੁੱਕਿਆ ਹੈ। ਇਹਨਾਂ ਅਸਥਾਨਾਂ ਦੇ ਆਲੇ-ਦੁਆਲੇ ਪੂਰਬ ਦਿਸ਼ਾ ਵੱਲ ਡੋਹਰੀ-ਡੋਹਰ, ਬੀੜ, ਜੰਗਲ, ਢੱਕੀ ਦਾ ਰੂਪ ਧਾਰਨ ਕੀਤਾ ਹੋਇਆ ਸੀ, ਜਿਥੇ ਬਾਵਾ ਜੀ ਤਪ ਕਰਦੇ ਸਨ। ਇਸ ਤਰ੍ਹਾਂ ਕਰਦਿਆਂ 12 ਸਾਲ ਬੀਤ ਗਏ। ਇਕ ਦਿਨ ਬਾਬਾ ਵੀਰਮ ਦਾਸ ਮਹਾਰਾਜ ਜੀ ਆਪਣੀ ਮੌਜ ਵਿਚ ਆਏ, ਸੰਤ ਰੋਡੂ ਰਾਮ ਜੀ ਦੇ ਨਿਤਨੇਮ ਦਾ ਪੂਰਾ ਪ੍ਰਣ ਕਰ ਕੇ ਘਾਲਣਾ ਥਾਇ ਪਾਈ ਔਰ ਬਚਨ ਕੀਤਾ ਕਿ ਰੋਡੂ ਰਾਮ ਹੁਣ ਤੇਰੀ ਭਗਤੀ ਪੂਰੀ ਹੋਈ। ਹੁਣ ਤੂੰ ਨਾ ਆਇਆ ਕਰ। ਇਸ ਤਰ੍ਹਾਂ ਸੰਤ ਰੋਡੂ ਰਾਮ ਜੀ ਦਾ ਜੀਵਨ ਬਤੀਤ ਹੁੰਦਾ ਗਿਆ। ਸੰਤ ਰੋਡੂ ਰਾਮ ਜੀ ਦਾ ਇਕ ਡੇਰਾ ਛੀਂਟਾ ਵਾਲਾ ਡੇਰਾ (ਨਾਭਾ) ਆਪੋ ਆਪੀਆਂ ਦੇ ਨਾਂ ਨਾਲ ਪ੍ਰਸਿੱਧ ਹੈ।

4. ਸੰਤ ਦੇਵਾ ਦਾਸ ਜੀ ਉਦਾਸੀਨ

ਜਦੋਂ ਪਰਾ ਪੂਰਬਲਾ ਅੰਕੁਰ ਫੁੱਟਦਾ ਹੈ ਤਾਂ ਪੂਰਨ ਮਹਾਂਪੁਰਸ਼ ਦੀ ਸੰਗਤ ਕਰਨ ਦੀ ਖਿੱਚ ਪੈਂਦੀ ਹੈ। ਐਸੇ ਹੀ ਸੰਤ ਦੇਵਾ ਦਾਸ ਜੀ ਉਦਾਸੀਨ ਡੇਰਾ ਰੋੜਾਵਾਲ ਬਾਬਾ ਵੀਰਮ ਦਾਸ ਜੀ ਨੂੰ ਆਣ ਮਿਲੇ। ਗੁਰਬਾਣੀ ਫ਼ੁਰਮਾਨ ਹੈ :

ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥
ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥

(ਸੋਰਠਿ ਮ: ੫, ਪੰਨਾ 622)

ਜਵਾਨੀ ਵਿਚ ਆਪ ਜੀ ਨੇ ਗ੍ਰਿਹਸਤ ਆਸ਼ਰਮ ਵਿਚ ਪ੍ਰਵੇਸ਼ ਕੀਤਾ। ਆਪ ਜੀ ਦੀ ਅਰਧਾਂਗਣੀ ਦਾ ਨਾਂ ਮਾਤਾ ਬਿਸ਼ਨ ਕੌਰ ਸੀ। ਆਪ ਜੀ ਦੇ ਗ੍ਰਿਹਿ ਕ੍ਰਮਵਾਰ ਚਾਰ ਪੁੱਤਰ ਹੋਏ। ਚਾਰੇ ਪੁੱਤਰ ਸੋਹਣੇ ਛੈਲ ਛਬੀਲੇ ਜਵਾਨੀ ਪਹਿਰੇ ਅਕਾਲ ਚਲਾਣਾ ਕਰ ਗਏ। ਸੰਤ ਸੇਵਾ ਦਾਸ ਜੀ ਦੇ ਮਨ 'ਤੇ ਇਹਨਾਂ ਘਟਨਾਵਾਂ ਦਾ ਬੈਰਾਗਮਈ ਅਸਰ ਹੋਇਆ। ਆਪ ਘਰ-ਬਾਰ ਛੱਡ ਕੇ ਸੰਤ ਰੁੱਖੜ ਦਾਸ ਦੇ ਡੇਰੇ 'ਤੇ ਚਲੇ ਗਏ। ਰਿਆਸਤੀ ਟਿਕਾਣਾ ਨਾਭਾ ਰਿਆਸਤ ਵੱਲੋਂ ਵਾਕਯ ਸੀ। ਸੰਤ ਸੇਵਾ ਦਾਸ ਜੀ ਬੈਰਾਗੀ ਜੀਵਨ ਧਾਰਨ ਕਰ ਕੇ ਘਰ-ਬਾਰ ਤਿਆਗ ਕੇ ਰੁੱਖੜ ਦਾਸ ਜੀ ਤੋਂ ਵਿਦਾਇਗੀ ਲੈ ਕੇ ਬਾਬਾ ਵੀਰਮ ਦਾਸ ਜੀ ਦੀ ਸ਼ਰਨ ਪ੍ਰਾਪਤ ਕੀਤੀ। ਆਪ ਜੀ ਨੇ ਤਪੋਬਨ ਭੂਮੀ ਰਿਸ਼ੀਕੇਸ਼ ਤੇ ਹੋਰ ਬੇਲਿਆਂ ਵਿਚ ਲਗਪਗ 14 ਸਾਲ ਤਪੱਸਵੀ ਜੀਵਨ ਬਤੀਤ ਕੀਤਾ। ਉਸ ਤੋਂ ਬਾਅਦ ਰੋੜੇਵਾਲ ਬਾਬਾ ਵੀਰਮ ਦਾਸ ਜੀ ਕੋਲ ਆ ਡੇਰਾ ਕੀਤਾ। ਇਥੇ ਆ ਕੇ ਘੋਰ ਤਪੱਸਿਆ ਕੀਤੀ। ਇਸੇ ਸਮੇਂ ਦੌਰਾਨ ਹੀ ਆਪ ਜੀ ਦੀ ਗ੍ਰਿਹਸਥ ਦੀ ਸਾਥਨ ਬੀਬੀ ਬਿਸ਼ਨ ਕੌਰ ਘਰ-ਬਾਰ ਤਿਆਗ ਕੇ ਵੈਰਾਗਮਈ ਅਵਸਥਾ ਵਿਚ ਅਨੇਕਾਂ ਥਾਵਾਂ 'ਤੇ ਤਲਾਸ਼ ਤੇ ਤੀਰਥਾਂ 'ਤੇ ਭ੍ਰਮਣ ਕੀਤਾ। ਫਿਰ

ਕਿਤੇ ਦੱਸ ਪਈ ਕਿ ਸੰਤ ਦੇਵਾ ਦਾਸ ਜੀ ਰੋੜੇਵਾਲ ਤਪੋ ਭੂਮੀ 'ਤੇ ਤਪ ਕਰਦੇ ਹਨ। ਪੈਦਲ ਹੀ ਮਾਤਾ ਜੀ ਨੇ ਸੰਤ ਦੇਵਾ ਦਾਸ ਜੀ ਨੂੰ ਲੱਭ ਲਿਆ। ਦਰਸ਼ਨ ਕਰ ਕੇ ਉਥੇ ਨੇੜੇ ਮਾਤਾ ਜੀ ਦੀ ਕੁਟੀਆ ਬਣਵਾ ਦਿੱਤੀ ਤੇ ਸੰਤ ਦੇਵਾ ਦਾਸ ਜੀ ਨੇ ਮਾਤਾ ਜੀ ਨੂੰ ਉਥੇ ਰਹਿਣ ਲਈ ਇਕ ਸ਼ਰਤ ਵੀ ਰੱਖੀ ਕਿ ਤੁਹਾਨੂੰ ਸਵੇਰੇ ਸ਼ਾਮ ਭੀਖਿਆ ਮੰਗ ਕੇ ਲਿਆਉਣੀ ਪੈਣੀ ਹੈ। ਮਾਤਾ ਜੀ ਨੇ ਇਹ ਸ਼ਰਤ ਸਵੀਕਾਰ ਕੀਤੀ। ਮਾਤਾ ਜੀ ਨੇ ਬਚਨ ਮੰਨ ਕੇ ਉਥੇ ਹੀ ਛੱਪਰੀ ਪਾ ਕੇ ਟਿਕਾਣਾ ਕਰ ਲਿਆ। ਰੋੜੇਵਾਲ ਨਗਰ ਸਰਦਾਰ ਬਹਾਦਰ ਅਰੋੜਾ ਸਾਹਿਬ ਦਾ ਨਗਰ ਸੀ। ਰੋੜੇਵਾਲਾ (ਰੋੜ੍ਹਗੜ੍ਹ) ਉਥੇ ਮਾਤਾ ਦੀ ਛੱਪਰੀ ਵਿਚ ਬਸੇਰਾ ਸ਼ੁਰੂ ਕਰ ਦਿੱਤਾ ਤੇ ਵੱਸਦੇ ਨਗਰ ਵਿੱਚੋਂ ਦੁੱਧ ਅਤੇ ਮਧੂਕਰੀ ਦੀ ਭਿੱਖਿਆ ਲੈ ਕੇ ਆਉਂਦੇ। ਸੰਤ ਦੇਵਾ ਦਾਸ ਜੀ ਜਪ ਤਪ ਸਿਮਰਨ ਨਾਮ ਸ਼ਬਦ ਦਾ ਭੰਡਾਰਾ ਵਰਤਣਾ ਅਤੇ ਮਾਤਾ ਜੀ ਨੇ ਸੇਵਾ-ਸਿਮਰਨ ਤੇ ਲੰਗਰ ਦਾ ਵਰਤਾਉਣਾ। ਸੰਤ ਦੇਵਾ ਦਾਸ ਜੀ ਇਥੇ ਹੀ ਸੇਵਾ-ਸਿਮਰਨ ਕਰਦੇ ਹੋਏ ਸਮਾਧੀ ਲੈ ਗਏ। ਮਾਤਾ ਬਿਸ਼ਨ ਕੌਰ ਜੀ ਸੰਤ ਦੇਵਾ ਦਾਸ ਜੀ ਦੇ ਸਮਾਧੀ ਲੈਣ ਤੋਂ 40 ਸਾਲ ਤਕ ਰਹੇ। ਮਾਤਾ ਜੀ ਬਿਰਧ ਅਵਸਥਾ ਨੂੰ ਪ੍ਰਾਪਤ ਹੋ ਗਏ। ਉਹਨਾਂ ਨੂੰ ਭਾਈ ਗੁਰਦਿਆਲ ਸਿੰਘ ਜੀ ਆਪਣੇ ਘਰ ਲੈ ਗਏ। ਇਥੇ ਹੀ ਮਾਤਾ ਜੀ ਸਮਾਧੀ ਲੈ ਗਏ। ਮਾਤਾ ਜੀ ਨੇ ਬਚਨ ਕੀਤਾ ਕਿ ਉਹਨਾਂ ਦਾ ਸਸਕਾਰ ਵੀ ਉਸੇ ਧਰਤੀ ਵਿਚ ਕਰਿਓ।

5. ਸੰਤ ਤੂੰਬੀ ਪ੍ਰਕਾਸ਼ ਜੀ

ਸੰਤ ਤੂੰਬੀ ਪ੍ਰਕਾਸ਼ ਜੀ ਬਾਵਾ ਵੀਰਮ ਦਾਸ ਜੀ, ਜੋ ਚਰਨ ਗੰਗਾ ਦੇ ਕਿਨਾਰੇ ਰੁੜਕੀ ਅਤੇ ਚਨਾਰਥਲ ਦੇ ਦਰਮਿਆਨ ਵਿਚਰਦੇ ਸੱਚ ਦਾ ਚੰਦਰਮਾ ਸਰੂਪ ਬਾਬਾ (ਵੀਰਮ ਦਾਸ ਮਹਾਰਾਜ) ਦੇ ਇਸ ਸੰਤ ਦੇ ਦਰਸ਼ਨ ਕੀਤੇ। ਜਿੰਨੀ ਦੇਰ ਬਾਬਾ ਵੀਰਮ ਦਾਸ ਜੀ ਬੀੜ ਵਿਚ ਵਿਚਰਦੇ, ਉਤਨੀ ਦੇਰ ਸਨਮੁੱਖ ਦੀਦਾਰ ਉਨ੍ਹਾਂ ਵੱਲ ਹੀ ਤੱਕੀ ਜਾਣਾ। ਸੰਤਾਂ ਨੇ ਆਪਣੀ ਜੀਵਨ ਯਾਤਰਾ ਵਿਚ ਜੱਤ, ਸੱਤ, ਤਪ, ਹੱਠ ਜੋ ਵੀ ਨਿੱਤਨੇਮ ਕਰਮ ਆਦਿ ਕਰਦੇ ਸੁੰਨ ਸਮਾਧੀ ਵਿਚ ਦਾ ਜੀਵਨ ਢਾਲਿਆ ਹੋਇਆ ਸੀ। ਇਹ ਰੁੜਕੀ ਨਗਰ ਦੇ ਜੰਮਪਲ ਸਨ। ਇਨ੍ਹਾਂ ਨੇ ਫ਼ੌਜ ਦੀ ਡਿਊਟੀ ਨਿਭਾਉਣ ਤੋਂ ਬਾਅਦ ਗ੍ਰਿਹਸਤ ਜੀਵਨ ਵਿਚ ਵੀ ਰਹੇ, ਪਰ ਸੰਤਾਨ ਕੋਈ ਨਹੀਂ ਸੀ। ਫ਼ੌਜ ਦੀ ਡਿਊਟੀ ਦੀ ਜੋ ਪੈਨਸ਼ਨ ਬਣੀ, ਉਹ ਆਪ ਜੀ ਦੀ ਧਰਮ ਪਤਨੀ ਨੂੰ ਸੌਂਪ ਕੇ ਔਰ ਪ੍ਰਣ ਕਰ ਕੇ ਜੋਗ ਧਾਰਨ ਕੀਤਾ। ਪੂਰਨ ਬੈਰਾਗ ਸਾਹਿਤ ਘਰ ਨੂੰ ਛੱਡ ਕੇ ਇਸ ਡੇਰੇ ਦੇ ਸਾਧੂ ਚਿਪੀ ਵਾਲੇ ਪੂਰਨ ਦਾਸ ਜੀ ਵੱਡੀ ਬਧੌਛੀ ਵਾਲਿਆਂ ਨਾਲ ਮਿਲ ਕੇ ਜਿਨ੍ਹਾਂ ਨੇ ਸੰਤ ਤ੍ਰਿਬੈਣੀ ਦਾਸ ਤਿਆਗੀ ਜੀ ਨੂੰ ਗੁਰੂ ਧਾਰਨ ਕੀਤਾ। ਸੰਤ ਸਾਧੂ ਰਾਮ ਜੀ ਉਦਾਸੀਨ ਸੰਤ ਹਰੀ ਦਾਸ ਜੀ, ਲਿਖਾਰੀ ਦੀ ਚੌਂਕੜੀ ਸਾਧੂਆਂ ਦੀ ਇਸ ਡੇਰੇ ਨਾਲ ਸੰਬੰਧਿਤ ਸਨ। ਤਪੱਸਿਆ ਦੇ ਰੂਪ ਵਿਚ ਸੰਤ ਤ੍ਰਿਲੋਕ ਦਾਸ ਜੀ ਨੇ ਤੂੰਬੀ ਪ੍ਰਕਾਸ਼ ਜੀ ਦੀ ਕੁਟੀਆ 'ਤੇ ਰਹਿ ਕੇ ਬਾਵਾ ਪੂਰਨ ਦਾਸ ਮਹਾਰਾਜ ਜੀਆਂ ਵਾਂਗ ਗਊਆਂ ਨੂੰ ਜਲ ਛਕਾਉਣ ਦੀ ਸੇਵਾ ਕਰਨੀ। ਸੰਤ ਤ੍ਰਿਲੋਕ ਦਾਸ ਜੀ ਵੀ 1991 ਈ. ਵਿਚ ਸਮਾਧੀ ਲੈ ਗਏ।

6. ਸੰਤ ਤ੍ਰਿਬੈਣੀ ਦਾਸ ਤਿਆਗੀ

ਸੰਤ ਤ੍ਰਿਬੈਣੀ ਦਾਸ ਜੀ ਦਾ ਜਨਮ ਸਥਾਨ ਲੌਂਗੋਵਾਲ ਪਿੰਡ ਦਾ ਹੈ। ਇਥੇ ਵੀ ਸਿੱਧਾਂ ਦਾ ਅਸਥਾਨ ਰੂਪ ਮਾਨਨਯ ਹੈ। ਤਿਆਗੀ ਜੀ ਉਥੇ ਵੀ ਸਾਧੂ-ਸੰਤਾਂ ਦੀ ਸੰਗਤ ਦਾ ਆਨੰਦ ਮਾਣਦੇ ਰਹੇ। ਜੋਬਨ ਅਵਸਥਾ ਵਿਚ ਬੈਰਾਗੀ ਹੋ ਕੇ ਘਰ-ਬਾਰ ਤਿਆਗ ਦਿੱਤਾ। ਸਿੱਧਾਂ ਦੇ ਅਸਥਾਨ 'ਤੇ ਆਉਂਦੇ ਸੰਤਾਂ-ਸਾਧੂਆਂ ਤੋਂ ਬਾਬਾ ਵੀਰਮ ਦਾਸ ਜੀ ਦੀ ਦੱਸ ਪਈ।

ਸੰਤ ਤਿਆਗੀ ਜੀ ਲੌਂਗੋਵਾਲ ਤੋਂ ਚੱਲ ਕੇ ਬਾਬਾ ਜੀ ਨੂੰ ਮਿਲਣ ਦੀ ਤਾਂਘ ਲੈ ਕੇ ਬਧੌਛੀ ਪਹੁੰਚੇ। ਸੰਘਣੇ ਜੰਗਲਾਂ ਵਿਚ ਟੋਲਦਿਆਂ ਬਾਬਾ ਵੀਰਮ ਦਾਸ ਜੀ ਦੇ ਦਰਸ਼ਨ ਕੀਤੇ। ਬਹੁਤ ਦਿਨ ਭੁੱਖੇ ਪਿਆਸੇ ਰਹਿ ਕੇ ਬਾਬਾ ਜੀ ਦੇ ਦਰਸ਼ਨ ਪ੍ਰਾਪਤ ਹੋਏ। ਬਾਬਾ ਵੀਰਮ ਦਾਸ ਜੀ ਤੋਂ ਗੁਰਮੰਤ੍ਰ ਲਿਆ ਤੇ ਉਸ ਦੀ ਕਮਾਈ ਕੀਤੀ। ਨੇੜੇ ਹੀ ਜੰਗਲ ਵਿਚ ਡੇਰਾ ਲਾ ਕੇ ਬਾਬਾ ਜੀ ਦੇ ਅਧਿਕਾਰੀ ਬਣ ਗਏ। ਜਪ ਤਪ ਸੰਜਮ ਕਰਕੇ ਆਪਣੀ ਪ੍ਰਪੱਕ ਅਵਸਥਾ ਬਣਾ ਲਈ। ਭਾਵੇਂ ਸੰਤ ਬਾਬਾ ਵੀਰਮ ਦਾਸ ਜੀ ਡੇਰੇ ਵਿਚ ਨਹੀਂ ਸਨ ਠਹਿਰਦੇ, ਪਰੰਤੂ ਡੇਰੇ ਦੀਆਂ ਦੋ ਥਾਂ ਹੋਰ ਰੌਣਕਾਂ ਲਵਾ ਦਿੱਤੀਆਂ। ਛੋਟੀ ਬਧੌਛੀ, ਵੱਡੀ ਬਧੌਛੀ, ਖਰੌੜਾ, ਖਰੌੜੀ ਦੇ ਦਰਮਿਆਨ ਵਿਚ ਪਹਿਲਾਂ ਡੇਰਾ ਕਾਇਮ ਕੀਤਾ। ਜਿਥੇ ਆਏ ਗਏ ਸਾਧੂ, ਸੰਤ, ਬਿਹੰਗਮ ਆਰਾਮ ਕਰਦੇ ਸਨ। ਤਿਆਗੀ ਜੀ ਵੀ ਬਾਬਾ ਜੀ ਨਾਲ ਹੀ ਰਹਿੰਦੇ ਸਨ। ਬਾਹਰ ਉਹ ਡੇਰਾ ਛੱਡ ਕੇ ਵੱਡੀ ਬਧੌਛੀ ਅਤਾਪੁਰ ਦੀ ਹੱਦ ਤੋਂ ਨਵਾਂ ਇਸਥਿਤ ਕੀਤਾ। ਸੰਤ ਤਿਆਗੀ ਜੀ ਨੇ ਉਸ ਡੇਰੇ ਵਿਚ ਆ ਕੇ ਪੂਰਨ ਸੇਵਾ ਕਮਾਈ। ਆਏ ਗਏ ਸਾਧੂ, ਸੰਤਾਂ, ਸੰਗਤਾਂ, ਸ਼ਰਧਾਲੂਆਂ ਅਤੇ ਡੇਰੇ ਦੇ ਬਰਦਾਰੀਆਂ ਨਾਲ ਮਿਲ ਕੇ ਘੋਲ ਘੁਮਾਈ ਸ਼ੁਰੂ ਕਰ ਦਿੱਤੀ। ਸੇਵਾ-ਸੰਭਾਲ ਹਿੱਤ ਪੂਰਨ ਨਿਗਰਾਨੀ ਰੱਖਦੇ।

ਸੰਤ ਬਾਬਾ ਵੀਰਮ ਦਾਸ ਜੀ ਦੇ ਸਮਾਧੀ ਲੈਣ ਤੋਂ ਬਾਅਦ ਆਪ ਜੀ ਨੇ ਜਿਉਂਦਿਆਂ ਹੀ ਸਮਾਧੀ ਦਾ ਰੂਪ ਧਾਰਨ ਕਰ ਲਿਆ। ਗੁਰ-ਫ਼ੁਰਮਾਨ ਹੈ:

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥

(ਮਾਰੂ ਮ: ੫, ਪੰਨਾ 1000)

7. ਮਾਤਾ ਜੀਊਣੀ ਦਾਸ

ਮਾਤਾ ਜੀ ਦੇ ਪੇਕਿਆਂ ਦਾ ਪਿੰਡ ਮੋਹਨਪੁਰ, ਜੋ ਕਿ ਪਟਿਆਲੇ ਤੋਂ ਕੈਥਲ ਜਾਣ ਵਾਲੀ ਸੜਕ ਉੱਤੇ ਪਿੰਡ ਪੁੰਡਰੀ ਤੋਂ ਤਿੰਨ ਕਿਲੋਮੀਟਰ 'ਤੇ ਸਥਿਤ ਹੈ। ਮਾਤਾ ਜੀ ਦੇ ਸਹੁਰਿਆਂ ਦਾ ਨਗਰ ਸਾਨੀਪੁਰ ਹੈ, ਜੋ ਕਿ ਸਰਹੰਦ ਜੀ.ਟੀ. ਰੋਡ (ਬਸ ਸਟੈਂਡ) ਤੋਂ ਦੱਖਣ ਦਿਸ਼ਾ ਵੱਲ ਤਿੰਨ ਮੀਲ 'ਤੇ ਸਥਿਤ ਹੈ। ਇਸ ਦੇ ਨਾਲ ਹੀ ਮੀਲ ਦੇ ਫ਼ਾਸਲੇ 'ਤੇ ਖੋਜੇ ਮਾਜਰਾ, ਅੱਗੇ ਮੀਲ ਮੈਨਪੁਰਾ ਦੱਖਣ ਵੱਲ ਨੂੰ ਹੀ ਪੈਂਦੇ ਹਨ। ਅੱਗੇ ਮੀਲ ਦੇ ਫ਼ਾਸਲੇ 'ਤੇ ਵੱਡੀ ਬਧੌਛੀ ਅਤੇ ਛੋਟੀ ਬਧੌਛੀ ਹੈ। ਇਹਨਾਂ ਦੋਨਾਂ ਦੇ ਦਰਮਿਆਨ ਬਾਬਾ ਵੀਰਮ ਦਾਸ ਜੀ ਦਾ ਡੇਰਾ, ਜੋ ਅੱਜ-ਕੱਲ੍ਹ ਵੀ ਸੁਭਾਇਮਾਨ ਹੈ।

ਇਸ ਅਸਥਾਨ 'ਤੇ ਬਾਬਾ ਵੀਰਮ ਦਾਸ ਜੀ ਅਤੇ ਮਾਤਾ ਜੀਊਣੀ ਦਾਸ ਜੀ ਦੀਆਂ ਸਮਾਧਾਂ ਮੌਜੂਦ ਹਨ। ਇਸੇ ਜਗ੍ਹਾ 'ਤੇ ਸੰਤ ਤ੍ਰਿਬੈਣੀ ਦਾਸ ਤਿਆਗੀ ਜੀ ਅਤੇ ਸ੍ਰੀ ਮਹੰਤ ਰਾਮ ਜੀ ਦਾਸ ਜੀ ਦੀ ਸਮਾਧ ਹੈ। ਇਸ ਅਸਥਾਨ 'ਤੇ ਮਾਤਾ ਜੀਊਣੀ ਜੀ ਬਾਬਾ ਵੀਰਮ ਦਾਸ ਜੀ ਲਈ ਭੋਜਨ ਦੀ ਸੇਵਾ ਕਰਿਆ ਕਰਦੇ ਸਨ।

ਮਾਤਾ ਜੀ ਅਤੇ ਉਹਨਾਂ ਦੇ ਭੈਣ ਦਾ ਵਿਆਹ ਨਗਰ ਸਾਨੀਪੁਰ ਦੇ ਵਸਨੀਕ ਸ. ਨਾਨਕ ਸਿੰਘ ਅਤੇ ਸ. ਦੇਵਾ ਸਿੰਘ ਜੀ ਨਾਲ ਹੋਇਆ ਹੈ। ਵੱਡੀ ਭੈਣ ਸ. ਨਾਨਕ ਸਿੰਘ ਨਾਲ ਵਿਆਹ ਹੋਇਆ ਤੇ ਮਾਤਾ ਜੀ ਦਾ ਨਾਂ ਪਰਤਾਪੀ ਸੀ। ਇਹਨਾਂ ਦਾ ਵਿਆਹ ਸ. ਦੇਵਾ ਸਿੰਘ ਜੀ ਨਾਲ ਹੋਇਆ। ਗ੍ਰਿਹਸਤ ਮਾਰਗ ਵਿਚ ਜੋਬਨ ਅਵਸਥਾ ਵਿਚ ਪਤੀ ਸ. ਦੇਵਾ ਸਿੰਘ ਜੀ ਚੜ੍ਹਾਈ ਕਰ ਗਏ। ਇਹਨਾਂ ਦੇ ਘਰ ਕੋਈ ਸੰਤਾਨ ਨਹੀਂ ਸੀ। ਮਾਤਾ ਪਰਤਾਪੀ ਜੀ ਨੇ ਆਪਣੇ ਘਰ ਬੈਠ ਕੇ ਸਮਾਧੀ ਲਗਾ ਕੇ ਬੰਦਗੀ ਕਰਨੀ ਸ਼ੁਰੂ ਕਰ ਦਿੱਤੀ। ਉਧਰ ਬਾਬਾ ਵੀਰਮ ਦਾਸ ਜੀ ਦੀ ਸੋਇ ਸੁਣ ਕੇ ਮਾਤਾ ਜੀ ਉਹਨਾਂ ਦੀ ਚਰਨ ਸ਼ਰਨ ਵਿਚ ਚਲੇ ਗਏ। ਮਾਤਾ ਜੀ ਨੇ ਸੰਤਾਂ ਨੂੰ ਗੁਰੂ ਧਾਰਨ ਕਰ ਲਿਆ। 'ਰਾਮ ਨਾਮ ਮੰਤ੍ਰ' ਗੁਰਮੰਤ੍ਰ ਬਾਬਾ ਜੀ ਤੋਂ ਪ੍ਰਾਪਤ ਕੀਤਾ। ਬਾਵਾ ਪ੍ਰੀਤਮ ਦਾਸ ਜੀ ਨੇ ਮਾਤਾ ਦਾ ਨਾਮ ਪਰਤਾਪੀ ਤੋਂ ਬਦਲ ਕੇ ਜੀਊਣੀ ਦਾਸ ਰੱਖ ਦਿੱਤਾ। ਮਾਤਾ ਜੀ ਭੰਡਾਰੇ ਦੀ ਲੰਗਰ ਦੀ ਸੇਵਾ ਕਰਦੇ ਸਨ। ਨਾਲ ਹੀ ਗਊਆਂ ਮੱਝਾਂ ਵੀ ਸੰਭਾਲਣੀਆਂ। ਮਾਤਾ ਜੀ ਨੇ ਦਿਨੇ ਬਾਹਰ ਡੇਰੇ ਵਿਚ ਰਹਿਣਾ। ਸ਼ਾਮ ਨੂੰ ਅਤਾਪੁਰ ਨਗਰ ਡੇਰੇ ਵਿਚ ਆ ਬਿਰਾਜਦੇ। ਮਾਤਾ ਜੀ ਬਾਬਾ ਵੀਰਮ ਦਾਸ ਜੀ ਨੂੰ ਭੋਜਨ ਛਕਾਉਣ ਦੀ ਸੇਵਾ ਕਰਦੇ ਸਨ। ਮਾਤਾ ਜੀ ਬਾਬਾ ਵੀਰਮ ਦਾਸ ਜੀ ਦਾ ਪੂਰਨ ਸਤਿਕਾਰ ਕਰਦੇ ਸਨ। ਮਾਤਾ ਜੀਊਣੀ ਜੀ ਨੇ ਜੀਵਨ ਮੁਕਤ ਅਵਸਥਾ ਨੂੰ ਪ੍ਰਾਪਤ ਕੀਤਾ।

ਬਾਬਾ ਵੀਰਮ ਦਾਸ ਜੀ 1938 ਈ. ਨੂੰ ਵਿਸਾਖੀ ਵਾਲੇ ਦਿਨ ਬੁੱਧਵਾਰ ਨੂੰ ਸੱਚਖੰਡ ਪਿਆਨਾ ਕਰ ਗਏ। ਉਹਨਾਂ ਤੋਂ ਬਾਅਦ ਪੰਚ ਪ੍ਰਵਾਨ ਭੇਖ ਭਗਵਾਨ ਸੈਂਕੜਿਆਂ ਦੀ ਗਿਣਤੀ ਵਿਚ ਸਾਧ ਇਕੱਠੇ ਹੋਏ। ਭੋਗ ਦੇ ਸਮੇਂ (ਮਹੋਛੇ) ਭੰਡਾਰੇ ਉਪਰੰਤ ਭੋਗ ਪਾ ਕੇ ਪੰਚ ਪ੍ਰਵਾਨ ਭੇਖ ਭਗਵਾਨ ਵੱਲੋਂ ਮਾਤਾ ਜੀਊਣੀ ਦਾਸ ਜੀ ਨੂੰ ਪੱਗ ਦੀ ਰਸਮ ਅਦਾਅ ਕੀਤੀ। ਇਸ ਸਮੇਂ ਹਰਿਦੁਆਰ, ਕਨਖਲ, ਉਜੈਨ, ਨਾਸਕ, ਰਿਸ਼ੀਕੇਸ਼, ਪਰਾਗਰਾਜ ਅਤੇ ਨਿਰੰਜਨੀ ਅਖਾੜੇ ਵੱਲੋਂ ਪੱਗ ਦੀ ਰਸਮ ਕੀਤੀ ਗਈ। ਬੜੇ ਪਿਆਰ ਸ਼ਰਧਾ ਨਾਲ ਪੂਰਨ ਗੁਰ-ਮਰਿਆਦਾ ਅਨੁਸਾਰ ਡੇਰੇ ਦੀ ਸੰਭਾਲਣਾ ਮਾਤਾ ਜੀ ਨੇ ਕੀਤੀ। ਬੇਅੰਤ ਸਾਧੂਆਂ ਨੇ ਮਾਤਾ ਜੀ ਤੋਂ ਚਰਨਾਮ੍ਰਿਤ ਪ੍ਰਾਪਤ ਕਰ ਕੇ ਉਦਾਸੀਨ ਧਰਮ ਧਾਰਨ ਕੀਤਾ। ਮਾਤਾ ਜੀ ਦੇ ਅਨੇਕ ਸ਼ਿਸ਼-ਚੇਲਿਆਂ ਵਿੱਚੋਂ ਉਤਰਾਧਿਕਾਰੀ ਸ਼ਿਸ਼ ਰਾਮ ਜੀ ਦਾਸ ਹੋਏ। ਸੰਤ ਰਾਮ ਜੀ ਦਾਸ ਜੀ ਨੇ ਡੇਰੇ ਦੀ ਸੰਭਾਲਣਾ, ਸਰੋਵਰ ਦੀ ਸੇਵਾ, ਲੰਗਰ ਭੰਡਾਰੇ ਕਰਨੇ।

ਸੰਤ ਰਾਮ ਦਾਸ ਜੀ ਦੇ ਸਮਾਧੀ ਲੈਣ ਤੋਂ ਬਾਅਦ ਸੰਤ ਨਿਰਮਲ ਦਾਸ ਜੀ ਭੇਖ ਭਗਵਾਨ ਗੱਦੀ 'ਤੇ ਸੁਸ਼ੋਭਿਤ ਹਨ। ਬਾਬਾ ਵੀਰਮ ਦਾਸ ਤੇ ਮਾਤਾ ਜੀਊਣੀ ਦਾਸ ਜੀ ਦੇ ਆਏ ਸਾਲ ਜੋੜ ਮੇਲੇ ਮਨਾਉਂਦੇ ਹਨ। ਇਹ ਅਸਥਾਨ ਬਹੁਤ ਵਧੀਆ

ਰਮਣੀਕ ਥਾਂ ਪੁਰ ਬਣਿਆ ਹੈ। ਸਾਰੇ ਇਸ ਡੇਰੇ ਦਾ ਸਤਿਕਾਰ ਕਰਦੇ ਹਨ। ਜਿਵੇਂ ਗੁਰਵਾਕ ਹੈ :

(ੳ) **ਬੈਕੁੰਠ ਨਗਰੁ ਜਹਾ ਸੰਤ ਵਾਸਾ॥** *(ਸੂਹੀ ਮ: ੫, ਪੰਨਾ 742)*

(ਅ) **ਅਠਸਠਿ ਤੀਰਥ ਜਹ ਸਾਧ ਪਗ ਧਰਹਿ॥**
ਤਹ ਬੈਕੁੰਠੁ ਜਹ ਨਾਮੁ ਉਚਰਹਿ॥ *(ਰਾਮਕਲੀ ਮ: ੫, ਪੰਨਾ 890)*

8. ਸੰਤ ਬਾਬਾ ਪੂਰਨ ਦਾਸ ਜੀ ਉਦਾਸੀਨ

ਇਹਨਾਂ ਦਾ ਪਹਿਲਾ ਨਾਮ ਮਾਤਾ-ਪਿਤਾ ਜੀ ਨੇ ਫ਼ਤਹਿ ਸਿੰਘ ਰੱਖਿਆ ਸੀ। ਇਹ ਗੁਜਰ ਘਰਾਣੇ ਨਾਲ ਸੰਬੰਧਿਤ ਹਨ। ਇਹਨਾਂ ਦੇ ਪਿਤਾ ਜੀ ਦੀਆਂ ਦੋ ਸ਼ਾਦੀਆਂ ਸਨ। ਪਹਿਲੀ ਸ਼ਾਦੀ ਗੁਜਰ ਘਰਾਣੇ ਵਿਚ ਦੂਜੀ ਸ਼ਾਦੀ ਜ਼ਿਮੀਂਦਾਰ ਘਰਾਣੇ ਵਿਚ ਹੋਈ। ਜੱਟ ਕੁੱਲ ਦੀ ਜੱਟੀ ਦੀ ਕੁੱਖੋਂ ਬਾਬਾ ਪੂਰਨ ਦਾਸ (ਫ਼ਤਹਿ ਸਿੰਘ) ਦਾ ਜਨਮ ਹੋਇਆ।

ਬਚਪਨ ਵਿਚ ਹੀ ਸੰਤ ਸੁਭਾਅ ਹੋਣ ਕਾਰਨ ਤਧੌਂਦਾ ਨਗਰ ਵਿਖੇ ਉਦਾਸੀ ਸਾਧੂ ਬਾਵਾ ਕਿਸ਼ਨ ਦਾਸ ਜੀ ਦੀ ਚਰਨ ਸ਼ਰਨ ਵਿਚ ਗਏ। ਉਹਨਾਂ ਤੋਂ ਚਰਨਾਮ੍ਰਿਤ ਤੇ ਨਾਮ ਮੰਤਰ ਪ੍ਰਾਪਤ ਕੀਤਾ। ਸੰਤ ਬਾਬਾ ਪੂਰਨ ਦਾਸ ਜੀ ਨੇ 12 ਸਾਲ ਡੇਰੇ ਵਿਚ ਸੇਵਾ ਨਿਭਾਈ। ਲੰਗਰ ਵਿਚ ਭਾਂਡੇ ਮਾਂਜਨੇ, ਗਜਾ ਲਿਆਉਣੀ ਤੇ ਡੰਗਰ ਚਾਰਨੇ। ਜੋ ਬਾਬਾ ਪੂਰਨ ਦਾਸ (ਫ਼ਤਹਿ ਸਿੰਘ) ਨੇ ਬਾਬਾ ਕਿਸ਼ਨ ਦਾਸ ਤੋਂ ਚਰਨਾਮ੍ਰਿਤ ਪ੍ਰਾਪਤ ਕੀਤਾ ਤਾਂ ਉਹਨਾਂ ਨੇ ਫ਼ਤਹਿ ਸਿੰਘ ਤੋਂ ਨਾਮ ਪੂਰਨ ਦਾਸ ਰੱਖਿਆ।

ਸੰਤ ਬਾਬਾ ਪੂਰਨ ਦਾਸ ਜੀ ਅਜੇ ਬਚਪਨ ਵਿਚ ਹੀ ਸਨ, ਜਦੋਂ ਪਿਤਾ ਅਰੂੜ ਸਿੰਘ ਜੀ ਅਕਾਲ ਚਲਾਣਾ ਕਰ ਗਏ ਸਨ। ਬਾਬਾ ਪੂਰਨ ਦਾਸ ਜੀ ਦੇ ਵੱਡੇ ਭਰਾਤਾ ਚੌਧਰੀ ਨੱਥੂ ਸਿੰਘ ਜੀ ਨੇ ਸੇਵਾ-ਸੰਭਾਲ ਬੜੀ ਜ਼ਿੰਮੇਵਾਰੀ ਨਾਲ ਨਿਭਾਈ। ਉਸ ਸਮੇਂ ਤਧੌਂਦਾ ਨਗਰ ਵਿਖੇ ਹੋਰ ਵੀ ਕਈ ਸਾਧੂਆਂ ਦੇ ਡੇਰੇ ਸਨ। ਉਨ੍ਹਾਂ ਸਾਧੂਆਂ ਪਾਸ ਬੈਠਣ ਦਾ, ਸਤਿਸੰਗ ਕਰਨ ਦਾ ਸੁਭਾਗ ਸਮਾਂ ਮਿਲਦਾ ਰਹਿੰਦਾ ਸੀ। ਜਿਸ ਕਾਰਨ ਬਾਬਾ ਪੂਰਨ ਦਾਸ ਜੀ ਦਾ ਬਚਪਨ ਤੋਂ ਹੀ ਸੁਭਾਉ ਭਗਤੀ ਭਾਵਨਾ ਵਾਲਾ ਹੋ ਗਿਆ ਸੀ।

ਬਾਬਾ ਕਿਸ਼ਨ ਦਾਸ ਜੀ ਤੋਂ ਗੁਰਮੁਖੀ ਦੀ ਵਿੱਦਿਆ ਪ੍ਰਾਪਤ ਕੀਤੀ। 12 ਸਾਲ ਦੀ ਅਵਸਥਾ ਤਕ ਪਾਠ ਕਰਨ ਲੱਗ ਪਏ ਸਨ। ਤੇਰ੍ਹਵੇਂ-ਚੌਧਵੇਂ ਸਾਲ ਦੀ ਅਵਸਥਾ ਵਿਚ ਪਹੋਵੇ ਜਾ ਕੇ ਉਦਾਸੀਨ ਡੇਰੇ ਵਿਚ ਹਿੰਦੀ ਭਾਸ਼ਾ, ਗੀਤਾ, ਮਹਾਂਭਾਰਤ, ਵੇਦਾਂਤ ਆਦਿਕ ਬ੍ਰਹਮ ਵਿੱਦਿਆ 12 ਸਾਲ ਤਕ ਵਿੱਦਿਆ ਪ੍ਰਾਪਤ ਕੀਤੀ। ਇਸ ਤੋਂ ਬਾਅਦ ਕੋਟ ਮੰਡਿਆਲਾ ਡੇਰੇ ਵਿਚ ਰਹਿ ਕੇ ਸੰਸਕ੍ਰਿਤ, ਪਿੰਗਲ ਔਰ ਵੇਦਾਂਤ ਦੇ ਵਿਚਾਰ ਖ਼ਾਸ ਕਰ ਕੇ ਇਸ ਅਸਥਾਨ ਤੋਂ ਬੁੱਚੜਾਂ ਤੋਂ ਗਊਆਂ ਛੁਡਾਉਣ ਦੀ ਲਗਨ ਲੱਗੀ। ਉਸ ਵੇਲੇ ਅੰਗਰੇਜ਼ੀ ਰਾਜ ਸਮੇਂ ਦੇ ਬੁੱਚੜਖ਼ਾਨੇ ਖੰਨੇ ਅਤੇ ਅੰਬਾਲੇ ਵਿਚ ਸਨ। ਬਾਬਾ ਜੀ ਨੇ ਗਊਆਂ ਛੁਡਾਉਣ ਲਈ ਆਪਣਾ ਜਥਾ ਤਿਆਰ ਕੀਤਾ ਹੋਇਆ ਸੀ। ਪਹਿਲਾਂ ਤਾਂ ਬੀਜੇ ਤੇ ਖੰਨੇ ਦੇ ਦਰਮਿਆਨ ਤਕ

ਗਊਆਂ ਜਾਣ ਨਹੀਂ ਦੇਣੀਆਂ। ਬਾਬਾ ਪੂਰਨ ਦਾਸ ਮਹਾਰਾਜ ਜੀ ਨੇ ਅੱਠ ਅੱਠ ਸਾਧੂ ਨਾਲ ਰੱਖਦੇ ਸਨ। ਉਸ ਵੇਲੇ ਬਾਬਾ ਜੀ ਦਾ ਸੋਟਾ ਮਸ਼ਹੂਰ ਸੀ, ਜਿਸ ਨਾਲ ਬੁੱਚੜਾਂ ਨੂੰ ਕੁੱਟ ਕੁੱਟ ਕੇ ਗਊਆਂ ਛੁਡਾਉਂਦੇ। ਸ਼ੰਭੂ ਤੋਂ ਅੱਗੇ ਘੱਗਰ ਦੇ ਉਰਲੇ ਪਾਸੇ ਹੀ ਬੁੱਚੜਾਂ 'ਤੇ ਹੱਲਾ ਬੋਲ ਦੇਣਾ। ਬੁੱਚੜਾਂ ਨੂੰ ਸੋਧ ਕੇ ਗਊਆਂ ਦੇ ਰੱਸੇ ਭੁੰਨਰ ਹੇੜੀ ਦੇ ਬੀੜ ਵਿਚ ਲਿਜਾ ਕੇ ਗਊਆਂ ਛੱਡ ਦੇਣੀਆਂ। ਫਿਰ ਆਪਣੇ ਡੇਰੇ ਆ ਕੇ ਭੋਜਨ ਪਾਣੀ ਛੱਕਦੇ ਸਨ।

ਇਸ ਤੋਂ ਬਾਅਦ ਬਾਬਾ ਪੂਰਨ ਦਾਸ ਜੀ ਨੇ ਉਦਾਸੀਨ ਡੇਰਾ ਤਧੌਂਦੇ ਵਿਖੇ ਗੁਰੂਦੇਵ ਬਾਵਾ ਕਿਸ਼ਨ ਦਾਸ ਜੀ ਕੋਲ ਡੇਰੇ ਰਹਿ ਕੇ ਸੇਵਾ ਕਰਨੀ। ਇਕ ਦਿਨ ਐਸਾ ਹੋਇਆ ਕਿ ਗ਼ਰੀਬ ਅਤੇ ਕਮਜ਼ੋਰ ਪੁਰਸ਼ ਨੂੰ ਜਰਵਾਣੇ ਕੁੱਟਣ ਲੱਗੇ। ਬਾਵਾ ਜੀ ਗਜਾ ਕਰ ਕੇ ਆ ਰਹੇ ਸਨ। ਜਰਵਾਣਿਆਂ ਨੂੰ ਲਲਕਾਰ ਕੇ ਕਿਹਾ ਕਿ ਗ਼ਰੀਬ ਨੂੰ ਮਾਰਨਾ ਠੀਕ ਨਹੀਂ, ਇਸ ਨੂੰ ਛੱਡ ਦਿਓ। ਅੱਗਿਓਂ ਉਹਨਾਂ ਨੇ ਬਾਬਾ ਜੀ ਨੂੰ ਵੀ ਫਿੱਕਾ ਬੋਲਿਆ। ਅਗਰ ਇਸ ਦੀ ਹਮਦਰਦੀ ਹੈ ਤਾਂ ਆ ਕੇ ਦੇਖ ਲੈ। ਇਤਨਾ ਸੁਣ ਕੇ ਬਾਬਾ ਜੀ ਗਜਾ ਡੇਰੇ ਰੱਖ ਕੇ ਆਪਣਾ ਸੋਟਾ ਲੈ ਆਏ। ਬਾਬਾ ਜੀ ਨੇ ਇਕੱਲਿਆਂ ਨੇ ਸਾਰਿਆਂ ਨੂੰ ਚੰਗੀ ਤਰ੍ਹਾਂ ਕੁੱਟਿਆ ਤੇ ਬਾਬਾ ਪੂਰਨ ਦਾਸ ਜੀ ਦੀ ਜਿੱਤ ਹੋਈ। ਸਰਕਾਰੇ ਦਰਬਾਰੇ ਫ਼ੈਸਲਾ ਹੋਇਆ ਕਿ ਇਕ ਸਾਧੂ ਨੇ ਤੁਹਾਨੂੰ ਸਾਰਿਆਂ ਨੂੰ ਕੁੱਟ ਦਿੱਤਾ ਹੈ। ਡਿਪਟੀ ਕਮਿਸ਼ਨਰ ਅਤੇ ਜੱਜ ਸਾਹਿਬ ਨੇ ਬਾਬਾ ਜੀ ਨੂੰ ਇਨਾਮ ਦੇ ਕੇ ਖਲਾਸ ਕੀਤਾ। ਬਾਬਾ ਵੀਰਮ ਦਾਸ ਜੀ ਨੂੰ ਵੀ ਇਸ ਘਟਨਾ ਬਾਰੇ ਜਾਣਕਾਰੀ ਮਿਲੀ। ਉਹਨਾਂ ਨੇ ਬਾਬਾ ਪੂਰਨ ਦਾਸ ਜੀ ਨੂੰ ਆਪਣੇ ਕੋਲ ਬੁਲਾ ਲਿਆ। ਬਾਬਾ ਪੂਰਨ ਦਾਸ ਜੀ ਬੀੜ ਵਿਚ ਬਾਬਾ ਵੀਰਮ ਦਾਸ ਜੀ ਦੀ ਸ਼ਰਨ ਵਿਚ ਪਹੁੰਚੇ। ਉਹਨਾਂ ਦੇ ਬਚਨ ਕੀਤਾ ਕਿ ਬਾਲਕ ਤੂੰ ਪੂਰਨ ਜਤੀ ਹੈਂ। ਇਸ ਸਰੀਰਕ ਬਲ ਨੂੰ ਰੱਬੀ ਤਾਕਤ ਤੇ ਧਰਮ ਦੇ ਲੇਖੇ ਲਾ ਲੈ। ਅੱਗੋਂ ਆਪ ਜੀ ਨੇ ਸਤਿ ਬਚਨ ਕਹਿ ਪ੍ਰਵਾਨਗੀ ਦਿੱਤੀ। ਬਾਬਾ ਵੀਰਮ ਦਾਸ ਜੀ ਨੇ ਹੁਕਮ ਕੀਤਾ ਕਿ ਇਥੇ ਬੇਜ਼ੁਬਾਨ ਪੰਛੀ, ਪਸ਼ੂ ਭੁੱਖੇ ਮਰਦੇ ਹਨ। ਕੋਈ ਜਲ ਦਾ ਸਾਧਨ ਕਰ ਕੇ ਇਹਨਾਂ ਨੂੰ ਜਲ ਛਕਾਉਣ ਦਾ ਪ੍ਰਬੰਧ ਕਰੋ। ਆਪ ਨੇ ਬਾਬਾ ਜੀ ਦਾ ਬਚਨ ਸਿਰ ਮੱਥੇ ਪ੍ਰਵਾਨ ਕੀਤਾ। ਇਸ ਬਚਨ ਨੂੰ ਸੁਣ ਕੇ ਬਾਬਾ ਜੀ ਨੇ ਉਸੇ ਬੀੜ ਵਿਚ ਸਮਾਧੀ ਲਾ ਲਈ।

ਇਕ ਦਿਨ ਪਟਿਆਲਾ ਪਤਿ ਮਹਾਰਾਜਾ ਭੁਪਿੰਦਰ ਸਿੰਘ ਸ਼ਿਕਾਰ ਖੇਡਣ ਲਈ ਬੀੜ ਵਿਚ ਆਏ। ਮਹਾਰਾਜੇ ਨੇ ਬਾਬਾ ਪੂਰਨ ਦਾਸ ਜੀ ਦੇ ਦਰਸ਼ਨ ਕੀਤੇ। ਮਹਾਰਾਜਾ ਬਾਬਾ ਜੀ ਦੇ ਜਲਾਲ ਨੂੰ ਨਾ ਝੱਲ ਸਕਿਆ। ਉਸੇ ਵੇਲੇ ਮਹਾਰਾਜ ਨੇ ਸੰਤਾਂ ਦੀ ਪਰਖ ਲਈ ਸੌ ਰੁਪਏ ਚਾਂਦੀ ਦੇ ਮੰਗਵਾ ਕੇ ਬਾਬਾ ਜੀ ਅੱਗੇ ਰੱਖੇ। ਅੱਗਿਓਂ ਬਾਬਾ ਪੂਰਨ ਦਾਸ ਜੀ ਨੇ ਆਖਿਆ ਕਿ ਰਾਜਨ, ਸਾਨੂੰ ਪੈਸੇ ਦੀ ਲੋੜ ਨਹੀਂ। ਇਸ ਮਾਇਆ ਨਾਲ ਇਥੇ ਇਕ ਖੂਹੀ ਲਗਵਾ ਦਿਉ। ਸਾਡੇ ਗੁਰਦੇਵ ਜੀ ਦਾ ਬਚਨ ਪਸ਼ੂਆਂ, ਪੰਛੀਆਂ ਨੂੰ ਜਲ ਛਕਾਉਣ ਦਾ ਹੈ। ਇਹਨਾਂ ਮਿੱਠੇ ਬਚਨਾਂ ਨਾਲ ਰਾਜੇ ਦਾ ਮਨ ਭਿੱਜ ਗਿਆ। ਮਹਾਰਾਜੇ ਨੇ ਥੋੜ੍ਹੇ ਹੀ ਦਿਨਾਂ ਵਿਚ ਖੂਹੀ ਅਤੇ ਹਲਟੀ ਲਗਵਾ ਦਿੱਤੀ। ਇਥੇ ਸੇਵਾ ਨਿਭਾਉਂਦਿਆਂ ਬਾਬਾ ਪੂਰਨ ਦਾਸ ਜੀ ਰੋੜੇ ਵਾਲਾ ਡੇਰੇ ਵਿਖੇ ਆ ਗਏ।

ਇਥੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਉਣਾ ਸ਼ੁਰੂ ਕੀਤਾ। ਇਸ ਤੋਂ ਇਲਾਵਾ ਸ਼ਹੀਦੀ ਜੋੜ ਮੇਲਾ ਫ਼ਤਹਿਗੜ੍ਹ ਸਾਹਿਬ ਵਿਖੇ ਸੰਗਤਾਂ ਲਈ ਲੰਗਰ ਵੀ ਚਲਾਉਣੇ। ਉਸ ਵੇਲੇ ਸੰਗਤਾਂ ਪੈਦਲ ਚੱਲ ਕੇ ਫ਼ਤਹਿਗੜ੍ਹ ਸਾਹਿਬ ਜਾਂਦੀਆਂ ਸਨ। ਬਾਬਾ ਜੀ ਨੇ ਰੋੜੇਵਾਲ ਸਦਾ ਲੰਗਰ ਚਲਾਉਣਾ। ਇਥੇ ਹੀ ਬੈਠ ਕੇ ਡੇਰਾ ਬੰਨ੍ਹਵਾ, ਬਿਹੰਗਮੀ ਠਾਠ ਦੋ ਵੇਲੇ ਨਿਤਨੇਮ, ਆਲੇ-ਦੁਆਲੇ ਇਲਾਕੇ ਵਿਚ ਧਰਮ ਪ੍ਰਚਾਰ ਲਈ ਜਥਾ, ਸਹਿਜ ਪਾਠ, ਅਖੰਡ ਪਾਠ, ਸਪਤਾਹਿਕ ਪਾਠ ਪ੍ਰੋਗਰਾਮ ਉਲੀਕਣੇ ਸ਼ੁਰੂ ਕਰ ਦਿੱਤੇ। ਸੰਤ ਬਾਬਾ ਪੂਰਨ ਦਾਸ ਜੀ ਨੇ ਉਦਾਸੀਨ ਰਹਿੰਦਿਆਂ 22 ਗੁਰ-ਅਸਥਾਨਾਂ ਦੀ ਸੇਵਾ ਕਰਵਾਈ ਅਤੇ ਨਿਸ਼ਾਨ ਸਾਹਿਬ ਝੁਲਾਏ। ਕਈ ਧਰਮਸਾਲਾਵਾਂ ਬਣਾਈਆਂ, ਜਿਨ੍ਹਾਂ ਵਿਚ ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਹਨ।

ਉਸ ਵੇਲੇ ਵਿੱਦਿਆ ਅਤੇ ਗੁਰਮਤਿ ਪ੍ਰਚਾਰ ਦੀ ਘਾਟ ਸੀ। ਬਾਬਾ ਜੀ ਨੇ ਕਈ ਪ੍ਰਾਇਮਰੀ ਸਕੂਲ ਖੋਲ੍ਹੇ। ਕਈ ਥਾਂ ਧਰਮਸਾਲਾ ਵਿਚ ਹੀ ਪ੍ਰਾਇਮਰੀ ਤਕ ਕਲਾਸਾਂ ਵੀ ਲਗਵਾਈਆਂ।

ਆਪ ਜੀ ਕੋਲ ਦੂਰੋਂ-ਨੇੜਿਓਂ ਬਹੁਤ ਸਾਰੇ ਉਦਾਸੀਨ ਸੰਤ ਕੇਹਰ ਦਾਸ ਜੀ ਉਦਾਸੀਨ ਨਗਰ ਰੌਣੀ ਪਟਿਆਲਾ, ਸੰਤ ਸੁਕਦੇਵ ਮੁਨੀ ਜੀ ਡੇਰਾ ਚਾਂਗਲੀ, ਘਨੌਰੀ ਜਤੀ-ਸਤੀ ਉੱਚੇ-ਸੁੱਚੇ ਜੀਵਨ ਵਾਲੇ ਸਾਧੂ ਆਉਂਦੇ ਰਹਿੰਦੇ ਸਨ। ਸੰਤ ਹਮੀਰ ਦਾਸ ਨੇ ਵੀ ਚਰਨਾਮ੍ਰਿਤ ਪ੍ਰਾਪਤ ਕੀਤਾ। ਸੰਤ ਅਜੀਤ ਸਿੰਘ ਦੁਖੀ ਚਲੈਲਾ ਦੇਸ਼ ਭਗਤ ਜਲਾਵਤਨ ਇਹ ਵੀ ਚਰਨਾਂ ਵਿਚ ਹੀ ਰਹੇ। ਭਾਈ ਰਿਪੁਦਮਨ ਸਿੰਘ ਜੀ ਸੈਕਟਰੀ ਦੀ ਸੇਵਾ ਨਿਭਾਉਂਦੇ ਸਨ। ਹੋਰ ਵੀ ਬਹੁਤ ਸਾਰੇ ਸੰਤ-ਮਹੰਤ ਆਪ ਜੀ ਦੇ ਦਰਸ਼ਨ ਦੀਦਾਰ ਕਰਨ ਆਉਂਦੇ ਰਹਿੰਦੇ ਸਨ।

ਸਾਧੂਆਂ ਦੀ ਚਾਰ ਚੌਕੜੀ ਵਿਚ ਸੰਤ ਪੂਰਨ ਦਾਸ ਜੀ ਬਧੌਛੀ ਚਿੱਪੀ ਵਾਲੇ, ਸੰਤ ਤ੍ਰਿਲੋਕ ਦਾਸ ਜੀ ਰੁੜਕੀ ਵਾਲੇ, ਸੰਤ ਸਾਧੂ ਰਾਮ ਜੀ ਬਾਂਸਮ ਘੁੜਾਮਾਂ, ਸੰਤ ਹਰੀ ਦਾਸ ਬਹਾਦਰਗੜ੍ਹ ਪਟਿਆਲਾ, ਬਾਬਾ ਗੁਰਦਿੱਤਾ ਸਿੰਘ ਚੋਰਵਾਲਾ (ਸਰਦਾਰਾਂ ਵਿੱਚੋਂ), ਸੰਤ ਗੁਰਦਿਆਲ ਦਾਸ ਤਧੌਂਦਾ (ਭਮਾਰਸੀ) ਵਾਲੇ ਬਾਬਾ ਜੀ ਦੇ ਚੇਲੇ ਸਨ।

ਸੰਤ ਅਜੀਤ ਦਾਸ ਉਦਾਸੀਨ ਬਹਿਬਲਪੁਰ ਡੇਰਾ ਬਾਬਾ ਪੂਰਨ ਦਾਸ ਆਸ਼ਰਮ ਭਾਈ ਸੀਤਾ ਰਾਮ ਸੰਤ ਮਾੜੂ ਰਾਮ, ਧਮੋਟ, ਸੰਤ ਦੇਵ ਰਾਜ ਉਦਾਸੀਨ ਜਲ੍ਹਾ ਇਹ ਸੰਤ ਬਾਬਾ ਪੂਰਨ ਦਾਸ ਜੀ ਦੇ ਚੇਲੇ ਸਨ। ਇਹ ਸਭ ਸਮੇਂ ਦੇ ਮਹਾਨ ਸੰਤ ਹੋਏ।

9 ਮਈ 27 ਵੈਸਾਖ ਨੂੰ ਇਕ ਵਜੇ ਰਾਤ ਨੂੰ ਹਨੇਰੀ ਆਈ, ਫੇਰ ਮੀਂਹ ਪਿਆ। ਸਵਾ ਇਕ ਵਜੇ ਦੇ ਕਰੀਬ ਬਾਬਾ ਜੀ ਸੇਵਾਦਾਰਾਂ ਨੂੰ ਰਾਮ ਰਾਮ ਕਹਿ ਕੇ ਅਕਾਲ ਸਤਿ ਵਿਚ ਸਮਾਧੀ ਲੀਨ ਹੋ ਗਏ।

9. ਬਾਬਾ ਸਰੁਸਤੀ ਦਾਸ

ਬਾਬਾ ਸਰੁਸਤੀ ਦਾਸ ਜੀ ਦਾ ਜਨਮ ਪਿੰਡ ਸੁਲਤਾਨ ਥਾਣਾ ਸ਼ੇਰਪੁਰ ਤਹਿਸੀਲ ਧੂਰੀ ਰਿਆਸਤ ਪਟਿਆਲਾ ਵਿਖੇ 1890 ਈ. ਵਿਚ ਹੋਇਆ। ਬਚਪਨ ਤੋਂ ਹੀ ਇਨ੍ਹਾਂ

ਦੀ ਲਗਨ ਸੰਤਾਂ ਵੱਲ ਸੀ। ਇਹਨਾਂ ਦੇ ਆਪਣੇ ਪਿੰਡ ਹੀ ਸੰਤ ਸੁੰਦਰ ਦਾਸ ਦਾ ਡੇਰਾ ਸੀ। 7-8 ਸਾਲ ਦੀ ਉਮਰ ਵਿਚ ਉਦਾਸੀ ਸੰਤ ਸੁੰਦਰ ਦਾਸ ਜੀ ਦੇ ਚੇਲੇ ਬਣ ਗਏ ਸਨ। ਸੰਤ ਜੀ ਨੇ ਇਹਨਾਂ ਨੂੰ ਪੰਜਾਬੀ ਲਿਖਣੀ ਪੜ੍ਹਨੀ ਸਿਖਾਈ। ਪੜ੍ਹਾਈ ਕਰਨ ਤੋਂ ਬਾਅਦ ਇਨ੍ਹਾਂ ਨੇ ਪੂਰੀ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ। ਇਨ੍ਹਾਂ ਦੇ ਨਾਲ ਇਨ੍ਹਾਂ ਦੇ ਗੁਰ-ਭਾਈ ਸੰਤ ਬੁੱਧ ਦਾਸ ਜੀ ਵੀ ਸਨ, ਜਿਨ੍ਹਾਂ ਨੇ ਇਨ੍ਹਾਂ ਦੇ ਨਾਲ ਸਿੱਖਿਆ ਪ੍ਰਾਪਤ ਕੀਤੀ।

ਸੰਤ ਸਰੁਸਤੀ ਦਾਸ ਜੀ ਨੇ ਆਪਣਾ ਡੇਰਾ ਅਲਾਲ ਜੰਗਲ ਵਿਚ ਲਾ ਲਿਆ ਤੇ ਇਨ੍ਹਾਂ ਦੇ ਗੁਰ-ਭਾਈ ਸੰਤ ਬੁੱਧ ਦਾਸ ਨੇ ਕੁਰੜ ਛਾਪਾ ਪਿੰਡ ਦੇ ਜੰਗਲ ਵਿਚ ਡੇਰਾ ਲਾ ਲਿਆ। ਦੋਹਾਂ ਨੇ ਹੀ ਜੰਗਲ ਵਿਚ ਪਰਮਾਤਮਾ ਦੀ ਬੰਦਗੀ ਕਰ ਕੇ ਸਿੱਧੀ ਪ੍ਰਾਪਤ ਕੀਤੀ।

ਸੰਤ ਸਰੁਸਤੀ ਜਦੋਂ ਜਵਾਨ ਹੋਏ ਤਾਂ ਇਹਨਾਂ ਦੇ ਸਾਕ-ਸੰਬੰਧੀਆਂ ਨੇ ਇਹਨਾਂ ਨੂੰ ਘਰ ਜਾਣ ਲਈ ਕਿਹਾ, ਪਰੰਤੂ ਇਹਨਾਂ ਨੇ ਸਾਫ਼ ਇਨਕਾਰ ਕਰ ਦਿੱਤਾ। ਇਹਨਾਂ ਨੇ ਕਿਹਾ ਕਿ ਮੈਂ ਸੱਤ ਸਾਲ ਦੀ ਉਮਰ ਤੋਂ ਹੀ ਨਗਨ ਹਾਂ। ਮੇਰਾ ਇਸ ਸੰਸਾਰ ਗ੍ਰਿਹਸਤ ਨਾਲ ਕੋਈ ਸੰਬੰਧ ਨਹੀਂ। ਉਸ ਤੋਂ ਬਾਅਦ ਮੋਨ ਧਾਰ ਲਿਆ। ਸਾਰਾ ਜੀਵਨ ਨਗਨ ਸਾਧੂਆਂ ਵਜੋਂ ਬਤੀਤ ਕੀਤਾ। ਆਪਣੇ ਥੱਲੇ ਬਜਰੀ ਵਿਛਾ ਕੇ ਪੈਂਦੇ ਸਨ ਤੇ ਕੱਖਾਂ ਦੀ ਝੁੱਗੀ ਵਿਚ ਸਾਰਾ ਜੀਵਨ ਬਿਤਾਇਆ।

ਜਦੋਂ ਪਿੰਡਾਂ ਦੀ ਮੁਰੱਬੇ ਬੰਦੀ ਹੋਈ ਤਾਂ ਸੰਤ ਸਰੁਸਤੀ ਦਾਸ ਜੀ ਦੀ ਘੋਰ ਤਪੱਸਿਆ ਨੂੰ ਦੇਖਦੇ ਹੋਏ ਪਿੰਡ ਦੀ ਪੰਚਾਇਤ ਨੇ ਦੋ ਏਕੜ ਜ਼ਮੀਨ ਬਾਬਾ ਸਰੁਸਤੀ ਦਾਸ ਦੇ ਡੇਰੇ ਲਈ ਛੱਡ ਦਿੱਤੀ। ਸੰਤ ਜੀ ਨਗਨ ਅਵਸਥਾ ਵਿਚ ਰਹਿੰਦੇ ਸਨ, ਇਸ ਲਈ ਡੇਰੇ ਵਿਚ ਇਸਤਰੀਆਂ ਦਾ ਜਾਣਾ ਵਰਜਿਤ ਸੀ।

ਸੰਤ ਸਰੁਸਤੀ ਦਾਸ ਜੀ ਨੇ ਆਪਣੇ ਡੇਰੇ ਵਿਚ 50-60 ਪਿੱਪਲ ਦੇ ਦਰੱਖ਼ਤ ਲਗਾਏ ਹੋਏ ਸਨ। 50-60 ਦੇ ਕਰੀਬ ਕੁੱਤੇ ਵੀ ਰੱਖੇ ਹੋਏ ਸਨ। ਸ਼ਰਧਾਲੂ ਇਹਨਾਂ ਲਈ ਬਦਾਮ, ਕਿਸ਼ਮਿਸ਼ ਤੇ ਦੁੱਧ ਆਦਿਕ ਲੈ ਕੇ ਆਉਂਦੇ ਤਾਂ ਇਹ ਆਪਣੇ ਚੇਲਿਆਂ ਤੋਂ ਬਦਾਮ ਕੂੰਡੀ ਵਿਚ ਕੁਟਵਾ ਕੇ ਪਿੱਪਲ ਤੇ ਹੋਰ ਦਰੱਖ਼ਤਾਂ ਦੀਆਂ ਜੜ੍ਹਾਂ ਵਿਚ ਪਵਾ ਦਿੰਦੇ।

ਕੁੱਤਿਆਂ ਨੂੰ ਦੁੱਧ ਅਤੇ ਰੋਟੀ ਆਪਣੇ ਹੱਥਾਂ ਨਾਲ ਖਵਾਉਂਦੇ ਸਨ। ਕੁੱਤਿਆਂ ਲਈ ਛੋਟੀਆਂ ਕੌਲੀਆਂ ਬਣਾਈਆਂ ਹੋਈਆਂ ਸਨ, ਜੋ ਹੁਣ ਵੀ ਮੌਜੂਦ ਹਨ। ਇਕ ਵਾਰ ਇਕ ਫ਼ੌਜੀ ਸ਼ਰਧਾਲੂ ਬਹੁਤ ਕੀਮਤੀ ਕੰਬਲ ਲੈ ਕੇ ਆਇਆ। ਦੇਵਨੇਤ ਨਾਲ ਡੇਰੇ ਵਿਚ ਇਕ ਕੁੱਤੇ ਦੀ ਮੌਤ ਹੋ ਗਈ। ਸੰਤ ਜੀ ਨੇ ਉਸ ਦਾ ਸਸਕਾਰ ਕਰਨ ਲਈ ਟੋਆ ਪੁੱਟਿਆ ਤੇ ਜਦੋਂ ਕੁੱਤਾ ਦਫ਼ਨ ਕੀਤਾ ਤਾਂ ਸੰਤਾਂ ਨੇ ਫ਼ੌਜੀ ਵਾਲਾ ਕੀਮਤੀ ਕੰਬਲ ਵੀ ਕੁੱਤੇ ਉਪਰ ਕਫ਼ਨ ਵਜੋਂ ਪਾ ਦਿੱਤਾ। ਫ਼ੌਜੀ ਨੇ ਕਿਹਾ ਕਿ ਕੰਬਲ ਬਹੁਤ ਕੀਮਤੀ ਸੀ ਤਾਂ ਸੰਤਾਂ ਨੇ ਜ਼ਮੀਨ 'ਤੇ ਲਿੱਖ ਦਿੱਤਾ : 'ਕੀਮਤੀ ਕਰਕੇ ਹੀ ਤਾਂ ਪਾਇਆ ਹੈ।' ਇਹ ਸੰਤਾਂ ਦੀ ਆਪਣੀ ਮੌਜ ਹੁੰਦੀ ਹੈ।

ਇਕ ਵਾਰ ਇਕ ਸ਼ਿਕਾਰੀ ਨੇ ਹਿਰਨੀ ਮਾਰ ਦਿੱਤੀ। ਚਾਰੇ ਪਾਸੇ ਜੰਗਲ ਸੀ।

ਬੰਦੂਕ ਲੈ ਕੇ ਸ਼ਿਕਾਰੀ ਡੇਰੇ ਵਿਚ ਆਇਆ ਤਾਂ ਸੰਤਾਂ ਨੇ ਆਪਣੇ ਚੇਲੇ ਤੋਂ ਪੁੱਛਿਆ ਕਿ ਇਸ ਦੇ ਹੱਥ ਵਿਚ ਕੀ ਹੈ ਤਾਂ ਉਹਨਾਂ ਦੱਸਿਆ ਕਿ ਇਹ ਬੰਦੂਕ ਹੈ। ਸ਼ਿਕਾਰੀ ਨੇ ਇਕ ਹਿਰਨੀ ਦਾ ਸ਼ਿਕਾਰ ਕੀਤਾ ਹੈ। ਸੰਤਾਂ ਨੇ ਸ਼ਿਕਾਰੀ ਤੋਂ ਬੰਦੂਕ ਫੜੀ ਤੇ ਧੂਣਾ ਜੋ ਬਾਲ ਰਿਹਾ ਸੀ, ਉਸ ਵਿਚ ਬੰਦੂਕ ਸੁੱਟ ਦਿੱਤੀ।

ਸੰਤ ਸਰੁਸਤੀ ਜੀ ਨੂੰ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਮਿਲਣ ਆਇਆ। ਉਸ ਨੇ ਸੰਤਾਂ ਨੂੰ ਮਿਲਣ ਦੀ ਆਗਿਆ ਮੰਗੀ, ਪਰ ਸੰਤਾਂ ਨੇ ਮਿਲਣ ਤੋਂ ਸਾਫ਼ ਇਨਕਾਰ ਕਰ ਦਿੱਤਾ ਕਿ ਫ਼ਕੀਰਾਂ ਅਤੇ ਰਾਜਿਆਂ ਦਾ ਕੋਈ ਸੰਬੰਧ ਨਹੀਂ ਹੈ। ਜੇ ਮੇਰੇ ਰਹਿਣ ਨਾਲ ਤੁਹਾਡੇ ਰਾਜ ਵਿਚ ਕੋਈ ਤਕਲੀਫ਼ ਹੈ ਤਾਂ ਮੈਂ ਕਿਤੇ ਹੋਰ ਚਲਿਆ ਜਾਂਦਾ ਹਾਂ।

ਸੰਤਾਂ ਨੇ ਆਪਣੇ ਜੀਵਨ ਵਿਚ ਅਲਾਲ ਵਿਖੇ ਬਾਬਾ ਸ੍ਰੀ ਚੰਦ ਜੀ ਦਾ ਮੰਦਰ ਬਣਵਾਇਆ। ਨਾਲ ਹੀ ਸ੍ਰੀ ਗੁਰਦੁਆਰਾ ਸਾਹਿਬ ਵੀ ਬਣਵਾਇਆ। ਅਲਾਲ ਡੇਰੇ ਵਿਚ ਦੁਰਗਾ ਮਾਤਾ ਜੀ ਦਾ ਮੰਦਰ ਬਣਵਾਇਆ।

ਬਾਬਾ ਸਰੁਸਤੀ ਦਾਸ ਜੀ 1968 ਭਾਦੋਂ ਦੀ ਤੀਜ ਵਾਲੇ ਦਿਨ ਜੋਤੀ ਜੋਤ ਸਮਾ ਗਏ। ਹੁਣ ਹਰ ਸਾਲ ਅਲਾਲ ਵਿਖੇ ਮੇਲਾ ਲੱਗਦਾ ਹੈ। ਬਰਨਾਲਾ ਧੂਰੀ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਆਉਂਦੇ ਹਨ।

10. ਬਾਬਾ ਬੁੱਧ ਦਾਸ ਜੀ

ਬਾਬਾ ਬੁੱਧ ਦਾਸ ਜੀ ਪਿੰਡ ਲੌਂਗੋਵਾਲ, ਜ਼ਿਲ੍ਹਾ ਸੰਗਰੂਰ ਦੇ ਜੱਟ ਘਰਾਣੇ ਦੇ ਸਿੱਧੂ ਖ਼ਾਨਦਾਨ ਵਿਚ ਪੈਦਾ ਹੋਏ। ਅਜੇ ਬਾਬਾ ਜੀ ਚਾਰ ਸਾਲ ਦੀ ਉਮਰ ਦੇ ਹੀ ਸਨ ਕਿ ਨਿਆਂ ਅਖਾੜਾ ਉਦਾਸੀ ਰਮਤੇ ਸੰਤ, ਜਿਸ ਦੇ ਮੁਖੀ ਮਹਾਤਮਾ ਸ੍ਰੀ ਸੁੰਦਰ ਦਾਸ ਜੀ ਸਨ, ਰਮਨ ਕਰਦੇ ਲੌਂਗੋਵਾਲ ਪਿੰਡ ਆਏ। ਜਿੰਨੇ ਦਿਨ ਇਹ ਅਖਾੜਾ ਲੌਂਗੋਵਾਲ ਪਿੰਡ ਵਿਚ ਰਿਹਾ, ਉਤਨੀ ਦੇਰ 4 ਸਾਲਾ ਬਾਲਕ ਅਖਾੜੇ ਵਿਚ ਹੀ ਬੈਠਾ ਰਿਹਾ। ਬਾਬਾ ਜੀ ਦੇ ਮਾਤਾ-ਪਿਤਾ ਨੇ ਬਾਬਾ ਸੁੰਦਰ ਦਾਸ ਜੀ ਦਾ ਚੇਲਾ ਬਣਾ ਕੇ ਅਖਾੜੇ 'ਤੇ ਹੀ ਚੜ੍ਹਾਅ ਦਿੱਤਾ।

ਬਾਬਾ ਜੀ ਸੁਹਾਵੀ ਪਿੰਡ ਵਿਚ ਗਏ। ਪਿੰਡ ਦੇ ਲਹਿੰਦੇ ਵੱਲ ਹਰਗਣਾਂ ਪਿੰਡ ਦੇ ਪਾਸੇ ਵੱਲ ਬਾਬਾ ਜੀ ਨੇ ਇਕ ਭੋਰਾ ਪੁਟਵਾਇਆ ਤੇ ਸਵਾ ਸਾਲ ਉਸੇ ਭੋਰੇ ਵਿਚ ਬੈਠੇ ਰਹੇ। ਸਵਾ ਸਾਲ ਬਾਅਦ ਬਾਬਾ ਜੀ ਭੋਰੇ ਵਿੱਚੋਂ ਬਾਹਰ ਨਿਕਲੇ ਤਾਂ ਪਿੰਡਾਂ ਵਾਲੇ ਲੋਕਾਂ ਬਹੁਤ ਵੱਡਾ ਭੰਡਾਰਾ ਕੀਤਾ। ਇਸ ਤਰ੍ਹਾਂ 42 ਸਾਲ ਤਕ ਤਪੱਸਿਆ ਕਰਦੇ ਰਹੇ ਤਾਂ ਉਹਨਾਂ ਨੂੰ ਅਧਰੰਗ ਹੋ ਗਿਆ।

55 ਸਾਲ ਦੀ ਉਮਰ ਵਿਚ ਬਾਬਾ ਜੀ ਬੱਸੀ ਪਠਾਣਾਂ ਆ ਗਏ, ਤਾਂ ਇਕ ਬਾਣੀਏ ਨੇ ਜਿਨ੍ਹਾਂ ਨੂੰ ਅੰਨ੍ਹੇ ਬਾਣੀਏ ਕਿਹਾ ਜਾਂਦਾ ਸੀ, ਨੇ ਇਕ ਚੁਬਾਰੇ ਦਾ ਕਮਰਾ ਦੇ ਦਿੱਤਾ।

ਬੱਸੀ ਪਠਾਣਾਂ ਵਿਖੇ ਬਾਬਾ ਜੀ ਦੇ ਬਹੁਤ ਸੇਵਕ ਹੋ ਗਏ। ਬਾਬਾ ਬੁੱਧ ਦਾਸ ਜੀ ਬੱਸੀ ਪਠਾਣਾਂ ਤੋਂ ਪੰਜਾਹ ਸਾਲ ਤੋਂ ਬਾਬਾ ਫ਼ਤਹਿ ਸਿੰਘ ਤੇ ਬਾਬਾ ਜ਼ੋਰਾਵਰ

ਸਿੰਘ ਦੇ ਸ਼ਹੀਦੀ ਜੋੜ ਮੇਲੇ ਫ਼ਤਹਿਗੜ੍ਹ ਸਾਹਿਬ ਵਿਖੇ ਗੁਰੂ ਕਾ ਲੰਗਰ ਲੈ ਕੇ ਜਾਂਦੇ ਰਹੇ।

1 ਭਾਦੋਂ ਸੰਮਤ 2024 (16 ਅਗਸਤ 1967) ਇਕਾਦਸ਼ੀ ਵਾਲੇ ਦਿਨ ਆਪ ਜੀ ਦੀ ਜੋਤ ਪਰਮ ਜੋਤ ਨਾਲ ਸਮਾ ਗਈ। ਆਪ ਜੀ ਦੇ ਭੋਗ ਵਾਲੇ ਦਿਨ ਮਹੰਤ ਸਿਕੰਦਰ ਦਾਸ ਨੂੰ ਰਸਮ ਪਗੜੀ ਕੀਤੀ ਗਈ, ਜਿਸ ਦੀ ਉਮਰ ਉਸ ਵੇਲੇ ਲਗਪਗ 11-12 ਸਾਲ ਸੀ। ਭਾਦੋਂ ਦੀ ਸੰਗਰਾਂਦ ਨੂੰ ਬਾਬਾ ਜੀ ਦੀ ਬਰਸੀ ਮਨਾਈ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਕੀਤਾ ਜਾਂਦਾ ਹੈ। ਸਾਰੇ ਪਿੰਡਾਂ ਦੀਆਂ ਸੰਗਤਾਂ ਆਉਂਦੀਆਂ ਹਨ।

11. ਸੰਤ ਬਾਬਾ ਤੋਤਾ ਪੁਰੀ ਜੀ

ਸੰਤ ਬਾਬਾ ਤੋਤਾ ਪੁਰੀ ਜੀ ਦਾ ਜਨਮ ਪਿਤਾ ਸ੍ਰੀ ਘਨੱਈਆ ਜੀ ਦੇ ਗ੍ਰਹਿ ਵਿਖੇ ਮਾਤਾ ਹਰਿ ਕੌਰ ਜੀ ਦੀ ਸੁਭਾਗੀ ਕੁੱਖ ਤੋਂ ਨਗਰ ਜੋਗੀ ਮਾਜਰਾ ਵਿਖੇ ਹੋਇਆ। ਬਾਬਾ ਜੀ ਦੇ ਦੋ ਭਰਾ ਚੰਦਾ ਸਿੰਘ ਜੀ ਅਤੇ ਪੋਲਾ ਸਿੰਘ ਜੀ ਸਨ। ਜੋਗੀ ਮਾਜਰਾ ਪਿੰਡ ਤੋਂ ਬਾਹਰ ਸੰਤ ਪਠਾਨ ਪੁਰੀ ਸੰਨਿਆਸੀਆਂ ਦਾ ਡੇਰਾ ਸੀ। ਆਪ ਘਰੋਂ ਦੁੱਧ ਲਿਜਾ ਕੇ ਮਹਾਤਮਾ ਨੂੰ ਛਕਾਉਂਦੇ ਸਨ। ਜਵਾਨ ਅਵਸਥਾ ਵਿਚ ਸਫ਼ੈਦ ਬਸਤਰ ਖ਼ਾਸ ਕਰ ਚਾਦਰਾ ਪਹਿਨ ਕੇ ਰੱਖਦੇ ਸਨ। ਪੱਗ ਟੌਰਾ ਛੱਡ ਕੇ ਬੰਨ੍ਹਦੇ ਅਤੇ ਕੱਢਵੀਂ ਜੁੱਤੀ ਪਹਿਨਦੇ। ਹੱਥ ਵਿਚ ਖੂੰਡਾ ਹਮੇਸ਼ਾਂ ਰੱਖਦੇ।

ਪੰਦਰਾਂ-ਵੀਹ ਸਾਲ ਦੀ ਅਵਸਥਾ ਵਿਚ ਘਰੋਂ ਜਾ ਕੇ ਕਦੀ ਜੰਡਾਲੀ ਦੇ ਪੁੱਲ, ਕਦੇ ਅਹਿਮਦਗੜ੍ਹ ਦੇ ਨੇੜੇ, ਕਦੀ ਜਗੇੜੇ ਨਹਿਰ ਦੇ ਪੁੱਲ 'ਤੇ ਜਾ ਬੈਠ ਜਾਣਾ। ਬਾਬਾ ਜੀਆਂ ਨੂੰ ਜੋ ਵੀ ਡਾਕੂ ਲੁਟੇਰਾ ਮਿਲਦਾ, ਉਸ ਦੀ ਖੂੰਡੇ ਨਾਲ ਖ਼ੂਬ ਸੇਵਾ ਕਰਦੇ। ਜੋਗੀ ਮਾਜਰੇ ਇਕ ਹੋਰ ਡੇਰਾ ਸੀ, ਜਿਸ ਦੇ ਸ੍ਰੀ ਮਹੰਤ ਸੰਤ ਜਗਨ ਨਾਥ ਜੀ, ਜੋ ਬਹੁਤ ਵਿਦਵਾਨ ਸਨ।

ਇਕ ਦਿਨ ਤੋਤਾ ਪੁਰੀ ਜੀ ਨੇ ਜੋਗੀ ਮਾਜਰੇ ਸੰਤ ਪਠਾਨਪੁਰੀ ਜੀ ਨੂੰ ਡੇਰੇ ਜਾ ਕੇ ਬੇਨਤੀ ਕੀਤੀ ਕਿ ਸਾਨੂੰ ਚੇਲਾ ਬਣਾ ਲਵੋ। ਸੰਤਾਂ ਨੇ ਆਖਿਆ ਕਿ ਅਸੀਂ ਚੇਲਾ ਤਾਂ ਤੁਹਾਨੂੰ ਬਣਾ ਲੈਂਦੇ ਹਾਂ, ਪਰ ਤੁਹਾਡੇ ਮਾਤਾ-ਪਿਤਾ ਜੀ ਨੇ ਸਾਡਾ ਪ੍ਰਸ਼ਾਦਾ ਤੇ ਦੁੱਧ ਬੰਦ ਕਰ ਦੇਣਾ ਹੈ। ਉਹਨਾਂ ਕਹਿਣਾ ਕਿ ਸਾਡਾ ਪੁੱਤਰ ਸਾਧ ਬਣਾ ਲਿਆ। ਬਾਬਾ ਜੀ ਨੇ ਤੋਤਾ ਪੁਰੀ ਨੂੰ ਸ਼ਾਮ ਸਿੰਘ ਵਾਲੇ (ਨੇੜੇ ਲੋਪੋ ਭੋੜੇ) ਸੰਤਾਂ ਪਾਸ ਭੇਜਿਆ। ਉਥੋਂ ਸੰਤ ਤੋਤਾ ਪੁਰੀ ਜੀ ਨੇ ਗੁਰਮੰਤ੍ਰ ਲਿਆ।

ਬਾਬਾ ਜੀ ਨੇ ਇਲਾਕਾ ਛੱਡ ਕੇ 40 ਸਾਲ ਬਾਹਰ ਜੰਗਲ ਬੇਲਿਆਂ ਵਿਚ ਸਖ਼ਤ ਤਪੱਸਿਆ ਕੀਤੀ। 40 ਸਾਲ ਪਿੰਡ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਸੰਤਾਂ ਦਾ ਕੋਈ ਪਤਾ ਨਾ ਲੱਗਿਆ। ਫਿਰ ਇਕ ਦਿਨ ਪਤਾ ਲੱਗਿਆ ਕਿ ਅੱਜ ਲੁਧਿਆਣੇ ਬੈਠੇ ਹਨ। ਕਦੀ ਆਪਣੀ ਮੌਜ ਵਿਚ ਸੰਗਰੂਰ, ਕਦੀ ਮਲੇਰਕੋਟਲੇ, ਕਦੀ ਅਹਿਮਦਗੜ੍ਹ, ਕਦੀ ਨਾਭੇ। ਉਸ ਸਮੇਂ ਸੰਤ ਤੋਤਾ ਪੁਰੀ ਜੀ ਅਲਫ਼ ਨਗਨ ਅਵਸਥਾ ਵਿਚ ਰਹਿੰਦੇ ਸਨ। ਫਿਰ ਕਦੇ ਕਦਾਈਂ ਜੋਗੀ ਮਾਜਰੇ ਪਿੰਡੋਂ ਬਾਹਰ ਖੂਹਾਂ 'ਤੇ ਆਉਣ

ਲੱਗ ਪਏ। ਅੰਤ ਸੰਨ 1954 ਈ. ਵਿਚ ਆਪ ਜੀ ਨੇ ਸਮਾਧੀ ਲੈ ਲਈ। ਅੱਜ-ਕੱਲ੍ਹ ਸਮਾਧ 'ਤੇ ਸਾਲਾਨਾ ਜੋੜ ਮੇਲਾ ਹੁੰਦਾ ਹੈ।

12. ਸੰਤ ਮਸਤ ਰਾਮ ਜੀ

ਆਪ ਮਹਾਨ ਤਪੀਸਰ ਸੰਤ ਵੀਰਮ ਦਾਸ ਜੀ ਦੇ ਸ਼ਿਸ਼ ਸਨ। ਰਿਧੀਆਂ-ਸਿਧੀਆਂ ਦੇ ਮਾਲਕ ਸਨ। ਆਪ ਕਈ ਨਗਰਾਂ ਵਿਚ ਵਿਚਰਦੇ ਰਹਿੰਦੇ ਸਨ। ਜਿਵੇਂ : ਬਧੌਛੀ, ਚਲੈਲਾ ਨਗਰ ਤੇ ਬਰਵਾਲੀ। ਕੁਝ ਸਮਾਂ ਉਥੇ ਠਹਿਰਨ ਤੋਂ ਬਾਅਦ ਨੀਵੇਂ ਜਟਾਣੇ ਕੋਲ ਆ ਕੇ ਸਮਾਧੀ ਲਗਾ ਲਈ। ਡੇਰਾ ਬਣਾ ਲਿਆ, ਜਿਥੇ ਅੱਜ-ਕੱਲ੍ਹ ਲੋਕਾਂ ਦੀਆਂ ਸੁੱਖਾਂ ਵਰ ਆਉਂਦੀਆਂ ਹਨ। ਪੂਰਨ ਫ਼ਕੀਰਾਂ ਵਿਚ ਸਤਿਕਾਰ ਹੈ। ਮੰਨੇ-ਪ੍ਰਮੰਨੇ ਫ਼ਕੀਰ ਹਨ। ਖਮਾਣੋਂ ਸਰਕਲ ਨੀਵਾਂ ਜਟਾਣਾ ਨੇੜੇ ਸੰਤ ਮਸਤ ਰਾਮ ਜੀ ਦੀ ਸਮਾਧੀ ਬਣੀ ਹੋਈ ਹੈ। ਸੰਗਤਾਂ ਨਮਸਕਾਰ ਕਰ ਕੇ ਆਪਣੀਆਂ ਮਨੋਕਾਮਨਾਵਾਂ ਪੂਰਨ ਕਰਦੀਆਂ ਹਨ।

13. ਸੰਤ ਕਿਰਪਾ ਦਾਸ ਜੀ

ਇਹਨਾਂ ਨੇ ਉਦਾਸੀਨ ਡੇਰਾ ਸੀਲੋਂ ਤੋਂ ਬ੍ਰਹਮ ਵਿੱਦਿਆ ਪ੍ਰਾਪਤ ਕੀਤੀ। ਫਿਰ ਮਹਾਰਾਜਾ ਪਟਿਆਲਾ ਦੀ ਫ਼ੌਜ ਵਿਚ ਨੌਕਰੀ ਕੀਤੀ। ਫ਼ੌਜ ਵਿਚ ਰਹਿੰਦਿਆਂ ਸੰਤ ਅਤਰ ਸਿੰਘ ਮਹਾਰਾਜ ਜੀ ਦੇ ਜੀਵਨ ਦਾ ਅਸਰ ਹੋਇਆ। ਪੈਨਸ਼ਨ ਆ ਕੇ ਸੰਤ ਬੈਣੀ ਦਾਸ ਜੀ (ਨਿਰੰਕਾਰੀ ਡੇਰਾ ਮਦਨੀਪੁਰ) ਤੋਂ ਸਾਧੂ ਭੇਖ ਧਾਰਨ ਕੀਤਾ ਅਤੇ ਉਹਨਾਂ ਦੇ ਸ਼ਿਸ਼ ਬਣੇ। ਉਸ ਡੇਰੇ ਵਿੱਚੋਂ ਆ ਕੇ ਬਾਹਰ ਇਕਾਂਤ ਬੈਠ ਕੇ ਭਗਤੀ ਕਰਨੀ। ਉਤਰਾਧਿਕਾਰੀ ਗੁਰਦਿਆਲ ਦਾਸ ਜੀ ਬਾਸਮ (ਘੁੜਾਮਾ) ਨਗਰ ਤੋਂ ਬੈਰਾਗ ਧਾਰਨ ਕਰ ਕੇ ਸੰਤਾਂ ਨੂੰ ਗੁਰੂ ਧਾਰਿਆ। ਪਹਿਲਾਂ ਨਗਰ ਤੋਂ ਬਾਹਰ ਆਵੇ ਵਾਲੇ ਖੂਹ 'ਤੇ ਕੁਟੀਆ ਬਣਾਈ। ਫਿਰ ਆਪਣੇ ਖੇਤ ਵਿਚ ਬਗ਼ੀਚੀ ਲਾਈ ਅਤੇ ਡੇਰਾ ਬਣਾਇਆ। ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣਾ ਸਾਹਿਬ ਵਾਲੇ 21-22 ਦਿਨ ਇਧਰ ਦੀਵਾਨਾਂ ਸਮੇਂ ਬਗ਼ੀਚੀ ਵਿਚ ਠਹਿਰਦੇ ਸਨ। ਸੰਤ ਕਿਰਪਾ ਦਾਸ ਜੀ ਦੇ 1962 ਵਿਚ ਸਮਾਧੀ ਲੈਣ ਤੋਂ ਬਾਅਦ ਸੰਤ ਗੁਰਦਿਆਲ ਦਾਸ ਜੀ ਅਤੇ ਇਹਨਾਂ ਤੋਂ ਬਾਅਦ ਗਜਿੰਦਰ ਦਾਸ ਡੇਰੇ ਦੀ ਸੰਭਾਲ ਕਰ ਰਹੇ ਹਨ।

14. ਸੰਤ ਊਧਮ ਦਾਸ ਜੀ

ਸੰਤ ਊਧਮ ਦਾਸ ਜੀ ਸਿੱਧਸਰ (ਸਿਹੌੜਾ ਸਾਹਿਬ) ਵਿਖੇ ਉਦਾਸੀ ਸੰਤ ਹੋਏ ਹਨ। 1911-12 ਵਿਚ ਸੰਤ ਜੀ ਨੇ ਮਿਡਲ ਸਕੂਲ ਬਣਵਾਇਆ। ਸੰਤ ਜੀ ਨੇ ਭੱਠਾ ਲਗਾ ਕੇ ਸਰੋਵਰ ਦੀ ਸੇਵਾ ਕਰਵਾਈ। ਸੰਤ ਜੀ ਨੇ 14 ਸਾਲ ਪਟਿਆਲੇ ਬਾਰਾਂਦਰੀ ਵਿਚ ਕੁਟੀਆ ਪਾ ਕੇ ਘੋਰ ਤਪੱਸਿਆ ਕੀਤੀ। ਰਿਸ਼ੀਕੇਸ਼ ਵੀ ਗਏ। ਸੰਨ 1947 ਵਿਚ ਸੰਤ ਸਮਾਧੀ ਲੈ ਗਏ।

15. ਬਾਬਾ ਨਗਨ ਸਾਹਿਬ ਜੀ

ਬਾਬਾ ਨਗਨ ਸਾਹਿਬ ਜੀ ਦਾ ਜਨਮ ਪੂਜਯ ਪਿਤਾ ਸ. ਦੀਦਾਰ ਸਿੰਘ ਜੀ ਅਤੇ ਮਾਤਾ ਭੋਲੀ ਕੌਰ ਜੀ ਦੀ ਸੁਭਾਗੀ ਕੁੱਖ ਤੋਂ ਹੋਇਆ। ਬਾਬਾ ਜੀ ਦਾ ਜੱਦੀ ਪਿੰਡ ਅਲੀਸ਼ੇਰ, ਜ਼ਿਲ੍ਹਾ ਮਾਨਸਾ ਹੈ। ਬਾਬਾ ਜੀ ਨੇ ਇਕ ਸਾਧੂ ਦੇ ਮਿਲਾਪ ਤੋਂ ਉਦਾਸੀਨ ਮੱਤ ਧਾਰਨ ਕਰ ਲਿਆ। ਜੁਆਨ ਅਵਸਥਾ ਵਿਚ ਫ਼ੌਜ ਵਿਚ ਭਰਤੀ ਹੋ ਗਏ। ਸੰਤ ਮਹਾਰਾਜ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਨਾਲ ਆਪ ਜੀ ਫ਼ੌਜ ਵਿਚ ਇਕੱਠੇ ਹੀ ਰਹੇ। ਅਖ਼ੀਰ ਦੋਹਾਂ ਨੇ ਸਲਾਹ ਕਰ ਕੇ ਫ਼ੌਜ ਵਿੱਚੋਂ ਨਾਮ ਕਟਵਾ ਲਿਆ। ਫ਼ੌਜ ਵਿੱਚੋਂ ਆ ਕੇ ਐਸੀ ਤਪੱਸਿਆ ਕੀਤੀ ਕਿ ਸਰੀਰ ਦੀ ਸੁੱਧ-ਬੁੱਧ ਹੀ ਨਾ ਰਹੀ। ਬਾਬਾ ਜੀ ਉੱਚੇ-ਸੁੱਚੇ ਜੀਵਨ ਵਾਲੇ, ਮਹਾਨ ਤਪੱਸਵੀ ਹੋਏ ਹਨ। ਬਾਬਾ ਜੀ 1894-95 ਦੇ ਵਿਚਕਾਰ ਤੋਪਖ਼ਾਨਾ ਸੰਗਰੂਰ ਵਿਖੇ ਰਹਿੰਦੇ ਸਮਾਧੀ ਲੈ ਗਏ। ਜਿਥੇ ਵੀ ਬਾਬਾ ਜੀ ਨੇ ਤਪੱਸਿਆ ਕੀਤੀ, ਉਹਨਾਂ ਅਸਥਾਨਾਂ 'ਤੇ 24 ਘੰਟੇ ਦੇਸੀ ਘਿਉ ਦੀਆਂ ਜੋਤਾਂ ਜਗਦੀਆਂ ਹਨ। ਸੰਗਤਾਂ ਦਰਸ਼ਨ ਕਰ ਕੇ ਮਨ ਦੀਆਂ ਮੁਰਾਦਾਂ ਪੂਰਨ ਕਰਦੀਆਂ ਹਨ।

16. ਸੰਤ ਗੁਲਾਬ ਦਾਸ ਜੀ

ਸੰਤ ਗੁਲਾਬ ਦਾਸ ਜੀ ਬੜੇ ਸਹਿਨਸ਼ੀਲਤਾ ਤੇ ਤੇਜ ਪ੍ਰਤਾਪ ਵਾਲੇ ਨਰਮ ਦਿਲ ਸਾਧੂ ਸਨ। ਵੰਡ ਛਕਣਾ ਤੇ ਸਦਾ ਸਭਸ ਨਾਲ ਰਾਜ਼ੀ ਰਹਿਣਾ, ਮੰਦਾ ਕਦੀ ਕਿਸੇ ਨੂੰ ਨਾ ਬੋਲਣਾ। ਧਰਮਸਾਲ ਦੀ ਜ਼ਮੀਨ ਵਿਚ ਖੇਤੀ ਕਰ ਕੇ ਅੰਨ ਪੈਦਾ ਕਰਨਾ ਤੇ ਗੁਰੂ ਕਾ ਲੰਗਰ ਸਦਾ ਜਾਰੀ ਰੱਖਣਾ। ਧਰਮ ਅਰਥ ਜਾਗੀਰ ਜੋ ਮਿਲੀ ਹੋਈ ਸੀ, ਉਹ ਵੀ ਉਸੇ ਤਰ੍ਹਾਂ ਅਭਿਆਗਤਾਂ ਲੋੜਵੰਦਾਂ ਦੀ ਸੇਵਾ ਵਿਚ ਧਰਮ ਅਰਥ ਲੇਖੇ ਲਾ ਦੇਣੀ। ਆਪ ਚੱਠੋ ਪਹਿਰ ਸਿਮਰਨ ਭਜਨ ਵਿਚ ਮਗਨ ਰਹਿਣਾ।

ਧਰਮਸਾਲ ਦੇ ਐਮੇ ਵਿੱਚੋਂ ਜਾਗੀਰਦਾਰਾਂ ਨੇ ਕਿੱਕਰ ਕੱਟ ਲਈ। ਸੰਤ ਗੁਲਾਬ ਦਾਸ ਜੀ ਨੇ ਨਿਮਰਤਾ ਤੇ ਅਧੀਨਗੀ ਨਾਲ ਉਨ੍ਹਾਂ ਨੂੰ ਆਖਿਆ, "ਭਾਈ! ਇਸ ਤਰ੍ਹਾਂ ਜ਼ੋਰਾ ਧਿਙਾਣਾਂ ਨਹੀਂ ਕਰਨਾ ਚਾਹੀਦਾ।" ਅੱਗੋਂ ਜੱਟ ਨੇ ਅਬਾ-ਤਬਾ ਕੀਤੀ, ਨਾਲੇ ਸੰਤ ਜੀ ਨੂੰ ਸੱਟ-ਫੇਟ ਮਾਰੀ! ਸੰਤ ਜੀ ਚੁੱਪ ਕੀਤੇ ਮੁੜ ਆਏ। ਪੰਜ ਦਿਨ ਗੁਜ਼ਰੇ, ਜੱਟ ਦੀ ਤੀਵੀਂ ਮਰ ਗਈ। ਉਸ ਤੋਂ ਤਿੰਨ ਦਿਨ ਬਾਦ ਜੱਟ ਦਾ ਜੁਆਨ ਭਰਾ ਚੜ੍ਹ ਗਿਆ। ਜ਼ਿਮੀਂਦਾਰ ਆਪ ਇਕ ਦਿਨ ਰਾਤ ਸਮੇਂ ਇਕ ਢੱਠੇ ਕੋਠੇ 'ਚ ਲੱਕੜੀਆਂ ਕੱਢਣ ਲੱਗਾ ਤਾਂ ਪਹਿਰੇਦਾਰ ਸਿਪਾਹੀ ਨੇ ਖੜਕਾ ਸੁਣ ਕੇ ਅਵਾਜ਼ ਮਾਰੀ। ਜੱਟ ਨਾ ਬੋਲਿਆ। ਸਿਪਾਹੀ ਨੇ ਵੱਟ ਕੇ ਤਲਵਾਰ ਦਾ ਹੱਥ ਕੀਤਾ, ਜੋ ਜੱਟ ਦੇ ਲੱਕ 'ਤੇ ਵੱਜਾ, ਤਦ ਉਹ ਬੋਲਿਆ। ਸਿਪਾਹੀ ਨੇ ਆਖਿਆ, "ਉਦੋਂ ਕਿਉਂ ਨਹੀਂ ਸੈਂ ਕੂਇਆ?" ਉਸ ਨੇ ਆਖਿਆ, "ਮੈਨੂੰ ਬਾਬਾ ਗੁਲਾਬ ਦਾਸ ਦਾ ਸਰਾਪ ਹੈਸੀ। ਇਸੇ ਤਰ੍ਹਾਂ ਘਾਊ ਮੇਰੇ ਸਰੀਰ 'ਤੇ ਲੱਗਣਾ ਸੀ।" ਅਗਲੇ ਦਿਨ ਜੱਟ ਪਿੰਡ ਦੀ ਪੰਚਾਇਤ ਜੋੜ ਕੇ ਭਾਈ ਗੁਲਾਬ ਦਾਸ ਜੀ ਪਾਸੋਂ ਮਾਫ਼ੀ ਮੰਗਣ ਆਇਆ। ਭੇਟਾ ਅੱਗੇ ਰੱਖ

ਕੇ ਭਾਈ ਸਾਹਿਬ ਦੇ ਚਰਨ ਫੜ ਲਏ। ਬਾਬਾ ਜੀ ਨੇ ਖ਼ੁਸ਼ੀ ਕੀਤੀ ਤਾਂ ਉਸ ਨੂੰ ਲੱਗਾ ਤਲਵਾਰ ਦਾ ਫੱਟ ਵੱਲ ਹੋ ਗਿਆ ਤੇ ਜੱਟ ਮਰਨੋਂ ਬਚ ਗਿਆ।

17. ਸੰਤ ਮਨੋਹਰ ਦਾਸ ਜੀ

ਸੰਤ ਮਨੋਹਰ ਦਾਸ ਜੀ ਸੰਤ ਰਾਮਦਾਸ ਜੀ ਦੇ ਚੇਲੇ ਸਨ। ਸਾਧੂਆਂ ਵਾਲੇ ਹਰ ਗੁਣ ਵਿਚ ਪੂਰੇ ਅਰੁ ਵਿਰੱਕਤ ਸੰਤ ਸਨ, ਜਿਵੇਂ ਜਲ ਵਿਚ ਕੰਵਲ। ਇਸਤਰੀ ਦਾ ਦਰਸ਼ਨ ਤਕ ਨਹੀਂ ਸਨ ਕਰਦੇ। ਅਤਿਥੀਆਂ, ਸਾਧੂਆਂ ਨੂੰ ਭੋਜਨ ਛਕਾ ਕੇ ਖ਼ੁਸ਼ ਰਹਿੰਦੇ ਸਨ। ਲੋੜਵੰਦਾਂ ਦੀ ਹਰ ਪ੍ਰਕਾਰ ਦੀ ਸਹਾਇਤਾ ਕਰਦੇ ਸਨ। ਸਰਦੀਆਂ ਵਿਚ ਰਜਾਈਆਂ ਤੇ ਲੋਈਆਂ ਗ਼ਰੀਬਾਂ ਨੂੰ ਵਰਤਾਉਂਦੇ ਸਨ। ਰੋਗੀ ਕੇਹਾ ਜਿਹਾ ਆ ਜਾਏ, ਸਭ ਦਾ ਪ੍ਰੇਮ ਨਾਲ ਇਲਾਜ ਕਰਨਾ, ਪੁੰਨਾਰਥ ਦਵਾਈ ਦੇਣਾ, ਨਾਲ ਲੰਗਰ ਪ੍ਰਸਾਦਾ ਵੀ ਛਕਾਉਣਾ। ਸ਼ਾਸਤਰਾਂ ਪੁਰਾਣਾਂ ਦੇ ਇਤਨੇ ਗਿਆਤਾ ਸਨ ਕਿ ਹਰ ਇਕ ਸ਼ੰਕਾਵਾਦੀ ਦੀ ਤਸੱਲੀ ਕਰਵਾ ਦਿੰਦੇ ਸਨ।

ਪਟਿਆਲਾ ਪਤੀ ਕਰਮ ਸਿੰਘ ਇਨ੍ਹਾਂ ਦਾ ਅਨਿਨ ਭਗਤ ਸੀ। ਹਰ ਗੱਲ ਸੰਤ ਜੀ ਦੀ ਸਲਾਹ ਨਾਲ ਕਰਦਾ ਸੀ। ਲੋਕੀਂ ਇਹ ਸਮਝਦੇ ਸਨ ਕਿ ਸੰਤ ਮਨੋਹਰ ਦਾਸ ਜੀ ਰਾਜ ਸੰਤ ਹਨ। ਮਹਾਰਾਜਾ ਤਾਂ ਉਹਨਾਂ ਦੇ ਅਧੀਨ ਆਗਿਆਕਾਰੀ ਸੇਵਕ ਹੈ। ਮਹਾਰਾਜਾ ਕਰਮ ਸਿੰਘ ਨੇ ਸੰਤ ਦੀ ਸੇਵਾ ਸ਼ਰਧਾ ਪ੍ਰੇਮ ਤੇ ਤਨ, ਮਨ, ਧਨ ਨਾਲ ਕੀਤੀ। ਪੰਜਾਹ ਲੱਖ ਰੁਪਏ ਦੀ ਸਾਲਾਨਾ ਆਮਦਨ ਵਾਲੀ ਰਿਆਸਤ ਮਹਾਰਾਜਾ ਸਾਹਿਬ ਨੇ ਸੰਤਾਂ ਦੇ ਸਪੁਰਦ ਕੀਤੀ ਹੋਈ ਸੀ, ਭਾਵੇਂ ਸੰਤ ਸਿਆਹ ਕਰਨ ਤੇ ਭਾਵੇਂ ਸੁਫ਼ੈਦ। ਆਪ ਜੀ ਹੱਥੀਂ ਬੰਨ੍ਹ ਕੇ ਸੇਵਕ ਹਾਰ ਬਾਵਾ ਜੀ ਦੇ ਅਗਾੜੀ ਖਲ੍ਹੋ ਜਾਂਦੇ ਸਨ। ਬਾਬਾ ਜੀ ਦੀ ਆਗਿਆ ਅਨੁਸਾਰ ਰਾਜ ਵਿਚ ਇਸ ਤਰ੍ਹਾਂ ਦੀ ਧਰਮ ਮਰਯਾਦਾ ਕਾਇਮ ਹੋ ਗਈ। ਚਾਨਣੀ ਇਕਾਦਸ਼ੀ ਨੂੰ ਸਾਰੇ ਜ਼ਿਮੀਂਦਾਰ ਢੱਗੇ ਨਹੀਂ ਸੀ ਜੋਂਦੇ। ਕਿਸੇ ਤਰ੍ਹਾਂ ਦੀ ਜੀਵ ਹੱਤਿਆ ਨਹੀਂ ਸੀ ਹੁੰਦੀ। ਲੋਕੀਂ ਇਕਾਦਸ਼ੀ ਦਾ ਵਰਤ ਰੱਖਦੇ ਸਨ। ਰਾਜਧਾਨੀ ਪਟਿਆਲਾ ਵਿਚ ਵੇਸ਼ਵਾ, ਮਾਸ ਤੇ ਸ਼ਰਾਬ ਤਿੰਨਾਂ ਦੇ ਸੇਵਕ ਦਾ ਤਿਆਗ ਹੋ ਗਿਆ ਸੀ। ਵਰਤ ਵਾਲੇ ਦਿਨ ਕਥਾ ਕੀਰਤਨ ਤੇ ਭਗਵਤ ਭਜਨ ਵਿਚ ਹੀ ਬਤੀਤ ਹੁੰਦਾ ਸੀ। ਮਹਾਰਾਜਾ ਸਾਹਿਬ ਜਦੋਂ ਸੁਰਗਵਾਸ ਹੋ ਗਏ ਤਾਂ ਸੰਤ ਜੀ ਗੰਗਾ ਕਿਨਾਰੇ ਜਾ ਟਿਕੇ। ਮਗਰੋਂ ਉਹਨਾਂ ਦੇ ਜਾਨਸ਼ੀਨ ਮਹਾਰਾਜਾ ਨਰਿੰਦਰ ਸਿੰਘ ਜੀ ਵੀ ਸੰਤ ਜੀ ਦਾ ਉਸੇ ਤਰ੍ਹਾਂ ਸਤਿਕਾਰ ਤੇ ਟਹਿਲ ਸੇਵਾ ਕਰਦੇ ਰਹੇ।

ਸੰਤ ਜੀ ਦਾ ਬਾਹਰੀ ਅਡੰਬਰ ਤਾਂ ਰਾਜਿਆਂ ਵਾਂਗ ਠਾਠ-ਬਾਠ ਵਾਲਾ ਸੀ। ਹਾਥੀ ਦੀ ਸਵਾਰੀ ਤੇ ਅੱਗੇ-ਪਿੱਛੇ ਅੜਦਲ ਵਿਚ ਫ਼ੌਜ, ਪਰ ਵਿਰਤੀ ਸਦਾ ਅਲੇਪ। ਸਰੀਰ ਤਿਆਗਣ ਤੋਂ ਇਕ ਮਹੀਨਾ ਪਹਿਲਾਂ ਚਲਾਣੇ ਦੀ ਸੂਚਨਾ ਆਪਣੇ ਸਾਥੀਆਂ ਸੇਵਕਾਂ ਨੂੰ ਦੇ ਦਿੱਤੀ। ਗੰਗਾ ਦੇ ਘਾਟ ਪੁਰ ਸਤ ਦਿਨ ਇਕ ਆਸਣ ਬਹਿ ਕੇ ਭਾਗਵਤ ਦੀ ਕਥਾ ਸਰਵਣ ਕੀਤੀ ਅਰ ਸਮਾਧ ਸਥਿਤ ਹੋ ਕੇ ਪ੍ਰਾਣ ਪੰਖੇਰੂ ਉਡਾ ਦਿੱਤੇ। ਪਰਲੋਕ ਪਿਆਨੇ ਸਮੇਂ ਡੇਰੇ ਵਿਚ ਦੋ ਲੱਖ ਰੁਪਏ ਦਾ ਲਟਾ-ਪਟਾ ਮੌਜੂਦ ਸੀ। ਸੰਗਤ ਨੇ ਬਚਨ ਕੀਤਾ ਕਿ ਇਹ ਮਾਲ ਆਪਣਾ ਕਰਕੇ ਕਿਸੇ ਨੂੰ ਸੌਂਪ ਦਿਓ।" ਸੰਤ ਜੀ

ਫ਼ੁਰਮਾਇਆ, "ਇਕ ਬਟੂਆ ਤੇ ਇਕ ਤੂੰਬੀ ਭਾਵੇਂ ਸਾਡੀ ਸਮਝ ਲਓ! ਬਾਕੀ ਸਭ ਕੁਝ ਰਾਜਾ ਜੀ ਦਾ ਹੀ ਹੈ।"

ਬਾਬਾ ਮਨੋਹਰ ਦਾਸ ਜੀ ਦਾ ਸਾਰੇ ਸਿੱਖ ਸਰਦਾਰ ਤੇ ਰਾਜੇ ਆਦਰ ਮਾਣ ਕਰਦੇ ਸਨ। ਉਦਾਸੀਆਂ ਦਾ 'ਛੋਟਾ ਅਖਾੜਾ' ਨਾਮੇ ਆਸ਼ਰਮ ਕਾਇਮ ਕਰਨ ਵਿਚ ਆਪ ਦੇ ਉੱਦਮ ਉਪਰਾਲੇ ਦਾ ਹਿੱਸਾ ਬਹੁਤ ਜ਼ਿਆਦਾ ਸੀ। ਇਕ ਵਾਰ ਮਹਾਰਾਜਾ ਪਟਿਆਲਾ ਕਰਮ ਸਿੰਘ ਨੇ ਆਪ ਨੂੰ ਇਕ ਲੱਖ ਰੁਪਏ ਭੇਟ ਕੀਤਾ। ਇਹ ਸਾਰੀ ਮਾਇਆ ਸੰਤ ਜੀ ਨੇ ਪਰਉਪਕਾਰ ਹਿਤ ਖ਼ਰਚ ਕਰ ਦਿੱਤੀ। ਸਨੌਰ ਦੇ ਰਾਹ ਵਿਚ ਨਦੀ 'ਤੇ ਪੁਲ ਬਣਵਾਇਆ, ਅਰ 'ਛੋਟੇ ਅਖਾੜੇ' ਦੀ ਛਾਉਣੀ ਕਨਖਲ ਬਣਵਾ ਦਿੱਤੀ। ਆਪਣੇ ਵੈਦਗੀ ਰਾਹੀਂ ਪਰਉਪਕਾਰ ਕਰ ਕੇ ਅਨੇਕਾਂ ਪ੍ਰਾਣੀ ਮਾਤਰ ਸਤਿਗੁਰ ਨਾਨਕ ਦੇ ਸਿੱਖ ਬਣਾਏ।

18. ਪੰਡਿਤ ਪ੍ਰਮੇਸ਼੍ਵਰਾਨੰਦ ਮੁਲਾਂਪੁਰ

ਆਪ ਜੀ ਪਿੰਡ ਟਿੱਬਾ (ਸਾਹਨੇਵਾਲ ਕੋਲ) ਜ਼ਿਲ੍ਹਾ ਲੁਧਿਆਣਾ ਦੇ ਉਦਾਸੀ ਡੇਰੇ ਦੇ ਸਾਧੂ ਸਨ। ਇਹਨਾਂ ਦਾ ਪਹਿਲਾ ਨਾਂ ਅਤਰ ਦਾਸ ਸੀ। ਮੁੱਲਾਂਪੁਰ ਦੇ ਡੇਰੇ (ਦਰਵਾਜ਼ੇ ਉਪਰ) ਰਿਹਾ ਕਰਦੇ ਸਨ।

ਆਪ ਜੀ ਦੀ ਵਿਦਵਤਾ ਆਪ ਬਹੁਤ ਵਿਦਵਾਨ ਸਨ। ਸਾਹਿਤ ਪਦਾਰਥ ਕਰਾਉਣ ਵਿਚ ਆਪ ਜੀ ਨੂੰ ਕਮਾਲ ਹਾਸਲ ਸੀ। 1913-14 ਵਿਚ ਖ਼ਾਲਸਾ ਪ੍ਰਾਇਮਰੀ ਵਿਦਿਆਲਾ ਵਿਚ ਨਿਆਏ ਅਤੇ ਲਘੂ ਕੌਮ ਵੀ ਪੜ੍ਹਾਇਆ ਕਰਦੇ ਸਨ। ਉਪਰੰਤ ਦਿਲ ਉਦਾਸ ਹੋਣ 'ਤੇ ਆਪ ਉੱਚ ਵਿੱਦਿਆ ਪ੍ਰਾਪਤ ਕਰਨ ਲਈ ਖਾਦਧ ਖੰਡਨ ਪੜ੍ਹਨ ਲਈ ਚਲੇ ਗਏ। ਜਿਸ ਦਾ ਆਪ ਨੇ ਆ ਕੇ ਪੰਜਾਬੀ ਵਿਚ ਅਨੁਵਾਦ ਕੀਤਾ। ਆਪ ਜੀ ਨੇ ਸਿੰਘ ਸਭਾ ਲਹਿਰ ਸਮੇਂ ਗੁਰਮਤਿ ਦਾ ਬਹੁਤ ਪ੍ਰਚਾਰ ਕੀਤਾ।

19. ਪੰਡਿਤ ਕ੍ਰਿਸ਼ਨਾਨੰਦ ਜੀ ਮਾਲੀ ਵਾਲੇ

ਆਪ ਜੀ ਦਾ ਜਨਮ ਨਾਭੇ ਅਤੇ ਭਵਾਨੀਗੜ੍ਹ ਦੇ ਵਿਚਾਲੇ 'ਮਾਲੀ' ਨਾਮੇ ਪਿੰਡ ਵਿਚ ਹੋਇਆ। ਆਪ ਪਿੰਡ ਦੇ ਡੇਰੇ ਦੇ ਉਦਾਸੀ ਸੰਤਾਂ ਦੇ ਹੀ ਚੇਲੇ ਹਨ। ਪੰਡਿਤ ਭੈਰੋ ਦੱਤ ਨਾਭੇ ਵਾਲੇ ਪਾਸੋਂ ਨਿਆਇ ਅਤੇ ਵਿਆਕਰਣ ਦੀ ਵਿੱਦਿਆ ਪ੍ਰਾਪਤ ਕੀਤੀ। ਫਿਰ ਕਾਂਸ਼ੀ ਵਿਚ ਵੀ ਕਾਫ਼ੀ ਸਮਾਂ ਅਧਿਐਨ ਕਰ ਕੇ ਉਥੋਂ ਦੀ ਸ਼ਾਸਤਰੀ ਪਾਸ ਕੀਤੀ। ਆਪ ਜੀ ਪਹਿਲੀ ਅਵਸਥਾ ਤੋਂ ਹੀ ਸੰਸਕ੍ਰਿਤ ਦੀ ਛੰਦਾ-ਬੰਦੀ ਰਚਣ ਦੀ ਬੜੀ ਯੋਗਤਾ ਰੱਖਦੇ ਸਨ। ਜਦੋਂ 40 ਵਰਸ਼ ਦੀ ਆਯੂ ਵਿਚ ਹੋਏ ਤਾਂ *ਗੁਰੂ ਨਾਨਕ ਚੰਦ੍ਰੋਦਯ* ਛਪਿਆ ਸੀ। ਉਸ ਵਿਚ ਕ੍ਰਿਸ਼ਨ ਦਾਸ ਕਰਕੇ ਇਹਨਾਂ ਦੇ ਵਕਤਾ ਹੋਣ ਦਾ ਪਰਿਚਯ ਮਿਲਦਾ ਹੈ। ਇਕ *ਈਸ਼੍ਵਰ ਸਿੱਧੀ* ਨਾਮ ਦਾ ਸੰਸਕ੍ਰਿਤ ਗ੍ਰੰਥ ਆਪ ਜੀ ਦਾ ਰਚਿਆ ਹੋਇਆ ਪ੍ਰਸਿੱਧ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਉਪਮਾ ਵਿਚ ਹੁਣੇ ਹੀ ਇਕ ਸੰਸਕ੍ਰਿਤ ਦਾ ਵੱਡੇ ਆਕਾਰ ਦਾ ਗ੍ਰੰਥ ਆਪ ਨੇ ਰਚਿਆ ਹੈ। ਸਾਧੂ ਬੇਲੇ ਦਾ ਇਤਿਹਾਸ ਵੀ ਆਪ ਜੀ ਨੇ ਛੰਦਾ-ਬੰਦੀ ਵਿਚ ਰਚਿਆ ਹੈ। ਆਪ

ਜੀ ਵੈਦਗਿਰੀ ਵੀ ਨਾਲੋ-ਨਾਲ ਕਰਦੇ ਸਨ। ਉੱਚੀ ਕੋਟੀ ਦੇ ਵੈਦਾਂ ਵਿਚ ਆਪ ਜੀ ਦਾ ਨਾਮ ਸ਼ੁਮਾਰ ਸੀ। ਆਪ ਜੀ ਦੀ ਸਭ ਤੋਂ ਵੱਡੀ ਵਡਿਆਈ ਇਹ ਸੀ ਕਿ ਆਪ ਵਿਦਵਾਨਾਂ ਦੇ ਬਹੁਤ ਕਦਰਦਾਨ ਸਨ ਤੇ ਵਿਦਵਾਨਾਂ ਨੂੰ ਦੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ। ਈਰਖਾ ਦਵੈਸ਼ ਤੋਂ ਮੁਕਤ ਸਨ। ਆਪ ਜੀ ਦੀ ਆਯੂ 72 ਸਾਲ ਦੀ ਹੋਣ ਦੇ ਬਾਵਜੂਦ ਵੀ ਆਪ ਜੀ ਨੇ ਭਾਈ ਕਾਨ੍ਹ ਸਿੰਘ ਨਾਭਾ ਜੀ ਦੇ *ਮਹਾਨ ਕੋਸ਼* ਬਣਾਉਣ ਵੇਲੇ ਬਹੁਤ ਸਹਿਯੋਗ ਦਿੱਤਾ, ਜਿਸ ਕਰਕੇ ਆਪ ਦਾ ਨਾਉਂ ਸਿੱਖ ਸਾਹਿਤ ਵਿਚ ਸਦਾ ਅਮਰ ਰਹੇਗਾ। ਭਾਈ ਸਾਹਿਬ ਦੇ ਸਹਿਯੋਗ ਨਾਲ ਆਪ ਖਨੇੜੇ ਡੇਰੇ ਦੇ ਮਹੰਤ ਟਿਕੇ ਰਹੇ ਤੇ ਵੈਦਿਕ ਰਾਹੀਂ ਲੋਕਾਂ ਦਾ ਉਪਚਾਰ ਕਰਦੇ ਰਹੇ ਤੇ ਸੰਸਕ੍ਰਿਤ ਦੇ ਗ੍ਰੰਥਾਂ ਦੀ ਰਚਨਾ ਵੀ ਕਰਦੇ ਰਹੇ।

20. ਸੰਤ ਕੇਸ਼ਵਾ ਨੰਦ ਜੀ

ਆਪ ਜੀ ਦਾ ਜਨਮ ਮਹੀਨਾ ਪੋਹ ਸੰਮਤ 1940 ਬਿ: ਵਿਚ ਉੱਤਰੀ ਰਾਜਸਥਾਨ ਪਿੰਡ ਮਗਲੂਣਾ ਵਿਖੇ ਇਕ ਗ਼ਰੀਬ ਜ਼ਿਮੀਂਦਾਰ ਦੇ ਘਰ ਹੋਇਆ। ਭਾਵੇਂ ਬਚਪਨ ਦੀ ਉਮਰ ਵਿਚ ਵਿੱਦਿਆ ਪ੍ਰਾਪਤ ਨਾ ਕਰ ਸਕੇ, ਪਰ ਪੜ੍ਹਨ ਦਾ ਸ਼ੌਂਕ ਹੋਣ ਕਰਕੇ ਇਸੇ ਹੀ ਲਗਨ ਵਿਚ ਘਰ ਤੇ ਪਰਿਵਾਰ ਦਾ ਮੋਹ ਤਿਆਗ ਕੇ ਇਕ ਸਿੱਖ ਦੇ ਦੱਸ ਪਾਉਣ 'ਤੇ ਫ਼ਾਜ਼ਿਲਕਾ, ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਉਦਾਸੀ ਸੰਤਾਂ ਦੇ ਡੇਰੇ ਪੁੱਜ ਗਏ ਤੇ ਸ੍ਰੀ ਕੁਸ਼ਲ ਦਾਸ ਜੀ ਨੂੰ ਆਪਣਾ ਗੁਰੂ ਧਾਰਨ ਕਰਕੇ, ਉਦਾਸੀ ਮਤ ਦੀ ਸਿੱਖਿਆ ਪ੍ਰਾਪਤ ਕੀਤੀ।

ਇਥੇ ਹੀ ਹਿੰਦੀ, ਪੰਜਾਬੀ ਤੇ ਸੰਸਕ੍ਰਿਤ ਦੀ ਵਿੱਦਿਆ ਸਿੱਖੀ ਤੇ ਮਤ-ਮਤਾਂਤਰਾਂ ਦੇ ਧਾਰਮਿਕ ਗ੍ਰੰਥਾਂ ਦੀ ਖੋਜ ਕੀਤੀ ਤੇ ਕੁਝ ਦੇਸ਼ਾਂ ਦਾ ਰਟਨ ਵੀ ਕੀਤਾ। ਮਹਾਤਮਾ ਕੁਸ਼ਲ ਦਾਸ ਦੇ ਚਲਾਣੇ ਮਗਰੋਂ ਆਪ ਡੇਰੇ ਤੇ ਗੱਦੀ ਦੇ ਮਹੰਤ ਬਣੇ। ਆਪ ਨੇ 'ਸਾਧੂ ਆਸ਼੍ਰਮ' ਸੰਸਕ੍ਰਿਤ ਲਾਇਬ੍ਰੇਰੀ ਬਣਾਈ। ਅਬੋਹਰ ਵਿਖੇ ਵੀ 'ਨਾਗਰੀ ਪ੍ਰਚਾਰਕ ਸਭਾ' ਤੇ 'ਪੁਸਤਕਾਲਯ' ਕਾਇਮ ਕੀਤਾ। ਸੰਗਰੀਆ ਵਿਖੇ ਜਾਟ ਹਾਈ ਸਕੂਲ ਬਣਾਇਆ। ਆਪ ਨੇ ਆਪਣੀ ਵਿੱਦਿਆ ਤੇ ਫਲ ਰੂਪ ਹਿੰਦੀ ਵਿਚ ਕੋਈ 30 ਗ੍ਰੰਥ ਰਚੇ ਤੇ ਸਿੱਖ ਇਤਿਹਾਸ ਬਾਰੇ ਵੀ ਦੋ ਪੁਸਤਕਾਂ ਲਿਖੀਆਂ। ਹਿੰਦੀ ਵਿਚ ਰਸਾਲਾ *ਦੀਪਕ* ਜਾਰੀ ਕੀਤਾ। ਇਥੇ ਹੀ ਅਜਾਇਬ ਘਰ, ਸੰਗੀਤ ਵਿਦਿਆਲਾ ਤੇ ਇੰਜੀਨੀਅਰਿੰਗ ਵਿਭਾਗ ਜਾਰੀ ਕੀਤੇ। ਸਰਬ ਹਿੰਦ ਕੌਮੀ ਕਾਂਗਰਸ ਨਾਲ ਮਿਲ ਕੇ ਦੇਸ਼ ਸੇਵਾ ਦਾ ਕੰਮ ਵੀ ਕਰਦੇ ਹੋਏ ਜੇਲ੍ਹ ਯਾਤਰਾ ਵੀ ਕੀਤੀ। ਦੇਸ਼ ਆਜ਼ਾਦ ਹੋਣ 'ਤੇ ਆਪ ਰਾਜ ਸਭਾ ਦਿੱਲੀ ਦੇ ਸਾਂਸਦ (MP) ਥਾਪੇ ਗਏ।

ਆਪ ਜੀ ਦੀਆਂ ਬੇਮਿਸਾਲ ਸੇਵਾਵਾਂ ਦੀ ਕਦਰ ਕਰਦਿਆਂ ਭਾਰਤ ਦੇ ਕੁਝ ਮੁਖੀਆਂ ਨੇ ਹਿੰਮਤ ਕਰ ਕੇ ਮਾਰਚ 1958 ਵਿਚ ਸਾਢੇ ਪੰਜ ਸੌ ਸਫ਼ੇ ਦਾ ਅਤਿਅੰਤ ਸੁੰਦਰ 'ਅਭਿਨੰਦਨ ਗ੍ਰੰਥ' ਹਿੰਦੀ ਵਿਚ ਛਾਪ ਕੇ ਸਨਮਾਨ ਵਜੋਂ ਆਪ ਜੀ ਦੇ ਭੇਟ ਕੀਤਾ।

ਆਪ 75 ਵਰ੍ਹਿਆਂ ਦੀ ਉਮਰ ਦੇ ਹੁੰਦਿਆਂ ਵੀ ਅੱਜ-ਕੱਲ੍ਹ ਦੇ ਨੌਜਵਾਨਾਂ ਨਾਲੋਂ ਵੱਧ ਹਿੰਮਤੀ ਤੇ ਤੁਰਨ-ਫਿਰਨ ਵਿਚ ਬਲਵਾਨ ਸਨ।

21. ਸੰਤ ਮਨੋਹਰ ਦਾਸ ਜੀ

ਆਪ ਜੀ ਦਾ ਜਨਮ ਮਾਲਵੇ ਵਿਚ ਹੋਇਆ ਤੇ ਆਪ ਜੀ ਕਨਖਲ ਵਿਚ ਰਿਹਾਇਸ਼ ਰੱਖਦੇ ਸਨ। ਆਪ ਜੀ ਗੁਰਮੁਖੀ ਤੇ ਬ੍ਰਿਜ ਭਾਸ਼ਾ ਦੇ ਬਹੁਤ ਉੱਚੇ ਵਿਦਵਾਨ ਹੋਏ ਹਨ। ਆਪ ਜੀ ਨੇ ਆਪਣੀ ਵਿਦਵਤਾ ਦੁਆਰਾ ਸਿੱਖ ਰਾਜ ਦਰਬਾਰਾਂ ਵਿਚ ਕਾਫ਼ੀ ਪ੍ਰਸਿੱਧਤਾ ਪ੍ਰਾਪਤ ਕਰ ਲਈ ਸੀ। ਆਪ ਜੀ ਨੇ ਉਦਾਸੀਆਂ ਦਾ ਛੋਟਾ ਅਖਾੜਾ ਕਾਇਮ ਕੀਤਾ ਸੀ ਤੇ ਉਸ ਦੀ ਛਾਉਣੀ ਕਨਖਲ (ਹਰਿਦੁਆਰ) ਬਣਾਈ ਸੀ। ਮਹਾਰਾਜਾ ਪਟਿਆਲਾ ਕਰਮ ਸਿੰਘ ਵੱਲੋਂ ਇਕ ਲੱਖ ਰੁਪਿਆ ਭੇਂਟ ਹੋਇਆ ਸੀ, ਜਿਸ ਨਾਲ ਆਪ ਨੇ ਸਨੌਰ ਦੇ ਰਸਤੇ ਨਦੀ 'ਤੇ ਪੁਲ ਬੰਨ੍ਹਿਆ। ਆਪ ਜੀ ਉੱਤਮ ਵੈਦ ਵੀ ਸਨ। ਬਹੁਤ ਸਾਰੇ ਰੋਗੀਆਂ ਦਾ ਇਲਾਜ ਵੀ ਕਰਿਆ ਕਰਦੇ ਸਨ। ਗੁਰਬਾਣੀ ਦੇ ਪ੍ਰਚਾਰ ਰਾਹੀਂ ਅਨੇਕਾਂ ਹੀ ਸ਼ਰਧਾਲੂਆਂ ਨੂੰ ਗੁਰਬਾਣੀ ਤੇ ਸਿੱਖ ਧਰਮ ਨਾਲ ਜੋੜਿਆ।

22. ਸੰਤ ਹੀਰਾ ਦਾਸ ਜੀ ਚਿੱਟੀ ਵਾਲੇ

ਪੰਥ ਭੂਸ਼ਣ, ਵਿੱਦਿਆ ਸਾਗਰ, ਸ਼ਿਰੋਮਣੀ ਵਿਦਵਾਨ, ਗੁਰਮਤਿ ਖੋਜੀ ਤੇ ਗੁਰਮਤਿ ਹਿਤਾਇਸ਼ੀ ਸੰਤ ਹੀਰਾ ਦਾਸ ਜੀ ਚਿੱਟੀ ਵਾਲੇ ਇਕ ਜਗਤ ਪ੍ਰਸਿੱਧ ਵਿਦਵਾਨ ਹੋਏ ਹਨ, ਜਿਨ੍ਹਾਂ ਨੇ ਸਿੰਘ ਸਭਾ ਲਹਿਰ ਵੇਲੇ ਮਨਮਤੀਆਂ ਨੂੰ ਉਹ ਮੂੰਹ ਤੋੜ ਹਾਰਾਂ ਦਿੱਤੀਆਂ ਕਿ ਸਿੱਖ ਇਤਿਹਾਸ ਵਿਚ ਸਦਾ ਸੂਰਜ ਵਾਂਙ ਚਮਕਦੀਆਂ ਰਹਿਣਗੀਆਂ।

ਆਪ ਇਕ ਜ਼ਿਮੀਂਦਾਰ ਘਰਾਣੇ ਵਿਚ ਪਿੰਡ ਸੂਮ ਰਿਆਸਤ ਪਟਿਆਲਾ ਵਿਚ ਪੈਦਾ ਹੋਏ।

ਬਾਲਪਣ

ਆਪ ਜੀ ਦੀ ਬਾਲ ਅਵਸਥਾ ਪਿੰਡ ਵਿਚ ਹੀ ਲੰਘੀ ਤੇ ਆਪ ਦੀ ਪਾਲਣਾ-ਪੋਸ਼ਣਾ ਬੜੇ ਚਾਅ ਨਾਲ ਆਪ ਦੇ ਮਾਪਿਆਂ ਵੱਲੋਂ ਕੀਤੀ ਗਈ।

ਵਿੱਦਿਆ

ਆਪ ਜੀ ਨੇ ਮੁੱਢਲੀ ਵਿੱਦਿਆ ਪਿੰਡ ਵਿਚ ਪ੍ਰਾਪਤ ਕੀਤੀ, ਪਰ ਆਪ ਜੀ ਉੱਚ ਵਿੱਦਿਆ ਦੀ ਪ੍ਰਾਪਤੀ ਲਈ ਕਾਂਸ਼ੀ (ਬਨਾਰਸ) ਚਲੇ ਗਏ ਤੇ ਉਥੇ ਸੰਸਕ੍ਰਿਤ ਦੇ ਪੰਡਿਤ ਤੇ ਵੈਦਿਕ ਦੇ ਧਨੰਤਰ ਵੈਦ ਬਣ ਕੇ ਪੰਜਾਬ ਆਏ ਤੇ ਪੰਜਾਬ ਆ ਕੇ ਜਦ ਆਪ ਆਏ ਤਾਂ ਆਪ ਜੀ ਨੂੰ ਵੈਦਿਕ ਦੇ ਧਨੰਤਰ ਕਹਿ ਕੇ ਨਿਵਾਜਿਆ ਜਾਣ ਲੱਗਾ।

ਉਪਕਾਰ

ਜਿਹਨੀਂ ਦਿਨੀਂ ਆਪ ਜੀ ਕਾਂਸ਼ੀ 'ਚੋਂ ਪੜ੍ਹ ਕੇ ਆਏ, ਉਹਨਾਂ ਦਿਨਾਂ ਵਿਚ ਪੰਜਾਬ ਵਿਚ ਦੇਵ ਸਮਾਜ ਲਹਿਰ, ਆਰੀਆ ਲਹਿਰ ਆਦਿ ਚੱਲ ਰਹੀਆਂ ਸਨ ਤੇ

ਆਰੀਆ ਸਮਾਜੀ ਗੁਰਮਤਿ ਵਿਰੁੱਧ ਚਿੱਕੜ ਸੁੱਟ ਰਹੇ ਸਨ। ਜਦ ਆਪ ਜੀ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਆਪ ਜੀ ਸੰਬਾਦ ਰਚਾਉਣ ਲਈ ਉਹਨਾਂ ਨੂੰ ਵੰਗਾਰਿਆ ਤੇ ਮੈਦਾਨ ਵਿਚ ਉਤਰ ਆਏ। ਆਪ ਜੀ ਨੇ ਆਰੀਆ ਸਮਾਜੀਆਂ ਅਤੇ ਸਨਾਤਨੀਆਂ ਨੂੰ ਉਹ ਹਾਰਾਂ ਦਿੱਤੀਆਂ ਕਿ ਮੁੜ ਕੇ ਕਿਸੇ ਨੇ ਵੀ ਆਪ ਨਾਲ ਚਰਚਾ ਕਰਨ ਲਈ ਮੂੰਹ ਨਹੀਂ ਕੀਤਾ। ਆਪ ਸਭ ਤੋਂ ਵੱਧ ਕੇ ਸੰਬਾਦ ਆਤਰਕ ਕਰਨ ਵਿਚ ਬਹੁਤ ਵਿਦਵਾਨ ਸਨ। ਸੰਤ ਗੁਰਬਖ਼ਸ਼ ਸਿੰਘ ਜੀ ਪਟਿਆਲਾ, ਗਿਆਨੀ ਦਿੱਤ ਸਿੰਘ ਜੀ, ਪ੍ਰੋ. ਗੁਰਮੁਖ ਸਿੰਘ ਜੀ ਤੇ ਆਪ ਜੀ ਦਾ ਇਕ ਜਥਾ ਬਣਿਆ ਹੋਇਆ ਸੀ, ਜੋ ਕਿ ਅਨਮਤੀਆਂ ਦੀਆਂ ਕਰਤੂਤਾਂ ਨੂੰ ਰੋਕਣ ਵਿਚ ਸਫਲ ਰਿਹਾ ਤੇ ਉਹਨਾਂ ਦੇ ਵਿਚ ਆਪ ਜੀ ਦੇ ਨਾਮ ਦੀ ਧਾਂਕ ਬੈਠ ਗਈ।

ਆਪ ਜੀ ਬਹੁਤ ਹੀ ਤੇਜ਼ ਸੁਭਾਅ ਦੇ ਮਾਲਕ ਸਨ। ਆਪ ਬਹੁਤ ਨਿਡਰ ਤੇ ਨਿਰਭੈ ਸਨ। ਕਈ ਵਾਰ ਤਾਂ ਬ੍ਰਾਹਮਣਾਂ ਦੀਆਂ ਮੰਡਲੀਆਂ ਵਿਚ ਇਕੱਲੇ ਹੀ ਚਲੇ ਜਾਇਆ ਕਰਦੇ ਸਨ। ਕਿਸੇ ਦੀ ਪ੍ਰਵਾਹ ਵੀ ਨਹੀਂ ਸਨ ਕਰਦੇ। ਆਪ ਸ਼ਸਤਰ ਤੇ ਸ਼ਾਸਤਰ ਦੋਹਾਂ ਵਿੱਦਿਆ ਵਿਚ ਨਿਪੁੰਨ ਸਨ। ਆਪ ਦਿਲ ਦੇ ਦਲੇਰ ਤੇ ਸਰੀਰ ਦੇ ਬੜੇ ਹੀ ਤੰਦਰੁਸਤ ਸਨ। ਆਪ ਜੀ ਨਾਮਧਾਰੀ ਕੇਸ ਬੁੱਚੜ ਵੱਢਣ ਵਾਲਿਆਂ ਦੇ ਨਾਲ ਵੀ ਸਨ। ਆਪ ਇਕ ਤਾਂ ਉਦਾਸੀ ਭੇਖ ਵਿਚ ਰਹਿੰਦੇ ਸਨ, ਦੂਜੇ ਦੌੜਦੇ ਬਹੁਤ ਤੇਜ਼ ਸਨ ਤੇ ਮੌਕਾ ਤਾੜ ਕੇ ਨਿਕਲ ਗਏ। ਇਸੇ ਤਰ੍ਹਾਂ ਆਪ ਜੀ ਦੱਖਣ ਹੈਦਰਾਬਾਦ ਵਿਚ ਬੁੱਚੜਾਂ ਨੂੰ ਗਊ ਵੱਢਦੇ ਦੇਖ ਕੇ ਐਨੇ ਜੋਸ਼ ਵਿਚ ਆ ਕੇ ਲਲਕਾਰਾ ਮਾਰਿਆ ਕਿ ਸਭ ਬੁੱਚੜ ਭੱਜ ਗਏ। (9 ਨਵੰਬਰ ਸੰਨ 1925 ਦੇ *ਹਿੰਦੂ* ਅਖ਼ਬਾਰ ਨੇ ਆਪ ਜੀ ਦੀ ਇਸ ਵੀਰਤਾ ਭਰੇ ਕਾਰਨਾਮੇ ਦਾ ਜ਼ਿਕਰ ਕੀਤਾ ਸੀ। ਆਪ ਜੀ ਨੂੰ ਭੀਸ਼ਮ ਪਿਤਾਮਾ ਦੇ ਉਹਨਾਂ ਨਾਮ ਨਾਲ ਸੰਬੋਧਨ ਕੀਤਾ ਸੀ।) ਆਪ ਜੀ ਨੇ 32 ਵਰ੍ਹੇ ਡੱਟ ਕੇ ਗੁਰਮਤਿ ਦਾ ਪ੍ਰਚਾਰ ਕੀਤਾ, ਅਨਮਤੀਆਂ ਅਤੇ ਬ੍ਰਾਹਮਣਾਂ ਨੂੰ ਚਰਚਾ ਵਿਚ ਹਾਰਾਂ ਦਿੱਤੀਆਂ। ਆਪ ਜੀ ਪਿਛਲੀ ਆਯੂ ਵਿਚ ਪਿੰਡ ਚਿੱਟੀ (ਜਲੰਧਰ) ਚਲੇ ਗਏ ਤੇ ਉਥੇ ਹੀ ਰਹਿੰਦੀ ਜ਼ਿੰਦਗੀ ਬਤੀਤ ਕੀਤੀ। ਆਪ ਜੀ ਦੇ ਨਾਮ 'ਤੇ ਕਾਲਾ ਸੰਘਿਆ ਕੁੜੀਆਂ ਦਾ ਕਾਲਜ ਵੀ ਬਣਿਆ ਹੋਇਆ ਹੈ।

ਅਧਿਆਇ ਸੱਤਵਾਂ

ਉਦਾਸੀ ਸੰਤਾਂ ਦੀਆਂ ਰਹੁ-ਰੀਤਾਂ ਤੇ ਦਾਰਸ਼ਨਿਕ ਸਿਧਾਂਤਾਂ ਪ੍ਰਤੀ ਪਹੁੰਚ

ਉਦਾਸੀ ਸਾਹਿਤ ਦਾ ਸਭ ਤੋਂ ਵੱਡਾ ਗ੍ਰੰਥ ਸੰਤਰੇਣ ਜੀ ਉਦਾਸੀ ਮਹਾਂਪੁਰਸ਼ ਦਾ ਰਚਿਤ *ਗੁਰੂ ਨਾਨਕ ਵਿਜੈ* ਗ੍ਰੰਥ ਹੈ, ਜਿਸ ਦੇ 24382 ਛੰਦ ਹਨ। ਇਹ ਇਕ ਧਰਮ ਪ੍ਰਧਾਨ ਸੁਦੀਆ ਆਕਾਰ ਵਾਲਾ ਪ੍ਰਬੰਧ ਕਾਵਿ ਗ੍ਰੰਥ ਹੈ। ਇਸ ਗ੍ਰੰਥ ਦੀ ਰਚਨਾ ਕਵੀ ਸੰਤਰੇਣ ਜੀ ਨੇ 19ਵੀਂ ਸ਼ਤਾਬਦੀ ਦੇ ਅੰਤਿਮ ਸਮੇਂ ਵਿਚ ਕੀਤੀ।

ਇਸ ਗ੍ਰੰਥ ਵਿਚ 'ਨਾਨਕ ਵਿਜੈ', 'ਮਨ ਪ੍ਰਬੋਧ', 'ਬਚਨ ਸੰਗ੍ਰਹਿ' ਤੇ 'ਨਾਨਕ ਬੋਧ' ਇਹਨਾਂ ਰਚਨਾਵਾਂ ਦਾ ਉਲੇਖ ਕੀਤਾ ਹੈ। ਇਸ ਦੇ 20 ਖੰਡ, 347 ਅਧਿਆਇ ਤੇ ਕੁਲ 24382 ਛੰਦ ਹਨ। ਖੰਡਾਂ ਦੇ ਨਾਂ ਹਨ—ਮੰਗਲ ਖੰਡ, ਬ੍ਰਹਮ ਖੰਡ, ਨਾਨਕ ਵਿਲਾਸ ਖੰਡ, ਧਰਮ ਉਦਯੋਗ ਖੰਡ, ਉਦਾਸੀ ਖੰਡ, ਪਰਤਾਪ ਖੰਡ, ਖਡੂਰ ਖੰਡ, ਮਕੇਸ਼ਵਰ ਖੰਡ, ਸੁਮੇਰ ਖੰਡ, ਰਾਮੇਸ਼ਵਰ ਖੰਡ, ਗਿਆਨ ਖੰਡ, ਨਾਨਕ ਮਤਾ ਖੰਡ, ਪਲਖਦੀਪ ਖੰਡ, ਸੰਗਲਦੀਪ ਖੰਡ, ਸੁਲਤਾਨਖੰਡ, ਬਰਨ ਖੰਡ, ਤਿਲਖੰਜੀ ਤੇਗ ਖੰਡ, ਕਸ਼ਮੀਰ ਖੰਡ ਤੇ ਕਰਤਾਰਪੁਰ ਖੰਡ।

ਸੰਤਰੇਣ ਨੇ ਬ੍ਰਹਮ ਨੂੰ ਅਦਵੈਤ ਬ੍ਰਹਮ ਮੰਨਿਆ ਹੈ। ਬ੍ਰਹਮ ਇਕ ਹੈ, ਉਸ ਦਾ ਹੋਰ ਕੋਈ ਸ਼ਰੀਕ ਨਹੀਂ ਹੈ। ਉਦਾਸੀ ਸੰਤਾਂ ਨੇ ਵੇਦਾਂਤ ਦਾ ਪ੍ਰਭਾਵ ਵੀ ਕਬੂਲਿਆ ਹੈ :

> ਬ੍ਰਹਮ ਏਕ ਅਦਵੈਤਿ ਬੇਦ ਨਿਤ ਭਾਖਵੀ।

ਅਦ੍ਵੈਤ ਵਿਚ ਬ੍ਰਹਮ ਦਾ ਸੰਕਲਪ ਸ਼ੰਕਰ ਦੇਵ ਹੈ। ਉਸ ਸ਼ੰਕਰ ਨੇ ਹੀ ਸਭ ਤੋਂ ਪਹਿਲਾਂ ਇਕ ਬ੍ਰਹਮ ਦੀ ਗੱਲ ਕੀਤੀ ਹੈ। ਸ਼ੰਕਰ ਨੇ ਸ਼ਬਦ ਨੂੰ ਵਿਸ਼ਵ ਦਾ ਕਾਰਨ ਮੰਨਿਆ ਹੈ। ਜਿਵੇਂ ਬ੍ਰਹਮ ਵਿਸ਼ਵ ਦਾ ਕਾਰਨ ਹੈ, ਇਸੇ ਤਰ੍ਹਾਂ ਹੀ ਉਦਾਸੀ ਸੰਤਾਂ ਨੇ ਸ਼ਬਦ ਬ੍ਰਹਮ ਮੰਨਿਆ ਹੈ। ਸ਼ਬਦ ਬ੍ਰਹਮ ਦਾ ਸੰਬੰਧ ਅਨੁਭਵ ਨਾਲ ਦੱਸਿਆ :

> ਬ੍ਰਹਮ ਏਕ ਅਦਵੈਤਿ ਬੇਦ ਨਿਤ ਭਾਖਵੀ।...
> ਬ੍ਰਹਮ ਵਿਖੇ ਦੇਵਤ ਨਾਹਿ ਐਸੇ ਬੇਦ ਭਾਖੇ ਤਾਹਿ।
> ਕਹੇ ਸੰਤਰੇਣ ਬ੍ਰਹਮ ਅਦਵੈਤ ਜਾਨਿਯੋ।੧੦।
> ਅਨੁਭਵ ਮਾਰਗ ਬੇਦ ਕਾ ਏਹ ਅਦਵੈਤ ਗਿਆਨ।
> ਜੀਵ ਈਸ਼ਵਰ ਕੀ ਏਕਤਾ ਇਸ ਕੇ ਮਾਹਿ ਸੁ ਜਾਨ।੪੭।

ਏਕੋ ਬ੍ਰਹਮ ਮਤਿ ਸਿਧ ਕੀਉ ਇਸ ਕੇ ਮਾਹਿ ਮਹਾਨ।
ਖੰਡ ਕੀਓ ਗੁਰ ਦੇਵਤ ਮਤਿ ਅਨਭਵ ਬੇਦ ਪ੍ਰਮਾਨ।੮੮।

ਬ੍ਰਹਮ ਦੇ ਅਨੇਕਾਂ ਨਾਮ ਲਏ ਗਏ ਹਨ। ਉਦਾਸੀ ਸਾਧੂ ਹਿੰਦੂ ਦੇਵੀ-ਦੇਵਤਿਆਂ ਦੇ ਨਾਂ ਅਤੇ ਸਿੱਖ ਮੱਤ ਦੇ ਵਿਚ ਪਰਮਾਤਮਾ ਦੇ ਲਏ ਜਾਂਦੇ ਨਾਵਾਂ ਦੀ ਵਰਤੋਂ ਕਰਦੇ ਹਨ। ਜਿਵੇਂ ਕਿ ਬ੍ਰਹਮ, ਸਤਨਾਮ, ਗੋਵਿੰਦ, ਗੋਪਾਲ, ਰਾਮ, ਕ੍ਰਿਸ਼ਨ, ਵਿਸ਼ਨੂੰ, ਵਾਹਿਗੁਰੂ, ਵਾਸਦੇਵ, ਸ਼ਿਵ, ਮਹਾਂਦੇਵ ਅਤੇ ਨਾਰਾਇਣ:

ਬ੍ਰਹਮ ਏਕ ਅਨੇਕ ਨਾਮ ਕਹੋ ਸੁਖ ਧਾਮ
ਜਾਪ ਕੋ ਮੋਖ ਧਾਮ ਦੇਹਿ ਸੋ ਮਹਾਨ ਰੇ।
ਬ੍ਰਹਮ ਨਾਮ ਸਤਿਨਾਮ ਗੋਬਿੰਦਾ ਗੋਪਾਲ ਨਾਮ
ਰਾਮ ਔਰ ਕ੍ਰਿਸ਼ਨ ਬਿਸ਼ਨ ਉਰ ਆਨ ਰੇ।
ਵਾਹਿਗੁਰੂ ਵਾਸਦੇਵ ਸਦਾ ਸ਼ਿਵ ਮਹਾਂਦੇਵ
ਨਾਨਕ ਨਰਾਯਣ ਪੈ ਦਤ ਨਾਮ ਜਾਨ ਰੇ।
ਕਹੇ ਇਸ ਸੰਤਰੇਣ ਬ੍ਰਹਮ ਨਾਮ ਕਾਮ ਧੇਣ
ਬ੍ਰਹਮ ਨਾਮ ਬਿਨਾ ਨਹੀਂ ਹੋਇ ਕਲਿਆਣ ਰੇ।੪੨।

ਉਦਾਸੀ ਸਾਧੂ ਬ੍ਰਹਮ ਦੀ ਏਕਤਾ ਵਿਚ ਵਿਸ਼ਵਾਸ ਕਰਦੇ ਹਨ ਕਿ ਉਸ ਦੇ ਨਾਵੇਂ ਨਾਮ ਅਨੇਕ ਹਨ, ਪਰੰਤੂ ਬ੍ਰਹਮ ਅਨਿੰਨ ਹੋ ਕੇ ਵੀ ਏਕ ਹੈ:

ਰਾਮ ਏਕ ਤਾਹਿ ਨਾਮ ਅਨੇਕ।
ਦੇਖੋ ਕਰ ਮਨ ਮਤਹਿ ਬਿਬੇਕ।
... ...
ਏਕ ਬ੍ਰਹਮ ਹੇ ਸਭ ਮੇਂ ਦੂਜਾ ਨਾਹਿ ਕੋ
ਸਭ ਘਟਿ ਪੂਰਣ ਨਾਨਕ ਤਹਿ ਕੋ।

ਉਦਾਸੀ ਸੰਤਾਂ ਨੇ ਬ੍ਰਹਮ ਦੇ ਨਿਰਗੁਣ ਤੇ ਸਰਗੁਣ ਸਰੂਪ ਦਾ ਨਿਰੂਪਣ ਵੀ ਕੀਤਾ ਹੈ। ਬ੍ਰਹਮ ਦਾ ਵਾਸਤਵਿਕ ਸਰੂਪ ਨਿਰਾਕਾਰ ਤੇ ਨਿਰਗੁਣ ਹੈ, ਪਰ ਜਦੋਂ ਬ੍ਰਹਮ ਆਪਣੀ ਮਰਜ਼ੀ ਨਾਲ ਅਤੇ ਆਪਣੀ ਸ਼ਕਤੀ ਨਾਲ ਸ੍ਰਿਸ਼ਟੀ ਰਚਨਾ ਕਰਦਾ ਹੈ ਤਾਂ ਸਰਗੁਣ ਰੂਪ ਵਿਚ ਬਦਲ ਜਾਂਦਾ ਹੈ। ਇਸੇ ਦਾ ਵਿਵੇਚਨ ਉਦਾਸੀ ਸੰਤ ਕਰਦੇ ਹਨ:

ਪ੍ਰਮੇਸੁਰ ਬ੍ਰਹਮ ਜੋ ਨਿਰਗੁਣਿ ਜੋ ਭਗਵਾਨ
ਵਹੀ ਨਿਰਗੁਣ ਭਯੋ ਸਰਗੁਣਿ ਆਦਿ ਨਰਾਯਣ ਜਾਣ॥੨॥
ਬ੍ਰਹਮਾ ਤੇ ਜਗ ਉਤਿਪੰਨ ਭਯੋ ਤਿਉ ਜਾਨ ਰੇ।
ਭਾਰੋ ਜਗ ਸੋ ਬ੍ਰਹਮ ਮਾਹਿ ਪਹਚਾਨ ਰੇ॥
ਬ੍ਰਹਮ ਦੀਸੈ ਬ੍ਰਹਮ ਸੁਣੀਐ।
ਬ੍ਰਹਮ ਬ੍ਰਹਮ ਬਖਾਨੀਐ।
ਆਤਮ ਪਸਾਰਾ ਕਰਨਹਾਰਾ।
ਬ੍ਰਹਮ ਬਿਨਾ ਨਹੀਂ ਜਾਨੀਐ।

ਓਅੰਕਾਰ ਹੇ ਸਭ ਕਾ ਮੂਲ।
ਓਅੰਕਾਰ ਹੇ ਸਭ ਕਾ ਬੀਜ।
ਆਦਿ ਉਦਾਸੀ ਓਅੰਕਾਰ।
ਜਿਸ ਤੇ ਉਪਜਿਉ ਸਭ ਸੰਸਾਰ।

ਉਦਾਸੀ ਸਾਧੂ ਇਹ ਵੀ ਮੰਨਦੇ ਹਨ ਕਿ ਬ੍ਰਹਮ, ਬ੍ਰਹਮਾ ਵਿਸ਼ਨੂੰ ਸ਼ਿਵ ਤਿੰਨ ਦੇਵਤਿਆਂ ਤੋਂ ਵੱਖਰਾ ਹੈ ਤੇ ਇਹ ਤਿੰਨੇ ਦੇਵਤੇ ਪਰਮਾਤਮਾ ਦੀ ਉਪਜ ਹੀ ਹਨ:

ਬ੍ਰਹਮਾ ਬਿਸ਼ਨ ਮਹੇਸ਼ ਇਹ ਤੀਨੋ ਹੋ ਸਰਬੰਗ
... ...
ਪਰ ਇਸ ਪੀਛੇ ਬਿਖੇ ਪਤਾ ਸੁੱਧ ਸੁ ਬ੍ਰਹਮ ਅਲੱਗ।

ਬ੍ਰਹਮ ਸਭ ਤੋਂ ਉਪਰ ਹੈ ਤੇ ਅਲੱਗ ਹੈ:

ਸਭ ਤੇ ਪਰੇ ਬ੍ਰਹਮ ਸੋ ਜਾਨ
ਇਸ ਪਰ ਗੀਤਾ ਬੇਦ ਪ੍ਰਮਾਨ।

ਬ੍ਰਹਮ ਅਬਿਨਾਸ਼ੀ ਹੈ। ਉਸ ਨੂੰ ਕੋਈ ਮਾਰ ਨਹੀਂ ਸਕਦਾ। ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੈ। ਉਸ ਦਾ ਕੋਈ ਸਰੂਪ ਨਹੀਂ, ਉਹ ਅਰੂਪ ਹੈ:

ਬ੍ਰਹਮ ਅਰੂਪ ਸਦਾ ਅਵਿਨਾਸੀ।

ਬ੍ਰਹਮ ਦਾ ਕੋਈ ਨਿਖੇਧ ਨਹੀਂ ਕਰ ਸਕਦਾ, ਭਾਵ ਕਿ ਉਹ ਹਰ ਪ੍ਰਕਾਰ ਦੀ ਨਿੰਦਿਆ ਤੋਂ ਪਰ੍ਹੇ ਹੈ:

ਸਰਬ ਨਿਖੇਧ ਜਿਸਸੇ ਜੁ ਬਾਕੀ ਰਹਿਤ ਹੈ।
ਹੋ ਨਾਨਕ ਸੋ ਪਾਰਬ੍ਰਹਮ ਸੁਰਤੀ ਕਹਿਤ ਹੈ।

(ਸੰਤਰੇਣ, ਨਾਨਕ ਵਿਜੈ ਗ੍ਰੰਥ, ਪੰਨਾ 217)

ਮਾਯਾ

ਮਾਯਾ ਬਾਬਤ ਉਦਾਸੀ ਸਾਧੂ ਮੰਨਦੇ ਹਨ ਕਿ ਮਾਯਾ ਬ੍ਰਹਮ ਨੇ ਆਪ ਹੀ ਪੈਦਾ ਕੀਤੀ ਹੈ ਤੇ ਉਹ ਹੀ ਇਸ ਦੀ ਰੱਖਿਆ ਵੀ ਕਰਦਾ ਹੈ। ਇਹ ਸਾਰੀ ਪ੍ਰਕਿਰਤੀ ਸਭ ਮਾਇਆ ਹੀ ਹੈ:

ਇਹੀ ਪ੍ਰਕ੍ਰਿਤੀ ਜਾਨੋ ਮਾਯਾ।
ਤਾ ਮੈ ਪਰੀਬ੍ਰਹਮ ਕੀ ਛਾਯਾ।

ਮਾਯਾ ਭਾਰਤੀ ਦਰਸ਼ਨ ਦਾ ਇਕ ਬਹੁਤ ਚਰਚਿਤ ਵਿਸ਼ਾ ਰਿਹਾ ਹੈ। ਮਾਇਆ ਦਾ ਸਿਧਾਂਤ ਮੁੱਖ ਰੂਪ ਵਿਚ ਵੈਦਿਕ ਕਾਲ ਤੋਂ ਹੀ ਦਰਸ਼ਨ ਦਾ ਮਹੱਤਵਪੂਰਨ ਅੰਗ ਰਿਹਾ ਹੈ। ਵੈਦਿਕ ਅਤੇ ਅਵੈਦਿਕ ਸਭ ਮੱਤਾਂ ਦੇ ਚਿੰਤਕ ਮਾਇਆ ਸਿਧਾਂਤ ਦੇ ਸੰਬੰਧ ਵਿਚ ਕੁਝ ਨਾ ਕੁਝ ਜ਼ਰੂਰ ਕਹਿੰਦੇ ਰਹੇ ਹਨ। ਮਾਇਆ ਧਾਰਨਾ ਦਾ ਆਰੰਭ ਭਾਵੇਂ ਸ਼ੰਕਰਾਚਾਰੀਆ ਦੇ ਗੁਰੂ 'ਗਉੜਪਾਦ' ਦੇ ਵਿਚਾਰਾਂ ਨਾਲ ਹੀ ਹੋ ਗਿਆ ਸੀ, ਪਰ

ਸ਼ੰਕਰਾਚਾਰੀਆ ਨੇ ਇਸ ਧਾਰਨਾ ਨੂੰ ਇਕ ਸਿਧਾਂਤਕ ਰੂਪ ਦੇ ਕੇ ਭਾਰਤੀ ਦਰਸ਼ਨ ਦੀ ਇਕ ਨਵੀਂ ਧਾਰਾ ਦੇ ਰੂਪ ਵਿਚ ਪ੍ਰਚਲਿਤ ਕਰ ਦਿੱਤਾ। ਸ਼ੰਕਰ ਨੇ 'ਮਾਇਆ' ਸ਼ਬਦ ਦਾ ਇਤਨੇ ਵਿਸ਼ਾਲ ਅਰਥਾਂ ਵਿਚ ਪ੍ਰਯੋਗ ਕੀਤਾ ਕਿ ਸ਼ੰਕਰ ਦੀ ਸਾਰੀ ਫ਼ਿਲਾਸਫ਼ੀ ਨੂੰ ਹੀ ਮਾਇਆਵਾਦ ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ। ਰਾਮਾਨੁਜ ਇਸੇ ਮਾਇਆ ਨੂੰ ਸਤ ਕਹਿੰਦਾ ਹੈ ਅਰੁ ਰਾਮਾਨੁਜ ਮਾਇਆ ਦਾ ਅਰਥ ਸ਼ੰਕਰ ਵਾਲਾ ਹੀ ਲੈਂਦਾ ਹੈ। ਮਾਇਆ ਦਰਸ਼ਨ ਨੂੰ ਭਾਰਤੀ ਦਰਸ਼ਨ ਦਾ ਕੇਂਦਰੀ ਸਿਧਾਂਤ ਮੰਨਿਆ ਜਾਂਦਾ ਹੈ। ਜਿਵੇਂ ਸਿੱਪ ਵਿਚ ਚਾਂਦੀ ਦੀ ਅਤੇ ਸੂਰਜ ਦੀਆਂ ਕਿਰਨਾਂ ਵਿਚ ਪਾਣੀ ਦੀ ਪ੍ਰਤੀਤੀ ਹੁੰਦੀ ਹੈ, ਭਾਵੇਂ ਇਹ ਪ੍ਰਤੀਤੀ ਤਿੰਨ ਕਾਲ ਝੂਠੀ ਹੈ, ਪਰ ਇਸ ਭਰਮ ਨੂੰ ਕੋਈ ਮਿਟਾਅ ਨਹੀਂ ਸਕਦਾ।

ਰਾਮਾਨੁਜ ਤੋਂ ਬਾਅਦ ਭਾਰਤ ਦੇ ਫ਼ਲਸਫ਼ੇ ਅੰਦਰ ਇਕ ਇਨਕਲਾਬੀ ਰੁਚੀ ਆ ਗਈ। ਹੁਣ ਤਕ ਦੀ ਫ਼ਿਲਾਸਫ਼ੀ ਜ਼ਿੰਦਗੀ ਨਾਲੋਂ ਟੁੱਟ ਚੁੱਕੀ ਸੀ ਅਤੇ ਆਮ ਮਨੁੱਖ ਨੂੰ ਕੋਈ ਵੀ ਲਾਭ ਨਹੀਂ ਸੀ ਪਹੁੰਚਾ ਰਹੀ। ਇਸ ਵੇਲੇ ਭਗਤੀ ਲਹਿਰ ਦਾ ਆਰੰਭ ਹੋਇਆ। ਇਸ ਲਹਿਰ ਦਾ ਮੁੱਖ ਮੰਤਵ ਸੀ ਲੋਕਾਂ ਨੂੰ ਦਿਮਾਗੀ ਉਲਝਨਾਂ ਅਤੇ ਅੰਧ- ਵਿਸ਼ਵਾਸ ਵਿੱਚੋਂ ਕੱਢਣਾ। ਭਗਤ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਲਈ ਆਜ਼ਾਦ ਬਿਰਤੀ ਦੇ ਧਾਰਨੀ ਸਨ। ਇਸ ਲਈ ਜ਼ਰੂਰੀ ਨਹੀਂ ਸੀ ਕਿ ਉਹ ਭਾਰਤੀ ਫ਼ਲਸਫ਼ੇ ਵਿਚ ਵਰਤੇ ਦਾਰਸ਼ਨਿਕ ਸੰਕਲਪਾਂ ਦਾ ਪ੍ਰਯੋਗ ਆਪਣੀ ਬਾਣੀ ਵਿਚ ਕਰਦੇ। ਨਾਮਦੇਵ, ਰਾਮਾਨੰਦ, ਕਬੀਰ, ਰਵਿਦਾਸ ਆਦਿ ਇਸੇ ਕਾਲ ਦੀ ਉਪਜ ਹਨ। ਗੁਰੂ ਨਾਨਕ ਦੇਵ ਜੀ ਨੇ ਵੀ ਆਪਣੀ ਬਾਣੀ ਵਿਚ ਜਿਹੜੀ ਸ਼ਬਦਾਵਲੀ ਵਰਤੀ, ਉਹ ਭਗਤ ਕਵੀਆਂ ਨਾਲ ਕਾਫ਼ੀ ਮਿਲਦੀ-ਜੁਲਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਭਾਰਤੀ ਫ਼ਲਸਫ਼ੇ ਦੇ ਅਨੇਕ ਸ਼ਬਦਾਂ ਦਾ ਜ਼ਿਕਰ ਆਉਂਦਾ ਹੈ। ਜਿਵੇਂ ਮਾਇਆ, ਅਨੰਦ, ਪ੍ਰਕਿਰਤੀ, ਬ੍ਰਹਮ, ਮੁਕਤੀ, ਕਰਮ ਆਦਿ, ਪਰ ਗੁਰੂ ਸਾਹਿਬਾਂ ਨੇ ਇਹਨਾਂ ਸ਼ਬਦਾਂ ਨੂੰ ਵਿਸ਼ੇਸ਼ ਵਿਹਾਰਕ, ਵਿਸ਼ਾਲ ਅਤੇ ਵਿਲੱਖਣ ਅਰਥਾਂ ਵਿਚ ਪ੍ਰਯੋਗ ਕੀਤਾ।

ਗੁਰੂ ਸਾਹਿਬ ਨੇ ਪੁਰਾਣਾ ਵੇਦਾਂਤੀ ਪਦ ਮਾਇਆ ਵਰਤਿਆ ਜ਼ਰੂਰ ਹੈ ਤੇ ਕਈ ਥਾਈਂ ਵਰਤਿਆ ਹੈ, ਪਰ ਵਰਤਿਆ ਆਪਣੇ ਅਰਥਾਂ ਵਿਚ ਹੈ, ਪੁਰਾਣੇ ਅਰਥਾਂ ਵਿਚ ਨਹੀਂ। ਜੋ ਕੁਝ ਦਿਸਦਾ ਹੈ, ਇਹ ਸਭ ਬਦਲਦਾ ਹੈ। ਇਹ ਮਾਇਆ ਹੈ। ਬਦਲਦਾ ਹੈ ਇਸ ਲਈ ਅਸੱਤਿ ਹੈ। ਇਸ ਬਦਲਦੇ ਸਥੂਲ ਦੀ ਤਹਿ ਵਿੱਚੋਂ ਜੋ ਅਬਦਲ ਤੇ ਸਥਿਰ ਤੱਤ ਹੈ, ਉਹ ਪਰਮ ਸੱਤ ਹੈ।

ਭਾਰਤ ਦੇ ਵਿਦਵਾਨਾਂ ਨੇ ਮਾਇਆ ਨੂੰ ਪਾਣੀ ਜਾਂ ਸ਼ੀਸ਼ੇ ਵਿਚ ਪਰਛਾਵੇਂ ਵਾਂਙ ਮ੍ਰਿਗ ਤ੍ਰਿਸ਼ਨਾ ਵਾਂਙ ਆਕਾਸ਼ੀ ਪੀਂਘ ਵਾਂਙ ਤੇ ਹਨੇਰੇ ਵਿਚ ਰੱਸੀ ਨੂੰ ਸੱਪ ਪ੍ਰਤੀਤ ਕਰਨ ਦੀ ਨਿਆਈਂ ਦੱਸਿਆ ਹੈ। ਜਦ ਅਸੀਂ ਹਨੇਰੇ ਵਿਚ ਰੱਸੀ ਨੂੰ ਸੱਪ ਸਮਝਦੇ ਹਾਂ ਤਾਂ ਇਹ ਭਰਮ ਮਨ ਦਾ ਭਰਮ ਹੈ। ਇਹ ਚਿੱਤ ਦਾ ਭਰਮ ਹੈ ਅਤੇ ਜਦ ਅਸੀਂ ਚੰਦਰਮਾ ਦਾ ਅਕਸ ਪਾਣੀ ਜਾਂ ਸ਼ੀਸ਼ੇ ਵਿਚ ਦੇਖਦੇ ਹਾਂ ਤਾਂ ਇਹ ਬਾਹਰਲਾ ਭੁਲੇਖਾ ਹੁੰਦਾ ਹੈ। ਭੁਲੇਖੇ ਜਾਂ ਜਾਲ ਵਿੱਚੋਂ ਨਿਕਲ ਕੇ ਅਸੀਂ ਅੰਤਹਕਰਣ ਵਿਚ ਸਤਿਤਾ (reality) ਨੂੰ ਪ੍ਰਤੀਤ ਕਰ ਸਕਦੇ ਹਾਂ।

ਮਾਇਆ ਸ਼ਬਦ ਦੀ ਵਿਉਤਪਤੀ ਸੰਸਕ੍ਰਿਤ ਦੀਆਂ ਧਾਤੂਆਂ ਤੋਂ ਹੋਈ ਮੰਨੀ ਗਈ ਹੈ। ਇਸ ਬਾਰੇ ਦੋ ਪ੍ਰਕਾਰ ਦੇ ਵਿਚਾਰ ਸਾਹਮਣੇ ਆਉਂਦੇ ਹਨ। ਇਕ ਹੈ ਮਾਇਆ ਨੂੰ ਜਨਣੀ ਦੇ ਰੂਪ ਵਿਚ ਦੇਖਣਾ; ਦੂਸਰਾ ਹੈ ਮਾ + ਯਾ ਜਿਹੜੀ ਹੈ ਨਹੀਂ। ਇਸ ਪਾਸੇ ਮਾਯਾ ਨੂੰ ਸਿਰਜਣਾਤਮਕ ਸ਼ਕਤੀ ਦੇ ਰੂਪ ਵਿਚ ਦੇਖਿਆ ਗਿਆ ਹੈ, ਦੂਜਾ ਮਾਯਾ ਜਿਹੜੀ ਹੈ ਨਹੀਂ, ਭਰਮ ਹੈ।

ਮਹਾਨ ਕੋਸ਼ ਮਾਇਆ ਦੇ ਅਰਥ ਛਲ, ਕਪਟ, ਦੰਭ, ਭੁਲੇਖਾ, ਭਰਮ, ਅਵਿੱਦਿਆ, ਲਕਸ਼ਮੀ, ਧਨ, ਸੰਪਦਾ ਕਰਦਾ ਹੈ।

ਉਦਾਸੀ ਵਿਦਵਾਨ ਤੇ ਨਿਰਮਲੇ ਵਿਦਵਾਨ ਵੀ 'ਮਾਯਾ' ਦੇ ਸਿਧਾਂਤ ਤੋਂ ਅਤੇ ਵੈਦਿਕ ਪ੍ਰਭਾਵ ਤੋਂ ਬਹੁਤ ਪ੍ਰਭਾਵਿਤ ਹੋਏ। ਉਹਨਾਂ ਨੇ ਆਪਣੀਆਂ ਰਚਨਾਵਾਂ ਵਿਚ 'ਮਾਯਾ' ਸ਼ਬਦ ਦੀ ਵਿਸਤ੍ਰਿਤ ਚਰਚਾ ਕੀਤੀ। ਜਿਥੇ ਇਹ ਮਹਾਤਮਾ ਵੈਦਿਕ ਪ੍ਰਭਾਵ ਤੋਂ ਪ੍ਰਭਾਵਿਤ ਸਨ, ਉਥੇ ਨਾਲ ਹੀ ਗੁਰਬਾਣੀ ਦਾ ਪ੍ਰਭਾਵ ਵੀ ਇਹਨਾਂ ਦੇ ਹਿਰਦਿਆਂ 'ਤੇ ਸੀ।

ਮਾਯਾ ਸੰਬੰਧੀ ਉਦਾਸੀ ਸਾਧੂ ਇਹ ਮੰਨਦੇ ਹਨ ਕਿ ਮਾਯਾ ਬ੍ਰਹਮ ਨੇ ਆਪ ਹੀ ਪੈਦਾ ਕੀਤੀ ਹੈ। ਉਹ ਹੀ ਆਪ ਇਸ ਦੀ ਰੱਖਿਆ ਕਰਦਾ ਹੈ। ਇਹ ਸਾਰੀ ਪ੍ਰਕ੍ਰਿਤੀ ਸਭ ਮਾਇਆ ਹੀ ਹੈ :

> ਇਹੀ ਪ੍ਰਕ੍ਰਿਤੀ ਜਾਨੋ ਮਾਯਾ।
> ਤਾਂ ਮੈਂ ਪਰੀਬ੍ਰਹਮ ਕੀ ਛਾਯਾ।

ਮਹਾਤਮਾ ਸੰਤਰੇਣ ਅਨੁਸਾਰ ਇਸ ਮਾਇਆ ਰੂਪ ਨਾਮ ਰੂਪਾਤਮਕ ਜੜ੍ਹ ਜਗਤ ਦੀ ਉਤਪਤੀ ਬ੍ਰਹਮ ਦੀ 'ਅਹੰ ਬ੍ਰਹਮ' ਦੀ ਧੁਨੀ ਤੋਂ ਹੋਈ ਹੈ। ਇਹ ਸੰਸਾਰ ਨਾਸ਼ਮਾਨ, ਅਨਿਤ ਤੇ ਸੁਪਨ ਵਾਂਙ ਝੂਠ ਹੈ। ਦੁਨੀਆਂ ਦੇ ਸਾਰੇ ਸੰਬੰਧ ਧਨ, ਸੰਪਤੀ, ਪਰਿਵਾਰ ਆਦਿ ਨਾਸ਼ਵਰ ਤੇ ਝੂਠ ਹਨ :

> ਸਰਗੁਨਿ ਮੋਰੋ ਰੂਪ ਧਤੁ ਭਜ ਜੋਗੀ ਰੇ।
> ਇਕ ਕਰਿ ਰਾਕਸ ਮਾਰੋ ਹਮਨੇ ਲੋਇ ਰੇ।
> ਰੂਪ ਰਸ ਗੁਨਿ ਪਰਮ ਉਦਾਰ ਲੀਲ੍ਹ ਖਾਤਰ ਲਯੋ ਉਤਾਰਾ।

(ਮ.ਖ. 14140)

ਉਦਾਸੀ ਸਾਧੂਆਂ ਨੇ ਮਾਯਾ ਦੇ ਸੰਦਰਭ ਵਿਚ ਵਿਸ਼ਵਾਸ ਤੇ ਵੇਦਾਂਤਿਕ ਪ੍ਰਭਾਵ ਸਾਫ਼ ਦਿਖਾਈ ਦਿੰਦਾ ਹੈ :

> ਬੇਦ ਜੁ ਭਾਖੇ ਮਾਯਾ ਤਿਸ ਕੋ ਸੁਨੋ ਬਿਚਾਰ।
> ਬੇਦ ਵਾਕ ਝੂਠਾ ਨਹੀਂ ਮਾਨੇ ਸਭ ਸੰਸਾਰ।੧੦।
> ਇਸ ਕੋ ਉਰ ਜੋ ਕਲਪਨਾ ਇਹੀ ਸੁ ਮਾਯਾ ਜਾਨ।
> ਇਹੀ ਸੁ ਮਾਯਾ ਬਦੇ ਨੇ ਨਾਨਕਾ ਕਹੀ ਬਖਾਨ।

ਮਾਯਾ ਦੇ ਵਿਵਹਾਰਕ ਰੂਪਾਂ ਬਾਰੇ ਵੀ ਵਿਵੇਚਨ ਕੀਤਾ ਹੈ। ਧਨ, ਦੌਲਤ, ਇਸਤਰੀ, ਪੁੱਤਰ, ਸ਼ਕਤੀ, ਮਾਨ, ਅਪਮਾਣ, ਐਸ਼ਵਰਯ, ਖਾਣਾ, ਪੀਣਾ, ਲੋਭ, ਲਾਲਚ ਆਦਿ :

ਜਨਮ ਜਨਮ ਦੁਖ ਭੋਗਣੀ ਤਨ ਧਨ ਕਾ ਕਰ ਮੋਹ
ਗ੍ਰਹ ਮਮਤਾ ਮੇ ਡੂਬ ਰਹਯੋ ਗ੍ਰਹਿ ਮਾਤਾ ਦੁਖ ਡੋਹੁ।੯੮।
ਮੇਰੋ ਤਨ ਮੇਰੋ ਧਨ ਮੇਰੋ ਸੁਤ ਮੇਰੀ ਰਨ ਮੇਰੇ ਸਭ ਭਾਈ।
ਮੇਰੀ ਉਪਮਾ ਕਰਤਿ ਹੈ

... ...

ਮੇਰੇ ਹਾਥੀ ਮੇਰੇ ਘੋੜੇ ਨੌਕਰ ਚਾਕਰ ਸੋਰੇ ਪਾਲਕੀ
ਮਿਆਨੇ ਮੇਰੇ ਕਾਹੂ ਕੀਨ ਤੋਟਿ ਮੇਰੇ ਮਾਹੂ ਕੀਨ ਤੋਟਿ
ਮੇਰੇ ਸਮ ਦੂਸਰੇ ਨ ਜਗ ਮੇਂ ਮਹਾਨ ਰੇ।

... ...

ਸਵੱਯਾ॥ ਹੇ ਗਜ ਬਾਜ ਰਥਾਦਿਕ ਜੇਤਕਿ ਨੋਕਰਿ ਚਾਕਰਿ ਭੌਨ ਭੰਡਾਰਾ।
ਫੌਜ ਪ੍ਰਜਾ ਸਭ ਹੀ ਸੁਖ ਕੇ ਜਨ ਦੇਖਤਿ ਹੀ ਕਰਿ ਜਾਇ ਕਿਨਾਰੇ।

... ...

ਕਾਮ ਕ੍ਰੋਧ ਅਰ ਲੋਭ ਹੰਕਾਰ।
ਇਨ ਕੇ ਜਗ ਮੇ ਭਰੇ ਭੰਡਾਰ।

ਮਾਯਾ ਦੀ ਚਕਾਚੌਂਧ ਮਨੁੱਖ ਦੀ ਮਤ ਮਾਰ ਲੈਂਦੀ ਹੈ। ਉਸ ਨੂੰ ਚੰਗੇ-ਮੰਦੇ ਦੀ ਪਛਾਣ ਨਹੀਂ ਰਹਿੰਦੀ। ਮਾਯਾ ਨਾਮ ਅਵਿੱਦਿਆ ਦਾ ਵੀ ਹੈ। ਅਗਿਆਨਤਾ ਕਰ ਕੇ ਹੀ ਮਨੁੱਖ ਮਾਇਆ ਦੇ ਨਸ਼ੇ ਕਾਰਨ ਹੰਕਾਰੀ ਹੋ ਜਾਂਦਾ ਹੈ, ਜਿਸ ਨਾਲ ਉਹ ਪਾਪ ਕਰਮ ਕਰਦਾ ਹੈ। ਇਸੇ ਕਰਕੇ ਹੀ ਮਨੁੱਖ ਦੁਖ ਭੋਗਦਾ ਹੈ:

ਜੀਵ ਸੀਵ ਦੋਨੋ ਦੁਖੀ ਪਰੇ ਸੁ ਮਾਯਾ ਮਾਹਿ।
ਸੁਧ ਬ੍ਰਹਮ ਕੇ ਗਯਾਨ ਬਿਨ ਸੁਖ ਸੁਪਨੇ ਭੀ ਨਾਹਿ।੪੯।

... ...

ਪੁਰਖ ਪ੍ਰਕ੍ਰਿਤੀ ਕੀ ਜੋ ਇਛਾ
ਮਹਤਤ ਨਾਮ ਤਾਹਿ ਕੀ ਯਿਛਾ॥੭॥
ਮਹਤਤ ਤੋ ਉਪਜਿਉ ਹੰਕਾਰ।
ਜਿਸ ਮੇਂ ਸਤਿਗੁਨ ਪੂਰਨ ਸਿੱਖਯ ਸੁ ਜਾਨੀਐ।
ਮਾਯਾ ਤਿਸਕਾ ਨਾਮ ਜਾਨ ਮਹਾਨੀਯੇ।
ਰਜਗੁਨਿ ਤਮਗੁਨਿ ਮਿਸ਼੍ਰਤ ਜਾਨੇ ਆਨ ਰੇ
ਹੋ ਰਜ ਤਮ ਮਿਲੀ ਅਵਿੱਦਿਯਾ ਸਿੱਖਯ ਸੁ ਜਾਨ ਰੇ।

ਮਾਯਾ ਦੇ ਰੰਗ ਵਿਚ ਰੰਗੇ ਹੋਏ ਬਾਹਰਮੁਖੀ ਮਨੁੱਖ ਨੂੰ ਪਰਮਾਤਮਾ ਬਾਰੇ ਕੋਈ ਗਿਆਨ ਨਹੀਂ ਹੁੰਦਾ, ਬਲਕਿ ਉਹ ਅਗਿਆਨਤਾ ਵੱਸ ਹੁੰਦਾ ਹੈ:

ਬਹੁਤ ਅਵਿੱਦਿਆ ਮਾਹਿ ਪ੍ਰਗਯੋ ਜੁ ਜਾਨ ਰੇ।
ਹੋ ਜੀਵਨ ਨਾਮ ਤਾਹਿ ਪਰਯੋ ਸਿੱਖ ਮਹਾਨ ਰੇ।

ਮਾਯਾ ਵਿਚ ਵੀ ਪਰਮਾਤਮਾ ਦਾ ਪ੍ਰਤਬਿੰਬ ਹੁੰਦਾ ਹੈ:

ਮਾਯਾ ਮੈ ਪ੍ਰਤੀਬਿੰਬ ਜੁ ਚੇਤਨ ਕਾ ਪਯੋ।
ਈਸ਼ਵਰ ਤਿਸ ਕਾ ਨਾਮ ਸੁ ਗੁਰੂ ਬਤਾ ਦਯੋ।

ਮਾਯਾ ਬ੍ਰਹਮ ਦੀ ਹੀ ਪੈਦਾ ਕੀਤੀ ਹੋਈ ਹੈ। ਮਾਯਾ ਬ੍ਰਹਮ ਤੋਂ ਭਿੰਨ ਨਹੀਂ ਹੈ :

ਕਹੇ ਸੰਤਰੇਣ ਤੇਰੇ ਮਾਯਾ ਜਗ ਬ੍ਰਹਮ ਰੂਪ
ਬ੍ਰਹਮ ਤੇ ਸੋ ਭਿੰਨ ਨਾਹਿ ਬ੍ਰਹਮ ਰੂਪ ਜਾਨੀਐ॥੪੩॥
ਚੌਪਈ॥ ਇਸ ਪੁਰ ਸੁਰਤੀ ਬੇਦ ਪ੍ਰਮਾਨ
ਸਰਵਨਿ ਕਰੋ ਸੁ ਆਪ ਮਹਾਨ।
ਸਰਬੰ ਖਲੰ ਇੰਦ ਬ੍ਰਹਮ
ਇਉ ਸੁਰਤੀ ਭਾਖੈ ਨਿਜ ਮਰਮ॥੪੪॥

ਭਾਵੇਂ ਬ੍ਰਹਮ ਮਾਯਾ ਤੋਂ ਪਰ੍ਹੇ ਹੈ ਭਿੰਨ ਦਿਖਾਈ ਦਿੰਦਾ ਹੈ, ਪਰ ਉਹ ਅਨੁਭਵ ਤੋਂ ਪਰ੍ਹੇ ਹੈ ਪਾਰਗਰਾਮੀ ਹੈ :

ਬ੍ਰਹਮ ਰਾਮ ਮਾਯਾ ਤਰੇ ਪਰੇ।
ਤਿਸ ਕਾ ਯਤਨ ਨ ਕਬਹੂੰ ਕਰੇ॥੪੫॥

ਉਦਾਸੀ ਸਾਧੂ ਚੌਰਾਸੀ ਲੱਖ ਜੂਨਾਂ ਵਿਚ ਵਿਸ਼ਵਾਸ ਕਰਦੇ ਹਨ। ਮਨੁੱਖ ਮਾਤਰ ਕਰਮਾਂ ਅਨੁਸਾਰ ਜਨਮ-ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ :

ਮਿਸ਼ਰਤ ਕਰਮ ਜੁ ਕਰੇ ਉਦਾਰੇ।
ਜਨਮੇ ਮਰੇ ਸੁ ਬਾਰਮ ਬਾਰੇ।
ਦੋਹਰਾ॥ ਕਰਮ ਫਿਰਾਵੈ ਜੀਵ ਕੇ ਲੱਖਯ ਚਰਾਸੀ ਮਾਹਿ।
ਗੁਰ ਨਾਨਕ ਨੇ ਇਉਂ ਕਹਯੋ ਇਸ ਮੇਂ ਸੰਸਾ ਨਾਹਿ॥੬॥

ਉਦਾਸੀ ਸਾਧੂ ਮਾਯਾ ਨੂੰ ਕਾਲ ਦੀ ਫਾਸੀ ਮੰਨਦੇ ਹਨ। ਮਾਇਆ ਦੀ ਤ੍ਰਿਸ਼ਨਾ ਦਾ ਤਿਆਗ ਕਰਨਾ, ਜਗਤ ਦੀ ਮਮਤਾ, ਪੁੱਤਰ ਮੋਹ, ਅਤੇ ਇਸਤਰੀ ਮੋਹ ਇਹਨਾਂ ਵਿਚ ਗ੍ਰਸਿਆ ਪ੍ਰਾਣੀ ਨਰਕ ਦਾ ਭਾਗੀ ਹੁੰਦਾ ਹੈ ਤੇ ਚੁਰਾਸੀ ਦੇ ਗੇੜ ਵਿਚ ਪਿਆ ਰਹਿੰਦਾ ਹੈ :

ਮਾਯਾ ਕੀ ਤ੍ਰਿਸਨਾ ਪਰ ਹਰੇ।
ਮਾਯਾ ਤੋਹ ਕਾਲ ਕੀ ਫਾਸੀ।
ਜਗ ਮਮਤਾ ਸਿਉ ਫਿਰੇ ਚੁਰਾਸੀ।
ਪੁਤ੍ਰਨਿ ਮੋਹ ਨਰਕ ਮੈਂ ਡਾਰੇ।
ਘਰ ਬਨਿਤਾ ਮੁਹੁ ਪਾਪ ਸੁ ਮਾਰੇ।
ਸਤਿ ਸੰਤੋਖ ਖਿਮਾ ਮਨ ਚਾਰੇ।
ਆਸਾ ਛੋਡਿ ਨਿਰਾਸਾ ਰਹੇ।
ਰਾਮ ਨਾਮ ਬਿਨ ਬਾਤ ਨ ਕਰੇਂ।
ਇਹ ਸਤਿਗੁਰ ਕੀ ਸਿੱਖਯ ਰਮਹੇ।੨੬।

ਮਾਯਾ ਤੋਂ ਨਿਰਲੇਪ ਰਹਿਣ ਲਈ ਉਦਾਸੀ ਸਾਧੂ ਗੁਰੂ ਦੀ ਸੇਵਾ ਨੂੰ ਪੁੰਨਯ

ਕਰਮ ਸਮਝਦੇ ਹਨ। ਗੁਰੂ ਦੀ ਸੇਵਾ ਹੀ ਮਾਯਾ ਦੀ ਚੁੰਬਕੀ ਪਕੜ ਤੋਂ ਅਤੇ ਚੁਰਾਸੀ ਦੇ ਗੇੜ ਤੋਂ ਬਚਾਉਂਦੀ ਹੈ, ਕਿਉਂਕਿ ਮਾਯਾ ਗੁਰੂ ਦੇ ਚਰਨਾਂ ਦੀ ਦਾਸੀ ਹੁੰਦੀ ਹੈ:

ਗੁਰਸੇਵਕ ਕੀ ਮਾਯਾ ਦਾਸੀ।
ਗੁਰਸੇਵਕ ਤੇ ਮਿਟੇ ਚੁਰਾਸੀ।੪੬।

ਗੁਰਮਤਿ ਅਨੁਸਾਰ ਮਾਇਆ ਸਾਰੀ ਸ੍ਰਿਸ਼ਟੀ ਅੰਦਰ ਸਮਾਈ ਹੋਈ ਹੈ। ਸਾਰੇ ਖੰਡ ਬ੍ਰਹਿਮੰਡ ਸੰਸਾਰ ਅਤੇ ਸਭ ਥਾਵਾਂ 'ਤੇ ਇਸ ਦਾ ਹੀ ਵਾਸਾ ਹੈ:

ਧੁਰ ਕੀ ਭੇਜੀ ਆਈ ਆਮਰਿ ॥
ਨਉ ਖੰਡ ਜੀਤੇ ਸਭਿ ਥਾਨ ਥਨੰਤਰ ॥...
ਜਹ ਬੈਸਉ ਤਹ ਨਾਲੇ ਬੈਸੈ ॥
ਸਗਲ ਭਵਨ ਮਹਿ ਸਬਲ ਪ੍ਰਵੇਸੈ ॥ *(ਆਸਾ ਮ: ੫, ਪੰਨਾ 371)*

ਗੁਰਮਤਿ ਮਾਇਆ ਦੀਆਂ ਜਗਤ ਅੰਦਰ ਦੋ ਸ਼ਕਤੀਆਂ ਦੀ ਅਭਿਵਿਅਕਤੀ ਕਰਦੀ ਹੈ। ਇਕ ਜਗਤ ਦੀ ਸਿਰਜਣ ਸ਼ਕਤੀ ਹੈ, ਦੂਸਰੀ ਜਗਤ ਨੂੰ ਮੋਹਣ ਦੀ ਸ਼ਕਤੀ ਹੈ। ਮਾਇਆ ਨੇ ਸਾਰੇ ਜਗਤ ਨੂੰ ਕਰਮ ਸੂਤਰ ਨਾਲ ਬੰਨ੍ਹਿਆ ਹੋਇਆ ਹੈ:

ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ ॥
(ਸੋਰਠਿ ਮ: ੫, ਪੰਨਾ 635)

ਗੁਰਮਤਿ ਅਨੁਸਾਰ ਕਰਤਾ ਅਤੇ ਕਰਮ ਦੋਵੇਂ ਬ੍ਰਹਮ ਹਨ। ਇਹਨਾਂ ਵਿਚ ਭਿੰਨਤਾ ਕੇਵਲ ਨਾਂ-ਮਾਤਰ ਹੀ ਹੈ। ਬ੍ਰਹਮ ਕਰਤਾ ਸੰਪੂਰਨ ਹੈ, ਜਦੋਂ ਕਿ ਕਰਮ ਸੀਮਤ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਮਾਇਆ ਨੂੰ ਦੁਜੀ ਕੁਦਰਤ ਦਾ ਨਾਮ ਦਿੱਤਾ ਹੈ:

ਦੂਜੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
(ਆਸਾ ਕੀ ਵਾਰ ਮ: ੧, ਪੰਨਾ 463)

ਗੁਰਮਤਿ ਅਨੁਸਾਰ ਮਾਇਆ ਬ੍ਰਹਮ ਦੀ ਸਹਾਇਕ ਸ਼ਕਤੀ ਨਹੀਂ, ਬਲਕਿ ਬ੍ਰਹਮ ਦੇ ਅਧੀਨ ਵੀ ਹੈ:

ਨਿਰੰਕਾਰਿ ਆਕਾਰੁ ਉਪਾਇਆ ॥
ਮਾਇਆ ਮੋਹੁ ਹੁਕਮਿ ਬਣਾਇਆ ॥ *(ਮਾਰੂ ਮ: ੩, ਪੰਨਾ 1066)*

ਗੁਰਮਤਿ ਵੱਲੋਂ ਸਿਰਜੇ ਸਮਾਜ ਵਿਚ ਮਾਇਆ ਦੇ ਵਿਵਹਾਰਕ ਪੱਖ ਵਿਚ ਘਰ-ਬਾਰ ਤਿਆਗ ਕੇ ਜੰਗਲਾਂ ਵਿਚ ਸੰਨਿਆਸ ਧਾਰਨ ਨੂੰ ਕੋਈ ਮਹੱਤਵ ਨਹੀਂ ਦਿੱਤਾ ਜਾਂਦਾ। ਬਲਕਿ ਇਸੇ ਮਾਇਆਵੀ ਸੰਸਾਰ ਅੰਦਰ ਰਹਿ ਕੇ ਆਪਣਾ ਜੀਵਨ ਨਿਰਬਾਹ ਕਰਦਾ ਹੈ। ਜਿਵੇਂ ਕੰਵਲ ਦਾ ਫੁੱਲ ਚਿੱਕੜ ਵਿਚ ਰਹਿ ਕੇ ਆਪਣੇ ਆਪ ਨੂੰ ਚਿੱਕੜ ਤੋਂ ਨਿਰਲੇਪ ਰੱਖਦਾ ਹੈ, ਉਸੇ ਪ੍ਰਕਾਰ ਗੁਰਮਤਿ ਸਿੱਖਿਆ ਦਾ ਧਾਰਨੀ ਗੁਰਮੁਖ (ਸਾਧੂ) ਆਪਣੇ ਆਪ ਨੂੰ ਜਗਤ ਵਿਚ ਰੱਖਦਾ ਹੋਇਆ ਇਸ ਜਗਤ ਦੀ ਮੋਹ ਮਾਇਆ ਤੋਂ ਨਿਰਲੇਪ ਰੱਖਦਾ ਹੈ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥੫॥

(ਰਾਮਕਲੀ ਮ: ੧, ਸਿਧ ਗੋਸਟਿ, ਪੰਨਾ 938)

ਸੰਤਰੇਣ ਜੀ ਵੀ ਇਸੇ ਤਰ੍ਹਾਂ ਲਿਖਦੇ ਹਨ:

ਜਿਉ ਜਲ ਮਾਹੀ ਕਵਲ ਰਹੇ ਨਿਰਲੇਪ ਰੇ।
ਹੋ ਤੈਸੇ ਜਗੁ ਮੇਂ ਰਹ ਕਰਿ ਰਹੇ ਅਲੇਪ ਰੇ।

ਆਤਮਾ

ਮਹਾਤਮਾ ਸੰਤਰੇਣ ਉਦਾਸੀ ਜੀ ਨੇ ਆਤਮਾ ਤੇ ਪਰਮਾਤਮਾ ਦੀ ਏਕਤਾ ਵਿਚ ਆਸਥਾ ਪ੍ਰਗਟ ਕੀਤੀ ਹੈ। ਆਤਮਾ ਨੂੰ ਉਹਨਾਂ ਨੇ ਸੱਤ, ਚਿੱਤ, ਅਨੰਦ ਸਰੂਪ ਮੰਨਿਆ ਹੈ, ਜਿਹੜਾ ਨਾ ਮਰਦਾ ਹੈ, ਨਾ ਜਨਮ ਲੈਂਦਾ ਹੈ। ਉਹ ਅਵਿਨਾਸ਼ੀ ਤੇ ਚੇਤੰਨ ਰੂਪ ਹੈ। ਇਹ ਸਰੀਰ ਅਨਿਤ, ਰੋਗੀ, ਦੁਖਾਤਮਕ, ਜੜ੍ਹ ਰੂਪ ਤੇ ਨਾਸ਼ਵਾਨ ਹੈ।

ਜੀਵ ਇਸ਼ਵਰ ਕੀ ਏਕਤਾ ਇਕ ਕੇ ਮਹਿ ਸੁ ਜਾਨ ॥੪॥
ਆਤਮ ਪਸਾਰਾ ਕਰਨਹਾਰਾ।
ਬ੍ਰਹਮ ਬਿਨਾ ਨਹੀ ਜਾਨੀਐ॥
ਜੀਵ ਮੀਵ ਦੋਨੋਂ ਦੁਖੀ ਪਰੇ ਸੁ ਮਾਯਾ ਮਾਹਿ।
ਸੁਧ ਬ੍ਰਹਮ ਕੇ ਗਯਾਨ ਬਿਨ ਸੁਖ ਸੁਪਨੇ ਭੀ ਨਾਹਿ ॥੪੯॥

ਉਦਾਸੀ ਸਾਧੂ ਸੰਤਰੇਣ ਜੀ ਆਵਾਗਮਨ ਤੇ ਕਰਮ ਫਲ ਵਿਚ ਵੀ ਵਿਸ਼ਵਾਸ ਰੱਖਦੇ ਹਨ। ਉਹਨਾਂ ਦਾ ਬਚਨ ਹੈ ਕਿ ਆਵਾਗਮਨ ਤੋਂ ਮੁਕਤੀ ਗਿਆਨ ਦੁਆਰਾ ਸੰਭਵ ਹੋ ਸਕਦੀ ਹੈ ਤੇ ਗਿਆਨ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਗੁਰੂ ਅਗਿਆਨ ਵਿਨਾਸ਼ਕ ਭਗਤੀ, ਮੁਕਤੀ ਦਾ ਦਾਤਾ ਹੈ ਤੇ ਬ੍ਰਹਮ ਨਾਲ ਮਿਲਾਪ ਕਰਾਉਣ ਵਾਲਾ ਹੈ:

ਗੁਰੂ ਬਿਨ ਮਰਮ ਨ ਹੋਵੈ ਦੂਰਿ॥
ਬ੍ਰਹਮ ਨਾਮ ਦੋਨੋਂ ਭਰਿਪੂਰਿ॥ (ਬ੍ਰ.ਖੰ.)

ਗੁਰੂ ਹੀ ਬੁਰੇ ਕੰਮਾਂ ਤੋਂ ਮੁਕਤ ਕਰਾਉਣ ਵਾਲਾ ਹੈ। ਗੁਰੂ ਪਰਮ ਬ੍ਰਹਮ ਸਰੂਪ ਹੈ:

ਗੁਰੂ ਗਣੇਸ਼ ਗੁਰੂ ਸਾਰਦਾ ਗੁਰੂ ਪਾਰਬ੍ਰਹਮ ਸਰੂਪ।

(ਵਚਨ ਸੰਗ੍ਰਹਿ 1/1)

ਗੁਰੂ ਦੀ ਸ਼ਰਧਾ ਪੂਰਵਕ ਬੰਦਨਾ ਕੀਤੀ ਹੈ:

ਗੁਰ ਸਮ ਔਰ ਨ ਦੇਵ ਕੋ ਧਰਮ ਦੇਵ ਗੁਰ ਦੇਵ।
ਸੰਤਰੇਣ ਗੁਰਦੇਵ ਜੀ ਮਨ ਲਾਇ ਕਰੀਐ ਸੇਵ ॥੬੨॥

ਤਨ ਮਨ ਧਨ ਗੁਰ ਕਾ ਕਹੇ ਜਪੇ ਸਦਾ ਸੁਖ ਰਾਮ।
ਸੰਤਰੇਣ ਗੁਰ ਇਉਂ ਕਹਯੋ ਸ਼ਰਧਾ ਤਿਸ ਕਾ ਨਾਮ॥੮੧॥
ਬੇਦ ਗੁਰੂ ਕੀ ਆਸਨਾ ਮਾਨੈ ਕਰਿ ਦ੍ਰਿੜ ਭਾਵ।
ਸਰਧਾ ਤਿਸ ਕੋ ਕਹਤ ਹੈਂ ਸੰਤ ਰੈਣ ਕਵਿ ਰਾਜ॥੮੨॥
ਗੁਰ ਸੇਵਾ ਤੇ ਉਪਜੇ ਗਿਆਨ।
ਗਿਆਨ ਕਰੇ ਸਭ ਬੰਧਨ ਹਾਨ।
ਗੁਰ ਸੇਵਕ ਦੀ ਮਾਯਾ ਦਾਸੀ।
ਗੁਰ ਸੇਵ ਤੇ ਮਿਟੇ ਚੁਰਾਸੀ॥੪੬॥
ਗੁਰ ਕੋ ਦੇਹ ਸਮਰਪਣ ਕਰੇ।
ਤਨ ਧਨ ਦੇਹਿ ਪਾਇ ਸੁ ਪਰੇ।
ਨਿਜ ਗੁਰ ਕੋ ਪਰਮੇਸ਼ਰ ਜਾਨੇ।
ਮਨੁੱਖ ਬੁੱਧ ਕਦੇ ਨਹਿ ਆਨੇ॥੫੪॥

ਗੁਰੂ ਦੀ ਆਗਿਆ ਦਾ ਹਮੇਸ਼ਾਂ ਪਾਲਣ ਕਰੋ। ਜੋ ਗੁਰੂ ਦੀ ਆਗਿਆ ਦਾ ਪਾਲਣ ਨਹੀਂ ਕਰਦਾ, ਉਹ ਚਮਗਿੱਦੜ ਦੇ ਸਮਾਨ ਹੈ:

ਗੁਰੂ ਕੀ ਆਗਯਾ ਜੋਇ ਫਿਰਾਇ।
ਚਮਗਿਦੜ ਕਾ ਜਨਮ ਸੁ ਪਾਇ॥

ਗੁਰੂ ਦੇ ਨਿੰਦਕ ਦੀ ਵੀ ਸਖ਼ਤ ਆਲੋਚਨਾ ਕੀਤੀ ਗਈ ਹੈ:

ਨਿਜ ਗੁਰ ਕੀ ਜੋ ਨਿੰਦਾ ਕਰੇ।
ਸੋ ਨਰ ਜਾਇ ਨਰਕ ਮੇ ਪਰੇ॥੪੦॥

ਗੁਰੂ ਤੇ ਪਰਮੇਸ਼ਰ ਇਕ-ਸਮਾਨ ਹਨ। ਇਹਨਾਂ ਵਿਚ ਫ਼ਰਕ ਕਰਨਾ ਬਹੁਤ ਔਖਾ ਹੈ, ਕਿਉਂਕਿ ਗੁਰੂ ਪਰਮਾਤਮਾ ਵਾਂਗ ਦਿਆਲੂ ਹੈ:

ਗੁਰ ਸਮ ਅਵਰ ਦਿਆਲ ਨ ਕੋਇ।
ਲੋਕ ਬੇਦ ਇਮ ਭਾਖੇ ਦੋਇ।
ਗੁਰ ਪ੍ਰਮੇਸ਼ਵਰ ਪੂਰਨ ਬ੍ਰਹਮ।
ਯਾਹਿ ਵਿਖੇ ਕਛੁ ਨਾਹੀ ਭਰਮ॥੫੦॥

ਸਿੱਖ ਨੂੰ ਚਾਹੀਦਾ ਹੈ ਕਿ ਉਹ ਆਪਣੇ ਗੁਰੂ ਦੇ ਅਸਤਿਤਵ ਨੂੰ ਹਮੇਸ਼ਾਂ ਵਡਿਆਉਂਦਾ ਰਹੇ ਤੇ ਉੱਚਾ ਰੱਖੇ:

ਗੁਰ ਸਿਖ ਕੋ ਅਪਨੇ ਸਮ ਕਰੇ।
... ...
ਜਿਉ ਦੀਪਕ ਤੇ ਦੀਪਕ ਲਾਇ।
ਦੋਨੋਂ ਦੀਪਕ ਏਕੇ ਭਾਇ।
ਦੀਪਕ ਸਮ ਦੀਪਕ ਹਵੈ ਜਾਨ।
ਤਿਉ ਸਿੱਖ ਹੋਇ ਸੁ ਗੁਰੂ ਸਮਾਨ॥੫੨॥

ਗੁਰੂ ਹੀ ਪਾਪ, ਤਾਪ, ਕਲੇਸ਼ ਨੂੰ ਸਮਾਪਤ ਕਰ ਕੇ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਕਰਦਾ ਹੈ :

ਨਾ ਸਤਿਤ,ਗੁਰੁ ਪਦ ਤੇ ਅਨਯੋ ਸਤਿ ਕੋ ਵੇਦ ਪੁਰਾਣ ਬਖਾਨੈ।
ਪਾਪ ਸਤਤਾ ਕਲੇਸ਼ ਮਿਟਾਈ ਸੁ ਗਿਆਨ ਪ੍ਰਕਾਸ਼ ਰਿਦੈ ਮਹ ਠਾਣੇ॥

(ਮ.ਖ., 2/9)

ਗੁਰੂ ਤੋਂ ਬਗ਼ੈਰ ਨਾ ਕਰਮ ਸਹੀ ਹੈ, ਨਾ ਭਗਤੀ ਮਿਲਦੀ ਹੈ, ਨਾ ਗਿਆਨ। ਗੁਰੂ ਤੋਂ ਬਗ਼ੈਰ ਜੀਵ ਚੌਰਾਸੀ ਜੂਨੀਆਂ ਵਿਚ ਭਟਕਦਾ ਹੈ। ਉਹ ਕਦੇ ਵੀ ਪਿਆਰੇ ਨੂੰ ਪ੍ਰਾਪਤ ਨਹੀਂ ਕਰ ਸਕਦਾ। ਸੱਚ ਤਾਂ ਇਹ ਹੈ ਕਿ ਗੁਰੂ ਤੋਂ ਬਿਨਾਂ ਕੋਈ ਹਿਤਕਾਰੀ ਨਹੀਂ ਹੈ।

ਗੁਰੂ ਸੰਸਕ੍ਰਿਤ ਭਾਸ਼ਾ ਦਾ ਇਕ ਅਜਿਹਾ ਅਨੇਕਾਰਥਕ ਬੋਧਕ ਸ਼ਬਦ ਹੈ, ਜਿਸ ਦੀ ਵਿਉਤਪਤੀ ਗ੍ਰੀ ਧਾਤੂ ਤੋਂ ਹੋਈ ਹੈ ਅਤੇ ਜਿਸ ਦਾ ਅਰਥ ਹੈ : ਨਿਗਲਣਾ ਜਾਂ ਸਮਝਾਉਣਾ। ਇਸ ਲਈ ਜਿਹੜਾ ਵਿਅਕਤੀ ਅਗਿਆਨਤਾ ਨੂੰ ਨਿਗਲ ਜਾਂਦਾ ਹੈ ਅਤੇ ਸ਼ਿਸ਼ ਨੂੰ ਤੱਤ ਗਿਆਨ ਸਮਝਾਉਂਦਾ ਹੈ, ਉਹ ਗੁਰੂ ਹੁੰਦਾ ਹੈ।

ਗੁਰਬਾਣੀ ਵਿਚ ਗੁਰੂ ਦੀ ਮਹੱਤਤਾ ਇਤਨੀ ਦਰਸਾਈ ਗਈ ਹੈ ਕਿ ਗੁਰੂ ਕੋਲ ਇਸ ਤਨ ਰੂਪੀ ਕੋਠੇ ਦੀ ਚਾਬੀ ਹੈ। ਮਨ ਤੋਂ ਭਰਮ ਦਾ ਪੜਦਾ ਗੁਰੂ ਤੋਂ ਬਿਨਾਂ ਨਹੀਂ ਹਟ ਸਕਦਾ :

(ੳ) **ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥**
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥

(ਵਾਰ ਸਾਰੰਗ ਮ: 4, ਪੰਨਾ 1237)

(ਅ) **ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥**
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥

(ਵਾਰ ਆਸਾ, ਮ: ੨, ਪੰਨਾ 463)

ਗੁਰਬਾਣੀ ਅਨੁਸਾਰ ਗੁਰੂ ਹੀ ਮਾਂ ਹੈ, ਗੁਰੂ ਹੀ ਪਿਉ ਹੈ, ਆਤਮਿਕ ਜੀਵਨ ਦੇਣ ਵਾਲਾ ਹੈ। ਗੁਰੂ ਮਾਲਕ ਪ੍ਰਭੂ ਦਾ ਰੂਪ ਹੈ। ਗੁਰੂ ਮਾਇਆ ਮੋਹ ਦਾ ਹਨੇਰਾ ਦੂਰ ਕਰਨ ਵਾਲਾ ਹੈ, ਮਿੱਤਰ ਹੈ। ਗੁਰੂ ਹੀ ਸੱਕਾ ਸੰਬੰਧੀ ਭਰਾ ਹੈ। ਗੁਰੂ ਹੀ ਅਸਲੀ ਦਾਤਾ ਹੈ, ਜੋ ਪ੍ਰਭੂ ਦਾ ਨਾਮ ਉਪਦੇਸ਼ਦਾ ਹੈ। ਗੁਰੂ ਦਾ ਉਪਦੇਸ਼ ਐਸਾ ਹੈ, ਜਿਸ ਦਾ ਅਸਰ ਕੋਈ ਵਿਕਾਰ ਆਦਿਕ ਗਵਾ ਨਹੀਂ ਸਕਦਾ। ਗੁਰੂ ਸ਼ਾਂਤੀ, ਸੱਚ ਅਤੇ ਅਕਲ ਦਾ ਸਰੂਪ ਹੈ। ਗੁਰੂ ਇਕ ਐਸਾ ਪਾਰਸ ਹੈ, ਜਿਸ ਦੀ ਛੋਹ ਪਾਰਸ ਨਾਲੋਂ ਸ੍ਰੇਸ਼ਟ ਹੈ। ਗੁਰੂ ਸੱਚਾ ਤੀਰਥ ਹੈ, ਅੰਮ੍ਰਿਤ ਦਾ ਸਰੋਵਰ ਹੈ। ਗੁਰੂ ਕਰਤਾਰ ਦਾ ਰੂਪ ਹੈ, ਸਾਰੇ ਪਾਪਾਂ ਨੂੰ ਦੂਰ ਕਰਨ ਵਾਲਾ ਹੈ। ਗੁਰੂ ਪਰਮੇਸ਼ਵਰ ਪਾਰਬ੍ਰਹਮ ਦਾ ਰੂਪ ਹੈ। ਹਰੀ ਦੇ ਰੂਪ ਗੁਰੂ ਨੂੰ ਸਦਾ ਨਮਸਕਾਰ ਕਰਨੀ ਚਾਹੀਦੀ ਹੈ :

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥
ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ॥

ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ॥
ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ॥
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ॥
ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ॥
ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ॥
ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ॥
ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ॥੧॥

(ਗਉੜੀ ਬਾਵਨ ਅਖਰੀ ਮ: ੫, ਪੰਨਾ 250)

ਸ਼ਬਦ

ਸ਼ਬਦ ਇਕ ਸਾਰਥਿਕ ਧੁਨਿ ਹੈ। ਇਸ ਨੂੰ ਅਸੀਂ ਕਈ ਰੂਪਾਂ ਵਿਚ ਦੇਖ ਸਕਦੇ ਹਾਂ। 'ਧੁਨਿ' ਅਸਲ ਵਿਚ ਪਰਿਪੂਰਣ ਪਰਮਾਤਮਾ ਦੀ ਧੁਨਿ, ਧੁਨੀ ਜਾਂ ਆਵਾਜ਼ ਹੈ, ਜੋ ਕਿ ਧੁਰ ਅਕਾਲ ਪੁਰਖ ਤੋਂ ਆ ਰਹੀ ਹੈ। ਸੁਰਤਿ ਦੀ ਸ਼ਬਦਿ ਧੁਨਿ ਨਾਲ ਸੁਭਾਵਿਕ ਸਾਂਝ ਹੈ:

ਹਰਿ ਆਪੇ ਸਬਦੁ ਸੁਰਤਿ ਧੁਨਿ ਆਪੇ॥ *(ਗਉੜੀ ਮ: ੪, ਪੰਨਾ 165)*

ਧੁਨਿ ਸ਼ਬਦ ਤੋਂ ਉਪਜਦੀ ਹੈ। ਵਿਆਕਰਣ ਵਾਲੇ ਸ਼ਬਦ ਨੂੰ ਸਫੋਟ ਕਹਿੰਦੇ ਹਨ। ਸ਼ਬਦ ਸ਼ਾਸਤਰ ਤੇ ਭਾਸ਼ਾ ਵਿਗਿਆਨੀ ਦਾ ਆਰੰਭ ਵੀ ਇਥੋਂ ਹੀ ਹੁੰਦਾ ਹੈ। ਵਿਆਕਰਣ ਆਚਾਰੀਆਂ ਤੇ ਯੋਗਾਚਾਰੀਆਂ ਨੇ ਇਸ ਦਾ ਪਹਿਲਾ ਸਥਾਨ ਮੂਲਾਧਾਰ ਦੱਸਿਆ ਹੈ। ਇਸ ਅਵਸਥਾ ਵਿਚ ਬ੍ਰਹਮ ਸਰੂਪ ਤਥਾ ਆਖੰਡ ਹੈ। ਇਸ ਨੂੰ ਪਾਰਾਵਾਰ ਕਿਹਾ ਗਿਆ ਹੈ। ਇਸ ਦੇ ਕ੍ਰਮਵਾਰ ਰੂਪ ਪਸਯੰਤੀ, ਮਧਮਾ ਅਤੇ ਬੈਖਰੀ ਹਨ। ਪਸਯੰਤੀ ਅਵਸਥਾ ਵਿਚ ਮੂਲਾਧਾਰ ਤੋਂ ਸ਼ਬਦ ਹਿਰਦੇ ਵਿਚ ਪ੍ਰਵੇਸ਼ ਕਰਦਾ ਹੈ। ਇਸ ਅਵਸਥਾ ਵਿਚ ਸ਼ਬਦ ਨੂੰ 'ਸ਼ਬਦ ਬ੍ਰਹਮ' ਵੀ ਆਖਦੇ ਹਨ। ਮਧਮਾ ਅਵਸਥਾ ਵਿਚ ਸ਼ਬਦ ਅਨਯ ਪੁਰਖਾਂ ਦੇ ਸੁਣਨਯੋਗ ਹੋ ਜਾਂਦਾ ਹੈ। ਕਈਆਂ ਨੇ ਸ਼ਬਦ ਦੇ ਕੇਵਲ ਦੋ ਰੂਪ ਮੰਨੇ ਹਨ: ਧੁਨਿਆਤਮਕ ਅਤੇ ਵਰਣਆਤਮਕ। ਫਿਰ ਧੁਨਿਆਤਮਕ ਦੇ ਦੋ ਭੇਦ ਕਹੇ ਹਨ: ਵਿਅਕਤ (ਸਪੱਸ਼ਟ ਅਰਥ ਭਰਪੂਰ) ਅਤੇ ਅਵਿਅਕਤ (ਅਦ੍ਰਿਸ਼ਟ-ਅਗਿਆਤ)।

ਸ਼ਬਦ ਦਾ ਅਰਥ ਨਾਦ ਵੀ ਹੈ। ਸ਼ਬਦ ਆਕਾਸ਼ ਦਾ ਗੁਣ ਮੰਨਿਆ ਜਾਂਦਾ ਹੈ, ਜੋ ਬ੍ਰਹਿਮੰਡ ਵਿਚ ਵਿਆਪਕ ਹੈ। ਅਸਲ ਵਿਚ ਸੋਚਣ ਵਾਲੀ ਮੂਲ ਗੁੰਝਲ ਇਹ ਹੈ ਕਿ 'ਸ਼ਬਦ' ਦ੍ਰਵਯ ਹੈ ਜਾਂ ਗੁਣ। 'ਸ਼ਬਦ' ਇਕ ਗੁਣ ਹੈ। ਗੁਣ ਵਿਚ ਖ਼ਾਸੀਅਤ ਹੁੰਦੀ ਹੈ ਕਿ ਉਹ ਬਗ਼ੈਰ ਦ੍ਰਵਯ ਤੋਂ ਵਿਚਰ ਨਹੀਂ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬ ਨੇ ਸ਼ਬਦ ਨੂੰ ਬ੍ਰਹਮ ਕਿਹਾ ਹੈ, ਜੋ ਕਿ ਸਰਬ-ਵਿਆਪਕ ਹੈ:

(ੳ) **ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ॥**

(ਰਾਮਕਲੀ ਮ: ੧, ਸਿਧ ਗੋਸਟਿ, ਪੰਨਾ 944)

(ਅ) **ਉਤਪਤਿ ਪਰਲਉ ਸਬਦੇ ਹੋਵੈ॥**
ਸਬਦੇ ਹੀ ਫਿਰਿ ਓਪਤਿ ਹੋਵੈ॥ *(ਮਾਝ ਮ: ੩, ਪੰਨਾ 117)*

(ੲ) **ਸਬਦੁ ਦੀਪਕੁ ਵਰਤੈ ਤਿਹੁ ਲੋਇ॥**
ਜੋ ਚਾਖੈ ਸੋ ਨਿਰਮਲੁ ਹੋਇ॥ *(ਧਨਾਸਰੀ ਮ: ੩, ਪੰਨਾ 664)*

ਹੁਣ ਅਸੀਂ ਉਦਾਸੀ ਵਿਦਵਾਨਾਂ ਵੱਲੋਂ ਸ਼ਬਦ ਸੰਬੰਧੀ ਲਿਖੇ ਵਿਚਾਰਾਂ ਨੂੰ ਵਾਚਦੇ ਹਾਂ। ਉਦਾਸੀਨ 'ਆਚਾਰੀਆ' ਸ਼ਬਦ ਦੀ ਮਹਾਨਤਾ ਦਰਸਾਉਂਦੇ ਹੋਏ ਕਹਿੰਦੇ ਹਨ ਕਿ ਬਿਨਾਂ ਸ਼ਬਦ ਤੋਂ ਬ੍ਰਹਮ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਅਸੰਭਵ ਹੈ। ਇਸ ਲਈ ਬ੍ਰਹਮ ਨੂੰ ਜਾਨਣ ਲਈ ਸ਼ਬਦ ਗਿਆਨ ਹੋਣਾ ਬਹੁਤ ਜ਼ਰੂਰੀ ਹੈ :

ਪੁਰਖ ਉਠੇ ਸੈ ਸਬਦਿ ਸੁਣਿ ਸਬਦਿ ਪਰੇ ਤਰਿਕਾਨ।
ਸੰਤਰੇਣ ਤਿਉ ਸਬਦਿ ਕਰਿ ਪ੍ਰਾਪਤ ਹੋਵੈ ਭਗਵਾਨ॥੭੬॥
... ...
ਹੋ ਸੰਤਰੇਣ ਬਿਨ ਸਬਕਿ ਬ੍ਰਹਮ ਕਿਮ ਪਾਇ ਹੈ॥੭੮॥
... ...
ਬ੍ਰਹਮ ਸਬਦਿ ਤੇ ਹੈ ਪਰੇ ਸਬਦੋਂ ਪ੍ਰਾਪਤਿ ਹੋਇ।
ਸੰਤਰੇਣ ਇਸ ਭੇਦ ਕੋ ਬਿਰਲਾ ਜਾਨੋ ਕੋਇ॥੫੦॥

ਉਦਾਸੀ ਸਾਧੂ ਸ਼ਬਦ ਦੇ ਨਿਰਗੁਣ ਤੇ ਸਰਗੁਣ ਵਿਚ ਵਿਸ਼ਵਾਸ ਕਰਦੇ ਹਨ :

ਦੁਇ ਸਰੂਪ ਹੈ ਸਬਦਿ ਕੇ ਨਿਰਗੁਣਿ ਸਰਗੁਣਿ ਜਾਨ।
... ...
ਨਿਰਗੁਣ ਅਨੁਪਵ ਰੂਪ ਹੈ ਸੱਤਾ ਮਾਤ੍ਰ ਸੁ ਜਾਨ।
ਸਰਗੁਣਿ ਸੰਤਰੇਣ ਸੋ ਮੂਰਖ ਰੂਪ ਮਹਾਨ॥੬॥
ਸਲੋਕ॥ ਨਿਰਗੁਣ ਬ੍ਰਹਮ ਕੇ ਮਾਹਿ ਸੇ ਸਰਗੁਣ ਬੇਦ ਮਝਾਰ।
ਸੰਤਰੇਣ ਗੁਰ ਸਬਦਿ ਕਾ ਆਹਿ ਸੂ ਗੂੜਿ ਬਿਚਾਰ।

ਉਦਾਸੀ ਸਾਧੂ ਵੀ ਗੁਰੂ ਸਾਹਿਬਾਨ ਵਾਂਙ ਸ਼ਬਦ ਨੂੰ ਬ੍ਰਹਮ ਦਾ ਰੂਪ ਹੀ ਸਵੀਕਾਰ ਕਰਦੇ ਹਨ :

ਸਬਦਿ ਬ੍ਰਹਮ ਕਾ ਰੂਪ ਹੈ ਹਮ ਤੇ ਭਾਖੇ ਰੋਜ।
ਸੰਤਰੇਣ ਗੁਰ ਸਬਦਿ ਕਰੋ ਭਲੀ ਸਿਧ ਖੋਜ॥੩੧॥
ਸਲੋਕ॥ ਬ੍ਰਹਮ ਸਬਦਿ ਤੇ ਪਰੇ ਹੇ ਸਬਦਿ ਬ੍ਰਹਮ ਕੇ ਮਾਹਿ।
ਸੰਤਰੇਣ ਇਸ ਸਮਝਿ ਕੋ ਪਾਇ ਸਕੇ ਕੁਊ ਨਾਹਿ॥੩੨॥
... ...
ਸਬਦਿ ਬ੍ਰਹਮ ਦੋਨੋ ਸਦਾ ਅਰਥ ਪਰਸ ਪਹਚਾਨ॥੬੩॥

ਸੋ ਉਪਰੋਕਤ ਅਧਿਐਨ ਤੋਂ ਅਸੀਂ ਦੇਖਦੇ ਹਾਂ ਕਿ ਉਦਾਸੀ ਮਹਾਤਮਾ ਵੀ ਗੁਰੂ ਸਾਹਿਬ ਵੱਲੋਂ ਪ੍ਰਗਟਾਏ ਵਚਨਾਂ ਨੂੰ ਹੀ ਆਪਣੇ ਗ੍ਰੰਥਾਂ ਵਿਚ ਆਪਣੇ ਸ਼ਬਦਾਂ ਰਾਹੀਂ ਵਿਅਕਤ ਕਰਦੇ ਹਨ। ਬਹੁਤਾ ਕੋਈ ਫ਼ਰਕ ਦਿਖਾਈ ਨਹੀਂ ਦਿੰਦਾ ਹੈ।

ਭਗਤੀ

ਭਾਰਤੀ ਚਿੰਤਕਾਂ ਅਨੁਸਾਰ ਭਗਤੀ ਦਾ ਮੂਲ ਆਧਾਰ ਭਾਰਤ ਵਿਚ ਹੀ ਹੈ। ਭਗਤੀ ਦਾ ਜਨਮ ਭਾਰਤ ਦੇਸ ਅੰਦਰ ਹੀ ਹੋਇਆ ਹੈ। *ਭਗਵਤ ਪੁਰਾਣ* ਦੀ ਕਥਾ ਅਨੁਸਾਰ ਭਗਤੀ ਦਾ ਜਨਮ ਦ੍ਰਾਵਿੜ ਦੇਸ਼ ਵਿਚ ਹੋਇਆ, ਕਰਨਾਟਕ ਵਿਚ ਵੱਡੀ ਹੋਈ ਅਤੇ ਮਹਾਂਰਾਸ਼ਟਰ ਵਿਚ ਸਨਮਾਣਿਤ ਹੋਈ। ਗੁਜਰਾਤ ਵਿਚ ਬੁਢਾਪੇ ਨੇ ਘੇਰਾ ਪਾ ਲਿਆ। ਕਲਜੁਗਿ ਵਿਚ ਪਾਖੰਡੀਆਂ ਨੇ ਭਗਤੀ ਦੇ ਵਿਅਕਤਿਤਵ ਦੇ ਟੁਕੜੇ ਟੁਕੜੇ ਕਰ ਦਿੱਤੇ। ਬ੍ਰਿਦਾਬਨ ਵਿਚ ਆ ਕੇ ਭਗਤੀ ਮੁੜ ਸੁਰਜੀਤ ਹੁੰਦੀ ਹੈ। *ਭਗਵਤ ਪੁਰਾਣ* ਦੇ ਇਸ ਵਿਚਾਰ ਤੋਂ ਸਪੱਸ਼ਟ ਹੁੰਦਾ ਹੈ ਕਿ ਭਗਤੀ ਦਾ ਮੂਲ ਆਧਾਰ ਭਾਰਤ ਵਿਚ ਹੀ ਹੈ।

'ਭਗਤੀ' ਸ਼ਬਦ ਦੇ ਕੋਸ਼ਕਾਰੀ ਅਰਥ ਹਨ: ਵਿਭਾਗ, ਸੇਵਾ, ਸ਼ਰਧਾ, ਵਿਸ਼ਵਾਸ, ਤਕਸੀਮ, ਬਾਦ, ਉਪਾਸ਼ਨਾ, ਗੁਰੂ ਦੀ ਸੇਵਾ ਆਦਿ। *ਮਾਨਕ ਹਿੰਦੀ ਕੋਸ਼* ਅਨੁਸਾਰ ਭਗਤੀ ਪਦ ਦਾ ਅਰਥ ਹੈ: ਕਿਸੀ ਪ੍ਰਤੀ ਹੋਣ ਵਾਲੀ ਨਿਸ਼ਠਾ, ਵਿਸ਼ਵਾਸ ਜਾਂ ਸ਼ਰਧਾ। ਵਿਆਕਰਣ ਅਨੁਸਾਰ ਭਗਤੀ ਸ਼ਬਦ ਸੰਸਕ੍ਰਿਤ ਦੇ ਧਾਤੂ 'ਭਜ ਸੇਵਾਯਾਮ' ਤੋਂ ਪਾਨਿਨੀ ਦੇ ਸੂਤਰ 'ਇਸਤ੍ਰੀ ਜਾਂ ਕਤਿਨ' ਦੇ ਅਨੁਸਾਰ 'ਕਤਿਨ' ਪ੍ਰਤਿਯੈ ਜੋੜਨ ਨਾਲ ਬਣਿਆ ਹੈ। 'ਪ੍ਰਤਿਯੈ' ਦਾ ਅਰਥ ਹੈ: ਪ੍ਰੇਮ ਅਤੇ ਧਾਤੂ ਦਾ ਅਰਥ ਹੈ: ਸੇਵਾ ਕਰਨਾ। ਸਾਧਾਰਨ ਨਿਯਮ ਇਹ ਹੈ ਕਿ ਧਾਤੂ ਅਤੇ ਪ੍ਰਤਿਯੈ ਦੇ ਮੇਲ ਨਾਲ ਇਕ ਸੰਪੂਰਨ ਅਰਥ ਉਜਾਗਰ ਹੁੰਦਾ ਹੈ। ਇਸ ਤਰ੍ਹਾਂ ਭਗਤੀ ਦਾ ਅਰਥ ਹੋਇਆ: ਪ੍ਰੇਮ ਭਾਵ ਨਾਲ ਸੇਵਾ ਕਰਨਾ। ਵੱਖ-ਵੱਖ ਆਚਾਰੀਆ ਨੇ ਭਗਤੀ ਦੀ ਪਰਿਭਾਸ਼ਾ ਆਪਣੇ ਆਪਣੇ ਵਿਚਾਰ ਮੁਤਾਬਕ ਦਿੱਤੀ ਹੈ। 'ਭਗਵਤੀ ਮਨ: ਸਿਥਤੀਕਰਣੰ:' ਅਰਥਾਤ ਭਗਵਾਨ ਵਿਚ ਮਨ ਨੂੰ ਸਥਿਰ ਕਰਨਾ ਹੀ ਭਗਤੀ ਹੈ। ਭਗਤੀ ਦਾ ਮੂਲ ਆਧਾਰ ਪ੍ਰੇਮ ਹੈ, ਪ੍ਰੇਮ ਤੋਂ ਬਗ਼ੈਰ ਭਗਤੀ ਮੁਮਕਿਨ ਨਹੀਂ।

ਉਦਾਸੀ ਸਾਧੂਆਂ ਨੇ ਭਗਤੀ ਨੂੰ ਸਭ ਤੋਂ ਪ੍ਰਮੁੱਖ ਮੰਨਿਆ ਹੈ। ਭਾਵੇਂ ਸੰਤਰੇਣ ਜੀ ਨੇ ਭਗਤੀ ਦੇ ਨਾਲ ਨਾਲ ਗਿਆਨ, ਸ਼ੁਭ ਕਰਮ, ਵਿਅਕਤੀ ਤੋਂ ਦੂਜੀਆਂ ਉਪਾਸ਼ਨਾ ਪੱਧਤੀਆਂ ਦੇ ਮਹੱਤਵ ਨੂੰ ਵੀ ਪ੍ਰਗਟ ਕੀਤਾ ਹੈ, ਪਰ ਭਗਤੀ ਨੂੰ ਪ੍ਰਮੁੱਖ ਮੰਨਿਆ ਹੈ। ਉਹਨਾਂ ਦਾ ਦ੍ਰਿਸ਼ਟੀਕੋਣ ਹੈ ਕਿ ਭਗਤੀ ਬਗ਼ੈਰ ਜੀਵ ਆਵਾਗਮਨ ਤੋਂ ਮੁਕਤ ਨਹੀਂ ਹੁੰਦਾ ਤੇ ਉਸ ਦਾ ਛੁਟਕਾਰਾ ਨਹੀਂ ਹੁੰਦਾ। ਭਗਤੀ ਬਗ਼ੈਰ ਜਪ, ਤਪ, ਪੁੰਨ, ਦਾਨ ਸਾਰੇ ਵਿਅਰਥ ਹਨ:

> ਭਗਵਤਿ ਭਗਤੀ, ਗਯਾਨ, ਬਿਰਾਗ,
> ਰਾਮ ਦੇਵਖਿ ਨਾਹੀ ਬਡਿਭਾਗੇ।
> ਸ਼ਾਂਤੀ, ਖਿਮਾ, ਦਯਾ, ਭੰਡਾਰੰ, ਮਾਨ ਪਮਾਨ,
> ਕਾਮ ਲਹਿਰ ਤੇ ਸਚੇ ਸੁ ਚਾਤਿਰ।
> ਸੋ ਬ੍ਰਾਹਮਣ ਕਹਯੇ ਸਤਿ ਮਾਤਰ।
> ਮਹਾ ਪੁਨਯ ਤਹਿ ਹੋਇ ਬਿਨਾਨੀ।

ਪ੍ਰੇਮ ਤੋਂ ਬਿਨਾਂ ਭਗਤੀ ਨਹੀਂ ਹੁੰਦੀ ਤੇ ਭਗਤੀ ਬਿਨਾਂ ਮੁਕਤੀ ਨਹੀਂ ਹੁੰਦੀ। ਭਗਤੀ ਬਗ਼ੈਰ ਸ਼ਾਂਤੀ ਵੀ ਨਹੀਂ ਮਿਲਦੀ। ਭਗਤੀ ਤੋਂ ਹੀ ਗਿਆਨ, ਵੈਰਾਗ, ਯੋਗ ਤੇ ਮੁਕਤੀ ਵੀ ਪ੍ਰਾਪਤ ਹੁੰਦੀ ਹੈ ਤੇ ਬ੍ਰਹਮ ਨਾਲ ਮਿਲਾਪ ਹੁੰਦਾ ਹੈ। ਉਹਨਾਂ ਨਿਸ਼ਕਾਮ ਭਗਤੀ ਉਪਰ ਜ਼ੋਰ ਦਿੱਤਾ ਤੇ ਉਸ ਦੇ ਲਈ ਵਾਸ਼ਨਾਵਾਂ ਦਾ ਤਿਆਗ ਜ਼ਰੂਰੀ ਦੱਸਿਆ ਹੈ। ਭਗਵਦ ਭਗਤੀ ਦੇ ਨਾਲ ਹੀ ਕਵੀ ਸੰਤਰੇਣ ਜੀ ਨੇ ਬ੍ਰਾਹਮਣ ਆਦਿ ਦੀ ਭਗਤੀ ਦਾ ਮਹੱਤਵ ਵੀ ਦੱਸਿਆ ਤੇ ਵਿਆਖਿਆ ਹੈ। ਸੰਤ ਉਨ੍ਹਾਂ ਲਈ ਬ੍ਰਹਮ ਰੂਪ ਹੈ। ਸੰਤਾਂ ਦਾ ਸਰੀਰ ਵਿਚ, ਚਰਨਾਂ ਵਿਚ ਤੇ ਸ਼ਬਦਾਂ ਵਿਚ ਰਾਮ ਦਾ ਨਿਵਾਸ ਹੁੰਦਾ ਹੈ। ਭਗਤੀ ਦੇ ਖੇਤਰ ਵਿਚ ਉਹ "ਊਚ-ਨੀਚ ਦੇ ਅੰਤਰ ਨਹਿ ਕੋਇ॥ ਹਰਿ ਕੋ ਭਜੇ ਸੁ ਹਰਿ ਕਾ ਹੋਈ" ਦੇ ਸਮਰਥਕ ਸਨ। ਕਵੀ ਜੀ ਦੇ ਭਗਤੀ ਪ੍ਰਥਾਇ ਉਚਾਰੇ ਵਚਨਾਂ ਨੂੰ ਅਸੀਂ ਇਥੇ ਅੰਕਿਤ ਕਰਦੇ ਹਾਂ:

ਭਾਵ ਨਹੀਂ ਜਿਨ ਕੇ ਉਰ ਮੈ ਤਿਨ ਕੋ ਭਗਵਾਨ ਮਿਲੇ ਕਹੁ ਕੈਸੇ।
ਭਾਵੇ ਅਹੇ ਜਿਨ ਕੇ ਉਰ ਮੈਂ ਤਿਨ ਕੋ ਭਗਵਾਨ ਮਿਲੇ ਬਿਨਾ ਪੈਸੇ।
... ...
ਨਹੀਂ ਭਾਵ ਬਿਨਾ ਭਗਤੀ ਮੁਕਤੀ ਸਰਧਾ ਇਮ ਸੰਤਹ ਰੇਣ ਬਤਾਵੈ॥੪੫॥
... ...
ਭਾਵ ਜਹਾ ਭਗਤੀ ਤਹਾ ਭਗਤੀ ਜਹਾ ਗਿਆਨ।
ਗਯਾਨ ਜਹਾਂ ਸ਼ਾਂਤੀ ਤਹਾ ਕਹਯੋ ਆਪ ਭਗਵਾਨ॥੧੦੬॥
ਸ਼ਰਧਾ ਭਾਵ ਸੁ ਜਾਨਿਯੇ ਹਰਿ ਭਗਤੀ ਕਾ ਬੀਜ।
ਭਗਵਤਿ ਭਗਤੀ ਜਗਤ ਮੈ ਆਹਿ ਵੱਡੀ ਇਕ ਚੀਜ਼॥੧੫੬॥

ਉਦਾਸੀ ਮਹਾਂਪੁਰ ਭਗਤੀ ਦੇ ਮਹੱਤਵ ਨੂੰ ਇਉਂ ਦਰਸਾਉਂਦੇ ਹਨ:

ਭਗਵਤਿ ਭਗਤੀ ਬਿਨ ਦੁਖ ਪਾਵਹਿ।
ਜਨਮੇ ਮਰੇ ਸੁ ਬਾਰਸ ਬਾਰੇ॥੨੫॥
... ...
ਭਗਤੀ ਜਾਣੇ ਗਯਾਨ ਬੈਰਾਗ।
ਭਗਤੀ ਤੋ ਜਾਰੇ ਤਿਹ ਭਾਗ॥੩੫॥
... ...
ਬਿਨ ਭਗਤੀ ਬੈਕੁੰਠ ਨ ਮਿਲੈ।
... ...
ਹਰਿ ਭਗਤੀ ਬਿਨ ਗਯਾਨ ਨ ਹੋਇ।
ਸੰਤ ਵੇਦ ਇਮ ਭਾਖੇ ਦੋਇ।
ਗਿਆਨ ਬੈਰਾਗ ਭਗਤੀ ਕੇ ਪੂਤ।
ਸੰਤਰੇਣ ਇਸ ਭਾਖੇ ਮੂਤ।
... ...
ਕਹੁ ਨਾਨਕ ਇਹ ਤਤ ਬਿਚਾਰ।
ਬਿਨ ਹਰਿ ਭਗਤੀ ਨਹੀ ਛੁਟਕਾਰ।

ਬਿਨ ਭਗਤੀ ਭਗਵਾਨ ਨਾ ਮਿਲੈ
ਇਹ ਤੁਮ ਬਾਤ ਰਖੋ ਸਿਖ ਦਿਲੇ।
... ...
ਭਗਤੀ ਬਿਨ ਮੋਖ ਨਹੀ ਕਲਪਤਿ ਸਿਧਾਂਤਿ
ਹਰੀ ਇਮ ਆਪ ਉਚਾਰੇ॥੧੦੪॥

ਉਦਾਸੀ ਸੰਤ ਭਗਤੀ ਲਈ ਜਾਤ, ਪਾਤ, ਵਰਨ-ਵੰਡ ਦੀਆਂ ਵਲਗਣਾਂ ਨੂੰ ਨਹੀਂ ਮੰਨਦੇ। ਕੋਈ ਵੀ ਪ੍ਰਾਣੀ ਕਿਸੇ ਵੀ ਮਜ਼ਹਬ ਦਾ ਹੋਵੇ, ਉਹ ਉਦਾਸੀ ਭੇਖ ਧਾਰ ਸਕਦਾ ਹੈ ਤੇ ਭਗਤੀ ਕਰ ਸਕਦਾ ਹੈ। ਭਗਤੀ ਜਾਤ-ਪਾਤ ਤੋਂ ਮੁਕਤ ਹੁੰਦੀ ਹੈ। ਇਸ ਲਈ ਭਗਤੀ ਕਰਨ ਵਾਲੇ ਭਗਤ ਦੀ ਕੋਈ ਜਾਤ-ਪਾਤ ਨਹੀਂ ਹੁੰਦੀ:

ਕਿਸੀ ਬਰਣ ਮੇਂ ਭਗਤਿ ਸੋ ਹੋਇ
ਪਰਮ ਸਰੇਸ਼ਟਿ ਜਾਨੋ ਸੋਇ।

ਉਦਾਸੀ ਸਾਧੂਆਂ ਨੇ ਭਗਤੀ ਅਤੇ ਗਿਆਨ ਦਾ ਆਪਸੀ ਸੰਬੰਧ ਵੀ ਉਜਾਗਰ ਕੀਤਾ। ਵੇਦਾਂਤਿਕ ਇਹ ਸਵੀਕਾਰ ਕਰਦੇ ਹਨ ਕਿ ਗਿਆਨ ਦੀ ਪਹਿਰੇਦਾਰੀ ਮੁਕਤੀ ਦੇ ਦਰਵਾਜ਼ੇ 'ਤੇ ਹੁੰਦੀ ਹੈ। ਇਸ ਲਈ ਗਿਆਨ ਨੂੰ ਭਗਤੀ ਦਾ ਇਕ ਸੁਤੰਤਰ ਸਾਧਨ ਮੰਨਿਆ ਗਿਆ ਹੈ। ਇਸ ਲਈ ਗਿਆਨ ਦਾ ਮਹੱਤਵਪੂਰਣ ਸਥਾਨ ਹੈ। ਭਗਤੀ ਅਤੇ ਗਿਆਨ ਵਿਚ ਇਹ ਅੰਤਰ ਹੈ ਕਿ ਗਿਆਨ ਕੇਵਲ ਬੋਧ ਕਰਵਾਉਂਦਾ ਹੈ, ਜਦੋਂ ਭਗਤੀ ਰਾਹੀਂ ਪਰਮਾਤਮਾ ਦਾ ਰੂਪ ਜਾਣਿਆ ਜਾਂਦਾ ਹੈ। ਇਸ ਲਈ ਗਿਆਨ ਨੂੰ ਭਗਤੀ ਦੇ ਪ੍ਰਸੰਗ ਵਿਚ ਅਧਿਕ ਮਹੱਤਵ ਦਿੱਤਾ ਗਿਆ ਹੈ। ਭਗਤੀ ਲਈ ਗਿਆਨ ਦੀ ਪ੍ਰਾਪਤੀ ਹੋਣੀ ਜ਼ਰੂਰੀ ਹੈ, ਕਿਉਂਕਿ ਗਿਆਨ ਭਗਤੀ ਅਤੇ ਮੁਕਤੀ ਵਿਚਕਾਰਲਾ ਦਰਵਾਜ਼ਾ ਹੈ। ਗਿਆਨ ਨਾਲ ਹੀ ਬੁੱਧ ਪ੍ਰਕਾਸ਼ ਹੁੰਦੀ ਹੈ। ਗੁਰਮਤਿ ਵਿਚ ਗੁਰੂ ਗਿਆਨ ਦਾ ਸੂਰਜ ਹੈ, ਜੋ ਸੇਵਾ ਸਿਮਰਨ ਕਰਨ ਦੀ ਜੁਗਤਿ ਪ੍ਰੇਮਾ ਭਗਤੀ ਰਾਹੀਂ ਦਰਸਾਉਂਦਾ ਹੈ। ਕਵੀ ਸੰਤਰੇਣ ਜੀ ਲਿਖਦੇ ਹਨ:

ਗਯਾਨ ਪੰਥ ਅਬ ਕਹਿਤ ਹੌਂ ਸੁਨੋ ਸੰਤ ਮਨ ਲਾਇ।
ਜਿਸ ਕੋ ਪੜਿ ਸੁਨਿ ਸਮਝ ਕਹਿ ਜੀਵ ਪਰਮ ਪਦ ਪਾਇ।
... ...
ਗਯਾਨਾਮ੍ਰਿਤ ਗਹ ਪਾਨ ਜੁ ਕਰੇ
ਸੰਤਰੇਣ ਸੋ ਪ੍ਰਾਣੀ ਤਰੇ।

ਕਵੀ ਸੰਤਰੇਣ ਜੀ ਇਹ ਵੀ ਪ੍ਰਗਟਾਵਾ ਕਰਦੇ ਹਨ ਕਿ ਉਹਨਾਂ ਦਾ ਮਨੋਰਥ ਵੇਦਾਂ ਵਿਚ ਪਰਮਾਤਮਾ ਬਾਰੇ ਸਮੋਏ ਹੋਏ ਗਿਆਨ ਨੂੰ ਪ੍ਰਗਟ ਕਰਨਾ ਹੈ:

ਚੌਪਈ॥ ਇਹ ਮੋਰੋ ਨਿਜ ਗੁਹਜ ਗਿਆਨ।
ਤੋ ਪ੍ਰਤਿ ਕਹਯੋ ਸੁ ਮੋਹਿ ਮਹਾਨ।
ਇਸ ਕੋ ਪੜੈ ਸੁਨਿ ਜਨ ਜੋਇ।
ਤਿਸ ਕੋ ਗਯਾਨ ਪਰਾਪਤ ਹੋਇ॥੪੦॥

ਇਸ ਮੇ ਪਰੇ ਨਾਹਿ ਕੁਛੁ ਅੰਤਰਿ।
ਪਰਮ ਗਿਆਨ ਇਕ ਬੇਰ ਨਿਰੰਤਰਿ।
ਸਭ ਬੇਦਨ ਕਾ ਸਾਰ ਨਿਕਾਰੇ।
ਤੋ ਪ੍ਰਤਿ ਕਹਿਯੋ ਮੋਹਿ ਉਚਾਰੇ।
ਇਹ ਅਤਿ ਗੁਹਜ ਗਯਾਨ ਹਮਾਰੇ।
ਇਸ ਕੋ ਬੈਠ ਇਕਾਂਤਿ ਬਿਚਾਰੇ।

ਦੋ ਪ੍ਰਕਾਰ ਦੇ ਗਿਆਨ ਦੀ ਕਵੀ ਸੰਤਰੇਣ ਜੀ ਗੱਲ ਕਰਦੇ ਹਨ। ਇਕ ਅਨੁਭਵ ਗਿਆਨ ਹੈ ਤੇ ਦੂਜਾ ਵੇਦ ਅਨੁਸਾਰ ਹੈ। ਵੇਦਾਂ ਦੇ ਗਿਆਨ ਦੀ ਪ੍ਰਾਪਤੀ ਵੇਦ ਨੂੰ ਪੜ੍ਹ ਕੇ ਹੀ ਪ੍ਰਾਪਤ ਹੋ ਸਕਦੀ ਹੈ। ਅਨੁਭਵ ਗਿਆਨ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ:

ਗਯਾਨ ਸੋ ਆਹਿ ਕੋਇ ਪਰਕਾਰ।
ਇਕ ਅਨੁਭਵ ਇਕ ਬੇਦ ਨੁਸਾਰ।
ਬੇਦ ਨੁਸਾਰ ਗਯਾਨ ਹੈ ਜੋਇ।
ਬੇਦ ਪੜੇ ਸੋ ਪਰਾਪਤਿ ਹੋਇ।
ਅਨੁਭਵ ਗਯਾਨ ਆਹਿ ਜੋ ਆਪਤਿ।
ਗੁਰੂ ਕ੍ਰਿਪਾ ਤੇ ਹੋਇ ਸੁ ਪ੍ਰਾਪਤਿ॥੪੭॥

ਕਵੀ ਸੰਤਰੇਣ ਜੀ ਅਨੁਸਾਰ ਗੁਰੂ ਗਿਆਨ ਦਾ ਸੂਰਜ ਹੁੰਦਾ ਹੈ, ਜਿਸ ਨੂੰ ਅਨੁਭਵ ਗਿਆਨ ਹੁੰਦਾ ਹੈ, ਜੋ ਕਿ ਵੇਦਾਂ ਤੋਂ ਵੀ ਉਪਰ ਹੁੰਦਾ ਹੈ। ਅਨੁਭਵ ਗਿਆਨ ਦਾ ਮਹੱਤਵ ਅਧਿਕ ਹੁੰਦਾ ਹੈ:

ਉਤਮ ਅਨਭਵ ਗਯਾਨੰ ਮਧਯਮ ਬੇਦ ਕਾ।
... ...
ਅਨੁਭਵ ਜਿਸ ਕੋ ਗਯਾਨ ਭਾਹੋ ਸੋ ਜਾਨਿਯੋ।
ਗਯੋ ਬੇਦ ਤੇ ਪਾਰ ਸੁ ਜਾਨ ਮਹਾਨਿਯੇ।
ਬੇਦਾ ਗਯਾਤੇ ਆਗੇ ਗਯਾਨੀ ਗਯੋ ਸੋ।
ਹੋ ਸੰਤਰੇਣ ਪਰਮੇਸ਼ਵਰ ਗਯਾਨ ਭਯੋ ਸੋ॥੫੮॥

ਗਿਆਨ ਐਸਾ ਰਤਨ ਪਦਾਰਥ ਹੈ, ਜਿਸ ਨੂੰ ਇਕ ਵਾਰ ਪ੍ਰਾਪਤ ਹੋ ਜਾਵੇ, ਫੇਰ ਇਹ ਖ਼ਤਮ ਨਹੀਂ ਹੁੰਦਾ। ਕੋਈ ਇਸ ਨੂੰ ਚੁਰਾ ਨਹੀਂ ਸਕਦਾ, ਜਲ ਡੋਬ ਨਹੀਂ ਸਕਦਾ, ਅੱਗ ਜਲਾਅ ਨਹੀਂ ਸਕਦੀ:

ਗਯਾਨ ਕਲਾ ਕਾ ਨਾਸ ਨ ਹੋਇ।
ਸੰਤ ਬੇਦ ਇਮ ਭਾਖੇ ਦੋਇ।

ਗਿਆਨ ਪ੍ਰਾਪਤੀ ਲਈ ਗੁਰੂ ਦੀ ਕਿਰਪਾ ਵੀ ਜ਼ਰੂਰੀ ਹੈ। ਗੁਰੂ ਦੀ ਕਿਰਪਾ ਪਰਮਾਤਮਾ ਦੀ ਕਿਰਪਾ ਨਾਲੋਂ ਵੀ ਮਹੱਤਵਪੂਰਣ ਹੈ। ਪਹਿਲਾਂ ਗੁਰੂ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ, ਫੇਰ ਹੀ ਪਰਮਾਤਮਾ ਦੀ ਕਿਰਪਾ ਦਾ ਪਾਤਰ ਬਣਿਆ ਜਾ ਸਕਦਾ ਹੈ:

ਹੋਵੈ ਪ੍ਰਸੰਨ ਜਿਸ ਪਰ ਭਗਵਾਨ।
ਤਿਸ ਕੋ ਦੇਵੈ ਆਪਣਾ ਗਯਾਨ।
ਗਯਾਨ ਭਯੋ ਭਗਤਿ ਕਾ ਜਾਹਿ।
ਭਯੋ ਸੁ ਮੁਕਤਿ ਜਗਤਿ ਕੋ ਮਾਹਿ॥੪੬॥
ਅਨੁਭਵ ਗਯਾਨ ਆਹਿ ਜੋ ਆਪਤਿ।
ਗੁਰੂ ਕ੍ਰਿਪਾ ਤੇ ਹੋਇ ਸੁ ਪ੍ਰਾਪਤਿ॥੪੭॥

ਰਹੁ-ਰੀਤਾਂ

ਉਦਾਸੀ ਸੰਤ ਕਵੀ ਸੰਤਰੇਣ ਜੀ ਨੇ ਰਹੁ-ਰੀਤਾਂ ਦਾ ਨਿਰੂਪਣ ਵੀ ਕੀਤਾ ਹੈ। ਉਹਨਾਂ ਨੇ ਫੋਕਟ ਰਹੁ-ਰੀਤਾਂ ਨੂੰ ਤਿਆਗਣ ਦੀ ਗੱਲ ਕੀਤੀ ਹੈ। ਉਦਾਸੀ ਸੰਤਾਂ ਨੇ ਕੰਨਿਆ ਭਰੂਣ ਹੱਤਿਆ ਔਰਤ ਦੀ ਸਮਾਜ ਵਿਚ ਨਿਘਰੀ ਹੋਈ ਹਾਲਾਤ ਵੀ ਬਿਆਨ ਕੀਤੀ ਹੈ:

ਬਾਲ ਹੱਤਿਆ ਕੰਨਯਾ ਘਾਤ।
ਅਬਲਾ ਰਮੇ ਹੀਨ ਪੁਨਿ ਜਾਤ॥੫੫॥
... ...
ਇਸਤਰੀ ਹੱਤਿਯਾ ਕਰੇ ਪ੍ਰਾਨੀ।
ਜਾਇ ਅਧੋਗਤਿ ਸੋਇ ਬਨਾਨੀ॥੬੩॥

ਜੋ ਕੰਨਿਆ ਦਾ ਪੈਸਾ ਲੈਂਦੇ ਹਨ ਤੇ ਜੋ ਪੈਸਾ ਦੇ ਕੇ ਕੰਨਿਆ ਲੈਂਦੇ ਹਨ, ਉਹ ਦੋਵੇਂ ਹੀ ਨਰਗ ਦੇ ਭਾਗੀ ਹਨ ਤੇ ਆਵਾਗਮਨ ਦੇ ਚੱਕਰ ਵਿਚ ਪਏ ਰਹਿੰਦੇ ਹਨ:

ਕੰਨਿਯਾ ਕੋ ਜੋ ਪੈਸਾ ਲਵੇ।
ਪੈਸਾ ਲੈ ਕਰਿ ਕੰਨਯਾ ਦਏ॥੯੩॥
ਭੋਗੇ ਨਰਕ ਸੁ ਪੂਰਖ ਬਿਨਾਨੀ।
ਅਨਿਕ ਜਨਮ ਤੇ ਹੋਵੈ ਹਾਨੀ।

ਉਦਾਸੀ ਸਾਧੂ ਆਪ ਭਾਵੇਂ ਬਿਰਕਤ ਰਹਿੰਦੇ ਹਨ, ਪਰ ਗ੍ਰਿਹਸਤ ਧਰਮ ਨੂੰ ਵੀ ਮਹਾਨਤਾ ਦਿੰਦੇ ਹਨ:

ਨਾਰੀ ਕੋ ਦੁਖ ਦਏ ਜੁ ਪ੍ਰਾਨੀ।
ਇਸਤਰੀ ਬਾਝ ਸੁ ਰਹੇ ਬਿਨਾਨੀ।
ਰੰਡਾ ਰਹੇ ਸੁ ਪੁਰਖ ਉਦਾਰੇ।
ਤੀਨ ਜਨਮ ਤਹਿ ਮਿਲੇ ਨ ਨਾਰੇ॥੯੭॥

ਇਸਤਰੀ ਲਈ ਵੀ ਕਵੀ ਜੀ ਨੇ ਸਖ਼ਤ ਬਚਨ ਪ੍ਰਗਟ ਕੀਤੇ, ਜੋ ਇਸਤਰੀ ਪਤੀਵਰਤਾ ਨਹੀਂ ਰਹਿੰਦੀ, ਉਸ ਦੀ ਹਾਲਤ ਨੂੰ ਬਿਆਨ ਕੀਤਾ ਹੈ। ਉਹ ਚਾਹੁੰਦੇ ਹਨ ਕਿ ਇਸਤਰੀ ਵੀ ਆਪਣਾ ਪਤੀ ਧਰਮ ਨਿਭਾਵੇ:

ਅਪਨਾ ਪਤਿ ਤਜਿ ਜੋਇ ਉਚਾਰੇ।
ਪਰ ਪੁਰਖਨਿ ਕੋ ਭੋਗੇ ਨਾਰੇ।
ਬਿਭਚਾਰਨ ਸੋ ਅਬਲਾ ਹੋਇ।
ਘਰਿ ਘਰਿ ਦੇਹਿ ਦਿਖਾਵੇ ਸੋਇ॥੨੫॥
... ...
ਪਤਿ ਕੀ ਸੇਵਾ ਕਰੇ ਨ ਨਾਰੀ।
ਜਾਇ ਅਧੋਗਤਿ ਸੋਇ ਬਿਚਾਰੀ॥੫੧॥
... ...
ਅਪਨੇ ਸੁਤ ਕਾ ਹਿਤ ਜੋ ਕਰੇ।
ਪਰ ਸੁਤ ਕੋ ਦੂਰੋਂ ਪਰ ਹਰੇ।
ਜਨ ਮਤਿ ਬਾਂਝ ਹੋਇ ਸੁ ਨਾਰੇ।
ਭੋਗੇ ਪਾਪ ਸੁ ਜਾਨ ਉਚਾਰੇ॥੫੨॥

ਕਵੀ ਜੀ ਵਿਧਵਾ ਔਰਤ ਨੂੰ ਦੁਬਾਰਾ ਵਿਆਹ ਕਰਵਾਉਣ ਦੀ ਥਾਂ 'ਤੇ ਪਰਮਾਤਮਾ ਨੂੰ ਪਤੀ ਮੰਨ ਕੇ ਉਸ ਦੀ ਭਗਤੀ ਕਰਨ ਦਾ ਉਪਦੇਸ਼ ਕਰਦੇ ਹਨ:

ਪਤੀ ਬਾਝ ਜੋ ਹੈ ਅਬਲ ਜਗ ਮੈ ਤਿਸ ਕੀ ਰਹਿਣੀ ਆਸ ਤੋਹਿ ਬਖਾਨੋ।
ਅਪਨਾ ਤਨ ਸੋ ਹਰਿ ਕੋ ਅਰਪੇ ਗੁਰ ਤੇ ਸੁਣਿ ਨਾਮ ਜਪੇ ਭਗਵਾਨੇ।
... ...
ਇਮ ਸੰਤਰੇਣ ਕਹਯੋ ਗੁਰ ਨੇ ਸੁ ਹਰੀ ਬਹਿਤਾ ਅਬਲਾ ਤੁਮ ਮਾਨੋ॥੪੫॥

ਉਦਾਸੀ ਸੰਤ ਮਾਸ ਮਦਿਰਾ ਤੇ ਪਰ-ਇਸਤਰੀ ਦੇ ਸੰਗ ਨੂੰ ਸਮਾਜਿਕ ਬੁਰਾਈ ਮੰਨਦੇ ਹਨ ਤੇ ਅਜਿਹੇ ਪ੍ਰਾਣੀਆਂ ਨੂੰ ਧਰਮ ਰਾਜ ਸਜ਼ਾ ਦਿੰਦਾ ਹੈ:

ਮਦਰਾ ਮਾਸ ਨਾਰ ਜੋ ਖਾਇ।
ਘਾਰ ਜਨਮ ਮੋ ਅਬਲਾ ਪਾਇ।
ਤੀਨ ਜਨਮ ਸੋ ਹੋਇ ਦਲਾਲੀ।
ਨਾਹਿ ਬਚਾਇ ਸਕੇ ਕਪਾਲ॥੫੯॥
... ...
ਧਰਮ ਰਾਇ ਤਿਸ ਦਏ ਸਜਾਇ।
ਲੈ ਕਹਿ ਮੈਲ ਮਾਸ ਜੁ ਖਾਇ।
... ...
ਜੀਵਨ ਮਾਰੇ ਜੋਇ ਪਰਾਨੀ।
ਬਦਲਾ ਲਏ ਸੁ ਫੇਰਿ ਬਿਨਾਨੀ॥੬੨॥

ਕਿਸੇ ਵੀ ਪ੍ਰਕਾਰ ਦੀ ਚੋਰੀ ਨੂੰ ਵੀ ਅਪ੍ਰਵਾਨ ਕੀਤਾ ਗਿਆ ਹੈ ਤੇ ਅਜਿਹੇ ਲੋਕਾਂ ਦੇ ਕੁਸ਼ਟ ਰੋਗ ਹੁੰਦਾ ਹੈ:

ਅਨ ਚੁਰਾਵੇ ਪਰਕਾ ਜੋਇ।
ਕੀੜਾ ਹੋਇ ਮੀਨ ਕਾ ਸੋਇ।

ਰੂੰਅ ਕਪਾਸ ਚੁਰਾਵੇ ਚੀਰ।
ਸੇਵ ਸੇਵਤ ਕੁਸਇ ਤਹਿ ਹੋਇ ਸਰੀਰ॥੯੨॥
ਰੇਸ਼ਮ ਪੁਰਖ ਚੁਰਾਵੇ ਜੋਇ।
ਰੇਸ਼ਮ ਕਾ ਕੀੜਾ ਹੋਇ।
ਪਰ ਫਲੁ ਕੀ ਚੋਰੀ ਜੋ ਕਰੇ।
ਜਨਮਤਿ ਤਿਨ ਕੇ ਬੇਟੇ ਮਰੇ।

ਧਾਰਮਿਕ ਪੁਸਤਕਾਂ ਚੁਰਾਉਣਾ ਵੀ ਬਹੁਤ ਵੱਡਾ ਪਾਪ ਹੈ:

ਸ਼ਾਸਤਰਿ ਬੇਦ ਪੁਰਾਣ ਚੁਰਾਵੇ।
ਦੂਜਾ ਜਨਮ ਪਿੰਗ ਕਾ ਪਾਵੇ॥੪੦॥

ਉਦਾਸੀ ਸਾਧੂ ਲੋਕਾਂ ਦੀ ਸਮਾਨਤਾ ਵਿਚ ਵਿਸ਼ਵਾਸ ਕਰਦੇ ਹਨ। ਊਚ-ਨੀਚ ਤੇ ਭੇਦ-ਭਾਵ ਤੋਂ ਮੁਕਤ ਹੁੰਦੇ ਹਨ, ਪਰ ਉਹ ਕਿਸੇ ਦਲਿਤ ਜਾਂ ਅਖੌਤੀ ਨੀਵੀਂ ਜਾਤ (ਹਰੀਜਨ) ਦੀ ਨਿੰਦਾ ਵੀ ਪ੍ਰਵਾਨ ਨਹੀਂ ਕਰਦੇ। ਜੋ ਇਸ ਤਰ੍ਹਾਂ ਕਰਦੇ ਹਨ, ਉਹ ਪਸ਼ੂ ਦੀ ਜੋਨੀ ਵਿਚ ਪੈਂਦੇ ਹਨ:

ਹਰੀਜਨ ਕੀ ਨਿੰਦਾ ਕਰੇ।
ਰੀਛ ਜਨਮ ਸੋ ਪ੍ਰਾਨੀ ਪਰੇ॥੪੩॥
... ...
ਪੰਗਤ ਭੇਦ ਜੁ ਪ੍ਰਾਨੀ ਕਰੇ।
ਕੂਕਰ ਜਨਮ ਸੋ ਪ੍ਰਾਨੀ ਪਰੇ।

ਸੋ ਉਦਾਸੀ ਸਾਧੂ ਧਰਮ ਵਿਚ ਕਿਸੇ ਪ੍ਰਕਾਰ ਦੇ ਪੱਖਪਾਤ ਨੂੰ ਪ੍ਰਵਾਨ ਨਹੀਂ ਕਰਦੇ। ਉਹਨਾਂ ਲਈ ਸਭ ਇਕ-ਸਮਾਨ ਹਨ। ਸਭ ਪਰਮਾਤਮਾ ਦੀ ਸੰਤਾਨ ਹਨ। ਇਸ ਲਈ ਕਿਸੇ ਵੀ ਪ੍ਰਾਣੀ ਨੂੰ ਨਿਵਾਂ ਕਰਕੇ ਨੀਵੇਂਪਣ ਦਾ ਅਹਿਸਾਸ ਕਰਾਉਣਾ ਇਕ ਪਾਪ ਹੈ। ਧਰਮ ਇਸ ਦੀ ਆਗਿਆ ਨਹੀਂ ਦਿੰਦਾ। ਸੋ ਸਮਾਜਿਕ ਸਰੋਕਾਰਾਂ ਪ੍ਰਥਾਇ ਉਦਾਸੀ ਸਾਧੂਆਂ ਦੀ ਪਹੁੰਚ ਸ਼ਲਾਘਾਯੋਗ ਹੈ। ਇਹੀ ਧਰਮ ਦੀ ਨੈਤਿਕਤਾ ਹੈ।

ਸਾਰੰਸ਼

ਮਹਾਤਮਾ ਸੰਤਰੇਣ ਜੀ ਨੇ ਬ੍ਰਾਹਮਣ ਪੂਜਾ, ਧਰਮ ਗ੍ਰੰਥਾਂ ਦੇ ਅਧਿਐਨ, ਭਾਗਵਤ ਕਥਾ, ਉਪਵਾਸ, ਵ੍ਰਤ ਪੂਜਾ, ਸਰਾਧ ਤੇ ਸ਼ੁਕਨ ਵਿਚਾਰ ਵਿਚ ਆਸਥਾ ਪ੍ਰਗਟ ਕੀਤੀ। ਜੀਵ ਹਿੰਸਾ ਦਾ ਵਿਰੋਧ ਕੀਤਾ। ਵਰਣ ਵਿਵਸਥਾ ਵਿਚ ਵੀ ਉਨ੍ਹਾਂ ਦਾ ਕੁਝ ਵਿਸ਼ਵਾਸ ਸੀ, ਪਰੰਤੂ ਭਗਤੀ ਦੇ ਖੇਤਰ ਵਿਚ ਉਹ ਊਚ-ਨੀਚ ਵਿਚ ਅੰਤਰ ਪ੍ਰਵਾਨ ਨਹੀਂ ਕਰਦੇ। ਉਹ ਰਾਮ ਕ੍ਰਿਸ਼ਨ ਗਣੇਸ਼, ਦੇਵੀ-ਦੇਵਤਿਆਂ ਦੀ ਵੇਦਨਾ ਵੀ ਕਰਦੇ ਹਨ। ਉਹ ਕਹਿੰਦੇ ਹਨ ਕਿ ਨਾਨਕ ਜੀ ਜਨੇਊ ਪਾਉਂਦੇ ਹਨ, ਜਨਮਤਸਵ 'ਤੇ ਵੀ ਬ੍ਰਾਹਮਣ ਮੌਜੂਦ ਹਨ ਤੇ ਵਿਆਹ ਮੰਡਪ ਵਿਚ ਦੀ ਬ੍ਰਾਹਮਣ ਵੇਦ ਮੰਤਰਾਂ

ਦਾ ਪਾਠ ਕਰਦੇ ਹਨ। ਜਨਵਾਸੇ ਵਿਚ ਪੁਰਾਣਾਂ ਦੀ ਕਥਾ ਹੁੰਦੀ ਹੈ। ਏਮਨਾਬਾਦ ਵਿਚ ਵੀ ਨਾਨਕ ਪੁਰਾਣਕ ਕਥਾ ਹੁੰਦੀ ਹੈ। ਨਾਨਕ ਮਹਾਂ ਵਿਸ਼ਨੂੰ ਦੇ ਦੂਜੇ ਹੋਰ ਪਾਤਰ ਨਾਰਦ, ਬ੍ਰਹਮਾ ਆਦਿ ਦੇਵਤਿਆਂ ਦੇ ਅਵਤਾਰ ਹਨ। ਦਰਅਸਲ *ਗੁਰੂ ਨਾਨਕ ਵਿਜੈ* ਵਿਚ ਵੈਸ਼ਨਵ ਮਤ ਵੱਲ ਅਧਿਕ ਝੁਕਾਅ ਜਾਪਦਾ ਹੈ। ਕਈ ਥਾਵਾਂ 'ਤੇ ਮੂਰਤੀ ਪੂਜਾ ਤੇ ਉਪਵਾਸਾਂ ਦਾ ਸਮਰਥਨ ਕੀਤਾ ਹੋਇਆ ਮਿਲਦਾ ਹੈ। ਇਥੇ ਖ਼ੁਦ ਭਗਵਾਨ ਜੀ ਵੀ ਕਹਿੰਦੇ ਹਨ ਕਿ ਮੈਂ ਕਾਲੂ ਦੇ ਘਰ ਜਨਮ ਲਵਾਂਗਾ, ਕਾਲੂ ਦਾ ਵੇਸ ਉਹੀ ਰਘੂਵੰਸ ਹੈ, ਜਿਸ ਵਿਚ ਮੈਂ ਰਾਮਾਵਤਾਰ ਲਿਆ ਸੀ। ਅਰਥਾਤ ਸੰਤ ਜੀ ਇਥੇ ਨਾਨਕਾਵਤਾਰ ਤੇ ਰਾਮਾਵਤਾਰ ਦੀ ਏਕਤਾ ਦੀ ਘੋਸ਼ਣਾ ਕਰਦਾ ਹੈ। ਬ੍ਰਾਹਮਣਵਾਦ ਦਾ ਇਸ ਰਚਨਾ ਵਿਚ ਵੱਧ ਪ੍ਰਭਾਵ ਲੱਗਦਾ ਹੈ। ਬ੍ਰਾਹਮਣ ਪੂਜਾ ਤੇ ਬ੍ਰਾਹਮਣ ਰੱਖਿਆ ਦਾ ਵਿਧਾਨ ਵਿਸ਼ੇਸ਼ ਤੌਰ 'ਤੇ ਕੀਤਾ ਗਿਆ ਹੈ। ਵੈਸ਼ਨਵਾਂ ਨਾਲ ਮੇਲ-ਮਿਲਾਪ ਦਾ ਇਹ ਇਕ ਸਾਹਸੀ ਯਤਨ ਵੀ ਕਿਹਾ ਜਾ ਸਕਦਾ ਹੈ।

ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਨੂੰ ਪੰਜਵਾਂ ਵੇਦ ਕਿਹਾ ਗਿਆ ਹੈ। ਗੁਰੂ ਨਾਨਕ ਜੀ ਨੇ ਉਦਾਸੀ ਭੇਖ ਧਾਰ ਕੇ ਇਸ ਪੰਥ ਨੂੰ ਦੂਜੇ ਪੰਥਾਂ ਦਾ ਸਿਰਤਾਜ ਬਣਾਇਆ। ਨਾਨਕ ਇਥੇ ਇਹ ਕਹਿੰਦੇ ਹਨ ਕਿ ਉਹਨਾਂ ਦਾ ਪੁੱਤਰ ਸ੍ਰੀ ਚੰਦ ਪੰਥ ਨੂੰ ਉਜਾਗਰ ਕਰੇਗਾ ਤੇ ਉਹ ਖ਼ੁਦ ਗੁਰਦਿੱਤਾ (ਸ੍ਰੀ ਚੰਦ ਜੀ ਦੇ ਚੇਲੇ) ਵਿਚ ਅਵਤਰਿਤ ਹੋਣਗੇ। ਗੁਰੂ ਨਾਨਕ ਤੋਂ ਬਿਨਾਂ ਦੂਜੇ 9 ਸਿੱਖ ਗੁਰੂਆਂ ਦੀ ਇਸ ਵਿਚ ਬੰਦਨਾ ਕੀਤੀ ਗਈ ਹੈ। ਸੰਤਰੇਣ ਜੀ ਨੇ ਸਿੱਖ ਪੰਥ ਨਾਲ ਤੇ ਉਦਾਸੀ ਪੰਥ ਦਾ ਸੰਬੰਧ ਸਥਾਪਤ ਕੀਤਾ ਹੈ। ਸੰਤਰੇਣ ਜੀ ਨੇ ਨਾਥ ਮੱਤ ਦਾ ਵੀ ਬਹੁਤ ਪ੍ਰਭਾਵ ਗ੍ਰਹਿਣ ਕੀਤਾ ਹੈ। ਮਾਤਾ ਸੁਲੱਖਣੀ ਨੂੰ ਦਿੱਤੇ ਗਏ ਜਿਸ ਸ੍ਰੀ ਫਲ ਤੋਂ ਇਸ ਸੰਪ੍ਰਦਾਇ ਦੇ ਪ੍ਰਮੁੱਖ ਆਚਾਰਯ ਬਾਬਾ ਸ੍ਰੀ ਚੰਦ ਦਾ ਜਨਮ ਹੁੰਦਾ ਹੈ, ਉਸ ਵਿਚ ਗੋਰਖ ਨਾਥ ਦਾ ਅੰਸ਼ ਪ੍ਰਵਿਸ਼ਠ ਹੁੰਦੇ ਦਿਖਾਇਆ ਗਿਆ ਹੈ ਅਰਥਾਤ ਉਸ ਨੂੰ ਗੋਰਖ ਦਾ ਮਹਿਸ਼ਾਵਤਾਰ ਦੱਸ ਕੇ ਸੰਤਰੇਣ ਜੀ ਨੇ ਉਦਾਸੀ ਪੰਥ ਤੇ ਨਾਥ ਪੰਥ ਦਾ ਸੁਮੇਲ ਕੀਤਾ ਹੈ। ਨਾਨਕ ਨੂੰ ਨਾਥ ਸਾਧਨਾ ਵਾਂਙ ਨੌਂ ਦੁਆਰਾਂ ਨੂੰ ਪਾਰ ਕਰ ਕੇ ਦਸਵੇਂ ਦੁਆਰ ਵਿਚ ਪ੍ਰਵੇਸ਼ ਕਰ ਕੇ ਭਗਵਾਨ ਦੇ ਸੁੰਨ ਰੂਪ ਵਿਚ ਦਰਸ਼ਨ ਕਰਦੇ ਦਿਖਾਇਆ ਹੈ। ਦਰਅਸਲ ਮੱਧਯੁਗੀਨ ਧਰਮ ਸਾਧਨਾਂ ਉੱਤੇ ਨਾਥ ਮੱਤ ਦਾ ਬਹੁਤ ਪ੍ਰਭਾਵ ਹੈ। ਸੂਫ਼ੀ ਪ੍ਰੇਮਾ ਖ਼ਿਆਨਾ ਵਿਚ ਸਾਰੇ ਸਾਧਕ ਤਥਾ ਕਥਾ ਨਾਇਕ ਆਪਣੇ ਪਿਆਰੇ ਦੀ ਪ੍ਰਾਪਤੀ ਲਈ 'ਯੋਗੀ' ਬਣ ਕੇ ਨਿਕਲਦੇ ਹਨ।

ਸੰਤਰੇਣ ਜੀ ਨੇ ਪ੍ਰਮੁੱਖ ਅਧਿਕਾਰੀ ਹੁੰਦੇ ਵੀ ਵੈਸ਼ਨਵਾਂ, ਨਾਥਾਂ ਤੇ ਸਿੱਖਾਂ ਦੇ ਮੇਲ ਦਾ ਸੁਯਤਨ ਕੀਤਾ ਹੈ। ਸੰਤਰੇਣ ਜੀ ਨੇ ਆਪਣੀ ਸਾਧਨਾ ਵਿਚ 'ਨਾਮ ਸਿਮਰਨ' ਨੂੰ ਬਹੁਤ ਮਹੱਤਵ ਦਿੱਤਾ ਹੈ। ਉਨ੍ਹਾਂ ਦਾ ਮਤ ਹੈ ਕਿ ਯੰਤਰ, ਮੰਤਰ, ਨਾਮ, ਪੁੰਨ, ਯੁੱਗ, ਤਪ ਆਦਿ ਦਾ ਮਹੱਤਵ ਹੈ, ਪਰ ਨਾਮ ਸਭ ਤੋਂ ਉੱਤੇ ਹੈ। ਨਾਮ ਸਿਮਰਨ ਤੋਂ ਸੰਸਾਰਕ ਬੰਧਨ ਟੁੱਟ ਜਾਂਦੇ ਹਨ। ਯਮ ਅਧੀਨ ਹੋ ਜਾਂਦਾ ਹੈ। ਇਸ ਲੋਕ ਵਿਚ ਸੁੱਖ ਤੇ ਪਰਲੋਕ ਵਿਚ ਮਸ਼ਹੂਰੀ ਮਿਲਦੀ ਹੈ ਤੇ ਸੰਪੂਰਨ ਪਾਪਾਂ ਦੀ ਮੈਲ ਧੁਲ ਜਾਂਦੀ ਹੈ। ਨਾਮ ਨਾਮੀ ਤੋਂ ਅੱਡ ਨਹੀਂ ਹੈ। ਦੋਵੇਂ ਇਕ ਰੂਪ ਹਨ, ਦੋਵੇਂ ਮਹਾਨ ਹਨ, ਦੋਵੇਂ

ਅਵਿਨਾਸ਼ੀ ਹਨ, ਨਾਮ ਕਰੋੜਾਂ ਸਤਿਸੰਗਾਂ ਦੇ ਤੁੱਲ ਹੈ। ਪ੍ਰੇਮ ਨਾਲ ਨਾਮ ਸਿਮਰਨ ਤੋਂ ਕਲੇਸ਼ ਮੁੱਕ ਜਾਂਦੇ ਹਨ ਤੇ ਮੂਰਖ ਵੀ ਗਿਆਨੀ ਹੋ ਜਾਂਦੇ ਹਨ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ***ਗੁਰੂ ਨਾਨਕ ਵਿਜੈ*** ਵਿਚ ਧਾਰਮਿਕ ਭਾਵਨਾ, ਅਧਿਆਤਮਕ ਵਿਚਾਰਾਂ, ਚਮਤਕਾਰ-ਪੂਰਣ, ਆਖਿਆਨਾਂ ਦੀ ਪਰਧਾਨਤਾ ਮਿਲਦੀ ਹੈ :

ਨਿਰਗੁਨਿ ਸਰਗੁਨਿ ਰੂਪ ਦਵੈ ਹਮਰੇ ਆਹਿ ਹੁੰਦਾਰ।
ਨਾਮ ਦੁਊ ਤੇ ਅਧਿਕ ਹੈ ਸੋ ਮਮ ਨਾਮ ਉਤਾਰ।
ਨਾਮ ਹਮਾਰਾ ਪਾਪ ਮੈਲੁ ਸਭਿ ਧੋਇ ਰੇ।
ਨਾਮੀ ਨਾਮ ਭਿੰਨ ਨ ਹੋਇ ਇਕ ਰੂਪ ਹੀ ਜਾਨੈ ਦੋਇ।
ਨਾਮ ਬ੍ਰਹਮ ਦੁਇ ਜਾਨ ਅਨੂਪ।
ਰੂਪ ਰੇਖ ਤੇ ਰਹਿਤ ਅਨੂਪ।
ਸਤਾ ਮਾਤਰ ਤਾਹਿ ਸੁ ਜਾਨ।
ਨਾਮੀ ਨਾਮ ਸੁ ਦੋਇ ਮਹਾਨ।
ਨਾਮੀ ਨਾਮ ਦੋਇ ਅਵਿਨਾਸ਼ੀ।
ਜਾਹਿ ਰੂਪ ਸੁ ਹੋਵੈ ਨਾਮੀ।
ਨਾਮ ਸਪ੍ਰੇਮ ਹਮਾਰਾ ਸਿਮਰੇ ਜੋਇ ਰੇ।
ਤਿਨ ਕਲੇਸ਼ ਗਣ ਰਾਕਸ ਮਾਰੇ ਮੋਹ ਰੇ।
ਨਾਮ ਪ੍ਰਤਾਪ ਕਲੇਸ਼ ਸੁ ਸਹਜੇ ਭਾਗਿਆ।
ਹੈ ਤਿਨ ਕੋ ਕਰਤਾ ਜਤਨ ਨਾਹਿ ਕਛੁ ਲਾਗਿਆ।
ਨਾਮ ਕੋਇ ਸਤ ਸੰਗ ਸੁ ਮੂਦਿ ਧਾਰਿਆ,
ਜਿਨ ਕੋ ਗਿਆਨ ਨ ਗਿਆਨ ਸੁ ਕਛ ਨ ਜਾਨਿਏ।
ਹੋ ਨਾਮ ਸੁ ਮੂਦਿ ਸੁਧਾਰੇ ਕਰੇ ਗਿਆਨਿਏ।

ਅਧਿਆਇ ਅੱਠਵਾਂ

ਮਾਤ੍ਰਿਆਂ ਦਾ ਅਧਿਆਤਮਕ ਪਰਿਪੇਖ

ਮਾਤ੍ਰ ਉਦਾਸੀਨ ਸੰਤਾਂ ਦੀਆਂ ਰਚਨਾਵਾਂ ਹਨ। ਪੰਡਿਤ ਤਾਰਾ ਸਿੰਘ ਨਰੋਤਮ ਬਾਬਾ ਸ੍ਰੀ ਚੰਦ ਜੀ ਦੇ ਮਾਤ੍ਰਿਆਂ ਨੂੰ ਵੀ ਉਦਾਸੀਨ ਮਹਾਤਮਾਵਾਂ ਵੱਲੋਂ ਉਚਾਰੇ ਮੰਨਦੇ ਹਨ। ਉਦਾਸੀ ਸਾਧੂਆਂ ਨੇ ਆਪਣੀਆਂ ਰਚਨਾਵਾਂ ਨੂੰ ਮਾਤ੍ਰੇ ਆਖਿਆ ਹੈ। ਮਾਤਰਾ ਸ਼ਾਸਤਰ ਬਾਬਾ ਸ੍ਰੀ ਚੰਦ ਜੀ ਦੀ ਸਮਾਧੀ ਦੇ ਵਿਚ ਸਥਿਤ ਵਿਅਕਤ ਹੋਈ ਬਾਣੀ ਹੈ। ਮਾਤ੍ਰੇ ਪੂਰਨ ਅਧਿਆਤਮਕ ਰੂਹਾਨੀ ਰਚਨਾ ਹੈ। ਮਾਤ੍ਰੇ ਦਾ ਭਾਵ ਇਹ ਹੈ ਕਿ ਇਹਨਾਂ ਦਾ ਸੁਰ ਮੁਕਤੇ ਅੱਖਰ ਤੋਂ ਵੀ ਲਘੂ ਸੀ, ਕੇਵਲ ਇਕ ਮਾਤ੍ਰਾ ਜਿਹਾ ਬੜਾ ਛੋਟਾ, ਇਕ ਛਿਨ ਤੋਂ ਵੀ ਨਿੱਕਾ।

ਭਾਈ ਕਾਨ੍ਹ ਸਿੰਘ ਨਾਭਾ ਜੀ ਅਨੁਸਾਰ ਅੱਖਰ ਦੇ ਉਚਾਰਣ ਵਿਚ ਜੋ ਸਮਾਂ ਲੱਗਦਾ ਹੈ, ਉਸ ਨੂੰ 'ਮਾਤ੍ਰਾ' ਆਖਦੇ ਹਨ। ਪਿੰਗਲ ਗ੍ਰੰਥਾਂ ਵਿਚ ਕਲ, ਕਲਾ, ਮੱਤ, ਮੱਤਾ, ਆਦਿ ਮਾਤ੍ਰਾ ਦੇ ਨਾਮ ਹਨ। "ਗਿਣੈ ਵੀਹ ਮਾਤ੍ਰਾ ਕਲੀ ਏਕ ਠਾਣੈ।" (ਰੂਪਦੀਪ) ਸ੍ਵਰ ਅੱਖਰਾਂ ਦੇ ਵਯੰਜਨਾਂ ਨਾਲ ਲੱਗੇ ਚਿੰਨ੍ਹ ਲਗ ਿ ੀ ਾ ੇ ੈ ੋ ੌ ਂ:। ਇੰਦ੍ਰੀਆਂ ਦੀਆਂ ਵ੍ਰਿੱਤੀਆਂ ਜਿਨ੍ਹਾਂ ਦੁਆਰਾ ਵਿਸ਼ੇ ਜਾਣੇ ਜਾਂਦੇ ਹਨ: "ਏਕੈ ਰਸ ਮਾਤ੍ਰਾ ਕੇ ਰਤਾ।"

ਉਦਾਸੀਨ ਸਾਧੂਆਂ ਨੇ ਨਿਯਮ ਪ੍ਰਗਟ ਕਰਨ ਵਾਲੇ ਮੰਤਰ ਜੋ ਸ੍ਰੀ ਗੁਰੂ ਨਾਨਕ ਦੇਵ ਜੀ, ਬਾਬਾ ਸ੍ਰੀ ਚੰਦ ਜੀ, ਬਾਬਾ ਗੁਰਦਿੱਤਾ ਜੀ, ਸੰਤ ਅਲਮਸਤ ਜੀ ਅਤੇ ਫੂਲ ਸਾਹਿਬ ਆਦਿਕ ਦੇ ਨਾਮ ਤੋਂ ਰਚੇ ਗਏ ਹਨ। (*ਮਹਾਨ ਕੋਸ਼*, ਪੰਨਾ 963)

'ਮਾਤ੍ਰਾ' ਸ਼ਬਦ ਦਾ ਪ੍ਰਯੋਗ ਵੇਦ ਵਿਚ ਵੀ ਮਿਲਦਾ ਹੈ: 'यज्ञस्य मात्रा विमितीत उत्व' 'ਯਗਸਯ ਮਾਤ੍ਰਾ ਵਿਮਿਤੀਤ ਉਤਵ"। ਸਰੁਤੀ ਵਿਚ ਮਾਤ੍ਰਾ ਸ਼ਬਦ ਯਗਾਂ ਦੇ ਵਿਭਿੰਨ ਪ੍ਰਕਾਰਾਂ ਦੇ ਸੰਬੰਧ ਵਿਚ ਸਮਝਿਆ ਗਿਆ ਹੈ। ਯਜੁਰ ਵੇਦ ਦੀ ਸਰੁਤੀ ਵਿਚ ਇਸ ਤਰ੍ਹਾਂ ਲਿਖਿਆ ਮਿਲਦਾ ਹੈ:

ब्रह्म सूर्य सम्र ज्यांतिद्यौः समुद्रममंसर,
इंद्रः पृथिव्यै वर्षोयान् मोस्त मात्रा न विधतें ।।४८।।

(ਯਜੁਰ ਵੇਦ 1354, ਤੀਸਰਾ ਅਧਿਆਇ)

ਅਰਥਾਤ ਬ੍ਰਹਮ ਪ੍ਰਤੱਖ ਸੂਰਜ ਦੇ ਸਮਾਨ ਜੋਤੀ ਸਵਰੂਪ ਹੈ। ਅਰਥਾਤ ਮਸਤਕ ਸਮੁੰਦਰ ਦੇ ਸਮਾਨ ਜਲ ਜਾਂ ਗਿਆਨ ਪੂਰਣ ਹੈ। ਇੰਦਰ ਅਰਥਾਤ ਆਤਮਾ ਪ੍ਰਿਥਵੀ ਤੋਂ ਹੀ ਬਿਰਦ ਜਾਂ ਵੱਡਾ ਹੈ। ਰੌਲ ਅਰਥਾਤ ਆਤਮ-ਸ਼ਕਤੀ ਦਾ ਪਰਿਣਾਮ ਨਹੀਂ ਹੋ

ਸਕਦਾ। ਆਤਮਾ ਰੂਪੀ ਸ਼ਕਤੀਆਂ ਨੂੰ ਗਿਣਿਆ ਨਹੀਂ ਜਾ ਸਕਦਾ। ਇਸ ਪ੍ਰਕਾਰ ਮਾਤ੍ਰਾ ਦਾ ਅਰਥ ਹੋਇਆ : ਧਿਆਨ ਦੀ ਅਨੰਤਤਾ। ਬ੍ਰਹਮ ਦਾ ਅਰਥ ਵੇਦ ਜਾਂ ਗਿਆਨ ਹੈ। ਪਰਮਾਤਮਾ ਸਤਯ ਗਿਆਨ ਸਵਰੂਪ ਤਥਾ ਅਨੰਤ ਹੈ। ਇਸ ਲਈ ਮਾਤ੍ਰਾ ਦਾ ਅਰਥ ਹੋਇਆ ਬ੍ਰਹਮ ਗਿਆਨ। ਬਾਬਾ ਸ੍ਰੀ ਚੰਦ ਜੀ ਨੇ ਮਾਤ੍ਰਾ ਦਾ ਅਰਥ ਮਹਿਮਾ ਵੀ ਹੈ। ਮਾਤ੍ਰਾ ਦਾ ਅਰਥ ਮਾਯਾ ਦੇ ਬੰਧਨ ਤੋਂ ਬਚਾਉਣ ਵਾਲਾ ਸ਼ਾਸਤਰ ਵੀ ਹੁੰਦਾ ਹੈ। ਮਾ—ਮਾਇਆ 'ਤਸਯਸਤ੍ਰਾਯਤੇ' ਸਾ ਮਾਤ੍ਰਾ। ਇਸ ਵਿਉਤਪਤੀ ਤੋਂ ਮਾਤ੍ਰਾ ਉਹ ਆਚਰਣ ਹੈ, ਜਿਸ ਨੂੰ ਜੀਵਨ ਵਿਚ ਉਤਾਰ ਲੈਣ ਨਾਲ ਮਾਯਾ ਦੇ ਪ੍ਰਕੋਪ ਤੋਂ ਬਚਿਆ ਜਾ ਸਕਦਾ ਹੈ। 'मीयते अनुमीयते अनया' ਦੇ ਆਧਾਰ 'ਤੇ ਇਹ ਪਰਮ ਤਤ੍ਵ ਦਾ ਵੀ ਬੋਧ ਕਰਵਾਉਂਦਾ ਹੈ। ਇਸ ਲਈ ਪਰਮਤਤ੍ਵ ਦਾ ਬੋਧ ਕਰਵਾਉਣ ਵਾਲੀ ਰਚਨਾ ਨੂੰ ਮਾਤ੍ਰਾ ਵੀ ਕਹਿੰਦੇ ਹਨ। ਗੁਰਬਾਣੀ ਅਨੁਸਾਰ "ਜੁਗਤਿ ਪਛਾਣੈ ਸੋ ਤਤ ਵਿਰੋਲੇ" ਅਨੁਸਾਰ ਜੁਗਤ ਦਾ ਸੰਬੰਧ ਵਿਹਾਰਕ ਜਾਚ ਨਾਲ ਹੈ। ਇਸ ਦਾ ਅਰਥ ਹੈ—ਉਹ ਢੰਗ, ਉਹ ਤਰੀਕਾ, ਉਹ ਪ੍ਰਬੰਧ ਜਿਸ ਦੁਆਰਾ ਐਸੇ ਆਤਮਿਕ ਅਨੁਭਵ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸਲਾਮੀ ਇਸਤਲਾਹ ਵਿਚ ਜੋਤਿ ਲਈ 'ਹਕੀਕਤ' ਤੇ ਜੁਗਤਿ ਲਈ 'ਤਰੀਕਤ' ਪਦ ਵਰਤੇ ਗਏ ਹਨ। ਉਦਾਸੀ ਸਾਧੂ ਮਾਤ੍ਰਾ ਦਾ ਅਰਥ ਸਾਧਕ ਦੀ ਮਾਨਸਿਕ ਭੂਮੀ ਦਾ ਤ੍ਰਾਣ ਕਰਨ ਵਾਲਾ ਸ਼ਾਸਤਰ ਵੀ ਕਰਦੇ ਹਨ। ਮਾ ਦਾ ਅਰਥ ਹੈ : ਅੰਦਰ ਘਟਣ ਵਾਲਾ। ਇਸ ਦਾ ਸਾਬਦਿਕ ਅਰਥ ਹੈ : ਆਭਿਅੰਤਰ ਰਹੱਸਯ। ਕਹਿਣ ਤੋਂ ਭਾਵ ਅੰਤਰ ਮੁਖੀ ਹੋਣਾ। ਬਾਹਰਮੁਖੀ ਬਾਹਰੀ ਆਡੰਬਰ ਤੋਂ ਰਹਿਤ ਜੀਵਨ ਮੁਕਤਿ ਰਹਿਣਾ। ਜੋ ਅੰਤਰ ਦੇ ਰਹਸਯ ਨੂੰ ਨਹੀਂ ਜਾਣਦਾ, ਉਹ ਭਰਮ ਵਿਚ ਹੈ। ਇਸ ਲਈ ਸ੍ਰੀ ਚੰਦ ਜੀ ਅਨੁਸਾਰ "ਜੁਗਤਿ ਪਛਾਣੈ ਸੋ ਤਤ ਵਿਰੋਲੇ" ਅਨੁਸਾਰ ਅੰਤਰਮੁਖੀ ਹੋ ਕੇ ਤੱਤ ਨੂੰ ਪਛਾਣਦਾ ਹੈ। ਉਸ ਨੂੰ ਫੇਰ ਅਨੁਭਵੀ ਪ੍ਰਕਾਸ਼ ਹੁੰਦਾ ਹੈ। ਇਸ ਦਾ ਸੰਬੰਧ ਆਤਮਿਕ ਅਨੁਭਵ ਨਾਲ ਹੈ।

ਬਾਬਾ ਸ੍ਰੀ ਚੰਦ ਜੀ ਦੇ ਮਾਤ੍ਰਿਆਂ ਵਿਚ ਇਕ ਬਹੁਤ ਮਹੱਤਵਪੂਰਣ ਪੰਕਤੀ ਆਉਂਦੀ ਹੈ :

ਨਾਨਕ ਪੂਤਾ ਸ੍ਰੀ ਚੰਦ ਬੋਲੇ
ਜੁਗਤਿ ਪਛਾਣੈ ਸੋ ਤਤ ਵਰੋਲੇ।

ਇਹ ਪੰਕਤੀ ਸਾਨੂੰ ਦੋ ਗੱਲਾਂ ਦਾ ਗਿਆਨ ਕਰਵਾਉਂਦੀ ਹੈ। ਇਕ ਤਾਂ ਇਹ ਕਿ ਬਾਬਾ ਸ੍ਰੀ ਚੰਦ ਜੀ ਆਪਣੇ ਪਿਤਾ ਗੁਰੂ ਨਾਨਕ ਦੇਵ ਜੀ ਦਾ ਨਾਮ ਬੜੇ ਸਤਿਕਾਰ ਨਾਲ ਲੈਂਦੇ ਹਨ ਤੇ ਆਪਣੇ ਆਪ ਨੂੰ ਉਹਨਾਂ ਦਾ ਪੁੱਤਰ (ਪੂਤਾ) ਆਖ ਕੇ ਇਕ ਅਨੰਦਮਈ ਗੌਰਵ ਮਹਿਸੂਸ ਕਰਦੇ ਹਨ। ਬਾਬਾ ਸ੍ਰੀ ਚੰਦ ਜੀ ਇਹ ਵੀ ਅਨੁਭਵ ਜਾਂ ਮਹਿਸੂਸ ਕਰਦੇ ਹਨ ਕਿ 'ਉਦਾਸੀ ਭੇਖ' ਦੀ ਦੇਣ ਵੀ ਉਹਨਾਂ ਦੇ ਪਿਤਾ ਗੁਰਦੇਵ ਪਾਸੋਂ ਹੀ ਪ੍ਰਾਪਤ ਹੋਈ। ਦੂਜੀ ਗੱਲ ਜੋ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਉਹ ਇਹ ਹੈ ਕਿ ਜੇਕਰ ਸਹੀ ਜੁਗਤਿ ਨਾਲ ਰਿੜਕੀਏ ਤਾਂ ਹੀ ਤੱਤ ਦੀ ਪ੍ਰਾਪਤੀ ਹੁੰਦੀ ਹੈ। ਇਹ ਤੱਤ ਵੀ ਹੈ ਤੇ ਵਰੋਲਣਾ ਵੀ ਉਹੋ ਪ੍ਰਤੀਤ ਹੁੰਦਾ ਹੈ, ਜਿਸ ਬਾਰੇ ਭਗਤ ਕਬੀਰ ਜੀ ਕਹਿੰਦੇ ਹਨ :

ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥
ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥ *(ਆਸਾ ਕਬੀਰ ਜੀ, ਪੰਨਾ 478)*

ਇਹ ਤੱਤ ਆਤਮ ਤੱਤ ਹੈ ਤੇ ਇਹ ਬਿਲੋਵਨਾ ਹਰਿ ਸਿਮਰਨ ਦਾ ਬਿਲੋਵਨਾ ਹੈ। ਇਸੇ ਨੂੰ ਆਤਮ ਰਹਿਤ ਆਖਿਆ ਗਿਆ ਹੈ। ਇਥੇ ਅਸੀਂ ਜੁਗਤਿ ਬਾਰੇ ਥੋੜ੍ਹੀ ਹੋਰ ਪਰ ਸੰਖੇਪ ਵਿਚ ਵਿਚਾਰ ਕਰਾਂਗੇ।

ਜੁਗਤਿ ਕੀ ਹੈ ?

ਜੁਗਤਿ ਦੇ ਸਾਧਾਰਨ ਸ਼ਬਦਾਂ ਵਿਚ ਅਰਥ ਹਨ : ਜਾਚ, ਢੰਗ, ਤਰੀਕਾ, ਰੀਤੀ (method) ਅਥਵਾ ਰੀਤੀ ਵਿਧਾਨ (methodology)।

(ੳ) ਭਾਈ ਕਾਨ੍ਹ ਸਿੰਘ ਨਾਭਾ ਨੇ *ਮਹਾਨ ਕੋਸ਼* ਵਿਚ 'ਜੁਗਤਿ' ਦੇ ਅਰਥ ਜਾਚ, ਤਰੀਕਾ, ਤਰਤੀਬ। ਜਿਵੇਂ :

ਜੋਗੀ ਜੁਗਤਿ ਨ ਜਾਣੈ ਅੰਧੁ॥ *(ਧਨਾਸਰੀ ਮਹਲਾ ੧, ਪੰਨਾ 662)*

(ਅ) 'ਸਰਬਲੋਹ ਗ੍ਰੰਥ' ਵਿਚ ਜੁਗਤਿ ਦੇ ਅਰਥ ਇਸ ਤਰ੍ਹਾਂ ਪ੍ਰਾਪਤ ਹੁੰਦੇ ਹਨ : ਤਰਕ, ਦਲੀਲ, ਯੁਕਤਿ, ਖੰਡਨ, ਮੰਡਨ। ਜਿਵੇਂ :

ਜੁਗਤਿ ਸਿਧ ਇਹ ਬਾਤ। *(ਸਰਬਲੋਹ ਗ੍ਰੰਥ)*

(ੲ) ਤਰੀਕਾ, ਢੰਗ, ਰੀਤੀ। ਜਿਵੇਂ :

ਇਆਹੂ ਜੁਗਤਿ ਬਿਹਾਨੇ ਕਈ ਜਨਮ॥ *(ਗਉੜੀ ਸੁਖਮਨੀ ਮ: ੫, ਪੰਨਾ 268)*

(ਸ) ਪ੍ਰਬੰਧ, ਇੰਤਜ਼ਾਮ। ਜਿਵੇਂ :

ਜੀਅ ਕੀ ਜੁਗਤਿ ਜਾ ਕੈ ਸਭ ਹਾਥਿ॥ *(ਗਉੜੀ ਸੁਖਮਨੀ ਮ: ੫, ਪੰਨਾ 292)*

(ਹ) ਯੋਗਤਾ। ਜਿਵੇਂ :

ਜੋ ਵਰਤਾਏ ਸਾਈ ਜੁਗਤਿ॥ *(ਗਉੜੀ ਸੁਖਮਨੀ ਮ: ੫, ਪੰਨਾ 275)*

(ਕ) ਇਕ ਅਰਥਾਲੰਕਾਰ। *(ਮਹਾਨ ਕੋਸ਼, ਪੰਨਾ 528)*

ਖੁੱਲ੍ਹੇ ਅਰਥਾਂ ਵਿਚ ਇਹ ਕਿਸੇ ਮੰਤਵ ਦੀ ਪੂਰਤੀ ਹਿੱਤ ਕਿਸੇ ਕਿਰਿਆ ਨੂੰ ਉਚਿਤ ਤਰਤੀਬ ਦੇਣ ਜਾਂ ਉਚਿਤ ਢੰਗ ਨਾਲ ਨਜਿੱਠਣ ਦੇ ਤਰੀਕੇ ਨੂੰ ਜੁਗਤਿ ਕਹਿੰਦੇ ਹਨ। 'ਜੁਗਤਿ' ਸ਼ਬਦ ਗੁਰਬਾਣੀ ਵਿਚ ਅਤੇ ਮਾਤ੍ਰਿਆਂ ਵਿਚ ਵੀ ਕਈ ਅਰਥਾਂ ਵਿਚ ਆਇਆ ਹੈ।

ਗੁਰਬਾਣੀ ਵਿਚ 'ਜੁਗਤਿ' ਸ਼ਬਦ ਨੂੰ ਦੈਵੀ ਸੰਦਰਭ ਵਿਚ ਕਈ ਅਰਥਾਂ ਵਿਚ ਵਿਚਾਰਿਆ ਗਿਆ ਹੈ : ਸਿਰਜਣ, ਸੰਭਾਲਣ, ਵਿਆਪਕ ਤੇ ਵਿਸਰਜਣ। 'ਸਿਰਜਣ ਦੀ ਜੁਗਤਿ' ਗੁਰਬਾਣੀ ਦੀਆਂ ਕਈ ਪੰਕਤੀਆਂ ਵਿਚ ਪ੍ਰਾਪਤ ਹੁੰਦੀ ਹੈ :

(ੳ) **ਕਈ ਜੁਗਤਿ ਕੀਨੋ ਬਿਸਥਾਰ॥** *(ਗਉੜੀ ਸੁਖਮਨੀ ਮ: ੫, ਪੰਨਾ 276)*

(ਅ) **ਸਭੁ ਆਪੇ ਜਗਤੁ ਉਪਾਇਦਾ ਪਿਆਰਾ ਵਸਿ ਆਪੇ ਜੁਗਤਿ ਹਥਾਹਾ॥**
(ਸੋਰਠਿ ਮਹਲਾ ੪, ਪੰਨੇ 606-07)

ਇਸੇ ਤਰ੍ਹਾਂ ਹੀ 'ਸੰਭਾਲਣ ਦੀ ਜੁਗਤਿ' ਹੈ, ਜਿਸ ਨੂੰ 'ਜੀਅ ਜੁਗਤਿ' ਵੀ ਕਿਹਾ ਹੈ। ਜਿਵੇਂ:

(ੳ) **ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥** *(ਜਪੁ ਜੀ, ਪੰਨਾ 7!*

(ਅ) **ਜੀਅ ਜੁਗਤਿ ਜਾ ਕੈ ਹੈ ਹਾਥ॥** *(ਗਉੜੀ ਮਹਲਾ ੫, ਪੰਨਾ 184)*

(ੲ) **ਜੀਅ ਜੁਗਤਿ ਵਸਿ ਮੇਰੇ ਸੁਆਮੀ ਸਰਬ ਸਿਧਿ ਤੁਮ ਕਾਰਣ ਕਰਣ॥**
(ਬਿਲਾਵਲੁ ਮਹਲਾ ੫, ਪੰਨਾ 827)

'ਸਰਬ ਵਿਆਪਕਤਾ ਦੀ ਜੁਗਤਿ' ਵੀ ਕਈ ਪੰਕਤੀਆਂ ਵਿਚ ਪ੍ਰਗਟ ਹੁੰਦੀ ਹੈ। ਜਿਵੇਂ:

ਜੀਆ ਅੰਦਰਿ ਜੁਗਤਿ ਸਮਾਈ ਰਹਿਓ ਨਿਰਾਲਮੁ ਰਾਇਆ॥
(ਮਾਰੂ ਸੋਹਲੇ ਮਹਲਾ ੧, ਪੰਨਾ 1038)

'ਵਿਸਰਜਣ ਦੀ ਜੁਗਤਿ' ਨੂੰ ਇਉਂ ਬਿਆਨਿਆ ਗਿਆ ਹੈ:

ਅਨਿਕ ਜੁਗਤਿ ਰਚਿ ਥਾਪਿ ਉਥਾਪਿ॥ *(ਗਉੜੀ ਸੁਖਮਨੀ ਮ: ੫, ਪੰਨਾ 282)*

'ਦੈਵੀ ਜੁਗਤਿ' ਦੇ ਅਰਥਾਂ ਵਿਚ ਇਹ ਪਦ ਮਾਤ੍ਰਿਆਂ ਵਿਚ ਤਾਂ ਪ੍ਰਾਪਤ ਨਹੀਂ, ਪਰ ਇਸ ਦਾ ਸੰਕੇਤਕ ਵਰਣਨ ਹੈ। ਜਿਵੇਂ:

ਕਾਇਆ ਕੀ ਖਿੰਥਾ ਪਵਨ ਕਾ ਧਾਗਾ।
ਆਪ ਨਿਰੰਜਨ ਸੀਵਨੇ ਲਾਗਾ।

ਮਾਤ੍ਰਿਆਂ ਵਿਚ ਇਸੇ ਪ੍ਰਕਾਰ ਦੀ ਜੁਗਤਿ ਬਾਰੇ ਇਉਂ ਕਿਹਾ ਗਿਆ ਹੈ:

ਮਾਤ੍ਰਾ ਕਹੇ ਸੋ ਜੁਗਤਿ ਕਮਾਵੈ।
ਨਿਰਭਉ ਡੰਕ ਨਗਾਰਾ ਵਾਵੈ।

ਭਾਵ ਇਹ ਡੰਕੇ ਦੀ ਚੋਟ ਨਾਲ ਨਿਰਭੈ ਹੋ ਕੇ ਜਿਊਣ ਦੀ ਜੁਗਤਿ ਹੈ।

ਸੰਪ੍ਰਦਾਇਕ ਰਹਿਣੀ ਦੀ ਜੁਗਤਿ

ਜੁਗਤਿ ਦਾ ਇਕ ਭੇਦ ਸੰਪ੍ਰਦਾਇਕ ਰਹਿਣੀ ਨਾਲ ਸੰਬੰਧਿਤ ਹੈ। ਜਿਵੇਂ ਗੁਰਬਾਣੀ ਅੰਦਰ ਆਉਂਦਾ ਹੈ:

ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ॥
(ਆਸਾ ਮਹਲਾ ੧, ਪੰਨਾ 358)

ਇਥੇ ਇਹ ਗੱਲ ਸੰਪ੍ਰਦਾਇਕ ਰਹਿਣੀ, ਵਿਸ਼ੇਸ਼ ਕਰ ਭੇਸ ਅਥਵਾ ਬਾਣੇ ਦੀ ਕੀਤੀ ਗਈ ਹੈ। ਸਿੱਖ ਧਰਮ ਵਿਚ ਤਦੇ ਕੋਈ ਐਸਾ ਵਿਧਾਨ ਪ੍ਰਾਪਤ ਨਹੀਂ, ਸਗੋਂ ਭੇਖਧਾਰੀਆਂ ਨੂੰ ਥਾਂ ਪਰ ਥਾਂ ਇਹੋ ਹਦਾਇਤ ਕੀਤੀ ਮਿਲਦੀ ਹੈ ਕਿ ਅਸਲ ਧਰਮ

ਭੇਖ ਵਿਚ ਨਹੀਂ, ਰਹਿਣੀ ਵਿਚ ਹੈ। ਨਾਥ-ਜੋਗੀਆਂ ਪ੍ਰਤਿ ਇਹ ਉਪਦੇਸ਼ ਤਾਂ ਗੁਰਬਾਣੀ ਵਿਚ ਬਹੁਤ ਥਾਈਂ ਮਿਲਦਾ ਹੈ। ਜਪੁ ਜੀ ਸਾਹਿਬ ਵਿਚ ਆਉਂਦਾ ਹੈ :

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥

(ਜਪੁ ਜੀ, ਪੰਨਾ 6)

ਉਦਾਸੀ ਸੰਪ੍ਰਦਾਇ ਵਿਚ ਭੇਖ ਤਾਂ ਮੁਕੱਰਰ ਹੈ, ਪਰ ਅੰਦਰ ਦੇ ਗੁਣਾਂ ਦੇ ਪ੍ਰਤੀਕ ਹੋ ਕੇ। ਬਾਣਾ ਬਾਹਰਮੁਖੀ ਚਿੰਨ੍ਹ ਹੈ, ਅਧਿਆਤਮਕ ਰਹਿਣੀ ਦਾ। ਮਾਤ੍ਰਿਆਂ ਵਿਚ ਬਾਹਰਲੇ ਚਿੰਨ੍ਹਾਂ ਦੇ ਅੰਤਰੀਵ ਅਰਥਾਂ ਦੀ ਭਰਮਾਰ ਹੈ। ਹੇਠਾਂ ਅਸੀਂ ਹੁਣ ਮਾਤ੍ਰਿਆਂ ਵਿਚ ਪ੍ਰਾਪਤ ਇਹਨਾਂ ਚਿੰਨ੍ਹਾਤਮਕ ਅਰਥਾਂ ਦਾ ਕੁਝ ਬਿਉਰਾ ਇਸ ਤਰ੍ਹਾਂ ਪ੍ਰਸਤੁਤ ਕਰਦੇ ਹਾਂ :

(ੳ) ਧੂਣੀ :

(1) ਧਿਆਨ ਦੀ ਧੂਣੀ।

(2) ਦ੍ਵੈਤ ਦਾ ਅਭਾਵ :
ਦ੍ਵੈਤ ਭੇਦ ਉਡਾਈਐ।
ਯਹਿ ਸਿਧ ਧੂਣੀ ਲਾਈਐ।

(3) ਹਰਖ ਸੋਖ ਤੋਂ ਉਪਰਾਮਤਾ :
ਧੂਣੀ ਕਹੈ ਲੈ ਮੁਝ ਕੋ ਤਾਪ।
ਹਰ ਸੋਗ ਨਹੀ ਮਨੁ ਮਹਿ ਰਾਖ।

(ਅ) ਗੋਦੜੀ :

(1) ਗੁਰਬਚਨ :
ਗੁਦੜੀ ਗੁਰਬਚਨ ਸ਼ਬਦ।

(2) ਉਪਦੇਸ਼ :
ਦੇਹ ਗੋਦੜੀ ਉਪਦੇਸ਼ ਕੀ।

(3) ਬੋਧ :
ਗਲੇ ਬੋਧ ਗੋਦੜਾ।

(4) ਗਿਆਨ :
ਗਿਆਨ ਦੀ ਗੋਦੜੀ ਸਾਸ ਸਭ ਧਾਗਾ।

(ੲ) ਖਫ਼ਨੀ :

(1) ਸਬਰ :
ਖਫਨੀ ਕਹੈ ਬਾਤ ਹੈ ਏਹੁ।
ਖਫਨ ਨਾਮ ਮੇਰਾ ਸੁਨ ਲੇਹੁ।

ਮਿਰਤਕ ਮਾਰਗ ਤਾ ਕਾ ਕਹੀਐ।
ਖਾਣ ਪੀਣ ਤੇ ਸਬਰ ਕਰ ਰਹੀਐ।

(2) ਹਉਮੈ ਦਾ ਨਾਸ਼ :
ਖਫ਼ਨੀ ਕਰ ਕਰ ਤਨ ਖਪਨਾਵੈ।
ਅਹੰਬੁਧਿ ਤਨ ਮਾਹਿ ਮਿਟਾਵੈ।

(ਸ) ਟੋਪੀ :

(1) ਖਿਮਾ :
ਟੋਪੀ ਕਹੈ ਖਿਮਾ ਨਾਉਂ ਮੇਰਾ।

(2) ਗੁਰ ਸਿੱਖਿਆ :
ਟੋਪੀ ਗੁਰ ਸਿਖਿਆ।
ਅਬਿਨਾਸੀ ਘਰ ਜਾਂਦੈ ਸੋਹੰ ਭਿਖਿਆ।

(3) ਸ਼ਾਂਤਿ :
ਪਹਿਰ ਟੋਪੀ ਸਾਂਤ ਕੀ।
ਗਹੈ ਗੈਲ ਏਕਾਂਤ ਕੀ।

(4) ਜੁਗਤਿ :
ਜੁਗਤ ਦਾ ਟੋਪ ਗੁਰਮੁਖ ਬੋਲੀ।

(ਹ) ਸੇਲੀ :

(1) ਤੱਤ :
ਸੰਤੋਖ ਟੂਕਾ ਤਤ ਸੇਲੀ ਸਹਿਜ ਭੁਗਤਿ।

(2) ਸੀਲ :
ਸੇਲੀ ਕਹੈ ਸੀਲ ਕਉ ਰਾਖ।

(3) ਸਤ :
ਧਰਮ ਦਾ ਚੋਲਾ ਸਤ ਕੀ ਸੇਲੀ।

(ਕ) ਸਿੰਙੀ :

(1) ਸ਼ਬਦ :
ਸਬਦ ਦੀ ਸਿੰਙੀ ਸਹਜ ਕੀ ਮਾਲਾ।

(2) ਅਨਹਦ ਨਾਦ :
ਸਿੰਙੀ ਸ਼ਬਦ ਅਨਾਹਦ ਬਾਣੀ।

(ਖ) ਖਿੰਥਾ :

(1) ਗਿਆਨ :
ਗਿਆਨ ਖਿੰਥਾ ਰਹਿਤ ਸੂਤੰ।

(2) ਕਾਇਆ :

ਕਾਇਆ ਕੀ ਖਿੰਥਾ ਪਵਨ ਕਾ ਧਾਗਾ।
ਆਪ ਨਿਰੰਜਨ ਸੀਵਨੇ ਲਾਗਾ।
ਲੋਹੀ ਸੂਈ ਆਪ ਅਲੇਖ।
ਦਸਵੈ ਦੁਆਰ ਸੂਈ ਕਾ ਛੇਕ।

(3) ਅਕਾਲ :

ਅਕਾਲ ਖਿੰਥਾ ਲੈ ਪਹਿਰੈ ਕੋਈ।

(ਗ) ਮੁਕਟ :

(1) ਜਟਾ ਜੂਟ :

ਜਟਾ ਜੂਟ ਮੁਕਤ ਸਿਰ ਹੋਇ।
ਮੁਕਤਾ ਫਿਰੇ ਬੰਧਨ ਨਹੀਂ ਕੋਇ।

(2) ਬਿਬੇਕ :

ਬਿਬੇਕ ਕਾ ਮੁਕਟ।

(ਘ) ਤਾਗਾ :

(1) ਸੱਚ :

ਸੁਰਤਿ ਕੀ ਸੂਈ ਸਚ ਕਾ ਤਾਗਾ।

(2) ਪ੍ਰੇਮ :

ਪ੍ਰੇਮ ਤਾਗੇ ਲਗੈ ਪੂਤੰ।

(3) ਬਿਬੇਕ :

ਸੰਤੋਖ ਸੂਈ ਬਿਬੇਕ ਤਾਗੇ।
ਅਨੇਕ ਤਲੀ ਤਹਾਂ ਲਾਗੇ।

(4) ਸੁਆਸ :

ਗਿਆਨ ਕੀ ਗੋਦੜੀ ਸਾਸ ਸਭ ਧਾਗਾ।

(ਙ) ਸੂਈ :

(1) ਸੁਰਤਿ :

ਸੁਰਤਿ ਕੀ ਸੂਈ ਸਚ ਕਾ ਤਾਗਾ।

(2) ਸੰਤੋਖ :

ਸੰਤੋਖ ਸੂਈ ਬਿਬੇਕ ਤਾਗੇ।

(3) ਆਚਾਰ :

ਗਿਆਨ ਕੀ ਗੋਦੜੀ ਸਾਸ ਸਭ ਧਾਗਾ।
ਆਚਾਰ ਕੀ ਸੂਈ ਲੇ ਸੀਵਨੇ ਲਾਗਾ।

(ਚ) ਕੋਪੀਨ :

(1) ਜਤ :

ਜਤ ਕੀ ਕੋਪੀਨ ਜੋਗ ਕਾ ਤਾਲਾ।

ਪੁਨਾ :

ਜਤ ਕੀ ਕੁਪੀਨ ਸੁਰਤਿ ਕੀ ਮਾਲਾ।

(2) ਸੁਰਤਿ :

ਸੁਰਤਿ ਕੀ ਕੋਪੀਨ।

(ਛ) ਬਟੂਆ :

(1) ਧਿਆਨ :

ਧਿਆਨ ਕਾ ਬਟੂਆ, ਨਿਰਤ ਕਾ ਸੂਈਦਾਨ।

(2) ਅਨਾਹਦ :

ਅਨਾਹਦ ਬਟਵਾ ਅਗਮ ਕੀ ਬਾਣੀ।

(3) ਤ੍ਰਿਕੁਟੀ :

ਤ੍ਰੈਕੁਟੀ ਬਟੂਆ ਰਤਨ ਸਮਾਨਾ।

(ਜ) ਜਗੋਟਾ :

(1) ਜਤਨ :

ਜਤਨ ਕਾ ਜਗੋਟਾ ਸੰਤੋਖ ਉਡਾਨੀ।

(2) ਨਿਰਮਲਤਾ :

ਨਿਰਮਲ ਜਗੋਟੀ ਅਕਲ ਤਰਵਰ।

(3) ਜਾਪ :

ਜਾਪ ਜਗੋਟਾ ਸਿਫਤ ਅਡਾਣੀ।

(ਝ) ਫਹੋੜੀ :

(1) ਨਾਮ :

ਫਹੋੜੀ ਕਹੈ ਸੁਨੋ ਰੇ ਸਾਧੋ।
ਐਸਾ ਨਾਮ ਲੈ ਮਨਹਿ ਅਗਾਧੋ।

(2) ਧੀਰਜ :

ਧੀਰਜ ਕੀ ਫਹੋੜੀ ਤਪ ਕਰ ਖੇਡਾ।

(3) ਨਿਹਕਰਮਤਾ :

ਨਿਹਕਰਮ ਫਹੁੜੀ ਅਟਲ ਮਤ ਮ੍ਰਿਗਾਨੀ।

(ਞ) ਬਿਭੂਤੀ :

(1) ਧਿਆਨ :

ਧਿਆਨ ਬਿਭੂਤ ਲੇ ਅੰਗ ਚਾੜ੍ਹਾਵੈ।

(ਟ) ਆੜਬੰਦ :

(1) ਖਿਮਾ :

ਸੁਰਤਿ ਕੀ ਕੋਪੀਨ ਖਿਮਾ ਕਾ ਆੜਬੰਦ।

(2) ਸਿਫ਼ਤ :

ਸਿਫਤਿ ਕਾ ਆੜਬੰਦ।

(3) ਕਮਰਬੰਦ :

ਆਨਬੰਦ ਕਮਰ ਬੰਦ ਖ਼ੂਬ ਹੈ ਜਵਾਨ ਗੁਰ ਜਿਸਕਾ।
ਅਕਲਬੰਦ ਚੇਲਾ ਅਠਲਮਸਤ ਹੈ ਮਸਤਾਨਾ।

(4) ਜਤ :

ਜਤ ਕਾ ਆੜਬੰਦ ਸੀਲ ਲੰਗੋਟੀ।

(ਠ) ਝੋਲੀ :

(1) ਕਾਇਆ :

ਝੋਲੀ ਕਾਇਆ ਨਾਮ ਭਣੀਜੇ।
ਤਾ ਮੈ ਦਸ ਇੰਦਰੀ ਠਹਿਰੀਜੈ।

(2) ਦਇਆ :

ਭੇਖ ਕੀ ਸਿਖਿਆ ਦਇਆ ਕੀ ਝੋਲੀ।
ਤਿਸ ਵਿਚ ਸਰਬ ਭਿਛਿਆ ਸਮਾਨੀ।

(ਡ) ਮੁੰਦਰਾਂ :

(1) ਸਰਮ :

ਸਰਮ ਕੀਆ ਮੁਦ੍ਰਾਂ ਸਿਵਾ ਬਿਭੂਤਾ।

(2) ਕੁਰਬਾਨੀ :

ਧਿਆਨ ਕਾ ਆਸਣ, ਗਿਆਨ ਕੀ ਬੈਰਾਗਨ ਕੰਨੀਂ ਮੁੰਦ੍ਰਾਂ ਕੁਰਬਾਨੀ।

(3) ਸੰਤੋਖ :

ਮੁੰਦ੍ਰਾਂ ਸੰਤੋਖ ਕੀਆ ਲੈ ਕੰਨੀ ਪਾਵੈ।

(4) ਡੰਡਾ :

ਡੰਡਾ ਕੂਕਰਾਦਿ ਕੋ ਭਜਾਵਣੇ ਨਮਿਤ ਹੈ। ਜੋ ਜੁਗਤਹਾਰਾ ਵਿਹਾਰ ਕਰ ਆਲਸ ਅਰ ਨੀਂਦ ਕਾਮ ਕ੍ਰੋਧ ਆਦਿ ਭਾਗ ਜਾਤੇ ਹੈਂ।

(5) ਮੁੰਦਾ :

ਜਿਸ ਕਰ ਪਾਚੋਂ ਹੀ ਇੰਦ੍ਰੀ ਮੂੰਦੀ ਜਾਤੀ ਹੈ।

(6) ਪਤ੍ਰ ਝੋਲੀ :

ਸਰਮ ਹਮਾਰਾ ਪਾਤ੍ਰ ਝੋਲੀ ਹੈ। ਕਾਹੇ ਤੇ ਪਾਤ੍ਰ ਝੋਲੀ ਵਿਖੇ ਕਛ ਅੰਨ ਕਾ ਸੰਗ੍ਰਹ ਕੀਜੈ।

(7) ਬਿਭੂਤਿ :

ਭਭੂਤ ਨਾਮ ਭਸਮ ਕਾ ਦੇਹ ਪਰ ਮਰਦਨੇ ਕਾ ਹੈ, ਸੋ ਮਨ ਕੋ ਗਯਾਨ ਰੂਪ ਅਗਨ ਸਾਥ ਜਲਾਇ ਕਰ ਆਤਮਾ ਕੇ ਆਕਾਰ ਕਰ ਛੋਡਿਆ ਹੈ।

ਹੋਰ ਵੀ ਅਨੇਕਾਂ ਪਦ ਹਨ, ਜਿਵੇਂ ਕਿ ਡੰਡਾ, ਆਸਾ, ਮੁਤਲਾ, ਭਿਛਿਆ, ਮੇਖੁਲੀ, ਮੋਰਛਲ, ਮ੍ਰਿਗਛਾਲਾ, ਫਰੂਆ, ਲੰਗੋਟ, ਧੋਤੀ, ਆਸਣ, ਤਿਲਕ, ਚੋਲਾ ਆਦਿ ਵੀ ਇਸੇ ਪ੍ਰਕਾਰ ਸੰਕੇਤਕ ਅਰਥਾਂ ਵਿਚ ਵਰਤੇ ਗਏ ਹਨ।

ਮਾਤ੍ਰਿਆਂ ਵਿਚਲੀ ਸੰਕੇਤਾਵਲੀ 'ਤੇ ਕੀਤੀ ਵਿਚਾਰ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਸਾਰਾ ਬਲ ਅੰਦਰ ਦੀ ਜੁਗਤਿ ਉਪਰ ਹੈ। ਬਾਹਰ ਮਰਿਆਦਾ ਤਾਂ ਉਸ ਅੰਦਰਲੀ ਜੁਗਤਿ ਦਾ ਸੰਕੇਤ ਮਾਤ੍ਰ ਹੈ। ਅੰਦਰਲੀ ਜੁਗਤਿ ਦੋ ਪ੍ਰਕਾਰ ਦੀ ਹੁੰਦੀ ਹੈ: ਇਕ ਅਧਿਾਤਮਕ ਤੇ ਦੂਸਰੀ ਆਚਰਣਕ। ਅਧਿਆਤਮਕ ਯਤਨਾਂ ਨਾਲ ਸੰਬੰਧਿਤ ਪਦ ਹਨ: ਜੋਗ, ਕਾਇਆ, ਤ੍ਰਿਕੁਟੀ, ਸੁਆਸ, ਧਿਆਨ, ਯਤਨ, ਸ਼ਬਦ, ਸੁਰਤਿ, ਗਿਆਨ, ਅਨਹਦ ਨਾਦ, ਨਾਮ, ਜਾਪ, ਸਿਫਤ, ਗੁਰ ਸਿੱਖਿਆ, ਅਕਾਲ ਤੱਤ, ਸੱਤ ਆਦਿ ਤੇ ਇਹਨਾਂ ਸਭ ਲਈ ਸੰਕੇਤਕ ਪਦ ਬਾਹਰਲੀ ਜੁਗਤਿ ਵਿੱਚੋਂ ਨਿਰੂਪਤ ਕੀਤੇ ਗਏ ਹਨ। ਆਚਰਣਕ ਗੁਣਾਂ ਵਿਚ ਖਿਮਾ, ਦਇਆ, ਧੀਰਜ, ਸੰਤੋਖ, ਪ੍ਰੇਮ, ਬਿਬੇਕ, ਸੀਲ, ਸ਼ਾਂਤ, ਸ਼ਰਮ, ਨਿਰਮਲਾ, ਨਿਹਕਰਮਤਾ ਤੇ ਕੁਰਬਾਨੀ ਆਦਿ ਪ੍ਰਾਪਤ ਹਨ। ਇਹਨਾਂ ਸਭਨਾਂ ਲਈ ਵੀ ਸੰਕੇਤਕ ਸ਼ਬਦ ਬਾਹਰਲੀ ਜੁਗਤਿ ਵਿੱਚੋਂ ਨਿਰੇਪੂ ਗਏ ਹਨ। ਮਾਤ੍ਰਿਆਂ ਵਿਚ ਤਾਂ ਸਾਫ਼ ਸ਼ਬਦਾਂ ਵਿਚ ਇਹ ਬਲਵਾਨ ਸੰਕੇਤ ਵੀ ਹੈ ਕਿ:

ਜੋਗ ਜੁਗਤਿ ਪਊਏ ਪਗ ਧਰੈਂ।

ਮਾਤ੍ਰਿਆਂ ਵਿਚ ਗੋਦੜੀ ਦੀਆਂ ਬਿਗਲੀਆਂ ਦੀ ਸੰਕੇਤਾਤਮਕ ਵਿਸ਼ਿਆਂ ਨੂੰ ਬਹੁਤ ਵਿਸਤ੍ਰਿਤ ਰੂਪ ਵਿਚ ਬਿਆਨਿਆ ਹੈ:

ਆਪੇ ਆਪ ਪਰੋਏ ਤਾਗੇ।
ਦਿਲ ਦਰਜੀ ਦਰ ਸੀਵਨ ਲਾਗੇ।
ਪਹਿਲੀ ਬਿਗਲੀ ਆਕਾਸ ਕੀ ਲੇਸ।
ਦੂਜੀ ਬਿਗਲੀ ਕਾ ਮਨ ਖੇਸ।
ਤੀਜੀ ਬਿਗਲੀ ਆਤਮ ਪੇਸ।
ਚੌਥੀ ਬਿਗਲੀ ਆਬਿ ਹਯਾਤ।
ਪੰਜਵੀਂ ਬਿਗਲੀ ਔਹਦ ਨਾਦ।
ਚੰਦ ਸੂਰਜ ਦੇ ਬਿਗਲੀ ਲਾਈ।
ਏਤੇ ਬੀਚਕ ਤਰਨੀ ਆਈ।
ਨਉ ਲਖ ਤਾਰੇ ਟੁਕੜੇ ਜੋੜੇ।
ਭਾਂਤਿ ਭਾਂਤਿ ਕਰ ਸਬ ਹੀ ਜੋੜੇ।
ਗਿਆਨ ਗਜ ਕਰਿ ਲੀਜੈ ਮਾਪ।
ਦਿਲ ਪਾਕ ਜਾ ਬੋਲੇ ਸਾਫ਼।

ਸੰਗਤ ਬਗਲੀ ਸਭ ਤੇ ਅਗਲੀ।
ਦਿਨ ਦਰਜੀ ਕੀ ਪਕੜੀ ਅੰਗੁਲੀ।
ਇਕਨੀ ਕਾਹੈ ਇਹ ਆਧਾਰ।
ਸੀਵਨ ਲਾਗੇ ਸਿਰਜਨਹਾਰ।
ਨਉ ਨਾੜੀ ਕਉ ਦੀਜੈ ਬੰਧਾ।
ਪਵਨਾ ਖੇਲੇ ਚਉਸਠ ਸਿਧਾ।
ਟਾਂਕਾ ਦੇ ਦੇ ਟੁਕੜੇ ਜੋੜੇ।
ਮਉਤ ਕੇ ਦਿਨ ਸਬੇ ਹੀ ਤੋੜੇ।
ਅਰਧ ਉਰਧ ਸਭ ਗਏ ਤਾਗੇ।
ਤੀਨ ਸੈ ਸਾਠ ਟੁਕੜੇ ਲਾਗੇ।
ਪੰਚ ਤਤ ਕੀ ਕਾਇਆ ਖਿੰਥਾ।
ਲਾਗੀ ਸਪਥ ਬਿਧਾਤਾ...
ਨਉ ਰੰਗ ਖਿੰਥਾ ਭਲੀ ਬਿਰਾਜੇ।
ਬੰਦ ਬੰਦ ਮੈ ਟਾਂਕੇ ਲਾਗੇ।
ਐਸਾ ਬਿਗਲਾ ਜੋੜੇ ਭਾਣੀ।
ਢੂਢੇ ਸਦ ਫਿਰ ਪਾਵੈ ਨਾਹੀ।
ਅਜਬ ਜਿਨਸ ਕੇ ਗੋਦੜੇ।
ਤਿਸ ਖਿੰਥਾ ਮੈ ਅਲਖ ਲਖਾਏ।
ਨਉ ਸੈ ਨਦੀਆ ਬਰਤੀ ਜਾਇ।
ਇਸ ਖਿੰਥਾ ਕਾ ਅੰਤ ਨ ਪਾਇ।
ਅਠਾਰਹ ਭਾਰ ਉਤਭੁਜ ਫੁਲੀ
ਸੋਤਾਕੀ ਰੂਮਾਵਲੀ।
ਅੰਡਜ ਜੇਰਜ ਸੇਤਜ ਉਤਭੁਜ ਖਾਵੀ ਚਾਰ।
ਤਾ ਮੈਂ ਜੂਨ ਉਪਾਵੀ ਕਈ ਹਜ਼ਾਰ।
ਖਿੰਥਾ ਓਢੇ ਤੇਤੀਸ ਕਰੋੜ
ਅਠਾਸੀ ਹਜ਼ਾਰ ਬਿਗਲੀ ਜੋੜ।
ਅਸੰਖ ਜੁਗ ਗੋਦੜੀ ਕੇ ਲਾਗੇ।
ਕਹਿਤੇ ਕਹਿਤੇ ਬੇਦ ਭੀ ਭਾਗੇ।
ਕੇਤੇ ਰਿਖਿ ਮੁਨਿ ਕੇਤੇ ਸਿਧ।
ਕਾਇਆ ਖਿੰਥਾ ਜੁਗ ਪ੍ਰਸਿੱਧ।

ਅੰਦਰਲੀ ਜੁਗਤਿ ਤੇ ਇਹ ਬਲ ਇਸ ਕਦਰ ਬਲਵਾਨ ਹੈ ਕਿ ਕਈ ਉਦਾਸੀ ਆਚਾਰੀਏ ਬਾਹਰਲੇ ਭੇਖ ਨੂੰ ਅੰਦਰਲੀ ਰਹਿਤ ਦੇ ਬਗ਼ੈਰ ਗ਼ੈਰ-ਜ਼ਰੂਰੀ ਸਮਝਦੇ ਹਨ। ਸਾਡਾ ਇਹ ਜੋਗ ਜੁਗਤਿ ਦਾ ਅਧਿਆਤਮਕ ਅਧਿਐਨ ਉਦਾਸੀ ਸੰਤਾਂ ਦੇ ਮਾਤ੍ਰਿਆਂ ਦੇ ਪਰਿਪੇਖ ਵਿਚ ਸੀ। ਹੁਣ ਅਸੀਂ ਗੁਰਬਾਣੀ ਦੇ ਪਰਿਪੇਖ ਵਿਚ ਵੀ ਜੋਗ ਜੁਗਤਿ ਨੂੰ ਵਿਚਾਰਦੇ ਹਾਂ :

ਜੋਗ ਦਾ ਅਰਥ ਹੁੰਦਾ ਹੈ : ਜੁੜਨਾ। ਇਸ ਲਈ 'ਜੋਗ ਜੁਗਤਿ' ਵਾਹਿਗੁਰੂ ਨਾਲ ਜੁੜਨ ਦੀ ਜੁਗਤਿ ਹੈ। ਪਰੰਤੂ ਸਾਡੇ ਸਾਹਮਣੇ ਇਕ ਗੱਲ ਹੋਰ ਵੀ ਆਉਂਦੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਅਤੇ ਬਾਬਾ ਸ੍ਰੀ ਚੰਦ ਦੇ ਸਮੇਂ ਜੋਗੀਆਂ ਨਾਥਾਂ ਦਾ ਬੋਲਬਾਲਾ ਸੀ। ਲੋਕ ਉਹਨਾਂ ਦੀ ਮਰਯਾਦਾ ਨੂੰ ਹੀ ਜੋਗ ਜੁਗਤਿ ਸਮਝਣ ਤੇ ਆਖਣ ਲੱਗ ਪਏ ਸਨ। ਪਰ ਗੁਰੂ ਜੀ ਤਾਂ ਸਮਝਦੇ ਸਨ ਕਿ :

ਜੋਗੀ ਜੁਗਤਿ ਨ ਜਾਣੈ ਅੰਧੁ ॥ *(ਧਨਾਸਰੀ ਮਹਲਾ ੧, ਪੰਨਾ 662)*

ਪੁਨਾ :

ਤਿਹ ਜੋਗੀ ਕਉ ਜੁਗਤਿ ਨ ਜਾਨਉ ॥
ਲੋਭ ਮੋਹ ਮਾਇਆ ਮਮਤਾ ਫੁਨਿ ਜਿਹ ਘਟਿ ਮਾਹਿ ਪਛਾਨਉ ॥
(ਧਨਾਸਰੀ ਮ: ੯, ਪੰਨਾ 685)

ਗੁਰੂ ਸਾਹਿਬ ਤਾਂ ਜਾਣਦੇ ਸਨ ਕਿ ਨਾਥ ਜੋਗੀਆਂ ਦਾ ਬਾਲਕਾ :

ਕਰਮ ਧਰਮ ਜੁਗਤਿ ਬਹੁ ਕਰਤਾ ਕਰਣੈਹਾਰੁ ਨ ਜਾਨੈ ॥
(ਆਸਾ ਮ: ੫, ਪੰਨਾ 380)

ਇਸੇ ਲਈ ਗੁਰਮਤਿ ਵਿਚ ਵੀ ਅਤੇ ਉਦਾਸੀ ਸੰਪ੍ਰਦਾਇ ਵਿਚ ਵੀ ਜਗਿਆਸਾ ਵਿਹੀਣ ਜੋਗ ਜੁਗਤਿ ਦੀ ਥਾਂ ਅਸਲ ਜੋਗ ਜੁਗਤਿ ਵੱਲ, ਜੋ ਪਰਮਾਤਮਾ ਨਾਲ ਮਿਲਾਪ ਕਰਵਾ ਦੇਵੇ, ਪਰਮਾਤਮਾ ਨਾਲ ਇਕਮਿਕ ਹੋਣ ਦੀ ਪ੍ਰੇਰਨਾ ਥਾਂ ਪੁਰ ਥਾਂ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ :

ਐਸਾ ਜੋਗੀ ਜੁਗਤਿ ਬੀਚਾਰੈ ॥
ਪੰਚ ਮਾਰਿ ਸਾਚੁ ਉਰਿ ਧਾਰੈ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥
ਜੋਗ ਜੁਗਤਿ ਕੀ ਕੀਮਤਿ ਪਾਵੈ ॥...
ਏਕ ਸਬਦ ਇਕ ਭਿਖਿਆ ਮਾਗੈ ॥
ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥ *(ਗਉੜੀ ਮ: ੧, ਪੰਨਾ 223)*

ਇਸ ਸ਼ਬਦ ਰਾਹੀਂ ਗੁਰੂ ਸਾਹਿਬ ਭਿਖਿਆ ਵੀ ਸ਼ਬਦ ਦੀ ਮੰਗਦੇ ਹਨ। ਗਿਆਨ ਧਿਆਨ ਦੀ ਜੁਗਤਿ ਰਾਹੀਂ ਸੱਚ ਵਿਚ ਜਾਗਣਾ ਹੈ। ਸੱਚ ਵਿਚ ਜਾਗਣਾ ਹੀ ਵਾਹਿਗੁਰੂ ਵਿਚ ਜੁੜਨਾ ਹੈ। ਇਹੋ ਅਸਲ ਜੁਗਤ ਹੈ :

ਊਜਲ ਸਾਚੁ ਸੁ ਸਬਦੁ ਹੋਇ ॥
ਜੋਗੀ ਜੁਗਤਿ ਵੀਚਾਰੇ ਸੋਇ ॥ *(ਰਾਮਕਲੀ ਮ: ੧, ਪੰਨਾ 903)*

ਮਾਤ੍ਰਿਆਂ ਵਿਚ ਆਉਂਦਾ ਹੈ : "ਅਕਾਸ਼ ਦੀ ਭਿਛਿਆ ਸਿਧੋ ਭਾਵ ਕਰ ਲੈਣੀ। ਸ਼ਬਦ ਅਕਾਸ਼ ਦਾ ਧਰਮ ਹੈ। ਸੋ ਇਹ ਵੀ ਭਿਛਿਆ ਸ਼ਬਦ ਦੀ ਹੀ ਹੋਈ। ਮਾਤ੍ਰਿਆਂ ਵਿਚ ਜੁਗਤਿ ਗਿਆਨ ਧਿਆਨ ਦੀ ਹੀ ਦ੍ਰਿੜ੍ਹ ਕਰਵਾਈ ਗਈ ਹੈ : "ਧਿਆਨ ਕਾ ਆਸਨ, ਗਿਆਨ ਕੀ ਬੈਰਾਗਨਿ, ਕੰਨੀ ਮੁੰਦ੍ਰਾ ਕੁਰਬਾਨੀ।" ਗੁਰੂ ਸਾਹਿਬ ਅਤੇ

ਉਦਾਸੀ ਸੰਤਾਂ ਨੇ ਬਾਰ ਬਾਰ ਸਮਝਾਇਆ ਹੈ ਕਿ ਅਸਲ ਵਿਚ ਜੋਗ ਜੁਗਤਿ ਸੇ ਭੇਖ ਦੇ ਧਾਰਨ ਕਰਨ ਵਿਚ ਨਹੀਂ, ਸਗੋਂ ਮਾਇਆ ਵਿਚ ਵੱਸਦਿਆਂ ਨਿਰਲੇਪ ਰਹਿਣ ਵਿਚ ਹੈ:

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥

(ਸੂਹੀ ਮ: ੧, ਪੰਨਾ 730)

ਇਸੇ ਸ਼ਬਦ ਵਿਚ ਮਨ ਮਾਰਨ ਦੀ ਜੁਗਤਿ ਹੈ:

ਸਬਦਿ ਮਰੈ ਮਨੁ ਮਾਰੇ ਅਉਧੂ ਜੋਗ ਜੁਗਤਿ ਵੀਚਾਰੀ॥

(ਰਾਮਕਲੀ ਮ: ੧, ਪੰਨਾ 908)

ਇਹ ਗੁਰਮੁਖ ਜੋਗ ਦੀ ਜੁਗਤਿ ਹੈ:

ਗੁਰਮੁਖਿ ਜੋਗੁ ਕਮਾਵੈ ਅਉਧੂ ਜਤੁ ਸਤੁ ਸਬਦਿ ਵੀਚਾਰੀ॥

(ਰਾਮਕਲੀ ਮ: ੧, ਪੰਨਾ 908)

ਇਹੋ ਹੁਕਮ ਨੂੰ ਬੁੱਝ ਕੇ ਸੰਸੇ ਤਿਆਗਣ ਤੇ ਫਿਰ ਏਕਸ ਨਾਲ ਚਿਤ ਲਾਉਣ ਦੀ ਜੁਗਤਿ ਹੈ:

ਹੁਕਮੁ ਬੁਝੈ ਸੋ ਜੋਗੀ ਕਹੀਐ ਏਕਸ ਸਿਉ ਚਿਤੁ ਲਾਏ॥
ਸਹਸਾ ਤੂਟੈ ਨਿਰਮਲੁ ਹੋਵੈ ਜੋਗ ਜੁਗਤਿ ਇਵ ਪਾਏ॥

(ਰਾਮਕਲੀ ਮ: ੩, ਪੰਨਾ 908)

ਅਸਲ ਵਿਚ ਜੋਗ ਵਾਹਿਗੁਰੂ ਜੀ ਨਾਲ ਮਿਲਾਪ ਕਰਾਉਂਦਾ ਹੈ ਤਾਂ ਅਵੱਸ਼ ਸਭਸ ਵਿਚ ਵਾਹਿਗੁਰੂ ਦੀ ਹੋਂਦ ਪ੍ਰਤੱਖ ਕਰ ਦਿਖਾਉਂਦਾ ਹੈ। ਐਸਾ ਜੋਗੀ ਤਾਂ ਅਵੱਸ਼ ਹੀ ਸਮ ਦ੍ਰਿਸ਼ਟੇਤਾ ਹੋ ਜਾਂਦਾ ਹੈ:

ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥

(ਸੂਹੀ ਮ: ੧, ਪੰਨਾ 730)

ਭਗਤਿ ਜੁਗਤਿ

ਗੁਰਮਤਿ ਵਿਚ ਸਭ ਤੋਂ ਸੌਖੀ ਜੁਗਤ ਭਗਤੀ ਦੀ ਜੁਗਤਿ ਦ੍ਰਿੜ੍ਹ ਕਰਵਾਈ ਗਈ ਹੈ। ਭਗਤੀ ਦਾ ਰੂਪ ਗੁਰਮਤਿ ਵਿਚ ਸਾਨੂੰ ਸੇਵਾ ਦੇ ਰੂਪ ਵਿਚ ਵੀ ਦਿਖਾਈ ਦਿੰਦਾ ਹੈ। ਗੁਰਮਤਿ ਵਿਚ ਸਾਨੂੰ ਸੇਵਾ ਦੇ ਰੂਪ ਵਿਚ ਵੀ ਦਿਖਾਈ ਦਿੰਦਾ ਹੈ। ਗੁਰਮਤਿ ਵਿਚ ਸੇਵਾ ਕਰਨ ਵਾਲਾ ਸੇਵਾਦਾਰ ਜੋ ਨਿਸ਼ਕਾਮਤਾ ਦੀ ਭਾਵਨਾ ਸਹਿਤ ਸੇਵਾ ਕਰਦਾ ਹੈ, ਉਹ ਵੀ ਪ੍ਰਪੱਕ ਨੂੰ ਪਾ ਲੈਂਦਾ ਹੈ:

(ੳ) **ਸੇਵਾ ਕਰਤ ਹੋਇ ਨਿਹਕਾਮੀ॥**
ਤਿਸ ਕਉ ਹੋਤ ਪਰਾਪਤਿ ਸੁਆਮੀ॥ *(ਗਉੜੀ ਸੁਖਮਨੀ ਮ: ੫, ਪੰਨਾ 286)*

(ਅ) **ਸੇਵਕ ਕਉ ਸੇਵਾ ਬਨਿ ਆਈ॥** *(ਗਉੜੀ ਸੁਖਮਨੀ ਮ: ੫, ਪੰਨਾ 292)*

ਗੁਰਮਤਿ ਵਿਚ ਪ੍ਰੇਮ ਦੀ ਜੁਗਤ ਨੂੰ ਮਹਾਨਤਾ ਪ੍ਰਾਪਤ ਹੈ। ਪ੍ਰੇਮ ਦੀ ਜੁਗਤਿ ਹੀ ਬੈਰਾਗ ਦੀ ਜੁਗਤਿ ਹੈ:

ਕਵਨ ਸੁ ਜੁਗਤਿ ਜਿਤੁ ਕਰਿ ਭੀਜੈ ॥ *(ਗਉੜੀ ਮ: ੫, ਪੰਨਾ 181)*

ਗੁਰਬਾਣੀ ਵਿਚ ਹੀ ਇਸ ਦਾ ਉੱਤਰ ਹੈ:

ਕਿਆ ਜਪੁ ਕਿਆ ਤਪੁ ਸੰਜਮੋ ਕਿਆ ਬਰਤੁ ਕਿਆ ਇਸਨਾਨੁ ॥
ਜਬ ਲਗੁ ਜੁਗਤਿ ਨ ਜਾਨੀਐ ਭਾਉ ਭਗਤਿ ਭਗਵਾਨ ॥
(ਗਉੜੀ ਕਬੀਰ ਜੀ, ਪੰਨਾ 337)

ਜਿੰਨੀ ਦੇਰ ਪਰਮਾਤਮਾ ਦੀ ਪ੍ਰੇਮਾ ਭਗਤਿ ਦੀ ਜੁਗਤੀ ਨਹੀਂ ਜਾਣੀ ਜਾਂਦੀ, ਜਪ-ਤਪ ਆਦਿ ਸਾਰੇ ਕਰਮ ਨਿਸਫਲ ਹਨ। ਗੁਰਬਾਣੀ ਵਿਚ ਜਗਿਆਸੂ ਦੀ ਅਵਸਥਾ ਬਿਆਨ ਕੀਤੀ ਗਈ ਹੈ। ਜਦੋਂ ਉਹ ਪੁੱਛਦਾ ਹੈ ਕਿ:

ਸਾਧੋ ਕਉਨ ਜੁਗਤਿ ਅਬ ਕੀਜੈ ॥ *(ਰਾਮਕਲੀ ਮਹਲਾ ੯, ਪੰਨਾ 902)*

ਉੱਤਰ ਮਿਲਦਾ ਹੈ:

ਜਾ ਤੇ ਦੁਰਮਤਿ ਸਗਲ ਬਿਨਾਸੈ ਰਾਮ ਭਗਤਿ ਮਨੁ ਭੀਜੈ ॥
(ਰਾਮਕਲੀ ਮਹਲਾ ੯, ਪੰਨਾ 902)

ਭਗਤ ਰਵਿਦਾਸ ਜੀ ਭਗਤ ਦੀ ਜੁਗਤਿ ਨੂੰ ਹੋਰ ਸਮਝਾਉਂਦੇ ਹਨ:

ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥
ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥
(ਗਉੜੀ ਰਵਿਦਾਸ ਜੀ, ਪੰਨਾ 346)

ਭਾਵ ਇਹ ਹੈ ਕਿ ਜਦੋਂ ਭਗਤੀ ਦੀ ਜੁਗਤੀ ਆ ਜਾਂਦੀ ਹੈ ਤਾਂ ਮਤ ਸੱਚ ਵਾਲੀ ਹੋ ਜਾਂਦੀ ਹੈ। ਜਦ ਭਰਮ ਦੇ ਬੰਧਨ ਤੇ ਵਿਕਾਰ ਕੱਟੇ ਜਾਂਦੇ ਹਨ ਤਾਂ ਜੀਵ ਹਰੀ ਵਿਚ ਵੱਸ ਕੇ ਮਨ ਦੇ ਪ੍ਰੇਮ ਨਾਲ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ ਤੇ ਨਿਰਗੁਣ ਸਰੂਪ ਵਾਹਿਗੁਰੂ ਦੇ ਗੁਣਾਂ ਵਿਚ ਮਗਨ ਹੋ ਜਾਂਦਾ ਹੈ। ਇਹੋ ਹੀ ਗੁਰਮਤਿ ਦੀ ਭਗਤੀ ਹੈ। ਇਹੋ ਹੀ ਸੱਚੀ ਜੁਗਤੀ ਹੈ:

ਗੁਰਮੁਖਿ ਭਗਤਿ ਜੁਗਤਿ ਸਚੁ ਸੋਇ ॥ *(ਆਸਾ ਮ: ੩, ਪੰਨਾ 364)*

ਇਸ ਦੀ ਪਛਾਣ ਵੀ ਕਿਸੇ ਗੁਰਮੁਖ ਜੋਗੀ ਨੂੰ ਹੀ ਹੁੰਦੀ ਹੈ:

ਗੁਰਮੁਖਿ ਜੋਗੀ ਜੁਗਤਿ ਪਛਾਣੈ ॥ *(ਰਾਮਕਲੀ ਮ: ੧, ਸਿਧ ਗੋਸਟਿ, ਪੰਨਾ 946)*

ਭਗਤੀ ਦੀ ਜੁਗਤਿ ਤਾਂ ਨਾਮ ਸਿਮਰਨ ਦੀ ਜੁਗਤਿ ਹੈ ਤੇ ਨਾਮ ਗੁਰੂ ਪਾਸੋਂ ਪ੍ਰਾਪਤ ਹੁੰਦਾ ਹੈ। ਜਿਸ ਗੁਰਸਿੱਖ ਨੇ ਗੁਰੂ ਪਾਸੋਂ ਨਾਮ ਪ੍ਰਾਪਤ ਕੀਤਾ ਹੈ ਤੇ ਫਿਰ ਰੱਜ ਕੇ ਨਾਮ ਦੀ ਕਮਾਈ ਕੀਤੀ ਹੈ, ਉਸੇ ਨੇ ਇਹ ਜੁਗਤਿ ਪ੍ਰਾਪਤ ਕੀਤੀ ਹੈ। ਗੁਰਮਤਿ ਅਨੁਸਾਰ ਉਹੀ ਅਸਲ ਜੋਗੀ ਹੈ।

ਭਗਤੀ ਦੀ ਜੁਗਤਿ ਤਾਂ ਪੂਰਬਲੇ ਕਰਮਾਂ ਸਦਕਾ ਗੁਰੂ ਕਿਰਪਾ ਤੋਂ ਹੀ ਪ੍ਰਾਪਤ

ਹੁੰਦੀ ਹੈ। ਬਹੁਤੇ ਕਰਮਹੀਣ ਤਾਂ ਇਸ ਪਾਸੇ ਵੱਲ ਮੂੰਹ ਹੀ ਨਹੀਂ ਕਰਦੇ। ਉਹਨਾਂ ਪ੍ਰਥਾਏ ਗੁਰੂ ਜੀ ਦਾ ਬਚਨ ਹੈ:

ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ॥

(ਆਸਾ ਧੰਨਾ ਜੀ, ਪੰਨਾ 487)

ਗੁਰੂ ਸਾਹਿਬ ਤਾਂ ਇਥੋਂ ਤਕ ਵੀ ਫ਼ੁਰਮਾਣ ਕਰਦੇ ਹਨ ਕਿ ਭਗਤੀ ਲਈ ਘਰ-ਬਾਰ ਛੱਡ ਦਿੰਦਾ ਹੈ, ਅਵਧੂਤ ਬਣ ਜਾਂਦਾ ਹੈ, ਜੰਗਲਾਂ ਵਿਚ ਚਲਾ ਜਾਂਦਾ ਹੈ ਤੇ ਇੰਨਾ ਕੁਝ ਕਰਨ ਦੇ ਬਾਅਦ ਵੀ ਜੁਗਤੀ ਨਹੀਂ ਆਉਂਦੀ:

ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥

(ਵਾਰ ਆਸਾ ਮ: ੧, ਪੰਨਾ 469)

ਜੋਗੀਆਂ ਵਾਲਾ ਭੇਖ ਤਾਂ ਧਾਰਨ ਕਰ ਲੈਂਦੇ ਹਨ, ਪਰ ਵਿੱਚੋਂ ਜੁਗਤਿ ਤੋਂ ਸੱਖਣੇ ਹੁੰਦੇ ਹਨ ਤਾਂ ਉਹਨਾਂ ਨੂੰ ਜੁਗਤਿ ਦਾ ਪਤਾ ਹੀ ਨਹੀਂ ਹੁੰਦਾ ਤੇ ਭੇਖੀਆਂ ਵਾਂਗ ਸਿਰ ਵਿਚ ਸੁਆਹ ਪਵਾ ਲੈਂਦੇ ਹਨ:

ਜੋਗੁ ਨ ਪਾਇਆ ਜੁਗਤਿ ਗਵਾਈ॥
ਕਿਤੁ ਕਾਰਣਿ ਸਿਰਿ ਛਾਈ ਪਾਈ॥ *(ਵਾਰ ਰਾਮਕਲੀ, ਮ: ੧, ਪੰਨਾ 951)*

ਪੂਰਨ ਜੁਗਤਿ ਲਈ ਸੱਚੇ ਗੁਰੂ ਅੱਗੇ ਆਤਮ ਸਮਰਪਣ ਕਰਨਾ ਪੈਂਦਾ ਹੈ। ਆਤਮ ਪਰਾਇਣ ਹੋ ਕੇ ਗੁਰੂ ਦੀ ਭਗਤੀ ਵਿਚ ਲੀਨ ਹੋਣਾ ਚਾਹੀਏ, ਫਿਰ ਕਿਸੇ ਵੀ ਪ੍ਰਕਾਰ ਦੇ ਬਾਹਰੀ ਕਰਮ-ਕਾਂਡ ਕਰਨ ਦੀ ਘਰ-ਬਾਰ ਤਿਆਗਣ ਦੀ ਲੋੜ ਨਹੀਂ ਪੈਂਦੀ। ਜਦੋਂ ਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਪੂਰਨ ਜੁਗਤਿ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਜਗਿਆਸੂ ਪੂਰਨ ਜੁਗਤਿ ਨਾਲ ਕਮਾਈ ਕਰਦਾ ਹੋਇਆ ਹੱਸਦਿਆਂ, ਖੇਡਦਿਆਂ, ਖਾਂਦਿਆਂ, ਪੀਂਦਿਆਂ, ਪੁਸ਼ਾਕਾਂ ਪਹਿਨਦਿਆਂ ਸੁੱਖ ਮਾਣਦਿਆਂ ਮੁਕਤੀ ਪ੍ਰਾਪਤ ਹੁੰਦੀ ਹੈ:

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥

(ਵਾਰ ਗੂਜਰੀ ਮ: ੫, ਪੰਨਾ 522)

ਮੁਕਤੀ ਦੇ ਨਾਲ ਭੁਗਤੀ ਸੰਸਾਰਕ ਸੁੱਖਾਂ ਨੂੰ ਸ਼ੁਕਰਾਨੇ ਵਿਚ ਭੋਗਣ ਦੀ ਵਿਧੀ ਵੀ ਇਹੋ ਹੀ ਹੈ। ਇਸ ਪੂਰਨ ਵਿਧੀ ਨਾਲ ਸਰੀਰਕ, ਮਾਨਸਿਕ ਤੇ ਅਧਿਆਤਮਕ ਸਭ ਪ੍ਰਕਾਰ ਦੇ ਸੁੱਖਾਂ ਦੀ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ:

ਮੁਕਤਿ ਭੁਗਤਿ ਜੁਗਤਿ ਸਚੁ ਪਾਈਐ ਸਰਬ ਸੁਖਾ ਕਾ ਦਾਤਾ॥

(ਸੋਰਠਿ ਮ: ੫, ਪੰਨਾ 611)

ਜਦੋਂ ਪਰਮਾਤਮਾ ਦੀ ਕਿਰਪਾ ਨਾਲ ਸੁੱਖਾਂ ਦੀ ਸੰਤੁਸ਼ਟੀ ਹੋ ਜਾਂਦੀ ਹੈ ਤਾਂ ਮਨ ਸੁੱਖਾਂ ਦੇ ਸ੍ਰੋਤ ਨਾਲ ਜੁੜਦਾ ਹੈ। ਉਦੋਂ ਪ੍ਰਤੀਤ ਹੁੰਦਾ ਹੈ ਕਿ ਸਾਰੇ ਸੁੱਖ ਪਰਮਾਤਮਾ ਦੀ ਆਗਿਆ ਦੁਆਰਾ ਹੀ ਪ੍ਰਾਪਤ ਹੁੰਦੇ ਹਨ। ਜਦੋਂ ਪਰਮਾਤਮਾ ਦੇ ਹੁਕਮ ਅੱਗੇ ਆਤਮ ਸਮਰਪਣ ਕਰੀਏ ਤਾਂ ਸੁੱਖਾਂ ਵਿੱਚੋਂ ਨਹੀਂ, ਬਲਕਿ ਪਰਮਾਤਮਾ ਦੀ ਆਗਿਆ

ਪਾਲਣ ਵਿੱਚੋਂ ਹੀ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਤਦੋਂ ਸੁੱਖ ਹੀ ਨਹੀਂ, ਬਲਕਿ ਸੁੱਖ-ਦੁੱਖ ਸਭ ਪਰਮਾਤਮਾ ਦੀ ਦਾਤ ਹੀ ਪ੍ਰਤੀਤ ਹੁੰਦੇ ਹਨ:

ਕੇਤਿਆ ਦੂਖ ਭੂਖ ਸਦ ਮਾਰ ॥
ਏਹਿ ਭਿ ਦਾਤਿ ਤੇਰੀ ਦਾਤਾਰ ॥

(ਜਪੁ ਜੀ, ਪੰਨਾ 5)

ਇਸ ਅਵਸਥਾ ਵਿਚ ਮਨ ਦੁੱਖ ਸੁੱਖ ਤੋਂ, ਹਰਖ ਸੋਗ ਤੋਂ, ਮਾਨ ਅਪਮਾਨ ਤੋਂ, ਉਸਤਤ ਨਿੰਦਾ ਤੋਂ, ਆਸ਼ਾ ਨਿਰਾਸ਼ਾ ਤੋਂ ਉਪਰ ਉੱਠ ਜਾਂਦਾ ਹੈ। ਜਦੋਂ ਲਿਵ ਪ੍ਰਭੂ ਚਰਨਾਂ ਵਿਚ ਜੁੜ ਜਾਂਦੀ ਹੈ ਤਾਂ ਮਨ ਸਹਿਜ ਅਵਸਥਾ ਵਿਚ ਵਿਚਰਦਾ ਹੈ। ਐਸੇ ਮਨੁੱਖ ਦੀ ਅਵਸਥਾ ਗੁਰਬਾਣੀ ਵਿਚ ਇਉਂ ਅੰਕਿਤ ਕੀਤੀ ਗਈ ਹੈ:

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸ ॥

(ਸੋਰਠਿ ਮ: ੯, ਪੰਨਾ 633)

ਐਸੀ ਜੁਗਤਿ ਪੂਰਨ ਗੁਰੂ ਦੀ ਕਿਰਪਾ ਨਾਲ ਹੀ ਪਛਾਣੀ ਜਾਂਦੀ ਹੈ ਤੇ ਜਦ ਇਸ ਦੀ ਪਛਾਣ ਹੋ ਜਾਂਦੀ ਹੈ ਤਾਂ ਲਗਾਤਾਰ ਅਭਿਆਸ ਵਿਚ ਆਤਮਾ ਦੀ ਪਰਮਾਤਮਾ ਵਿਚ ਅਭੇਦਤਾ ਹੋ ਜਾਂਦੀ ਹੈ ਤਾਂ ਗੁਰੂ ਜੀ ਫ਼ੁਰਮਾਉਂਦੇ ਹਨ:

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥

(ਸੋਰਠਿ ਮ: ੯, ਪੰਨਾ 633)

ਇਸੇ ਜੁਗਤਿ ਨੂੰ ਉਦਾਸੀ ਸੰਪ੍ਰਦਾ ਵਿਚ ਵੀ ਪ੍ਰਵਾਨ ਕੀਤਾ ਗਿਆ ਹੈ। ਇਸੇ ਜੁਗਤਿ ਬਾਰੇ ਬਾਬਾ ਸ੍ਰੀ ਚੰਦ ਜੀ ਫ਼ੁਰਮਾਉਂਦੇ ਹਨ:

ਨਾਨਕ ਪੂਤਾ ਸ੍ਰੀ ਚੰਦ ਬੋਲੇ।
ਜੁਗਤਿ ਪਛਾਣੈ ਸੋ ਤਤ ਵਿਰੋਲੇ।

ਅਧਿਆਇ ਨੌਂਵਾਂ

ਉਦਾਸੀ ਸੰਤਾਂ ਦਾ ਸਿੱਖ ਧਰਮ ਦੇ ਪ੍ਰਚਾਰ ਵਿਚ ਯੋਗਦਾਨ

ਪੁਰਾਤਨ ਸਮੇਂ ਅੰਦਰ ਸਿੱਖ ਧਰਮ ਦਾ ਪ੍ਰਚਾਰ ਕਰਨਾ ਉਦਾਸੀ, ਨਿਰਮਲੇ ਤੇ ਸੇਵਾ-ਪੰਥੀ ਸੰਪ੍ਰਦਾਵਾਂ ਆਪਣਾ ਪਰਮ ਕਰਤੱਵ ਸਮਝਦੀਆਂ ਸਨ ਜਾਂ ਅਸੀਂ ਇਉਂ ਵੀ ਕਹਿ ਸਕਦੇ ਹਾਂ ਕਿ ਇਹਨਾਂ ਸੰਪ੍ਰਦਾਵਾਂ ਦੇ ਸਾਧੂ ਆਪਣੇ ਜੀਵਨ ਦੇ ਸੁੱਖ ਆਰਾਮ ਤਿਆਗ ਕੇ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਬੇਅੰਤ ਪ੍ਰਕਾਰ ਦੇ ਯਤਨ ਕਰਦੇ ਸਨ। ਪਿੰਡਾਂ ਵਿਚ ਸਥਿਤ ਡੇਰਿਆਂ ਤੇ ਉਦਾਸੀ ਸੰਤ ਨਿਵਾਸ ਕਰਦੇ ਸਨ। ਬਹੁਤ ਸਾਰੇ ਇਤਿਹਾਸਕ ਗੁਰਦੁਆਰਿਆਂ ਵਿਚ ਵੀ ਉਦਾਸੀ ਸੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ-ਸੰਭਾਲ ਕਰਦੇ ਸਨ। ਇਹਨਾਂ ਡੇਰਿਆਂ ਵਿਚ ਅਤੇ ਗੁਰਦੁਆਰਿਆਂ ਵਿਚ ਕਥਾ ਵਾਰਤਾ ਕਰਦੇ ਸਨ। ਇਹਨਾਂ ਸੰਤਾਂ ਤੋਂ ਅਨੇਕਾਂ ਹੀ ਸਿੱਖ ਵਿਦਿਆਰਥੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਲੈਂਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਉਦਾਸੀ ਸੰਤਾਂ ਦੇ ਡੇਰੇ ਹੀ ਵਿੱਦਿਆ ਕੇਂਦਰ ਹੁੰਦੇ ਸਨ। *ਸ੍ਰੀ ਦਸਮ ਗ੍ਰੰਥ, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਦੇ ਪਾਠ ਦੇ ਅਰਥ ਇਹਨਾਂ ਪਾਸੋਂ ਸਿੱਖਦੇ ਸਨ। ਇਹ ਸੰਪ੍ਰਦਾਵਾਂ ਸੱਚਮੁੱਚ ਗੁਰਮਤਿ ਸਿੱਖਿਆ ਦੇ ਕੇਂਦਰ ਸਨ। ਉਦਾਸੀ ਸੰਤ ਐਸੇ ਵੀ ਹੋਏ ਜਿਨ੍ਹਾਂ ਨੇ ਜਨਮਸਾਖੀਆਂ, ਪਰਮਾਰਥ ਟੀਕੇ ਤੇ ਗੁਰ-ਇਤਿਹਾਸ ਦੇ ਮੁੱਢਲੇ ਗ੍ਰੰਥ ਲਿਖ ਕੇ ਕਲਮ ਰਾਹੀਂ ਬਹੁਤ ਸੇਵਾ ਕੀਤੀ। ਬਾਬਾ ਸੇਵਾ ਦਾਸ ਨੇ 1741 ਈ. ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕ੍ਰਾਂਤੀਕਾਰੀ ਚਿਤਰਣ ਨਿਰਭੈ ਹੋ ਕੇ *ਪਰਚੀ ਪਾਤਸ਼ਾਹੀ ਦਸਵੀਂ ਜੀ ਕੀ* ਵਿਚ ਚਿਤਰਿਆ। ਉੱਨ੍ਹੀਵੀਂ ਸਦੀ ਵਿਚ ਮਹਾਤਮਾ ਸੰਤਰੇਣ ਜੀ ਨੇ ਗੁਰੂ ਨਾਨਕ ਸਾਹਿਬ ਬਾਰੇ ਅਦੁੱਤੀ ਮਹਾਂਕਾਵਿ *ਸ੍ਰੀਮਤ ਨਾਨਕ ਵਿਜਯ ਗ੍ਰੰਥ* ਰਚਿਆ, ਜੋ ਕਿ ਆਪਣੀ ਮਿਸਾਲ ਹੈ। ਸਾਧੂ ਅਨੰਦਘਣ ਨੇ ਮੁੱਖ ਬਾਣੀਆਂ ਦੇ ਟੀਕੇ ਲਿਖੇ। ਸਭ ਤੋਂ ਪਹਿਲਾਂ ਜਪੁਜੀ ਦਾ ਟੀਕਾ ਸਾਧੂ ਅਨੰਦਘਣ ਨੇ ਹੀ ਕੀਤਾ ਸੀ। ਸੰਤ ਸੂਤੇ ਪ੍ਰਕਾਸ਼ (1898 ਈ.) ਤੇ ਸੰਤ ਗੋਵਿੰਦ ਦਾਸ ਦੇ ਪ੍ਰਯਾਇ ਵੀ ਪ੍ਰਸਿੱਧ ਹਨ, ਜਿਨ੍ਹਾਂ ਰਾਹੀਂ ਉਹਨਾਂ ਨੇ ਗੁਰਬਾਣੀ ਦੀ ਵਿਆਖਿਆ ਕੀਤੀ ਹੈ। ਰਤਨ ਹਰਿ ਸਾਧੂ ਨੇ *ਨਾਨਕ ਚੰਦ ਚੰਦ੍ਰਿਕਾ* ਲਿਖ ਕੇ ਕੀਰਤੀ ਪਾਈ। ਹਰੀ ਦਾਸ ਦੁਆਬੇ ਦੇ ਰਹਿਣ ਵਾਲੇ ਸੰਤ ਨੇ *ਕੁੰਡਲੀਏ ਗਿਰਧਰ ਰਾਏ* ਤੇ *ਅਨੁਭਵ ਸ਼ਤਕ* ਵਰਗੇ ਗ੍ਰੰਥਾਂ ਦੀ ਰਚਨਾ ਕੀਤੀ। ਸਾਧੂ ਅਮੀਰ ਦਾਸ ਨੇ ਕਈ ਨਾਮੀ ਵੈਦਿਕ ਗ੍ਰੰਥਾਂ ਤੋਂ ਇਲਾਵਾ ਇਤਿਹਾਸਕ ਰਚਨਾ *ਸ਼ੇਰ ਸਿੰਘ ਪ੍ਰਕਾਸ਼* ਵੀ ਲਿਖਿਆ। ਸਾਧੂ ਈਸ਼ਰ ਦਾਸ ਤੇ ਸਾਧੂ ਸਦਾ ਰਾਮ ਵਰਗੇ

ਮਹਾਨ ਕਿੱਸਾਕਾਰ ਵੀ ਹੋਏ। ਰੋਪੜ ਵਾਲੇ ਉਦਾਸੀ ਸੰਤ ਬਿਸ਼ਨ ਦਾਸ ਜੀ ਦਾ *ਗਹਿਰ ਗੰਭੀਰ ਗ੍ਰੰਥ* ਤੇ *ਗੁਰੂ ਬੰਸਾਵਲੀ* ਪ੍ਰਸਿੱਧ ਹੈ। ਸਾਧੂ ਸਦਾ ਨੰਦ ਜੀ ਨੇ ਜਪੁਜੀ ਦਾ ਟੀਕਾ ਕੀਤਾ। ਉਦਾਸੀ ਸੰਤਾਂ ਨੇ ਜਿਥੇ ਪੰਜਾਬੀ ਹਿੰਦੀ ਵਿਚ ਗ੍ਰੰਥਾਂ ਦੀ ਰਚਨਾ ਕੀਤੀ, ਉਥੇ ਨਾਲ ਦੀ ਨਾਲ ਸੰਸਕ੍ਰਿਤ ਵਿਚ ਵੀ ਗ੍ਰੰਥਾਂ ਦੀ ਰਚਨਾ ਕਰ ਕੇ ਆਪਣੀ ਵਿਦਵਤਾ ਦੀ ਧਾਂਕ ਜਮਾਈ।

ਹਰੀਪੁਰ ਹਜ਼ਾਰੇ ਦੇ ਜੰਮਪਲ ਖੱਤਰੀ ਪੁੱਤਰ ਸਵਾਮੀ ਕੇਸ਼ਵਾਨੰਦ ਰਚਿਤ *ਅਦਭੁੱਤ ਗੀਤਾ* (1901) ਤੇ *ਨਿਰਾਕਾਰ ਮੀਮਾਂਸਾ* (1902) ਵਰਗੇ ਸੰਸਕ੍ਰਿਤ ਗ੍ਰੰਥ ਰਚੇ, ਜਿਨ੍ਹਾਂ ਨੂੰ ਵਾਚਣ ਦੀ ਖ਼ਾਸ ਲੋੜ ਹੈ। ਇਹਨਾਂ ਵਿਚ ਗੁਰੂ ਵਿਚਾਰਧਾਰਾ ਨੂੰ ਖੱਟ ਦਰਸ਼ਨ ਵਾਲੀ ਪ੍ਰਸਿੱਧ ਸ਼ੈਲੀ ਸੂਤ੍ਰ, ਬਿਰਤੀ ਵਾਰਤਕ ਤੇ ਵਿਆਖਿਆ ਰਾਹੀਂ ਭਾਰਤੀ ਦਰਸ਼ਨ ਪੱਧਤੀ ਦੀ ਕਤਾਰ ਵਿਚ ਖੜਾ ਕੀਤਾ ਗਿਆ ਹੈ। ਸੁਆਮੀ ਸਚਿਦਾਨੰਦ ਤੇ ਪੰਡਿਤ ਕ੍ਰਿਸ਼ਨ ਦਾਸ ਵਰਗੇ ਵਿਦਵਾਨਾਂ ਨੇ 1915 ਈ. ਵਿਚ *ਗੁਰੂ ਨਾਨਕ ਸਤ੍ਰੋਤ ਰਤਨਾਕਰ* ਸੰਕਲਿਤ ਤੇ ਪ੍ਰਕਾਸ਼ਿਤ ਕੀਤਾ, ਜੋ ਕਿ ਗੁਰੂ ਮਹਿਮਾ ਨਾਲ ਭਰਪੂਰ ਹੈ। ਪੰਡਿਤ ਹਰਿਪ੍ਰਸਾਦ ਵੈਦਿਕ ਮੁਨੀ ਨੇ *ਜਪੁ ਸੰਹਿਤਾ* (ਦੂਜੀ ਛਾਪ - 1933 ਈ.) ਸੰਸਕ੍ਰਿਤ ਟੀਕਾ ਰਚਿਆ ਤੇ ਇਸ ਵਿਚ ਥਾਂ ਥਾਂ ਵੇਦ ਮੰਤਰਾਂ ਦੇ ਪ੍ਰਮਾਣ ਦੇ ਕੇ ਹਿੰਦੀ ਵਿਆਖਿਆ ਵੀ ਕੀਤੀ ਹੈ। ਸੰਤ ਅਰਜਨ ਸਿੰਘ ਮੁਨੀ ਨੇ ਗੁਰੂ ਗ੍ਰੰਥ ਸਾਹਿਬ ਦਾ ਹਿੰਦੀ ਟੀਕਾ ਆਰੰਭ ਕੀਤਾ ਸੀ। ਗੰਗੇਸ੍ਵਰਾਨੰਦ ਉੱਚ ਕੋਟੀ ਦਾ ਵਿਦਵਾਨ ਸੀ। ਉਹਨਾਂ ਨੇ *ਸ੍ਰੋਤ ਮੁਨੀ ਚਰਿਤਾਮ੍ਰਿਤ* ਲਿਖਿਆ। ਇਹਨਾਂ ਨੇ ਚਾਰ ਵੇਦਾਂ ਦਾ ਸੰਪਾਦਨ ਕਰ ਕੇ ਇਸ ਨੂੰ ਨਵੇਂ ਰੂਪ ਵਿਚ ਸਥਾਪਨ ਕੀਤਾ। ਹਿੰਦੂ ਸਮਾਜ ਵਿਚ ਚੰਗੀ ਕੀਰਤੀ ਪਾਈ।

ਮਾਲਵੇ ਦੀ ਧਰਤੀ ਤੋਂ ਕਈ ਐਸੇ ਵਿਦਵਾਨ ਸਾਧੂ ਹੋਏ, ਜੋ ਕਿ ਗ਼ਰੀਬ ਘਰਾਂ ਦੇ ਸਨ। ਉਹਨਾਂ ਨੇ ਵਿੱਦਿਆ ਗ੍ਰਹਿਣ ਕਰ ਕੇ ਬਹੁਤ ਮਾਣ ਵਡਿਆਈ ਪ੍ਰਾਪਤ ਕੀਤੀ। ਉਹਨਾਂ ਬਾਰੇ ਵਿਸਥਾਰ ਵਿਚ ਜਾਣਕਾਰੀ ਬਹੁਤ ਘੱਟ ਮਿਲਦੀ ਹੈ, ਕਿਉਂਕਿ ਉਹ ਆਪਣੇ ਨਾਂਵ ਤੇ ਥਾਂਵ ਬਦਲ ਬਦਲ ਕੇ ਵਿਚਰਦੇ ਰਹੇ।

ਬਾਬਾ ਸੰਤੋਖ ਦਾਸ ਜੀ ਅਤੇ ਬਾਬਾ ਪ੍ਰੀਤਮ ਦਾਸ ਜੀ ਆਦਿ ਮਹਾਤਮਾ ਉਦਾਸੀ ਅਖਾੜਿਆਂ ਦੇ ਮੁਖੀ ਸੰਸਥਾਪਕ ਹੋਏ। ਬਾਬਾ ਪ੍ਰੀਤਮ ਦਾਸ ਜੀ ਨੇ ਪ੍ਰਯਾਗ ਰਾਜ ਵਿਖੇ ਬੜਾ ਉਦਾਸੀਨ ਅਖਾੜੇ ਦੀ ਸਥਾਪਨਾ ਕੀਤੀ। ਫਿਰ ਹਰਿਦੁਆਰ ਵਿਖੇ ਵੀ ਉਦਾਸੀਨ ਅਖਾੜੇ ਦੀ ਸਥਾਪਨਾ ਕੀਤੀ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਜੋਗੀ ਮਾਜਰੇ ਦੇ ਵਸਨੀਕ ਉਦਾਸੀ ਸਾਧੂ, ਜੋ ਪਿੱਛੋਂ ਤੋਤਾ ਪੁਰੀ ਨਾਂ ਨਾਲ ਮਸ਼ਹੂਰ ਹੋਏ, ਸਵਾਮੀ ਵਿਵੇਕਾਨੰਦ ਦੇ ਗੁਰੂ ਰਾਮ ਕ੍ਰਿਸ਼ਨ ਨੂੰ ਦੀਖਸ਼ਤ ਕਰ ਕੇ ਪਰਮਾਰਥ ਵੱਲ ਪ੍ਰੇਰਿਤ ਕੀਤਾ ਸੀ। ਬਾਬਾ ਪ੍ਰੀਤਮ ਦਾਸ ਜੀ ਨੇ 1836 ਬਿ: ਵਿਚ 'ਪੰਚਾਇਤੀ ਅਖਾੜਾ ਉਦਾਸੀਨ' ਪ੍ਰਯਾਗ ਵਿਖੇ ਕਾਇਮ ਕੀਤਾ। ਇਸ ਦਾ ਸਾਜ਼ੋ-ਸਾਮਾਨ ਤੇ ਅਸਥਾਨ ਬਣਾਉਣ ਲਈ ਹੈਦਰਾਬਾਦ ਦੇ ਵਜ਼ੀਰ ਸ੍ਰੀ ਚੰਦੂ ਲਾਲ ਦੇ ਚਾਚੇ ਸ੍ਰੀ ਨਾਨਕ ਚੰਦ ਨੇ ਉਦਾਸੀ ਸੰਤਾਂ ਨੂੰ ਸੱਤ ਲੱਖ ਰੁਪਈਆ ਦਾਨ ਦਿੱਤਾ। 1840 ਬਿ: ਵਿਚ ਦਰਬਾਰ ਸਾਹਿਬ ਦੀ ਹੰਸਲੀ ਦੀ ਸੇਵਾ ਵੀ ਕਰਵਾਈ।

ਸਿੱਖ ਧਰਮ ਦਾ ਪ੍ਰਚਾਰ ਕਰਨਾ ਹੀ ਉਦਾਸੀ ਸੰਪ੍ਰਦਾ ਨੂੰ ਹੋਂਦ ਵਿਚ ਲਿਆਉਣ ਦਾ ਮੂਲ ਕਾਰਨ ਹੈ। ਧੂਣਿਆਂ ਅਤੇ ਬਖ਼ਸ਼ਿਸ਼ਾਂ ਦੀ ਵਿਵਸਥਾ ਨਾਲ ਉਦਾਸੀ ਸਾਧੂ ਧਰਮ ਪ੍ਰਚਾਰ ਦੇ ਮੂਲ ਉਦੇਸ਼ ਨੂੰ ਨਿਭਾਉਣ ਲਈ ਪੂਰੀ ਤਰ੍ਹਾਂ ਤਤਪਰ ਰਹਿੰਦੇ ਸਨ। ਸਿੱਖ ਧਰਮ ਦੇ ਵਿਕਾਸ ਵਿਚ ਉਦਾਸੀ ਸੰਤਾਂ ਦੀ ਜੋ ਦੇਣ ਹੈ, ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਦਾਸੀ ਸੰਤਾਂ ਕਰਕੇ ਹੀ ਅੱਜ ਸਾਡੇ ਕੋਲ ਬਹੁਤ ਸਾਰੇ ਇਤਿਹਾਸਕ ਗੁਰਧਾਮ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਜਿੰਨੇ ਵੀ ਗੁਰਧਾਮ ਬਣੇ, ਦੇਸ਼-ਵਿਦੇਸ਼ ਵਿਚ ਜਿਥੇ ਵੀ ਬਣੇ, ਉਹਨਾਂ ਦੀ ਸੇਵਾ-ਸੰਭਾਲ ਉਦਾਸੀ ਸੰਤਾਂ ਨੇ ਕੀਤੀ। ਆਪਣੇ ਘਰ-ਬਾਰ ਤਿਆਗ ਕੇ ਇਹਨਾਂ ਉਦਾਸੀ ਸੰਤਾਂ ਨੇ ਜਨਮਸਾਖੀਆਂ ਵਿਚ ਦੱਸੇ ਅਸਥਾਨਾਂ ਅਤੇ ਉਥੋਂ ਦੇ ਨਿਵਾਸੀਆਂ ਤੋਂ ਪੁੱਛ-ਪੜਤਾਲ ਕਰ ਕੇ ਗੁਰਧਾਮਾਂ ਦੀ ਉਸਾਰੀ ਕਰਵਾਈ ਅਤੇ ਉਥੇ ਕਥਾ-ਵਾਰਤਾ ਦੀ ਵਿਵਸਥਾ ਕਰ ਕੇ ਗੁਰੂ ਨਾਨਕ ਦੇਵ ਜੀ ਦੀ ਧਾਰਮਿਕਤਾ ਨੂੰ ਦੂਰ ਦੂਰ ਤਕ ਪਹੁੰਚਾਇਆ ਅਤੇ ਸਿੱਖ ਪੰਥ ਦਾ ਸਮੁੱਚੇ ਦੇਸ਼ ਵਿਚ ਵਿਸਤਾਰਣ ਕੀਤਾ। ਇਹ ਕੰਮ ਇਨ੍ਹਾਂ ਉਦਾਸੀ ਸੰਤਾਂ ਤੋਂ ਹੀ ਸੰਭਵ ਹੋ ਸਕਦਾ ਸੀ। ਸਿੱਖ ਤਾਂ ਜੰਗਾਂ-ਯੁੱਧਾਂ ਵਿਚ ਲੱਗੇ ਹੋਏ ਸਨ। ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪਏ ਤਾਂ ਘਰ-ਬਾਰ ਤਿਆਗ ਕੇ ਜੰਗਲਾਂ ਵਿਚ ਜਾਂ ਪਹਾੜਾਂ ਵਿਚ ਲੁੱਕ ਕੇ ਜੀਵਨ ਬਤੀਤ ਕਰਦੇ ਰਹੇ। ਪਰੰਤੂ ਉਦਾਸੀ ਸੰਤ ਉਸ ਵਕਤ ਗੁਰੂ ਘਰਾਂ ਦੀ ਦੇਖਭਾਲ ਕਰਦੇ ਰਹੇ ਤੇ ਨਾਲ ਹੀ ਉਦਾਸੀ ਸੰਤ ਸਿੱਖਾਂ ਤਕ ਮੁਗ਼ਲ ਹਾਕਮਾਂ ਦੀਆਂ ਕਾਰਵਾਈਆਂ ਦੀ ਖ਼ਬਰ ਵੀ ਪਹੁੰਚਾਉਂਦੇ ਸਨ। ਦਰਬਾਰ ਸਾਹਿਬ ਜੋਤਿ ਜਗਾਉਣ ਦੀ ਸੇਵਾ ਇਹੀ ਉਦਾਸੀ ਸੰਤ ਕਰਦੇ ਰਹੇ ਹਨ। ਉਦਾਸੀ ਸੰਤਾਂ ਨੇ ਗੁਰਮਤਿ ਵਿੱਦਿਆ ਦਾ ਦੂਰ ਦੂਰ ਤਕ ਪ੍ਰਚਾਰ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ, ਪੰਜ ਗ੍ਰੰਥੀਆਂ ਅਤੇ ਜਨਮਸਾਖੀਆਂ ਲਿਖਵਾ ਕੇ ਡੇਰਿਆਂ ਵਿਚ ਸਥਾਪਤ ਕੀਤੀਆਂ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਿੱਖਾਂ ਵਿਚ ਬਹੁਤ ਹੀ ਬਿਖੜਾ ਸਮਾਂ ਸੀ। ਉਸ ਸਮੇਂ ਉਦਾਸੀ ਸੰਤਾਂ ਨੇ ਗੁਰਧਾਮਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਿੱਖੀ ਨੂੰ ਸੰਭਾਲੀ ਰੱਖਿਆ। ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਸਿੱਖ ਪੰਥ ਸਾਰੇ ਭਾਰਤ ਦੇਸ਼ ਅਤੇ ਵਿਦੇਸ਼ਾਂ ਤਕ ਫੈਲ ਚੁੱਕਾ ਸੀ। ਉਦਾਸੀ ਸੰਤਾਂ ਨੇ ਇਸ ਨੂੰ ਹੋਰ ਵੀ ਫੈਲਾਇਆ। ਬਾਰੂ ਤੋਂ ਲੈ ਕੇ ਲੰਕਾ, ਆਸਾਮ, ਬੰਗਾਲ ਆਦਿ ਉਦਾਸੀ ਡੇਰਿਆਂ ਨੂੰ ਪ੍ਰਫੁੱਲਤ ਕੀਤਾ। ਅਠਾਰ੍ਹਵੀਂ ਸਦੀ ਵਿਚ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ, ਗੁਰਦੁਆਰੇ ਢਾਹੇ ਜਾ ਰਹੇ ਸਨ, ਉਨ੍ਹਾਂ ਸਮਿਆਂ ਵਿਚ ਵੀ ਉਦਾਸੀ ਸੰਤਾਂ ਨੇ ਸਿੱਖੀ ਨੂੰ ਢਾਹ ਨਹੀਂ ਲੱਗਣ ਦਿੱਤੀ। ਉਹ ਸਮੇਂ ਅਜਿਹੇ ਸਨ, ਜਦੋਂ ਕੋਈ ਸਿੱਖ ਦੀ ਸੂਹ ਵੀ ਦਿੰਦਾ ਸੀ ਤਾਂ ਉਸ ਨੂੰ ਹਕੂਮਤ ਵੱਲੋਂ ਭਾਰੀ ਇਨਾਮ ਦਿੱਤਾ ਜਾਂਦਾ ਸੀ। ਅੰਤ ਕਲਿਆਣ ਦਾਸ ਜੀ ਨੇ ਉਸ ਸਮੇਂ ਦੀ ਤਸਵੀਰ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ ਕਿ ਵੇਖੋ "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਤ ਲਛਮਣ ਦਾਸ ਬੰਦੇ ਬਹਾਦਰ ਜੀ ਨੂੰ ਸਿੰਘਾਂ ਦੇ ਜਥੇਦਾਰ ਬਣਾ ਕੇ ਭੇਜਿਆ ਤੇ ਉਸ ਨੇ ਆ ਕੇ ਵਕਤ ਦੀ ਸਰਕਾਰ ਨੂੰ ਪੰਜਾਬ ਵਿੱਚੋਂ ਖ਼ਤਮ ਕਰ ਦਿੱਤਾ ਅਤੇ ਫੇਰ ਸਿੰਘਾਂ ਨੂੰ ਨਾਲ ਮਿਲਾ ਕੇ ਬੰਦੇ ਬਹਾਦਰ

ਜੀ ਨੂੰ ਮਾਰ ਦਿੱਤਾ ਅਤੇ ਫੇਰ ਸਿੰਘਾਂ ਵੱਲ ਹੋ ਗਏ ਤੇ ਸਿੰਘਾਂ ਦੇ ਘਰ ਲੁੱਟ ਕੇ ਜੰਗਲ ਵੱਲ ਭੇਜ ਦਿੱਤੇ। ਉਸ ਵੇਲੇ ਦੀਆਂ ਇਹ ਲਿਖਤਾਂ ਨੇ :

ਦੱਸਣ ਵਾਲੇ ਦਸ ਰੁਪਏ ਔ ਮਾਰਨ ਵਾਲਾ ਪਚਾਸ।
ਯਹ ਲਾਲਚ ਤੁਰਕਨ ਦਯੋ, ਤਬ ਬਹੁਤ ਸਿੰਘਨ ਭਯੋ ਨਾਸ॥੧੫॥

(ਸਾਖੀ ਖਾਨੂੰ ਨਵਾਬ ਦੀ)

ਅਜਿਹੇ ਬਿਖੜੇ ਸਮੇਂ ਵਿਚ ਉਦਾਸੀ ਸੰਤਾਂ ਨੇ ਸਿੱਖੀ ਨੂੰ ਬਚਾਈ ਰੱਖਣ ਵਿਚ ਮਹੱਤਵਪੂਰਣ ਭੂਮਿਕਾ ਨਿਭਾਈ, ਬਲਕਿ ਸਿੱਖੀ ਧਰਮ ਨੂੰ ਫੈਲਾਉਣ ਵਿਚ ਵੀ ਅਹਿਮ ਯੋਗਦਾਨ ਪਾਇਆ।

ਜਦੋਂ ਮਿਸਲਾਂ ਦਾ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆਇਆ ਤਾਂ ਉਸ ਸਮੇਂ ਵੀ ਗੁਰਦੁਆਰਿਆਂ ਅਤੇ ਡੇਰੇ ਉਦਾਸੀ ਸੰਤਾਂ ਦੇ ਪ੍ਰਬੰਧ ਅਧੀਨ ਹੀ ਰਹੇ। ਸਿੱਖਾਂ ਦੇ ਸਾਰੇ ਵੱਡੇ ਇਤਿਹਾਸਕ ਸਥਾਨ ਉਦਾਸੀ ਸੰਤਾਂ ਕੋਲ ਹੀ ਸਨ। ਇਹਨਾਂ ਡੇਰਿਆਂ ਵਿਚ ਉਦਾਸੀ ਸਾਧੂ ਪਾਠਸ਼ਾਲਾਵਾਂ ਚਲਾਉਂਦੇ ਸਨ। ਗੁਰਬਾਣੀ ਦੀ ਕਥਾ ਵਾਰਤਾ ਤੇ ਵਿਦਿਆਰਥੀਆਂ ਨੂੰ ਸੰਥਿਆ ਦਿੰਦੇ ਸਨ। ਇਸ ਦੇ ਨਾਲ ਹੀ ਸਮਾਜ ਨੂੰ ਤੰਦਰੁਸਤ ਰੱਖਣ ਲਈ ਵੈਦਗਿਰੀ ਰਾਹੀਂ ਲੋਕਾਂ ਦਾ ਉਪਚਾਰ ਵੀ ਕਰਦੇ ਰਹੇ ਹਨ। ਸਾਡੇ ਪਿੰਡ ਕੋਟ ਧਰਮੂ ਤੋਂ ਉਦਾਸੀ ਸੰਤ ਦਵਾਈਆਂ ਤਿਆਰ ਕਰ ਕੇ ਪਟਿਆਲੇ ਤੇ ਨਾਭੇ ਮਹਾਰਾਜੇ ਨੂੰ ਭੇਜਦੇ ਸਨ। ਉਸ ਸਮੇਂ ਉਦਾਸੀ ਸਾਧੂ ਹੀ ਵੈਦਿਕ ਦੇ ਗਿਆਤਾ ਹੁੰਦੇ ਸਨ। ਉਦਾਸੀ ਸੰਤਾਂ ਦਾ ਕੰਮ ਸਿੱਖਾਂ ਨੂੰ ਵਿਚਾਰਧਾਰਕ ਸੇਧ ਦੇਣਾ ਵੀ ਸੀ, ਕਿਉਂਕਿ ਉਸ ਸਮੇਂ ਸਕੂਲ, ਕਾਲਜ ਤੇ ਵਿਸ਼ਵ ਵਿਦਿਆਲੇ ਨਾਂ-ਮਾਤਰ ਹੀ ਸਨ। ਪਿੰਡਾਂ ਵਿਚ ਲੋਕਾਂ ਨੂੰ ਇਹਨਾਂ ਦੇ ਡੇਰਿਆਂ 'ਤੇ ਹੀ ਮੁਹਾਰਨੀ ਸਿਖਾਈ ਜਾਂਦੀ ਸੀ। ਉਦਾਸੀ ਸੰਤਾਂ ਦੇ ਡੇਰਿਆਂ 'ਤੇ ਪੜ੍ਹੇ ਹੀ ਸਰਕਾਰੀ ਨੌਕਰੀ ਪ੍ਰਾਪਤ ਕਰਦੇ ਸਨ।

ਇਹ ਇਕ ਮੰਨੀ-ਪ੍ਰਮੰਨੀ ਸੱਚਾਈ ਹੈ ਕਿ ਹਰ ਧਰਮ ਆਪਣੇ ਆਪ ਨੂੰ ਸ੍ਰੇਸ਼ਠ ਮੰਨਦਾ ਹੈ। ਇਹ ਵੀ ਸੱਚਾਈ ਹੈ ਕਿ ਜੇਕਰ ਧਰਮ ਵਿਚ ਸ੍ਰੇਸ਼ਠਤਾ ਦੀ ਭਾਵਨਾ ਖ਼ਤਮ ਹੋ ਜਾਵੇ ਤਾਂ ਉਹ ਦੂਸਰੇ ਧਰਮ ਦਾ ਅਨੁਯਾਈ ਬਣ ਜਾਂਦਾ ਹੈ। ਉਦਾਸੀ ਸੰਤ ਆਪਣੇ ਜ਼ਿੰਮੇ ਪਈ ਵੱਡਮੁੱਲੀ ਸੇਵਾ ਕਰਨ ਵਿਚ ਸਮਰੱਥ ਕਿਵੇਂ ਸਨ, ਉਸ ਦੀ ਇਕ ਉਦਾਹਰਣ ਬਾਬਾ ਕਲਿਆਣ ਦਾਸ ਜੀ ਵੈਦ ਜੀ ਦੇ ਜੀਵਨ ਵਿੱਚੋਂ ਵੇਖਣ ਦਾ ਯਤਨ ਕਰਦੇ ਹਾਂ। ਬਾਬਾ ਕਲਿਆਣ ਦਾਸ ਜੀ ਨੇ ਆਪਣੇ ਖ਼ਿਆਲਾਂ ਨੂੰ ਕਿਤਾਬ ਦਾ ਰੂਪ ਦਿੱਤਾ ਹੋਇਆ ਹੈ। ਉਹਨਾਂ ਨੇ 32 ਕਿਤਾਬਾਂ ਲਿਖੀਆਂ ਹਨ, ਜਿਨ੍ਹਾਂ ਵਿੱਚੋਂ ਉਹਨਾਂ ਨੇ ਆਪਣੇ ਵਿਚਾਰਾਂ ਨੂੰ ਪੂਰਨ ਵਿਸਥਾਰ ਨਾਲ ਲਿਖਿਆ ਹੈ, ਜਿਸ ਤੋਂ ਸਾਨੂੰ ਉਦਾਸੀ ਸੰਪ੍ਰਦਾਇ ਬਾਰੇ ਬਹੁਤ ਗਿਆਨ ਪ੍ਰਾਪਤ ਹੁੰਦਾ ਹੈ।

ਬਾਬਾ ਕਲਿਆਣ ਦਾਸ ਜੀ ਦਾ ਜਨਮ (1902-92) ਵਿਚ ਪਿੰਡ ਜੌਹਲ ਸਿੰਘਵਾਲਾ ਵਿਖੇ ਹੋਇਆ। ਇਹ ਪਿੰਡ ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ ਵਿਚ ਸੀ। ਅਜੋਕੇ ਸਮੇਂ ਇਹ ਪਿੰਡ ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਵਿਖੇ ਵਾਕਿਆ ਹੈ। ਪੱਟੀ ਤਹਿਸੀਲ 1947 ਤੋਂ ਪਹਿਲਾਂ ਦੀ ਇੱਕੋ ਇਕ ਅਜਿਹੀ ਤਹਿਸੀਲ ਸੀ, ਜਿਥੇ ਸਿੱਖਾਂ ਦੀ ਵੱਸੋਂ ਸਭ ਤੋਂ ਵੱਧ ਸੀ। ਬਾਬਾ ਕਲਿਆਣ ਦਾਸ ਜੀ ਦੇ ਪਿਤਾ ਜੀ ਦਾ

ਨਾਂ ਸ. ਗੁਲਾਬ ਸਿੰਘ ਅਤੇ ਮਾਤਾ ਦਾ ਨਾਂ ਸ੍ਰੀਮਤੀ ਭਾਗ ਕੌਰ ਸੀ। ਆਪ ਹੀ ਊਦੇ ਗੋਤ ਦੇ ਜੱਟ ਸਿੱਖ ਸਨ। ਇਹਨਾਂ ਦੇ ਪਿਤਾ ਜੀ ਦਾ ਦੇਹਾਂਤ ਬਾਬਾ ਕਲਿਆਣ ਦਾਸ ਦੀ ਤਿੰਨ ਵਰ੍ਹੇ ਦੀ ਉਮਰ ਵਿਚ ਹੀ ਹੋ ਗਿਆ ਸੀ। ਇਹਨਾਂ ਦੇ ਮਾਮਾ ਜੀ ਮਹੰਤ ਸੁੰਦਰ ਦਾਸ ਜੀ ਉਦਾਸੀ ਸਾਧੂ ਸਨ। ਮਹੰਤ ਸੁੰਦਰ ਦਾਸ ਜੀ ਸਾਧੂ ਗੁਲਾਬ ਦਾਸ ਦੀ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਿਤ ਸਨ। ਸੋ ਬਾਬਾ ਕਲਿਆਣ ਦਾਸ ਜੀ 'ਤੇ ਵੀ ਗੁਲਾਬਦਾਸੀਏ ਸੰਤਾਂ ਦਾ ਪ੍ਰਭਾਵ ਪਿਆ। ਇਥੇ ਇਹ ਵੀ ਜ਼ਿਕਰ ਕਰ ਦਈਏ ਕਿ ਗੁਲਾਬਦਾਸੀਏ ਸੰਤਾਂ ਵਿਚ ਵਿੱਦਿਆ ਪ੍ਰਾਪਤ ਕਰਨ ਦਾ ਅੰਤਾਂ ਦਾ ਉਤਸ਼ਾਹ ਹੁੰਦਾ ਸੀ। ਗਿਆਨੀ ਦਿੱਤ ਸਿੰਘ ਜੀ ਨੇ ਵੀ ਇਹਨਾਂ ਤੋਂ ਵਿੱਦਿਆ ਪ੍ਰਾਪਤ ਕੀਤੀ ਸੀ। ਸੁਆਮੀ ਦਯਾ ਨੰਦ ਨੂੰ ਬਹਿਸ ਵਿਚ ਗਿਆਨੀ ਦਿੱਤ ਸਿੰਘ ਜੀ ਨੇ ਬੁਰੀ ਤਰ੍ਹਾਂ ਹਰਾਇਆ ਸੀ। ਗੁਲਾਬਦਾਸੀਏ ਜਾਤ-ਪਾਤ ਦੇ ਕੱਟੜ ਵਿਰੋਧੀ ਸਨ। ਇਸ ਲਈ ਬਾਬਾ ਕਲਿਆਣ ਦਾਸ ਜੀ ਵੀ ਜਾਤ-ਪਾਤ ਦੀ ਕੱਟੜਤਾ ਹੋਰਨਾਂ ਉਦਾਸੀਆਂ ਵਾਂਙ ਨਹੀਂ ਸਨ ਮੰਨਦੇ, ਜਦੋਂ ਕਿ ਹੋਰ ਉਦਾਸੀ ਸੰਤ ਜਾਤ-ਪਾਤ ਦੀ ਕੱਟੜਤਾ ਵਿਚ ਵਿਸ਼ਵਾਸ ਕਰਦੇ ਸਨ। ਗੁਲਾਬ ਦਾਸ ਜੀ ਔਰਤਾਂ ਦੀ ਵੀ ਬਹੁਤ ਇੱਜ਼ਤ ਕਰਦੇ ਸਨ। ਸੋ ਇਹ ਸਾਰੀਆਂ ਖ਼ੂਬੀਆਂ ਕਲਿਆਣ ਦਾਸ ਜੀ ਦੀ ਸ਼ਖ਼ਸੀਅਤ ਵਿਚ ਵੀ ਆ ਗਈਆਂ। ਇਸੇ ਲਈ ਬਾਬਾ ਕਲਿਆਣ ਦਾਸ ਜੀ ਨੇ ਕੁਰਾਨ ਮਜੀਦ ਦੀ ਆਲੋਚਨਾ ਵੀ ਕੀਤੀ ਹੈ, ਕਿਉਂਕਿ ਇਸ ਵਿਚ ਔਰਤ ਨੂੰ ਬਰਾਬਰ ਦਾ ਸਥਾਨ ਪ੍ਰਾਪਤ ਨਹੀਂ ਹੈ।

ਉਹਨਾਂ ਦੀ ਇਕ ਕਿਤਾਬ ਦੇ ਸਰਵਰਕ 'ਤੇ ਦਰਜ ਹੈ, "ਮੈਂ ਨਗਾਰੇ 'ਤੇ ਚੋਟ ਮਾਰ ਕੇ ਆਖਦਾ ਹਾਂ ਕਿ ਪੰਜਾਬੀ ਗੁਰਮੁਖੀ ਸਭ ਲਿਪੀਆਂ ਦੀ ਮਾਂ ਹੈ।" ਇਸ ਸੰਬੰਧ ਵਿਚ ਉਹਨਾਂ ਨੇ ਕਵਿਤਾ ਵੀ ਲਿਖੀ, ਜੋ ਕਿ ਭੂਮਿਕਾ ਵਜੋਂ ਦਰਜ ਹੈ:

ਗੁਰੂ ਨਾਨਕ ਜੀ ਨੂੰ ਬੰਧਨਾ ਚਰਨਾਂ 'ਤੇ ਸੀਸ ਰਖਾਇ।
ਸ੍ਰੀ ਚੰਦ ਜੀ ਮਹਾਰਾਜ ਮੇਰੀ ਕਰੋ ਸਹਾਇ।
ਬ੍ਰਹਮਾ ਜੀ ਨੇ ਅੱਖਰ ਬਣਾ ਕੇ ਬ੍ਰਹਮੀ ਨਾਮ ਰਖਾਇਆ।
ਸਭ ਰਿਖੀਆਂ ਦੀ ਮਾਂ ਹੈ ਬ੍ਰਹਮੀ ਸਾਰਿਆਂ ਆਖ ਸੁਣਾਇਆ।
ਗੁਰੂ ਨਾਨਕ ਜੀ ਨੇ ਤਿੱਸ ਬ੍ਰਹਮੀ ਦਾ ਗੁਰਮੁੱਖੀ ਨਾਮ ਰਖਾਇਆ।
ਪਉੜੀ ਪੰਜਵੀਂ ਜਪੁਜੀ ਅੰਦਰ ਬ੍ਰਹਮਾ ਗੁਰ ਸੁਨਾਇਆ।
ਜਦ ਤੋਂ ਸੰਸਾਰ ਬਣਿਆ ਹੈ ਤਦ ਤੋਂ ਗੁਰਮੁੱਖੀ ਚਾਲੂ ਹੋਈ।
ਕਲਿਆਣ ਦਾਸ ਸਭ ਪੜ੍ਹੋ ਏਸ ਨੂੰ ਇਸ ਵਿਚ ਸ਼ਕ ਨ ਕੋਈ।

ਬਾਬਾ ਕਲਿਆਣ ਦਾਸ ਜੀ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਗੁਰਮੁਖੀ ਸਭ ਤੋਂ ਪੁਰਾਣੀ ਲਿਪੀ ਹੈ। ਬਾਬਾ ਜੀ ਲਿਖਦੇ ਹਨ ਕਿ ਪੰਜਾਬੀ ਅੱਖਰ ਬਣਿਆਂ ਨੂੰ ਇਕ ਅਰਬ ਛਿਆਨਵੇਂ ਕਰੋੜ ਅਠਵੰਜਾਂ ਲੱਖ ਅਤੇ ਬਿਆਸੀ (1,96,58,85082) ਸਾਲ ਹੋਏ ਹਨ। ਇਹ ਸਾਰਾ ਕੁਝ ਸਤਿਜੁਗ, ਦੁਆਪੁਰ, ਤ੍ਰੇਤੇ ਅਤੇ ਕਲਿਜੁਗ ਦੀ ਉਮਰ ਕੱਢ ਕੇ ਲਗਾਇਆ ਹੈ। ਬਾਬਾ ਕਲਿਆਣ ਦਾਸ ਜੀ ਨੇ ਅਰਬੀ ਅਤੇ ਫ਼ਾਰਸੀ ਦਾ ਵੀ ਗਿਆਨ ਪ੍ਰਾਪਤ ਕੀਤਾ।

ਸੁਆਮੀ ਦਯਾ ਨੰਦ ਦਾ ਜਨਮ ਭਾਵੇਂ ਗੁਜਰਾਤ ਵਿਚ ਹੋਇਆ, ਪਰ ਇਸ ਦੇ ਸਭ ਤੋਂ ਵੱਧ ਅਨੁਯਾਈ ਪੰਜਾਬ ਵਿਚ ਹੀ ਬਣੇ। ਇਸ ਨੂੰ ਕਿਸੇ ਨੇ ਮਹਾਂਰਾਸ਼ਟਰ, ਗੁਜਰਾਤ ਦੇ ਬੰਗਾਲ ਵਿਚ ਮੂੰਹ ਨਹੀਂ ਲਾਇਆ। ਪਰ ਪੰਜਾਬ ਵਿਚ ਆ ਕੇ ਇਹ ਆਪਣੇ ਪੈਰ ਜਮਾਉਣ ਵਿਚ ਕਾਮਯਾਬ ਹੋਇਆ। ਦਯਾਨੰਦ ਨੂੰ ਕਿਸੇ ਵੀ ਮੰਦਰ ਵਿਚ ਪ੍ਰਵਚਨ ਨਹੀਂ ਸਨ ਕਰਨ ਦਿੱਤੇ ਜਾਂਦੇ, ਬਲਕਿ ਇਹ ਗੁਰਦੁਆਰਿਆਂ ਵਿਚ ਹੀ ਆਪਣੇ ਲੈਕਚਰ ਕਰਦੇ ਸਨ। ਆਰੀਆ ਸਮਾਜੀ ਵੀ ਸਿੱਖ ਬਣਨ ਲੱਗੇ। ਮੰਦਿਰਾਂ ਵਿਚ ਬੁੱਤ ਪੂਜਾ ਹੁੰਦੀ ਸੀ, ਪਰ ਦਯਾਨੰਦ ਬੁੱਤ ਪੂਜਾ ਦਾ ਵਿਰੋਧੀ ਸੀ। ਇਸ ਕਰਕੇ ਸਨਾਤਨੀ ਹਿੰਦੂ ਸਮਾਜ ਨੇ ਇਸ ਨੂੰ ਨੇੜੇ ਨਹੀਂ ਲੱਗਣ ਦਿੱਤਾ। ਸਿੱਖਾਂ ਕੋਲੋਂ ਤਾਜ਼ਾ ਰਾਜ ਖੁੱਸਿਆ ਸੀ ਤੇ ਸਵਾਮੀ ਦਯਾਨੰਦ ਵੀ ਆਜ਼ਾਦੀ ਦੀ ਗੱਲ ਕਰਦੇ ਸਨ। ਇਸ ਕਰਕੇ ਸਿੱਖ ਸਮਾਜ ਵੱਲੋਂ ਇਹਨਾਂ ਨੂੰ ਤਗੜਾ ਹੁੰਗਾਰਾ ਮਿਲਿਆ। ਕਈ ਸਿੱਖ ਵੀ ਆਰੀਆ ਸਮਾਜੀ ਬਣਨ ਲੱਗੇ। ਪਰ ਦਯਾਨੰਦ ਨੇ ਜਲਦੀ ਹੀ ਗੁਰੂ ਦੀ ਨਿੰਦਿਆ ਕਰਨੀ ਸ਼ੁਰੂ ਕਰ ਦਿੱਤੀ।

ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਸਵਾਮੀ ਦਯਾਨੰਦ ਨੇ ਆਪਣੀ ਰਚਨਾ *ਸਤਿਆਰਥ ਪ੍ਰਕਾਸ਼* ਦੇ ਪੰਨਾ ਨੰ. 500, 502 ਵਿਚ ਇਹ ਸਭ ਕੁਝ ਲਿਖਿਆ ਕਿ ਔ ਸ਼ਤਕ ਨਾਮ ਕ੍ਰਤਾ ਪ੍ਰੁਸ਼ ਨ੍ਰਿਬੈਰ, ਅਕਾਲ ਮੂਰਤਿ ਅਜੋਨਿ ਸਹਭੰ ਗੁਰੂ ਪ੍ਰਸਾਦਿ ਜਪ ਆਦਿ ਸਚ ਜੁਗਾਦਿ ਸਚ ਹੈ ਭੀ ਸਚ ਨਾਨਕ ਹੋਸੀ ਭੀ ਸਚ। ਜਪ ਜੀ ਪੌੜੀ ॥੧॥ ਓ੩ਮ੍ ਜਿਸ ਕਾ ਸਤ ਨਾਮ ਹੈ ਵਹ ਕਰਤਾ ਪੁਰਖੁ ਭੈ ਅਤੇ ਵੈਰ ਰਹਿਤ ਅਕਾਲ ਮੂਰਤਿ ਜੋ ਕਾਲ ਮੇਂ ਜੋਨੀਅ ਮੇਂ ਨਹੀਂ ਆਤਾ ਪ੍ਰਕਾਸ਼ਮਾਨ ਹੈ ਉਸੀ ਕਾ ਜਾਪ ਗੁਰੂ ਜੀ ਕ੍ਰਿਪਾ ਸੇ ਕਰ ਵਹੁ ਪਰਮਾਤਮਾ ਆਦਿ ਮੇਂ ਸਚ ਅਤੇ ਹੈਗਾ ਭੀ ਸਚ। ੧ੳ ਨਾਨਕ ਜੀ ਕਾ ਆਸਾ ਤੋਂ ਅੱਛਾ ਥਾ ਪਰ ਵਿੱਦਿਆ ਕੁਝ ਭੀ ਨਹੀਂ ਥੀ। ਹਾਂ ਭਾਸ਼ਾ ਉਸ ਦੇਸ਼ ਕੀ ਜੋ ਕਿ ਗਾਂਵ ਦੀ ਹੈ ਉਸੇ ਜਾਨਤੇ ਥੇ। ਵੇਦਾਦਿ ਸ਼ਾਸਤਰ ਅਤੇ ਸੰਸਕ੍ਰਿਤ ਤੁਛ ਭੀ ਨਹੀਂ ਜਾਨਤੇ ਥੇ। ਜੋ ਜਾਨਤੇ ਹੋਤੇ ਤੋ 'ਨਿਰਭਯ' ਸਬਦ ਕੋ ਨਿਰਭੌ ਕਿਉਂ ਲਿਖਤੇ ਔਰ ਇਸ ਦਾ ਦ੍ਰਿਸ਼ਟਾਂਤ ਉਨਕਾ ਬਨਾਇਆ ਸੰਸਕ੍ਰਿਤ ਸਤੋਤਰ ਹੈ ਚਾਹਤੇ ਥੇ ਕਿ ਮੈਂ ਸੰਸਕ੍ਰਿਤ ਮੇਂ ਭੀ ਪਗ ਅੜਾਊਂ ਪਰੰਤੂ ਬਿਨਾਂ ਪੜ੍ਹੇ ਸੰਸਕ੍ਰਿਤ ਕੈਸੇ ਆ ਸਕਤਾ ਹੈ। ਹਾਂ ਉਨ ਗ੍ਰਾਮੀਣੋ ਕੇ ਸਾਹਮਣੇ ਕਿ ਜਿੰਨੋ ਨੇ ਸੰਸਕ੍ਰਿਤ ਕਭੀ ਸੁਨਾ ਭੀ ਨਹੀਂ ਥਾਂ ਸੰਸਕ੍ਰਿਤੀ ਬਨਾ ਕਰ ਸੰਸਕ੍ਰਿਤ ਕੇ ਭੀ ਪੰਡਿਤ ਬਣ ਗਏ ਹੋਂਗੇ। ਭਾਨਾ ਜਿਹ ਬਾਤ ਆਪਨੀ ਮਾਨ ਪ੍ਰਤਿਸ਼ਟਾ ਔਰ ਅਪਨੀ ਪਰਖਿਆਤ ਕੀ ਇੱਛਾ ਕੇ ਬਿਨਾਂ ਕਭੀ ਨਾ ਕਰਤੇ। ਉਨ ਕੋ ਅਪਨੀ ਪ੍ਰਤਿਸ਼ਟਾ ਕੀ ਇੱਛਾ ਅਵਸ਼ ਥੀ ਨਹੀਂ ਤੋ ਜੈਸੀ ਭਾਸ਼ਾ ਜਾਨਤੇ ਥੇ ਕਹਤੇ ਰਹਤੇ ਔਰ ਜਹ ਭੀ ਕਹਿ ਦੇਤੇ ਕਿ ਮੈਂ ਸੰਸਕ੍ਰਿਤ ਨਹੀਂ ਪੜ੍ਹਾ। ਜਬ ਕੁਛ ਅਭਿਮਾਨ ਥਾ ਤੋ ਮਾਨ ਪ੍ਰਤਿਸ਼ਟਾ ਕੇ ਲੀਏ ਕੁਝ ਦੰਭ ਭੀ ਕੀਆ ਹੋਗਾ। ਇਸ ਲੀਏ ਉਨ ਕੇ ਗ੍ਰੰਥੋਂ ਮੇਂ ਜਹਾਂ ਤਹਾਂ ਵੇਦੋਂ ਕੀ ਨਿੰਦਾ ਔਰ ਸਤੁਤਿ ਭੀ ਹੈ, ਕਿਉਂਕਿ ਜੋ ਐਸਾ ਨਾ ਕਰਤੇ ਤੋ ਉਸ ਸੇ ਭੀ ਕੋਈ ਵੇਦ ਕਾ ਅਰਥ ਪੂਛਤਾ ਜਬ ਨਾ ਆਤਾ ਤਬ ਪ੍ਰਤਿਸ਼ਟਾ ਨਸ਼ਟ ਹੋ ਜਾਤੀ ਇਸ ਲੀਏ ਪਹਿਲੇ ਤੋ ਅਪਨੇ ਸ਼ਿਸ਼ੋ ਕੇ ਸਾਮਨੇ ਕਹੀਂ ਕਹੀਂ ਵੇਦੋਂ ਕੇ ਵਿਰੁੱਧ ਬੋਲਤੇ ਥੇ ਔਰ ਕਹੀਂ ਕਹੀਂ ਵੇਦ ਕੇ ਲੀਏ

ਅੱਛਾ ਭੀ ਕਹਾ ਹੈ, ਕਿਉਂਕਿ ਜੋ ਅੱਛਾ ਨਾ ਕਰਤੇ ਤੋ ਲੋਗ ਉਨ ਕੋ ਨਾਸਤਕ ਬਨਾਤੇ ਜੈਸੇ ਵੇਦ ਪੜ੍ਹਤ ਬ੍ਰਹਮਾ ਚਾਰੈ ਵੇਦ ਕਹਾਨਿ। ਸੰਤ (ਸਾਧ) ਕੀ ਮਹਿਮਾ ਵੇਦ ਨ ਜਾਨੇ॥ ਸੁਖਮਨੀ ਪੌੜੀ ੭ ਚੋਂ ੮। ਨਾਨਕ ਬ੍ਰਹਮ ਗਿਆਨੀ ਆਪ ਪਰਮੇਸ਼ਰ ਸੁ: ਪੌ: ੮ ਚੋਂ ੬। ਕਿਆ ਵੇਦ ਪੜਣੇ ਵਾਲੇ ਮਰ ਗਏ। ਔਰ ਨਾਨਕ ਜੀ ਆਦਿ ਅਪਨੇ ਕੋ ਔਰ ਸਮਝਤੇ ਥੇ। ਕਿਆ ਵੋ ਨਹੀਂ ਮਰ ਗਏ। ਵੇਦ ਦੇ ਸਭ ਵਿਦਿਆਓਂ ਕਾ ਭੰਡਾਰ ਹੈ, ਪਰੰਤੂ ਜੋ ਚਾਰੋਂ ਵੇਦੋਂ ਕੋ ਕਹਾਨੀ ਕਹੇ ਉਸ ਕੀ ਸਭ ਬਾਤੇ ਕਹਾਨੀ ਹੈਂ। ਜੋ ਮੂਰਖੋਂ ਕਾ ਨਾਮ ਸੰਤ ਹੋਤਾ ਹੈ ਵੋ ਵਿਚਾਰੇ ਵੇਦੋਂ ਕੀ ਮਹਿਮਾ ਕਭੀ ਨਹੀਂ ਜਾਣ ਸਕਤੇ। ਜੋ ਨਾਨਕ ਜੀ ਵੇਦੋਂ ਹੀ ਕਾ ਮਾਨ ਕਰਤੇ ਤੋ ਉਨ ਕਾ ਸੰਪ੍ਰਦਾਇ ਨਾ ਚਲਤਾ, ਨਾ ਵੋ ਗੁਰੂ ਬਨ ਸਕਤੇ ਥੇ, ਕਿਉਂਕਿ ਸੰਸਕ੍ਰਿਤ ਵਿਦਿਆ ਤੋ ਪੜ੍ਹੇ ਹੀ ਨਹੀਂ ਥੇ। ਸੋ ਇਹ ਦੂਸਰੋਂ ਕੋ ਪੜ੍ਹਾ ਕਰ ਸ਼ਿਸ਼ ਕੈਸੇ ਬਨਾ ਸਕਤੇ ਥੇ। ਸੋ ਇਹ ਮੈਂ ਥੋੜਾ ਹੀ ਲਿਖਿਆ ਹੈ। ਇਸੇ ਤਰ੍ਹਾਂ ਹੋਰ ਲਿਖਿਆ ਹੈ ਕਿ ਗੋਬਿੰਦ ਸਿੰਘ ਜੀ ਬਹੁਤ ਛੋਟੀ ਜਾਤ ਦੇ ਸਨ ਤੇ ਹੁਣ ਪੰਜ ਕਕਾਰਾਂ ਦੀ ਜ਼ਰੂਰਤ ਨਹੀਂ ਹੈ। ਸੋ ਇਸ ਤਰ੍ਹਾਂ ਬਹੁਤ ਕੁਝ ਲਿਖਿਆ ਹੈ।

ਸੋ ਉਪਰੋਕਤ ਪ੍ਰਕਰਣ ਦਾ ਜੁਆਬ ਬਾਬਾ ਕਲਿਆਣ ਦਾਸ ਜੀ ਇੰਜ ਲਿਖਦੇ ਹਨ ਕਿ *ਸਤਿਆਰਥ ਪ੍ਰਕਾਸ਼* ਵਿਚ ਲਿਖਿਆ ਹੈ ਕਿ ਨਾਨਕ ਅਨਪੜ੍ਹ ਸੀ। ਉਹ ਸੰਸਕ੍ਰਿਤ ਨਹੀਂ ਜਾਣਦਾ ਸੀ। ਉਸ ਨੇ ਨਿਰਭੈ ਸ਼ਬਦ ਨੂੰ ਨਿਰਭਉ ਲਿਖਿਆ ਹੈ। ਇਸ ਤਰ੍ਹਾਂ ਦਯਾਨੰਦ ਨੇ ਇਹ ਗੱਲ ਬਿਲਕੁਲ ਝੂਠ ਲਿਖੀ ਹੈ, ਕਿਉਂਕਿ ਚਾਰੇ ਬੇਦਾਂ ਵਿਚ ਨਿਰਭੈ ਸ਼ਬਦ ਕੋਈ ਨਹੀਂ ਅਤੇ ਨਿਰਭਉ ਸ਼ਬਦ ਬਿਲਕੁਲ ਸ਼ੁੱਧ ਹੈ। ਅਤੇ ਕਈ ਵਾਰ ਇਹ ਸ਼ਬਦ ਆਇਆ ਹੈ। ਜੋ ਦਯਾਨੰਦ ਨੇ ਝੂਠ ਲਿਖਿਆ ਹੈ ਕਿ ਬੇਦਾਂ ਵਿਚ ਨਿਰਭੈ ਸ਼ਬਦ ਹੈ। ਸੋ ਬੇਦਾਂ ਵਿਚ ਨਿਰਭੈ ਸ਼ਬਦ ਕੋਈ ਨਹੀਂ। ਸੋ ਬਾਬਾ ਕਲਿਆਣ ਦਾਸ ਜੀ ਨੇ ਦਯਾਨੰਦ ਦੇ ਝੂਠ ਨੂੰ ਉਜਾਗਰ ਕੀਤਾ।

ਉਦਾਸੀ ਸੰਤਾਂ ਨੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਸਿੱਖ ਧਰਮ ਦੀ ਸਿਧਾਂਤਕ ਤੇ ਵਿਚਾਰਧਾਰਕ ਤੌਰ ’ਤੇ ਅਗਵਾਈ ਕੀਤੀ। ਉਦਾਸੀ ਸੰਤਾਂ ਦਾ ਨਿਤਨੇਮ ਮਾਤ੍ਰਾ ਸ਼ਾਸਤਰ, ਗਾਯਤਰੀ, ਗੀਤਾ, ਗੁਰਬਾਣੀ, ਸੁਖਮਨੀ ਸਾਹਿਬ ਹਨ। ਪੂਰੇ ਦੇਸ਼ ਵਿਚ ਇਹਨਾਂ ਮਹਾਂਪੁਰਸ਼ਾਂ ਦੇ ਡੇਰੇ ਹਨ। ਜਿਥੇ ਕਿ ਇਹ ਹਰ ਦੀਨ ਦੁਖੀ ਦੀ ਸਹਾਇਤਾ ਕਰਦੇ ਹਨ। ਅੰਨ ਦਾਨ, ਦਵਾਈ ਕਈ ਸਥਾਨਾਂ ਪਰ ਸਕੂਲ ਵਿਦਿਆਲੇ, ਆਏ ਗਏ ਵਾਸਤੇ ਨਿਵਾਸ ਦਾ ਪ੍ਰਬੰਧ ਇਹ ਸਭ ਕੁਝ ਇਹਨਾਂ ਮਹਾਂਪੁਰਸ਼ਾਂ ਦੇ ਸਥਾਨਾਂ ਪਰ ਪ੍ਰਬੰਧ ਹੈ। ਇਸ ਦਾ ਕੋਈ ਫ਼ੀਸ ਚਾਰਜ ਨਹੀਂ ਲਿਆ ਜਾਂਦਾ। ਇਸੇ ਤਰ੍ਹਾਂ ਪਰਮ ਹੰਸਾਂ ਦੀ ਪਰੰਪਰਾ ਹੈ, ਜੋ ਕਿ ਜ਼ਿਆਦਾਤਰ ਵਿਦਵਾਨ ਹੁੰਦੇ ਹਨ ਅਤੇ ਦੇਸ਼-ਵਿਦੇਸ਼ ਵਿਚ ਧਰਮ ਦਾ ਪ੍ਰਚਾਰ ਪ੍ਰਸਾਰ ਕਰਦੇ ਹਨ। ਭੁੱਲੇ ਭਟਕੇ ਮਨੁੱਖ ਨੂੰ ਸਤਿ ਦਾ ਮਾਰਗ ਦੱਸਦੇ ਹਨ। ਇਹਨਾਂ ਉਦਾਸੀ ਮਹਾਂਪੁਰਸ਼ਾਂ ਦੀ ਬਹੁਤ ਵੱਡੀ ਭਾਰੀ ਗਿਣਤੀ ਹੈ। ਪੰਜਾਬ ਵਿਚ ਉਦਾਸੀਨ ਡੇਰਿਆਂ ਦੀ ਗਿਣਤੀ 261 ਤੋਂ ਵੀ ਵੱਧ ਹੈ। ਹਰਿਆਣੇ ਵਿਚ 32 ਦੇ ਲਗਪਗ ਡੇਰੇ ਹਨ। ਉਤਰਾਖੰਡ/ਉੱਤਰ ਪ੍ਰਦੇਸ਼ ਵਿਚ 173, ਗੁਜਰਾਤ ਵਿਚ ਉਦਾਸੀਆਂ ਦੇ 106 ਡੇਰੇ, ਬਿਹਾਰ/ਝਾਰਖੰਡ ਵਿਚ 12, ਮਹਾਂਰਾਸ਼ਟਰ ਵਿਚ

25, ਦਿੱਲੀ ਵਿਚ 5, ਪੱਛਮੀ ਬੰਗਾਲ ਵਿਚ 6, ਹਿਮਾਚਲ ਪ੍ਰਦੇਸ਼/ਕਸ਼ਮੀਰ ਵਿਚ 10, ਰਾਜਸਥਾਨ ਵਿਚ 27, ਮੱਧ ਪ੍ਰਦੇਸ਼/ਛਤੀਸਗੜ੍ਹ ਵਿਚ 20, ਨੇਪਾਲ ਵਿਚ 2 ਡੇਰੇ ਹਨ। ਪੂਰੇ ਭਾਰਤ ਵਿਚ 3500 ਦੇ ਲਗਪਗ ਆਸ਼ਰਮ ਤੇ ਡੇਰੇ ਹਨ। ਕੇਵਲ ਬਿਹਾਰ ਵਿਚ 360 ਸਥਾਨ ਹਨ ਉਦਾਸੀ ਸੰਪ੍ਰਦਾ ਦੇ, ਜਿਨ੍ਹਾਂ ਵਿਚ ਰਜੌਲੀ, ਰਾਜਗਿਰੀ, ਹਿਲਸਾ, ਮਨਿਯਾਰੀ, ਪਟਨਾ ਆਦਿ ਪ੍ਰਮੁੱਖ ਆਸ਼ਰਮ ਹਨ। ਲਗਪਗ 50,000 ਵਿਰੱਕਤ ਸੰਤਾਂ ਦੁਆਰਾ ਧਰਮ ਤੇ ਸੰਸਕ੍ਰਿਤੀ ਦਾ ਪ੍ਰਚਾਰ ਹੋ ਰਿਹਾ ਹੈ। ਸੋ ਭਾਰਤ ਵਿਚ 50,000 ਤੋਂ ਵੀ ਵੱਧ ਲੱਖਾਂ ਉਦਾਸੀ ਸਾਧੂ ਹਨ, ਜੋ ਕਿ ਮੱਠ, ਮੰਦਿਰ, ਆਸ਼ਰਮ, ਧੂਣਾ, ਸਤਿਸੰਗ ਭਵਨ ਦੇ ਮਾਧਿਅਮ ਵਿਚ ਨਿਵਾਸ ਕਰਦੇ ਹਨ। ਕਈ ਨਗਰਾਂ ਵਿਚ ਇਹਨਾਂ ਮਹਾਂਪੁਰਸ਼ਾਂ ਦੀਆਂ ਕੁਟੀਆ ਵੀ ਬਣੀਆਂ ਹੋਈਆਂ ਹਨ, ਜਿਨ੍ਹਾਂ ਦਾ ਜ਼ਿਕਰ ਅਸੀਂ ਪਹਿਲਾਂ ਕਰ ਚੁੱਕੇ ਹਾਂ।

ਇਸੇ ਪ੍ਰਕਰਣ ਵਿਚ ਪ੍ਰਮੁੱਖ ਉਦਾਸੀਨ ਸੰਤਾਂ ਦਾ ਜ਼ਿਕਰ ਆਉਂਦਾ ਹੈ। ਜਿਵੇਂ ਕਿ ਅੰਮ੍ਰਿਤਸਰ ਵਿਚ ਉਦਾਸੀਨ ਮਹਾਤਮਾ ਦੇ 12 ਅਖਾੜੇ ਹਨ, ਜਿਨ੍ਹਾਂ ਵਿਚ ਮਨੁੱਖਤਾ ਦੀ ਹਰ ਤਰ੍ਹਾਂ ਦੀ ਸੇਵਾ-ਸੰਭਾਲ ਹੁੰਦੀ ਹੈ। ਇਹਨਾਂ ਵਿੱਚੋਂ ਦੋ ਪ੍ਰਮੁੱਖ ਸਥਾਨ ਅਖਾੜਾ ਸ੍ਰੀ ਸੰਗਲ ਵਾਲਾ, ਜਿਸ ਦੀ ਸਥਾਪਨਾ ਨਿਰਵਾਣ ਪ੍ਰੀਤਮ ਦਾਸ ਜੀ ਮਹਾਰਾਜ ਨੇ ਕੀਤੀ ਸੀ, ਜੋ ਕਿ ਪਰਮ ਤਪੱਸਵੀ, ਰਿਧੀ-ਸਿਧੀ ਦੇ ਮਾਲਕ, ਰਾਜੇ-ਮਹਾਰਾਜਿਆਂ ਦੇ ਗੁਰੂ, ਕਹਿਣੀ ਤੇ ਕਰਨੀ ਦੇ ਧਨੀ, ਪਰਉਪਕਾਰ ਦੇ ਬਾਦਸ਼ਾਹ, ਉਦਾਰ ਬਿਰਤੀ ਵਾਲੇ ਮਹਾਂਪੁਰਸ਼ ਹੋਏ ਹਨ। ਇਨ੍ਹਾਂ ਨੇ ਹੀ ਅੱਗੇ ਚੱਲ ਕੇ ਪੰਚਾਇਤੀ ਅਖਾੜਾ ਬੜਾ ਦੀ ਸਥਾਪਨਾ ਕੀਤੀ। ਇਹ ਅਖਾੜਾ ਅੱਜ ਪੂਰੇ ਦੇਸ਼ ਵਿਚ ਕਲਪ ਬ੍ਰਿਛ ਦੀ ਤਰ੍ਹਾਂ ਫੈਲਿਆ ਹੋਇਆ ਹੈ। ਜਨ ਮਾਨਸ ਦੀ ਸੇਵਾ ਕਰ ਰਿਹਾ ਹੈ, ਜਿਸ ਦਾ ਰਾਸ਼ਟਰ ਨੂੰ ਬਹੁਤ ਵੱਡਾ ਯੋਗਦਾਨ ਹੈ ਅਤੇ ਮਾਨਵ ਮਾਤਰ ਇਸ ਤੋਂ ਲਾਹਾ ਖੱਟ ਰਿਹਾ ਹੈ। ਇਹ ਸਭ ਨਿਰਵਾਣ ਪ੍ਰੀਤਮ ਦਾਸ ਜੀ ਦੀ ਮਹਾਨ ਦੇਣ ਹੈ।

ਅੰਮ੍ਰਿਤਸਰ ਵਿਚ ਦੂਸਰਾ ਮੁੱਖ ਅਖਾੜਾ ਬ੍ਰਹਮ ਬੂਟਾ ਸਾਹਿਬ ਹੈ। ਇਸ ਦੀ ਸਥਾਪਨਾ ਨਿਰਵਾਣ ਸੰਤੋਖ ਦਾਸ ਜੀ ਨੇ ਕੀਤੀ ਸੀ। ਇਹ ਦੋਨੋਂ ਹੀ ਅਖਾੜੇ ਅੰਮ੍ਰਿਤਸਰ ਹਰਿਮੰਦਰ ਸਾਇਬ ਸਰੋਵਰ ਦੇ ਨਜ਼ਦੀਕ ਹਨ। ਇਕ ਬਹੁਤ ਹੀ ਪੁਰਾਣੀ ਇਤਿਹਾਸਕ ਘਟਨਾ ਹੈ ਕਿ ਜਦੋਂ ਅੰਮ੍ਰਿਤਸਰ ਸਰੋਵਰ ਦੀ ਤਿਆਰੀ ਕੀਤੀ ਗਈ ਤਾਂ ਇਸ ਵਿਚ ਜਲ ਦੀ ਵਿਵਸਥਾ ਬਾਬਾ ਪ੍ਰੀਤਮ ਦਾਸ ਜੀ ਮਹਾਰਾਜ ਅਤੇ ਬਾਬਾ ਸੰਤੋਖ ਦਾਸ ਜੀ ਮਹਾਰਾਜ ਦੇ ਉਪਰਾਲੇ ਨਾਲ ਦਰਿਆ ਰਾਵੀ ਤੋਂ ਹੰਸਲੀ ਦੁਆਰਾ ਕਰਾਈ ਗਈ।

ਵਿਦਵਾਨ ਉਦਾਸੀਨ ਸੰਤਾਂ ਦੀ ਵੀ ਵੱਡੀ ਭਾਰੀ ਗਿਣਤੀ ਹੈ। ਜਿਵੇਂ ਕਿ ਪੰਡਿਤ ਬਾਲ ਰਾਮ ਜੀ (ਬਾਲਕ ਦਾਸ), ਜੋ ਕਿ ਸੰਸਕ੍ਰਿਤ ਦੇ ਮਹਾਂ-ਪੰਡਿਤ ਸਨ। ਇਨ੍ਹਾਂ ਨੇ ਆਪਣੇ ਕਾਰਜ ਕਾਲ ਵਿਚ ਬਹੁਤ ਗ੍ਰੰਥਾਂ ਦਾ ਲੇਖਨ ਕੀਤਾ, ਜਿਨ੍ਹਾਂ ਵਿੱਚੋਂ ਪ੍ਰਮੁੱਖ ਹਨ : ਨਿਆ ਦਰਸ਼ਨ ਪਰ ਟੀਕਾ, ਇਸ ਪੁਸਤਕ ਦਾ ਨਾਮ ਹੈ *ਬਾਲ ਮਨੋਰਮਾ ਨਿਆਂ ਮੁਕਤਾਵਲੀ*, ਜੋ ਕਿ ਅੱਜ ਵੀ ਕਾਸ਼ੀ ਵਿਖੇ ਵਿੱਦਿਆਲਿਆਂ ਵਿਚ ਪੜ੍ਹਾਈ ਜਾਂਦੀ ਹੈ। ਦੂਸਰੀ ਮੁੱਖ ਕ੍ਰਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਪਰ ਟੀਕਾ ਫ਼ਰੀਦਕੋਟ ਵਾਲਾ,

ਜੋ ਕਿ ਮਹਾਰਾਜਾ ਫ਼ਰੀਦਕੋਟ ਦੀ ਪ੍ਰਾਰਥਨਾ ਪਰ ਕੀਤਾ ਗਿਆ ਸੀ, ਪਰ ਦੇਵਨੇਤ ਉਹ ਪੂਰਾ ਨਹੀਂ ਹੋ ਸਕਿਆ। ਪਰ ਗਉੜੀ ਰਾਗ ਤਕ ਮਹਾਰਾਜ ਸ੍ਰੀ ਬਾਲ ਰਾਮ ਜੀ ਦਾ ਹੀ ਟੀਕਾ ਕੀਤਾ ਹੋਇਆ ਹੈ। ਬਾਲ ਰਾਮ ਜੀ ਮਹਾਰਾਜ ਆਪਣੀ ਮੰਡਲੀ ਵਿਚ ਦੇਸ਼ ਦਾ ਭ੍ਰਮਣ ਕਰਦੇ ਸਨ ਅਤੇ ਸੰਤ-ਮਹਾਂਪੁਰਸ਼ਾਂ ਨੂੰ ਪੜ੍ਹਾਉਂਦੇ ਸਨ ਅਤੇ ਕਥਾ ਪ੍ਰਵਚਨ ਵੀ ਕਰਦੇ ਸਨ। ਸ਼ਾਸਤਰ ਦੇ ਪੂਰਨ ਗਿਆਤਾ ਸਨ।

ਇਕ ਕਥਾ ਨਿਰਵਾਣ ਸੰਤੋਖ ਦਾਸ ਜੀ ਮਹਾਰਾਜ ਦੇ ਜੀਵਨ ਵਿੱਚੋਂ ਹੈ। ਜਦੋਂ ਮਹਾਰਾਜ ਤੀਰਥ ਯਾਤਰਾ ਕਰਨ ਲਈ ਅੰਮ੍ਰਿਤਸਰ ਦੇ ਭਾਰਤ ਭ੍ਰਮਣ ਵਾਸਤੇ ਨਿਕਲੇ ਤਾਂ ਇਨ੍ਹਾਂ ਨਾਲ ਇਕ ਗਮਲੇ ਵਿਚ ਬੋਹੜ ਦਾ ਛੋਟਾ ਬੂਟਾ ਸੀ। ਸ੍ਰੀ ਮਹਾਰਾਜ ਨੇ ਉਸ ਬੂਟੇ ਨਾਲ ਬਚਨ ਕੀਤਾ ਕਿ ਵਈ ਤੂੰ ਹੁਣ ਵਧਣਾ ਨਹੀਂ, ਆਪਾਂ ਤੀਰਥ ਦੀ ਯਾਤਰਾ ਕਰਨੀ ਹੈ। ਉਹ ਗਮਲਾ ਵੀ ਮਹਾਰਾਜ ਜੀ ਨਾਲ ਜਮਾਤ ਵਿਚ ਰਿਹਾ। ਬਾਰ੍ਹਾਂ ਸਾਲਾਂ ਬਾਅਦ ਜਦ ਮਹਾਰਾਜ ਜੀ ਅੰਮ੍ਰਿਤਸਰ ਵਾਪਸ ਪਹੁੰਚੇ ਤਾਂ ਸਰੋਵਰ ਦੇ ਕਿਨਾਰੇ ਉਹ ਬੂਟਾ ਲਾ ਦਿੱਤਾ ਅਤੇ ਵਚਨ ਕੀਤਾ ਕਿ ਜਿਤਨਾ ਤੂੰ ਬਾਰ੍ਹਾਂ ਸਾਲਾਂ ਵਿਚ ਵਧਣਾ ਸੀ, ਇਕ ਰਾਤ ਵਿਚ ਉਹ ਸੀਮਾ ਪੂਰੀ ਕਰ ਲੈ। ਤਾਂ ਫਿਰ ਉਹ ਦਰੱਖ਼ਤ ਰਾਤ ਵਿਚ ਹੀ ਆਪਣੇ ਪੂਰੇ ਆਕਾਰ ਵਿਚ ਹੋ ਗਿਆ। ਨੀਚੇ ਉਸ ਦਾ ਆਕਾਰ ਗਮਲੇ ਦੀ ਤਰ੍ਹਾਂ ਹੀ ਰਿਹਾ। ਇਸ ਵਾਸਤੇ ਉਸ ਅਖਾੜੇ ਦਾ ਨਾਮ ਮਹਾਰਾਜ ਜੀ ਨੇ ਅਖਾੜਾ ਬ੍ਰਹਮ ਬੂਟਾ ਹੀ ਰੱਖਿਆ, ਜੋ ਕਿ ਅਖਾੜਾ ਅੱਜ ਵੀ ਫਲ-ਫੁੱਲ ਰਿਹਾ ਹੈ। ਬ੍ਰਹਮ ਬੂਟਾ ਬੋਹੜ ਦਾ ਬਿਰਛ ਹੁਣ ਨਹੀਂ ਰਿਹਾ।

ਬਾਬਾ ਗੁਰਦਿੱਤਾ ਜੀ ਵੱਲੋਂ ਚਾਰ ਗੱਦੀਆਂ ਦੀ ਸਥਾਪਨਾ: ਕੀਰਤਪੁਰ ਵਿਚ ਹੀ ਬਾਬਾ ਗੁਰਦਿੱਤਾ ਜੀ ਦੇ ਘਰ ਪਹਿਲਾ ਸਾਹਿਬਜ਼ਾਦਾ ਧੀਰਮੱਲ ਅਤੇ ਦੂਜੇ ਸ੍ਰੀ ਹਰਿਰਾਇ ਜੀ ਸੱਤਵੇਂ ਗੁਰੂ ਜੀ ਦਾ ਪ੍ਰਕਾਸ਼ ਹੋਇਆ। ਬਾਬਾ ਗੁਰਦਿੱਤਾ ਜੀ ਅਤੇ ਬਾਬਾ ਸ੍ਰੀ ਚੰਦ ਵੱਲੋਂ ਆਪਣੇ ਤਪ ਤੇਜ ਸਮੇਤ ਉਹ ਸਾਰੀਆਂ ਬਖ਼ਸ਼ਿਸ਼ਾਂ ਹੋ ਚੁੱਕੀਆਂ ਸਨ, ਜੋ ਗੁਰੂ ਨਾਨਕ ਜੀ ਨੇ ਬਾਬਾ ਸ੍ਰੀ ਚੰਦ ਜੀ 'ਤੇ ਕੀਤੀਆਂ ਸਨ। ਇਸ ਕਰਕੇ ਬਾਬਾ ਗੁਰਦਿੱਤਾ ਜੀ ਬੜੇ ਕਰਮਯੋਗੀ ਤੇ ਕਰਾਮਾਤੀ ਸ਼ਕਤੀਆਂ ਦੇ ਧਾਰਣੀ ਮਹਾਂਪੁਰਸ਼ ਸਨ। ਇਸੇ ਕਾਰਨ ਕੀਰਤਪੁਰ ਪਹਾੜੀ ਉੱਤੇ ਵੱਸਦੇ ਇਕ ਮੁਸਲਮਾਨ ਫ਼ਕੀਰ ਬੁੱਢਣ ਸ਼ਾਹ ਨਾਲ ਇਨ੍ਹਾਂ ਦਾ ਬਹੁਤ ਪਿਆਰ ਸੀ। ਉਹ ਵੀ ਵੱਡੀ ਉਮਰ ਦੇ ਸੂਫ਼ੀ ਫ਼ਕੀਰ ਸਨ, ਜੋ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰ ਚੁੱਕੇ ਸਨ। ਇਸ ਨੇ ਜਦੋਂ ਬਾਬਾ ਗੁਰਦਿੱਤਾ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਮਾਨਤ ਦੁੱਧ ਛਕਾ ਕੇ ਬਹੁਤ ਸਤਿਕਾਰ ਕੀਤਾ। ਕਈ ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਬਾਬਾ ਗੁਰਦਿੱਤਾ ਜੀ ਨੇ ਆਪ ਮੰਗ ਕੀਤੀ ਕਿ ਦੁੱਧ ਛਕਾਉ। ਅੱਗੋਂ ਬੁੱਢਣ ਸ਼ਾਹ ਨੇ ਕਿਹਾ ਕਿ ਪਹਿਲਾਂ ਉਸੇ ਰੂਪ ਵਿਚ ਦਰਸ਼ਨ ਦੇਵੋ, ਫੇਰ ਦੁੱਧ ਛਕਾਉਂਦੇ ਹਾਂ। ਖ਼ੈਰ ਇਹ ਗੱਲਾਂ ਸਾਖੀਕਾਰਾਂ 'ਤੇ ਨਿਰਭਰ ਕਰਦੀਆਂ ਹਨ ਕਿ ਉਹ ਕਿਵੇਂ ਇਹਨਾਂ ਨੂੰ ਰੌਚਿਕ ਬਣਾਉਂਦੇ ਹਨ। ਰਵਾਇਤਾਂ ਕਹਿੰਦੀਆਂ ਹਨ ਕਿ ਬਾਬਾ ਗੁਰਦਿੱਤਾ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਦਰਸ਼ਨ ਦਿੱਤੇ।

ਕੀਰਤਪੁਰ ਵਿਚ ਸੰਮਤ 1694 ਬਿ: ਦੇ ਮੱਧ ਵਿਚ ਗੁਰੂ ਹਰਿਗੋਬਿੰਦ ਜੀ ਦੇ

ਦਰਸ਼ਨਾਂ ਨੂੰ ਆਈ ਸੰਗਤ ਵਿਚ ਬਾਲੂ ਜੀ, ਅਲਮਸਤ ਜੀ, ਹਸਨਾ ਜੀ ਤੇ ਗੋਇੰਦ ਜੀ ਵੀ ਆਏ। ਕਹਿੰਦੇ ਹਨ ਕਿ ਇਹਨਾਂ ਨੇ ਸੁਣਿਆ ਸੀ ਕਿ ਬਾਬਾ ਸ੍ਰੀ ਚੰਦ ਜੀ ਨੇ ਆਪਣੇ ਵੱਡੀ ਉਮਰ ਵਾਲੇ ਕਈ ਪੁਰਾਤਨ ਸੇਵਕਾਂ ਨੂੰ ਛੱਡ ਕੇ 12 ਸਾਲ ਦੇ ਬਾਬਾ ਗੁਰਦਿੱਤਾ ਜੀ ਨੂੰ ਆਪਣਾ ਜਾਨਸ਼ੀਨ ਵ ਉਦਾਸੀ ਪੰਥ ਦਾ ਮੁਖੀ ਬਣਾ ਦਿੱਤਾ ਹੈ।

ਬਾਬਾ ਗੁਰਦਿੱਤਾ ਜੀ ਨੇ ਇਹਨਾਂ ਚਾਰਾਂ ਨੂੰ ਗੱਦੀਦਾਰ ਬਣਾ ਕੇ ਵੱਖ-ਵੱਖ ਥਾਵਾਂ 'ਤੇ ਭੇਜਿਆ। ਜਿਵੇਂ ਮਹਾਤਮਾ ਬੁੱਧ ਦੇ ਭਿਖਸ਼ੂ ਦੇਸ਼-ਵਿਦੇਸ਼ ਵਿਚ ਗਏ, ਇਸੇ ਤਰ੍ਹਾਂ ਇਹ ਚਾਰੇ ਬਾਬਾ ਗੁਰਦਿੱਤਾ ਜੀ ਤੋਂ ਬਾਅਦ ਪ੍ਰਸਿੱਧ ਧੂਣੀਦਾਰ ਪੂਜਨੀਕ ਉਦਾਸੀ ਮੰਨੇ ਗਏ :

> ਦੋਹਰਾ॥ ਬਾਲੂ ਹਸਨ ਫੂਲ ਪੁਨਿ, ਗੋਂਦਾ ਅਰ ਅਲਮਸਤ।
> ਮੁੱਖ ਉਦਾਸੀ ਇਹ ਪਏ ਬਹੁਰੋ ਸਾਧ ਸਮਸਤ॥੪੫॥
> ਚੌਪਈ॥ ਤਿਨ ਤੇ ਬਦਤਜੋ ਪੰਥ ਉਦਾਸੀ।
> ਲਾਖਹੁੰ ਭਏ ਕਰਹਿੰ ਤਪ ਰਾਸੀ। *(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 6)*

ਪਹਿਲੇ ਬਾਲੂ 'ਹੱਸਣਾ' ਜੀ ਪਹਾੜ ਵੱਲ ਦੇਹਰਾਦੂਨ ਨੂੰ ਭੇਜੇ ਗਏ, ਜਿਨ੍ਹਾਂ ਪਾਸ ਪਿੱਛੋਂ ਸ੍ਰੀ ਰਾਮ ਰਾਇ ਜੀ ਜਾ ਕੇ ਠਹਿਰੇ ਤੇ ਇਥੋਂ ਦੇ ਹੀ ਗੱਦੀਦਾਰ ਬਣਾਏ ਗਏ। ਸ੍ਰੀ ਰਾਮਰਾਇ ਜੀ ਦੀ ਕੋਈ ਸੰਤਾਨ ਨਹੀਂ ਸੀ, ਜਿਸ ਤੋਂ ਬਾਲੂ 'ਹੱਸਣਾ' ਜੀ ਦੇ ਇਕ ਧਰਮੀ ਚੇਲੇ ਨੂੰ ਹੀ ਮੁੜ ਇਥੋਂ ਦੀ ਗੱਦੀ 'ਤੇ ਬਿਠਾਇਆ ਗਿਆ। ਇਹ ਡੇਰਾ ਰਾਮਰਾਇ ਜੀ ਦਾ ਪ੍ਰਸਿੱਧ ਸਥਾਨ ਹੈ। ਉਸ ਥਾਂ 'ਤੇ ਮੌਜੂਦਾ ਮਹੰਤ ਦੇਵਿੰਦਰ ਦਾਸ ਜੀ ਪ੍ਰਤਿਸ਼ਠ ਮਹਾਂਪੁਰਸ਼ ਹਨ।

ਦੂਜੇ ਅਲਮਸਤ ਜੀ ਨੂੰ ਸ੍ਰੀ ਨਾਨਕ ਮੱਤੇ ਪਹਿਲੀ ਥਾਂ ਵਿਚ ਭੇਜਿਆ। ਇਹਨਾਂ ਨੇ ਸਤਿਨਾਮ ਮੰਤਰ ਦੇ ਜਾਪਕ ਹਜ਼ਾਰਾਂ ਨਾਨਕ ਪੰਥੀ ਸਿੱਖ ਬਣਾਏ। ਉਨ੍ਹਾਂ ਦੀ ਸੰਤਾਨ ਹੁਣ ਤੀਕ ਦੀਪਮਾਲਾ ਕਰਦੇ ਹੋਏ ਗੁਰਦੁਆਰੇ ਦੀ ਯਾਤਰਾ ਕਰਦੀ ਹੈ।

ਗੋਇੰਦ ਜੀ ਜਿਨ੍ਹਾਂ ਨੇ ਦੱਖਣ ਵਿਚ ਜਾ ਕੇ ਸਤਿਨਾਮ ਮੰਤਰ ਜਪਾਇਆ ਤੇ ਫੇਰ ਡੇਰਾ ਹੈਦਰਾਬਾਦ ਦੱਖਣ ਵਿਚ ਸਥਾਪਤ ਕੀਤਾ। ਇਹ ਲਾਹੌਰ ਆ ਕੇ ਜੋਤੀ ਜੋਤਿ ਸਮਾਏ ਸਨ।

ਫੂਲ ਸਾਹਿਬ ਬਹਾਦਰ ਗੜ੍ਹ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਜਾ ਵੱਸੇ। ਉਥੇ ਹੁਣ ਤੀਕ ਭਾਰੀ ਸਥਾਨ ਹੈ ਅਤੇ ਮੌਜੂਦਾ ਮਹੰਤ ਵੀ ਚੰਗੇ ਪੜ੍ਹੇ-ਲਿਖੇ ਨਿਰਮਲ ਅਤੇ ਸਨਮਾਨਯੋਗ ਸ਼ਖ਼ਸੀਅਤ ਹਨ।

ਸ੍ਰੀ ਗੁਰੂ ਸੰਗਤ ਦੇਵ ਜੀ

ਸ੍ਰੀ ਸੰਗਤ ਜੀ ਦਾ ਦੂਸਰਾ ਨਾਂ ਸੰਤ ਛਮਛਰੂ ਸੀ। ਇਹਨਾਂ ਦਾ ਜਨਮ ਬਿਕ੍ਰਮੀ ਸੰਮਤ 1700 ਨੂੰ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪਿੰਡ ਡਰੌਲੀ ਵਿਚ ਉਪਲ ਜਾਤ ਦੇ ਖੱਤਰੀ ਵਿਨੈ ਰਾਏ ਦੇ ਘਰ ਹੋਇਆ। ਇਹਨਾਂ ਦਾ ਪਹਿਲਾਂ ਨਾਂ ਵਿਜੈ ਰਾਏ ਸੀ। ਬਚਪਨ ਵਿਚ ਇਹ ਈਸ਼ਵਰ ਭਗਤ ਅਤੇ ਸਾਧੂਆਂ ਦੀ ਸੇਵਾ ਕਰਨ ਵਿਚ ਰੁਚੀ ਰੱਖਦੇ ਸਨ। ਇਹਨਾਂ ਦੀ ਬੋਲ ਬਾਣੀ ਵਿਚ ਬੇਅੰਤ ਸ਼ਕਤੀ ਤੇ ਮਿਠਾਸ ਸੀ। ਕਹਿੰਦੇ ਹਨ ਕਿ

ਇਹਨਾਂ ਦੀਆਂ ਗੱਲਾਂ ਸੁਣ ਸੁਣ ਕੇ ਇਹਨਾਂ ਦੇ ਵਿਰੋਧੀ ਵੀ ਇਨ੍ਹਾਂ ਦੇ ਪਿਆਰੇ ਹੋ ਜਾਂਦੇ ਸਨ। ਜਦੋਂ ਇਹ ਗ੍ਰਿਹਸਥ ਜੀਵਨ ਵਿਚ ਸਨ, ਉਦੋਂ ਵੀ ਇਹਨਾਂ ਦਾ ਵਿਵਹਾਰ ਸਾਧੂਆਂ ਵਰਗਾ ਸੀ। ਲੋਕਾਂ ਦੀ ਇਹਨਾਂ ਪਰ ਅਪੂਰਬ ਸ਼ਰਧਾ ਸੀ। ਨਗਰ ਦੇ ਸਾਰੇ ਝਗੜੇ, ਕਲੇਸ਼ਾਂ ਦਾ ਫ਼ੈਸਲਾ ਜਨਤਾ ਇਹਨਾਂ ਤੋਂ ਕਰਵਾਉਂਦੀ ਸੀ। ਲੋਕ ਇਹਨਾਂ ਨੂੰ ਫੇਰੂ ਵੀ ਕਹਿੰਦੇ ਸਨ। ਫੇਰੂ ਉਸ ਨੂੰ ਕਹਿੰਦੇ ਹਨ, ਜੋ ਦੂਸਰੇ ਦੇ ਚਿੱਤ ਨੂੰ ਬਦਲ ਦੇਵੇ। ਜ਼ਿਆਦਾਤਰ ਇਧਰ ਉਧਰ ਵੀ ਫਿਰਦੇ ਰਹਿੰਦੇ ਸਨ। ਇਸ ਲਈ ਘਰ ਵਾਲਿਆਂ ਅਤੇ ਰਿਸ਼ਤੇਦਾਰਾਂ ਨੇ ਨਾਮ ਫੇਰੂ ਰੱਖਿਆ।

ਸੱਚੀ ਦਾੜ੍ਹੀ ਦਾ ਅਰਥ

ਇਹਨਾਂ ਦੇ ਜੀਵਨ ਦੀ ਇਕ ਹੋਰ ਵਚਿੱਤਰ ਘਟਨਾ ਹੈ ਕਿ ਇਹਨਾਂ ਨੇ ਨਿਆਇ ਕਰਨ ਦੀ ਲੋਕਪ੍ਰਿਯਤਾ ਦਾ ਅਸਰ ਜਨਤਾ 'ਤੇ ਪਿਆ ਹੋਇਆ ਸੀ, ਕਿਉਂਕਿ ਆਪ ਸਤਿ ਦੀ ਰੱਖਿਆ ਵਾਸਤੇ ਕਿਸੇ ਦੀ ਵੀ ਪ੍ਰਵਾਹ ਨਹੀਂ ਸਨ ਕਰਦੇ। ਇਕ ਵਾਰ ਆਪ ਦੇ ਰਿਸ਼ਤੇਦਾਰਾਂ ਦਾ ਕਿਸੇ ਦੂਸਰੇ ਜ਼ਿਮੀਂਦਾਰ ਦੇ ਨਾਲ ਜ਼ਮੀਨ ਦਾ ਝਗੜਾ ਹੋ ਗਿਆ। ਅਸਲ ਵਿਚ ਉਸ ਝਗੜੇ ਵਿਚ ਇਹਨਾਂ ਦੇ ਰਿਸ਼ਤੇਦਾਰ ਗ਼ਲਤ ਰਸਤੇ ਪਰ ਸਨ। ਕਈ ਪੰਚਾਇਤਾਂ ਹੋਈਆਂ, ਪਰ ਫ਼ੈਸਲਾ ਕੁਝ ਵੀ ਨਹੀਂ ਹੋਇਆ। ਅੰਤ ਵਿਚ ਪੰਚਾਇਤ ਨੇ ਵਿਜੈ ਰਾਏ ਨੂੰ ਜੱਜ ਮੰਨਿਆ, ਕਿਉਂਕਿ ਉਹ ਇਹਨਾਂ ਦੀ ਸਤਿ ਭਗਤੀ ਨੂੰ ਪੂਰੀ ਤਰ੍ਹਾਂ ਜਾਣਦੇ ਸਨ। ਇਸ ਦੇ ਉਲਟ ਉਹਨਾਂ ਦੇ ਰਿਸ਼ਤੇਦਾਰ ਇਹ ਨਹੀਂ ਸੀ ਚਾਹੁੰਦੇ ਕਿ ਇਸ ਝਗੜੇ ਦਾ ਫ਼ੈਸਲਾ ਵਿਜੈ ਰਾਏ 'ਤੇ ਛੱਡਿਆ ਜਾਵੇ, ਕਿਉਂਕਿ ਇਹਨਾਂ ਨੂੰ ਡਰ ਸੀ ਕਿ ਵਿਜੈ ਰਾਏ ਤਾਂ ਜ਼ਰੂਰ ਫ਼ੈਸਲਾ ਵਿਰੋਧੀਆਂ ਦੇ ਪੱਖ ਵਿਚ ਕਰੇਗਾ। ਹੁਣ ਪੰਚਾਇਤ ਵਿਚ ਇਹ ਫ਼ੈਸਲਾ ਹੋ ਚੁੱਕਿਆ ਸੀ ਕਿ ਇਸ ਵਾਸਤੇ ਕੁਝ ਨਾ ਕਰ ਸਕੇ। ਅੰਤ ਵਿਚ ਵਿਵਾਦ ਵਿਜੈ ਰਾਏ ਦੇ ਪਾਸ ਪਹੁੰਚਿਆ। ਦੋਨੋਂ ਪੱਖ ਦੇ ਸਵਾਲ ਜਵਾਬ ਅਤੇ ਇਧਰ-ਉਧਰ ਦੀ ਪੜਚੋਲ ਕਰਨ ਤੋਂ ਬਾਅਦ ਵਿਜੈ ਰਾਏ ਨੂੰ ਇਹ ਪਤਾ ਲੱਗਿਆ ਕਿ ਉਹਨਾਂ ਦੇ ਸੰਬੰਧੀ ਹੀ ਇਸ ਝਗੜੇ ਵਿਚ ਅਪਰਾਧੀ ਹਨ। ਅੰਤ ਵਿਚ ਉਹਨਾਂ ਨੇ ਇਹਨਾਂ ਵਿਰੁੱਧ ਫ਼ੈਸਲਾ ਕੀਤਾ। ਘਰ ਵਾਲੇ ਤਾਂ ਇਹਨਾਂ ਤੋਂ ਨਾਰਾਜ਼ ਹੋ ਗਏ, ਪਰ ਨਗਰ ਦੀ ਜਨਤਾ ਇਹਨਾਂ ਪਰ ਮੁਗਧ ਹੋ ਕੇ ਸੱਚੀ ਦਾੜ੍ਹੀ ਕਹਿਣ ਲੱਗੀ।

ਉਦਾਸੀਨ ਨਵਾਂ ਅਖਾੜਾ ਦੀ ਸਥਾਪਨਾ

ਉਦਾਸੀਨ ਆਚਾਰਯ ਭਗਵਾਨ ਸ੍ਰੀ ਚੰਦਰ ਜੀ ਦੇ ਪੋਤਰੇ ਸ਼ਿਸ ਅਤੇ ਗੁਰੂ ਕਰਤਾ ਹਰਿ ਰਾਏ ਜੀ ਦੇ ਸ਼ਿਸ਼ ਗੁਰੂਦੇਵ ਗੁਰੂ ਸੰਗਤ ਸਾਹਿਬ ਨਵਾਂ ਅਖਾੜਾ ਦੇ ਆਚਾਰਯ ਦੇਵ ਹੋਏ।

ਮੁਨੀ ਕਰਤਾ ਹਰਿ ਰਾਏ ਜੀ ਨੇ ਵਿਜੈ ਰਾਏ ਨੂੰ ਵਿਧੀਵਤ ਸੁਹੋਤ ਧਰਮ ਵਿਚ ਦੀਖਸ਼ਤ ਕੀਤਾ ਸੀ ਅਤੇ ਪ੍ਰਸੰਨ ਹੋ ਕੇ ਆਸ਼ੀਰਵਾਦ ਦਿੰਦੇ ਹੋਏ ਇਹਨਾਂ ਨੂੰ ਸੰਗਤ ਦੇਵ ਦਾ ਨਾਮ ਦਿੱਤਾ। ਸੰਗਤ ਸਾਹਿਬ ਦੁਆਰਾ ਮੁਨੀ ਕਰਤਾ ਹਰਿ ਰਾਏ ਜੀ ਤੋਂ

ਦੀਖਸ਼ਾ ਲੈਣਾ ਇਕ ਵਚਿੱਤਰ ਕਥਾ ਹੈ। ਗੁਰੂ ਕਰਤਾ ਹਰਿ ਰਾਏ ਜੀ ਨੇ ਇਹਨਾਂ ਨੂੰ ਵਰਦਾਨ ਦਿੱਤਾ ਕਿ ਆਪ ਦੁਆਰਾ ਉਦਾਸੀਨ ਸੰਪ੍ਰਦਾਇ ਦੀ ਇਕ ਨਵੀਂ ਸ਼ਾਖ਼ਾ ਦਾ ਸੰਚਾਲਣ ਹੋਵੇਗਾ। ਮਹਾਤਮਾ ਸੰਗਤ ਸਾਹਿਬ ਇਕ ਸਾਲ ਤਕ ਗੁਰੂ ਦੀ ਬਹੁਤ ਹੀ ਸੇਵਾ ਭਗਤੀ ਦੇ ਬਾਅਦ ਗੁਰੂ ਜੀ ਦੀ ਆਗਿਆ ਪਾ ਕਰ ਜ਼ਿਲ੍ਹਾ ਲਾਹੌਰ ਦੇ ਚੂਨੀਆਂ ਨਗਰ ਵਿਚ ਆ ਗਏ ਅਤੇ ਉਥੇ ਹੀ ਧਰਮ ਦੀ ਨੀਤੀ ਦਾ ਪ੍ਰਚਾਰ ਪ੍ਰਸਾਰ ਕਰਦੇ ਰਹੇ। ਆਪਣੇ ਸ਼ਰਧਾਲੂਆਂ ਸੇਵਕਾਂ ਦੀ ਬੇਨਤੀ ਪਰ ਆਪ ਨੇ ਲਾਹੌਰ ਦੇ ਮੀਆਂ ਪਿੰਡ ਵਿਚ ਇਕ ਆਸ਼ਰਮ ਬਣਾਇਆ।

ਸੰਗਤ ਸਾਹਿਬ ਜੀ ਦੇ 40 ਚੇਲੇ ਸਨ, ਜਿਨ੍ਹਾਂ ਵਿੱਚੋਂ ਦਸ ਨੇ ਆਪਣੀ ਗੁਰ-ਪ੍ਰਣਾਲੀ ਚਲਾਈ। ਬਾਬਾ ਵਰਿੰਦਾਵਨ ਸਾਹਿਬ ਅਤੇ ਬਾਬਾ ਨਾਰਾਇਣ ਦਾਸ ਜੀ ਆਪ ਦੇ ਚੇਲਿਆਂ ਵਿੱਚੋਂ ਪ੍ਰਮੁੱਖ ਸਨ।

ਬਾਬਾ ਸੰਗਤ ਸਾਹਿਬ ਜੀ ਦੇ ਮਨ ਵਿਚ ਇਕ ਵਾਰ ਬਾਬਾ ਗੁਰਦਿੱਤਾ ਜੀ ਦੀ ਤਪ-ਸਥਲੀ ਕੀਰਤਪੁਰ ਦੇ ਦਰਸ਼ਨਾਂ ਦੀ ਇੱਛਾ ਹੋਈ ਤਾਂ ਆਪ ਕੀਰਤਪੁਰ ਗਏ। ਗੁਰੂ ਗੋਬਿੰਦ ਸਿੰਘ ਇਹਨਾਂ ਦੀ ਉਪਮਾ ਸੁਣ ਚੁੱਕੇ ਸੀ ਅਤੇ ਮਿਲਣ ਦਾ ਮਨ ਵਿਚ ਵਿਚਾਰ ਆਇਆ। ਉਹ ਵੀ ਕੀਰਤਪੁਰ ਪਹੁੰਚੇ। ਦੋਹਾਂ ਮਹਾਂਪੁਰਸ਼ਾਂ ਨੇ (ਅਧਿਆਤਮਕ) ਗੋਸ਼ਟੀ ਦਾ ਆਯੋਜਨ ਕੀਤਾ। ਪ੍ਰੇਮ ਦੇ ਵਸੀਭੂਤ ਗੁਰੂ ਜੀ, ਸੰਗਤ ਸਾਹਿਬ ਨੂੰ ਕੁਝ ਦਿਨਾਂ ਵਾਸਤੇ ਅਨੰਦਪੁਰ ਸਾਹਿਬ ਲੈ ਗਏ। ਪ੍ਰੇਮ ਅਤੇ ਪ੍ਰਭੂ ਚਰਚਾ ਵਿਚ ਲੀਨ ਸੰਗਤ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਠਹਿਰੇ।[1]

ਪਟਿਆਲਾ ਜ਼ਿਲ੍ਹੇ ਆਕੜ ਦੇ ਬਾਨੀ ਸੰਤ ਮਨੋਹਰ ਦਾਸ ਹੋਏ। ਉਹ ਸੂਰਦਾਸ (ਨੇਤਰਹੀਣ) ਸਨ। ਉਹ ਆਪਣੇ ਗੁਰੂ ਸਾਹਿਬ ਦੀ ਪਰੰਪਰਾ ਨੂੰ ਅਮਰ ਕਰਨਾ ਚਾਹੁੰਦੇ ਸਨ ਤਾਂ ਕਿ ਸੰਗਤ ਸਾਹਿਬ ਦੀ ਵੱਖਰੀ ਪਹਿਚਾਣ ਬਣ ਸਕੇ। ਉਹ ਉਦਾਸੀਨ ਪੰਚਾਇਤ ਨਵਾਂ ਅਖਾੜਾ ਦੇ ਸੰਸਥਾਪਕ ਬਣੇ ਅਤੇ ਉਦਾਸੀਨ ਮਤ ਦਾ ਚਾਰਾਂ ਦਿਸ਼ਾਵਾਂ ਵਿਚ ਪ੍ਰਚਾਰ ਕੀਤਾ।

ਉਦਾਸੀਨ ਅਖਾੜਾ ਤਾਂ ਪਹਿਲਾਂ ਤੋਂ ਹੀ ਸੀ, ਪਰੰਤੂ ਸੰਗਤ ਸਾਹਿਬ ਦੀ ਪਰੰਪਰਾ ਦੇ ਇਸ ਸਾਧੂ ਨੇ ਸੰਮਤ 1896 ਨੂੰ ਸੰਗਤ ਸਾਹਿਬ ਦੀ ਬਖ਼ਸ਼ਿਸ਼ ਨੂੰ ਇਕ ਸੰਗਠਨ ਦਾ ਸਰੂਪ ਦਿੱਤਾ ਅਤੇ ਇਸ ਦਾ ਨਵਾਂ ਨਾਮ ਉਦਾਸੀਨ ਨਵਾਂ ਅਖਾੜਾ ਰੱਖਿਆ।

ਸੰਤ ਬਾਬਾ ਮਨੋਹਰ ਦਾਸ ਪਟਿਆਲਾ ਦੇ ਰਾਜਾ ਕਰਮ ਸਿੰਘ ਜੀ ਦੇ ਗੁਰੂ ਸਨ।

---

1. ਗੁਰੂ ਹਰਿ ਰਾਏ ਜੀ ਨੇ ਇਹਨਾਂ ਨੂੰ ਨੱਕੇ ਦਾ ਮਹੰਤ ਥਾਪਿਆ। ਕਥਨੀ ਅਤੇ ਕਰਨੀ ਦੇ ਇਸ ਮਹਾਨ ਸੰਤ ਨੇ ਗੁਰੂ ਆਸ਼ੇ ਅਨੁਸਾਰ ਸਿੱਖੀ ਪ੍ਰਚਾਰ ਵਿਚ ਭਰਪੂਰ ਯੋਗਦਾਨ ਪਾਇਆ ਅਤੇ ਗੁਰੂ ਘਰ ਵਿਚ ਸਨਮਾਨ ਦਾ ਪਾਤਰ ਬਣੇ। ਮਸੰਦਾਂ ਦੀਆਂ ਕਰਤੂਤਾਂ ਬਾਰੇ ਜਾਣਕਾਰੀ ਮਿਲਣ 'ਤੇ ਦਸਮੇਸ਼ ਪਿਤਾ ਜੀ ਨੇ ਇਹਨਾਂ ਨੂੰ ਸਖ਼ਤ ਤਾੜਨਾ ਕੀਤੀ ਅਤੇ ਗੁਰੂ ਦਰਬਾਰ ਵਿਚ ਪੇਸ਼ ਹੋਣ ਦਾ ਹੁਕਮ ਕੀਤਾ। ਭਾਈ ਫੇਰੂ ਨੂੰ ਦਾੜ੍ਹੀ ਤੋਂ ਫੜ ਲਿਆਉਣ ਦਾ ਹੁਕਮ ਹੋਇਆ, ਉਹਨਾਂ ਦੀ ਸਿੱਖੀ ਸੇਵਕੀ ਤੋਂ ਜਾਣਕਾਰੀ ਸਿੱਖਾਂ ਨੇ ਅਜਿਹਾ ਕਰਨ ਦਾ ਹੀਆ ਨਾ ਕੀਤਾ, ਤਾਂ ਉਹ ਆਪ ਆਪਣੀ ਦਾੜ੍ਹੀ ਫੜ ਕੇ ਗੁਰੂ ਸਾਹਿਬ ਕੋਲ ਆ ਪੇਸ਼ ਹੋਏ। ਗੁਰੂ ਸਾਹਿਬ ਨੇ ਨਿਮਰਤਾ ਵੇਖ ਕੇ ਸੱਚੀ ਦਾੜ੍ਹੀ ਦਾ ਆਸ਼ੀਰਵਾਦ ਦਿੱਤਾ ਅਤੇ 'ਸੰਗਤ ਸਾਹਿਬ' ਦਾ ਖ਼ਿਤਾਬ ਬਖ਼ਸ਼ਿਆ। ਉਸ ਦਿਨ ਤੋਂ ਇਹਨਾਂ ਦੀ ਸੰਗਤ ਦੇ ਉਦਾਸੀ ਸਾਧੂਆਂ ਨੂੰ 'ਸੰਗਤ ਸਾਹਿਬਏ' ਕਿਹਾ ਜਾਂਦਾ ਹੈ।

ਉਹਨਾਂ ਦੀ ਅੰਤਰ ਦ੍ਰਿਸ਼ਟੀ ਆਪਣੇ ਸੰਕਲਪ ਨੂੰ ਦੇਖਦੀ ਸੀ। ਬਾਬਾ ਜੀਤ ਮੱਲੀਏ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਪ੍ਰਾਪਤ ਹੋਈ ਅਤੇ ਇਹਨਾਂ ਦਾ ਪ੍ਰਚਾਰ ਕੇਂਦਰ ਫ਼ਤਹਿਪੁਰ ਮੰਨਿਆ ਜਾਦਾ ਹੈ।

ਬਾਬਾ ਬਖ਼ਤ ਮੱਲ ਜੀ

ਬਖ਼ਤ ਮੱਲ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਸ਼ੀਰਵਾਦ ਨਾਲ ਸਿੱਖੀ ਪ੍ਰਚਾਰ ਦੀ ਸੇਵਾ ਕਰਦੇ ਸਨ। ਇਹਨਾਂ ਦਾ ਪ੍ਰਮੁੱਖ ਸਥਾਨ ਤੇ ਪ੍ਰਚਾਰ ਦਾ ਖੇਤਰ ਕਾਬੁਲ ਵਿਖੇ ਸੀ। ਇਥੋਂ ਦੇ ਸਿੱਖਾਂ ਤੋਂ ਇਹ ਮਹਾਂਪੁਰਸ਼ ਭੇਟਾ ਉਗਰਾਹ ਕੇ ਗੁਰੂ ਘਰ ਅਰਪਣ ਕਰਦੇ ਸਨ। ਰਵਾਇਤਾਂ ਕਹਿੰਦੀਆਂ ਹਨ ਕਿ ਜਦੋਂ ਦਸਵੇਂ ਪਿਤਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਮਸੰਦ ਪ੍ਰਥਾ ਖ਼ਤਮ ਕਰ ਦਿੱਤੀ ਤਾਂ ਇਹਨਾਂ ਨੂੰ ਸਖ਼ਤ ਤਾੜਨਾ ਕੀਤੀ ਤਾਂ ਉਸ ਸਮੇਂ ਬਖ਼ਤ ਮੱਲ ਜੀ ਇਸਤਰੀ ਦਾ ਭੇਖ ਧਾਰ ਕੇ ਮਾਤਾ ਜੀ ਦੀ ਸ਼ਰਨ ਗਿਆ ਅਤੇ ਮਾਫ਼ੀ ਮੰਗੀ। ਮਾਤਾ ਜੀ ਦੇ ਕਹਿਣ 'ਤੇ ਦਸਮੇਸ਼ ਪਿਤਾ ਜੀ ਨੇ ਇਹਨਾਂ ਨੂੰ ਬਖ਼ਸ਼ ਦਿੱਤਾ ਅਰੁ ਅੱਗੇ ਤੋਂ ਸੁਮਾਰਗ 'ਤੇ ਚੱਲਣ ਦਾ ਉਪਦੇਸ਼ ਕੀਤਾ। ਇਸ ਦੀ ਸੰਪ੍ਰਦਾਇ ਦੇ ਉਦਾਸੀ ਸੰਤ ਬਖ਼ਤ ਮੱਲੀਏ ਕਹਾਉਂਦੇ ਹਨ ਅਰ ਜਦੋਂ ਕੋਈ ਨਵਾਂ ਮਹੰਤ ਗੱਦੀ 'ਤੇ ਬੈਠਦਾ ਹੈ ਤਾਂ ਉਹ ਇਸਤਰੀ ਦਾ ਲਿਬਾਸ ਪਾਉਂਦਾ ਹੈ।

ਬਾਬਾ ਭਗਤ ਭਗਵਾਨ ਜੀ

ਇਹਨਾਂ ਦਾ ਮਿਲਾਪ ਗੁਰੂ ਹਰਿਰਾਇ ਜੀ ਨਾਲ ਹੋਇਆ। ਇਹਨਾਂ ਦਾ ਸੰਬੰਧ ਬਿਹਾਰ ਪ੍ਰਾਂਤ ਨਾਲ ਹੈ। ਉਥੇ ਤਪ ਸਾਧਨਾ ਕਰਦੇ ਸਨ। ਭ੍ਰਮਣ ਕਰਦੇ ਹੋਏ ਗੁਰੂ ਹਰਿਰਾਇ ਸਾਹਿਬ ਜੀ ਨੂੰ ਮਿਲਣ ਆਏ। ਗੁਰੂ ਜੀ ਪਾਸੋਂ ਸਿੱਖੀ ਧਾਰਨ ਕੀਤੀ। ਗੁਰੂ ਜੀ ਨੇ ਇਹਨਾਂ ਦਾ ਨਾਂ 'ਭਗਤ ਭਗਵਾਨ' ਰੱਖਿਆ ਅਤੇ ਇਹਨਾਂ ਨੂੰ ਧਰਮ ਚੰਦ ਜੀ ਦੇ ਸਪੁੱਤਰ ਮਿਹਰ ਚੰਦ ਜੀ ਕੋਲ ਭੇਜ ਦਿੱਤਾ। ਉਥੇ ਸੰਗਤ ਵਿਚ ਉਦਾਸੀ ਭੇਖ ਧਾਰਨ ਕੀਤਾ। ਗੁਰੂ ਜੀ ਦੀ ਕ੍ਰਿਪਾ ਸਦਕੇ ਪੂਰਬ ਦੇ ਇਲਾਕੇ ਵਿਚ ਸਿੱਖੀ ਪ੍ਰਚਾਰ ਦੀ ਸੇਵਾ ਕਰਦੇ ਰਹੇ। ਇਹਨਾਂ ਦੇ ਸੇਵਕਾਂ ਨੂੰ ਭਗਤ ਭਗਵਾਨੀਏ ਕਿਹਾ ਜਾਂਦਾ ਹੈ ਅਤੇ ਇਹਨਾਂ ਉਦਾਸੀ ਸਾਧੂਆਂ ਦੀਆਂ ਹੁਣ 370 ਗੱਦੀਆਂ ਪੂਰਬ ਵਿਚ ਹਨ।

ਬਾਬਾ ਮੀਹਾਂ ਸ਼ਾਹ ਜੀ

ਰਾਮਦੇਵ ਨਾਂ ਦਾ ਇਕ ਸਿੱਖ ਧਮਧਾਨ ਸਾਹਿਬ ਵਿਖੇ ਲੰਗਰ ਦੀ ਸੇਵਾ ਕਰਿਆ ਕਰਦਾ ਸੀ। ਮਾਲਵੇ ਦੇ ਪ੍ਰਚਾਰ ਸਮੇਂ ਗੁਰੂ ਜੀ ਜਦੋਂ ਧਮਧਾਨ ਸਾਹਿਬ ਪਹੁੰਚੇ ਤਾਂ ਰਾਮਦੇਵ ਨੇ ਧਮਧਾਨ ਦੇ ਰਸਤਿਆਂ 'ਤੇ ਐਨਾ ਪਾਣੀ ਛਿੜਕਿਆ, ਜੋ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਭਾਰੀ ਮੀਂਹ ਪਿਆ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਇਸ ਦੀ ਸੇਵਾ 'ਤੇ ਪ੍ਰਸੰਨ ਹੋਏ ਤੇ ਇਸ ਦਾ ਨਾਂ ਮੀਹਾਂ ਰੱਖਿਆ। ਗੁਰੂ ਸਾਹਿਬ ਨੇ ਇਕ ਨਗਾਰਾ

ਤੇ ਨਿਸ਼ਾਨ ਤਥਾ ਲੰਗਰ ਚਲਾਉਣ ਲਈ ਇਕ ਲੋਹ ਵੀ ਬਖ਼ਸ਼ੀ ਤੇ ਮਹੰਤੀ ਦੀ ਬਖ਼ਸ਼ਿਸ਼ ਕੀਤੀ। ਬਾਅਦ ਵਿਚ ਭਾਈ ਮੀਹੇਂ ਨੇ ਦਸਮੇਸ਼ ਪਿਤਾ ਜੀ ਦੀ ਸੇਵਾ ਕੀਤੀ ਅਤੇ ਆਸ਼ੀਰਵਾਦ ਵਜੋਂ ਦਸਤਾਰ ਅਤੇ ਸ਼ਸਤਰਾਂ ਦਾ ਸਨਮਾਣ ਪ੍ਰਾਪਤ ਕੀਤਾ। ਇਹਨਾਂ ਦੇ ਸੇਵਕਾਂ ਨੂੰ ਮੀਹਾਂ ਸ਼ਾਹੀਏ ਕਿਹਾ ਜਾਂਦਾ ਹੈ। ਇਹਨਾਂ ਦੀ ਸੰਪ੍ਰਦਾ ਵਿਚ ਬਹੁਤ ਕਰਨੀ ਵਾਲੇ ਮਹਾਂਪੁਰਸ਼ ਹੋਏ ਹਨ, ਜਿਨ੍ਹਾਂ ਵਿਚ ਬਾਬਾ ਮੱਲ, ਬਾਬਾ ਸੁਰਤ ਰਾਮ, ਬਾਬਾ ਮਜਨੂ ਸਾਹਿਬ, ਬਾਬਾ ਲਖਮੀਰ ਜੀ, ਬਾਬਾ ਭੋਲਾ ਦਾਸ ਜੀ ਅਤੇ ਬਾਬਾ ਰਾਮ ਦਾਸ ਜੀ ਅਤੇ ਬਾਬਾ ਰਾਮ ਦਾਸ ਜੀ। ਇਹਨਾਂ ਤੋਂ ਇਲਾਵਾ ਸਾਧੂ ਬੇਲੇ ਵਾਲੇ ਬਾਵਾ ਬਨਖੰਡੀ ਜੀ ਇਸੇ ਸੰਪ੍ਰਦਾਇ ਦੇ ਹੀ ਸਾਧੂ ਸਨ। ਪਟਿਆਲੇ ਵਿਚ ਬਾਬਾ ਮਗਨੀ ਰਾਮ ਜੀ ਦਾ ਲਖਨਊ ਵਿਚ ਬਾਬਾ ਗੁਰੂ ਨਾਰਾਇਣ ਜੀ ਦਾ ਮਸ਼ਹੂਰ ਡੇਰਾ ਅਤੇ ਸਿੰਧ ਵਿਚ ਸਾਧੂ ਵੇਲਾ ਤੀਰਥ ਮੀਹਾਂ ਸ਼ਾਹੀਏ ਸੰਤਾਂ ਦੇ ਪ੍ਰਸਿੱਧ ਸਥਾਨ ਹਨ।

ਬਾਬਾ ਸੁਥਰੇ ਸ਼ਾਹ ਜੀ

ਸੁਥਰੇ ਸ਼ਾਹ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿਰਾਇ ਜੀ ਦੇ ਸਮੇਂ ਸਿੱਖੀ ਪ੍ਰਚਾਰ ਦੀ ਸੇਵਾ ਕੀਤੀ। ਗੁਰੂ ਹਰਿਰਾਇ ਜੀ ਤੋਂ ਬਖ਼ਸ਼ਿਸ਼ ਹਾਸਲ ਕਰ ਕੇ ਪੰਜਾਬ ਤੇ ਅਫ਼ਗਾਨਿਸਤਾਨ ਤਕ ਵੱਖ-ਵੱਖ ਅਸਥਾਨਾਂ 'ਤੇ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ।

ਬਾਬਾ ਸ੍ਰੀ ਚੰਦ ਜੀ ਦੀਆਂ ਧਾਰਮਿਕ ਯਾਤਰਾਵਾਂ

ਬਾਬਾ ਸ੍ਰੀ ਚੰਦ ਜੀ ਨੇ ਪਹਿਲੀ ਯਾਤਰਾ 1524 ਈ. ਤੋਂ ਆਰੰਭ ਕੀਤੀ, ਜਦ ਆਪ ਲਗਪਗ 30 ਸਾਲਾਂ ਦੇ ਸਨ। ਆਪ ਜੀ ਦੇ ਨਾਲ ਆਪ ਜੀ ਦੇ ਬਚਪਨ ਦਾ ਸਾਥੀ ਕਮਲੀਆ ਵੀ ਸੀ। ਭਾਈ ਕਮਲੀਆ ਆਪ ਜੀ ਦੀ ਹਮੇਸ਼ਾਂ ਸੇਵਾ-ਸੰਭਾਲ ਕਰਦਾ ਸੀ। ਉਹ ਵੀ ਹਰਿਦੁਆਰ, ਰਿਸ਼ੀਕੇਸ਼, ਲਛਮਣ ਝੂਲਾ ਤੇ ਉੱਤਰ ਪ੍ਰਦੇਸ਼ ਦੇ ਪਿੰਡਾਂ ਵਿਚ ਜਾ ਕੇ ਗੁੰਮਰਾਹ ਲੋਕਾਂ ਨੂੰ ਪ੍ਰਭੂ ਦੇ ਮਿਲਾਪ ਵਾਸਤੇ ਹਰ ਰੋਜ਼ ਸਤਿਸੰਗ ਕਰਦੇ ਸਤਿ ਵਿਹਾਰ ਤੇ ਸਤਿ ਮਾਰਗ ਉੱਤੇ ਚੱਲਣ ਵਾਸਤੇ ਪ੍ਰੇਰਦੇ ਸਨ। ਇਸ ਤੋਂ ਬਾਅਦ ਮਥੁਰਾ, ਆਗਰਾ, ਕਾਨਪੁਰ, ਲਖਨਊ, ਫ਼ੈਜਾਵਾਦ, ਅਜੁਧਿਆ, ਪ੍ਰਯਾਗ ਆਦਿ ਥਾਵਾਂ ਥੀ ਹੁੰਦੇ ਹੋਏ ਕਾਸ਼ੀ ਪੁੱਜੇ, ਜਿਥੇ ਆਪ ਕਈ ਦਿਨ ਪੰਡਿਤ ਸੋਮਨਾਥ ਤ੍ਰਿਪਾਠੀ ਦੇ ਸਥਾਨ 'ਤੇ ਟਿਕੇ ਰਹੇ। ਫਿਰ ਆਪ ਉਨ੍ਹਾਂ ਨੂੰ ਸਾਥ ਲੈਂਦੇ ਹੋਏ ਪਟਨਾ, ਮੋਕਾਮਾ ਤੋਂ ਹੁੰਦੇ ਹੋਏ ਆਸਾਮ ਦੇ ਕਾਮਰੂਪ, ਬੰਗਾਲ ਤੇ ਉੜੀਸਾ ਤੋਂ ਕਟਕ ਪੁੱਜੇ। ਬਾਅਦ ਵਿਚ ਆਪ ਸਮੁੰਦਰ ਦੇ ਕਿਨਾਰੇ ਹੁੰਦੇ ਹੋਏ ਜਗਨ ਨਾਥ ਪੁਰੀ ਗਏ। ਪੰਡਿਤ ਸੋਮਨਾਥ ਤ੍ਰਿਪਾਠੀ ਜੀ ਦੀ ਸੇਵਾ ਪ੍ਰੇਮ ਤੇ ਤਿਆਗ ਨੂੰ ਵੇਖ ਕੇ ਬਾਬਾ ਜੀ ਨੇ ਉਹਨਾਂ ਨੂੰ ਹੁਣ ਆਪਣਾ ਨਿਕਟਵਰਤੀ ਸ਼ਿਸ਼ ਬਣਾ ਲਿਆ ਸੀ। ਜਦੋਂ ਜਗਨ ਨਾਥ ਦੇ ਪਾਂਡਿਆਂ ਨੇ ਸੁਣਿਆ ਕਿ ਮੰਦਰ ਵਿਚ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਇਕ ਮਹਾਨ ਜੋਗੀਸ਼ੁਰ ਦਾ ਪੁਰੀ ਵਿਚ ਆਗਮਨ ਹੋਇਆ ਹੈ ਤਾਂ ਉਹਨਾਂ ਦੀ ਖ਼ੁਸ਼ੀ ਦਾ ਟਿਕਾਣਾ ਨਹੀਂ ਰਿਹਾ। ਹੁਣ ਉਥੇ ਬਾਬਾ ਸ੍ਰੀ ਚੰਦ ਜੀ ਦੀ ਯਾਦਗਾਰ ਪਰਮ ਉਦਾਸੀ

ਬਾਲੂ 'ਹੱਸਣਾ' ਜੀ ਦਾ ਮੰਗੂ ਮੱਠ ਸਥਾਪਤ ਕੀਤਾ ਗਿਆ ਹੈ। ਪੁਰੀ ਦੇ ਰਾਜੇ ਦੀਆਂ ਮਨੋਕਾਮਨਾਵਾਂ ਪੂਰੀਆਂ ਹੋਣ 'ਤੇ ਉਸ ਨੇ 300 ਵਿਘੇ ਜ਼ਮੀਨ ਵੀ ਲਗਾ ਦਿੱਤੀ ਸੀ, ਜੋ ਅੱਜ ਤਕ ਤੁਰੀ ਆਉਂਦੀ ਹੈ।

ਇਸ ਤੋਂ ਬਾਅਦ ਬਾਬਾ ਜੀ ਮੱਧ ਪ੍ਰਦੇਸ਼ ਦੇ ਬੀਆਬਾਨ ਜੰਗਲਾਂ ਵਿੱਚੋਂ ਵਿਚਰਦੇ ਹੋਏ ਇਕ ਪ੍ਰਸਿੱਧ ਇਤਿਹਾਸਕ ਤੀਰਥ 'ਅਮਰ ਕੰਟਕ' ਦੇ ਅਸਥਾਨ 'ਤੇ ਪੁੱਜੇ, ਜਿਸ ਦੇ ਪਹਾੜ ਦੀ ਚੋਟੀ ਤੋਂ ਚਾਰ ਵੱਡੇ ਦਰਿਆ ਚੌਂਵਾਂ ਦਿਸ਼ਾਵਾਂ ਨੂੰ ਨਿਕਲਦੇ ਹਨ : ਸੋਨ ਦਰਿਆ ਬਿਹਾਰ ਵੱਲ, ਮਹਾਂਨਦੀ ਉੜੀਸਾ ਵੱਲ, ਗੁਦਾਵਰੀ ਆਂਧਰਾ ਪ੍ਰਦੇਸ਼ ਵੱਲ ਅਤੇ ਨਰਬਦਾ ਗੁਜਰਾਤ ਤੇ ਮਹਾਂਰਾਸ਼ਟਰ ਵੱਲ ਜਾਂਦੇ ਹਨ। ਪੁਰਾਣੇ ਸਮਿਆਂ ਤੋਂ ਹੀ ਇਸ ਅਲੌਕਿਕ ਅਸਥਾਨ 'ਤੇ ਵੱਡੇ ਵੱਡੇ ਰਿਸ਼ੀ-ਮੁਨੀ ਤੇ ਸਾਧੂ ਜਨ ਭਗਤੀ ਤੇ ਤੱਪ ਕਰਦੇ ਸਨ। ਮੱਧ ਪ੍ਰਦੇਸ਼ ਵਿਚ ਹੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਨੂੰ ਕੌਡੇ ਰਾਖਸ਼ਸ਼ ਕੋਲੋਂ ਬਚਾਇਆ ਸੀ। ਅੱਜ ਇਸ ਅਸਥਾਨ ਤੋਂ ਜਬਲਪੁਰ ਵਿਖੇ ਬਹੁਤ ਸ਼ਾਨਦਾਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇਹਨਾਂ ਇਲਾਕਿਆਂ ਵਿਚ ਨਰ ਬਲੀ ਧਰਮ ਦਾ ਇਕ ਅੰਗ ਬਣ ਗਿਆ ਸੀ। ਜਿਸ ਵੇਲੇ ਇਕ ਮੰਦਰ ਵਿਚ ਮੀਂਹ ਨਾ ਪੈਣ ਕਾਰਨ ਇਕ ਬਾਲਕ ਦੀ ਬਲੀ ਹੋਣੀ ਸੀ, ਬਾਬਾ ਸ੍ਰੀ ਚੰਦ ਜੀ ਨੇ ਪਿੰਡ ਦੇ ਮੁਖੀਆਂ ਨੂੰ ਇਕੱਠੇ ਕਰ ਕੇ ਕਿਹਾ ਕਿ ਜੇਕਰ ਪ੍ਰਭੂ ਪਰਮਾਤਮਾ ਨੂੰ ਮਨਜ਼ੂਰ ਹੋਇਆ ਤਾਂ ਉਹ ਆਪੇ ਮੀਂਹ ਵਰ੍ਹਾ ਦੇਣਗੇ। ਇਸ ਲਈ ਆਪ ਇਸ ਬਾਲਕ ਨੂੰ ਛੱਡ ਦਿਉ ਤੇ ਮੇਰੇ ਸਾਥ ਮਿਲ ਕੇ ਤੁਸੀਂ ਵੀ ਪਰਮਾਤਮਾ ਅੱਗੇ ਬੇਨਤੀ ਤੇ ਅਰਦਾਸ ਕਰੋ। ਜਦੋਂ ਸਾਰਿਆਂ ਨੇ ਇਸ ਤਰ੍ਹਾਂ ਪ੍ਰਾਰਥਨਾ ਕੀਤੀ ਤਾਂ ਪਲਾਂ ਵਿਚ ਬੱਦਲਾਂ ਦੀ ਗੜਗੜਾਹਟ ਤੇ ਬਿਜਲੀ ਦਾ ਚਮਕਣਾ ਸ਼ੁਰੂ ਹੋ ਗਿਆ ਅਤੇ ਮੂਸਲਾਧਾਰ ਵਰਖਾ ਹੋਣ ਲੱਗੀ। ਸਭਨਾਂ ਨੇ ਅਰਸ਼ੀ ਪ੍ਰਤੀਮ ਦਾ ਸ਼ੁਕਰਾਨਾ ਕੀਤਾ ਤੇ ਇਸ ਤਰ੍ਹਾਂ ਬਾਲਕ ਦੀ ਜਾਨ ਬਚਾਈ।

ਪੱਛਮ ਦੇਸ਼ਾਂ ਦਾ ਰਟਨ ਕਰਦੇ ਹੋਏ ਬਾਬਾ ਸ੍ਰੀ ਚੰਦ ਜੀ ਪਿਸ਼ਾਵਰ ਸ਼ਹਿਰ ਦੇ ਲਾਗੇ ਇਕ ਹਵੇਲੀ ਵਿਚ ਆ ਕੇ ਡੇਰਾ ਲਾਇਆ। ਯੂਸਫ਼ ਨਾਮੀ ਹਾਕਮ ਨੇ ਉਹਨਾਂ ਦਾ ਡੇਰਾ ਚੁਕਾ ਦਿੱਤਾ ਤੇ ਘੋੜਿਆਂ ਵਾਸਤੇ ਅਸਤਬਲ ਬਣਾ ਲਿਆ। ਪਰੰਤੂ ਜਦੋਂ ਘੋੜੇ ਕੋਈ ਗ਼ੈਬੀ ਬੀਮਾਰੀ ਨਾਲ ਮਰਨ ਲੱਗੇ ਤਾਂ ਉਨ੍ਹਾਂ ਨੂੰ ਅਹਿਸਾਸ ਹੋਇਆ, ਤਾਂ ਜਾ ਕੇ ਬਾਬਾ ਜੀ ਦੇ ਚਰਨੀਂ ਲੱਗਾ ਤੇ ਡੇਰਾ ਵਾਪਸ ਕਰ ਦਿੱਤਾ। ਗਿਆਨੀ ਈਸ਼ਰ ਸਿੰਘ ਨਾਰਾ ਨੇ ਆਪਣੀ ਪੁਸਤਕ ਵਿਚ ਇਸ ਹਾਕਮ ਦਾ ਨਾਮ 'ਮੀਰ ਖੋਰ' ਪਠਾਣ ਲਿਖਿਆ ਹੈ। ਮੀਰ ਖੋਰ ਦੇ ਘਰ ਕੋਈ ਪੁੱਤਰ ਨਹੀਂ ਸੀ, ਉਸ ਦੀ ਬੇਗਮ ਤੇ ਹਾਕਮ ਬਾਬਾ ਜੀ ਦੇ ਦਰਸ਼ਨਾਂ ਨੂੰ ਆਏ ਤੇ ਮੁਆਫ਼ੀ ਮੰਗੀ। ਉਪਰੰਤ ਬਾਬਾ ਜੀ ਨੇ ਅਰਦਾਸ ਕੀਤੀ ਤੇ ਉਹਨਾਂ ਨੂੰ ਵੀ ਕਿਹਾ ਕਿ ਅੱਲ੍ਹਾ ਤਾਲਾ ਦੀ ਦੁਆ ਪੜ੍ਹੋ ਤੇ ਇਸ ਤਰ੍ਹਾਂ ਪ੍ਰਭੂ ਦੀ ਦਇਆ ਸਦਕਾ ਉਹਨਾਂ ਦੇ ਘਰ ਪੁੱਤਰ ਪੈਦਾ ਹੋਇਆ। ਬਾਅਦ ਵਿਚ ਪਰਿਵਾਰ ਪਿਸ਼ਾਵਰ ਤੋਂ ਕਾਬਲ ਤੇ ਫਿਰ ਕੰਧਾਰ ਚਲੇ ਗਏ। ਉਥੇ ਹਿੰਦੁਸਤਾਨ ਦੇ ਮੁਗ਼ਲ ਬਾਦਸ਼ਾਹ ਦਾ ਭਰਾ ਕਾਮਗਾਨ ਰਾਜ ਕਰਦਾ ਸੀ। ਇਹ ਬੜਾ ਤੁਅੱਸਬੀ ਜ਼ਾਲਮ ਕੱਟੜ ਮੁਸਲਮਾਨ ਸੀ ਅਤੇ ਹਿੰਦੂਆਂ 'ਤੇ ਬਹੁਤ ਭਾਰੀ ਜ਼ੁਲਮ

ਕਰਦਾ ਸੀ। ਉਸ ਨੂੰ ਵੀ ਆਪ ਜੀ ਨੇ ਖ਼ਲਕਤ ਦੀ ਭਲਾਈ ਕਰਨ ਦਾ ਉਪਦੇਸ਼ ਦਿੱਤਾ। ਕਾਮਰਾਨ ਨੇ ਇਕ ਦਿਨ ਸ਼ਿਕਾਰ ਖੇਡਦੇ ਇਕ ਹਿਰਨ ਨੂੰ ਮਾਰਿਆ ਤੇ ਉਸ ਦੀਆਂ ਅੱਖਾਂ ਕੱਢ ਦਿੱਤੀਆਂ, ਜਿਸ ਨੂੰ ਦੇਖ ਕੇ ਬਾਬਾ ਸ੍ਰੀ ਚੰਦ ਜੀ ਨੂੰ ਬਹੁਤ ਦੁੱਖ ਹੋਇਆ ਤਾਂ ਸਰਾਪ ਦੇ ਦਿੱਤਾ ਕਿ ਜੇਕਰ ਕੋਈ ਤੇਰੀਆਂ ਵੀ ਅੱਖਾਂ ਕੱਢ ਲਏ ਤਾਂ ਤੇਰੇ ਵਾਸਤੇ ਵੀ ਦੁਨੀਆਂ ਇਸ ਤਰ੍ਹਾਂ ਅੰਨ੍ਹੇਰੀ ਹੋ ਜਾਵੇਗੀ। ਕਿਹਾ ਜਾਂਦਾ ਹੈ ਕਿ ਜਦੋਂ ਹਮਾਯੂੰ ਨੇ ਕਾਮਰਾਨ ਨੂੰ ਸ਼ਿਕਸਤ ਦਿੱਤੀ ਤਾਂ ਉਹੀ ਹਾਲ ਕਾਮਰਾਨ ਦਾ ਕੀਤਾ ਤੇ ਅੱਖਾਂ ਕਢਵਾ ਦਿੱਤੀਆਂ ਸਨ। ਕਾਬਲ ਵਿਚ ਹਿੰਦੂ ਗੁਜ਼ਰ ਸ਼ੋਰ ਬਾਜ਼ਾਰ ਨਾਮ ਨਾਲ ਹਿੰਦੂਆਂ ਦੀ ਆਬਾਦੀ ਵੱਸ ਗਈ ਅਤੇ ਇਸ ਥਾਂ 'ਸ੍ਰੀ ਚੰਦ ਦਰਬਾਰ' ਨਾਮ ਦਾ ਗੁਰਦੁਆਰਾ ਵੀ ਸਥਾਪਤ ਕਰ ਦਿੱਤਾ ਗਿਆ।

ਕਸ਼ਮੀਰ ਵਿਚ ਬਾਬਾ ਸ੍ਰੀ ਚੰਦ ਜੀ ਕਈ ਵਾਰ ਗਏ, ਕਿਉਂਕਿ ਇਥੇ ਆਪ ਜੀ ਦੀ ਕਾਫ਼ੀ ਮਾਨਤਾ ਸੀ। ਕਸ਼ਮੀਰ ਦੇ ਹਾਕਮ ਸ਼ੇਮੁਖਾਨ ਅਫ਼ਗ਼ਾਨ ਨਾਲ ਮੁਲਾਕਾਤ ਹੋਈ, ਜਿਥੇ ਆਪ ਨੇ ਧੂਣੇ ਵਿੱਚੋਂ ਚਿਨਾਰ ਦੀ ਇਕ ਜਲਦੀ-ਬਲਦੀ ਲੱਕੜ ਬਾਹਰ ਕੱਢ ਕੇ ਜ਼ਮੀਨ ਵਿਚ ਗੱਡ ਦਿੱਤੀ, ਜਿਸ ਵਿਚ ਹਰ-ਭਰੇ ਪੱਤਿਆਂ ਵਾਲਾ ਚਿਨਾਰ ਦਾ ਵੱਡਾ ਬਿਰਛ ਨਿਕਲ ਆਇਆ ਸੀ। ਇਹ ਕੌਤਕ ਦੇਖ ਕੇ ਕਸ਼ਮੀਰ ਦੇ ਹਾਕਮ ਤੇ ਉਸ ਦੇ ਸਾਥੀਆਂ ਦੇ ਮੂੰਹ ਦੇ ਤੋਤੇ ਉੱਡ ਗਏ ਅਤੇ ਸੁਭਾਨ ਅੱਲ੍ਹਾ ਕਹਿੰਦੇ ਹੋਏ ਹੈਰਾਨ ਤੇ ਪਰੇਸ਼ਾਨ ਹੋ ਗਏ। ਜਿਵੇਂ ਖ਼ੁਦਾ ਪਰਵਦਗਾਰ ਕੜਕਦੀ ਧੁੱਪਾਂ ਵਿਚ ਮੀਂਹ ਵਰਸਾ ਕੇ ਠੰਡ ਪਾ ਸਕਦਾ ਹੈ। ਉਵੇਂ ਹੀ ਉਹ ਸੜਦੀਆਂ ਲੱਕੜਾਂ ਭਾਵ ਤੱਤੀਆਂ ਬਲਦੀਆਂ ਰੂਹਾਂ ਨੂੰ ਠੰਡ ਪਾ ਕੇ ਹਰਾ-ਭਰਾ ਕਰ ਸਕਦਾ ਹੈ। ਲੋਭ-ਲਾਲਚ ਦੇ ਕੇ ਅਤੇ ਜ਼ੁਲਮ ਅਤੇ ਸਿਤਮ ਕਰ ਕੇ ਭਾਵੇਂ ਤੁਸੀਂ ਬੰਦਿਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਸਕਦੇ ਹੋ, ਪਰੰਤੂ ਅੰਦਰੋਂ ਉਨ੍ਹਾਂ ਦੇ ਦਿਲਾਂ ਵਿੱਚੋਂ ਰਾਮ ਦੇ ਨਾਮ ਨੂੰ ਨਹੀਂ ਕੱਢ ਸਕਦੇ। ਅਸੀਂ ਸਾਰੇ ਇੱਕੋ ਹੀ ਚਮਨ ਦੇ ਰੰਗ-ਬਰੰਗੇ ਫੁੱਲਾਂ ਦੇ ਰੂਪ ਹਾਂ। ਬਾਬਾ ਜੀ ਨੇ ਫਿਰ ਸਮਝਾਇਆ ਕਿ ਆਪ ਨੇ ਕੁਰਾਨ ਵਿਚ 'ਰੁਬਲ ਆਲਮੀਨ' ਕਰ ਕੇ ਲਿਖਿਆ ਹੈ ਨਾ ਕਿ 'ਰਬੁਲ ਮੁਸਲਮੀਨ', ਕਿਉਂਕਿ ਉਹ ਅੱਲ੍ਹਾ ਤਾਲਾ ਸਾਰੇ ਜਹਾਨ ਦਾ ਰੱਬ ਹੈ। ਕਹਿੰਦੇ ਹਨ ਕਿ ਇਸ ਚਿਨਾਰ ਦੇ ਨਾਲ ਲੱਗਦੇ ਹੀ ਬਾਬਾ ਸ੍ਰੀ ਚੰਦ ਜੀ ਦੇ ਨਾਮ ਦਾ ਗੁਰਦੁਆਰਾ ਸਥਾਪਤ ਹੈ।

ਗੰਜੀਨਾ ਏ ਫ਼ੁਕਰਾ ਨਾਮ ਦੀ ਇਕ ਫ਼ਾਰਸੀ ਵਿਚ ਲਿਖੀ ਪੁਸਤਕ ਵਿਚ ਬਾਬਾ ਸ੍ਰੀ ਚੰਦ ਜੀ ਦਾ ਨਾਮ 'ਫੁਕਰਾ ਏ ਸ਼ਹਨਸ਼ਾਹ ਪਿਸਰੇ ਨਾਨਕ' ਕਰਕੇ ਲਿਖਿਆ ਹੈ। ਹਜ਼ਰਤ ਮੀਆਂ ਮੀਰ, ਜੋ ਜਹਾਂਗੀਰ ਬਾਦਸ਼ਾਹ ਦੇ ਪੀਰ ਮੁਰਸ਼ਦ ਸਨ, ਨੇ ਉਹਨਾਂ ਦੀ ਮੁਲਾਕਾਤ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹੀਦੀ ਮਗਰੋਂ ਬਾਬਾ ਸ੍ਰੀ ਚੰਦ ਨਾਲ ਕਰਵਾਈ, ਜਿਸ ਦੇ ਫਲਸਰੂਪ ਚੰਦੂ ਨੂੰ ਭਾਰੀ ਸਜ਼ਾ ਮਿਲੀ ਤੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਅਤੇ ਉਹਨਾਂ ਨਾਲ ਬਾਕੀ ਦੇ 52 ਰਾਜਿਆਂ ਨੂੰ ਵੀ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਅ ਕਰਵਾ ਦਿੱਤਾ ਅਤੇ ਜਹਾਂਗੀਰ ਨੇ ਮੁਆਫ਼ੀ ਮੰਗ ਕੇ ਪੰਜ ਪਿੰਡਾਂ ਤਥਾ ਪਖੋਕੇ, ਠੇਠਰਕੇ, ਨਾਨਕ ਚੱਕ, ਕਰਤਾਰਪੁਰ ਅਤੇ ਬਾਰਠ ਦਾ ਪੱਟਾ ਲਿਖਵਾ ਕੇ ਬਾਬਾ ਸ੍ਰੀ ਚੰਦ ਜੀ ਦੀ ਆਗਿਆ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਪੋਤਰੇ ਬਾਬਾ ਧਰਮ ਚੰਦ ਜੀ ਦੇ ਪਾਸ ਕਰਤਾਰਪੁਰ ਵਿਖੇ ਪਹੁੰਚਾ ਦਿੱਤਾ।

ਜਦੋਂ ਹਮਾਯੂੰ ਬਾਦਸ਼ਾਹ ਸ਼ੇਰਸ਼ਾਹ ਸੂਰੀ ਤੋਂ ਭਾਂਜ ਖਾ ਕੇ ਵਾਪਸ ਆ ਰਿਹਾ ਸੀ ਤਾਂ ਉਸ ਨੇ ਬਾਬਾ ਸ੍ਰੀ ਚੰਦ ਜੀ ਦੀ ਕ੍ਰਿਸ਼ਮੇ ਤੇ ਸ਼ਕਤੀਆਂ ਦੇ ਮਾਲਕ ਦੀ ਕੀਰਤੀ ਸੁਣੀ ਤਾਂ ਦਰਸ਼ਨਾਂ ਨੂੰ ਆਇਆ ਤੇ ਬਾਬਾ ਸ੍ਰੀ ਚੰਦ ਤੋਂ ਅਸੀਸ ਮਿਲੀ, ਜਿਸ ਦੇ ਫਲਸਰੂਪ 13 ਸਾਲ ਮਗਰੋਂ 1553 ਈ. ਵਿਚ ਸ਼ੇਰਸ਼ਾਹ ਨਾਲ ਯੁੱਧ ਕੀਤਾ ਤੇ ਫ਼ਤਹਿ ਪਾਈ ਤੇ ਆਪਣਾ ਮੁਗ਼ਲ ਰਾਜ ਵਾਪਸ ਸਥਾਪਤ ਕੀਤਾ। 1588 ਈ. ਵਿਚ ਮਹਾਰਾਣਾ ਪ੍ਰਤਾਪ ਵੀ ਬਾਬਾ ਸ੍ਰੀ ਚੰਦ ਜੀ ਦੇ ਦਰਸ਼ਨਾਂ ਨੂੰ ਆਇਆ, ਕਿਉਂਕਿ ਉਹ 'ਹਲਦੀ ਘਾਟੀ' ਦੀ ਲੜਾਈ ਵਿਚ ਅਕਬਰ ਬਾਦਸ਼ਾਹ ਤੋਂ ਹਾਰ ਗਿਆ ਸੀ। ਬਾਬਾ ਜੀ ਨੇ ਮਹਾਰਾਣਾ ਪ੍ਰਤਾਪ ਦਾ ਢਾਰਸ ਬੰਨ੍ਹਿਆ ਤੇ ਉਪਦੇਸ਼ ਦਿੱਤਾ ਕਿ ਜ਼ਿੰਦਗੀ ਇਕ ਅਖਾੜਾ ਹੈ, ਹਾਰ ਤੇ ਜਿੱਤ ਜੀਵਨ ਦੇ ਇੱਕੋ ਸਿੱਕੇ ਦੇ ਦੋ ਪਾਸੇ ਹਨ, ਕਦੀ ਵੀ ਕੋਈ ਹਰ ਵਾਰੀ ਜਿੱਤਿਆ ਨਹੀਂ ਤਾਂ ਨਾ ਹੀ ਹਰ ਵਾਰੀ ਹਾਰਿਆ ਹੈ। ਹਾਲਾਤ ਮਹਾਨ ਪ੍ਰਬਲ ਹੁੰਦੇ ਹਨ, ਜੋ ਵੱਡਿਆਂ ਵੱਡਿਆਂ ਯੋਧਿਆਂ ਨੂੰ ਵੀ ਹਲੂਣਾ ਦੇ ਦੇਂਦੇ ਹਨ। ਵੇਖਣਾ ਤਾਂ ਇਹ ਹੁੰਦਾ ਹੈ ਕਿ ਕਿਹੜਾ ਅਣਖ ਤੇ ਸੂਰਮਤਾਈ ਨਾਲ ਲੜਿਆ ਹੈ। ਜੇ ਤੁਹਾਡੀ ਆਤਮਾ ਨਹੀਂ ਹਾਰੀ ਤਾਂ ਬਾਜ਼ੀ ਫਿਰ ਵੀ ਜਿੱਤੀ ਜਾ ਸਕਦੀ ਹੈ। ਬੁਜ਼ਦਿਲ ਤੇ ਕਾਇਰ ਅਣਖਹੀਣ ਬੰਦੇ ਤਾਂ ਜੀਵਨ ਵਿਚ ਕਈ ਵੇਰ ਮਰਦੇ ਹਨ। ਪਰੰਤੂ ਸੂਰਮਾ ਤਾਂ ਇੱਕੋ ਵਾਰ ਸ਼ਾਨ ਨਾਲ ਵੀਰਗਤੀ ਨੂੰ ਪ੍ਰਾਪਤ ਕਰਦਾ ਹੈ। ਇਹ ਸ਼ਬਦ ਸੁਣ ਕੇ ਮਹਾਰਾਣਾ ਪ੍ਰਤਾਪ ਦਾ ਹੌਸਲਾ ਬੁਲੰਦ ਹੋ ਗਿਆ ਤੇ ਉਸ ਨੇ ਚਿਤੌੜ ਨੂੰ ਛੱਡ ਕੇ ਬਾਕੀ ਦਾ ਆਪਣਾ ਖੁੱਸਿਆ ਹੋਇਆ ਇਲਾਕਾ ਅਕਬਰ ਤੋਂ ਵਾਪਸ ਛੁਡਵਾ ਲਿਆ।

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤਕ ਬਾਬਾ ਸ੍ਰੀ ਚੰਦ ਜੀ ਨਾਲ ਵਧੀਆ ਸੰਬੰਧ ਰਿਹਾ। ਗੁਰੂ ਅੰਗਦ ਸਾਹਿਬ ਨੇ ਆਪਣਾ ਸਪੁੱਤਰ ਦਾਤੂ ਜੀ ਨੂੰ ਬਾਬਾ ਸ੍ਰੀ ਚੰਦ ਜੀ ਨੂੰ ਭੇਟਾ ਕਰ ਦਿੱਤਾ ਸੀ, ਜੋ ਆਪ ਜੀ ਦਾ ਸ਼ਿਸ਼ ਬਣ ਗਿਆ ਸੀ। ਫਿਰ ਗੁਰੂ ਅਮਰਦਾਸ ਜੀ ਨੇ ਆਪਣੇ ਸਪੁੱਤਰ ਬਾਬਾ ਮੋਹਨ ਜੀ ਨੂੰ ਬਾਬਾ ਸ੍ਰੀ ਚੰਦ ਜੀ ਦੇ ਭੇਟਾ ਕਰ ਦਿੱਤਾ ਸੀ। ਗੁਰੂ ਅਮਰਦਾਸ ਜੀ ਨੇ ਬਾਬਾ ਸ੍ਰੀ ਚੰਦ ਜੀ ਨੂੰ 500/- ਰੁਪਏ ਭੇਟ ਤੇ ਨਾਲ ਇਕ ਘੋੜੇ ਦਾ ਨਜ਼ਰਾਨਾ ਵੀ ਕਰ ਦਿੱਤਾ ਸੀ ਅਤੇ ਉਹਨਾਂ ਪਾਸ ਕੁਝ ਦਿਨ ਠਹਿਰ ਕੇ ਅਨੰਦੁ ਸਾਹਿਬ ਦਾ ਉਚਾਰਨ ਕੀਤਾ ਸੀ।

ਇਸ ਤੋਂ ਮਗਰੋਂ ਗੁਰੂ ਰਾਮਦਾਸ ਜੀ ਵੀ ਬਾਬਾ ਸ੍ਰੀ ਚੰਦ ਜੀ ਦੇ ਦਰਸ਼ਨਾਂ ਨੂੰ ਆਏ ਤੇ ਆਪਣੇ ਸਪੁੱਤਰ ਬਾਬਾ ਮਹਾਂਦੇਵ ਜੀ ਨੂੰ ਵੀ ਭੇਟਾ ਕਰ ਦਿੱਤਾ ਸੀ, ਜੋ ਆਪ ਜੀ ਦਾ ਸ਼ਿਸ਼ ਬਣਿਆ। ਗੁਰੂ ਅਰਜਨ ਦੇਵ ਜੀ ਵੀ 1599 ਈ. ਵਿਚ ਬਾਬਾ ਸ੍ਰੀ ਚੰਦ ਜੀ ਨੂੰ ਮਿਲਣ ਵਾਸਤੇ ਆਏ ਤੇ ਲਗਪਗ ਪੰਜ-ਛੇ ਮਹੀਨੇ ਰਹੇ। ਗੁਰੂ ਅਰਜਨ ਦੇਵ ਜੀ ਬਾਬਾ ਜੀ ਦਾ ਸਤਿਕਾਰ ਕਰਦੇ ਹੋਏ 500/- ਰੁਪਏ ਅਤੇ ਇਕ ਘੋੜਾ ਵੀ ਨਜ਼ਰਾਨਾ ਭੇਟ ਕੀਤਾ। ਇਸ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਰਠ ਵਿਚ ਦਰਸ਼ਨਾਂ ਨੂੰ ਆਏ ਤਾਂ ਆਪਣਾ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਵੀ ਬਾਬਾ ਸ੍ਰੀ ਚੰਦ ਜੀ ਨੂੰ ਭੇਟਾ ਕਰ ਦਿੱਤਾ ਤਾਂ ਬਾਬਾ ਜੀ ਨੇ ਫ਼ੁਰਮਾਇਆ ਤੇ ਅਸੀਸ ਦਿੱਤੀ

ਕਿ ਸਾਡੇ ਬਾਅਦ ਸਾਡਾ ਜਾਨਸ਼ੀਨ ਇਹੋ ਬਾਬਾ ਗੁਰਦਿੱਤਾ 'ਦੀਨ ਦੁਨੀਆਂ ਦਾ ਟਿੱਕਾ' ਕਰਕੇ ਜਾਣਿਆ ਜਾਏਗਾ। ਗੁਰੂ ਨਾਨਕ ਦੇਵ ਜੀ ਦਾ ਵਰੋਸਾਇਆ ਹੋਇਆ ਤੇਜ ਤਪ ਤੇ ਬਲ ਪ੍ਰਤਾਪ ਬਾਬਾ ਗੁਰਦਿੱਤਾ ਜੀ ਨੂੰ ਦੇ ਕੇ ਨਿਵਾਜਿਆ। ਮੀਰੀ-ਪੀਰੀ ਤਾਂ ਆਪ ਪਾਸ ਹੈ, ਹੁਣ ਫ਼ਕੀਰ ਵੀ ਆਪ ਨੂੰ ਸੌਂਪਦਾ ਹਾਂ ਤੇ ਇਸ ਤਰ੍ਹਾਂ ਉਦਾਸੀ ਵਾਲਾ ਭੇਖ ਬਾਬਾ ਗੁਰਦਿੱਤਾ ਜੀ ਨੂੰ ਬਖ਼ਸ਼ ਕੇ ਆਪਣਾ ਪ੍ਰਮੁੱਖ ਸ਼ਿਸ਼ ਬਣਾ ਦਿੱਤਾ।

ਬਾਬਾ ਗੁਰਦਿੱਤਾ ਜੀ ਨੇ ਉਦਾਸੀ ਸੰਪ੍ਰਦਾਇ ਦਾ ਸੰਗਠਨ ਤੇ ਵਿਕਾਸ ਕੀਤਾ। ਬਾਬਾ ਸ੍ਰੀ ਚੰਦ ਜੀ ਨੇ ਆਪਣੀ ਲਗਪਗ 149 ਵਰ੍ਹਿਆਂ ਦੀ ਆਯੂ ਵਿਚ ਘੱਟ ਤੋਂ ਘੱਟ 20-25 ਹਜ਼ਾਰ ਕਿਲੋਮੀਟਰ ਦਾ ਸਫ਼ਰ ਦੇਸ਼-ਦੇਸ਼ਾਂਤਰਾਂ ਵਿਚ ਕੀਤਾ ਤੇ ਆਪਣੇ ਪਿਤਾ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਜਿਥੇ ਜਿਥੇ ਉਹ ਗਏ ਸਨ, ਉਹਨਾਂ ਸਥਾਨਾਂ ਦੀ ਸੇਵਾ-ਸੰਭਾਲ ਤੇ ਉਹਨਾਂ ਦੇ ਨਿਜ਼ਾਮ ਨੂੰ ਪੱਕਾ ਕੀਤਾ ਤੇ ਸਿੱਖ ਧਰਮ ਦੇ ਪ੍ਰਮੁੱਖ ਅਸੂਲਾਂ ਸੇਵਾ, ਸਿਮਰਨ, ਕੁਰਬਾਨੀ, ਨਾਮ ਜਪਣਾ, ਸੱਚੀ ਤੇ ਸੁੱਚੀ ਕ੍ਰਿਤ ਕਰਨੀ ਤੇ ਵੰਡ ਛਕਣਾ, ਸੰਗਤ ਤੇ ਪੰਗਤ ਦੀ ਸਥਾਪਨਾ ਕੀਤੀ। ਵਿਲੀਅਮ ਕੁਕੇ ਅਨੁਸਾਰ ਉਦਾਸੀ ਸੰਪ੍ਰਦਾਇ ਦੀਆਂ ਚਾਰ ਪ੍ਰਮੁੱਖ ਸਾਖ਼ਾਵਾਂ ਤਥਾ ਧੂਣੀਆਂ, ਧਰਮਸਾਲਾਵਾਂ ਆਦਿ ਮੰਜੀਆਂ ਦਾ ਆਗਾਜ਼ ਹੋਇਆ :

(ੳ) ਬਾਬਾ ਫੂਲ ਸਾਹਿਬ ਵਾਲੀ ਬਹਾਦਰਪੁਰ (ਹੁਸ਼ਿਆਰਪੁਰ)
(ਅ) ਬਾਬਾ ਬਾਲੂ ਹੱਸਣਾ ਜੀ ਅਨੰਦਪੁਰ ਦੇ ਨੇੜੇ ਚਰਨ ਕੌਲ
(ੲ) ਬਾਬਾ ਅਲਮਸਤ ਸਾਹਿਬ ਜੀ ਨੈਨੀਤਾਲ
(ਸ) ਬਾਬਾ ਗੋਂਦਾ ਅਥਵਾ ਬਾਬਾ ਗੋਇੰਦ ਸਾਹਿਬ

ਬਾਬਾ ਗੋਂਦਾ ਅਥਵਾ ਬਾਬਾ ਗੋਇੰਦ ਸਾਹਿਬ ਦੀ ਸ਼ਿਕਾਰਪੁਰ ਵਿਖੇ ਸੰਪ੍ਰਦਾਇ ਨੂੰ ਨਾਨਕ ਸ਼ਾਹੀ ਪੰਥ ਨਾਲ ਵੀ ਜੋੜਿਆ ਜਾਂਦਾ ਹੈ ਅਤੇ ਇਸ ਦੀਆਂ ਭਾਰਤ ਵਿਚ 370 ਗੱਦੀਆਂ ਦੱਸੀਆਂ ਜਾਂਦੀਆਂ ਹਨ, ਜੋ ਮਾਲਵੇ, ਜਲੰਧਰ, ਫ਼ਿਰੋਜ਼ਪੁਰ, ਕਾਸ਼ੀ ਅਤੇ ਰੋਹਤਕ ਵਿਚ ਹਨ। ਇਨ੍ਹਾਂ ਉਦਾਸੀਆਂ ਦੇ ਅਖਾੜਿਆਂ ਨੂੰ ਮੱਠ ਕਰਕੇ ਜਾਣਿਆ ਜਾਂਦਾ ਹੈ। ਜਿਥੇ ਹਰ ਰੋਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਇਨ੍ਹਾਂ ਸੰਸਥਾਵਾਂ ਨੂੰ ਸਿੱਖ ਗੁਰੂ ਸਾਹਿਬਾਨਾਂ ਨੇ ਵੀ ਆਪਣੀਆਂ ਬਖ਼ਸ਼ਿਸ਼ਾਂ ਨਾਲ ਸੁਰਜੀਤ ਕੀਤਾ ਹੈ। ਡੇਰਾ ਬਾਬਾ ਨਾਨਕ ਵੀ ਐਸੇ ਅਸਥਾਨਾਂ ਵਿੱਚੋਂ ਪ੍ਰਮੁੱਖ ਵਿਸ਼ੇਸ਼ਤਾ ਰੱਖਦਾ ਹੈ, ਜੋ ਕਿ ਹਿੰਦੁਸਤਾਨ ਤੇ ਪਾਕਿਸਤਾਨ ਦੀ ਹੱਦ 'ਤੇ ਵੱਸਿਆ ਹੋਇਆ ਹੈ।

ਇਹ ਅਤਿ ਕਥਨੀ ਨਹੀਂ ਹੋਵੇਗੀ ਕਿ ਜੋ ਪਰਉਪਕਾਰ, ਸਾਧਨਾ, ਸੇਵਾ ਤੇ ਸਵੈ-ਕੁਰਬਾਨੀ ਬਾਬਾ ਸ੍ਰੀ ਚੰਦ ਜੀ ਤੇ ਉਹਨਾਂ ਦੇ ਅਨੁਯਾਈਆਂ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਰਾਹੀਂ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਅੱਗੇ ਤੋਰਿਆ, ਖ਼ਾਸ ਕਰ ਉਹਨਾਂ ਸਮਿਆਂ ਵਿਚ ਜਦੋਂ ਸਿੱਖੀ ਭਾਰੀ ਮੁਸ਼ਕਲਾਂ ਤੇ ਕਸ਼ਟਾਂ ਦਾ ਸਾਹਮਣਾ ਕਰ ਰਹੀ ਸੀ ਤੇ ਇਕ ਇਕ ਸਿੱਖ ਦੇ ਸਿਰ ਦਾ ਮੁੱਲ ਕੇਵਲ 20/- ਰੁਪਏ ਪੈ ਗਿਆ ਸੀ ਤੇ ਸਿੱਖ ਜੰਗਲਾਂ ਪਹਾੜਾਂ ਤੇ ਘੋੜਿਆਂ ਦੇ ਸਵਾਰ ਦੁਸ਼ਮਣਾਂ ਦਾ ਮੁਕਾਬਲਾ ਕਰ ਰਹੇ ਸਨ। ਇਹਨਾਂ ਦੇ ਧਰਮ ਅਸਥਾਨਾਂ ਦੀ ਦੇਖਭਾਲ ਇਹਨਾਂ ਉਦਾਸੀ ਸੰਤਾਂ, ਮਹਾਤਮਾ ਲੋਕਾਂ ਨੇ ਹੀ ਕੀਤੀ। ਉਦਾਸੀਨ ਸੰਪ੍ਰਦਾਇ ਸਿੱਖ ਮੱਤ ਦਾ ਇਕ ਅੰਗ

ਹੈ ਅਤੇ ਸਿਧਾਂਤਕ ਅਤੇ ਇਤਿਹਾਸਕ ਨੁਕਤੇ ਨਾਲ ਵਾਚਿਆ ਇਹੋ ਹੀ ਪ੍ਰਮਾਣਿਕ ਦ੍ਰਿਸ਼ਟੀ ਹੈ, ਜਿਸ ਨੂੰ ਗੁਰੂ ਸਾਹਿਬਾਨ ਨੇ ਆਪਣੀਆਂ ਬਖ਼ਸ਼ਿਸ਼ਾਂ ਨਾਲ ਨਿਵਾਜਿਆ ਹੈ ਅਤੇ ਉਦਾਸੀਨ ਸੰਪ੍ਰਦਾਇ ਦੀ ਮਹਾਨ ਤੇ ਵਿਸ਼ਵ ਕਲਿਆਣਕਾਰੀ ਫ਼ਿਲਾਸਫ਼ੀ ਸਿੱਖ ਧਰਮ ਨਾਲ ਜੁੜੀ ਹੋਈ ਹੈ ਅਤੇ ਇਸ ਪੰਥ ਦੇ ਅਨੁਯਾਈਆਂ ਦੀ ਦੇਸ਼ ਤੇ ਕੌਮ ਦੀ ਸੇਵਾ ਮਨੁੱਖਤਾ ਦੀ ਭਲਾਈ ਤਿਆਗ ਤੇ ਕੁਰਬਾਨੀ ਹਮੇਸ਼ਾਂ ਦੀ ਤਰ੍ਹਾਂ ਸੰਸਾਰ ਵਿਚ ਰੌਸ਼ਨੀ ਦੇ ਮੁਨਾਰੇ ਵਾਂਗ ਚਮਕਦੀ ਰਹੇਗੀ ਅਤੇ ਸਿੱਖ ਧਰਮ ਬਾਬਾ ਸ੍ਰੀ ਚੰਦ ਜੀ ਤੇ ਉਹਨਾਂ ਅਨੁਯਾਈਆਂ ਦਾ ਹਮੇਸ਼ਾਂ ਯਾਦ ਰੱਖੇਗਾ।

ਪ੍ਰੋ. ਪ੍ਰੀਤਮ ਸਿੰਘ ਜੀ ਲਿਖਦੇ ਹਨ ਕਿ ਇਤਿਹਾਸ ਦੀ ਚੁੱਪ ਕਰਕੇ ਪਹਿਲੇ ਪੜਾਅ 'ਤੇ ਧਰਮ ਪ੍ਰਚਾਰ ਬਾਰੇ ਸਾਡੇ ਪਾਸ ਪ੍ਰਮਾਣਿਕ ਹਵਾਲਿਆਂ ਦੀ ਅਣਹੋਂਦ ਨਹੀਂ ਤਾਂ ਘਾਟ ਜ਼ਰੂਰ ਹੈ। ਦੂਜਾ ਪੜਾਅ ਜਿਸ ਵਿਚ ਪ੍ਰਚਾਰਕ ਆਪਣੇ ਆਪ ਨੂੰ ਕਿਸੇ ਸੰਗਠਨ ਵਿਚ ਬੰਨ੍ਹ ਕੇ ਤੁਰਦੇ ਸਨ, ਇਤਿਹਾਸ ਦਾ ਹੇਜਲਾ ਹੋਣਾ ਚਾਹੀਦਾ ਸੀ, ਕਿਉਂਕਿ ਉਸ ਵਿਚ ਮਕਾਨਾਂ, ਡੇਰਿਆਂ, ਮੱਠਾਂ, ਛੇਤਰਾਂ ਤੇ ਮੰਡਲਾਂ ਆਦਿ ਰਾਹੀਂ ਕੰਮ ਤੋਰਿਆ ਜਾਂਦਾ ਹੈ। ਸਿੱਖਾਂ ਦੇ ਇਸ ਸ਼੍ਰੇਣੀ ਦੇ ਜਿਸ ਪਹਿਲੇ ਪ੍ਰਚਾਰਕ ਦਲ ਦਾ ਪਤਾ ਚੱਲਦਾ ਹੈ, ਉਹ 'ਉਦਾਸੀ' ਅਖਵਾਏ। ਇਸ ਦਲ ਦਾ ਇਤਿਹਾਸ ਵਿਪੱਖ ਤੋਂ ਪੱਖ ਤੇ ਮੁੜ ਵਿਪੱਖ ਵਾਲੇ ਪੜਾਵਾਂ ਵਿੱਚੋਂ ਲੰਘਿਆ ਜਾਂ ਪੱਖ ਤੋਂ ਸਿੱਧਾ ਵਿਪੱਖ ਵੱਲ ਮੋੜਾ ਖਾ ਗਿਆ। ਇਸ ਦਾ ਠੀਕ ਨਿਰਣਾ ਕਿਸੇ ਇਤਿਹਾਸਕਾਰ ਨੇ ਅਜੇ ਕੀਤਾ ਨਹੀਂ, ਪਰ ਇਸ ਵਿਚ ਉੱਕਾ ਸੰਦੇਹ ਨਹੀਂ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਇਸ ਦਲ ਨੇ ਗੁਰਮਤਿ ਨੂੰ ਭਾਰਤ ਦੇ ਇਕ ਸ਼ਾਸਤਰ ਦੇ ਅਨੁਕੂਲ ਮਤ ਦੇ ਰੂਪ ਵਿਚ ਅਪਣਾ ਕੇ ਗੁਰੂ ਨਾਨਕ ਦੇ ਨਾਮ ਦਾ ਝੰਡਾ ਆਪਣੇ ਦੇਸ਼ ਵਿਚ ਹੀ ਨਹੀਂ, ਬਦੇਸ਼ਾਂ ਵਿਚ ਵੀ ਥਾਂ ਥਾਂ ਖੜਾ ਕਰਨਾ ਸ਼ੁਰੂ ਕਰ ਦਿੱਤਾ ਤੇ ਗੁਰੂ ਨਾਨਕ ਸਾਹਿਬ ਦੇ ਯਾਦਗਾਰੀ ਸਥਾਨਾਂ ਉੱਤੇ ਮਕਾਨ ਬਣਾ ਬਣਾ ਕੇ ਗੁਰੂ ਬਾਣੀ ਦਾ ਪ੍ਰਕਾਸ਼ ਕਰਨਾ ਸ਼ੁਰੂ ਕਰ ਦਿੱਤਾ। ਡਾ. ਗੰਡਾ ਸਿੰਘ ਦੀ ਜ਼ਬਾਨੀ ਹੈ ਕਿ ਝੰਗ ਦੇ ਇਕ ਰਾਮਦਾਸ ਨਾਂ ਦੇ ਉਦਾਸੀ ਨੇ 19ਵੀਂ ਸਦੀ ਵਿਚ ਰੂਸ ਦੀ ਉਦੋਂ ਦੀ ਰਾਜਧਾਨੀ ਪੀਟਰਸਬਰਗ ਵਿਚ ਜਾ ਧਰਮਸਾਲ ਬਣਾਈ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ।

ਬਾਬਾ ਵਿਰਸਾ ਸਿੰਘ ਗੋਬਿੰਦ ਸਦਨ ਨਵੀਂ ਦਿੱਲੀ ਵਾਲਿਆਂ ਨੇ ਵੀ ਰੂਸ ਵਿਚ ਬਹੁਤ ਪ੍ਰਚਾਰ ਕੀਤਾ ਹੈ। ਉਥੇ ਉਹਨਾਂ ਨੇ ਆਸ਼ਰਮ ਵੀ ਬਣਾਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਜਾਪੁ ਸਾਹਿਬ' ਦਾ ਉਹਨਾਂ ਨੇ ਰੂਸੀ ਭਾਸ਼ਾ ਵਿਚ ਤਰਜਮਾ ਕਰਵਾ ਕੇ ਬੇਅੰਤ ਗੁਟਕੇ ਸਾਹਿਬ ਰੂਸੀਆਂ ਵਿਚ ਵੰਡੇ ਹਨ। ਭਾਰੀ ਗਿਣਤੀ ਵਿਚ ਰੂਸੀ ਉਹਨਾਂ ਦੇ ਸਥਾਨ ਗੋਬਿੰਦ ਸਦਨ ਵਿਖੇ ਹਾਜ਼ਰੀਆਂ ਭਰਦੇ ਹਨ।

ਸੰਨ 1976 ਵਿਚ ਹਰਿਦਵਾਰ ਵਿਚ ਸਾਧੂ ਵੇਲਾ ਸੰਸਥਾ ਦੇ ਮੁੱਖੀ ਦੀ ਹਾਜ਼ਰੀ ਵਿਚ ਇਕ ਉਦਾਸੀ ਤ੍ਰਿਪਟਕਾਚਾਰੀਆ ਨੇ ਦੋ ਆਪ ਬੀਤੀਆਂ ਸੁਣਾਈਆਂ, ਜੋ ਪ੍ਰੋ. ਪ੍ਰੀਤਮ ਸਿੰਘ ਉਹ ਸਾਂਝੀਆਂ ਕਰਦੇ ਹਨ:

ਇਕ ਬਿਰਧ ਬਿਹਾਰਨ ਉਨ੍ਹਾਂ ਦੇ ਪਟਨੇ ਵਾਲੇ ਡੇਰੇ ਵਿਚ ਆਪਣੀ ਨਵੀਂ

ਵਿਆਹੁਤਾ ਨੂੰਹ ਨੂੰ ਗੁਰ-ਮੰਤਰ ਦਿਵਾਉਣ ਲਈ ਆਈ। ਉਨ੍ਹਾਂ ਨੇ ਆਪਣੇ ਅੱਜ-ਕੱਲ੍ਹ ਦੇ ਨੇਮ ਅਨੁਸਾਰ ਉਸ ਨੂੰ ਸਿਖਾਉਣਾ ਸ਼ੁਰੂ ਕਰ ਦਿੱਤਾ: "ਓਮ੍ ਤਤਸ੍ਰ ਵਿਤੁਰ੍ਵਰੇਣਯ...।" ਗਾਇਤ੍ਰੀ ਮੰਤਰ ਦੀ ਧੁਨੀ ਬਿਰਧ ਮਾਈ ਨੂੰ ਓਪਰੀ ਓਪਰੀ ਜਾਪੀ। ਜਦੋਂ ਦੂਜੀ ਵਾਰੀ ਤ੍ਰਿਪਿਟਿਕਾਚਾਰੀਆ ਮਹਾਤਮਾ ਨੇ ਕੁੜੀ ਨੂੰ ਆਪਣੇ ਪਿੱਛੇ ਪਿੱਛੇ ਗਾਇਤ੍ਰੀ ਪਾਠ ਦਾ ਉਚਾਰਨ ਕਰਨ ਲਈ ਕਿਹਾ ਤਾਂ ਮਾਈ ਨੇ ਸ਼ੋਰ ਮਚਾਉਣਾ ਸ਼ੁਰੂ ਕਰ ਦਿੱਤਾ, "ਇਹ ਮੰਤਰ ਨਹੀਂ ਲੈਣਾ ਅਸੀਂ ਗੁਰੂ ਜੀ। ਕੁੜੀ ਨੂੰ ਸਤਿਨਾਮ ਵਾਲਾ ਮੰਤਰ ਦਿਓ, ਜਿਹੜਾ ਮੈਨੂੰ ਦਿੱਤਾ ਸੀ।" ਇਹ ਦੱਸ ਕੇ ਤ੍ਰਿਪਿਟਿਕਾਚਾਰੀਆ ਹੱਸ ਕੇ ਕਹਿਣ ਲੱਗੇ ਕਿ ਮੈਂ ਬੜਾ ਟਿੱਲ ਲਾਇਆ ਕਿ ਮਾਈ ਕਿਸੇ ਤਰ੍ਹਾਂ ਗਾਇਤ੍ਰੀ ਮੰਤਰ ਪ੍ਰਵਾਨ ਕਰ ਲਵੇ, ਪਰ ਉਹ ਮੂਲ ਮੰਤਰ ਤੋਂ ਛੁੱਟ ਕਿਸੇ ਹੋਰ ਮੰਤਰ ਮੰਨਣ ਤੋਂ ਇਨਕਾਰ ਹੀ ਕਰਦੀ ਰਹੀ। ਇਹ ਇਕ ਮਾਈ ਦੀ ਗੱਲ ਨਹੀਂ, ਬਿਹਾਰ ਤੇ ਉੱਤਰ ਪ੍ਰਦੇਸ਼ ਦੇ ਪਿੰਡ ਪਿੰਡ ਵਿਚ ਅਸੀਂ ਦੇਖਦੇ ਹਾਂ ਕਿ ਉਦਾਸੀਆਂ ਨੇ ਗੁਰੂ ਨਾਨਕ ਦਾ ਮੂਲ ਮੰਤਰ ਇਨ੍ਹਾਂ ਲੋਕਾਂ ਦੀ ਘੁੱਟੀ ਇਸ ਤਰ੍ਹਾਂ ਵਾੜ ਦਿੱਤਾ ਕਿ ਹੁਣ ਸਾਡੇ ਕੱਢਿਆਂ ਵੀ ਨਹੀਂ ਪਿਆ ਨਿਕਲਦਾ।

ਦੂਜੀ ਗੱਲ ਇਹ ਸੁਣਾਈ ਕਿ 'ਗੁਰੂ ਦੀ ਲੋੜ' ਬਾਰੇ ਇਕ ਲੈਕਚਰ ਦੇਣਾ ਸੀ। ਇਕ ਸਥਾਨਕ ਮਹਿਲਾ ਕਾਲਜ ਦੀ ਪ੍ਰਿੰਸੀਪਲ, ਜੋ ਉਹਨਾਂ ਦੀ ਬੜੀ ਸ਼ਰਧਾਲੂ ਸੀ, ਉਹਨਾਂ ਨੂੰ ਆਪਣੀ ਕਾਰ ਵਿਚ ਲੈਕਚਰ ਵਾਲੀ ਥਾਂ ਲੈ ਗਈ। ਇਕ ਘੰਟੇ ਦੇ ਲੈਕਚਰ ਪਿੱਛੋਂ ਜਦੋਂ ਕਾਰ ਉਹਨਾਂ ਦੇ ਡੇਰੇ ਵੱਲ ਜਾ ਰਹੀ ਸੀ ਤਾਂ ਮਹਿਲਾ ਪ੍ਰਿੰਸੀਪਲ ਨੇ ਉਹਨਾਂ ਲੈਕਚਰ ਦੇ ਕੁਝ ਢਿੱਲੇ ਤੇ ਬੇਰਸ ਹੋਣ ਦੀ ਗੱਲ ਚਲਾਈ। ਤ੍ਰਿਪਿਟਿਕਾਚਾਰੀਆ ਦੇ ਪੁੱਛਣ 'ਤੇ ਉਸ ਨੇ ਉੱਤਰ ਵਿਚ ਕਿਹਾ, "ਤੁਸੀਂ ਇਕ ਘੰਟਾ 'ਗੁਰੂ' ਦੇ ਵਿਸ਼ੇ ਉੱਤੇ ਲੈਕਚਰ ਦਿੱਤਾ ਤੇ ਗੁਰੂਆਂ ਦੇ ਗੁਰੂ ਗੁਰੂ ਨਾਨਕ ਸਾਹਿਬ ਦਾ ਨਾਂ ਤਕ ਵੀ ਨਹੀਂ ਲਿਆ, ਫੇਰ ਲੈਕਚਰ ਵਿਚ ਜਾਨ ਕਿਵੇਂ ਪੈਂਦੀ?" ਇਹ ਗੱਲ ਸੁਣ ਕੇ ਉਦਾਸੀ ਆਚਾਰੀਆ ਜੀ ਕਹਿਣ ਲੱਗੇ, "ਇਹ ਮਹਿਲਾ ਪ੍ਰਿੰਸੀਪਲ ਨਹੀਂ, ਅਸਲ ਵਿਚ ਉਸ ਦੇ ਮੂੰਹੋਂ ਮੇਰੀ ਆਪਣੀ ਸਿੱਖਿਆ ਬੋਲ ਰਹੀ ਸੀ।" ਇਨ੍ਹਾਂ ਦੋਹਾਂ ਘਟਨਾਵਾਂ ਦਾ ਤਾਤਪਰਜ ਇਹ ਹੈ ਕਿ ਉਦਾਸੀ ਜਦੋਂ ਪੱਖੀ ਬਣੇ ਤਾਂ ਉਹਨਾਂ ਨੇ ਸਿੱਖੀ ਦੇ ਆਪਣੇ ਸੰਕਲਪ ਦਾ ਦੇਸ਼-ਬਿਦੇਸ਼ ਵਿਚ ਖ਼ੂਬ ਪ੍ਰਚਾਰ ਕੀਤਾ। ਇਹ ਵੱਖਰੀ ਕਹਾਣੀ ਹੈ ਕਿ ਉਹੀ ਪ੍ਰਚਾਰਕ ਹੁਣ ਵਿਪੱਖੀ ਬਣ ਖੜੋਤੇ ਹਨ, ਪਰ ਪ੍ਰਚਾਰ ਕਰਨ ਵਾਲੇ ਇਹ ਉਤਸ਼ਾਹੀ ਵਿਅਕਤੀ ਕੌਣ ਸਨ? ਕਿਥੋਂ ਦੇ ਸਨ? ਕਿਸ ਪ੍ਰੇਰਣਾ ਦੇ ਪ੍ਰੇਰੇ ਘਰੋਂ ਬੇਘਰ ਹੋਏ? ਧਰਮ, ਬੋਲੀ, ਲਿਪੀ, ਜਾਤ, ਪਾਤ ਦੇ ਰੰਗ ਆਦਿ ਦੇ ਭੇਦਾਂ ਨੂੰ ਪਛਾੜਨ ਵਿਚ ਕਿਵੇਂ ਸਫਲ ਹੋਏ? ਡੇਰੇ ਖੜੇ ਕਰਨ ਜੋਗੀ ਮਾਇਕ ਸਮਰੱਥਾ ਕਿਵੇਂ ਪੈਦਾ ਕੀਤੀ? ਇਨ੍ਹਾਂ ਨੇ ਸਿੱਖੀ ਦੇ ਕਿਨ੍ਹਾਂ ਪੱਖਾਂ ਨੂੰ ਪ੍ਰਵਾਨ ਕਰਨ ਤੋਂ ਸੰਕੋਚ ਕੀਤਾ ਤੇ ਕਿਉਂ? ਇਨ੍ਹਾਂ ਪ੍ਰਸ਼ਨਾਂ ਦੇ ਤਸੱਲੀ ਬਖ਼ਸ਼ ਜਵਾਬ ਮਿਲਣੇ ਸੌਖੇ ਨਹੀਂ, ਕਿਉਂਕਿ ਬਹੁਤ ਸਾਰਾ ਮੁੱਢਲਾ ਇਤਿਹਾਸ ਪੌਰਾਣਿਕ ਰੰਗ ਧਾਰ ਚੁੱਕਾ ਹੈ, ਫੇਰ ਵੀ ਕਿਉਂਕਿ ਇਹ ਸੰਪ੍ਰਦਾਇ ਅਜੇ ਕਾਇਮ ਹੈ, ਇਸ ਲਈ ਇਸ ਸੰਪ੍ਰਦਾਇ ਦੇ ਜ਼ਿੰਮੇਵਾਰ ਅਧਿਕਾਰੀਆਂ, ਰਮਤੇ ਜਾਂ ਅਖਾੜਿਆਂ ਵਿਚ ਰਹਿੰਦੇ ਸਾਧੂਆਂ, ਮਾਲ ਦੇ ਸਰਕਾਰੀ

ਕਾਗ਼ਜ਼ਾਂ ਤੇ ਇਤਿਹਾਸਕ ਅਹਿਮੀਅਤ ਦੀਆਂ ਹੋਰ ਦਸਤਾਵੇਜ਼ਾਂ ਰਾਹੀਂ ਕੁਝ ਨਾ ਕੁਝ ਬੁੱਤਾ ਸਰ ਸਕਦਾ ਹੈ, ਪਰ ਕੁਝ ਸਮਾਂ ਲੰਘਣ ਦੇ ਪਿੱਛੋਂ ਇਹ ਸਾਮੱਗਰੀ ਵੀ ਹੱਥ ਨਹੀਂ ਆਉਣੀ।

ਉਦਾਸੀ ਸਿੱਖਾਂ ਦੀ ਵਿਥਿਆ ਦੇ ਆਰੰਭਕ ਸ਼ਬਦਾਂ ਵਿਚ ਡਾਕਟਰ ਗੰਡਾ ਸਿੰਘ ਨੇ ਉਦਾਸੀ ਸਿੱਖਾਂ ਵੱਲੋਂ ਹੋਈ ਸੇਵਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ:

"ਸਿੱਖ ਪੰਥ ਦੀ ਜੋ ਸੇਵਾ ਉਦਾਸੀ ਸੰਤਾਂ ਨੇ ਕੀਤੀ ਹੈ, ਉਹ ਪੂਰੀ ਤਰ੍ਹਾਂ ਕਹੀ ਨਹੀਂ ਜਾ ਸਕਦੀ। ਗੁਰੂ ਸਾਹਿਬਾਨ ਦੇ ਸਮੇਂ ਵਿਚ ਤਾਂ ਉਨ੍ਹਾਂ ਨੇ ਦੇਸ਼ ਦੇ ਹਰ ਹਿੱਸੇ ਵਿਚ ਥਾਂ ਥਾਂ ਧਰਮਸਾਲਾ ਅਸਥਾਪਨ ਕੀਤੀਆਂ ਹੀ ਸਨ, ਪਰ ਬਾਅਦ ਦੇ ਅਠਾਰ੍ਹਵੀਂ ਸਦੀ ਦੇ ਬਿਖੜੇ ਸਮੇਂ ਵਿਚ ਉਹਨਾਂ ਦੀਆਂ ਘਾਲਾਂ ਅਦੁੱਤੀ ਅਤੇ ਧੰਨਤਾ ਜੋਗ ਹਨ। ਇਹ ਉਹ ਦਿਨ ਸਨ ਜਦੋਂ ਮੁਗ਼ਲ ਸਾਮਰਾਜ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾ ਦੇਣ ਦੀ ਧਾਰੀ ਹੋਈ ਸੀ। ਪਹਿਲਾਂ ਬਹਾਦਰਸ਼ਾਹ ਬਾਦਸ਼ਾਹ ਨੇ ਬੰਦਾ ਬਹਾਦਰ ਦੇ ਵਿਰੁੱਧ ਫ਼ੌਜੀ ਚੜ੍ਹਾਈ ਵੇਲੇ 10 ਦਸੰਬਰ ਸੰਨ 1710 ਈ. (29 ਸੱਵਾਲ ਸੰਨ 4 ਬਹਾਦੁਰ ਸ਼ਾਹੀ) ਨੂੰ ਹੁਕਮ ਜਾਰੀ ਕੀਤੇ ਕਿ ਜਿਥੇ ਵੀ ਗੁਰੂ ਨਾਨਕ ਦੇ ਨਾਮ-ਲੇਵਾ (ਸਿੱਖ) ਮਿਲ ਜਾਣ, ਕਤਲ ਕਰ ਦਿੱਤੇ ਜਾਣ (ਨਾਨਕ ਪ੍ਰਸਤਾਨ ਰਾ ਹਰ ਜਾ ਕਿ ਬ-ਯਾਬੰਦ ਬ-ਕਤਲ ਰਸਾਨੰਦ) ਅਤੇ ਦੂਜੀ ਵੇਰ ਫੇਰ ਸਿੰਘਾਂ ਦੀ ਕਤਲਾਮ ਦਾ ਹੁਕਮ ਸੰਨ 1716 ਈ. ਵਿਚ ਬਾਦਸ਼ਾਹ ਫ਼ਰੁੱਖਸ਼ੀਅਰ ਨੇ ਹੋਰ ਸਖ਼ਤੀ ਨਾਲ ਦੁਹਰਾ ਦਿੱਤਾ (ਹਾਰ ਜਾ ਕਿ ਈਂ ਫ਼ਿਰਕਾ ਰਾ ਯਾਬੰਦ ਬੇ ਤਅੱਮਲ ਬਿ-ਕੁੰਸ਼ਦ)। ਇਨ੍ਹਾਂ ਹੁਕਮਾਂ ਦਾ ਨਤੀਜਾ ਇਹ ਹੋਇਆ ਕਿ ਲਾਹੌਰ ਦੇ ਹਾਕਮਾਂ ਅਬਦੁ ਸਮੱਦ ਖ਼ਾਨ, ਉਸ ਦੇ ਪੁੱਤਰ ਜ਼ਕਰੀਆ ਖ਼ਾਨ ਅਤੇ ਪੋਤਰੇ ਯਾਹੀਆ ਖ਼ਾਨ (ਸੰਨ 1715-47 ਈ.) ਅਤੇ ਮੀਰ ਮਨੂੰ (ਸੰਨ 1748-52 ਈ.) ਦੇ ਵੇਲੇ ਕਈ ਵਾਰ ਇਨ੍ਹਾਂ ਹੁਕਮਾਂ ਦੀ ਬੜੀ ਸਖ਼ਤੀ ਨਾਲ ਪਾਲਣਾ ਹੋਈ। ਗਸ਼ਤੀ ਫ਼ੌਜਾਂ ਨੇ ਸਿੰਘਾ ਦੀ ਤਲਾਸ਼ ਵਿਚ ਦੇਸ਼ ਛਾਣ ਮਾਰਿਆ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸਿੰਘ, ਸਿੰਘਣੀਆਂ ਅਤੇ ਬੱਚੇ ਫੜੇ ਗਏ ਅਤੇ ਲਾਹੌਰ ਦਿੱਲੀ ਦਰਵਾਜ਼ਿਓਂ ਬਾਹਰ ਬਾਜ਼ਾਰ ਨਖਾਸ (ਘੋੜ ਮੰਡੀ) ਵਿਚ ਤਰ੍ਹਾਂ ਤਰ੍ਹਾਂ ਦੇ ਤਸੀਹੇ ਦੇ ਕੇ ਕਤਲ ਕਰ ਦਿੱਤੇ ਗਏ। ਇਸ ਵੇਲੇ ਇਕ ਐਸਾ ਸਮਾਂ ਵੀ ਆ ਗਿਆ, ਜਦ ਸਿੰਘਾਂ ਵਾਸਤੇ ਸ਼ਹਿਰਾਂ ਤੇ ਪਿੰਡਾਂ ਵਿਚ ਵੱਸਣਾ ਔਖਾ ਹੋ ਗਿਆ ਅਤੇ ਉਹ ਝੱਟ ਟਪਾਉਣ ਲਈ ਝੱਲਾਂ, ਪਹਾੜਾਂ ਅਤੇ ਰੇਤ ਥਲਿਆਂ ਵੱਲ ਨਿਕਲ ਜਾਣ ਲਈ ਮਜਬੂਰ ਹੋ ਗਏ।

ਹੁਣ ਤਕ ਧਾਰਮਿਕ ਅਸਥਾਨਾਂ, ਗੁਰਦੁਆਰਿਆਂ ਅਤੇ ਧਰਮਸਾਲਾਂ ਦੀ ਸਾਰ ਲੈਣ ਵਾਲਾ ਦੇਸ਼ ਵਿਚ ਹੋਰ ਕੋਈ ਨਾ ਰਿਹਾ ਤਾਂ ਉਦਾਸੀ ਸੰਤਾਂ ਨੇ ਇਨ੍ਹਾਂ ਦੀ ਦੇਖਭਾਲ ਅਤੇ ਸੇਵਾ ਪੂਰੀ ਤਰ੍ਹਾਂ ਆਪਣੇ ਹੱਥਾਂ ਵਿਚ ਲੈ ਲਈ ਅਤੇ ਤਰ੍ਹਾਂ ਤਰ੍ਹਾਂ ਦੇ ਦੁੱਖ ਸਹਾਰ ਕੇ ਸਿੱਖ ਰਹੁ-ਰੀਤ ਨੂੰ ਕਾਇਮ ਰੱਖਿਆ ਅਤੇ ਸਿੱਖੀ ਦਾ ਪ੍ਰਚਾਰ ਕੀਤਾ। ਇਸ ਵੇਲੇ ਦਾ ਇਨ੍ਹਾਂ ਮਹਾਤਮਾਵਾਂ ਦਾ ਦੇਣਾ ਕੌਣ ਦੇ ਸਕਦਾ ਹੈ? ਪੰਜਾਬ ਤੋਂ ਬਾਹਰ ਹਿੰਦੁਸਤਾਨ ਦੇ ਦੂਰ-ਦੁਰਾਡੇ ਹਿੱਸਿਆਂ ਵਿਚ ਜਿਥੇ ਕਿਧਰੇ ਵੀ ਕੋਈ ਗੁਰੂ ਅਸਥਾਨ ਸੀ, ਉਥੇ ਹੀ ਉਦਾਸੀ ਸੰਤ ਪੁੱਜੇ ਅਤੇ ਇਹਨਾਂ ਅਸਥਾਨਾਂ ਦੀ ਮਹਾਨਤਾ ਨੂੰ ਕਾਇਮ ਰੱਖਿਆ

ਅਤੇ ਹੋਰ ਧਰਮਾਂ ਦੇ ਉੱਘੇ ਕੇਂਦਰਾਂ 'ਤੇ ਪੁੱਜ ਕੇ ਗੁਰੂ ਨਾਨਕ ਦੀ ਧੁਜਾ ਜਾ ਗੱਡੀ ਅਤੇ ਸਿੱਖੀ ਦਾ ਪ੍ਰਚਾਰ ਕੀਤਾ। ਇਹ ਇਹਨਾਂ ਦੀ ਪ੍ਰਚਾਰ ਸੇਵਾ ਦਾ ਹੀ ਸਿੱਟਾ ਸੀ ਕਿ ਸਾਰੇ ਉੱਤਰ ਭਾਰਤ ਵਿਚ ਥਾਂ ਥਾਂ ਨਾਨਕ ਪੰਥੀ ਸੰਗਤਾਂ ਕਾਇਮ ਹੋ ਗਈਆਂ ਸਨ ਅਤੇ ਚੜ੍ਹਦੇ ਵੱਲ ਧੁਰ ਆਸਾਮ ਤੋਂ ਲੈ ਕੇ ਦੱਖਣ ਵਿਚ ਧੁਰ ਕੰਨਿਆ ਕੁਮਾਰੀ ਤਕ ਸਿੱਖੀ ਦਾ ਬੀਜ ਬੀਜਿਆ ਗਿਆ।"

ਉਦਾਸੀ ਸੰਤਾਂ ਦੀ ਉਪਰੋਕਤ ਸੇਵਾ ਸਿੱਖ ਧਰਮ ਦੇ ਵਿਕਾਸ ਵਿਚ ਇਕ ਬਹੁਤ ਵੱਡਮੁੱਲਾ ਉੱਦਮ ਹੈ। ਇਸ ਸੇਵਾ ਸਦਕਾ ਦੂਰ-ਦੂਰ ਤੱਕ ਗੁਰੂ ਨਾਨਕ ਦੇਵ ਜੀ ਅਤੇ ਦੂਜੇ ਗੁਰੂ ਸਾਹਿਬਾਨ ਦੀਆਂ ਯਾਦਗਾਰਾਂ ਔਖੇ ਸਮਿਆਂ ਵਿਚ ਵੀ ਕਾਇਮ ਰਹੀਆਂ ਅਤੇ ਸਿੱਖੀ ਕਈ ਮਾਰੂ ਹੱਲਿਆਂ ਦੇ ਬਾਵਜੂਦ ਵੀ ਕਾਇਮ ਰਹੀ। ਭਾਰਤ ਦਾ ਹਰ ਪ੍ਰਾਂਤ ਅਤੇ ਕਈ ਬਾਹਰਲੇ ਦੇਸ਼ ਵੀ ਗੁਰੂ ਨਾਨਕ ਦੇਵ ਜੀ ਦੇ ਪੈੜ ਚਿੰਨ੍ਹਾਂ ਨਾਲ ਵਰੋਸਾਏ ਗਏ। ਅੱਜ ਵੀ ਉਦਾਸੀ ਸਿੱਖਾਂ ਦੇ ਉੱਦਮ ਨਾਲ ਉਹ ਯਾਦਗਾਰਾਂ ਕਾਇਮ ਹਨ ਅਤੇ ਸਰਬ ਸੰਸਾਰ ਵਿਚ ਇਹ ਵੱਡਮੁੱਲੇ ਪੁਸ਼ਪ ਆਪਣੀ ਸੁਗੰਧੀ ਪ੍ਰਦਾਨ ਕਰ ਰਹੇ ਹਨ। ਸਾਧੂ ਦਿਆਲ ਦਾਸ ਉਦਾਸੀ ਲਿਖਤ *ਸਾਖੀ ਦਉਰੇ ਕੀ*, ਗਿਆਨੀ ਗਿਆਨ ਸਿੰਘ ਦੇ *ਤਵਾਰੀਖ਼ ਗੁਰੂ ਖ਼ਾਲਸਾ* ਅਤੇ *ਗੁਰਧਾਮ ਸੰਗ੍ਰਹਿ*, ਪੰਡਿਤ ਤਾਰਾ ਸਿੰਘ ਨਰੋਤਮ ਜੀ ਦਾ *ਗੁਰ ਤੀਰਥ ਸੰਗ੍ਰਹਿ*, ਗਿਆਨੀ ਠਾਕੁਰ ਸਿੰਘ ਦਾ ਗ੍ਰੰਥ *ਗੁਰਦੁਆਰੇ ਦਰਸ਼ਨ*, ਸ. ਗੁਰਬਖ਼ਸ਼ ਸਿੰਘ ਸ਼ਹੀਦ ਕ੍ਰਿਤ *ਗੁਰਸਾਗਰ ਰਤਨ ਪ੍ਰਕਾਸ਼*, ਭਾਈ ਇੰਦਰ ਸਿੰਘ ਦਾ *ਗੁਰਅਸਥਾਨ ਦਰਸ਼ਨ* ਅਤੇ *ਟਰੈਵਲਜ਼ ਆਫ਼ ਗੁਰੂ ਨਾਨਕ* ਦੂਰ ਨੇੜੇ ਦੇ ਅਨੇਕ ਗੁਰਦੁਆਰਿਆਂ ਬਾਰੇ ਗਿਆਨ ਪ੍ਰਦਾਨ ਕਰਦੀਆਂ ਹਨ, ਜਿਨ੍ਹਾਂ ਦੀ ਸੇਵਾ-ਸੰਭਾਲ ਉਦਾਸੀ ਸਾਧੂ ਕਰਦੇ ਰਹੇ ਹਨ। ਇਹ ਸੇਵਾ ਧੂਣਿਆਂ ਅਤੇ ਸਭ ਬਖ਼ਸ਼ਿਸ਼ਾਂ ਦੇ ਸਾਧੂਆਂ ਨੇ ਭਿੰਨ ਭਿੰਨ ਥਾਵਾਂ 'ਤੇ ਕੀਤੀ ਹੈ, ਜਿਨ੍ਹਾਂ ਦਾ ਵੇਰਵਾ ਭਾਈ ਰਣਧੀਰ ਸਿੰਘ ਨੇ ਆਪਣੀ ਪੁਸਤਕ *ਉਦਾਸੀ ਸਿੱਖਾਂ ਦੀ ਵਿਥਿਆ* ਵਿਚ ਦਿੱਤਾ ਹੈ:

1. **ਬਾਬਾ ਅਲਮਸਤ ਜੀ ਦੇ ਧੂਣੇ ਦੀ ਸੇਵਾ:**

ਬੰਗਾਲ: ਢਾਕੇ ਵਿਚ ਸੰਗਤ ਕਾਇਮ ਕੀਤੀ ਅਤੇ ਧਰਮਸਾਲਾ ਬਣਵਾਈ;
ਬਿਹਾਰ-ਉੜੀਸਾ: ਗਯਾ ਅਤੇ ਪਟਨਾ ਵਿਚ;
ਉੱਤਰ ਪ੍ਰਦੇਸ਼: ਪ੍ਰਯਾਗ, ਕਾਸ਼ੀ, ਲਖਨਊ ਵਿਚ;
ਪੈਪਸੂ: ਲੌਂਗੋਵਾਲ, ਦਿੜਬਾ ਪਿੰਡ (ਤਹਿਸੀਲ ਭਵਾਨੀਗੜ੍ਹ), ਨਾਭਾ ਸ਼ਹਿਰ ਵਿਚ;
ਪੂਰਬੀ ਪੰਜਾਬ: ਹੇਹਰਾ (ਜ਼ਿਲ੍ਹਾ ਲੁਧਿਆਣਾ), ਰਾਮਦਾਸਪੁਰ (ਅੰਮ੍ਰਿਤਸਰ), ਗੰਡੀਵਿੰਡ (ਅੰਮ੍ਰਿਤਸਰ);
ਲਹਿੰਦਾ ਪੰਜਾਬ: ਮੁਲਤਾਨ ਸ਼ਹਿਰ, ਮਘਿਆਣਾ (ਜ਼ਿਲ੍ਹਾ ਝੰਗ);
ਸਿੰਧ ਦੇਸ: ਸਲਾ ਨਵਾਂ, ਰੋਹੜੀ, ਖੈਰਪੁਰ, ਲਾਖਾ ਲਖੀ ਸ਼ਹਿਰ ਸ਼ਿਕਾਰਪੁਰ ਮਿੱਠਾ ਦਰ ਕੋਠੜੀ ਵਿਚ;
ਬਲੋਚਿਸਤਾਨ: ਜੈਕਬਾਬਾਦ, ਢਾਢਰ ਸ਼ਹਿਰ ਵਿਚ।

2. **ਬਾਬਾ ਬਾਲੂ 'ਹੱਸਣਾ' ਦੇ ਧੂਣੇ ਦੀ ਸੇਵਾ** :
ਪੈਪਸੂ : ਕੋਟ ਫੱਤਾ, ਕੋਟ ਧਰਮੂ, ਧਨੌਲਾ, ਲੌਂਗੋਵਾਲ ਜੰਡ ਵਾਲਾ, ਖਲੋੜਾ, ਖਿਆਲੀ ਦਾ ਭੂੰਦੜ ਵਿਚ;
ਪੂਰਬੀ ਪੰਜਾਬ : ਗੁਜਰਵਾਲ (ਜ਼ਿਲ੍ਹਾ ਲੁਧਿਆਣਾ), ਭਰੋਆਲ, ਜਸੋਵਾਲ ਵਿਚ ਬੀਹਲਾ, ਧਾਂਦਰਾ ਰਾਇਪੁਰ, ਸੋਹੀ ਧੂੜ ਕੋਟ, ਕੌਣੀ, ਕਰਤਾਰਪੁਰ (ਦੁਆਬਾ), ਕਰਤਾਰਪੁਰ (ਰਾਵੀ) ਵਿਚ;
ਅੰਮ੍ਰਿਤਸਰ ਸ਼ਹਿਰ : ਚਿੱਟਾ ਅਖਾੜਾ, ਧਰਮਸਾਲਾ ਬਾਬਾ ਕਾਸ਼ੀ ਰਾਮ, ਧਰਮਸਾਲਾ ਸੰਗਲ ਵਾਲੀ, ਧਰਮਸਾਲਾ ਮਾਈ ਮਾਨੋ, ਧਰਮਸਾਲ ਚੇਤਨ ਦਾਸ ਵਿਚ;
ਲਹਿੰਦਾ ਪੰਜਾਬ : ਚੱਕ ਨੰ: 16 (ਜ਼ਿਲ੍ਹਾ ਮਿੰਟਗੁਮਰੀ);
ਸਿੰਧ ਦੇਸ਼ : ਸ਼ਿਕਾਰਪੁਰ, ਹੈਦਰਾਬਾਦ, ਮੀਰਪੁਰ ਬਨੋਰੋ ਵਿਚ, ਖਾਨਪੁਰ, ਖਾਹੀ ਰਾਹੂ, ਹਿਲਾਣੀ, ਟਿੰਡਾ ਅਲਾਯਾਰ ਵਿਚ;
ਬਿਹਾਰ : ਕਰਨਾਲ ਗੰਜ, ਸਿਮਲੀ, ਮਲੀਆ ਮਹਾਂਦੇਵ ਵਿਚ;
ਉੜੀਸਾ : ਜਗਨਨਾਥ ਪੁਰੀ ਵਿਚ।

3. **ਬਾਬਾ ਗੋਇੰਦ ਸਾਹਿਬ ਜੀ ਦੇ ਧੂਣੇ ਦੀ ਸੇਵਾ** : ਫ਼ਿਲੌਰ, ਕਬਰ ਵੱਛੇ (ਜ਼ਿਲ੍ਹਾ ਫ਼ਿਰੋਜ਼ਪੁਰ), ਸਮਾਲਸਰ (ਤਹਿਸੀਲ ਮੋਗਾ), ਕੁੱਲੇ, ਇਲਾਕਾ ਧਨੌਲਾ (ਪੈਪਸੂ), ਢੰਡੋਲੀ (ਤਹਿਸੀਲ ਭਵਾਨੀਗੜ੍ਹ), ਪੈਪਸੂ, ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ, ਪੈਪਸੂ) ਵਿਚ।

4. **ਬਾਬਾ ਫੂਲ ਸਾਹਿਬ ਦੇ ਧੂਣੇ ਦੀ ਸੇਵਾ** : ਬਹਾਦੁਰਪੁਰ (ਜ਼ਿਲ੍ਹਾ ਹੁਸ਼ਿਆਰਪੁਰ), ਦੀਖਲੀ (ਜ਼ਿਲ੍ਹਾ ਬੁਡਲਾਣਾ ਬਾਂਗਰ ਦੇਸ਼), ਕੰਭਰ ਕੰਡੀ (ਸਿੰਧ ਦੇਸ਼), ਕੰਬਰਾਂ (ਜ਼ਿਲ੍ਹਾ ਲਾੜਕਾਣਾ, ਸਿੰਧ), ਧਰਮਸਾਲਾ ਮੁਤਹਿਰ ਸ਼ਾਹ (ਅੰਮ੍ਰਿਤਸਰ) ਵਿਚ।

5. **ਬਾਬਾ ਭਗਤ ਭਗਵਾਨ ਜੀ ਦੀ ਬਖ਼ਸ਼ ਦੀ ਸੇਵਾ** :
ਪੈਪਸੂ : ਸਲਾਣਾ ਪਿੰਡ (ਅਮਲੋਹ ਲਾਗੇ), ਲੱਡਾ ਪਿੰਡ (ਧੂਰੀ ਸਟੇਸ਼ਨ ਤੋਂ ਚਾਰ ਕੁ ਮੀਲ ਦੱਖਣ-ਪੱਛਮ ਵੱਲ); ਲੱਡਾ ਵੱਡਾ ਪਿੰਡ (ਲੱਡਾ ਬੱਦੀ ਪਿੰਡ, ਮਲੇਰਕੋਟਲੇ ਲਾਗੇ), ਦੂੰਨਾ ਕੋਟ, ਬਨੂੰੜ ਵਿਚ;
ਲਹਿੰਦਾ ਪੰਜਾਬ : ਸੱਯਦ ਵਾਲਾ (ਜ਼ਿਲ੍ਹਾ ਸ਼ੇਖ਼ੂਪੁਰਾ), ਅਲੀਪੁਰ (ਜ਼ਿਲ੍ਹਾ ਮੁਜ਼ਫ਼ਰ ਗੜ੍ਹ) ਵਿਚ;
ਸਿੰਧ : ਸ਼ਿਕਾਰਪੁਰ, ਗੜ੍ਹੀ ਯਸੀਸ (ਜ਼ਿਲ੍ਹਾ ਸਥਰ) ਵਿਚ;
ਬੰਗਲੋ ਦੇਰੋ, ਰੱਤਾ ਦੇਰਾ, ਲਾਡਕਾਨਾ, ਗਰੇਲਾ, ਮਾੜੀ ਜਲਬਾਕੇ, ਮਾਝਾਂ ਦਾ ਹੈਦਰਾਬਾਦ ਸ਼ਹਿਰ, ਸਨਕੇ ਸ਼ਹਿਰ (ਜ਼ਿਲ੍ਹਾ ਕਰਾਚੀ), ਲੱਕੀ ਪਿੰਡ ਵਿਚ;
ਉੱਤਰ ਪ੍ਰਦੇਸ਼ : ਹਰਿਦੁਆਰ, ਨਜੀਮਾਬਾਦ, ਬਾਂਸ ਬਰੇਲੀ, ਲਖਨਊ, ਅਜੁਧਿਆ, ਕਾਸ਼ੀ, ਰਸੜਾ ਪਿੰਡ (ਜ਼ਿਲ੍ਹਾ ਬਲੀਆ) ਵਿਚ;
ਬਿਹਾਰ : ਚਤਰਾ (ਜ਼ਿਲ੍ਹਾ ਹਜ਼ਾਰੀ ਬਾਗ਼), ਦਾਊਦ ਨਗਰ (ਜ਼ਿਲ੍ਹਾ ਗਯਾ), ਪਟਨਾ ਸ਼ਹਿਰ ਵਿਚ।

6. **ਬਾਬਾ ਸੁਥਰਾ ਸ਼ਾਹੀ ਬਖ਼ਸ਼ ਦੀ ਸੇਵਾ :**
ਪੂਰਬੀ ਪੰਜਾਬ : ਬਹਿਰਾਮਪੁਰ, ਵਟਾਲਾ, ਸਨਾਵਰੀ, ਅੰਮ੍ਰਿਤਸਰ, ਨੂਰ ਮਹਿਲ ਵਿਚ;
ਸਿੰਧ : ਗਰੇਲੋ (ਜ਼ਿਲ੍ਹਾ ਲੜਕਾਣਾ) ਵਿਚ;
ਲਹਿੰਦਾ ਪੰਜਾਬ : ਲਾਹੌਰ ਸ਼ਹਿਰ ਵਿਚ;
ਜੌਨਪੁਰ ਰਿਆਸਤ : ਜੌਨਪੁਰ ਸ਼ਹਿਰ ਵਿਚ;
ਅਫ਼ਗ਼ਾਨਿਸਤਾਨ : ਕੰਧਾਰ ਸ਼ਹਿਰ ਵਿਚ।

7. **ਬਾਬਾ ਸੰਗਤ ਸਾਹਿਬ ਬਖ਼ਸ਼ ਦੀ ਸੇਵਾ :** ਭਾਈ ਫੇਰੂ ਅਥਵਾ ਬਾਬਾ ਸੰਗਤ ਸਾਹਿਬ ਜੀ ਦੀ ਮੁੱਖ ਸ਼ਾਖ਼ਾ ਤੋਂ ਛੁੱਟ ਇਸ ਦੀਆਂ ਕਈ ਹੋਰ ਮੁੱਖ ਸ਼ਾਖ਼ਾ ਪ੍ਰਸਿੱਧ ਹੋਈਆਂ ਅਤੇ ਸਭ ਨੇ ਸਿੱਖੀ ਪ੍ਰਚਾਰ ਵਿਚ ਇਕ ਬਹੁਤ ਵੱਡਾ ਹਿੱਸਾ ਪਾਇਆ। ਇਨ੍ਹਾਂ ਸ਼ਾਖ਼ਾ ਦੇ ਨਾਂ ਹਨ : ਨੁਕਾਰ ਵਾਲੀ ਸ਼ਾਖ਼ਾ, ਅੰਮ੍ਰਿਤਸਰ ਸ਼ਾਖ਼, ਭਾਈ ਗੁਰਬਖ਼ਸ਼ ਸਿੰਘ ਜੀ ਦੀ ਸ਼ਾਖ਼, ਸਾਹਨੇਵਾਲੀਏ ਸਾਧੂਆਂ ਦੀ ਸ਼ਾਖ਼, ਧਰਮਸਾਲ ਮਾਣਕ ਦੇ ਬਾਨੀ ਭਾਈ ਪ੍ਰਿਥੀ ਜੀ ਦੀ ਸ਼ਾਖ਼, ਛੋਟੇ ਡੇਰੇ (ਖਾਨਕੇ) ਵਾਲੀ ਸ਼ਾਖ਼, ਗੜ੍ਹਦੀਵਾਲੇ ਸਾਧੂਆਂ ਦੀ ਸ਼ਾਖ਼ ਅਤੇ ਵੱਡੇ ਡੇਰੇ (ਮੀਏ ਕੇ ਮੌੜ) ਵਾਲੀ ਸ਼ਾਖ਼। ਪੈਪਸੂ ਪੂਰਬੀ ਪੰਜਾਬ, ਲਹਿੰਦੇ ਪੰਜਾਬ, ਸਿੰਧ ਤੋਂ ਛੁੱਟ ਇਸ ਬਖ਼ਸ਼ ਦੇ ਅਸਥਾਨ ਕਾਸ਼ੀ (ਉੱਤਰ ਪ੍ਰਦੇਸ਼) ਅਤੇ ਪਟਨਾ ਬਿਹਾਰ ਵਿਚ ਵੀ ਹਨ।

8. **ਬਾਬਾ ਮੀਹਾਂ ਸਾਹਿਬ ਬਖ਼ਸ਼ ਦੀ ਸੇਵਾ :**
ਪੂਰਬੀ ਪੰਜਾਬ : ਅੰਮ੍ਰਿਤਸਰ ਵਿਚ ਅਖਾੜਾ ਸੰਗਲ ਵਾਲਾ, ਨਿਰਬਾਣ ਸਾਰ ਛੱਤੇ ਵਾਲਾ ਅਖਾੜਾ, ਨਾਂਗਿਆਂ ਦੀ ਧਰਮਸਾਲਾ, ਧਰਮਸਾਲਾ (ਬਰਨਾਵਾਲੀ) ਮਜੀਠਾ, ਪਿੰਡ ਕਸੇਲ, ਜਮਸ਼ੇਰ (ਜ਼ਿਲ੍ਹਾ ਜਲੰਧਰ), ਸੋਢਲ ਛੋਟਾ (ਜਲੰਧਰ ਸਟੇਸ਼ਨ ਦੇ ਲਾਗੇ), ਬੰਗਾ ਖਟਕੜ ਕਲਾਂ, ਤਸੌਲੀ (ਰਾਜਪੁਰੇ ਲਾਗੇ), ਕਾਠਗੜ੍ਹ (ਤਹਿਸੀਲ ਗੜ੍ਹਸ਼ੰਕਰ) ਜਗਰਾਓਂ, ਰੋਪੜ, ਪਿੰਡ ਕੀਹੜ, ਕੋਰੇ ਮਾਜਰਾ, ਕੁਰਾਲੀ (ਤਹਿਸੀਲ ਖਰੜ), ਛਤਿਆਣਾ (ਜ਼ਿਲ੍ਹਾ ਫ਼ਿਰੋਜ਼ਪੁਰ) ਵਿਚ;
ਪੈਪਸੂ : ਪਟਿਆਲਾ ਸ਼ਹਿਰ (ਕਿਲ੍ਹਾ ਮੁਬਾਰਕ ਦੇ ਸਾਹਮਣੇ ਡੇਰਾ ਇਮਲੀ ਵਾਲਾ ਅਤੇ ਲਟੂਰਪੁਰਾ), ਬੀੜ ਖੇੜੀ (ਪਟਿਆਲੇ ਲਾਗੇ), ਬਹਿਰੂ ਪਿੰਡ (ਪਟਿਆਲੇ ਤੋਂ 10-12 ਮੀਲ), ਬਨੇਰਾ ਪਟਿਆਲੇ ਤੋਂ 12 ਮੀਲ, ਬਰਨਾਲਾ ਖੁੱਡੀ ਪਿੰਡ (ਰੇਲਵੇ ਸਟੇਸ਼ਨ ਹੰਢਿਆਏ ਲਾਗੇ), ਹਥਨ (ਰਿਆਸਤ ਮਲੇਰਕੋਟਲਾ), ਕੰਙਣਵਾਲੇ (ਮਲੇਰਕੋਟਲਾ), ਛਪਾਰ (ਅਹਿਮਦਗੜ੍ਹ ਰੇਲਵੇ ਸਟੇਸ਼ਨ ਲਾਗੇ), ਠੁਲ੍ਹੀਵਾਲ (ਅਲਾਲਰੇ ਸਟੇਸ਼ਨ ਲਾਗੇ), ਫੱਫੜੇ ਭਾਈ ਕੇ, ਮੰਡੇਰ ਕਲਾਂ (ਡਾਕਘਰ ਸੁਨਾਮ), ਰੱਲਾ ਜੋਗਾ, ਕਾਲਾ ਝਾੜ (ਸੁਨਾਮ ਤੋਂ 12 ਮੀਲ), ਲੋਹਾ ਖੇੜਾ (ਡਾਕਘਰ ਲੌਂਗੋਵਾਲ), ਸਾਬੋ ਕੀ ਤਲਵੰਡੀ, ਭਾਗੀ ਬਾਂਦਰ, ਪਿੰਡ ਬੀੜ ਫ਼ਰੀਦਕੋਟ (ਕੋਟਕਪੂਰੇ ਤੋਂ 3 ਮੀਲ), ਨਾਭਾ (ਡਾਕਘਰ ਬਨੂੜ) ਵਿਚ;

ਸਿੰਧ: ਸਾਧ ਬੇਲਾ ਸੱਖਰ ਵਿਚ;
ਉੱਤਰ ਪ੍ਰਦੇਸ਼: ਲਖਨਊ, ਰਾਜ ਗੋਲਾ ਨਾਨਕ ਹਰੀ (ਜ਼ਿਲ੍ਹਾ ਮੁਰਾਦਾਬਾਦ), ਬਿਲਵਾ (ਜ਼ਿਲ੍ਹਾ ਗੋਰਖਪੁਰ), ਕਸਬਾ (ਰੇਲਵੇ ਸ਼ਟੇਸ਼ਨ), ਕਰਮੁਲਾਪੁਰ (ਜ਼ਿਲ੍ਹਾ ਬਾਰਾਬਾਂਕੀ), ਕਾਸ਼ੀ ਵਿਚ;
ਬਿਹਾਰ: ਪਟਨਾ, ਧਨੀਆਂ ਪਹਾੜੀ (ਜ਼ਿਲ੍ਹਾ ਗਯਾ) ਵਿਚ;
ਉੜੀਸਾ ਅਤੇ ਬੰਗਾਲ: ਮਧੂਸੂਦਨ ਬੰਸੋ ਬੱਟ (ਭਾਗਲਪੁਰ ਲਾਗੇ), ਮੁਕਾਮਾ ਘਾਟ ਘੁਸਵੜੀ ਪਿੰਡ (ਪਟਨੇ ਤੋਂ 20 ਮੀਲ), ਫ਼ਤੂਹਾਂ ਅਤੇ ਟਿਵਾਣਾ (ਹਜ਼ਾਰੀ ਬਾਗ਼ ਰੋਡ ਉੱਤੇ), ਮੁਜ਼ਫ਼ਰਪੁਰ, ਸ਼ਾਹਪੁਰ ਕਚਰੌਟੀਆ, ਪੰਚਭਾ ਗਰੀਡੀ ਵਿਚ;
ਮੱਧ ਭਾਰਤ: ਜ਼ਿਲ੍ਹਾ ਹਜ਼ਾਰੀ ਬਾਗ਼, ਕਟਕ (ਉੜੀਸਾ) ਵਿਚ, ਅਮਰਾਵਤੀ, ਖੋਲਾਪੁਰ, ਭੇਵਾਪੁਰ (ਜ਼ਿਲ੍ਹਾ ਨਾਗਪੁਰ), ਉਜੈਨ, ਧਉਲਕਾ (ਗੁਜਰਾਤ) ਵਿਚ;
ਦੱਖਣੀ ਭਾਰਤ: ਪਾਮਗਾਮ (ਜ਼ਿਲ੍ਹਾ ਬੁਲਖਾਣਾ), ਬੰਦ ਰਾਮੇਸ਼ਵਰ ਵਿਚ;
ਅਫ਼ਗ਼ਾਨਿਸਤਾਨ: ਕੰਧਾਰ ਵਿਚ।

9. **ਬਾਬਾ ਬਖ਼ਤ ਮੱਲੀਏ ਜੀ ਬਖ਼ਸ਼ ਦੀ ਸੇਵਾ:**
ਲਹਿੰਦਾ ਪੰਜਾਬ: ਬਹਾਵਲਪੁਰ, ਮੁਲਤਾਨ ਵਿਚ;
ਸਿੰਧ: ਕਰਾਚੀ ਵਿਚ;
ਉੱਤਰ ਪ੍ਰਦੇਸ਼: ਸਾਂਤਲ ਸਰਾਇ (ਪੱਥਰੀ ਸਟੇਸ਼ਨ ਦੇ ਲਾਗੇ) ਵਿਚ।

10. **ਬਾਬਾ ਜੀਤ ਮੱਲੀਏ ਬਖ਼ਸ਼ ਦੀ ਸੇਵਾ:** ਇਹਨਾਂ ਦੀ ਸੇਵਾ ਵਾਲੇ ਗੁਰਧਾਮਾਂ ਦਾ ਜ਼ਿਕਰ ਕਿਤੇ ਨਹੀਂ ਮਿਲਦਾ।

ਭਾਵੇਂ ਉਪਰੋਕਤ ਧੂਣਿਆਂ ਅਤੇ ਬਖ਼ਸ਼ਾਂ ਦੇ ਉਦਾਸੀ ਸਾਧੂਆਂ ਦੀ ਸੇਵਾ ਵੱਡਮੁੱਲੀ ਹੈ, ਪਰ ਡਾ. ਗੰਡਾ ਸਿੰਘ ਦੇ ਸ਼ਬਦਾਂ ਵਿਚ ਸਮੇਂ ਦੇ ਗੇੜ ਨਾਲ ਬਦਲ ਗਏ ਹਾਲਾਤ ਵਿਚ ਕੁਝ ਉਦਾਸੀ ਸੰਤ ਵੀ ਗੁਰਦੁਆਰਿਆਂ ਦੀ ਸੇਵਾ ਅਤੇ ਸਿੱਖੀ ਪ੍ਰਚਾਰ ਦੇ ਉੱਚ ਭਾਵ ਉੱਤੇ ਟਿਕੇ ਨਾ ਰਹਿ ਸਕੇ। ਪਰ ਇਹ ਅਣਹੋਣੀ ਗੱਲ ਨਹੀਂ ਸੀ। ਅਜੇ 'ਗੁਰਦੁਆਰਾ ਸੁਧਾਰ ਲਹਿਰ' ਨੂੰ ਆਰੰਭ ਹੋਇਆਂ ਪੈਂਤੀ-ਚਾਲ੍ਹੀ ਸਾਲ ਵੀ ਨਹੀਂ ਹੋਏ ਕਿ ਗੁਰਦੁਆਰਿਆਂ ਦੇ ਧਨ ਦਾ ਲਾਲਚ ਅਤੇ ਇਨ੍ਹਾਂ ਰਾਹੀਂ ਪ੍ਰਾਪਤ ਹੋਈ ਤਾਕਤ ਅਤੇ ਪ੍ਰਭੁਤਾ ਦੀ ਮਦ ਨੇ ਬੜੇ ਬੜੇ ਸ਼ੁੱਧ ਬੁੱਧ ਵਾਲੇ ਮੁਰੈਲਾਂ ਦੀ ਮੱਤ ਉੱਤੇ ਪਰਦਾ ਪਾ ਦਿੱਤਾ ਹੈ ਅਤੇ ਉਨ੍ਹਾਂ ਦੀ ਇਕ ਦੂਸਰੇ ਵਿਰੁੱਧ ਖਿੱਚੋਤਾਣ ਅਤੇ ਭਰਾ ਮਾਰੂ ਨੀਤੀ ਨੇ ਕੌਮ ਨੂੰ ਲੀਰਾਂ-ਲੀਰਾਂ ਕਰ ਕੇ ਰੱਖ ਦਿੱਤਾ ਹੈ ਅਤੇ ਕਿਧਰੇ ਮੂੰਹ ਦੇਣ ਜੋਗੇ ਨਹੀਂ ਛੱਡਿਆ। ਇਸ ਲਈ ਉਦਾਸੀ ਸੰਤਾਂ ਨੂੰ ਦੋਸ਼ ਦੇਣਾ ਠੀਕ ਨਹੀਂ। ਉਹਨਾਂ ਦੀ ਪਿਛਲੀ ਸੇਵਾ ਲਈ ਕਦਰ ਅਤੇ ਯੋਗ ਪ੍ਰਸੰਸਾ ਉਹਨਾਂ ਦਾ ਹੱਕ ਹੈ ਅਤੇ ਉਹਨਾਂ ਦੀ ਵਿਦਵਤਾ ਅਤੇ ਪ੍ਰਚਾਰ ਦੀ ਲਗਨ ਲਈ ਆਦਰ ਨਾਲ ਉਨ੍ਹਾਂ ਨੂੰ ਪੰਥ ਦੀ ਸੇਵਾ ਵਿਚ ਜੋੜੀ ਰੱਖਣਾ ਸਾਡਾ ਸੁਖਦਾਈ ਫ਼ਰਜ਼ ਹੈ। ਉਦਾਸੀਆਂ ਦੀ ਸੇਵਾ ਵਜੋਂ ਅਸੀਂ ਇਸ ਲੇਖ ਨੂੰ 'ਗੁਰਦੁਆਰਾ ਸੁਧਾਰ ਲਹਿਰ' ਨਾਲ ਸੰਬੰਧਿਤ ਪੁਸਤਕ ਦ ਗੁਰਦੁਆਰਾ

ਰੀਫ਼ਾਰਮ ਮੂਵਮੈਂਟ ਐਂਡ ਦ ਸਿੱਖ ਐਵੇਕਨਿੰਗ ਵਿੱਚੋਂ ਇਕ ਕਥਨੀ ਦੇ ਕੇ ਸਮਾਪਤ ਕਰਾਂਗੇ।

ਉਦਾਸੀ ਪ੍ਰਚਾਰਕ ਮਸੰਦਾਂ ਵਾਂਙੂ ਕੋਈ ਵੱਖਰਾ ਫ਼ਿਰਕਾ ਨਹੀਂ ਸੀ, ਉਹ ਸਿੱਖ ਧਰਮ ਦੇ ਵਿਸਤਾਰ ਲਈ ਗੁਰੂ ਸਾਹਿਬਾਨ ਵੱਲੋਂ ਬਾਹਰ ਭੇਜੇ ਗਏ ਹਨ। ਉਹ ਦੂਜੇ ਸਿੱਖਾਂ ਵਾਂਙੂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਸਨ ਅਤੇ ਦਸ ਗੁਰੂ ਸਾਹਿਬਾਨ ਦਾ ਨਾਂ ਲੈ ਕੇ ਅਰਦਾਸ ਕਰਦੇ ਸਨ। ਉਹ ਲਗਾਤਾਰ ਗੁਰੂ ਸਾਹਿਬਾਨ ਨਾਲ ਜੁੜੇ ਰਹੇ ਸਨ ਅਤੇ ਸਿੱਖਾਂ ਵਾਂਙ ਗੁਰੂ ਗੋਬਿੰਦ ਸਿੰਘ ਜੀ ਨਾਲ ਵਫ਼ਾਦਾਰੀ ਨਾਲ ਉਨ੍ਹਾਂ ਲਈ ਲੜੇ ਸਨ। ਜਦੋਂ 1699 ਈ. ਵਿਚ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਗਿਆ ਤਾਂ ਇਹਦੇ ਵਿਚ ਉਦਾਸੀ ਵੀ ਸ਼ਾਮਲ ਹੋ ਕੇ ਖ਼ਾਲਸਾ ਸਜੇ, ਪਰ ਇਨ੍ਹਾਂ ਵਿੱਚੋਂ ਕੁਝ ਦੂਰ-ਦੁਰਾਡੇ ਰੁੱਝੇ ਹੋਣ ਕਾਰਨ ਅੰਮ੍ਰਿਤਪਾਣ ਨਾ ਕਰ ਸਕੇ। ਉਥੇ ਇਸ ਰਸਮ ਲਈ ਪੰਜਾਂ ਪਿਆਰਿਆਂ ਦਾ ਮਿਲਣਾ ਮੁਸ਼ਕਲ ਸੀ। ਗੁਰੂ ਗੋਬਿੰਦ ਸਿੰਘ ਅਤੇ ਬੰਦਾ ਬਹਾਦਰ ਤੋਂ ਮਗਰੋਂ ਜਿਹੜਾ ਸੰਘਰਸ਼ ਹੋਇਆ, ਜਿਸ ਵਿਚ ਖ਼ਾਲਸਾ ਹੋਣਾ ਵੀ ਇਕ ਜੁਰਮ ਸੀ, ਉਹਨਾਂ ਦੀ ਵੱਖਰੀ ਹੋਂਦ ਖ਼ਤਰੇ ਤੋਂ ਰੱਖਿਆ ਕਰਨ ਵਾਲੀ ਸਾਬਤ ਹੋਈ। ਇਸ ਲਈ ਉਹਨਾਂ ਦੀ ਵੱਖਰੀ ਹੋਂਦ ਮੰਨ ਲਈ ਗਈ। ਉਹਨਾਂ ਨੇ ਹੋਰ ਸਹਿਜਧਾਰੀਆਂ ਵਾਂਙ ਦ੍ਰਿੜ੍ਹਤਾ ਨਾਲ ਸਿੱਖ ਧਰਮ ਦੀ ਸੇਵਾ ਕੀਤੀ, ਪਰ ਕਦੇ ਵੀ ਇਕ ਫ਼ਿਰਕਾ ਨਹੀਂ ਬਣੇ। ਉਹ ਕੇਵਲ ਸਿੱਖ ਬਣੇ ਰਹੇ, ਜਿਹੜੇ ਅੰਮ੍ਰਿਤਪਾਣ ਨਹੀਂ ਕਰ ਸਕਦੇ। ਬਾਕੀ ਹਰ ਤਰ੍ਹਾਂ ਵਿਸ਼ਵਾਸ ਅਤੇ ਅਮਲ ਵਿਚ ਉਹ ਦੂਜੇ ਸਿੱਖਾਂ ਵਾਂਙ ਹੀ ਸਨ। ਨਹੀਂ ਤਾਂ ਉਹ ਖ਼ਾਲਸੇ ਤੋਂ ਸਹਾਇਤਾ ਅਤੇ ਹੌਸਲਾ ਕਿਵੇਂ ਲੈ ਸਕਦੇ। ਇਕ ਫ਼ਿਰਕਾ ਦੂਜੇ ਫ਼ਿਰਕੇ ਦੀ ਪ੍ਰਚਾਰ ਵਿਚ ਸਹਾਇਤਾ ਨਹੀਂ ਕਰ ਸਕਦਾ।

ਭਾਵੇਂ ਕੁਝ ਢਿੱਲੜ ਉਦਾਸੀ ਲੜਾਈ ਸਮੇਂ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਛੱਡ ਗਏ ਸਨ, ਪਰ ਉਹਨਾਂ ਦੇ ਮੁਖੀ ਮਹੰਤ ਕਿਰਪਾਲ ਦਾਸ ਜੀ ਦਾ ਗੁਰੂ ਜੀ ਲਈ ਡੱਟ ਕੇ ਲੜਨਾ ਉਦਾਸੀਆਂ ਦੀ ਪਤਿ ਰੱਖ ਗਿਆ। ਗੁਰਦੁਆਰਾ ਸੁਧਾਰ ਲਹਿਰ ਕਾਰਨ ਜਾਗੀਰਾਂ ਦੇ ਲਾਲਚ ਵਿਚ ਅੰਨ੍ਹੇ ਹੋ ਕੇ ਕੁਝ ਨਾਂ ਦੇ ਉਦਾਸੀਆਂ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਜ਼ਰੂਰ ਕੀਤੀ ਕਿ ਉਦਾਸੀ ਡੇਰਿਆਂ ਨਾਲ ਸਿੱਖਾਂ ਦਾ ਕੋਈ ਵਾਸਤਾ ਨਹੀਂ। ਉਹ ਸਿੱਖ ਧਰਮ ਨਾਲ ਆਪਣੇ ਸੰਬੰਧਾਂ ਤੋਂ ਮੁਨਕਰ ਹੋਣ ਦਾ ਯਤਨ ਕਰ ਰਹੇ ਸਨ, ਪਰ ਸੇਵਾ ਦੀ ਏਨੀ ਲੰਮੀ ਪਰੰਪਰਾ ਦੇ ਕਾਰਨ ਇਨ੍ਹਾਂ ਦੀ ਵਿਜੈ ਨਹੀਂ ਸੀ ਹੋ ਸਕਦੀ। ਉਹ ਆਪਣੇ ਅਸਲੇ ਨਾਲੋਂ ਕਿਵੇਂ ਵੱਖ ਹੋ ਸਕਦੇ ਹਨ ? ਸਿੱਖੀ ਦੀ ਸੇਵਾ ਉਹ ਕਰਦੇ ਰਹੇ ਹਨ, ਕਈ ਧੂਣੇ ਅਤੇ ਬਖ਼ਸ਼ਿਸ਼ਾਂ ਨਾਲ ਸੰਬੰਧਿਤ ਹੋ ਕੇ ਕਰ ਰਹੇ ਹਨ ਅਤੇ ਕਰਦੇ ਰਹਿਣਗੇ।

ਅਧਿਆਇ ਦਸਵਾਂ

ਉਦਾਸੀ ਸੰਤਾਂ ਦੀ ਗੁਰਬਾਣੀ ਵਿਆਖਿਆਕਾਰੀ ਪ੍ਰਤੀ ਪਹੁੰਚ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੋਂਦ ਵਿਚ ਆਉਣ ਨਾਲ ਹੀ ਗੁਰਬਾਣੀ ਦੀ ਵਿਆਖਿਆ ਸ਼ੁਰੂ ਹੋ ਗਈ ਸੀ। ਗੁਰੂ ਸਾਹਿਬ ਆਪ ਆਪਣੀ ਬਾਣੀ ਦੀ ਵਿਆਖਿਆ ਕਰਦੇ ਰਹੇ ਹਨ। ਗੁਰਬਾਣੀ ਵੀ ਗੁਰਬਾਣੀ ਦੀ ਵਿਆਖਿਆ ਕਰਦੀ ਹੈ। ਇਹ ਵੀ ਗੱਲ ਨਾਲ ਹੈ ਕਿ ਕਿਸੇ ਧਰਮ ਦੇ ਧਾਰਮਿਕ ਗ੍ਰੰਥ ਦੇ ਹੋਂਦ ਵਿਚ ਆ ਜਾਣ ਨਾਲ ਵੱਖਰੇ ਵੱਖਰੇ ਦ੍ਰਿਸ਼ਟੀਕੋਣਾਂ ਤੋਂ ਉਸ ਦੇ ਮੂਲ ਸੰਦੇਸ਼ ਦੀ ਵਿਆਖਿਆ ਸ਼ੁਰੂ ਹੋ ਜਾਂਦੀ ਹੈ। ਇਸ ਤਰ੍ਹਾਂ ਵਿਆਖਿਆ ਦੇ ਕਈ ਸਕੂਲ ਜਾਂ ਪ੍ਰਣਾਲੀਆਂ ਹੋਂਦ ਵਿਚ ਆ ਜਾਂਦੀਆਂ ਹਨ। ਇਹਨਾਂ ਦਾ ਮੂਲ ਮਨੋਰਥ ਬੁਨਿਆਦੀ ਸਿੱਖਿਆ ਦੀ ਜੀਵਨ ਦੀ ਹਰੇਕ ਸਥਿਤੀ ਤੋਂ ਪ੍ਰਸੰਗ ਵਿਚ ਵਿਆਖਿਆ ਦਾ ਯਤਨ ਹੀ ਹੁੰਦਾ ਹੈ।

ਸਿੱਖ ਧਰਮ ਵਿਚ ਅਜਿਹਾ ਰੱਬੀ ਅਨੁਭਵ ਦੈਵੀ ਗਿਆਨ ਸਿੱਖ ਗੁਰੂ ਸਾਹਿਬਾਨ ਦਾ ਰੱਬੀ ਅਨੁਭਵ ਹੀ ਸੀ, ਜਿਸ ਨੂੰ ਗੁਰੂ ਸਾਹਿਬ ਨੇ ਆਪ ਹੀ ਸ਼ਬਦ ਰੂਪ ਵਿਚ ਪ੍ਰਕਾਸ਼ ਕਰਨ ਤੇ ਸੰਭਾਲਣ ਦਾ ਉੱਦਮ ਵੀ ਨਾਲੋ-ਨਾਲ ਕੀਤਾ। ਇਸ ਰਚਨਾ ਦੀ ਹੀ ਬਾਣੀ ਜਾਂ ਗੁਰਬਾਣੀ ਸੰਗਿਆ ਹੈ।

ਗੁਰਬਾਣੀ ਦੀ ਵਿਆਖਿਆਕਾਰੀ ਦਾ ਇਤਿਹਾਸ ਬਹੁਤ ਲੰਮਾ ਹੈ। ਇਸ ਦਾ ਸਮੁੱਚਾ ਵਿਸਥਾਰ ਮੱਧਕਾਲੀ ਦੌਰ ਤੋਂ ਲੈ ਕੇ ਅਜੋਕੇ ਆਧੁਨਿਕ ਅਤੇ ਉੱਤਰ-ਆਧੁਨਿਕ ਕਾਲ ਤਕ ਫੈਲਿਆ ਹੋਇਆ ਹੈ। ਸਭ ਤੋਂ ਪਹਿਲਾਂ ਤਾਂ ਖ਼ੁਦ ਬਾਣੀਕਾਰਾਂ ਦੇ ਸਿਰਜਿਤ ਪ੍ਰਵਚਨਾਂ ਵਿਚ ਅਜਿਹੇ ਕਥਨ ਮਿਲਦੇ ਹਨ, ਜਿਨ੍ਹਾਂ ਨੂੰ ਇਕ ਤਰ੍ਹਾਂ ਦੀ ਸਹਿਜ ਵਿਆਖਿਆਕਾਰੀ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ। ਇਸ ਤੋਂ ਉਪਰੰਤ 'ਗੁਰਬਾਣੀ ਦੀ ਕੁੰਜੀ' ਆਖੀ ਜਾਣ ਵਾਲੀ ਭਾਈ ਗੁਰਦਾਸ ਜੀ ਦੀ ਰਚਨਾ ਸਾਹਮਣੇ ਆਉਂਦੀ ਹੈ, ਜੋ ਗੁਰਬਾਣੀ ਦੇ ਵਿਭਿੰਨ ਸੰਕਲਪਾਂ ਨੂੰ ਗੁਰੂ ਇਤਿਹਾਸ ਨਾਲ ਸੰਬੰਧਿਤ ਪ੍ਰਸੰਗਾਂ, ਪੌਰਾਣਿਕ ਹਵਾਲਿਆਂ ਅਤੇ ਲੋਕ ਪ੍ਰਚਲਿਤ ਧਾਰਨਾਵਾਂ ਦੇ ਮਾਧਿਅਮ ਰਾਹੀਂ ਖਲੋਣ ਅਤੇ ਪ੍ਰਾਸੰਗਿਕ ਬਣਾਉਣ ਵੱਲ ਰੁਚਿਤ ਹੁੰਦੀ ਹੈ। ਇਸ ਵਿਆਖਿਆਤਮਕ ਉਪਰਾਲੇ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਗੁਰਬਾਣੀ ਪਾਠ ਅਤੇ ਪ੍ਰਵਚਨ ਦਾ ਅਰਥ ਅਤੇ ਗੁਰ-ਸੰਦੇਸ਼ਾਂ ਦੀ ਵਿਲੱਖਣਤਾ ਨੂੰ ਕੇਂਦਰ ਵਿਚ ਰੱਖਦਾ ਹੈ। ਇਸ ਤੋਂ ਮਗਰੋਂ ਗੁਰਬਾਣੀ ਵਿਆਖਿਆ ਦੀ ਇਸ ਲੰਮੇਰੀ ਪਰੰਪਰਾ ਹੋਂਦ ਵਿਚ ਆਉਂਦੀ ਹੈ, ਜੋ ਸਮਾਜਿਕ, ਇਤਿਹਾਸਕ ਯਥਾਰਥ ਦੇ ਬਦਲਦੇ ਪਰਿਪੇਖ ਨੂੰ ਮੁੱਖ

ਰੱਖਦਿਆਂ ਇਸ ਦੇ ਸਿਰਜਿਤ ਪਾਠ ਦਾ ਪ੍ਰਸੰਗ, ਅਨੁਕੂਲ ਅਰਥ ਨਿਰਧਾਰਤ ਕਰਨ ਦਾ ਯਤਨ ਕਰਦੀ ਹੈ। ਗੁਰਬਾਣੀ ਵਿਆਖਿਆ ਦਾ ਇਹ ਸਿਲਸਿਲਾ ਲਗਾਤਾਰ ਚੱਲ ਰਿਹਾ ਹੈ ਤੇ ਵਰਤਮਾਨ ਵਿਚ ਵੀ ਚੱਲਦਾ ਰਹੇਗਾ।

'ਵਿਆਖਿਆ' ਦੀ ਜਦੋਂ ਅਸੀਂ ਗੱਲ ਕਰਦੇ ਹਾਂ ਤਾਂ ਸਾਨੂੰ ਵਿਆਖਿਆ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ। ਸੋ 'ਵਿਆਖਿਆ' ਦਾ ਕੋਸ਼ਗਤ ਅਰਥ ਹੈ : ਕਿਸੇ ਵਸਤੂ ਜਾਂ ਵਰਤਾਰੇ ਦਾ ਅਰਥ ਸਪੱਸ਼ਟ ਕਰਨਾ। ਮੁੱਢਲੇ ਤੌਰ 'ਤੇ ਇਹ ਪਾਠ ਨਾਲ ਸੰਬੰਧਿਤ ਸੰਕਲਪ ਹੈ। ਕਿਸੇ ਲਿਖਤੀ ਜਾਂ ਮੌਲਿਕ ਪਾਠ ਦੇ ਅਰਥਾਂ ਨੂੰ ਸਥਾਪਤ ਕਰਨ ਜਾਂ ਸਪੱਸ਼ਟ ਕਰਨ ਦਾ ਕਾਰਜ ਵਿਆਖਿਆ ਦੇ ਅੰਤਰਗਤ ਆਉਂਦਾ ਹੈ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਵਿਆਖਿਆ ਤੋਂ ਪਹਿਲਾਂ ਪਾਠ ਦੀ ਹੋਂਦ ਜ਼ਰੂਰੀ ਹੈ, ਜੇ ਪਾਠ ਹੋਵੇਗਾ ਤਾਂ ਹੀ ਵਿਆਖਿਆ ਹੋਵੇਗੀ।

ਵਿਆਖਿਆ ਸ਼ਾਸਤਰ ਲਈ ਮੁੱਖ ਤੌਰ 'ਤੇ ਦੋ ਸ਼ਬਦ ਪ੍ਰਚਲਿਤ ਹਨ: ਐਕਸਿਜੀਸਿਸ (exegesis) ਅਤੇ ਹਰਮਿਨਿਊਟਿਕਸ (hermeneutics) ਯੂਨਾਨੀ ਭਾਸ਼ਾ ਵਿੱਚੋਂ ਲਏ ਗਏ ਇਹਨਾਂ ਦੋਹਾਂ ਸ਼ਬਦਾਂ ਨੇ ਪੱਛਮ ਦੀ ਵਿਆਖਿਆ ਪਰੰਪਰਾ ਨੂੰ ਵਿਕਸਿਤ ਕਰਨ ਵਿਚ ਭਰਪੂਰ ਯੋਗਦਾਨ ਦਿੱਤਾ ਹੈ। ਸੰਸਾਰ ਪ੍ਰਸਿੱਧ *ਐਨਸਾਈਕਲੋਪੀਡੀਆ ਬ੍ਰਿਟਾਨਿਕਾ* (*Encyclopaedia Britanica*) ਅਨੁਸਾਰ ਐਕਸਿਜੀਸਿਸ ਸ਼ਬਦ ਦੀ ਵਰਤੋਂ ਕਿਸੇ ਪਾਠ ਦੀ ਆਲੋਚਨਾਤਮਕ ਵਿਆਖਿਆ ਦੇ ਅਰਥਾਂ ਵਿਚ ਕੀਤੀ ਜਾਂਦੀ ਹੈ। ਇਸ ਦੀ ਵਰਤੋਂ ਮੁੱਖ ਤੌਰ 'ਤੇ ਯਹੂਦੀ ਅਤੇ ਮਸੀਹੀ ਧਰਮ ਗ੍ਰੰਥਾਂ (ਵਿਸ਼ੇਸ਼ ਤੌਰ 'ਤੇ ਅੰਜੀਲ ਜਾਂ ਬਾਈਬਲ) ਦੀ ਵਿਆਖਿਆ ਦੇ ਸੰਦਰਭ ਵਿਚ ਸਾਹਮਣੇ ਆਈ।

ਗੁਰਬਾਣੀ ਵਿਆਖਿਆ ਕਰਨ ਦੀ ਰੀਤਿ ਗੁਰਬਾਣੀ ਦੀ ਰਚਨਾ ਦੇ ਨਾਲ ਹੀ ਪ੍ਰਾਰੰਭ ਹੋ ਗਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਐਨ ਕਰਨ ਤੋਂ ਇਹ ਗਿਆਤ ਹੁੰਦਾ ਹੈ ਕਿ ਗੁਰਬਾਣੀ, ਗੁਰਬਾਣੀ ਦੀ ਵਿਆਖਿਆ ਕਰਦੀ ਹੈ। ਗੁਰੂ ਸਾਹਿਬ ਆਪਣੇ ਸਮੇਂ ਤੇ ਗੁਰਬਾਣੀ ਦੀ ਵਿਆਖਿਆ ਕਰਦੇ ਰਹੇ ਹਨ। ਗੁਰਬਾਣੀ ਦਾ ਟੀਕਾ ਕਰਨ ਦੀ ਪਰੰਪਰਾ ਭਾਈ ਗੁਰਦਾਸ ਜੀ ਅਤੇ ਸੋਢੀ ਮਿਹਰਵਾਨ ਤੋਂ ਚੱਲ ਪਈ ਸੀ।

ਗੁਰਬਾਣੀ ਦੀ ਟੀਕਾਕਾਰੀ ਵਿਚ ਉਦਾਸੀ ਸੰਪ੍ਰਦਾਇ ਦੇ ਵਿਦਵਾਨਾਂ ਨੇ ਅਤੇ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਇਤਿਹਾਸਕ ਯੋਗਦਾਨ ਪਾਇਆ ਹੈ। ਇਹਨਾਂ ਵਿਦਵਾਨਾਂ ਨੇ ਜਿਥੇ ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ, ਉਥੇ ਇਹਨਾਂ ਇਹ ਵੀ ਧਾਰਨਾ ਬਣਾਈ ਹੋਈ ਸੀ ਕਿ ਭਾਰਤ ਦੀ ਧਾਰਮਿਕ ਪਰੰਪਰਾ ਵਿਚ ਗੁਰਬਾਣੀ ਨੂੰ ਵੀ ਵੱਖਰੀ ਪਛਾਣ ਦਿਵਾਉਣਾ ਹੈ।

ਗੁਰਬਾਣੀ ਵਿਆਖਿਆ ਵਿਚ ਉਦਾਸੀ ਸੰਤਾਂ ਦੀ ਦੇਣ ਮਹੱਤਵਪੂਰਣ ਹੈ। ਸ੍ਰੀ ਗੁਰੂ ਨਾਨਕ ਬਾਣੀ ਦੇ ਪਹਿਲੇ ਪ੍ਰਚਾਰਕ ਉਦਾਸੀ ਸੰਤ ਹੀ ਹੋਏ ਹਨ, ਜੋ ਗੁਰੂ ਨਾਨਕ ਦੇਵ ਜੀ ਤੋਂ ਅੱਗੇ ਬਾਬਾ ਸ੍ਰੀ ਚੰਦ ਜੀ ਨੂੰ ਆਪਣਾ ਗੁਰੂ ਮੰਨਦੇ ਹਨ। ਬਾਬਾ ਸ੍ਰੀ ਚੰਦ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਾਹਿਬਜ਼ਾਦੇ ਸਨ। ਬਾਬਾ ਜੀ ਉਦਾਸੀ

ਬਿਰਤੀ ਹੋਣ ਕਾਰਨ ਉਹਨਾਂ ਦੇ ਚੇਲੇ ਵੀ ਵਿਰੱਕਤ ਤੇ ਉਦਾਸੀ ਬਿਰਤੀ ਦੇ ਧਾਰਨੀ ਹੋਏ। ਉਹਨਾਂ ਨੇ ਉਦਾਸੀ ਮੱਤ ਧਾਰਨ ਕਰ ਕੇ ਪੰਜਾਬ ਤੋਂ ਦੂਰ-ਦੁਰਾਡੇ ਇਲਾਕਿਆਂ ਵਿਚ ਜਾ ਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਚਾਰ ਅਤੇ ਵਿਆਖਿਆ ਕੀਤੀ। ਉਦੋਂ ਇਹ ਸੰਤ ਸਾਰਾ ਪ੍ਰਚਾਰ ਤੇ ਕਥਾ ਵਾਰਤਾ ਮੂੰਹ ਜ਼ੁਬਾਨੀ ਹੀ ਕਰਦੇ ਸਨ। ਲਿਖਤੀ ਰੂਪ ਵਿਚ ਟੀਕੇ, ਭਾਸ਼ਾ, ਪਰਮਾਰਥ, ਵਿਆਖਿਆ ਗ੍ਰੰਥ ਨਹੀਂ ਸਨ।

ਉਦਾਸੀ ਸੰਪ੍ਰਦਾ ਨੇ ਸਭ ਤੋਂ ਪਹਿਲਾਂ ਗੁਰਬਾਣੀ ਵਿਆਖਿਆਕਾਰੀ ਦਾ ਕਾਰਜ ਆਰੰਭਿਆ। ਬਾਬਾ ਸ੍ਰੀ ਚੰਦ ਜੀ ਨੇ ਵੀ ਭਾਰਤ ਵਰਸ਼ ਦਾ ਦੌਰਾ ਕੀਤਾ ਤੇ ਗੁਰਬਾਣੀ ਦਾ ਪ੍ਰਚਾਰ ਕੀਤਾ। ਬਹੁਤਾਤ ਉਦਾਸੀ ਸੰਤ ਵੀ ਵੇਦਾਂਤਿਕ ਪ੍ਰਭਾਵ ਅਧੀਨ ਵੇਦ ਨੂੰ ਪ੍ਰਮਾਣਿਕ ਮੰਨਦੇ ਹਨ। ਸ਼ਾਸਤਰਾਂ, ਸਿਮ੍ਰਿਤੀਆਂ, ਪੁਰਾਣਾਂ ਦੇ ਹਵਾਲੇ ਅਤੇ ਵੇਦ ਅਨੁਕੂਲਤਾ ਉਹਨਾਂ ਦੀ ਵਿਆਖਿਆ ਦੇ ਮੀਰੀ ਗੁਣ ਹਨ। ਇਹ ਪਰੰਪਰਾ ਸੀਨਾ-ਬ-ਸੀਨਾ ਚੱਲੀ ਅਤੇ ਸਾਧੂ ਅਨੰਦਘਣ ਦੇ ਟੀਕੇ ਤੋਂ ਇਲਾਵਾ ਪਹਿਲੀਆਂ ਵਿੱਚੋਂ ਸ਼ਾਇਦ ਹੀ ਕੋਈ ਲਿਖਤੀ ਟੀਕਾ ਇਸ ਸਮੇਂ ਮੌਜੂਦ ਹੋਵੇ।

ਉਦਾਸੀ ਸੰਤਾਂ ਦੀ ਗੁਰਬਾਣੀ ਵਿਆਖਿਆ ਦੇ ਪਿੜ ਅੰਦਰ ਸਭ ਤੋਂ ਪਹਿਲਾ ਨਾਂ ਸੁਆਮੀ ਅਨੰਦਘਣ ਜੀ ਦਾ ਆਉਂਦਾ ਹੈ। ਉਹਨਾਂ ਨੂੰ ਬਾਬਾ ਬੋਹੜ ਵੀ ਕਿਹਾ ਜਾਂਦਾ ਹੈ। ਉਹ ਬਹੁਤਾ ਸਮਾਂ ਡੇਰਾ ਬਾਬਾ ਨਾਨਕ ਵਿਖੇ ਰਹੇ ਤੇ ਉਥੋਂ ਹੀ ਸੰਸਕ੍ਰਿਤ ਦਾ ਗਿਆਨ ਪ੍ਰਾਪਤ ਕਰਨ ਲਈ ਉਹਨਾਂ ਨੂੰ ਕਾਸ਼ੀ ਭੇਜਿਆ ਗਿਆ। ਉਹਨਾਂ ਨੇ ਸੰਮਤ 1852 ਤੋਂ 1859 ਬਿਕ੍ਰਮੀ ਦੇ ਦਰਮਿਆਨ ਜਪੁ ਜੀ, ਆਰਤੀ, ਓਅੰਕਾਰ, ਆਸਾ ਦੀ ਵਾਰ, ਸਿਧ ਗੋਸਟਿ ਅਤੇ ਅਨੰਦ ਬਾਣੀਆਂ ਦੇ ਟੀਕੇ ਰਚੇ। ਇਹਨਾਂ ਟੀਕਿਆਂ ਵਿਚ ਵੇਦਾਂਤਿਕ ਪ੍ਰਭਾਵ ਦੀ ਭਰਮਾਰ ਦਿਖਾਈ ਦਿੰਦੀ ਹੈ। ਉਹਨਾਂ ਨੇ ਆਪਣੇ ਵਿਚਾਰਾਂ ਦੀ ਪੁਸ਼ਟੀ ਵੇਦਾਂ, ਸ਼ਾਸਤਰਾਂ, ਪੁਰਾਣਾਂ, ਸਿਮ੍ਰਿਤੀਆਂ, ਗੀਤਾ, ਮਹਾਂਭਾਰਤ ਆਦਿ ਪ੍ਰਾਚੀਨ ਗ੍ਰੰਥਾਂ ਦੇ ਥਾਂ ਥਾਂ ਹਵਾਲੇ ਦੇ ਕੇ ਕੀਤੀ। ਜਿਵੇਂ ਕਿ "ਵੇਦ ਸ਼ਾਸਤਰ ਮੇਂ ਲਿਖਾ ਹੈ, ਸ਼ਾਸਤਰ ਪੁਰਾਣ ਮੇਂ ਲਿਖਾ ਹੈ, ਗੀਤਾ ਮੇਂ ਭਗਵਾਨ ਨੇ ਲਿਖਾ ਹੈ", ਅਜਿਹੇ ਵਾਕ ਉਹਨਾਂ ਦੇ ਟੀਕਿਆਂ ਵਿਚ ਆਮ ਦੇਖਣ ਨੂੰ ਮਿਲਦੇ ਹਨ। ਉਹ ਗੁਰਬਾਣੀ ਦੇ ਕਿਸੇ ਵਿਚਾਰ ਨੂੰ ਵੀ ਵੇਦ ਵਿਰੋਧੀ ਮੰਨਣ ਲਈ ਤਿਆਰ ਨਹੀਂ ਹਨ। ਜਿਥੇ ਕਿਧਰੇ ਵੀ ਵਿਰੋਧ ਦਿਸੇ, ਉਥੇ ਵਿਸ਼ੇਸ਼ ਯਤਨਾਂ ਰਾਹੀਂ ਗੁਰਬਾਣੀ ਨੂੰ ਵੇਦ ਸ਼ਾਸਤਰ ਅਨੁਸਾਰ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਆਸਾ ਦੀ ਵਾਰ ਦੀ ਇਕ ਤੁਕ "ਦੂਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ" ਦੇ ਅਰਥ ਇਸ ਦੀ ਉਦਾਹਰਣ ਵਜੋਂ ਪੇਸ਼ ਹਨ :

> "ਦੂਸਰੀ ਕੁਦਰਤ ਕਿਆ ਕਹੀਏ ਮਹਾ ਮਾਇਆ ਭੀ ਤੈਨੇ ਰਚੀ ਹੈ। ਆਸਨਿ ਕਿਆ ਕਹੀਏ, ਧਿਆਨ ਕਰਿ ਕਰਿ ਤੈਨੇ ਆਪਣਾ ਚਾਉ ਆਪਿ ਦੇਖਾ। ਚਾਉ ਕਿਆ ਦੇਖਾ ਈਹ ਸੁਣਨੇ ਵਾਲੇ ਕੋ ਸੰਦੇਹ ਹੋਤਾ ਹੈ। ਤਾਂ ਤੇ ਇਸ ਕਾ ਨਿਰਨਾ ਕਰਤੇ ਹੈਂ। ਜਬ ਤੈਨੇ ਮਹਾਂ ਮਾਇਆ ਰਚੀ ਤਬ ਮਹਾਂ ਮਾਇਆ ਨੇ ਤੇਰੇ ਤਾਈਂ ਇੱਛਾ ਉਪਜਾਈ। ਏਕ ਹੀ ਮੈਂ ਬਹੁਤ ਹੋਵੈ। ਤਬ ਇਹ ਇੱਛਾ ਉਪਜੀ ਤਬ ਤੇਰੇ ਏਕ ਕੇ ਹੀ ਬ੍ਰਹਮਾ ਬਿਸਨ ਮਹੇਸੇਉ ਤੀਨ ਰੂਪ ਭਏ। ਜਬ ਤੈਨੇ ਆਪਣੇ ਤੀਨ ਰੂਪ

ਬਣਾਏ ਲੀਏ। ਇਨ ਛਿਉ ਨੇ ਮਿਲ ਕਰ ਜਗਤ ਕਾ ਉਤਪਤੀ ਇਸਥਿਤ ਸੰਹਾਰ ਰਚਾ। ਇਹੁ ਤੇਰੇ ਮਨ ਕਾ ਚਾਉ ਥਾ ਸੋ ਤੈਨੇ ਦੇਖਾ। ਈਹਾ ਲਿਖਤਾ ਹੈ ਮਹਾਂ ਮਾਇਆ ਤੈਨੇ ਰਚੀ ਹੈ ਅਰ ਵੇਦ ਸ਼ਾਸਤਰ ਮੋ ਲਿਖਾ ਹੈ ਮਹਾ ਮਾਇਆ ਪ੍ਰਮੇਸਵਰ ਕੀ ਛਾਇਆ ਹੈ। ਛਾਇਆ ਤੋ ਸਾਕਾਰ ਕੀ ਹੋਤੀ ਹੈ ਨਿਰਾਕਾਰ ਵਿਖੇ ਛਾਇਆ ਕਹਾਂ। ਤਾ ਤੇ ਛਾਇਆ ਕਾ ਅਰਥ ਈਹਾਂ ਇਛਾ ਹੀ ਕਰਨਾ। ਤਬੀ ਨਿਰਦੋਖ ਅਰਥ ਹੋਵੇਗਾ।" *(ਆਨੰਦਘਣ ਟੀਕਾ, ਆਸਾ ਦੀ ਵਾਰ, ਪੰਨਾ 49)*

ਵਰਣ ਆਸ਼ਰਮ ਅਨੁਸਾਰ ਕਰਮ ਕਰਨ ਦੀ ਪ੍ਰਵਿਰਤੀ ਵੀ ਇਹਨਾਂ ਦੇ ਟੀਕਿਆਂ ਵਿੱਚੋਂ ਪ੍ਰਬਲ ਹੈ। ਸੁਆਮੀ ਜੀ ਦੇ 'ਆਸਾ ਕੀ ਵਾਰ' ਦੇ ਟੀਕੇ ਵਿੱਚੋਂ ਇਕ ਉਦਾਹਰਣ ਦੇਂਦੇ ਹਾਂ। "ਸੇਵ ਕੀਤੀ ਸੰਤੋਖਈ ਜਿਨ੍ਹੀ ਸਚੋ ਸਚੁ ਧਿਆਇਆ॥ ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥" ਦੇ ਅਰਥ ਕਰਦਿਆਂ ਉਹ ਲਿਖਦੇ ਹਨ :

> "ਸੰਤੋਖ ਵਾਨ ਜੋ ਹੈ ਸੰਤਿ ਜਨ ਤਿਨੋ ਕੇ ਖਾਨ ਪਾਨ ਆਦਿ ਕੇ ਸੰਜਮ ਕਰ ਕਰ ਆਪਨੇ ਵਰਣ ਆਸ਼ਰਮ ਕੋ ਯੋਗ ਜੋ ਕਰਮ ਹੈ, ਤਿਸ ਕੇ ਕਰਿ ਕਰਿ ਕੁਮਾਰਗ ਨਾ ਚਲੈ ਸੁਮਾਰਗ ਚਲੈ।"

ਉਦਾਸੀ ਸੰਤ ਤੀਰਥ ਯਾਤਰਾ ਵਿਚ ਵੀ ਵਿਸ਼ਵਾਸ ਕਰਦੇ ਹਨ। ਤੀਰਥ 'ਤੇ ਜਾਣ ਦਾ ਬਹੁਤ ਮਹੱਤਵ ਦੱਸਦੇ ਹਨ। ਇਸੇ ਲਈ ਸਾਧੂ ਅਨੰਦਘਣ "ਸਚੁ ਤਾ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸ ਕਰਦਾ ਹੈ :

> "ਸਚਿ ਤਿਸੀ ਕੇ ਪਾਸ ਜੋ ਆਪਨਾ ਤੀਰਥ ਵਿਖੇ ਨਿਵਾਸ ਕਰਤਾ ਹੈ ਸਤਿਗੁਰੂ ਕੋ ਪੁਛ ਕਰ ਤੀਰਥ ਪਰਿ ਜਾਇ ਬੈਠੇ। ਨਿਵਾਸ ਕਰੇ ਸੁਨ ਕਰੇ।"

ਦੇਵੀ-ਭਗਤੀ ਬਾਰੇ ਉਦਾਸੀਆਂ ਦਾ ਦ੍ਰਿਸ਼ਟੀਕੋਣ ਸੁਆਮੀ ਅਨੰਦਘਣ ਦੇ 'ਜਪੁਜੀ ਦੇ ਟੀਕੇ' ਵਿੱਚੋਂ ਸਪੱਸ਼ਟ ਹੁੰਦੀ ਹੈ। ਵੰਨਗੀ ਲਈ ਦੇਖੋ :

> "ਵਸਿਸਟਾਦਿਕ ਸ੍ਵਯੰਸਿਧ ਗਿਆਨੀ ਹੈ। ਪੜ੍ਹੇ ਬਿਨਾਂ ਹੀ ਇਨ ਕੋ ਵੇਦੁ ਸ਼ਾਸਤਰ ਫੁਰੇ ਹੈ। ਹਮਾਰੇ ਬਾਬਾ ਨਾਨਕ ਕੋ ਭੀ ਪੜ੍ਹੇ ਬਿਨਾਂ ਹੀ ਬਾਣੀ ਫੁਰੀ ਹੈ। ਬਾਣੀ ਕਿਸੀ ਤੇ ਪੜ੍ਹੀ ਤੋ ਨਹੀਂ। ਪਰ ਬਾਣੀ ਵਿਖੇ ਵੇਦ ਸ਼ਾਸਤਰ ਕਾ ਹੀ ਤੋ ਅਰਥ ਹੈ। ਕੁਛ ਔਰ ਤੋ ਨਹੀਂ। ਯਦਯਪਿ ਵਸਿਸਟਾਦਿਕ ਸ੍ਵਯੰਸਿਧ ਗਿਆਨੀ ਹੈ। ਪੜ੍ਹੇ ਬਿਨਾਂ ਹੀ ਇਨ ਕੋ ਵੇਦੁ ਸ਼ਾਸਤਰ ਫੁਰੇ ਹੈ। ਹਮਾਰੇ ਬਾਬਾ ਨਾਨਕ ਕੋ ਭੀ ਪੜ੍ਹੇ ਬਿਨਾਂ ਹੀ ਬਾਣੀ ਫੁਰੀ ਹੈ। ਬਾਣੀ ਕਿਸੀ ਤੇ ਪੜ੍ਹੀ ਤੋ ਨਹੀਂ। ਪਰ ਬਾਣੀ ਵਿਖੇ ਵੇਦ ਸ਼ਾਸਤਰ ਕਾ ਹੀ ਤੋ ਅਰਥ ਹੈ। ਕੁਛ ਔਰ ਤੋ ਨਹੀਂ। ਯਦਯਪਿ ਵਸਿਸਟਾਦਿਕ ਸ੍ਵਯੰਸਿਧ ਹੈ ਪੜ੍ਹੇ ਬਿਨਾਂ ਹੀ ਤਿਨ ਕੋ ਸ਼ਾਸਤਰ ਫੁਰੇ ਹੈ। ਤਥਾਪਿ ਬ੍ਰਹਮ ਵਿਸ਼ਨੂੰ ਮਹਾਂਦੇਵ। ਸਰਸ੍ਵਤੀ ਲਖਮੀ ਪਾਰਬਤੀ। ਇਨ ਛਿਓ ਜੋ ਗੁਰ ਮਾਨ ਕਰ ਵਿਸਿਸਟਾਦਿਕ ਭੀ ਤੋ ਇਨ ਛਿਓ ਕਾ ਪੂਜਨ ਕਰਤੇ ਹੀ ਤੋ ਹੈ। ਤੈਸੇ ਹੀ ਹਮਾਰੇ ਬਾਬਾ ਨਾਨਕ ਨੇ ਭੀ ਇਨ ਛਿਓ ਕੋ ਗੁਰ ਮਾਨ ਕਰ ਪੂਜਨ ਕੀਆ। ਇਸੀ ਪੰਥ ਮੋ ਕੋਈ ਏਕ ਐਸੇ ਅੜਬੰਗੀ ਹੈ।... ਕਹਿਤੇ ਹੈ ਇਸਤਰੀ ਕੋ ਗੁਰ ਨਹੀਂ। ਦੇਵੀ ਕੋ ਗੁਰ ਨਹੀਂ ਮਾਣਤੇ।"

ਸਾਧੂ ਅਨੰਦਘਣ ਜੀ ਨੇ ਹੇਠ ਦਰਜ ਬਾਣੀਆਂ ਦੇ ਟੀਕੇ ਰਚੇ:

(1) ਜਪੁ ਜੀ

(2) ਆਰਤੀ (ਗਗਨ ਮੈ ਥਾਲੁ)

(3) ਓਅੰਕਾਰੁ

(4) ਸਿਧ ਗੋਸਟਿ

(5) ਅਨੰਦੁ

(6) ਆਸਾ ਦੀ ਵਾਰ

ਇਹ ਟੀਕੇ ਲਿਖਤੀ ਰੂਪ ਵਿਚ ਪ੍ਰਾਪਤ ਹਨ। ਆਪ ਜੀ ਨੇ ਵਾਰ ਆਸਾ ਦਾ ਟੀਕਾ ਵੀ ਲਿਖਿਆ। ਇਹ ਟੀਕਾ ਡਾ. ਬਲਬੀਰ ਸਿੰਘ, 20 ਪ੍ਰੀਤਮ ਰੋਡ, ਦੇਹਰਾਦੂਨ ਵਿਖੇ ਸੁਰੱਖਿਅਤ ਹੈ। ਇਸ ਦਾ ਜ਼ਿਕਰ ਡਾ. ਬਲਬੀਰ ਸਿੰਘ ਜੀ ਨੇ *ਗੁਰੂ ਗ੍ਰੰਥ ਸਾਹਿਬ ਨਿਰੁਕਤ* ਵਿਚ ਕੀਤਾ ਹੈ। ਅਨੰਦਘਣ ਜੀ ਦੇ ਸਾਰੇ ਟੀਕੇ ਵਾਚਣ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਦਾ ਪ੍ਰਮੁੱਖ ਟੀਕਾ ਜਪੁ ਜੀ ਦਾ ਹੈ। ਛਾਪੇ ਵਿਚ ਜਪੁ ਜੀ ਦੇ ਟੀਕੇ ਦੇ 124 ਸਫ਼ੇ, ਆਰਤੀ ਦੇ ਟੀਕੇ ਦੇ 23 ਸਫ਼ੇ, ਸਿਧ ਗੋਸਟਿ ਦੇ 54 ਸਫ਼ੇ ਤੇ ਅਨੰਦੁ ਸਾਹਿਬ ਦੇ 34 ਸਫ਼ੇ ਹਨ। ਜਪੁ ਜੀ ਦਾ ਟੀਕਾ ਆਪ ਜੀ ਦੀ ਪਹਿਲੀ ਕ੍ਰਿਤ ਸੀ। ਉਹਨਾਂ ਨੇ ਕਾਸ਼ੀ ਤੋਂ ਵਿੱਦਿਆ ਪ੍ਰਾਪਤ ਕੀਤੀ ਸੀ, ਇਸ ਲਈ ਉਹਨਾਂ 'ਤੇ ਭਾਰਤੀ ਅਧਿਆਤਮਕਤਾ ਦਾ ਪ੍ਰਭਾਵ ਵੀ ਪਿਆ। ਉਹਨਾਂ ਨੇ ਆਪਣੇ ਟੀਕੇ ਵਿਚ ਜਿਥੇ ਵੇਦਾਂਤਕ ਪ੍ਰਭਾਵ ਕਬੂਲਿਆ, ਉਥੇ ਗੁਰੂ ਨਾਨਕ ਬਾਣੀ ਦੇ ਪ੍ਰਮੁੱਖ ਤੱਤਾਂ ਨੂੰ ਵੀ ਧਿਆਨ ਵਿਚ ਰੱਖਿਆ। ਕਈ ਥਾਵਾਂ 'ਤੇ ਇਹ ਸੁਮੇਲ ਹੀ ਨਹੀਂ ਸੀ ਬਣਦਾ, ਪਰ ਉਹ ਖਿੱਚ-ਧੂਹ ਕਰਦੇ ਦਿਖਾਈ ਦਿੰਦੇ ਹਨ।

ਭਾਈ ਸੰਤੋਖ ਸਿੰਘ ਨੇ *ਗਰਬ ਗੰਜਨੀ* ਵਾਲਾ ਟੀਕਾ ਵੀ ਅਨੰਦਘਣ ਦੇ ਟੀਕੇ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਹੈ। ਸੁਆਮੀ ਅਨੰਦਘਣ ਦੇ ਟੀਕਿਆਂ ਦਾ ਦ੍ਰਿਸ਼ਟੀਕੋਣ ਅਦ੍ਵੈਤਵਾਦੀ ਹੈ। ਅਨੰਦਘਣ ਨੇ ਆਪਣੇ ਗੁਰਬਾਣੀ ਦੇ ਟੀਕਿਆਂ ਨੂੰ ਆਪਣੀ ਵਿਦਵਤਾ ਅਤੇ ਵੇਦਾਂਤ ਦੀ ਚੰਗੀ ਪੁੱਠ ਚਾੜ੍ਹੀ ਹੋਈ ਹੈ। ਗੁਰਬਾਣੀ ਦੇ ਇਹ ਟੀਕੇ ਉਸ ਦੀ ਵਿਆਪਕ ਅਧਿਐਨ ਦਾ ਪ੍ਰਤੀਕ ਹਨ। ਪੁਰਾਤਨ ਵੇਦਾਂ ਦੇ ਹਵਾਲੇ ਅਨੰਦਘਣ ਦੀ ਟੀਕਾਕਾਰੀ ਦਾ ਆਧਾਰ ਹਨ। ਅਨੰਦਘਣ ਦੀ ਟੀਕਾਕਾਰੀ ਦੀ ਸ਼ੈਲੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਵਿਆਖਿਆ ਕਰਨ ਵੇਲੇ ਉਹਨਾਂ ਨੇ ਵਿਆਕਰਣ ਅਤੇ ਕਾਵਿ-ਸ਼ਾਸਤਰ ਨੂੰ ਧਿਆਨ ਵਿਚ ਰੱਖਿਆ ਹੈ। ਜਪੁਜੀ ਦਾ ਟੀਕਾ ਕਰਦਿਆਂ ਉਹਨਾਂ ਨੇ ਇਸ ਕੇ ਕਾਵਿ-ਆਤਮਕ ਤੇ ਭਾਸ਼ਾਗਤ ਗੁਣਾਂ ਨੂੰ ਵੀ ਵਿਚਾਰਿਆ ਹੈ। ਉਹਨਾਂ ਨੇ ਜਪੁਜੀ ਵਿਚ ਆਏ ਹੋਏ ਸ਼ਬਦਾਂ ਦੀ ਮੂਲ ਵ੍ਰਿਤੀ ਵੱਲ ਸੰਕੇਤ ਕੀਤਾ ਹੈ। ਜਿਵੇਂ 'ਨਨੁ' ਸ਼ਬਦ ਦੀ ਵਿਆਖਿਆ ਨੂੰ ਉਹਨਾਂ ਨੇ 'ਜਪੁਜੀ' ਦੇ ਸੰਦਰਭ ਵਿਚ ਵਿਸਥਾਰਪੂਰਵਕ ਵਿਚਾਰਿਆ ਹੈ। ਇਸੇ ਤਰ੍ਹਾਂ ਉਹਨਾਂ ਨੇ 'ਆਰਤੀ, ਸਿਧ ਗੋਸਟਿ ਅਤੇ ਅਨੰਦੁ ਸਾਹਿਬ' ਦਾ ਵੀ ਟੀਕਾ ਕੀਤਾ ਹੈ।

ਅਨੰਦਘਣ ਦੀ ਗੁਰਬਾਣੀ ਦੀ ਹਿੰਦੀ ਵਿਆਖਿਆ ਦੀ ਸ਼ੈਲੀ ਦੇ ਦੋ ਪ੍ਰਮੁੱਖ ਤੱਤ ਹਨ:

(1) ਉਥਾਨਿਕਾ

(2) ਪ੍ਰਸ਼ਨੋਤਰ ਸ਼ੈਲੀ

ਉਥਾਨਕਾ ਰਾਹੀਂ ਸੁਆਮੀ ਅਨੰਦਘਣ ਸ਼ਬਦਾਂ ਦੀ ਸ਼ਾਸਤਰੀ ਵਿਆਖਿਆ ਕਰਦਾ ਹੈ। ਆਪਣੇ ਟੀਕਾ ਦੇ ਉਦੇਸ਼ ਨੂੰ ਸਪੱਸ਼ਟ ਕਰਨ ਲਈ ਅਤੇ ਤਰਕ ਸੰਗਤ ਢੰਗ ਨਾਲ ਵੀ ਪ੍ਰਸਤੁਤ ਕਰਦਾ ਹੈ। ਡਾ. ਤਾਰਨ ਸਿੰਘ ਜੀ ਨੇ ਅਨੰਦਘਣ ਦੇ ਟੀਕਿਆਂ ਦੀ ਪ੍ਰਣਾਲੀ ਨੂੰ ਉਦਾਸੀ ਪ੍ਰਣਾਲੀ ਮੰਨਿਆ ਹੈ। ਸਾਧੂ ਅਨੰਦਘਣ ਨੇ ਆਪਣੇ ਇਹਨਾਂ ਟੀਕਿਆਂ ਵਿਚ ਪੂਰਵਰਤੀ ਟੀਕਾਕਾਰਾਂ ਦੀ ਕਰੜੀ ਆਲੋਚਨਾ ਕੀਤੀ ਹੈ। ਸਾਧੂ ਅਨੰਦਘਣ ਨੇ ਪਰਮਾਰਥ ਪ੍ਰਣਾਲੀ ਦੇ ਮੋਢੀ ਟੀਕਾਕਾਰ ਹਰਿ ਜੀ ਦੀ ਭਾਵੇਂ ਪ੍ਰਸ਼ੰਸਾ ਨਹੀਂ ਕੀਤੀ, ਪਰੰਤੂ ਉਹਨਾਂ ਦੀ ਆਲੋਚਨਾ ਤੋਂ ਵੀ ਗੁਰੇਜ਼ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਅਨੰਦਘਣ ਜੀ ਇਹਨਾਂ ਟੀਕਿਆਂ ਦੀ ਸ਼ੈਲੀ ਅਤੇ ਵਿਚਾਰ ਤੋਂ ਪ੍ਰਭਾਵਿਤ ਹੈ। ਅਨੰਦਘਣ ਨੇ ਆਪਣੇ ਟੀਕਿਆਂ ਵਿਚ ਗੁਰਬਾਣੀ ਦੇ ਪਰਿਭਾਸ਼ਕਾਂ ਦੀ ਵੀ ਵਿਆਖਿਆ ਕੀਤੀ ਹੈ, ਜਿਵੇਂ ਜੀਵ ਤੇ ਬ੍ਰਹਮ, ਗੁਰੂ ਤੇ ਗੁਰਬਾਣੀ, ਨਾਮ ਮਾਰਗ, ਸਤਿਸੰਗ, ਕਿਰਪਾ, ਨਦਰ, ਭੇਖ ਆਦਿ। ਅਨੰਦਘਣ ਨੇ ਆਪਣੇ ਟੀਕਿਆਂ ਰਾਹੀਂ ਉਦਾਸੀ ਪ੍ਰਣਾਲੀ ਦੀ ਟੀਕਾ ਪੱਧਤੀ ਦੇ ਕੁਝ ਲੱਛਣ ਵੀ ਉਭਾਰੇ ਹਨ। ਇਹਨਾਂ ਲੱਛਣਾਂ ਵਿਚ ਵਿਸ਼ੇ ਦੀ ਗੰਭੀਰਤਾ, ਬਾਣੀ ਦੇ ਕੇਂਦਰ ਨੂੰ ਆਧਾਰ ਮੰਨ ਕੇ ਉਸ ਦੀ ਵਿਆਖਿਆ ਅਤੇ ਪ੍ਰਸ਼ੋਨਤਰ ਸ਼ੈਲੀ ਵਿਚ ਸ਼ੰਕਾਵਾਂ ਦੀ ਨਵਿਰਤੀ ਆਦਿ ਸ਼ਾਮਲ ਹਨ। ਅਨੰਦਘਣ ਦੀ ਸ਼ੈਲੀ ਕਾਵਿ-ਮਈ ਹੈ। ਟੀਕਾਵਾਂ ਦੀ ਮੰਗਲਿਕਾ ਰਚਣ ਵੇਲੇ ਉਹ ਇਸ ਸ਼ੈਲੀ ਦਾ ਭਰਪੂਰ ਪ੍ਰਯੋਗ ਕਰਦੇ ਹਨ। ਰਸ ਦੇ ਅਨੁਸਾਰ ਵਰਣ-ਸ਼ਬਦ ਯੋਜਨਾ, ਅਨੁਪ੍ਰਾਸਾਂ ਦੀ ਰੁਣਝੁਣ ਅਤੇ ਕਵਿਤਾ ਸ਼ਕਤੀ ਦਾ ਅਲੱਗ ਛੰਦਾਂ ਵਿਚ ਇਸਤੇਮਾਲ ਉਹਨਾਂ ਦੇ ਇਨ੍ਹਾਂ ਟੀਕਾਵਾਂ ਦੀ ਜਿੰਦ-ਜਾਨ ਹੈ।

ਡਾ. ਗੋਵਿੰਦਨਾਥ ਰਾਜਗੁਰੂ ਦੇ ਸ਼ਬਦਾਂ ਵਿਚ "ਅਨੰਦਘਣ ਤੋਂ ਪਹਿਲਾਂ ਜਾਂ ਉਸ ਤੋਂ ਬਾਅਦ ਇੰਨੀ ਵਿਆਪਕ ਸਹਾਨੁਭੂਤੀ ਅਤੇ ਵਿਸ਼ਾਲ ਪ੍ਰਤਿਭਾ ਨਾਲ ਕਿਸੇ ਵੀ ਵਿਅਕਤੀ ਨੇ 'ਜਪੁਜੀ' ਦੀ ਜਾਂ ਹੋਰ ਬਾਣੀਆਂ ਦੀ ਕਾਵਿ-ਮਈ ਵਿਆਖਿਆ ਨਹੀਂ ਕੀਤੀ। ਅਨੰਦਘਣ ਜੀ ਦੀ ਟੀਕਾਕਾਰੀ ਹਿੰਦੀ ਦੀ ਖੜੀ ਬੋਲੀ ਦਾ ਸਾਫ਼ ਸੁਥਰਾ ਰੂਪ ਪ੍ਰਸਤੁਤ ਕਰਦੀ ਹੈ। ਪੰਜਾਬੀ ਦੇ ਸ਼ਬਦ ਅਤੇ ਮੁਹਾਵਰੇ ਵੀ ਇਹਨਾਂ ਦੀ ਬੋਲੀ ਵਿਚ ਆ ਜਾਂਦੇ ਹਨ। ਸ਼ਾਸਤਰੀ ਤੱਤਾਂ ਦਾ ਉਦਘਾਟਨ ਵੀ ਇਹਨਾਂ ਦੀ ਭਾਸ਼ਾ ਨੂੰ ਸਰਲ ਅਤੇ ਸੁਬੋਧ ਬਣਾਉਂਦਾ ਹੈ।

ਟੀਕਾਕਾਰੀ ਜਾਂ ਵਿਆਖਿਆ ਦਾ ਮੁੱਖ ਮਨੋਰਥ ਹੁੰਦਾ ਹੈ ਕਰਤਾ ਦੇ ਭਾਵ ਨੂੰ ਸਪੱਸ਼ਟ ਕਰਨਾ। ਸਾਧੂ ਅਨੰਦਘਣ ਇਹ ਵਿਅਕਤ ਕਰਦੇ ਹੋਏ ਲਿਖਦੇ ਹਨ ਕਿ "ਕਰਤਾ ਕੇ ਭਾਵ ਕੋ ਪ੍ਰਗਟ ਕਰਣਾ ਇਸੀ ਕਾ ਨਾਮ ਅਰਥ ਹੈ। ਜੋ ਕਰਤਾ ਕੇ ਭਾਵ ਕੋ ਪ੍ਰਗਟ ਨਹੀਂ ਕਰੇਗਾ ਤੋ ਉਸ ਕਾ ਕਹਿਣਾ ਬਕਬਾਦ ਹੀ ਰਹੇਗਾ। ਇਸੇ ਤਰ੍ਹਾਂ ਦੇ ਵਿਚਾਰ ਪੰਡਿਤ ਤਾਰਾ ਸਿੰਘ ਨਰੋਤਮ ਜੀ ਨੇ *ਗੁਰਮਤਿ ਨਿਰਣਯ ਸਾਗਰ* ਵਿਚ ਦਿੱਤੇ ਹਨ ਕਿ ਜਿਵੇਂ ਵੇਦਾਂ ਨੂੰ ਸਮਝਣ ਲਈ ਟੀਕਾ ਦੀ ਅਤਿ ਆਵਸ਼ਕਤਾ ਹੈ, ਠੀਕ ਉਸੇ ਤਰ੍ਹਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਝਣ ਲਈ ਵੀ ਟੀਕਾ ਦੀ ਜ਼ਰੂਰਤ

ਹੈ। ਜਿਵੇਂ ਅਨੰਦਘਣ ਦੇ ਟੀਕੇ ਦੀ ਸ਼ੈਲੀ ਅਤੇ ਵੇਦਾਂਤ ਦਾ ਪ੍ਰਭਾਵ ਦਿਖਾਈ ਦਿੰਦਾ ਹੈ, ਠੀਕ ਇਸੇ ਤਰ੍ਹਾਂ ਹੀ ਨਿਰਮਲੇ ਸਾਧੂਆਂ ਵੱਲੋਂ ਕੀਤੇ ਗੁਰਬਾਣੀ ਦੇ ਟੀਕਿਆਂ ਤੇ ਵੇਦਾਂਤ ਦਾ ਪ੍ਰਭਾਵ, ਦਰਸ਼ਨ, ਵਿਚਾਰਧਾਰਾ, ਭਾਸ਼ਾ ਅਤੇ ਗਿਆਨ ਸੰਜਮ ਦੇ ਪੱਖੋਂ ਪੈਣਾ ਅਤੇ ਇਸ ਪ੍ਰਭਾਵ ਅਨੁਸਾਰ ਗੁਰਬਾਣੀ ਦੀ ਕੀਤੀ ਜਾਣ ਵਾਲੀ ਵਿਆਖਿਆ ਦਾ ਭਾਰਤੀ ਧਰਮ ਦਰਸ਼ਨ ਦੇ ਪਰਿਪੇਖ ਤੋਂ ਪ੍ਰਭਾਵਿਤ ਹੋਣਾ ਸੁਭਾਵਿਕ ਸੀ। ਸੋ ਇਸ ਮੇਲ-ਮਿਲਾਪ ਨਾਲ ਭਾਵ ਵੈਦਿਕ-ਪ੍ਰਣਾਲੀ ਅਤੇ ਗੁਰਬਾਣੀ ਦੇ ਆਪਸੀ ਸੁਮੇਲ ਤੋਂ ਜੋ ਨਵੇਂ ਰੁਝਾਨ ਇਸ ਪ੍ਰਣਾਲੀ ਦੀ ਵਿਆਖਿਆ ਰਾਹੀਂ ਹੋਂਦ ਵਿਚ ਆਏ, ਉਹ ਇਸ ਪ੍ਰਕਾਰ ਹਨ:

1. ਟੀਕਿਆਂ ਵਿਚ ਬੋਲੀ ਸਾਧ ਭਾਖਾ ਹੋ ਗਈ ਅਤੇ ਬੋਲੀ ਵਿਚ ਸੰਸਕ੍ਰਿਤ ਦੀ ਮਾਤਰਾ ਵੱਧ ਗਈ।
2. ਗੁਰਬਾਣੀ ਦੇ ਅਨੇਕ ਪ੍ਰਕਾਰ ਦੇ ਪਦ ਛੇਦ ਕੀਤੇ ਜਾਣ ਲੱਗੇ ਅਤੇ ਇੱਕੋ ਤੁਕ ਦੇ ਕਈ ਕਈ ਪਾਠ ਹੋਣ ਲੱਗੇ।
3. ਇਕ ਤੁਕ ਦੇ ਕਈ ਪਾਠ ਹੋਣ ਨਾਲ ਉਸ ਦੇ ਕਈ ਕਈ ਅਰਥ ਕੀਤੇ ਜਾਣ ਲੱਗੇ, ਜੋ ਮੁੱਖ ਅਰਥ ਅਤੇ ਗੌਣ ਅਰਥ ਕਹੇ ਜਾਣ ਲੱਗੇ। ਅਰਥਾਂ ਵਿਚ ਅਨਿਸ਼ਚਿਤਤਾ ਵਧਣ ਲੱਗੀ।
4. ਇਕ ਇਕ ਸ਼ਬਦ ਦੇ ਸੰਸਕ੍ਰਿਤ ਕੋਸ਼ਾਂ ਅਨੁਸਾਰ ਕਈ ਕਈ ਅਰਥ ਹੋਣ ਲੱਗੇ ਅਤੇ ਇਕ ਇਕ ਪੰਕਤੀ ਦੇ ਟੀਕੇ ਵੀ ਬਹੁਤ ਹੋਣ ਲੱਗੇ।
5. ਮਿਥਿਹਾਸ ਦੀਆਂ ਪੌਰਾਣਿਕ ਕਥਾ, ਕਹਾਣੀਆਂ, ਪ੍ਰਸੰਗ, ਉਪਾਸਨਾ ਦੇ ਰੂਪ ਵਿਚ ਅਤੇ ਕਿਸੇ ਸਿਧਾਂਤ ਦੀ ਵਿਆਖਿਆ ਲਈ ਵਰਤੇ ਜਾਣ ਲੱਗੇ।
6. ਹਿੰਦੂ ਧਰਮ ਗ੍ਰੰਥਾਂ ਵਿੱਚੋਂ ਪ੍ਰਮਾਣ ਦਿੱਤੇ ਜਾਣ ਲੱਗੇ। ਉਹਨਾਂ ਦੇ ਸੰਸਕ੍ਰਿਤ ਪਾਠ ਦੇ ਕੇ ਉਸ ਦੇ ਟੀਕੇ ਕੀਤੇ ਜਾਣ ਲੱਗ ਪਏ।
7. ਅਰਥ ਪ੍ਰਣਾਲੀ ਵਿਚ ਵੇਦਾਂਤੀ ਰੰਗ ਭਰਿਆ ਜਾਣ ਲੱਗਾ।

ਪੰਡਿਤ ਤਾਰਾ ਸਿੰਘ ਨਰੋਤਮ ***ਗੁਰਮਤਿ ਨਿਰਣਯ ਸਾਗਰ*** ਵਿਚ ਲਿਖਦੇ ਹਨ ਕਿ ਜਿਸ ਬਾਣੀ ਦਾ ਅਰਥ ਨਾ ਹੋਵੇ, ਐਸੀ ਬਾਣੀ ਪੜ੍ਹਨ ਦਾ ਕੀ ਲਾਭ ਹੈ। ਜਿਵੇਂ ਬੇੜੀ ਨੂੰ ਚੱਪੂ ਨਾ ਹੋਵੇ, ਉਹ ਬੇੜੀ 'ਤੇ ਚੜ੍ਹਨਾ ਵੀ ਕਿ ਜੋ ਸਾਗਰ ਤੋਂ ਪਾਰ ਨਹੀਂ ਲਗਾ ਸਕਦੀ:

ਜਿਸ ਬਾਣੀ ਕਾ ਅਰਥ ਨ ਜਾਪੈ ਤਿਸ ਬਾਣੀ ਕਾ ਪੜਣਾ ਕਿਯਾ।
ਜਿਸ ਬੇੜੀ ਨੂੰ ਵੰਝ ਨ ਚੱਪਾ ਤਿਸ ਬੇੜੀ ਦਾ ਚੜਨਾ ਕਿਯਾ।

(ਗੁਰਮਤਿ ਨਿਰਣਯ ਸਾਗਰ, ਪੰਨਾ 20)

ਅਨੰਦਘਣ ਦੇ ਵੀ ਬਿਲਕੁਲ ਇਸੇ ਤਰ੍ਹਾਂ ਦੇ ਵਿਚਾਰ ਹਨ। ਅਰਥਾਂ ਨੂੰ ਸਮਝਾਉਣ ਲਈ ਪ੍ਰਸ਼ਨ-ਉੱਤਰ, ਯੁਕਤਿ, ਦ੍ਰਿਸ਼ਟਾਂਤ, ਪ੍ਰਮਾਣ ਆਦਿ ਦਾ ਸਹਾਰਾ ਲਿਆ ਗਿਆ ਹੈ। ਅਰਥ ਨੂੰ ਸਪੱਸ਼ਟ ਕਰਨ ਲਈ ਕਿਸੇ ਵੀ ਧਰਮ ਗ੍ਰੰਥ ਵਿੱਚੋਂ ਪ੍ਰਮਾਣ ਪ੍ਰਸਤੁਤ ਕੀਤੇ ਜਾ ਸਕਦੇ ਹਨ। ਇਸ ਵਿਚ ਉਹ ਕੋਈ ਭਰਮ ਨਹੀਂ ਮੰਨਦਾ, ਬਲਕਿ

ਇਸ ਨਾਲ ਸ਼ਬਦ ਦੇ ਅਰਥ ਵਿਚ ਹੋਰ ਸਪੱਸ਼ਟਤਾ ਆ ਜਾਂਦੀ ਹੈ। ਇਸ ਲਈ ਅਨੰਦਘਣ ਸਮੇਂ ਸਥਾਨ ਦੀਆਂ ਕਈ ਉਦਾਹਰਣਾਂ ਦੇਣ ਵਿਚ ਦਿਲਚਸਪੀ ਦਿਖਾਉਂਦਾ ਹੈ ਤਾਂ ਜੁ ਪਾਠਕਾਂ ਨੂੰ ਅਰਥ ਸੌਖਿਆਂ ਸਮਝ ਆ ਜਾਣ।

ਗੁਰਬਾਣੀ ਦੇ ਅਰਥ ਕਰਨ ਦੀ ਵਿਧੀ ਦੱਸਦੇ ਹੋਏ ਅਨੰਦਘਣ ਲਿਖਦਾ ਹੈ ਕਿ ਸ਼ਬਦ ਦਾ ਅਰਥ ਪ੍ਰਕਰਣ ਤੇ ਹੋਤਾ ਹੈ। ਕੇਵਲ ਸ਼ਬਦ ਤੇ ਸ਼ਬਦ ਦਾ ਅਰਥ ਹੋਤਾ ਹੀ ਨਹੀਂ। ਪ੍ਰਕਰਣ ਕਿਆ ਕਰੀਏ ? ਪੂਰਬ ਪਰ ਪਦੇ ਕੇ ਜੋ ਅਰਥ ਹੈ ਤਿਨ ਕੀ ਮਧ ਪਦੋਂ ਕੇ ਅਰਥੋਂ ਸਾਥ ਸੰਗਤ ਕਰਣੀ। ਆਦਿ ਇਥੇ ਕਿਆ ਲਿਖਾ ਹੈ, ਮੱਧ ਇਥੇ ਕਿਆ ਚਾਹੀਤਾ ਹੈ ਕਿਸ ਆਸ੍ਰੈ ਕੋ ਲੇ ਕਰ ਚਲਾ ਹੈ, ਮੂਲਾਕਾਰ ਕੇ ਆਸ੍ਰੈ ਕੋ ਪਛਾਣਨਾ ਅਰ ਆਦਿ ਅੰਤ ਸੋ ਮਿਲੀ ਹੁਈ ਬਾਤ ਕਹਿਣੀ ਇਸੀ ਕਾ ਨਾਮ ਪ੍ਰਕਰਣ ਹੈ। ਮੂਲਾਕਾਰ ਕੇ ਆਸ੍ਰੈ ਕੋ ਪਛਾਣਤਾ ਨਹੀਂ, ਆਦ ਅੰਤ ਕੀ ਕਛੁ ਖਬਰ ਹੀ ਨਹੀਂ, ਐਸਾ ਪੁਰਖੁ ਜੋ ਕਛੁ ਕਹੇਗਾ; ਇਸ ਕਾ ਕਹਿਣਾ ਬਕਬਾਦ ਹੀ ਠਹਿਰੇਗਾ।

ਅਨੰਦਘਣ ਇਸ ਗੱਲ 'ਤੇ ਵੀ ਜ਼ੋਰ ਦਿੰਦਾ ਹੈ ਕਿ ਅਰਥ ਕਰਨ ਲੱਗਿਆਂ ਸ਼ਬਦ ਦੀ ਗਹਿਰਾਈ ਤਕ ਜਾਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਟੀਕਾਕਾਰ ਅਰਥ ਕਰਨ ਸਮੇਂ ਰਚਨਾਕਾਰ ਦੀ ਭਾਵਨਾ ਨੂੰ ਵੀ ਧਿਆਨ ਵਿਚ ਰੱਖ ਕੇ ਅਰਥ ਕਰੇ। ਅਨੰਦਘਣ ਜੀ ਲਿਖਦੇ ਹਨ ਕਿ "ਅੱਖਰ ਤੌਂ ਹੋਵਹਿ ਅਲਪ ਤੇ ਅਲਪ ਅਰ ਅਰਥ ਤਿਨ ਕਾ ਹੋਵੇ ਅਧਿਕ ਤੇ ਅਧਿਕ, ਇਸੀ ਕਾ ਨਾਮ ਚਮਤਕਾਰ ਹੈ। ਜਿਸ ਕੋ ਤੈਨੇ ਅਸੰਗਤ ਕਹਾ ਹੈ ਦੇਖ ਤੋ ਇਨ ਅਖਰੋ ਕਾ ਕੇਤਾ ਬਡਾ ਅਰਥ ਹੋਤਾ ਹੈ।" ਸ਼ਬਦ ਦੀਆਂ ਤਿੰਨ ਸ਼ਕਤੀਆਂ ਮੰਨੀਆਂ ਗਈਆਂ ਹਨ: ਅਭਿਧਾ, ਲਕਸ਼ਣਾ ਅਤੇ ਵਿਅੰਜਨ। ਗੁਰਬਾਣੀ ਦੀ ਟੀਕਾਕਾਰੀ ਕਰਦੇ ਸਮੇਂ ਸੁਆਮੀ ਅਨੰਦਘਣ ਲਕਸ਼ਣਾ ਸ਼ਕਤੀ ਦੀ ਵਰਤੋਂ 'ਤੇ ਜ਼ੋਰ ਦਿੰਦੇ ਹਨ ਤਾਂ ਕਿ ਸ਼ਬਦ ਨੂੰ ਅਰਥਾਂ ਦੀ ਬਜਾਇ ਭਾਵ ਅਰਥਾਂ ਰਾਹੀਂ ਸਮਝਿਆ ਜਾ ਸਕੇ। ਠੀਕ ਇਸੇ ਤਰ੍ਹਾਂ ਹੀ ਪੰਡਿਤ ਤਾਰਾ ਸਿੰਘ ਨਰੋਤਮ ਨੇ ਵਿਆਖਿਆ ਕਰਨ ਸਮੇਂ ਇਹੀ ਵਿਧੀ ਅਪਣਾਈ। ਆਰਤੀ ਬਾਣੀ ਦੀ ਟੀਕਾਕਾਰੀ ਕਰਦੇ ਵਕਤ ਅਨੰਦਘਣ ਜੀ ਲਿਖਦੇ ਹਨ: "ਸਾਸਤ੍ਰ ਕੀ ਰੀਤਿ ਹੈ ਜਹਾਂ ਸਾਖਿਆਤ ਅਖਰੋ ਕਾ ਅਰਥ ਨਹੀ ਹੋਇ ਸਕਤਾ ਤਹਾਂ ਸਾਸਤ੍ਰਕਾਰ ਲਖਣਾ ਦਵਾਰਾ ਅਰਥ ਕਰਤੇ ਹੈ।" ਬਾਬਾ ਨਾਨਕ ਨੇ ਭੀ ਈਹਾਂ ਲਖਣਾ ਧਰੀ ਹੈ। ਲਖਣਾ ਦਾ ਅਰਥ ਸਮਝਾਉਂਦੇ ਹੋਏ ਲਿਖਦੇ ਹਨ ਕਿ "ਲਖਣਾ ਕਿਆ ਕਹੀਏ, ਸਮੀਪ ਜੋ ਹੈ ਸੋ ਕਹੀਏ ਲਖਣਾ।"

ਉਦਾਸੀ ਟੀਕਾਕਾਰਾਂ ਨੇ ਦਰਸ਼ਨ ਸ਼ਾਸਤਰ ਦੀ ਰੱਜ ਕੇ ਵਰਤੋਂ ਕੀਤੀ ਹੈ। ਦਰਸ਼ਨ ਸ਼ਾਸਤਰ ਧਰਮ ਗ੍ਰੰਥ ਦੀ ਵਿਆਖਿਆ ਵਿਚ ਕੀ, ਕਿਉਂ ਅਤੇ ਕਿਵੇਂ ਦੀ ਭੂਮਿਕਾ ਨਿਭਾਉਂਦਾ ਹੈ। ਇਸੇ ਭਾਵਨਾ ਨੂੰ ਮਨ ਵਿਚ ਵਸਾ ਕੇ ਅਸਲ ਵਿਚ ਪਰਮ ਤੱਤ ਬਾਰੇ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ। ਦਰਸ਼ਨ ਸ਼ਾਸਤਰ ਹੀ ਸਾਡੇ ਮਨ ਅੰਦਰ ਪ੍ਰਸ਼ਨ ਕਰਨ ਦੀ ਜਗਿਆਸਾ ਪੈਦਾ ਕਰਦਾ ਹੈ ਤਾਂ ਹੀ ਅਰਥ ਦੀ ਡੂੰਘਾਈ ਤਕ ਪਹੁੰਚਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਵੀ ਇਹੀ ਵਿਧੀ ਅਪਣਾਉਂਦੇ ਸਨ। ਨਿਰਮਲੇ ਸੰਤ ਵੀ ਇਸੇ ਵਿਧੀ ਵਿਧਾਨ ਨਾਲ ਅਰਥ ਭਾਵ ਸਮਝਾਉਂਦੇ ਹਨ। ਇਸ ਤਰ੍ਹਾਂ ਨਾਲ ਮਨ ਵਿਚ ਵਿਚਾਰ-ਵਟਾਂਦਰੇ ਦੀ ਜਗਿਆਸਾ ਪੈਦਾ ਹੁੰਦੀ ਹੈ।

ਵਿਚਾਰ-ਵਟਾਂਦਰੇ ਦੀ ਭਾਵਨਾ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਸਿਧ ਗੋਸਟਿ ਨੂੰ ਉਤਕ੍ਰਿਸ਼ਟ ਮੰਨਿਆ ਜਾਂਦਾ ਹੈ। ਜਪੁ ਬਾਣੀ ਵਿਚ ਵੀ ਗੁਰੂ ਨਾਨਕ ਦੇਵ ਜੀ ਨੇ ਇਸ ਤੱਥ ਨੂੰ ਸਪੱਸ਼ਟ ਕੀਤਾ ਹੈ: ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਕਿਵੇਂ ਸਚਿਆਰ ਬਣਿਆ ਜਾ ਸਕਦਾ ਹੈ। ਇਸ ਲਈ ਸ਼ਬਦ ਦੀ ਗੰਭੀਰਤਾ ਨੂੰ ਸਮਝਣਾ ਤੇ ਜਗਿਆਸਾ ਪੈਦਾ ਕਰਨੀ ਇਹੀ ਗੁਰੂ ਸਾਹਿਬ ਦਾ ਮਹਾਨ ਉਦੇਸ਼ ਰਿਹਾ ਹੈ। ਲਗਪਗ ਸਾਰੇ ਹੀ ਉਦਾਸੀ ਅਤੇ ਨਿਰਮਲੇ ਸੰਤ 'ਨਨੁ' ਸ਼ਬਦ ਦੀ ਬਹੁਤ ਵਰਤੋਂ ਕਰਦੇ ਹਨ। ਪੰਡਿਤ ਤਾਰਾ ਸਿੰਘ ਨਰੋਤਮ ਨੂੰ *ਗੁਰਮਤਿ ਨਿਰਣਯ ਸਾਗਰ* ਵਿਚ ਇਸ ਸ਼ਬਦ ਦੀ ਬਹੁਤ ਵਰਤੋਂ ਕੀਤੀ ਹੈ, ਹਰ ਇਕ ਉਗਮੀ ਵਿਚ ਸਭ ਤੋਂ ਪਹਿਲਾਂ 'ਨਨੁ' ਸ਼ਬਦ ਲਿਖ ਕੇ ਫਿਰ ਸ਼ੰਕਾ ਨਵਿਰਤੀ ਕੀਤੀ ਹੈ। ਪਹਿਲਾਂ ਸਵਾਲ ਤਾਂ ਸ਼ੰਕਾ ਖੜਾ ਕੀਤਾ ਹੈ। ਫੇਰ ਉਸ ਦਾ ਨਿਵਾਰਣ ਕੀਤਾ ਹੈ। ਇਸੇ ਤਰ੍ਹਾਂ ਹੀ ਅਨੰਦਘਣ ਜੀ ਕਰਦੇ ਹਨ ਕਿ ਪਹਿਲਾਂ 'ਨਨੁ' ਸ਼ਬਦ ਦੀ ਵਰਤੋਂ ਕਰਦੇ ਹੋਏ ਸਵਾਲ ਸਾਹਮਣੇ ਲਿਆਉਂਦੇ ਹਨ। ਫਿਰ ਗੁਰਬਾਣੀ ਦੀ ਵਿਆਖਿਆ ਕਰ ਕੇ ਉਸ ਦਾ ਸਮਾਧਾਨ ਕਰਦੇ ਹਨ। ਇਸ ਤਰ੍ਹਾਂ ਕਰਨ ਨਾਲ ਪਾਠਕ ਮਨਾਂ ਵਿਚ ਵਿਸ਼ੇ ਨੂੰ ਸਮਝਣ ਦੀ ਜਾਨਣ ਦੀ ਇੱਛਾ ਪੈਦਾ ਹੁੰਦੀ, ਨਾਲ ਹੀ ਸਮੱਸਿਆ ਨੂੰ ਰੌਚਿਕਤਾ ਵੀ ਪ੍ਰਦਾਨ ਕਰਦੀ ਹੈ।

ਅਨੰਦਘਣ ਜੀ ਲਿਖਦੇ ਹਨ ਕਿ ਸਵਾਲ ਜੁਆਬ ਰਾਹੀਂ ਸ਼ਬਦ ਦਾ ਅਰਥ ਸਮਝਣ ਨੂੰ ਉਹ ਇਕ ਵਧੀਆ ਤੇ ਠੋਸ ਵਿਧੀ ਮੰਨਦਾ ਹੈ:

> "ਅਰ ਵਾਦੀ, ਸਿਧਾਂਤੀ ਕੇ ਜੋ ਪ੍ਰਸ਼ਨ ਉੱਤਰ ਹੈ, ਤਿਨ ਕਾ ਤਾਤਪਰਯ ਏਤਾ ਹੀ ਹੈ ਕਿ ਪ੍ਰਸ਼ਨ-ਉੱਤਰ ਬਿਨਾਂ ਨਿਰਣੈ ਨਹੀਂ ਹੋਈ ਸਕਤਾ, ਨਿਰਣੈ ਬਿਨਾਂ ਸਤਿ ਅਸਤਿ ਕਾ ਯਥਾਰਥ ਗਿਆਨ ਨਹੀਂ ਹੋਤਾ, ਯਥਾਰਥ ਗਿਆਨ ਬਿਨਾਂ ਇਸ ਕੀ ਕਲਿਆਣ ਹੀ ਨਹੀਂ। ਕਾਹੇ ਤੇ ਜੋ ਸਤਿ ਅਸਤਿ ਕਾ ਯਥਾਰਥ ਗਿਆਨ ਹੋਵੈਗਾ, ਤੋ ਸਤਿ ਕੋ ਅੰਗੀਕਾਰ ਕਰੇਗਾ, ਅਸਤਿ ਕੋ ਤਿਆਗੇਗਾ। ਇਹੀ ਤੋ ਇਸੀ ਕੇ ਕਲਿਆਣ ਕਾ ਸਾਧਨ ਹੈ। ਅਰੁ ਜੋ ਸਤਿ ਅਸਤਿ ਮੋਂ ਸੰਦੇਹ ਹੀ ਰਹੇਗਾ ਕਿ ਸਤਿ ਕੀ ਜਗ੍ਹਾ ਅਸਤਿ ਮਾਨ ਬੈਠੇਗਾ ਅਰੁ ਅਸਤਿ ਕੀ ਜਗ੍ਹਾ ਸਤਿ ਮਾਨ ਬੈਠੇਗਾ। ਇਹੀ ਤੋ ਇਸੀ ਕੋ ਸਤਿਆ-ਨਾਸ ਕਾ ਕਾਰਣ ਹੈ। ਇਹ ਜੀਵ ਨਿਰਸੰਦੇਹ ਗਿਆਨ ਪਾਇ ਕਰ ਕ੍ਰਿਤਾਰਥ ਹੋਵਹਿਗਾ। ਇਸ ਨਮਿਤ ਸ਼ਾਸਤਰ ਮੇਂ ਪ੍ਰਸ਼ਨ ਉੱਤਰ ਰਚੇ ਹੈਂ।"

ਲਗਪਗ ਸਾਰੇ ਹੀ ਸਾਧੂ ਸੰਤ ਭਾਵੇਂ ਉਹ ਉਦਾਸੀ ਹੋਣ ਤੇ ਭਾਵੇਂ ਨਿਰਮਲੇ ਸਾਧੂ ਗ੍ਰੰਥ ਦੀ ਆਰੰਭਤਾ ਸਮੇਂ ਗਣੇਸ਼ ਜੀ ਦਾ ਨਾਮ ਲੈ ਕੇ ਮੰਗਲਾਚਰਣ ਜ਼ਰੂਰ ਲਿਖਦੇ ਹਨ, ਜਿਵੇਂ ਕਿ "ਓਮ ਗਣੇਸ਼ਯ: ਨਮਹ:" ਠੀਕ ਇਸੇ ਤਰ੍ਹਾਂ ਹੀ ਸੁਆਮੀ ਅਨੰਦਘਣ ਵੀ ਲਿਖਦਾ ਹੈ, ਪਰ ਇਹ ਗੁਰਬਾਣੀ ਦਾ ਇਸਤੇਮਾਲ ਵੀ ਕਰਦਾ ਹੈ। ਜਪੁਜੀ ਦੇ ਆਰੰਭ ਵਿਚ ਲਿਖਦੇ ਹਨ: ੧ਓ ਔਂ ਨਮੋ ਗਣੇਸ਼ਾਯ ਸ੍ਰੀ ਗੁਰਦੇਵ ਕੁਲ ਦੇਵਾਯਨਮ: ਮੰਗਲਾਚਰਣ। ਸਾਧੂ ਸਮਾਜ ਵੇਦਾਂਤਿਕ ਪ੍ਰਭਾਵ ਕਾਰਨ ਇਹ ਮੰਨਦੇ ਹਨ ਕਿ ਵੇਦਾਂ ਦੇ ਰਚੈਤਾ ਸ੍ਰੀ ਗਣੇਸ਼ ਜੀ ਹੈ। ਕਿਸੇ ਵੀ ਗ੍ਰੰਥ ਦਾ ਸ੍ਰੀ ਗਣੇਸ਼ ਕਰਨ

ਤੋਂ ਪਹਿਲਾਂ ਉਸ ਦਾ ਮੰਗਲਾਚਰਣ ਜ਼ਰੂਰੀ ਹੁੰਦਾ ਹੈ। ਇਹ ਇਸ ਲਈ ਵੀ ਦਿੱਤਾ ਜਾਂਦਾ ਹੈ ਤਾਂ ਜੁ ਕਿ ਸਨਾਤਨੀ ਅਤੇ ਸਿੱਖ ਧਰਮ ਦੇ ਪੈਰੋਕਾਰਾਂ ਵਿਚ ਏਕਤਾ ਬਣੀ ਰਹੇ।

ਅਨੰਦਘਣ ਜੀ ਦੇ ਟੀਕੇ ਵਿਚ ਸਾਨੂੰ ਕੇਵਲ ਟੀਕਾਕਾਰੀ ਦੇ ਦਰਸ਼ਨ ਹੀ ਨਹੀਂ ਹੁੰਦੇ, ਬਲਕਿ ਉਹਨਾਂ ਰਾਹੀਂ ਗੁਰਮਤਿ ਸਿਧਾਂਤਾਂ ਦਾ ਪ੍ਰਤੀਪਾਦਨ ਵੀ ਕੀਤਾ ਗਿਆ ਹੈ। ਆਪਣੇ ਟੀਕੇ ਵਿਚ ਅਨੰਦਘਣ ਨਾਮ ਸਿਮਰਨ ਅਤੇ ਗੁਰੂ ਵਾਲੇ ਵਿਸ਼ਿਆਂ ਨੂੰ ਉਭਾਰਦਾ ਹੈ। ਅਨੰਦਘਣ ਵਿਅਕਤ ਕਰਦਾ ਹੈ ਕਿ ਪਾਪਾਂ ਤੋਂ ਬਚਣ ਲਈ, ਪ੍ਰਭੂ ਦਾ ਸਾਥ ਪ੍ਰਾਪਤ ਕਰਨਾ ਜਾਂ ਪ੍ਰਭੂ ਨਾਲ ਜੁੜਨਾ, ਭਰਮ ਜਾਲ ਫੋੜਨ, ਮੋਹ, ਪਾਖੰਡ ਅਤੇ ਅਸ਼ੁਭ ਕਰਮਾਂ ਤੋਂ ਦੂਰ ਕਰਨ ਦੇ ਨਾਲ ਨਾਲ ਸਤਿਸੰਗ ਵਿਚ ਗੁਰੂ ਮਤਿ ਅਨੁਸਾਰ ਸ਼ੁਭ ਕਰਮ ਕਰਨੇ ਲਈ ਗੁਰੂ ਨਾਨਕ ਦੇਵ ਜੀ ਨੇ ਬਾਣੀ ਦੀ ਰਚਨਾ ਕੀਤੀ ਹੈ।

ਉਦਾਸੀ ਸਾਧੂਆਂ ਨੇ ਗੁਰਮਤਿ ਸਿਧਾਂਤਾਂ ਦਾ ਵੀ ਪ੍ਰਤੀਪਾਦਨ ਕੀਤਾ। ਜਿਥੇ ਗੁਰੂ ਨਾਮ ਸਿਮਰਨ, ਭਗਤੀ ਨਦਰਿ ਕਰਮ ਅਤੇ ਪੁਨਰ ਜਨਮ ਆਵਾਗਮਨ ਦੇ ਸਿਧਾਂਤਾਂ ਦੀ ਵਿਆਖਿਆ ਕਰਦੇ ਸਮੇਂ ਸਦਾਚਾਰਕ ਗੁਣਾਂ ਨੂੰ ਧਾਰਨ ਕਰਨ 'ਤੇ ਵੀ ਅਧਿਕ ਬਲ ਦਿੱਤਾ ਹੈ। 'ਆਸਾ ਦੀ ਵਾਰ' ਵਿਚ ਸੁਆਮੀ ਜੀ ਲਿਖਦੇ ਹਨ: "ਜਿਨ ਪਰ ਪ੍ਰਮੇਸ਼ਵਰ ਨਦਰ ਕਰਤਾ ਹੈ ਤਿਨ ਕੋ ਸਵਾਰ ਭੀ ਲੇਤਾ ਹੈ—ਨਾਨਕ ਨਦਰੀ ਕਰਮੀ ਦਾਤ।... ਜਿਨੋਂ ਨੇ ਅਨੇਕ ਜਨਮੈ ਵਿਖੇ ਪ੍ਰਮੇਸ਼ਵਰ ਪ੍ਰੀਤਿ ਅਰਥ ਕਰਮ ਕੀਏ ਹੈ ਤਿਨ ਪਰ ਹੀ ਪ੍ਰਮੇਸ਼ਵਰ ਕੀ ਨਦਰ ਹੋਤੀ ਹੈ।" ਇਸੇ ਤਰ੍ਹਾਂ ਹੀ ਸਤਿਸੰਗਤ ਦੀ ਮਹਾਨਤਾ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ:

> "ਗੰਗਾ ਪਾਪੋਂ ਕਾ ਨਾਸ਼ ਕਰਤੀ ਹੈ, ਚੰਦ੍ਰਮਾ ਗਰਮੀ ਕਾ ਨਾਸ਼ ਕਰਤਾ ਹੈ। ਕਲਪ ਬ੍ਰਿਛ ਦਰਿਦ੍ਰ ਕਾ ਨਾਸ਼ ਕਰਤਾ ਹੈ ਅਰ ਸੰਤੋ ਕਾ ਜੋ ਸੰਗ ਹੈ ਸੋ ਪਾਪ ਤਾਪ ਦਰਿਦ੍ਰ ਤਿਨੋ ਕਾ ਨਾਸ਼ ਕਰਤਾ ਹੈ। ਤਾ ਤੇ ਸਤ-ਸੰਗ ਕੇ ਮਾਂਗਣੇ ਤੇ ਪਾਪ, ਤਾਪ, ਦਰਿਦ੍ਰ ਤੀਨੋ ਕਾ ਅਭਾਵ ਭੀ ਮਾਂਗੇ ਬਿਨਾਂ ਹੀ ਮਾਂਗਾ ਗਇਆ।"

ਉਦਾਸੀ ਸੰਤਾਂ ਦੀ ਟੀਕਾਕਾਰੀ ਤੇ ਵਰਣ ਵਿਵਸਥਾ ਦਾ ਪ੍ਰਭਾਵ ਵੀ ਨਜ਼ਰ ਆਉਂਦਾ ਹੈ। ਉਦਾਸੀ ਸੰਤ ਵਰਣ ਵਿਵਸਥਾ ਵਿਚ ਬ੍ਰਾਹਮਣ ਨੂੰ ਸ਼੍ਰੋਮਣੀ ਮੰਨਦੇ ਹਨ। ਯੱਗ ਅਤੇ ਬਲੀ ਉਪਰੰਤ ਤਿਆਰ ਕੀਤੇ ਮਾਸਾਹਾਰੀ ਭੋਜਨ ਦੀ ਪ੍ਰੋੜ੍ਹਤਾ ਕਰਦੇ ਹੋਏ ਅਨੰਦਘਣ ਜੀ ਲਿਖਦੇ ਹਨ:

> "ਦੇਵਤਿਉ ਕੋ ਅਰ ਪਿਤ੍ਰੋ ਕੋ ਪੂਜ ਕਰ ਮਾਸ ਕੋ ਖਾਤਾ ਹੂਆ ਦੇਖ ਭਾਗੀ ਨਹੀਂ ਹੋਤਾ। ਦੇਵਤਿਓ ਕੇ ਨਮਿਤ ਯੱਗ ਕਰੇ। ਯੱਗ ਵਿਖੇ ਜੋ ਪਸ਼ੂ ਮਾਰਿਆ ਜਾਤਾ ਹੈ, ਤਿਸ ਕੋ ਸਵਰਗ ਕੀ ਪ੍ਰਾਪਤੀ ਹੋਤੀ ਹੈ ਅਰ ਜੋ ਤਿਸ ਪਸ਼ੂ ਕਾ ਮਾਸ ਖਾਤਾ ਹੈ ਤਿਸ ਕੋ ਵੀ ਸਵਰਗ ਕੀ ਪ੍ਰਾਪਤੀ ਹੋਤੀ ਹੈ। ਮਾਸ ਕਰਿ ਕਰਿ ਮਿਤਰੋ ਕਾ ਸ੍ਰਾਧ ਕਰੇ, ਬ੍ਰਾਹਮਣ ਕੋ ਤ੍ਰਿਪਤਿ ਕਰਿ ਕਰਿ ਪੀਛੈ ਖਾਇ ਆਪ। ਏਕ ਏਹ ਭੀ ਤਿਸ ਕੋ ਕਲਿਆਨ ਕਾ ਸਾਧਨ ਹੈ।"

ਇਸ ਦੇ ਨਾਲ ਸੰਬੰਧਿਤ ਹੋਰ ਵੀ ਪ੍ਰਮਾਣ 'ਆਸਾ ਕੀ ਵਾਰ' ਦੇ ਟੀਕੇ ਦੀ ਪੰਦਰ੍ਹਵੀਂ ਪਉੜੀ ਤੋਂ ਪਹਿਲਾਂ ਕਿਤੇ ਸਲੋਕਾਂ ਵਿਚ ਦੇਖੇ ਜਾ ਸਕਦੇ ਹਨ।

ਸੁਆਮੀ ਅਨੰਦਘਨ ਜੀ ਯੱਗ ਅਤੇ ਬਲੀ ਵਿਚ ਮਾਸ ਖਾਣ ਦੀ ਇਜਾਜ਼ਤ ਦਿੰਦੇ ਹਨ, ਪਰ ਯੱਗ ਅਤੇ ਬਲੀ ਤੋਂ ਬਿਨਾਂ ਮਾਸ ਖਾਣ ਦੀ ਮਨਾਹੀ ਕਰਦੇ ਹਨ। ਲਿਖਦੇ ਹਨ:

> "ਜੈਸਾ ਮਾਣਸ ਕਾ ਸਰੀਰ ਤੈਸਾ ਅਵਰ ਜਾਨਵਰੋ ਕਾ ਸਰੀਰ। ਜਾਨਵਰੋ ਕੇ ਸਰੀਰ ਕੋ ਖਾਇਆ, ਸੋ ਮਾਨੁਸ ਕੇ ਸਰੀਰ ਕੋ ਖਾਇਆ। ਸ਼ਾਸਤ੍ਰੋ ਮੇਂ ਮਾਸ ਕਾ ਇਹੀ ਲਿਖਾ ਹੈ। ਜਿਸ ਕਾ ਮਾਸ ਮੈਂ ਅਬ ਖਾਤਾ ਹੋ ਸੋ ਮੇਰੇ ਤਾਈਂ ਪ੍ਰਲੋਕ ਮੇਂ ਖਾਏਗਾ। ਜਿਸ ਨੇ ਮਾਸ ਖਾਇਆ ਤਿਸ ਨੇ ਆਪਣੇ ਮਾਸ ਕਾ ਬਦਲਾ ਖਾਇਆ। ਤਾਂਤੇ ਆਪਣਾ ਹੀ ਮਾਸ ਖਾਇਆ। ਕਿਆ ਬਕਰੀ ਕਿਆ ਗਾਇ ਭੇਡ਼ ਕਿਆ ਅਪਣਾ ਜਾਇਆ। ਸਭ ਮੇਂ ਲਹੂ ਏਹੁ ਹੈ ਸਾਹਿਬ ਫੁਰਮਾਇਆ।"

ਸੁਆਮੀ ਅਨੰਦਘਣ ਗੁਰੂ ਦੇ ਸਰੂਪ ਬਾਰੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦਾ ਹੈ:

> "ਜੋ ਹਿਤ ਦਾ ਉਪਦੇਸ਼ ਕਰੇ, ਸੋਈ ਗੁਰੂ। ਪਾਪ ਤੇ ਮੋੜਨਾ, ਹਰਿ ਕਾ ਨਾਮ ਮੋ ਜੋੜਨਾ, ਸਤ-ਸੰਗ ਕੋ ਲੋੜਨਾ, ਹਿਤ ਕੋ ਸਿਖੀ ਕੀ ਇਸੀ ਮੋ ਹੈ। ਐਸਾ ਉਪਦੇਸ਼ ਕਰਣੇ ਤੇ ਗੁਰੂ ਨਾਮ ਪਾਇਆ।"

ਅਨੰਦਘਣ ਜੀ ਆਪਣੀ ਕੁਲ ਪਰੰਪਰਾ 'ਤੇ ਵੀ ਮਾਣ ਕਰਦੇ ਹਨ ਅਤੇ ਬਾਬਾ ਸ੍ਰੀ ਚੰਦ ਜੀ ਤੋਂ ਗੁਰਬਾਣੀ ਪ੍ਰਤੀ ਪੈਦਾ ਹੋਏ ਪ੍ਰੇਮ ਨੂੰ ਵੀ ਉਜਾਗਰ ਕਰਦੇ ਹਨ:

> "ਜੈਸੀ ਕੁਲ ਪਰੰਪਰਾ ਹਮਾਰੀ ਹੈ ਐਸੀ ਔਰ ਕਿਸੀ ਕੀ ਭੀ ਤੋ ਨਹੀਂ। ਕਾਹੇ ਤੇ ਬਾਬਾ ਨਾਨਕ ਕੇ ਮੁਖਾਰਬਿੰਦ ਤੇ ਬਾਬਾ ਸਿਰੀ ਚੰਦ ਜੀ ਨੇ ਸ੍ਰਵਣ ਕੀਆ। ਬਾਬਾ ਸ੍ਰੀ ਚੰਦ ਜੀ ਕੇ ਮੁੱਖ ਕਮਲ ਤੇ ਬਾਬਾ ਧਰਮ ਚੰਦ ਜੀ ਨੇ ਸ੍ਰਵਣ ਕੀਆ। ਬਾਬਾ ਧਰਮ ਚੰਦ ਜੀ ਕੇ ਮੁੱਖ ਤੇ ਮਾਣਕ ਚੰਦ ਤੇ ਮਿਹਰ ਚੰਦ ਜੀ ਨੇ ਸ੍ਰਵਣ ਕੀਆ। ਇਸੀ ਪ੍ਰਕਾਰ ਚਲੀ ਆਈ। ਦੇਹੁਰੇ ਜੀ ਮੋ ਸਰਬ ਸਾਹਿਬ ਜਾਦਿਓ ਸੋ ਪੂਛ ਦੇਖੋ ਜਪੁਜੀ ਇਸੀ ਕੋ ਕਹਿਤੇ ਹੈ।"

ਸੁਆਮੀ ਅਨੰਦਘਣ ਜੀ ਗੁਰੂ ਦੇ ਸਿਧਾਂਤ ਨੂੰ ਹੀ ਉੱਤਮ ਮੰਨਦੇ ਹਨ। ਗੁਰੂ ਦੇ ਸਿਧਾਂਤ ਨੂੰ ਅਪਣਾ ਕੇ ਹੀ ਸਿੱਖ ਨੇ ਆਪਣਾ ਜੀਵਨ ਆਦਰਸ਼ਕ ਜੀਵਨ ਬਣਾਉਣਾ ਹੈ। ਭਾਰਤੀ ਦਰਸ਼ਨ ਵਿਚ ਗੁਰੂ ਦੀ ਭੂਮਿਕਾ ਮਹੱਤਵਪੂਰਨ ਹੁੰਦੀ ਹੈ। ਸੰਸਾਰ ਦੇ ਪ੍ਰਸਿੱਧ ਧਰਮਾਂ ਵਿਚ ਮਾਨਵਤਾ ਦੇ ਪੱਥ ਪ੍ਰਦਰਸ਼ਨ ਲਈ ਕਿਸੇ ਨਾ ਕਿਸੇ ਰੂਪ ਵਿਚ ਪੱਥ ਪ੍ਰਦਰਸ਼ਨ ਦੀ ਮਾਨਿਅਤਾ ਨੂੰ ਵਿਸ਼ੇਸ਼ ਤੌਰ 'ਤੇ ਸਵੀਕਾਰ ਕੀਤਾ ਗਿਆ ਹੈ। ਉਦਾਸੀ ਸੰਪ੍ਰਦਾ ਅਤੇ ਨਿਰਮਲ ਸੰਪ੍ਰਦਾ ਵਿਚ ਗੁਰੂ ਨੂੰ ਹੀ ਪਿਤਾ ਮੰਨਿਆ ਜਾਂਦਾ ਹੈ। ਗੁਰੂ ਦੇ ਭਾਵ ਨੂੰ ਪ੍ਰਗਟ ਕਰਦੇ ਹੋਏ ਅਨੰਦਘਣ ਜੀ ਲਿਖਦੇ ਹਨ: "ਗੁਰੂ ਤੋ ਐਸਾ ਚਾਹੀਏ, ਜਿਸ ਪ੍ਰਕਾਰ ਸਿੱਖ ਸਮਝੇ ਤਿਸ ਕੋ ਤਿਸੀ ਪ੍ਰਕਾਰ ਸਮਝਾਏ, ਸਮਝਾਏ ਬਿਨਾ ਨ ਛੋਡੇ। ਅਰ ਸਿੱਖ ਭੀ ਐਸਾ ਚਾਹੀਏ ਜਬ ਤਕਰ ਨ ਸਮਝੇ ਤਬ ਤਕਰ ਗੁਰੋ ਕਾ ਪੀਛਾ ਨਾ ਛੋਡੇ, ਪ੍ਰਸ਼ਨ ਕਰਤਾ ਹੀ ਰਹੇ।" ਸਿੱਖ ਜਗਿਆਸੂ ਹੁੰਦਾ ਹੈ, ਜਗਿਆਸੂ ਆਪਣੇ ਗੁਰੂ ਤੋਂ ਸ਼ੰਕੇ ਨਵਿਰਤ ਕਰਵਾਉਂਦਾ ਰਹਿੰਦਾ ਹੈ। ਜਦੋਂ ਤਕ

ਸ਼ੰਕ ਨਵਿਰਤ ਨਹੀਂ ਹੁੰਦਾ, ਸਿੱਖ ਗੁਰੂ ਨੂੰ ਸਵਾਲ ਕਰਦਾ ਹੀ ਰਹਿੰਦਾ ਹੈ। ਗੁਰੂ ਸਿੱਖ ਦੀ ਜਗਿਆਸਾ ਨੂੰ ਸ਼ਾਂਤ ਕਰਨ ਦਾ ਭਰਪੂਰ ਯਤਨ ਕਰਦਾ ਹੈ।

ਜੀਵ ਤੇ ਬ੍ਰਹਮ ਦੇ ਸੰਬੰਧ ਬਾਰੇ ਉਹਨਾਂ ਨੇ ਅਦ੍ਵੈਤਵਾਦੀ ਸਿਧਾਂਤ ਨੂੰ ਅਪਣਾਇਆ ਹੈ। ਬ੍ਰਹਮ ਦੇ ਸਤਿ, ਚਿਤ, ਆਨੰਦ ਹੈ ਹੀ, ਉਹ ਨਿਰਗੁਣ ਵੀ ਹੈ ਤੇ ਸਰਗੁਣ ਵੀ ਹੈ, ਉਹ ਇਕ, ਸਤਿਨਾਮ, ਕਰਤਾ ਪੁਰਖ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ ਸੈਭੰ ਹੈ ਹੀ। ਪਰ ਜੀਵ ਵੀ ਅਸਲੋਂ ਸਤਿ ਹੀ ਹੈ ਤੇ ਇਸੇ ਲਈ ਚਿਤ ਤੇ ਅਨੰਦ ਸਰੂਪ ਵੀ ਹੈ। ਕੇਵਲ ਅਗਿਆਨਤਾ ਕਾਰਨ ਉਹ ਆਪਣੇ ਆਪ ਨੂੰ ਬ੍ਰਹਮ ਤੋਂ ਵੱਖ ਜਾਂ ਵਿਛੜਿਆ ਮੰਨੀ ਬੈਠਾ ਹੈ। ਗੁਰੂ ਉਸ ਨੂੰ ਗਿਆਨ ਕਰਾ ਦਿੰਦਾ ਹੈ ਕਿ ਉਹ ਤੇ ਬ੍ਰਹਮ ਇੱਕੋ ਹੀ ਹਨ, ਉਹ ਆਪ ਹੀ ਬ੍ਰਹਮ ਰੂਪ ਹੈ। ਬ੍ਰਹਮ ਨੂੰ ਜਾਨਣ ਵਾਲਾ ਬ੍ਰਹਮ ਰੂਪ ਹੀ ਹੁੰਦਾ ਹੈ: ਸੋ ਕਰਤਾ ਪੁਰਖ ਕੇ ਦੋ ਰੂਪ— ਏਕ ਨਿਰਗੁਣ, ਏਕ ਸਰਗੁਣ। ਯਦਯਪਿ ਵੇਦਾਂਤੀ ਕੇ ਮਤ ਵਿਖੇ ਨਿਰਗੁਣ ਨਾਮ ਰੂਪ ਤੇ ਰਹਿਤ ਵਰਣਨ ਕੀਆ ਹੈ ਤਥਾਪਿ ਜਗਿਆਸੀ ਕੇ ਜਣਾਵਣੇ ਕੇ ਨਿਤਿ ਨਿਰਾਕਾਰ, ਨਿਰਵਿਕਾਰ, ਨਿਰੀਹ, ਨਿਰੰਜਨ, ਗੁਣਾਤੀਤ, ਮਾਇਆਤੀਤ, ਅਕਾਲ ਅਵਿਨਾਸ਼ੀ, ਆਤਮਾ, ਪਰਮਾਤਮ, ਚਿਦਾਤਮਾ, ਬ੍ਰਹਮ ਇਸ ਤੇ ਲੇ ਕਰ ਨਿਰਗੁਣ ਕੇ ਨਾਮ ਭੀ ਤੋ ਕਹੇ ਹੀ ਹੈ। ਤੇ ਸਭੀ ਨਾਮ ਪਤਿਤ-ਪਾਵਨ, ਮੁਕਤਿ ਕੇ ਦਾਤਾ ਹੀ ਤੋ ਹੈਂ। ਅਰ ਸਰਗੁਣ ਕਰਤਾ ਕੇ ਤੀਨ ਰੂਪ—ਉਪਤਿ ਕਰਤਾ ਬ੍ਰਹਮਾ, ਪਾਲਨ ਕਰਤਾ ਵਿਸ਼ਨੂੰ, ਸੰਹਾਰ ਕਰਤਾ ਰੁਦ੍ਰ। ਅਗੇ ਇਨ ਤੀਨੋ ਕੇ ਅਨੇਕ ਅਵਤਾਰ, ਅਵਤਾਰੋਂ ਸਯੁਕਤ ਜੇਤੇ ਇਨ ਕੇ ਨਾਮ ਤੋ ਹੈਂ ਤੇ ਸਭੀ ਪਤਿਤ ਪਾਵਨ, ਮੁਕਤਿ ਕੇ ਦਾਤਾ ਹੀ ਤੋ ਹੈਂ। (ਟੀਕਾ ਜਪੁਜੀ, ਮੂਲ ਮੰਤਰ)

ਸੁਆਮੀ ਜੀ ਹੋਰ ਵੀ ਲਿਖਦੇ ਹਨ:

> "ਪਰਮੇਸ਼ਵਰ ਕੇ ਦੋ ਰੂਪ ਏਕ ਸਰਗੁਣ ਏਕ ਨਿਰਗੁਣ ਜਹਾਂ ਸ਼ਾਸਤਰ ਮੇਂ ਸਰਗੁਣ ਕਾ ਵਰਣਨ ਕਰਤਾ ਹੈ ਤਹਾਂ ਇਹੀ ਲਿਖਿਤਾ ਹੈ—ਪਰਮੇਸ਼ਵਰ ਕੇ ਹਜ਼ਾਰੋਂ ਹੀ ਹਾਥ ਹੈਂ, ਹਜ਼ਾਰੋਂ ਹੀ ਪਾਗ ਹੈਂ, ਹਜ਼ਾਰੋਂ ਹੀ ਮੁੱਖ ਹੈਂ, ਹਜ਼ਾਰੋਂ ਹੀ ਨੇਤ੍ਰ ਹੈਂ। ਅਰ ਜਹਾ ਨਿਰਗੁਣ ਕਾ ਵਰਨਨ ਕਰਤਾ ਹੈ ਤਹਾਂ ਇਹੀ ਲਿਖਿਤਾ ਹੈ ਪਰਮੇਸ਼ਵਰ ਕੇ ਰੂਪ, ਰੇਖ, ਰੰਗ, ਕੁਝ ਹੈ ਹੀ ਨਹੀਂ, ਤੀਨੋਂ ਗੁਣੋ ਕੇ ਭਿੰਨ ਹੈ।" *(ਟੀਕਾ ਆਰਤੀ)*

> "ਆਦਿ ਸਚੁ ਗੁਰ ਕਹਿਤੇ ਹੈਂ ਸਿੱਖ ਕੋ—ਹੇ ਸਿੱਖ! ਇਸ ਸਰੀਰ ਕੀ ਆਦਿ ਤੇ ਸਤਿ ਸਰੂਪ ਹੀ ਥਾ। ਜੋ ਤੂ ਪੀਛੇ ਥਾ ਤਬੀ ਤੋ ਤੈਨੇ ਸਰੀਰ ਗ੍ਰਹਣ ਕੀਆ ਜੇ ਤੂ ਪੀਛੇ ਨ ਹੋਤਾ ਤੋ ਸਰੀਰ ਗ੍ਰਹਣ ਕੈਸੇ ਕੈਸੇ ਕਰਤਾ? 'ਜੁਗਾਦ ਸਚੁ' ਜਬ ਪੂਰਬ ਸਰੀਰ ਤੇਰਾ ਨਾਮ ਹੂਆ ਅਰ ਵਰਤਮਾਨ ਸਰੀਰ ਅਬੀ ਤੈਨੇ ਪਾਇਆ ਨਹੀਂ। ਸਰੀਰ ਯੁਗਮ ਕੇ ਮਧਿ ਵਿਖੇ ਜੋ ਤੇਰੀ ਕਰਮ ਸੰਸਕਾਰ ਰੂਪ ਅਵਸਥਾ ਥੀ, ਜਿਸ ਕੇ ਕਰਮ ਸੰਸਕਾਰ ਨੇ ਤੇਰੇ ਤਾਈ ਜਨਮ ਦੀਆ ਹੈ, ਤਿਸ ਅਵਸਥਾ ਵਿਖੇ ਭੀ ਤੋ ਤੂ ਸਤਿ ਰੂਪ ਹੀ ਥਾ। 'ਹੈ ਭੀ ਸਚੁ' ਅਬ ਵਰਤਮਾਨ ਮੈ ਭੀ ਤੂ ਸਤਿ ਰੂਪ ਹੀ ਹੈ। 'ਨਾਨਕ ਹੋਸੀ ਭੀ ਸਚੁ'। ਜਬ (ਇਹ) ਸਰੀਰ ਤੇਰਾ ਨਾਸ ਹੋਵੇਗਾ, ਤੋ ਭੀ ਤੇਰਾ ਨਾਸ ਨ ਹੋਵੇਗਾ। ਸਰੀਰ ਤੋ ਤੇਰਾ ਵਸਤਰ ਹੈ, ਵਸਤਰ ਕੇ ਨਾਸ ਹੋਣੇ ਤੇ ਪੁਰਖ ਕਾ ਨਾਸ

ਨਹੀਂ ਹੋਤਾ। ਤੂੰ ਹੀ ਤੂੰ ਸਤਿ ਰੂਪ ਪਰਮਾਤਮਾ ਹੈਂ, ਤੇਰੇ ਤੇ ਭਿੰਨ ਔਰ ਸਤਿ ਰੂਪ ਕੌਣ ਹੈ ? ਜਿਸ ਕੋ ਪਾਵਣੇ ਕੀ ਤੂੰ ਇਛਾ ਕਰਤਾ ਹੈ। ਇਸ ਕੋ ਸਮਝ ਕਰ (ਤੂੰ) ਸਤਿ ਹੈ। ਜੈਸੇ ਕਿਸੀ ਕੇ ਕੰਠ ਮੇਂ ਸਵਰਣ (ਕਾ) ਭੂਖਣ ਪੜਾ ਹੈ ਸੋ ਪ੍ਰਮਾਦ ਕਰ ਪ੍ਰਿਸ਼ਟ ਪੀਛੇ ਹੂਆ। ਤੂੰ ਪੁਰਖ ਕਹਿਤਾ ਹੈ ਹਾ ਹਾ ਮੇਰਾ ਕਹਾ ਗਇਆ, ਤਿਸ ਕੀ ਚਿੰਤਾ ਕਰਤਾ ਹੈ, ਅਰ ਤਿਸ ਕੀ ਪ੍ਰਾਪਤੀ ਕੋ ਨਿਮਿਤ ਯਤਨ ਕਰਤਾ ਹੈ। ਤਬ ਕਿਸੀ ਨੇ ਕਹਾ ਚਿੰਤਾ ਮਤ ਕਰ ਭੂਖਣ ਤੋ ਤੇਰੇ ਕੰਠ ਮੋ ਹੀ ਹੈ, ਦੇਖ ਤੋ ਸਹੀ, ਜਬ ਹਾਥਿ ਲਗਾਇ ਕਰ ਦੇਖਾ ਤਬ ਕੰਠ ਤੇ ਹੀ ਪਾਇਆ। ਜਿਸ ਨੇ ਕਹਾ ਭੂਖਣ ਕੰਠ ਮੋ ਹੀ ਤਿਸ ਨੇ ਗਠੜੀ ਸੇ ਤੋ ਨਹੀਂ ਖੋਲ ਦੀਆ ਉਪਦੇਸ਼ ਦਵਾਰਾ ਭੀ ਜਣਾਇਆ ਹੈ। ਤੈਸੇ ਹੀ ਗੁਰੂ ਉਪਦੇਸ ਦਵਾਰਾ ਜਣਾਇ ਦੇਹੇ ਹੈ ਤੂ ਹੀ ਸਤਿ ਰੂਪ ਪਰਮਾਤਮਾ ਹੈ, ਤੇਰਾ ਨਾਮ ਕਬੀ ਭੀ ਨਹੀਂ ਹੋਤਾ। ਗੁਰੂ ਉਪਦੇਸ ਦੁਆਰਾ ਸਮਝ ਲੈਣਾ। ਇਸ ਕਾ ਨਾਮ ਪਰਮੇਸ਼ਵਰ ਕੀ ਪ੍ਰਾਪਤਿ ਹੈ, ਔਰ ਪਰਮੇਸ਼ਵਰ ਪ੍ਰਾਪਤਿ ਕੋਈ ਭਿੰਨ ਪਦਾਰਥ ਤੋ ਨਹੀਂ। ਅਬ ਯਹਿ ਗੁਰੋਂ ਨੇ ਸਿਖੋਂ ਕੋ ਪਰਮ ਉਪਦੇਸ਼ ਦੀਆ। ਜੇ ਤੋ ਸਿੱਖ ਸ਼ੁਧ ਅੰਤਹਕਰਣ ਹੈ ਤੇ ਇਸੀ ਮੇਂ ਕ੍ਰਿਤਾਰਥ ਹੂਆ, ਔਰ ਉਪਦੇਸ਼ ਕਾਹੇ ਕੋ ਚਾਹੀਏਗਾ। ਅਰ ਜੋ ਸਿੱਖ ਮਲਨ ਅੰਤਹਕਰਣ ਹੈ ਤੇ ਮਲਨ ਅੰਤਹਕਰਣ ਵਿਖੇ ਗਿਆਨੋਪਦੇਸ਼ ਕਾ ਪ੍ਰਵੇਸ਼ ਨਹੀਂ ਹੋਵੇਗਾ। ਜੈਸੇ ਮਲਨ ਵਸਤਰ ਪਰ ਕੁੰਕਮ ਰੰਗ ਨਹੀਂ ਹੋਤਾ ਸੋਈ ਦਿਖਾਵਤੇ ਹੈ।"

1. ਇਹ ਸਰਬ ਜਗਤ ਬ੍ਰਹਮ ਰੂਪ ਹੀ ਹੈ, ਦੂਸਰਾ ਕੋਈ ਭੀ ਨਹੀਂ।
   (ਟੀਕਾ ਜਪੁਜੀ, ਪਉੜੀ ੧)
2. ਜਿਸ ਫੁਰਨੇ ਤੇ ਸਰਬ ਜੀਵ ਉਪਜੇ ਐਸਾ ਸਰਬ ਜੀਵੋਂ ਕਾ ਦਾਤਾ ਜੋ ਨਿਰਗੁਣ ਬ੍ਰਹਮ ਹੈ ਸੋ ਮੁਝੈ ਨਾ ਵਿਸਰੇ। *(ਟੀਕਾ ਜਪੁਜੀ, ਪਉੜੀ ੬)*
3. ਪ੍ਰਥਮ ਜਗਤ ਹੀ ਕਾਹੇ ਕੋ ਰਚਾ। ਫੇਰ ਬੰਧਨ ਕਾਹੇ ਕੋ ਰਚੇ ਫੇਰ ਬੰਧਨੋ ਕੋ ਕਾਟਣੇ ਕੇ ਸਾਧਨ ਕਾਮਾਦਿਕ ਕਾਹੇ ਕੋ ਰਚੇ। ਇਸ ਕੋ ਪਰਮੇਸ਼ਵਰ ਬਿਨਾ ਕੌਣ ਜਾਣਤਾ ਹੈ, ਕੋਈ ਭੀ ਨਹੀਂ ਜਾਣਦਾ ਹੈ।
4. ਜੇਤਾ, ਵੇਦ, ਸ਼ਾਸਤਰ ਪੁਰਾਣ ਹੈ ਸੋ ਪਰਮੇਸ਼ਵਰ ਕਾ 'ਹੁਕਮ ਰਜਾਇ' ਹੀ ਤੋ ਹੈ। *(ਟੀਕਾ ਜਪੁਜੀ, ਪਉੜੀ ੧)*
5. ਜਗਤ ਨੂੰ ਵੀ ਉਹ ਬ੍ਰਹਮ ਰੂਪ ਹੀ ਮੰਨਦੇ ਹਨ। ਇਹ ਸਰਬ ਜਗਤ ਬ੍ਰਹਮ ਰੂਪ ਹੀ ਹੈ, ਦੂਸਰਾ ਕੋਈ ਵੀ ਨਹੀਂ। *(ਟੀਕਾ ਜਪੁਜੀ, ਪਉੜੀ ੧)*
6. ਜੀਵ ਜਗਤ ਬ੍ਰਹਮ ਦੇ ਫੁਰਨੇ ਤੋਂ ਉਪਜੇ ਹਨ: ਜਿਸ ਫੁਰਨੇ ਤੇ ਸਰਬ ਜੀਵ ਉਪਜੇ ਐਸਾ ਸਰਬ ਜੀਵੋ ਕਾ ਦਾਤਾ ਜੋ ਨਿਰਗੁਣ ਬ੍ਰਹਮ ਹੈ, ਜੋ ਮੁਝੇ ਨ ਵਿਸਰੈ।
7. "ਕੀਤਾ ਪਸਾਉ ਏਕੋ ਕਵਾਉ" ਦੀ ਵਿਆਖਿਆ ਆਪ ਨੇ ਇਹ ਕੀਤੀ ਹੈ: ਏਕ ਹੀ ਜੋ ਪਰਮੇਸ਼ਵਰ ਥਾ ਸੌ ਕਵਾਓ, ਕਿਆ ਕਹੀਏ, ਬ੍ਰਹਮਾ ਵਿਸ਼ਨ ਮਹਾਦੇਵ ਰੂਪ ਵਾਲਾ ਮੰਨਿਆ ਹੈ। ਜਗਤ ਨੂੰ ਉਨ੍ਹਾਂ ਛਿਨ ਛਿਨ ਬਦਲਦੇ ਜਾਣ ਵਾਲਾ ਮੰਨਿਆ ਹੈ, ਕੇਵਲ ਦਿਸਦਾ ਉਹੀ ਹੈ, ਪਰ ਹੁੰਦਾ ਉਹ ਨਹੀਂ। ਦਰੀਆਓ ਜੋ ਹੋਤਾ ਹੈ ਸੋ ਪ੍ਰਵਾਹ ਰੂਪ ਹੋਤਾ ਹੈ। ਦ੍ਰਿਸਟਿ ਤੋ ਉਹੀ ਜਲ

ਆਵਤਾ ਹੈ, ਉਹ ਜਲ ਹੋਤਾ ਤੋ ਨਹੀਂ। ਖਿਣ ਖਿਣ ਨੂਤਨ ਨੂਤਨ ਹੀ ਜੀ ਆਵਤਾ ਹੈ। *(ਟੀਕਾ ਜਪੁਜੀ, ਪਉੜੀ ੧੬)*

8. ਕੋਈ ਨਹੀਂ ਜਾਣਦਾ ਕਿ ਪਰਮੇਸ਼ਵਰ ਨੂੰ ਜਗਤ ਕਿਉਂ ਰਚਿਆ ਹੈ: ਪ੍ਰਥਮ ਜਗਤ ਹੀ ਕਾਹੇ ਕੋ ਰਚਾ। ਫੇਰ ਬੰਧਨ ਕਾਹੇ ਕੋ ਰਚੇ ਫੇਰ ਬੰਧਨ ਕੋ ਕਾਟਣੇ ਕੇ ਸਾਧਨ ਕਾਮਾਦਿਕ ਕਾਹੇ ਕੋ ਰਚੇ। ਇਸ ਕੋ ਪਰਮੇਸ਼ਵਰ ਬਿਨਾਂ ਕੌਣ ਜਾਣਤਾ ਹੈ। ਕੋਈ ਭੀ ਨਹੀਂ ਜਾਣਤਾ ਹੈ। *(ਟੀਕਾ ਜਪੁਜੀ, ਪਉੜੀ 23)*

ਗੁਰੂ ਤੇ ਗੁਰਬਾਣੀ

ਵੇਦ ਸ਼ਬਦ ਹੈ। ਗੁਰਬਾਣੀ ਸ਼ਬਦ ਹੈ। ਇਹ ਪਰਮਾਤਮਾ ਦੇ ਆਪਣੇ ਬਚਨ ਹਨ, ਜੋ ਉਸ ਦੀ ਆਗਿਆ ਭਾਣੇ ਦੇ ਲਖਾਇਕ ਹਨ:

"ਜੇਤਾ ਵੇਦ ਸ਼ਾਸਤ੍ਰ, ਪੁਰਾਣ ਹੈ ਸੋ ਪਰਮੇਸਵਰ ਕਾ ਹੁਕਮ ਰਜਾਇ ਤੋ ਹੈ।" *(ਟੀਕਾ ਜਪੁਜੀ, ਪਉੜੀ ੧)*

ਅਨੰਦਘਣ ਜੀ ਨੇ ਸ਼ਬਦ ਨੂੰ ਗੁਰੂ ਨਹੀਂ ਮੰਨਿਆ। ਕਈ ਥਾਵਾਂ 'ਤੇ ਉਹਨਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਗੁਰੂ ਤੋਂ ਬਿਨਾਂ ਸ਼ਬਦ ਨੂੰ ਸਮਝਣ ਦਾ ਉਪਰਾਲਾ ਕਰਨਾ ਹੀ ਮਹਾਂ ਪਾਪ ਹੈ। ਨਾ ਹੀ ਗੁਰੂ ਤੋਂ ਬਿਨਾਂ ਕੋਈ ਸ਼ਬਦ ਹੋ ਸਕਦਾ ਹੈ। ਉਨ੍ਹਾਂ ਦਾ ਭਾਵ ਇਹ ਹੈ ਕਿ ਵਿਅਕਤੀ ਰੂਪ ਵਿਚ ਗੁਰੂ ਦਾ ਹੋਣਾ ਆਵਸ਼ਕ ਹੈ। ਉਦਾਸੀ ਸੰਪ੍ਰਦਾ ਤੇ ਨਿਰਮਲੇ ਸੰਪ੍ਰਦਾ ਦੇਹਧਾਰੀ ਗੁਰੂ ਵਿਚ ਆਸਥਾ ਰੱਖਦੇ ਹਨ। ਗੁਰਮਤਿ ਵਿਚਾਰਧਾਰਾ ਤੋਂ ਪਰੇ ਹੱਟ ਕੇ ਉਦਾਸੀ ਤੇ ਨਿਰਮਲੇ ਸੰਤ ਵੇਦਾਂ, ਸ਼ਾਸਤਰਾਂ, ਪੁਰਾਣਾਂ ਦਾ ਸਹਾਰਾ ਲੈ ਕੇ ਇਕ ਵੱਖਰਾ ਦ੍ਰਿਸ਼ਟੀਕੋਣ ਨੂੰ ਪ੍ਰਸਤੁਤ ਕਰਦੇ ਹਨ। ਭਾਵੇਂ ਇਹ ਵਿਦਵਾਨ ਸੰਤ ਦੇਹਧਾਰੀ ਗੁਰੂ ਵਿਚ ਵਿਸ਼ਵਾਸ ਰੱਖਦੇ ਹਨ, ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਾਨਤਾ ਨੂੰ ਵੀ ਸਵੀਕਾਰ ਕਰਦੇ ਹਨ। ਅਨੰਦਘਣ ਜੀ ਕਹਿੰਦੇ ਹਨ ਕਿ ਗੁਰੂ ਤੋਂ ਬਿਨਾਂ ਸ਼ਬਦ ਨੂੰ ਕੋਈ ਸਮਝ ਨਹੀਂ ਸਕਦਾ। ਉਹਨਾਂ ਦਾ ਕਹਿਣਾ ਹੈ ਕਿ ਦੇਹ ਰੂਪ ਵਿਚ ਗੁਰੂ ਦਾ ਹੋਣਾ ਆਵਸ਼ਕ ਹੈ:

"ਬਿਨਾਂ ਗੁਰੂ ਜੋ ਗਿਆਨ ਪਾਇਆ ਹੈ ਸੋ ਤੋ ਨਿਹਫਲ ਹੀ ਹੈ। ਬਿਨਾਂ ਗੁਰੂ ਜੋ ਮੰਤ੍ਰ ਪਾਇਆ ਹੈ ਤਿਸ ਕਾ ਤੋ ਬਡਾ ਪਾਪ ਹੈ।" *(ਟੀਕਾ ਜਪੁਜੀ, ਪਉੜੀ ੧)*

ਗੁਰੂ ਦਾ ਕਰਤੱਵ ਉਹਨਾਂ ਨੇ ਇਹ ਸਵੀਕਾਰ ਕੀਤਾ ਹੈ ਕਿ "ਜੋ ਹਿਤ ਦਾ ਉਪਦੇਸ਼ ਕਰੇ ਸੋਈ ਗੁਰੂ ਹੈ। ਪਾਪ ਤੇ ਮੋੜਨਾ, ਹਰਿਨਾਮ ਮੈ ਜੋੜਨਾ, ਸਤ-ਸੰਗ ਕੋ ਲੋੜਨਾ ਹਿਤ ਤੋ ਸਿਖ ਕੀ ਇਸੀ ਮੈ ਹੈ।" ਗੁਰੂ ਦੇ ਦਰਜੇ ਬਾਰੇ ਉਹਨਾਂ ਨੇ ਕੋਈ ਵਿਸ਼ੇਸ਼ ਸਿਧਾਂਤ ਨਹੀਂ ਦਿੱਤਾ, ਪਰ ਇਹ ਸਪੱਸ਼ਟ ਹੁੰਦਾ ਹੈ ਕਿ ਉਹ ਗੁਰੂ ਤੇ ਪਾਰਬ੍ਰਹਮ ਵਿਚ ਕੋਈ ਭੇਦ ਨਹੀਂ ਮੰਨਦੇ, ਕਿਉਂਕਿ ਉਹ ਸੰਤ ਤੇ ਬ੍ਰਹਮ ਵਿਚ ਕੋਈ ਭੇਦ ਨਹੀਂ ਮੰਨਦੇ।

ਗੁਰੂ ਨਾਨਕ ਨਾਮ ਦੇ ਅਰਥ ਕਰਦਿਆਂ ਅਨੰਦਘਣ ਜੀ ਨੇ ਆਪਣੀ ਕਵਿਤਾ ਵਿਚ ਗੁਰੂ ਦੀ ਪਰਿਭਾਸ਼ਾ ਵੀ ਦਿੱਤੀ ਹੈ:

ਪਾਪ ਹੂੰ ਤੇ ਮੋੜਨ ਅਰ ਜੋੜਨਿ ਹਰਿ ਨਾਮ ਹੂੰ ਮੇ
ਲੋੜਨ ਸਤਸੰਗ ਤਬੀ ਗੁਰੂ ਨਾਮ ਪਾਏ ਹੈ।
ਫੋੜਨ ਕ੍ਰਮ ਜਾਲ ਅਰ ਮੋੜਨ ਮਹਾ ਮੋਹ ਹੂੰ ਕੇ
ਤੋੜਨ ਤੇ ਅਨਕ ਤਬੀ ਨਾਨਕ ਕਹਾਏ ਹੈ।
ਜੋੜਨ ਸ਼ੁਭ ਕਰਮ ਮੈਂ ਵਿਛੋੜਨ ਅਬ ਕਰਮ ਹੂੰ ਤੇ
ਬੋੜਨ ਪਾਖੰਡ ਤਬੀ ਸੰਤ ਮਨ ਭਾਏ ਹੈ।

ਅਨੰਦਘਣ ਜੀ ਮੰਨਦੇ ਹਨ ਕਿ ਗੁਰੂ ਨੂੰ ਭੇਜਿਆ ਜਾਂਦਾ ਜਾਂ ਸਤਿਗੁਰ ਵਿਚ ਆਪ ਰਖਿਓਨ ਹੁੰਦਾ ਹੈ ਜਾਂ ਨਹੀਂ, ਇਸ ਬਾਰੇ ਉਹਨਾਂ ਨੇ ਵਿਚਾਰ ਨਹੀਂ ਦਿੱਤਾ। ਹਾਂ ਗੁਰੂ ਨਾਨਕ ਨੂੰ ਛੇ ਗੁਰੂਆਂ ਦਾ ਚੇਲਾ ਪ੍ਰਗਟ ਕੀਤਾ ਹੈ ਤੇ ਫਿਰ ਉਹਨਾਂ ਨੂੰ ਗੁਰੂ ਪੂਰਨ ਅਧਿਕਾਰ ਮੰਨਿਆ ਹੈ :

> "ਈਸ਼ਵਰ (ਮਹਾਦੇਵ), ਨਾਰਾਇਣ (ਗੋਰਖ), ਬ੍ਰਹਮਾ, ਪਾਰਬਤੀ, ਮਾਂ (ਲਛਮੀ), ਇਹ (ਸਰਸਵਤੀ) ਇਹ ਛੇ ਗੁਰੂ ਹਨ।" *(ਟੀਕਾ ਜਪੁਜੀ, ਪਉੜੀ ੫)*

ਗੁਰੂ ਬਾਣੀ ਬਾਰੇ ਉਹਨਾਂ ਨੇ ਇਹ ਸਿਧਾਂਤ ਕਿਹਾ ਹੈ ਕਿ ਜੀਵਾਂ 'ਤੇ ਦਇਆ ਕਰਕੇ ਬਾਣੀ ਗੁਰੂ ਨਾਨਕ ਨੇ ਦਿੱਤੀ। ਬਾਣੀ ਜੀਵਾਂ ਦੇ ਦੁੱਖ ਹਰਨ ਲਈ ਮਾਰਗ ਪ੍ਰਦਰਸ਼ਕ ਹੈ। ਬਾਣੀ ਸਾਰੇ ਜਗਤ ਲਈ ਹੈ :

> "ਬਾਬਾ ਨਾਨਕ ਜੋ ਬਾਣੀ ਕੇ ਕਰਣੇ ਵਿਖੇ ਪ੍ਰਵਰਤਿਆ, ਤਿਸ ਕੋ ਕਿਸ ਨੇ ਪ੍ਰੇਰਿਆ, ਤੁਮ ਬਾਣੀ ਕਹੋ। ਕੋਈ ਪ੍ਰੇਰਕ ਮਾਨਾ ਚਾਹੀਏ। ਕੋ ਪ੍ਰੇਰਕ ਨ ਮਨਾਏਗਾ ਤੋ ਬਾਣੀ ਨਿਖ ਪ੍ਰਯੋਜਨ ਠਹਿਰੇਗੀ। ਸੋ ਬਾਣੀ ਤੌਂ ਨਿਖ ਪ੍ਰਯੋਜਨ ਨਹੀਂ, ਸਪ੍ਰਯੋਜਨ ਹੈ। ਤਾਂ ਤੇ ਈਹਾਂ ਔਰ ਤੋ ਕੁਝ ਕੁਛ ਭੀ ਨ ਕਹਿ ਸਕੀਏਗਾ, ਏਤਾ ਹੀ ਕਹੀਏਗਾ—ਉਤਮ ਪੁਰਖੋ ਕੋ ਸੁਭਾਵਕ ਹੀ ਦਇਆ ਹੋਤੀ ਹੈ। ਜਗਤ ਕੇ ਲੋਕੋਂ ਕੋ ਆਵਾਗੌਣ ਰੂਪੀ ਦੇਖ ਕਰ ਬਾਬਾ ਨਾਨਕ ਕੋ ਦਇਆ ਉਪਜੀ। ਤਿਸ ਦਇਆ ਨੇ ਹੀ ਬਾਬਾ ਨਾਨਕ ਕੋ ਪ੍ਰੇਰਿਆ—ਇਨ ਜੀਵੋਂ ਕੀ ਕਲਿਆਣ ਕਾ ਸਾਧਨ ਕਛੁ ਕਰੋ। ਪ੍ਰਯੋਜਨ ਇਸ ਬਾਣੀ ਕਾ ਜੀਵੋਂ ਕੀ ਕਲਿਆਣ ਕੇ ਨਿਮਿਤ ਦਇਆ ਹੈ।"
>
> *(ਟੀਕਾ ਜਪੁਜੀ, ਪਉੜੀ ੧)*

> "ਸਰਬ ਸ਼ਾਸਤਰ ਕੀ ਇਹ ਰੀਤਿ ਹੈ। ਜੋ ਗ੍ਰੰਥ ਰਚਤਾ ਹੈ ਊਰਾ ਗੁਰੂ ਅਰ ਉਹੀ ਸਿੱਖ ਉਹੀ ਬਾਣੀ ਅਰੁ ਉਹੀ ਸਿਧਾਂਤ, ਦੂਸਰਾ ਕੋਈ ਹੋਤਾ ਨਹੀਂ। ਤਿਸ ਕਾ ਤਾਤਪਰਯ ਏਤਾ ਹੀ ਹੈ। ਇਹ ਸੰਪੂਰਨ ਜਗਤ ਕੋ ਉਪਦੇਸ਼ ਹੈ।"
>
> *(ਟੀਕਾ ਜਪੁਜੀ, ਪਉੜੀ ੧)*

ਨਾਮ ਮਾਰਗ ਤੇ ਹੋਰ ਮਾਰਗ

ਅਨੰਦਘਣ ਜੀ ਨੇ ਸਿੱਧਾਂ, ਨਾਥਾਂ, ਜੋਗ ਮਾਰਗ ਨੂੰ ਵੀ ਪ੍ਰਵਾਨ ਕੀਤਾ ਹੈ, ਨਿੰਦਿਆ ਨਹੀਂ। ਉਹਨਾਂ ਨੇ ਵਿਸ਼ੇਸ਼ ਤੌਰ 'ਤੇ ਨਾਮ ਮਾਰਗ ਦੀ ਚਰਚਾ ਕੀਤੀ ਹੈ। ਨਾਮ ਮਾਰਗ ਨੂੰ ਉਹਨਾਂ ਨੇ ਸਰਬੋਤਮ ਮੰਨਿਆ ਹੈ। ਕੇਵਲ ਉੱਚਤਮ ਹੀ ਨਹੀਂ

ਮੰਨਿਆ, ਬਲਕਿ ਇਹ ਵੀ ਸਵੀਕਾਰ ਕੀਤਾ ਹੈ ਕਿ ਨਾਮ ਤੋਂ ਬਿਨਾਂ ਮੁਕਤੀ ਕਦਾਚਿਤ ਨਹੀਂ ਹੋ ਸਕਦੀ। ਨਾਮ ਤੋਂ ਬਿਨਾਂ ਅੱਜ ਤਕ ਕਿਸੇ ਦੀ ਮੁਕਤੀ ਨਹੀਂ ਹੋਈ। ਅਨੰਦਘਣ ਜੀ ਦੇ ਇਹ ਵਿਚਾਰ ਗੁਰਬਾਣੀ ਸਿਧਾਂਤ ਦੇ ਬਿਲਕੁਲ ਅਨੁਕੂਲ ਹੈ। ਨਾਮ ਸਿਮਰਨ ਦੁਆਰਾ ਹੀ ਭਗਤੀ ਤੇ ਮੁਕਤੀ ਪ੍ਰਾਪਤ ਹੁੰਦੀ ਹੈ:

> "ਫਿਰ ਜੀਵਣੇ ਕੇ ਨਿਮਿਤਿ ਅਰ ਮਾਨਤਾ, ਪੂਜਾ ਕੋ ਨਿਮਿਤ ਜੋ ਯੋਗ ਕਾ ਕਰਣਾ ਹੈ ਇਹੀ ਬਡਾ ਦੋਸ਼ ਹੈ।" *(ਜਪੁਜੀ, ਪਉੜੀ ੭)*

ਨਾਮ ਦੀ ਵਿਸ਼ੇਸ਼ਤਾ ਅਨੇਕ ਪ੍ਰਕਾਰ ਦੀ ਹੈ। ਅਨੰਦਘਣ ਜੀ ਨੇ ਟੀਕਾ ਆਰਤੀ ਵਿਚ ਸ਼ਾਸਤਰਾਂ ਵਿੱਚੋਂ ਨਾਮ ਦੀ ਮਹਿਮਾ ਦੇ ਬਚਨ ਸੰਕਲਿਤ ਕੀਤੇ ਹਨ।

ਅਨੰਦਘਣ ਜੀ ਨੇ ਇਸ ਵਿਸ਼ੇਸ਼ਤਾ ਦੇ ਤਿੰਨ ਰੂਪ ਵਧੇਰੇ ਕਰਕੇ ਚਿਤਰੇ ਹਨ: (1) ਨਾਮ ਭਗਤ ਨੂੰ ਨਾਮੀ ਨਾਲ ਅਭੇਦ ਕਰ ਸਕਦਾ ਹੈ। (2) ਨਾਮ ਮਨੁੱਖ ਨੂੰ ਸਤਿ ਤੀਕ ਪਹੁਚਾ ਕੇ ਸਚਿਆਰ ਕਰਦਾ ਹੈ। (3) ਨਾਮ ਕੋਟਾਨਕੋਟ ਪਾਪਾਂ ਨੂੰ ਨਾਸ਼ ਕਰ ਸਕਦਾ ਹੈ। ਨਾਮ ਮਾਰਗ ਦਾ ਖੰਡਨ ਕਿਸੇ ਨੇ ਕਦੀ ਨਹੀਂ ਕੀਤਾ:

> "ਜੋ ਕਰਤਾ ਪੁਰਖ ਦਾ ਨਾਮ ਸਤਿ ਹੈ ਤਬੀ ਤੋ ਜਾਪਕ ਜੋ ਸਤਿ ਪਦ ਕੀ ਪ੍ਰਾਪਤੀ ਕਰ ਦੇਤਾ ਹੈ, ਔਰ ਨਾਮ ਝੂਠੇ ਹੈ, ਤਬੀ ਤੋ ਝੂਠੇ ਜਗਤ ਮੋ ਛਾਰਤੇ ਹੈ।" *(ਟੀਕਾ ਜਪੁਜੀ, ਮੂਲ-ਮੰਤਰ)*

> "ਜੋ ਅਦਵੈਤਵਾਦੀ ਹੈ ਤੇ ਆਪਣੀ ਯੁਕਤਿ ਕਰ ਕਰ ਦਵੈਤਵਾਦੀਓਂ ਕੋ ਖੰਡਨ ਕਰਤੇ ਹੈਂ, ਜੋ ਦਵੈਤਵਾਦੀ ਹੈ ਸੋ ਅਦਵੈਤਵਾਦੀ ਕੋ, ਹਿੰਦੂ ਤੁਰਕੋਂ ਕੋ, ਤੁਰਕ ਹਿੰਦੂਓ ਕੋ ਸ਼ੈਵ ਵੈਸਨਵੋਂ ਕੋ, ਵੈਸਨਵ ਸੈਵੋਂ ਕੋ ਤਾਂ ਤੇ ਸੰਦੋਪਸੰਦ ਨਿਆਇ ਕਰ ਕਰ ਇਹ ਸਭ ਖੰਡ ਹੀ ਹੋ ਗਏ, ਅਰ ਪਰਮੇਸ੍ਵਰ ਕੇ ਨਾਮ ਦਾ ਅਰਾਧਨ ਕਰਣਾ ਜੋ ਇਹ ਜੋ ਮਾਰਗ ਹੈ, ਤਿਸ ਕੋ ਕਬੀ ਹੀ ਕਿਸੀ ਕੇ ਨਾ ਖੰਡਾ। ਜੇਤੇ ਹਿੰਦੂਓ ਕੇ ਮਤ ਹੈਂ ਅਰ ਜੇਤੇ ਤੁਰਕੋ ਕੇ ਮਜ਼ਬ ਹੈ ਤੇ ਸਭੀ ਨਾਮ ਕੋ ਸਲਾਹਤੇ ਹੈਂ ਤਾਂ ਤੇ ਅਖੰਡਤ ਮਾਰਗ ਇਹੀ ਹੈ।" *(ਟੀਕਾ ਆਰਤੀ)*

ਨਾਮ ਮਾਰਗ ਨੂੰ ਉਹਨਾਂ ਸਭ ਤੋਂ ਸੁਖੈਨ ਮੰਨਿਆ ਹੈ। ਬਾਣੀ ਦਾ ਇਹੋ ਵਿਚਾਰ ਹੈ। ਨਾਮ ਸਿਮਰਨ ਦੇ ਗੁੰਝਲਦਾਰ ਸਾਧਨਾਂ ਵੱਲ ਅਨੰਦਘਣ ਜੀ ਦੀ ਰੁਚੀ ਨਹੀਂ ਹੈ:

> "ਪ੍ਰਥਮ ਤੋਂ ਗੁਰੋਂ ਨੇ 'ਆਦਿ ਸਚੁ ਜੁਗਾਦਿ ਸਚੁ' ਇਹ ਪਰਮ ਉਪਦੇਸ਼ ਕੀਆ, ਤਿਸ ਪਰ ਤੇ ਸਿੱਖ ਨਹੀਂ ਠਹਿਰਾ। ਫੇਰ ਸਰਬ ਬ੍ਰਹਮ ਉਪਦੇਸ਼ ਕੀਆ, ਤਿਸ ਕੋ ਭੀ ਸਿੱਖ ਨੇ ਕਠਨ ਮਾਨਾ। ਫੇਰ ਕਰਮ ਫਲ ਪਰਮੇਸ਼ਵਰ ਅਰਪਣ ਕਰਾ, ਤਿਸ ਕੋ ਭੀ ਕਠਨ ਮਾਨਾ। ਫੇਰ ਨਾਮ ਕਾ ਉਪਦੇਸ਼ ਕੀਆ ਇਸ ਮੋਂ ਤੋ ਕਛੁ ਕਠਨਤਾ ਨਹੀਂ ਜੈਸੇ ਜਪ ਸਕੇ ਤੈਸੇ ਹੀ ਜਪ, ਤੂੰ ਕ੍ਰਿਤਾਰਥ ਹੋਵੇਂਗਾ, ਇਸ ਮੋ ਕਛੁ ਖਰਚ ਭੀ ਨਹੀਂ ਹੋਤਾ, ਕਹੀਂ ਜਾਣਾ ਭੀ ਨਹੀਂ ਪੜਤਾ, ਨ ਬੋਝ ਹੀ ਉਠਾਵਣਾ ਪੜਨਾ ਹੈ ਨਾ ਚੋਟ ਫੇਟ ਹੀ ਲਾਗਤ ਹੈ।" *(ਟੀਕਾ ਜਪੁਜੀ)*

ਕਰਮ ਮਾਰਗ ਬਾਰੇ ਉਹਨਾਂ ਦਾ ਸਪੱਸ਼ਟ ਨਿਰਣਾ ਇਹ ਹੈ ਕਿ ਕਰਮ ਕਦੇ ਵੀ ਮੁਕਤੀ ਪਰਦਾਤਾ ਨਹੀਂ ਹੋ ਸਕਦੇ। ਕੇਵਲ ਨਿਸ਼ਕਾਮ ਕਰਮ ਹੀ ਜੀਵ ਨੂੰ ਪਰਮਾਤਮਾ ਤੀਕ ਪੁਜਾ ਸਕਦੇ ਹਨ:

"ਕਰਮ ਉਹੀ ਹੈ ਜੋ ਬੰਧਨ ਕੇ ਨਿਮਿਤ ਨਹੀਂ। ਬੰਧਨ ਕੇ ਨਿਮਿਤ ਉਹੀ ਕਰਮ ਨਹੀਂ ਜਿਸ ਦਾ ਫਲ ਪ੍ਰਮੇਸਵਰ ਵਿੱਚੋਂ ਅਰਪਣ ਕੀਆ।"

ਜੇ ਕਰਮ ਨਿਸ਼ਕਾਮ ਨਹੀਂ ਤਾਂ ਜਾਂ ਉਹ ਪੁਨਿ ਕਰਮ ਹੈ ਜਾਂ ਪਾਪ ਕਰਮ ਹੈ ਤੇ ਦੋਵੇਂ ਪ੍ਰਕਾਰ ਦੇ ਕਰਮ ਇਕ ਰੂਪ ਵਿਚ ਸਮਾਨ ਹਨ:

"ਜੋ ਪੁੰਨ ਕਰਮ ਕੀਆ ਤਿਸ ਕਾ ਫਲ ਮਿਲਾ ਕੁਛ ਭੋਗ ਐਸ਼ਵਰਯ, ਸੋਈ ਭੋਗ ਲੀਆ ਫੇਰ ਆਵਾਗੌਣ ਤੋਂ ਜਿਉਂ ਕਾ ਤਿਉਂ ਹੀ ਬਣਾ ਹੈ।"

(ਜਪੁਜੀ, ਪਉੜੀ 20)

ਪੁੰਨ ਕਰਮ ਵੀ ਸ਼ੁੱਭ ਫਲ ਦੇਣ ਮਗਰੋਂ ਛੀਨ ਹੋ ਜਾਂਦੇ ਹਨ ਤੇ ਪਾਪ ਕਰਮ ਸਜ਼ਾ ਭੁਗਤਣ ਨਾਲ ਛੀਨ ਹੋ ਜਾਂਦੇ ਹਨ, ਕੇਵਲ ਨਿਸ਼ਕਾਮ ਕਰਮ ਪਰਮਾਤਮਾ ਪ੍ਰਵਾਨ ਕਰਦਾ ਹੈ। ਦੋਵੇਂ ਪ੍ਰਕਾਰ ਦੇ ਕਰਮ ਬੰਧਨ ਹੀ ਹਨ:

"ਭਲੇ ਕਰਮ ਕਾ ਫਲ ਸੋਨੇ ਕੀ ਬੇੜੀ, ਬੁਰੇ ਕਰਮ ਕਾ ਫਲ ਲੋਹੇ ਕੀ ਬੇੜੀ, ਦੋਨੋਂ ਬੰਧਨ ਹੀ ਤੋ ਹੈ।" *(ਜਪੁਜੀ, ਪਉੜੀ 25)*

ਗਿਆਨ ਕਲਿਆਣ ਲਈ ਅਤਿਅੰਤ ਜ਼ਰੂਰੀ ਹੈ। ਗਿਆਨ ਦਾ ਭਾਵ ਸਤਿ ਅਸਤਿ ਦਾ ਯਥਾਰਥ ਗਿਆਨ ਹੈ:

"ਯਥਾਰਥ ਗਿਆਨ ਬਿਨਾਂ ਇਸ ਕੀ ਕਲਿਆਣ ਨਹੀਂ। ਕਾਹੇ ਤੇ ਜੋ ਸਤਿ, ਅਸਤਿ ਕਾ ਯਥਾਰਥ ਗਿਆਨ ਹੋਵੇਗਾ ਤੋ ਸਤਿ ਕੋ ਅੰਗੀਕਾਰ ਕਰੇਗਾ। ਅਸਤਿ ਤੋ ਤਿਆਗੇਗਾ। ਇਹ ਜੀਵ ਨਿਰਸੰਦੇਹ ਗਿਆਨ ਪਾਇ ਕਰ ਕ੍ਰਿਤਾਰਥ ਹੋਵੇਗਾ।"

(ਜਪੁਜੀ, ਪਉੜੀ ੧)

ਗੁਰੂ ਦੀ ਕ੍ਰਿਪਾ ਨਾਲ ਹੀ ਐਸਾ ਗਿਆਨ ਪ੍ਰਾਪਤ ਹੋ ਸਕਦਾ ਹੈ। ਗੁਰੂ ਸਿੱਖ ਨੂੰ ਜਿਵੇਂ ਸਮਝ ਸਕੇ, ਤਿਵੇਂ ਸਮਝ ਲਵੇ ਅਤੇ ਸਿੱਖ ਵੀ ਗੁਰੂ ਦਾ ਪਿੱਛਾ ਨਾ ਛੱਡੇ। ਜਿਤਨੀ ਦੇਰ ਉਸ ਨੂੰ ਸਮਝ ਨਹੀਂ ਆ ਜਾਂਦੀ:

"ਗੁਰ ਪ੍ਰਸਾਦਿ ਦਾ ਅਰਥ ਇਵੇਂ ਕੀਤਾ ਹੈ: ਜੇ ਗੁਰ ਕ੍ਰਿਪਾ ਕਰੇ ਤਬੀ ਤੇ ਪਰਮੇਸ਼ਵਰ ਕੀ ਪ੍ਰਾਪਤਿ ਹੋਵੇ। ਬਿਨਾਂ ਗੁਰੂ ਕਿਰਪਾ ਪਰਮੇਸਵਰ ਕੀ ਪ੍ਰਾਪਤਿ ਨਹੀਂ।"

(ਟੀਕਾ ਜਪੁਜੀ, ਮੂਲ-ਮੰਤਰ)

ਅਨੰਦਘਣ ਜੀ ਦੇ ਨਾਮ ਨੂੰ ਵੀ ਗਿਆਨ ਦਾ ਬੇਟਾ ਮੰਨਿਆ ਹੈ ਅਤੇ ਆਪ ਤੇ ਬੇਟਾ ਭਾਵ ਗਿਆਨ ਤੇ ਨਾਮ ਦੋਵੇਂ ਮੁਕਤੀ ਦੇ ਸਾਧਨ ਹਨ:

"ਇਹ ਜੋ ਨਿਸਚੈ ਹੈ ਤਿਸ ਕਾ ਨਾਮ ਗਿਆਨ ਹੈ। ਸੋ ਨਾਮ ਗਿਆਨ ਕਾ ਬੇਟਾ ਹੈ। ਜੋ ਨਾਮ ਜਪ ਕਰ ਨਿਰਮਲ ਹੋਵੇਗਾ, ਤਬੀ ਤੋ ਸਰਬ ਪਰਪੰਚ ਪ੍ਰਮੇਸਵਰ ਬੁਧਿ ਉਪਜੇਗੀ।"

ਗਿਆਨ ਦੇ ਚਾਰ ਪ੍ਰਕਾਰ ਸ੍ਰਵਣ, ਮਨਨ, ਨਿਧਯਾਸਨ ਤੇ ਸਾਖਿਯਾਤਕਾਰ ਮੰਨੇ ਹਨ। ਪੰਡਿਤ ਦਾ ਗਿਆਨ ਪਰੋਖ ਗਿਆਨ ਹੈ। ਇਹ ਸ਼ਾਸਤਰ ਪੜ੍ਹ ਕੇ ਹੁੰਦਾ ਹੈ। ਯੋਗੀ ਦਾ ਗਿਆਨ ਅਪ੍ਰੋਖ ਹੈ।

ਕਰਮ ਤੇ ਕਰਮ ਫਲ

ਅਨੰਦਘਣ ਜੀ ਇਹ ਸਵੀਕਾਰ ਕਰਦੇ ਹਨ ਕਿ ਹਰੇਕ ਕਰਮ ਦਾ ਫਲ ਅਵਸ਼ ਮਿਲਦਾ ਹੈ:

> "ਅਬ ਜੋ ਫਲ ਤੁਮ ਖਾਤੇ ਹੋ ਸੋ ਤੋ ਪੂਰਬ ਸਾਲ ਕਾ ਬੀਜਿਆ ਹੂਆ ਖਾਤੇ ਹੋ ਅਰ ਜੋ ਅਬ ਬੀਜਿਆ ਹੈ ਤਿਸੀ ਕਾ ਫਲ ਤੋ ਦੂਸਰੇ ਸਾਲ ਮੋ ਖਾਣਾ ਹੋਵੇਗਾ। ਤੈਸੇ ਹੀ ਪੂਰਬ ਜਨਮ ਮੋ ਸ਼ੁਭ ਅਸ਼ੁਭ ਕਰਮ ਕੀਏ ਥੇ ਤਿਨ ਕਾ ਫਲ ਤੋ ਦੁਖ ਸੁਖ ਅਬ ਭੋਗਤਾ ਹੈ। ਅਰ ਜੋ ਈਹਾਂ ਭਲੇ ਬੁਰੇ ਕਰਮ ਕੀਏ ਹੈਂ ਤਿਨ ਕਾ ਫਲ ਤੋ ਆਗੇ ਹੀ ਭੋਗਣਾ ਹੋਵੇਗਾ।" *(ਟੀਕਾ ਜਪੁਜੀ, ਪਉੜੀ ੩)*

ਕਰਮ ਸੰਸਕਾਰ ਪੈਦਾ ਕਰਦੇ ਹਨ। ਉਨ੍ਹਾਂ ਸੰਸਕਾਰਾਂ ਅਨੁਸਾਰ ਸੁਭਾਅ ਬਣਦਾ ਹੈ। ਉਸ ਸੁਭਾਅ ਅਨੁਸਾਰ ਅਗਲੀ ਜੋਨੀ ਪ੍ਰਾਪਤ ਹੁੰਦੀ ਹੈ। ਉਸ ਜੋਨੀ ਵਿਚ ਪਹਿਲੇ ਜਨਮ ਦੇ ਕਰਮਾਂ ਦਾ ਫਲ ਭੁਗਤਣਾ ਪੈਂਦਾ ਹੈ। ਇਸ ਜਨਮ ਦੇ ਕਰਮਾਂ ਦਾ ਫਲ ਅਗਲੇ ਜਾਂ ਅਗਲੇਰੇ ਜਨਮ ਵਿਚ ਹੀ ਮਿਲ ਸਕਦਾ ਹੈ।

ਮੁਕਤੀ

ਅਨੰਦਘਣ ਜੀ ਨੇ ਮੁਕਤੀ ਨੂੰ ਧਰਮ ਦਾ ਹੇਤੁ ਮੰਨਿਆ ਹੈ। ਮੁਕਤੀ ਦਾ ਭਾਵ ਆਵਾਗੌਣ ਤੋਂ ਛੁਟਕਾਰਾ ਪ੍ਰਾਪਤ ਕਰਨਾ ਹੈ। ਨਾਮ ਸਿਮਰਨ ਮੁਕਤੀ ਦਾ ਸਰਵੋਤਮ ਸਾਧਨ ਹੈ:

> "ਪਰਮੇਸ਼ਵਰ ਜੋ ਬਡਾ ਹੈ ਸੋ ਬਡਿਓਂ ਨਾਮੋਂ ਕਰ ਕਰ ਬਡਾ ਹੈ। ਕਾਹੇ ਤੇ ਨਾਮ ਜਪ ਕਰ ਅਨੇਕ ਕ੍ਰਿਤਾਰਥ ਹੂਏ ਇਸ ਪਰ ਤੋ ਸ਼ਾਸਤਰ ਕੇ ਅਨੇਕ ਪ੍ਰਮਾਣ ਪਾਈਤੇ ਹੈ। ਨਾਮ ਬਿਨਾ ਪਰਮੇਸ਼ਵਰ ਨੇ ਕਿਸ ਕੋ ਕ੍ਰਿਤਾਰਥ ਕੀਆ, ਇਸ ਪਰ ਤੋ ਕੋਈ ਭੀ ਪ੍ਰਮਾਣ ਨ ਹੋਵੇਗਾ। ਜਿਨ ਨਾਮੋਂ ਕਾ ਕੀਆ ਹੂਆ ਸਭੁ ਕਛੁ ਹੋਤਾ ਹੈ, ਸਹਿਕਾਮ ਹੋਇ ਕਰ ਜਪੇਗਾ ਸੋ ਭੋਗ ਭੋਗ ਕਰ ਮੁਕਤਿ ਪਾਵੇਗਾ। ਨਿਹਕਾਮ ਹੋਇ ਕਰ ਜਪੇਗਾ ਸੋ ਸ੍ਰੀਘ ਹੀ ਮੁਕਤਿ ਪਾਵੇਗਾ।" *(ਜਪੁਜੀ, ਪਉੜੀ ੨੧)*

ਯਥਾਰਥ ਗਿਆਨ ਵਿੱਚੋਂ ਨਾਮ ਲਈ ਰੁਚੀ ਉਪਜਦੀ ਹੈ। ਨਿਸ਼ਕਾਮ ਕਰਮ ਵੀ ਮੁਕਤੀ ਦਾ ਸਾਧਨ ਹੈ, ਕਿਉਂਕਿ ਇਸ ਵਿਚ ਫਲ ਪਰਮੇਸ਼ਵਰ ਨੂੰ ਅਰਪਣ ਕੀਤਾ ਜਾਂਦਾ ਹੈ। ਨਿਸ਼ਕਾਮ ਕਰਮ ਵੀ ਜੀਵ ਨੂੰ ਨਾਮ ਵਿਚ ਲਗਾ ਦਿੰਦੇ ਹਨ। ਅੰਤ ਨਬੇੜਾ ਨਾਮ ਨਾਲ ਹੀ ਹੁੰਦਾ ਹੈ:

> "ਜਿਸ ਨੇ ਏਕ ਵਾਰ ਨਾਮੋਚਾਰਣ ਕੀਆ ਤਿਸ ਕੈ ਅੰਦਰ ਮੁਕਤੀ ਕਾ ਬੀਜ ਪੜਾ। ਸੋ ਨਾਮ ਇਸ ਕੋ ਮੁਕਤਿ ਕੀਏ ਬਿਨਾ ਛੋੜੇਗਾ ਨਹੀਂ। ਜੇ ਤੋ ਇਸ ਮੋ ਭਜਣ ਕੀ ਤੀਬ੍ਰਤਾ ਹੋਵੇਗੀ ਤੇ ਇਸੀ ਜਨਮ ਮੋ ਆਪ ਭੀ ਮੁਕਤਿ ਹੋਵੇਗਾ ਅਰ ਆਪਣੇ ਪ੍ਰਵਾਰ ਕੋ ਭੀ ਮੁਕਤਿ ਕਰੇਗਾ। ਅਰ ਜੋ ਭਜਨ ਕੀ ਸਿਥਲਤਾ ਹੋਵੇਗੀ ਤੋ ਦੂਸਰੇ ਜਨਮ ਵਿਚ ਤੀਸਰੇ ਵਿਖੇ, ਚੌਥੇ ਵਿਖੇ, ਦਸਮੇ, ਬੀਸਮੇ, ਪਚਾਸਮੇ ਵਿਖੇ ਮੁਕਤਿ ਹੋਇ ਰਹੇਗਾ।" *(ਜਪੁਜੀ, ਪਉੜੀ ੨੮)*

ਹਰਿ ਕੀਰਤਨ ਚਾਰੇ ਪ੍ਰਕਾਰ ਦੀ ਮੁਕਤੀ : ਸਾਲੋਕਯ, ਸਾਮੀਪਯ, ਸਾਰੂਪਯ, ਸਾਯੁਜਯ ਦਿੰਦਾ ਹੈ :

"ਕਾਹੇ ਤੇ ਸਾਲੋਕਯ, ਸਾਪੀਮਯ, ਸਾਰੂਮਯ, ਸਾਯੁਜਯ—ਇਹ ਚਾਰ ਪ੍ਰਕਾਰ ਦੀ ਜੋ ਮੁਕਤਿ ਹੈ ਜੋ ਹਰਿ ਕੀਰਤਨ ਕੀ ਹੀ ਤੌਂ ਸਾਰਗਮਤਾ ਤੇ ਹੈ। ਜੈਸਾ ਜੈਸਾ ਹਰਿ ਕੀਰਤ ਜਿਸ ਕੋ ਭਾਵਤਾ ਹੈ ਤੈਸੀ ਤੈਸੀ ਹੀ ਮੁਕਤਿ ਕੋ ਪ੍ਰਾਪਤਿ ਹੋਤਾ ਹੈ।"

ਅਨੰਦਘਣ ਜੀ ਉਸ ਜੀਵ ਨੂੰ ਮੂਰਖਾਂ ਸਿਰ ਮੂਰਖ ਮੰਨਦੇ ਹਨ, ਜਿਸ ਨੂੰ ਮੁਕਤੀ, ਪਰਲੋਕ ਤੇ ਪਰਮੇਸ਼ਵਰ ਦਾ ਵਿਸ਼ਵਾਸ ਨਹੀਂ ਹੈ :

"ਬੋਲ ਵਿਗਾੜ ਕਿਸ ਨੇ ਦੇਖਾ ਹੈ ਪਰਮੇਸ਼ਵਰ ਔਰ ਕਿਸ ਨੇ ਦੇਖਾ ਹੈ ਪਰਲੋਕ।"

(ਟੀਕਾ ਜਪੁਜੀ, ਪਉੜੀ ੨੬)

ਕ੍ਰਿਪਾ ਨਦਰਿ

ਅਨੰਦਘਣ ਜੀ ਗੁਰੂ ਕਿਰਪਾ ਤੇ ਪ੍ਰਭੂ ਕਿਰਪਾ ਦੋਵੇਂ ਮਾਨਵ ਕਲਿਆਣ ਲਈ ਜ਼ਰੂਰੀ ਮੰਨਦੇ ਹਨ। ਗੁਰੂ ਯਥਾਰਥ ਗਿਆਨ ਦੁਆਰਾ ਸਤਿ ਅਸਤਿ ਦਾ ਨਿਰਣਾ ਦਿੰਦਾ ਹੈ ਅਤੇ ਫੇਰ ਇਹ ਨਿਰਣਾ ਜੀਵ ਨੂੰ ਸਤਿ ਦਾ ਮਾਰਗ ਗ੍ਰਹਿਣ ਕਰਨ ਦੀ ਪ੍ਰੇਰਣਾ ਦਿੰਦਾ ਹੈ। ਜੀਵ ਸਤਿ ਦੇ ਕਰਮ ਕਰਦਾ ਹੈ, ਪਰ ਕਰਮ ਮੁਕਤੀ ਨਹੀਂ ਦੇ ਸਕਦੇ। ਪ੍ਰਭੂ ਕਿਰਪਾ ਕਰਕੇ ਕਿਸੇ ਨੂੰ ਨਿਸ਼ਕਾਮ ਹੋ ਕੇ ਕਰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਇਹ ਨਿਸ਼ਕਾਮ ਕਰਮ ਮੁਕਤੀ ਪ੍ਰਦਾਤਾ ਹੁੰਦੇ ਹਨ। ਨਿਸ਼ਕਾਮ ਕਰਮ ਪ੍ਰਭੂ ਨਦਰ ਬਿਨਾਂ ਨਹੀਂ ਹੋ ਸਕਦੇ :

"ਨਾਮ ਜਪਣੇ ਵਾਲੇ ਪਰ ਹੀ ਪਰਮੇਸ਼ਵਰ ਦੀ ਨਦਰ ਹੋਤੀ ਹੈ, ਦੂਸਰੇ ਪਰ ਨਹੀਂ ਹੋਤੀ। ਔਰ ਵਰਣਾ ਸ੍ਰਮ ਕੇ ਯੋਗ ਜੋ ਕਰਮ ਹੈ। ਤਿਨ ਕੋ ਪਰਮੇਸ਼ਵਰ ਕੀ ਆਗਿਆ ਮਾਨ ਕਰ ਰਹੇ, ਫਲ ਤਿਸ ਕਾ ਨ ਚਾਹੇ ਇਸ ਤੇ ਭੀ ਪਰਮੇਸ਼ਵਰ ਦੀ ਨਦਰ ਹੋਵੇਗੀ। 'ਕਰਮ ਕਰਤ ਹੋਵੈ ਨਿਹਕਰਮ, ਤਿਸੁ ਬੈਸਨੋ ਕਾ ਨਿਰਮਲ ਧਰਮ'।"

(ਟੀਕਾ ਜਪੁਜੀ, ਪਉੜੀ ੧੯)

ਨਦਰਿ ਨਾਲ ਹੀ ਕਿਸੇ ਨੂੰ ਨਾਮ ਦੀ ਸਮਝ ਆਉਂਦੀ ਹੈ ਕਿ ਪਰਮਾਤਮਾ ਦਾ ਨਾਮ ਕਿੰਨਾ ਵੱਡਾ ਹੈ :

"ਜੇਤਾ ਬਡਾ ਪਰਮੇਸ਼ਵਰ ਕਾ ਨਾਮ ਹੈ ਤਿਸ ਕੋ ਪਰਮੇਸ਼ਵਰ ਆਪ ਹੀ ਆਪ ਜਾਣਤਾ ਹੈ। ਆਪ ਆਪ ਦੋ ਵਾਰ ਕਹਿਣੇ ਕਾ ਇਹੀ ਅਰਥ ਹੈ, ਦੂਸਰਾ ਜਾਣ ਹੀ ਨਹੀਂ ਸਕਤਾ। ਅਰ ਜਾਣ ਭੀ ਉਹੀ ਸਕਦਾ ਹੈ ਜਿਸ ਪਰ ਨਦਰੀ ਜੇ ਹੈ, ਨਦਰ ਕਰਣੇ ਵਾਲਾ ਪਰਮੇਸ਼ਵਰ ਤਿਸ ਕੀ ਕ੍ਰਿਪਾ ਦ੍ਰਿਸਟਿ ਹੋਤੀ ਹੈ। ਅਰ ਕ੍ਰਿਪਾ ਦ੍ਰਿਸਟੀ ਭੀ ਤਿਸ ਪਰ ਹੋਤੀ ਹੈ ਜਿਸ ਕੇ ਅਨੇਕ ਜਨਮੋਂ ਵਿਖੇ ਪਰਮੇਸ਼ਵਰ ਪ੍ਰੀਤਿ ਅਰਥ ਉਤਮ ਕਰਮ ਕੀਏ ਹੋਤੇ ਹੈਂ। ਨਦਰ ਕਾ ਹੋਣਾ ਕਰਮੋਂ ਕੀ ਦਾਤਿ ਹੈ।"

ਸਤਿਸੰਗ, ਸਾਧ ਸੰਗ

ਅਨੰਦਘਣ ਜੀ ਨੇ ਇਹ ਦ੍ਰਿੜ੍ਹ ਕੀਤਾ ਹੈ ਕਿ ਨਾਮ ਦੀ ਪ੍ਰਾਪਤੀ ਸਾਧ ਸੰਗ

ਜਾਂ ਸਤਿਸੰਗ ਵਿੱਚੋਂ ਹੁੰਦੀ ਹੈ, ਕਿਉਂਕਿ ਨਾਮ ਸੰਤਾਂ ਪਾਸ ਹੀ ਹੈ। "ਹੋਇ ਜਾਤੇ ਤੇਰੇ ਨਾਇ ਵਾਸਾ" ਦਾ ਉਹਨਾਂ ਅਰਥ ਹੀ ਇਹ ਮੰਨਿਆ ਹੈ ਕਿ ਸੰਤਾਂ ਦੀ ਸੰਗਤ ਵਿਚ ਵਾਸਾ ਹੋਵੇ, ਜਿਥੋਂ ਨਾਮ ਸੁਤੇ-ਸਿੱਧ ਹੀ ਮਿਲ ਜਾਵੇ:

> "ਤੈਸੇ ਹੀ ਈਹਾਂ ਜੋ ਕਹਾ ਤੇਰੇ ਨਾਮ ਵਿਖੇ ਮੇਰਾ ਵਾਸ ਹੋਵੇ। ਨਾਮ ਕਾ ਸਮੀਪ ਸੰਬੰਧ ਕਿਸ ਕੇ ਸਾਧ ਹੈ? ਸੰਤੋਂ ਕੇ ਸਾਥ ਜੋ ਨਾਮ ਕੀ ਮਹਿਮਾ ਜਾਣੇ ਹੈ। ਤਾਂ ਤੇ ਨਾਮ ਵਿਖੇ ਦਾਸ ਇਹ ਜਣਾਵਤਾ ਹੈ ਤੇਰੇ ਸੰਤੋ ਵਿਖੇ ਮੇਰਾ ਵਾਸ ਹੋਵੇ। ਨਾਮ ਯੁਕਤ ਜੋ ਪੁਰਖੁ ਹੈ ਤਿਨ ਕਾ ਨਾਮ ਹੀ ਤੋ ਸੰਤ ਹੈ, ਤਿਨ ਕੀ ਸੰਗਤਿ ਮੋ ਆਵਸ਼ਕ ਹੀ ਨਾਮ ਕੀ ਪ੍ਰਾਪਤਿ ਹੋਵੇਗੀ। ਤਾਂ ਤੇ ਸੰਤ ਸੰਗ ਕੇ ਮਾਂਗਣੇ ਤੇ ਨਾਮ ਮਾਂਗੇ ਬਿਨਾ ਹੀ ਮਾਂਗਾ ਗਇਆ। ਅਰੁ ਅਉਰ ਭੀ ਬਹੁਤ ਕਛੁ ਮਾਂਗੈ ਬਿਨਾਂ ਹੀ ਮਾਗਾ ਗਇਆ।" *(ਟੀਕਾ ਆਰਤੀ)*

ਅਨੰਦਘਣ ਜੀ ਨੇ ਗੁਰਮਤਿ ਤੇ ਸਤਿਸੰਗ ਦੇ ਸਿਧਾਂਤ 'ਤੇ ਉਤਨਾ ਹੀ ਬਲ ਦਿੱਤਾ ਹੈ, ਜਿਤਨਾ ਗੁਰਮਤਿ ਵਿਚ ਹੈ। ਬਲਕਿ ਉਨ੍ਹਾਂ ਨੇ ਸਾਰੇ ਸ਼ਾਸਤਰਾਂ ਦਾ ਸਾਰ ਵੀ ਇਹੋ ਮੰਨਿਆ ਹੈ ਕਿ ਨਾਮ ਦੀ ਪ੍ਰਾਪਤੀ ਸਤਿਸੰਗ ਵਿੱਚੋਂ ਹੁੰਦੀ ਹੈ ਤੇ ਨਾਮ ਹੀ ਕਲਿਆਣ ਦਾ ਸਾਧਨ ਹੈ। ਸੰਤ ਦੀ ਵਿਆਖਿਆ ਅਨੰਦਘਣ ਜੀ ਨੇ ਇਹ ਕੀਤੀ ਹੈ:

> "ਜੋ ਆਪ ਪਰਮੇਸ਼ਵਰ ਕੀ ਆਗਯਾ ਮੋ ਚਲਤਾ ਹੈ ਔਰੋਂ ਕੋ ਚਲਾਵਤਾ ਹੈ, ਤਿਸ ਕਾ ਨਾਮ ਸੰਤ ਹੈ।" *(ਟੀਕਾ ਸਿਧ ਗੋਸਟਿ, ਪਉੜੀ ੨)*

> "ਤਾਂ ਤੇ ਸਰਬ ਸ਼ਾਸਤਰ, ਪੁਰਾਣ ਮੋ ਵਾਦਿ ਪ੍ਰਤਿਵਾਦਿ ਕੋ ਕਰ ਕਰ ਇਹੀ ਨਿਰਣੈ ਕੀਆ ਹੈ—ਕਲਿਆਣ ਦਾ ਸਾਧਨ ਸੰਤ ਸੰਗ ਹੀ ਹੈ, ਜਿਸ ਏਕ ਕੇ ਪਾਵਣੇ ਕਰ ਕਰ ਸਭ ਕਿਛ ਪਾਇਆ ਜਾਤਾ ਹੈ ਐਸਾ ਔਰ ਕਿਆ ਹੈ।"

ਪਾਪ, ਪੁੰਨ ਤੇ ਸਦਾਚਾਰ

ਸ਼ਾਸਤਰ ਜਿਨ੍ਹਾਂ ਕਰਮਾਂ ਦਾ ਪ੍ਰਤਿਪਾਦਨ ਕਰਦਾ ਹੈ, ਉਹ ਪੁੰਨ ਹਨ ਅਤੇ ਜਿਨ੍ਹਾਂ ਕਰਮਾਂ ਦਾ ਨਿਖੇਧ ਕਰਦਾ ਹੈ, ਉਹ ਪਾਪ ਹਨ। ਪਾਪ-ਪੁੰਨ ਹਰ ਜੀਵ ਵਿਚ ਮਿਸ਼੍ਰਤ ਹਨ, ਭਾਵ ਹਰ ਸਦਾਚਾਰੀ ਜੀਵ ਕੁਝ ਨਾ ਕੁਝ ਪਾਪ ਵੀ ਕਰਦਾ ਹੈ ਤੇ ਕੁਝ ਪੁੰਨ ਵੀ ਕਰਦਾ ਹੈ। ਨਿਰਾ ਪੁੰਨੀ ਕੋਈ ਨਹੀਂ ਹੈ। ਇਸ ਲਈ ਸਦਾਚਾਰ ਮੁਕਤੀ ਪ੍ਰਦਾਤਾ ਨਹੀਂ ਹੈ, ਕਿਉਂਕਿ ਪੁੰਨ-ਪਾਪ ਮਿਲਿਆ ਰਹਿੰਦਾ ਹੈ। ਇਸ ਲਈ ਕੁਝ ਸੁੱਖ ਮਿਲਦਾ ਹੈ, ਕੁਝ ਦੁਖ ਵੀ ਮਿਲਦਾ ਹੈ। ਕਰਮ ਭਾਵੇਂ ਪੁੰਨ ਹਨ, ਭਾਵੇਂ ਪਾਪ ਆਵਾਗੌਣ ਤੋਂ ਛੁਟਕਾਰਾ ਨਹੀਂ ਦਿਵਾ ਸਕਦੇ। ਇਸ ਲਈ ਇਹ ਬਰਾਬਰ ਹੀ ਹਨ:

> "ਕੇਵਲ ਪੁੰਨਵਾਨ ਭੀ ਕੋਈ ਨਹੀਂ, ਕੇਵਲ ਪਾਪੀ ਭੀ ਕੋਈ ਨਹੀਂ। ਸਭ ਕੇ ਪੁੰਨ ਪਾਪ ਮਿਸ਼੍ਰਤ ਹੀ ਤੋ ਕਰਮ ਹੋਤੇ ਹੈਂ। ਜੋ ਪੁੰਨ ਕਰਮ ਕੀਆ ਥਾ, ਤਿਸ ਕਾ ਫਲੁ ਧਨ ਪਾਇਆ ਸਾਥ, ਪਾਪ ਭੀ ਜੋ ਕੀਆ ਥਾ, ਤਿਸ ਕਾ ਫਲ ਰੋਗੁ ਲਾਗਾ। ਛਟਾਂਕ ਭਰ ਅਨਾਜ ਭੀ ਨਹੀਂ ਖਾ ਸਕਦਾ। ਜੋ ਪਾਪ ਕਰਮ ਕੀਆ ਥਾ ਤਿਸ ਕਾ ਫਲ ਚੰਡਾਲ, ਜਨਮ ਪਾਇਆ। ਸਾਥ ਪੁੰਨ ਭੀ ਤੋ ਕੀਆ ਥਾ, ਤਿਸ ਕਾ ਫਲ ਧਨ

ਮਿਲਾ ਹਛੀ ਤਰ੍ਹਾਂ ਸੇ ਖਾਤਾ ਪੀਤਾ ਹੈ। ਅਬ ਇਸ ਕੋ ਵਿਚਾਰ ਕਰ ਦੇਖਾ ਚਾਹੀਏ, ਦੋਨੋਂ ਬਰਾਬਰ ਕੇ ਹੀ ਤੋ ਹੂਏ। ਆਵਾਗੌਣ ਤੇ ਮੁਕਤ ਕਰਨੇ ਵਾਲਾ ਨਾਮ ਹੀ ਹੈ।" *(ਜਪੁਜੀ, ਪਉੜੀ ੨੦)*

ਸਦਾਚਾਰੀ ਲੋਕ ਕਾਮ, ਕ੍ਰੋਧ, ਲੋਭ ਆਦਿ ਦਾ ਤਿਆਗ ਕਰਦੇ ਹਨ, ਕਿਉਂਕਿ ਇਹ ਸਭ ਪਾਪ ਦੇ ਸੋਮੇ ਹਨ ਅਤੇ ਸਤਿ ਸੰਤੋਖ ਦਇਆ ਆਦਿ ਨੂੰ ਗ੍ਰਹਿਣ ਕਰਦੇ ਹਨ। ਇਹ ਹੀ ਪੁੰਨ ਕਰਮਾਂ ਦੇ ਆਧਾਰ ਹਨ। ਗੀਤਾ ਦੇ ਆਧਾਰ 'ਤੇ ਅਨੰਦਘਣ ਜੀ ਨੇ ਇਸ ਸਿਧਾਂਤ ਦਾ ਪ੍ਰਤਿਪਾਦਨ ਕੀਤਾ ਹੈ। ਪਾਪਾਂ ਦਾ ਤਿਆਗ ਵੀ ਪੁੰਨ ਕਰਨ ਤੁੱਲ ਹੀ ਹੈ:

"ਗੀਤਾ ਮੇਂ ਲਿਖਾ ਹੈ ਸ੍ਰੀ ਕ੍ਰਿਸ਼ਨ ਮਹਾਰਾਜ ਕਹਿਤੇ ਹੈਂ ਅਰਜਨ ਕੋ—ਤੀਨ ਪ੍ਰਕਾਰ ਕਾ ਨਰਕ ਕਾ ਦਵਾਰਾ ਹੈ, ਇਸ ਕੋ ਨਾਸ ਕਰਨੇ ਵਾਲਾ। ਤੀਨ ਪ੍ਰਕਾਰ ਕਾ ਕੌਣ ਸਾ ? ਕਾਮ ਕ੍ਰੋਧ ਤੈਸੇ ਹੀ ਲੋਭ। ਜੇਤਾ ਪਾਪ ਹੈ ਸੋ ਇਨ ਤੀਨੋਂ ਤੇ ਹੀ ਪ੍ਰਦੁਰਭਾਵ ਹੋਤਾ ਹੈ, ਜਿਸ ਨੇ ਕਾਮ ਕ੍ਰੋਧ ਲੋਭ ਇਨ ਤੀਨੋ ਕਾ ਤਿਆਗ ਕੀਆ, ਤਿਸ ਨੇ ਪਾਪੋਂ ਕਾ ਤਿਆਗ ਕੀਆ। ਸੋ ਨਿਹ-ਪਾਪ ਹੂਆ। ਸੋ ਇਹ ਪਾਪ ਤੋਂ ਏਕ ਮੇਂ ਹੀ ਹੈ, ਜਿਸ ਨੇ ਪਾਪੋਂ ਕਾ ਤਿਆਗ ਕੀਆ ਸੋ ਮੇਰਾ ਸਰੂਪ ਹੈ। ਭਜਨ, ਗਿਆਨ, ਜਪ, ਤਪ ਸੰਜਮਾਦਿਕ ਚੇਤੇ ਉਤਮ ਕਰਮ ਹੈ, ਤਿਸ ਕਾ ਫਲ ਜੋ ਬਹੁਤ ਹੋਵੇਗਾ ਤੇ ਪਰਮੇਸ਼ਵਰ ਕੀ ਪ੍ਰਾਪਤੀ ਹੋਵੇਗੀ।" *(ਟੀਕਾ ਜਪੁਜੀ)*

ਮੂਰਤੀ ਪੂਜਾ

ਅਨੰਦਘਣ ਜੀ ਟੀਕਾ ਆਰਤੀ ਵਿਚ ਆਪ ਹੀ ਪ੍ਰਸ਼ਨ ਉਠਾਉਂਦੇ ਹਨ ਕਿ ਸ਼ਾਸਤਰਾਂ ਵਿਚ ਪਤ੍ਰ, ਪੁਸ਼ਪ, ਫਲ, ਜਲ ਆਦਿ ਨਾਲ ਪੂਜਾ ਕਰਨੀ ਦੱਸੀ ਹੈ ਤੇ ਆਰਤੀ ਵਿਚ ਗੁਰੂ ਨਾਨਕ ਦੇਵ ਜੀ ਨੇ ਰਸਮੀ ਪੂਜਾ ਦਾ ਖੰਡਨ ਕੀਤਾ ਹੈ। ਉਹ ਆਪ ਹੀ ਫਿਰ ਸ਼ਾਸਤਰਾਂ ਦੇ ਆਧਾਰ 'ਤੇ ਦੱਸਦੇ ਹਨ ਕਿ 'ਜੈਸਾ ਅਧਿਕਾਰੀ ਤੈਸਾ ਉਪਦੇਸ' ਦਾ ਸਿਧਾਂਤ ਹਰ ਥਾਂ ਲਾਗੂ ਹੁੰਦਾ ਹੈ। 'ਧਰਮ ਸ਼ਾਸਤਰ' ਵਿੱਚੋਂ ਉਹਨਾਂ ਇਕ ਲੰਮੀ ਟੂਕ ਦੇ ਆਪਣੇ ਵਿਚਾਰਾਂ ਦੀ ਪੁਸ਼ਟੀ ਕੀਤੀ ਹੈ। "ਗਗਨ ਮੈ ਥਾਲਿ" ਦੇ ਸ਼ਬਦ ਦੀ ਸਾਰੀ ਭਾਵਨਾ ਨਾਲ ਉਹ ਸਹਿਮਤ ਹਨ ਕਿ ਨਾਮ ਮਾਰਗ ਦੇ ਤੁਲ ਕੋਈ ਮਾਰਗ ਨਹੀਂ ਹੈ ਅਤੇ ਸੰਤ ਦੀ ਪੂਜਾ ਨਾਮ ਸਿਮਰਨ ਹੀ ਹੈ। ਮੂਰਤੀ ਪੂਜਾ ਅਗਿਆਨੀਆਂ ਲਈ ਹੈ:

"ਧਰਮ ਸ਼ਾਸਤਰ ਮੇ ਲਿਖਾ ਹੈ ਵਿਸ਼ਨੂੰ ਜੀ ਕਹਿਤੇ ਹੈਂ ਮਾਨੁਖ ਜੋ ਹੈ ਸਾਮਾਨ ਜੀਵ ਤਿਨ ਕੇ ਦੇਵਤਾ ਭੂਮਿ ਵਿਖੇ ਹੈ, 'ਭੂ ਦੇਵ' ਬ੍ਰਾਹਮਣੋਂ ਕਾ ਹੋਆ ਹੈ, ਤਾਂ ਤੇ ਮਨੁੱਖ ਬ੍ਰਾਹਮਣੋਂ ਕੀ ਪੂਜਾ ਕਰੇ, ਤਿਨਾ ਕੀ ਕਲਿਆਣ ਹੈ। ਅਰ ਮਾਨਸ ਜੋ ਹੈ ਪੰਡਿਤ ਤਿਨ ਕੋ ਦੇਵਤਾ ਸਵਰਗ ਵਿਖੇ ਹੈ—ਇੰਦ੍ਰ, ਚੰਦ੍ਰਾਦ੍ਰਿਕ ਅਰ ਮੂਰਖ ਜੋ ਹੈਂ—ਬੇ-ਸਮਝ ਲੋਕ ਤਿਨ ਕੋ ਦੇਵਤਾ ਕਾਸਟ, ਮ੍ਰਿਤਿਕਾ, ਪਾਖਾਨਿਦਿਕੋਂ ਵਿਖੇ ਹੈ ਅਰ 'ਯੁਕਤ' ਜੋ ਹੈ ਪਰਮੇਸ਼ਵਰ ਪਰਾਯਣ ਸੰਤ-ਜਨ, ਜਿਸ ਕਾ ਦੇਵਤਾ ਆਪਣੇ ਅੰਤ ਕਰਣ ਵਿਖੇ ਹੀ ਹੈ। ਜੋ ਆਪਣੇ ਅੰਤ-ਕਰਣ ਤੇ ਭਿੰਨ ਪਰਮੇਸ਼ਵਰ ਕੋ ਦੇਖਤਾ ਹੀ ਨਹੀਂ,

ਸੋ ਕਹਾ ਫੂਲ ਅਰ ਤੁਲਸੀ ਤੋੜਤਾ ਫਿਰੇਗਾ। ਸਰਬੋਤਮ ਤੋ ਹਰਿ ਨਾਮ ਹੀ ਹੈ ਤਾਂ ਤੇ ਉਤਮ ਅਧਿਕਾਰੀ ਊਤਮ ਪੂਜਾ ਹਰਿ ਨਾਮ ਹੀ ਸੋ ਕਰੇਗਾ। ਅਰ ਜੋ ਜਗਤ ਕੇ ਜਜਾਲੀ ਜੀਵ ਹੈ, ਨਾਮ ਪਰਾਯਣ ਨਹੀਂ ਹੋਇ ਸਕਤੇ, ਤਿਨ ਕੀ ਕਲਿਆਣ ਕੇ ਨਿਮਿਤ ਪਰਮੇਸ਼ਵਰ ਨੇ ਮਾਰਗ ਦਿਖਾਇਆ ਹੈ। ਜੋ ਤੁਮ ਨਾਮ ਪਰਾਯਣ ਨਹੀਂ ਹੋਇ ਸਕਤੇ ਤੋ ਪਾਤ੍ਰ; ਪੁਸ਼ਪਾਦਿ ਕੇ ਕਰ ਕਰ ਹੀ ਮੇਰੀ ਪ੍ਰਤਿਮਾਦਿ ਕੋ ਦਾ ਪੂਜਨ ਕਰੋ, ਤੁਮਾਰੀ ਕਲਿਆਣ ਹੈ। ਜੈਸੇ ਉਤਮ ਭੋਜਨ ਤਿਸ ਕੌ ਨਾ ਮਿਲੇ ਤੋ ਭੂਖਾ ਮਰਣੇ ਸੌਂ ਤੇ ਜੁਆਰ ਬਾਜਰਾ ਹੀ ਸਹਸ੍ਰ ਗੁਣਾ ਹਛਾ ਹੈ। ਨਾਮ ਕੇ ਬਰਾਬਰ ਕਾ ਤੋ ਪੁਸ਼ਪ ਨਹੀਂ।" *(ਟੀਕਾ ਆਰਤੀ)*

ਜੰਤ੍ਰ, ਮੰਤ੍ਰ, ਤੰਤ੍ਰ ਆਦਿ

ਸਵਾਮੀ ਅਨੰਦਘਣ ਜੀ ਨੇ ਤਾਂਤ੍ਰਿਕ ਮੰਤ੍ਰਾਂ ਆਦਿ ਦੀ ਵੀ ਨਿਖੇਧੀ ਕੀਤੀ। "ਵੇ ਮਾਰਗਿ ਮੁਸੈ ਮੰਤ੍ਰ ਮਸਾਣਿ" ਦੀ ਵਿਆਖਿਆ ਵਿਚ ਲਿਖਦੇ ਹਨ:

> "ਕੁਮਾਰਗ ਮੋ ਪੜਾ ਹੂਆ ਲੂਟਿਆ ਹੀ ਤੋ ਜਾਤਾ ਹੈ, ਜੈਸੇ ਮਸਾਣੋਂ ਕੇ ਮੰਤ੍ਰ, ਸਿਖਣੇ ਵਾਲਾ, ਜਿਸ ਨੇ ਮਸਾਣੋਂ ਕੇ ਮੰਤ੍ਰ ਸਿਖੇ ਹੈ, ਸੋ ਈਹਾਂ ਤੋ ਭ੍ਰਸ਼ਟ ਹੂਆ ਤਿਸ ਕੇ ਕਿਸੀ ਕਰਮ ਧਰਮ ਕਾ ਅਧਿਕਾਰ ਨਹੀਂ ਰਹੇਗਾ। ਜਬ ਮਰੇਗਾ ਤਬ ਨਰਕ ਹੀ ਜਾਏਗਾ।" *(ਟੀਕਾ ਸਿਧ ਗੋਸਟਿ, ਪਉੜੀ ੨੯)*

ਭੇਖ

"ਮੁੰਦਾ ਸੰਤੋਖੁ ਸਰਮੁ ਪਤੁ ਝੋਲੀ..." ਦੀ ਵਿਆਖਿਆ ਵਿੱਚੋਂ ਪ੍ਰਗਟ ਹੈ ਕਿ ਅਨੰਦਘਣ ਜੀ ਭੇਖ ਵਿਰੋਧੀ ਹਨ। ਭੇਖ ਨੂੰ ਮੁਕਤੀ ਜਾਂ ਆਤਮਿਕ ਉੱਨਤੀ ਲਈ ਕੋਈ ਮਾਨਤਾ ਨਹੀਂ ਦਿੰਦੇ:

> "ਜੋ ਮੁੰਦ੍ਰਾ ਤੁਮ ਨੇ ਕਾਨੋ ਮੇਂ ਧਾਰਣ ਕਰੀ ਹੈਂ ਇਸ ਕਾ ਅਰਥ ਕਿਆ? ਇਹੀ ਕਹੋਗੇ ਮੁੰਦਾ ਕੇ ਧਾਰਣ ਕਰਣ ਤੇ ਇਹ ਮਲੂਮ ਹੋਤਾ ਹੈ (ਜੋ) ਇਹ ਜੋਗੀ ਹੈ। ਅਰ ਔਰ ਭੇਖ ਕੇ ਧਾਰਣੇ ਕਰਣੇ ਤੇ ਇਹ ਮਾਲੂਮ ਹੋਤਾ ਹੈ ਇਹ ਔਰ ਭੇਖ ਕਾ ਫਕੀਰ ਹੈ। ਔਰ ਤੇ ਕਛੁ ਭੀ ਨ ਕਹਿ ਸਕੋਗੇ। ਭੇਖ ਜਿਸ ਨੇ ਧਾਰਣ ਕੀਆ ਤਿਸ ਕੋ ਭੇਖ ਕੇ ਪੀਛੇ ਟੁਕੜਾ ਮਿਲਾ। ਭੇਖ ਕੇ ਪਿਛੇ ਮੁਕਤਿ ਨਹੀਂ ਹੋਵੇਗਾ। ਅਰ ਜਿਸ ਨੇ ਭੇਖ ਨਹੀਂ ਧਾਰਣ ਕੀਆ, ਕਿਆ ਤਿਸ ਕੋ ਖਾਣੇ ਕੋ ਨਹੀਂ ਮਿਲਤਾ? ਤਾਂ ਤੇ ਇਹ ਬਾਹਰ ਕਾ ਜੋ ਭੇਖ ਹੈ ਸੋ ਨਿਕੰਮਾ ਹੀ ਹੈ। ਜੋ ਅੰਤ੍ਰ ਕਾ ਭੇਖ ਕਾਮ ਕਾ ਹੈ ਸੋ ਸ੍ਰਵਣ ਕਰੋ। ਸਤਿ ਕੀ ਮੁੰਦ੍ਰਾ ਸੰਤੋਖ ਹੈ, ਜੈਸਾ ਸੰਤੋਖ ਸਾਧ ਕਾ ਲਖਣ ਹੈ ਤੈਸਾ ਔਰ ਭੇਖ ਨਹੀਂ। ਜੋ ਫਲ ਸੰਤੋਖ ਤੇ ਹੋਵੇਗਾ ਸੋ ਫਲ ਔਰ ਭੇਖ ਕੇ ਧਾਰਣੇ ਤੇ ਕਬੀ ਹੀ ਨ ਹੋਵੇਗਾ। ਮੈਂ ਕਿਸਿ ਨਿਮਿਤ ਆਇਆ ਹੋਂ ਅਰ ਕਿਆ ਕਰਤਾ ਹੈ। ਜਬ ਧਰਮ ਰਾਜ ਲੇਖਾ ਪੁਛੈਗਾ ਤਬ ਕਿਆ ਜਵਾਬ ਕਰੇਗਾ—ਇਸ ਬਾਤ ਕੀ (ਚਿੰਤਾ ਕਰਣੀ) ਸ੍ਰਮ ਕਰਣੀ ਅਰ ਜਬ ਯਮ ਦੀਆਂ ਪੈਜਾਰਾਂ ਪੜੇਗੀਆਂ ਤਬ ਕਿਆ ਪਤਿ ਰਹੇਗੀ। ਸਰਮ ਅਰ ਪਤ ਕੋ ਜਮਾ ਕਰਣਾ ਇਸ ਕਾ ਨਾਮ ਝੋਲੀ ਹੈ। ਜਿਸ ਗੁਥਲੀ ਕੋ ਤੁਮ ਨੇ ਝੋਲੀ ਮਾਨਾ ਹੈ ਸੋ ਝੋਲੀ ਨਹੀਂ। ਅਰ ਸਾਹਿ ਕੀ

ਜੋ ਵਿਭੂਤ ਹੈ, ਸੋ ਧਿਆਨ ਹੈ। ਪਰਮੇਸ਼ਵਰ ਕੇ ਧਿਆਨ ਮੇਂ ਮਗਨ ਹੋਇ ਜਾਣਾ ਜਿਸ ਤੇ ਅੰਤਰ ਬਾਹਰ ਦੋਨੋਂ ਰੰਗੇ ਜਾਏ...ਇਸ ਵਿਭੂਤ ਕੋ ਧਾਰਣ ਕਰੇ। ਰਾਖ ਮਲਨੇ ਸੇ ਕਿਆ ਹੋਤਾ ਹੈ।" *(ਟੀਕਾ ਜਪੁਜੀ, ਪਉੜੀ ੨੮)*

ਸੁਆਮੀ ਸਦਾਨੰਦ

ਸੁਆਮੀ ਸਦਾਨੰਦ ਕ੍ਰਿਤ *ਜਪੁਜੀ ਸਟੀਕ* ਹੱਥ ਲਿਖਤੀ ਖਰੜੇ ਦੇ ਰੂਪ ਵਿਚ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ ਪਹਿਲਾਂ ਸੀ, ਹੁਣ ਦਾ ਪਤਾ ਨਹੀਂ, ਕਿਉਂਕਿ ਬਲਿਊ ਸਟਾਰ ਓਪਰੇਸ਼ਨ ਵਿਚ ਬਹੁਤ ਸਾਰਾ ਕੀਮਤੀ ਖ਼ਜ਼ਾਨਾ ਨਸ਼ਟ ਹੋ ਗਿਆ ਸੀ। ਪ੍ਰੋ. ਤਾਰਨ ਸਿੰਘ ਜੀ ਨੇ ਇਹ ਸਟੀਕ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿਚ ਦੇਖਿਆ ਸੀ। ਇਸ ਦਾ ਹੱਥ ਲਿਖਤ ਨੰ. ਏ.ਸੀ. 759.5, ਜਿਸ 'ਤੇ ਰਚਨਾ ਦੀ ਮਿਤੀ 1890 ਬਿਕ੍ਰਮੀ ਮੁਤਾਬਿਕ 1833 ਈ. ਹੈ। ਸੁਆਮੀ ਅਨੰਦਘਣ ਜੀ ਨੇ ਟੀਕੇ 1825 ਈ. ਵਿਚ ਸਮਾਪਤ ਕੀਤੇ ਸਨ। ਵੰਨਗੀ ਲਈ ਇਸ ਦੀ ਇਕ ਪਉੜੀ ਦਾ ਟੀਕਾ ਇਸ ਪ੍ਰਕਾਰ ਹੈ:

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੮॥

ਟੀਕਾ: ਮੁੰਦ੍ਰਾ ਤੌਂ ਹਮਾਰੀ ਸੰਤੋਖ ਹੈ ਜੋ ਅਪ੍ਰਾਪਤ ਦੀ ਇੱਛਾ ਨ ਕਰਣੀ ਪਰ ਪ੍ਰਾਪਤ ਵਿਖੇ ਰਾਜ ਦੌਂਖ ਤੇ ਰਹਿਤ ਰਹਣਾ। ਸੋ ਤਿਸ ਕਰ ਪਾਂਚੋਂ ਹੀ ਇੰਦ੍ਰੀ ਮੁੰਦੀ ਜਾਤੀ ਹੈ। ਪਰ ਸਰਮ ਹਮਾਰਾ ਪਤ੍ਰ ਅਰ ਝੋਲੀ ਹੈ। ਕਾਹੇ ਤੇ ਪਾਤ੍ਰ ਝੋਲੀ ਵਿਖੇ ਕਛ ਅੰਨ ਕਾ ਸੰਗ੍ਰਹ ਕਰੀਜੈ ਹੈ। ਸੋ ਗੁਰਹੁ ਸੰਤਹੁ ਤੇ ਲਜਾ ਕਰ ਅਸ਼ੁਪ ਕਰਮੋਂ ਤੇ ਰਹਤ ਰਹਣਾ ਅਰੁ ਸ਼ੁਭ ਗ੍ਰਹਣ ਕਰਨਾ। ਅਰੁ ਧਿਆਨ ਕੀ ਕਰਤੇ ਹੈਂ ਬਿਭੂਤ। ਜੋ ਭਭੂਤ ਨਾਮ ਭਸਮ ਕਾ ਦੇਹ ਪਰ ਮਰਦਨੇ ਕਾ ਹੈ। ਸੋ ਮਨ ਕੋ ਗ੍ਯਾਨ ਰੂਪ ਅਗਨ ਸਾਥ ਜਲਾਇ ਹਰ ਆਤਮਾ ਕੇ ਅਕਾਰ ਕਰ ਛੱਡਿਆ। ਅਰੁ ਖਿੰਥਾ ਤੇ ਹਮਾਰੀ ਕਾਲ ਚਕ੍ਰ ਜੋ ਖਗੋਲ ਹੈ। ਅਰੁ ਯਹ ਵੈਰਾਟਾ ਕਸ਼ ਹੈ। ਅਰੁ ਕਾਯੰ ਕੁਆਰੀ ਯਹ ਜੋ ਅਸੰਗ ਪਿੰਡਾਤਮਾ ਹੈ। ਅਵਰ ਟੀਕਾਕਾਰੋ ਐਸੇ ਭੀ ਕਰਯਾ ਹੈ। ਜੋ ਜਬ ਲਗ ਕਾਲ ਤੇ ਕਾਇਆਂ ਕੁਆਰੀ ਹੈ ਜੋ ਵਿਵਾਹ ਕਰ ਨਹੀਂ ਲੈ ਗਯਾ। ਸੋ ਵਹੀ ਖਿੰਥਾ ਕਹੀਯੇ ਵਸਤ੍ਰ ਹੈ। ਪਰ ਜੁਗਤ ਕਾ ਡੰਡਾ ਹੈ ਪਰਤੀਤੀ ਕਹੀਯੇ ਨਿਸਚੇ ਕਰਕੇ। ਅਥਵਾ ਨਿਸਚਾ ਹੂੰ ਡੰਡਾ। ਕਾਹੇ ਤੇ ਡੰਡਾ ਕੂਕਰਾਦਿ ਕੇ ਭਜਾਵੇਣ ਨਿਮਿਤ ਹੈ। ਸੋ ਜੁਗਤਾਹਾਰ ਵਿਹਾਰ ਕਰ ਆਲਸ ਅਰੁ ਨੀਂਦ ਕਾਮ ਕ੍ਰੋਧਾਦਿਕ ਭਾਗ ਜਾਤੇ ਹੈ। ਅਰੁ ਨਿਸਚੇ ਰੂਪ ਡੰਡੇ ਕਰ ਭੀ ਸੰਸੇ ਵਿਪਰਯੇ ਕਰਮਾ ਕਰਮ ਕੇ ਅਭਿਮਾਨ ਤੇ ਅਸੰਗ ਨਿਰਭੈ ਰਹਿਣਾ ਹੈ। ॥ ਸਾਖ ॥ ਮਨ ਕਾ ਸੁਭਾਇ ਸਭ ਕੋਈ ਕਰੇ। ਕਰਤਾ ਹੋਇ ਸੁ ਅਨਭੈ ਰਹੈ। ਅਰੁ ਯਹ ਮਨ ਕਾ ਸੁਭਾਵ ਹੈ ਸਭ ਕੋਈ ਪੜਾ ਕਰਤਾ ਹੈ। ਪਰੰਤੂ ਜੋ ਕਰਤਾ ਹੋਇ ਸੁ ਅਨੁਭਵ ਵਿਖੇ ਇਸਥਿਤ

ਸਾਖੀ ਅਸੰਗ ਅਕ੍ਰੈ ਰਹੇ। ਅਰੁ ਪੰਥ ਤੋ ਹਮਾਰਾ ਆਈ ਪੰਥ ਹੈ। ਜੇ ਬਾਰਹ ਪੰਥਹੁ ਜੋਗੀਆਂ ਕੇ ਵਿਖੇ ਉਤਮ ਹੈ। ਅਰੁ ਸਗਲੀਆਂ ਜਮਾਤੀ ਕਹੀਯੇ ਜੇਤੇ ਕੱਛ ਮਤ ਪੰਥ ਹੈ। ਚਵਰਾਸੀ ਲੱਖ ਜੂਨ ਸੋ ਸਭ ਹਮਾਰਾ ਆਈ ਪੰਥ ਹੈ। ਕਾਹੇ ਤੇ ਜੇ ਪੰਚ ਹੈ ਭੂਤਕ ਸ੍ਰਿਸ਼ਟ ਕਲਪਤਿ ਅਧਿਸ਼ਟਾਨ ਬ੍ਰਹਮ ਵਿਖੇ ਹੈ। ਸਾਖ॥ ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ। ਇਹੁ ਪਰਪੰਚ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਕੋਈ॥੧॥ ਅਰੁ ਮਨ ਕੇ ਜੀਤਣੇ ਕਾ ਸਰਬ ਜਗਤ ਕੋ ਜੀਤ ਛੋਡਾ ਹੈ। ਜੈਸੇ ਚਰਨ ਦਾਸੀ ਕੋ ਪਾਵਣੇ ਕਰ ਸੰਪੂਰਣ ਪ੍ਰਿਥਵੀ ਚਾਮ ਕਰ ਲਪੇਟੀ ਜਾਤੀ ਹੈ। ਅਰੁ ਆਦੇਸ਼ ਤੋ ਹਮਾਰੀ ਤਿਸ ਕੋ ਹੈ ਆਦੇਸ ਜੋ ਸਰਬ ਕੀ ਆਦਿ ਹੈ। ਅਰੁ ਅਨੀਲ ਕਹੀਯੇ ਨੀਲ ਤੋ ਆਦ ਲੈ ਕਰ ਜੋ ਹਰਿ ਤਰਕਤ ਸੇਤ ਪੀਤ ਪਾਂਚੋ ਤਤੋਂ ਕੀ ਰੂਪ ਹੈ। ਸੋ ਭਿੰਨ ਤੇ ਰਹਿਤ ਸੁ ਪ੍ਰਕਾਸ ਹੈ। ਅਥਵਾ ਕਾਲ ਕਲਪਨਾ ਕੀ ਗਿਣਤੀ ਜੋ ਪਦਮ ਨੀਲ ਹੈ ਸੋ ਤਿਨ ਤੇ ਰਹਿਤ ਹੈ ਤਾਂ ਤੇ ਅਨਾਦਿ ਹੈ। ਅਰੁ ਅਨਾਹਤ ਕਹੀਯੇ ਅਵਿਨਾਸ਼ੀ ਹੈ। ਅਰੁ ਜੁਗ ਜੁਗ ਵਿਖੇ ਹੈ ਏਕੋ ਵੇਸ ਤਿਸ ਕਾ। ਅਰਥ ਯਾ ਪਰਣਾਮ ਤੇ ਰਹਿ ਏਕ ਰਸ ਨਿਰ ਵਿਕਾਰ ਹੈ।੨੮।

ਸੁਆਮੀ ਸਦਾਨੰਦ ਜੀ ਨੇ ਟੀਕਾਕਾਰੀ ਵਿਚ ਹਰ ਸ਼ਬਦ ਦੀ ਵਿਆਖਿਆ ਬੜੀ ਬਰੀਕੀ ਨਾਲ ਕੀਤੀ ਹੈ। ਉਸ ਦੇ ਅਰਥ ਸਰੂਪ ਨਿਸਚਿਤ ਕਰਨ ਦਾ ਯਤਨ ਕੀਤਾ ਹੈ। ਹੇਠ ਲਿਖੇ ਅਰਥ ਇਸ ਪ੍ਰਵਿਰਤੀ ਦੀ ਗਵਾਹੀ ਭਰਦੇ ਹਨ:

ਸੰਤੋਖ: ਅਪ੍ਰਾਪਤ ਦੀ ਇੱਛਾ ਨਾ ਕਰਨੀ, ਪਰ ਪ੍ਰਾਪਤ ਵਿਖੇ ਰਾਜ ਦੋਖ ਤੇ ਰਹਿਤ ਰਹਿਣਾ।

ਪਰਤੀਤ: ਪਰਤੀਤ ਕਰੀਯੇ ਨਿਸਚੇ ਕਰਕੇ।

ਅਨਾਹਤ: ਅਨਾਹਤ ਕਹੀਯੇ ਅਵਿਨਾਸ਼ੀ।

ਏਕੋਵੇਸ਼: ਅਰਥ ਯਹ ਪਰਣਾਮ ਤੇ ਰਹਿਤ ਏਕ ਰਸ ਨਿਰਵਿਕਾਰ ਹੈ।

(2) ਚਿੰਨ੍ਹ: ਪ੍ਰਤੀਕਾਂ ਨੂੰ ਸੂਝ ਤੇ ਮਹੀਨ ਦ੍ਰਿਸ਼ਟੀ ਨਾਲ ਖੋਲ੍ਹਿਆ ਤੇ ਉਨ੍ਹਾਂ ਦਾ ਭਾਵ ਭਾਵਨਾਵਾਂ ਉਜਾਗਰ ਕੀਤੇ ਹਨ:

ਮੁੰਦਾ: (ਜਿਸ ਕਰ) ਪਾਚੋਂ ਹੀ ਇੰਦ੍ਰੀ ਮੂੰਦੀ ਜਾਤੀ ਹੈ।

ਪਤੁ ਝੋਲੀ: ਧਰਮ ਹਮਾਰਾ ਪਾਤ੍ਰ ਝੋਲੀ ਹੈ। ਕਾਹੇ ਤੇ ਪਾਤ੍ਰ ਝੋਲੀ ਵਿਖੇ ਕਛ ਅੰਨ ਕਾ ਸੰਗ੍ਰਹ ਕਰੀਜੈ ਹੈ। ਸੋ ਗੁਰਹੁ ਸੰਤਹੁ ਤੇ ਲਜਾ ਕਰ ਅਸ਼ੁਭ ਕਰਮੋ ਤੇ ਰਹਿਤ ਰਹਣਾ ਅਰ ਸ਼ੁਭ ਕੌ ਗ੍ਰਹਣ ਕਰਨਾ।

ਬਿਭੂਤਿ: ਭਭੂਤ ਨਾਮ ਭਸਮ ਕਾ ਦੇਹ ਪਰ ਮਰਦਨੇ ਕਾ ਹੈ, ਸੋ ਮਨ ਕੋ ਗਯਾਨ ਰੂਪ ਅਗਨ ਸਾਥ ਜਲਾਇ ਕਰ ਆਤਮਾ ਤੇ ਅਕਾਰ ਕਰ ਛੋਡਿਆ ਹੈ।

ਡੰਡਾ: ਕਾਹੇ ਤੇ ਡੰਡਾ ਕੂਕਰਾਦਿ ਤੇ ਭਜਾਵਣੇ ਨਮਿਤ ਹੈ, ਜੋ ਜੁਗਤਹਾਰਾ ਵਿਹਾਰ ਕਰ ਆਲਸ ਅਰ ਨੀਂਦ ਕਾਮ ਕ੍ਰੋਧਾਦਿਕ ਭਾਗ ਜਾਤੇ ਹੈਂ।

ਚਿੰਨ੍ਹ ਪ੍ਰਤੀਕਾਂ ਨੂੰ ਖੋਲ੍ਹਣ ਦੀ ਇਹੋ ਪੁਰਾਤਨ ਵਿਧੀ ਹੈ। ਮਿਹਰਬਾਨ ਜੀ ਦੀ ਪ੍ਰਣਾਲੀ ਵਿੱਚੋਂ ਇਹੋ ਵਿਧੀ ਅਪਣਾਈ ਗਈ ਹੈ। ਅਨੰਦਘਣ ਜੀ ਨੇ ਇਹੋ ਵਿਧੀ ਅਪਣਾਈ ਹੈ। ਨਿਰਮਲੇ ਵਿਦਵਾਨ ਪੰਡਿਤ ਤਾਰਾ ਸਿੰਘ ਨਰੋਤਮ ਨੇ ਵੀ ਇਹੋ ਵਿਧੀ

ਅਪਣਾਈ ਹੈ। ਸੰਪ੍ਰਦਾਇ ਗਿਆਨੀਆਂ ਨੇ ਵੀ ਇਹੋ ਵਿਧੀ ਕਾਇਮ ਰੱਖੀ। ਆਧੁਨਿਕ ਟੀਕਾਕਾਰੀ ਨੇ ਇਸ ਵਿਧੀ ਨੂੰ ਬਹੁਤ ਮਹਾਨਤਾ ਨਹੀਂ ਦਿੱਤੀ।

ਸਦਾਨੰਦ ਜੀ ਨੇ ਸਾਖ ਦਿੱਤੀ ਹੈ। ਸਾਖ ਦਾ ਭਾਵ ਹੈ: ਗਵਾਹੀ। ਭਾਵ ਕਿਸੇ ਵਿਆਖਿਆ ਦੀ ਪੁਸ਼ਟੀ ਲਈ ਗੁਰਬਾਣੀ ਵਿੱਚੋਂ ਹੀ ਪ੍ਰਮਾਣ ਦਿੱਤਾ ਹੈ। ਇਸ ਨੂੰ ਉਹਨਾਂ ਨੇ 'ਸਾਖ' ਕਿਹਾ ਹੈ। ਕਿਸੇ ਵਿਚਾਰ ਦੀ ਪੁਸ਼ਟੀ ਲਈ ਗੁਰਬਾਣੀ ਵਿੱਚੋਂ ਗਵਾਹੀ ਦੇਣੀ ਅਨੰਦਘਣ ਜੀ ਨੇ ਇਹ ਵਿਧੀ ਦੀ ਵਰਤੋਂ ਤਾਂ ਕੀਤੀ ਹੈ, ਪਰ 'ਸਾਖ' ਪੁਰਾਣ ਜਾਂ ਗੀਤਾ ਵਿੱਚੋਂ ਦਿੱਤੀ ਹੈ, ਗੁਰਬਾਣੀ ਵਿੱਚੋਂ ਨਹੀਂ। ਸੁਆਮੀ ਸਦਾਨੰਦ ਨੇ ਗੁਰਬਾਣੀ ਵਿੱਚੋਂ ਸਾਖ ਦਿੱਤੀ ਹੈ ਤੇ ਇਹੀ ਤਰੀਕਾ ਪ੍ਰਮਾਣਿਕ ਹੋਇਆ ਹੈ।

ਅਨੰਦਘਣ ਨੇ ਹੋਰ ਟੀਕਾਕਾਰੀ ਵੱਲ ਕੋਈ ਨਿਸਚਿਤ ਸੰਕੇਤ ਨਹੀਂ ਦਿੱਤਾ। ਪਰ ਸੁਆਮੀ ਅਨੰਦਘਣ ਨੇ ਹੋਰ ਟੀਕਾਕਾਰਾਂ ਦਾ ਕੀਤਾ ਅਰਥ ਨਾਲ ਦੱਸਿਆ ਹੈ। ਇਸ ਨੇ ਹੋਰ ਟੀਕਾਕਾਰਾਂ ਦਾ ਨਾਮ ਨਹੀਂ ਦੱਸਿਆ, ਪਰ ਉਹਨਾਂ ਦਾ ਟੀਕਾ ਦੱਸਿਆ।

ਅਰਥ ਵਿਆਖਿਆ ਵਿਚ ਪ੍ਰਮੁੱਖ ਬਿਰਤੀ ਨੈਤਿਕ ਤੇ ਸਦਾਚਾਰਕ ਹੈ। ਅਮਲੀ ਜੀਵਨ ਨੇਕ ਹੋਣਾ ਚਾਹੀਏ, ਕਰਮ ਸ਼ੁਭ ਹੋਣੇ ਚਾਹੀਦੇ ਹਨ। "ਵਿਣੁ ਗੁਣ ਕੀਤੇ ਭਗਤਿ ਨ ਹੋਇ" ਦਾ ਸਿਧਾਂਤ ਹੈ। ਸਭ ਪੁਰਾਤਨ ਟੀਕਾਕਾਰਾਂ ਦਾ ਬਲ ਨਿਰਮਲ ਤੇ ਸ਼ੁਭ ਰਹਿਣੀ ਉੱਤੇ ਹੀ ਹੈ।

ਸੁਆਮੀ ਸਦਾਨੰਦ ਜੀ ਨੇ ਟੀਕਾਕਾਰੀ ਵਿਚ ਗੁਰਮਤਿ ਸਿਧਾਂਤ ਨੂੰ ਪ੍ਰਮੁੱਖਤਾ ਦੇ ਆਧਾਰ 'ਤੇ ਪ੍ਰਤੀਪਾਦਤ ਕੀਤਾ ਹੈ। ਗੁਰਮਤਿ ਪਰਮਾਤਮਾ ਦੀ ਏਕਤਾ ਅਤੇ ਸ਼ੁਭ ਜੀਵਨ ਦਾ ਵਿਸ਼ਵਾਸੀ ਹੈ। ਗੁਰੂ ਭਗਤੀ ਨਾਮ ਸਿਮਰਨ ਸਦਾਚਾਰ ਗੁਰਮਤਿ ਦੇ ਬੁਨਿਆਦੀ ਸਿਧਾਂਤ ਹਨ।[1]

ਪ੍ਰਯਾਯ

ਉਦਾਸੀ ਸੰਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਲਈ ਪ੍ਰਯਾਯ ਵੀ ਲਿਖੇ ਹਨ। ਉਦਾਸੀ ਸੰਤਾਂ ਵਿੱਚੋਂ ਸਭ ਤੋਂ ਪਹਿਲਾਂ ਸਾਨੂੰ ਗੋਬਿੰਦ ਦਾਸ ਉਦਾਸੀ ਜੀ ਦੇ ਲਿਖੇ ਪ੍ਰਯਾਯ ਮਿਲਦੇ ਹਨ, ਜਿਸ ਦਾ ਸਿਰਲੇਖ ਹੈ: *ਪ੍ਰਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ*। ਇਹ ਪੰਜ ਭਾਗਾਂ ਵਿਚ ਮਿਲਦਾ ਹੈ। ਇਸ ਟੀਕੇ ਨੂੰ ਭਾਈ ਸੰਤ ਸਿੰਘ ਨਕਸ਼ੇ ਨਵੀਸ ਕਮੇਟੀ ਸ੍ਰੀ ਅੰਮ੍ਰਿਤਸਰ ਜੀ ਨੇ ਛਪਵਾਇਆ ਹੈ। ਇਸ ਦੇ ਸਰਵਰਕ 'ਤੇ ਬਹੁਤ ਖ਼ੂਬਸੂਰਤ ਸ਼ਬਦਾਂ ਵਿਚ ਲਿਖਿਆ ਹੈ: "ਗੁਰਬਾਣੀ ਦੇ ਸ਼ੁੱਧ ਅਰਥਾਂ ਦੇ ਪ੍ਰਚਾਰ ਅਤੇ ਗੁਰਬਾਣੀ ਦੇ ਸ਼ੁੱਧ ਅਰਥ ਸਮਝਣ ਹਿਤ ਪ੍ਰੇਮੀਆਂ ਦੇ ਲਾਭ ਲਈ ਬਹੁਤ ਸਾਰਾ ਦਰਬ ਖ਼ਰਚ ਕੇ ਤੇ ਬਹੁਤ ਮੇਹਨਤ ਕਰ ਕੇ ਪੂਰਨ ਪ੍ਰੇਮ ਸਹਿਤ ਛਪਵਾਯਾ।" ਸੋ ਸਾਨੂੰ ਇਸ ਦੇ ਸਰਵਰਕ ਤੋਂ ਜਿਥੇ ਇਸ ਦੇ ਮੰਤਵ, ਵਿਤ ਆਦਿ ਦਾ ਸੰਕੇਤ ਮਿਲਦਾ ਹੈ, ਉਥੇ ਉਸ ਸਮੇਂ ਦੀ ਪ੍ਰਕਾਸ਼ਨ ਵਿਉਂਤ ਤੇ ਨਖਸਿਖ ਆਦਿ ਦੀ ਇਕ ਝਲਕ ਵੀ ਪ੍ਰਾਪਤ ਹੋ ਜਾਂਦੀ ਹੈ:

---

1. *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*।

ੴ ਸਤਿਗੁਰ ਪ੍ਰਸਾਦਿ॥
ਖੋਜਤ ਖੋਜਤ ਅੰਮ੍ਰਿਤ ਪੀਆ॥
ਗੁਰਮੁਖ ਜਨਮ ਸਕਾਰਥਾ ਗੁਰਬਾਣੀ ਪੜ੍ਹ ਸਮਝ ਸੁਣੇਹੀ॥
ਪ੍ਰਯਾ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਅਰਥਾਤ
ਸੰਖੇਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ
ਅਥਵਾ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਦਾ ਸੰਪ੍ਰਦਾਈ ਟੀਕਾ
ਟੀਕਾਕਾਰ
ਸ੍ਰੀਮਨ ਸੰਤ ਗੋਬਿੰਦ ਦਾਸ ਜੀ ਉਦਾਸੀਨ ਵਿਰੱਕਤ
ਸ੍ਰੀ ਅੰਮ੍ਰਿਤਸਰ ਜੀ
ਜਿਸ ਨੂੰ
ਭਾਈ ਸੰਤ ਸਿੰਘ ਨਕਸ਼ੇ ਨਵੀਸ ਕਮੇਟੀ ਸ੍ਰੀ ਅੰਮ੍ਰਿਤਸਰ ਜੀ
ਨੇ ਗੁਰਬਾਣੀ ਦੇ ਸ਼ੁੱਧ ਅਰਥਾਂ ਦੇ ਪ੍ਰਚਾਰ ਅਤੇ ਗੁਰਬਾਣੀ ਦੇ ਸ਼ੁੱਧ ਅਰਥ
ਪ੍ਰੇਮੀਆਂ ਦੇ ਲਾਹ ਲਈ ਬਹੁਤ ਸਾਰਾ ਦਰਬ ਖਰਚ ਕੇ ਤੇ ਬਹੁਤ ਮੇਹਨਤ
ਕਰਕੇ, ਪੂਰਣ ਪ੍ਰੇਮ ਸਹਿਤ ਛਪਵਾ ਕੇ ਮਨਮੋਹਨ ਪ੍ਰੈਸ, ਅੰਮ੍ਰਿਤਸਰ ਵਿਚ ਮੋਹਨ
ਸਿੰਘ ਮੈਨੇਜਰ ਦੇ ਪ੍ਰਬੰਧ ਨਾਲ ਛਪਿਆ। (ਦੇਖੋ ਚਿੱਤਰ ਨੰ: 1, ਸਫ਼ਾ 322)

ਇਸ ਬਹੁ-ਭਾਗੀ ਰਚਨਾ ਦੇ ਪੰਜ ਭਾਗ ਹਨ। ਪਹਿਲਾ ਭਾਗ ਲੰਮੇ ਚੌੜੇ ਆਕਾਰ ਦੇ 356 ਪੰਨਿਆਂ ਵਿਚ ਮੁਦ੍ਰਿਤ ਹੈ। ਇਹ ਚਾਰ ਸਫ਼ੇ ਦੀ ਭੂਮਿਕਾ ਤੋਂ ਬਾਅਦ ਹੇਠ ਲਿਖੇ ਸਿਰਲੇਖ ਨਾਲ ਆਰੰਭਿਆ ਹੋਇਆ ਹੈ:

"ਅਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਾ
ਟੀਕਾ ਪਰਿਯਾ ਮਿਸਰਤ ਲਿਖਯਤੇ"

ਇਸ ਵਿਚ ਅੰਕਿਤ ਅਜਿਹੇ 'ਪਰਿਯਾ' ਦੀ ਵੰਨਗੀ ਨਿਮਨ-ਲਿਖਤ ਹੈ:

"ਦੁਨੀਆ ਕੈਸਿ ਮੁਕਾਮੇ। ਸਪਸ਼ਟ॥
ਕਰਿ ਸਿਦਕ ਕਰਣੀ ਖਰਚੁ ਬਾਧਹੁ; ਲਗਿ ਰਹੁ ਨਾਮੇ॥"

ਹੇ ਕਾਜੀ! 'ਸਿਦਕ' ਨਾਮ ਭਰੋਸੇ ਪੂਰਬਕ ਨਾਮ ਮੇਂ ਲਗਣੇ ਰੂਪੀ ਜੋ ਕਰਣੀ ਕਰਨੀ ਹੈ ਇਹ ਖਰਚ ਬੰਧੋ।
ਸਿਦਕ ਰੂਪ।
ਦੇਵ ਸਥਾਨਿ ਸਮੇਰ ਪਰਬਤ
ਕਰਿ ਕੂਚ ਕੂਚਾ ਕਰ ਗਏ
ਕੂਚਾ ਅੰਦਰ ਕੂਚ ਕਰ ਗਏ। 'ਦਰ' ਪਦ ਦਾ ਅਰਥ 'ਅੰਦ੍ਰ' ਹੈ।

ਇਹ ਪ੍ਰਿਯਾ ਸੰਨ 1929 ਈ. ਵਿਚ ਪੰਜ ਜਿਲਦਾਂ ਵਿਚ ਅੰਮ੍ਰਿਤਸਰ ਤੋਂ

ਪ੍ਰਕਾਸ਼ਿਤ ਹੋਇਆ ਸੀ। ਇਸ ਦੇ ਪਹਿਲੇ ਭਾਗ ਦੇ 356 ਸਫ਼ੇ ਹਨ। ਦੂਜੇ ਭਾਗ ਦੇ 196 ਤੇ ਮੇਰੇ ਕੋਲ ਚੌਥਾ ਭਾਗ ਹੈ, ਇਸ ਦੇ 636 ਸਫ਼ੇ ਹਨ। ਇਕ ਗੂਜਰੀ ਰਾਗ ਤੋਂ ਲੈ ਕੇ ਰਾਗੁ ਤੁਖਾਰੀ ਹੈ। ਇਸ ਵਿਚ ਪਦ ਅਰਥ ਨਹੀਂ ਦਿੱਤੇ ਗਏ, ਕੇਵਲ ਵਿਆਖਿਆਕਾਰੀ ਕੀਤੀ ਗਈ ਹੈ। (ਦੇਖੋ ਚਿੱਤਰ ਨੰ: 2, ਸਫ਼ਾ 323)

ਸਭ ਹੱਕ ਰਾਖਵੇਂ ਹਨ

੧ ਓ ਸਤਿਗੁਰਪ੍ਰਸਾਦਿ ॥

ਖੋਜਤ ਖੋਜਤ ਅੰਮ੍ਰਿਤ ਪੀਆ ॥

ਗੁਰਮੁਖ ਜਨਮ ਸਕਾਰਥਾ ਗੁਰਬਾਣੀ ਪੜ੍ਹ ਸਮਝ ਸੁਣੇਹੀ ॥

ਪੋਥਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ

ਭਾਗ ਚੌਥਾ

ਰਾਗ ਗੂਜਰੀ ਤੋਂ ਲੈਕੇ ਰਾਗ ਮਾਰੂ ਤਕ

* ਅਰਥਾਤ *

ਸੰਖੇਪ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ

ਅਥਵਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਦਾ ਸੰਪ੍ਰਦਾਈ ਟੀਕਾ

ਟੀਕਾਕਾਰ:-

ਸ੍ਰੀ ਮਾਨ ਸੰਤ ਗੋਬਿੰਦ ਦਾਸ ਜੀ ਉਦਾਸੀਨ ਵਿਰੱਕਤ ਅਮ੍ਰਿਤਸਰ

ਜਿਸਨੂੰ

ਭਾਈ ਸੰਤ ਸਿੰਘ ਨਕਸ਼ੇ ਨਵੀਸ, ਕਮੇਟੀ ਸ੍ਰੀ ਅੰਮ੍ਰਿਤਸਰ ਜੀ

ਨੇ

ਗੁਰਬਾਣੀ ਦੇ ਸ਼ੁੱਧ ਅਰਥਾਂ ਦੇ ਪ੍ਰਚਾਰ ਅਤੇ ਗੁਰਬਾਣੀ ਦੇ ਸ਼ੁਧ ਅਰਥ ਸਮਝਨ ਹਿਤ ਪ੍ਰੇਮੀਆਂ ਦੇ ਲਾਭ ਲਈ ਬਹੁਤ ਸਾਰਾ ਦਰਬ ਖਰਚ ਕੇ ਤੇ ਬਹੁਤ ਮੇਹਨਤ ਕਰਕੇ

ਸੰ: ੧੯੮੬] ਪੂਰਨ ਪ੍ਰੇਮ ਸਹਿਤ ਛਪਵਾਯਾ॥ [ਸੰ: ੧੯੨੯

ਪਹਿਲੀ ਵਾਰ ੫੦੦] {ਕੀਮਤ ੧੨), ਬਾਰਾਂ ਰੁਪਏ

(ਚਿੱਤਰ ਨੰ. 1)



ਰਾਗ ਗੂਜਰੀ (੧) ਪੂਜਾ ਸ੍ਰੀ ਗੁਰੂ ਗ੍ਰੰਥ ਸਾਹਿਬ

ਰਾਗ ਗੂਜਰੀ

੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਰਾਗੁ ਗੂਜਰੀ ਮਹਲਾ ੧ ਚਉਪਦੇ ਘਰੁ ੧ ॥

ਆਸਾ ਰਾਗ ਕੀ ਇਤੀ ਕਰਕੇ ਅਬ ਸਤਿਗੁਰ ਅਰਜਨ ਦੇਵ ਜੀ ਸ੍ਰੀ ਗੂਜਰੀ ਰਾਗ ਕਾ ਪਰੀਰੰਭ ਕਰਤੇ ਹੈਂ ਵਿਧੀ ਪੂਰਬਕ ਪ੍ਰਿਥਮ ਸਤਿਗੁਰ ਨਾਨਕ ਦੇਵ ਜੀ ਕੇ ਦੋ ਸ਼ਬਦ ਨਿਰੂਪਨ ਕਰਤੇ ਹੈਂ । ਸਤਿਗੁਰ ਨਾਨਕ ਦੇਵ ਜੀ ਪਾਸ ਕੋਈ ਬ੍ਰਾਹਮਣ ਚਲਕੇ ਆਇਆ ਹੈ ਕਹਿਣੇ ਲਗਿਆ ਆਪ ਪੂਜਾ ਕਰਿਆ ਕਰੋ ਔਰ ਮਸਤਕ ਮੈਂ ਤਿਲਕ ਲਗਾਵਣਾ ਚੰਗਾ ਹੈ ਚੰਦਨ ਆਦਿਕ ਦਾ। ਤਿਸ ਪ੍ਰਤੀ ਸਤਿਗੁਰ ਦੇਵ ਜੀ ਸ਼ਬਦ ਉਚਾਰਤੇ ਹੈਂ।

ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥

ਹੇ ਬ੍ਰਾਹਮਣ ਤੇਰਾ ਕਹੀਏ ਤਿਸ ਪ੍ਰਮਾਤਮ ਦੇਵ ਕਾ ਨਾਮ ਵਾ ਤੇਰਾ ਸਨਮੁਖ ਜਾਨਣਾ ਹੇ ਪ੍ਰਮੇਸ੍ਵਰ ਤੇਰਾ ਨਾਮ ਹੀ ਚਨਣਾਠੀਆ ਕਹੀਏ ਚੰਦਨ ਕੀ ਲਕੜੀ ਕਰੀਏ ਔਰ ਜੇਕਰ ਤੇਰੇ ਨਾਮ ਰੂਪੀ ਚੰਦਨ ਦੀ ਲਕੜੀ ਕਾ ਘਸਾਵਣਾ ਮਨ ਰੂਪੀ ਉਰਸਾ ਕਹੀਏ ਪੱਥਰ ਉਪਰ ਹੋਵੇ। ਅਰਥਾਤ ਮਨ ਮੈਂ ਗ੍ਰਹਨ ਕਰਨਾ ਏਹੀ ਘਸਾਵਣਾ ਹੈ।

ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥

ਉਸ ਮੈਂ ਨਿਸ਼ਕਾਮ ਕਰਨੀ ਰੂਪੀ ਕੁੰਗੂ ਕਹੀਏ ਕੇਸਰ ਜੇ ਕਰਕੇ ਰਲ ਜਾਵੇ। ਤਾਂ ਹੇ ਬ੍ਰਾਹਮਣ ਏਹ ਘਟ ਅੰਤ੍ਰੀਵ ਪੂਜਾ ਹੋਵੇ ਬਾਹਜ ਪੂਜਾ ਨਹੀਂ। ਵਾ ਘਟ ਅੰਤਰ ਜੋ ਪ੍ਰਮੇਸ੍ਵਰ ਉਸਕੀ ਏਹ ਪੂਜਾ ਹੋਵੈ।

ਬਾਹਰ ਦੇਵ ਪਖਾਲੀਅਹਿ ॥

ਬਾਹਰਲੇ ਦੇਵ ਭਾਵੇਂ ਕਿਤਨਾ ਹੀ ਪਖਾਲ ਲਵੇ ਨਿਸਫਲ ਹੈ। ਵਾ ਬਾਹਰਲੇ ਦੇਵ ਨਾਮ ਦੇਹ।

ਮੈਖ ਪਇਆਣਾ ਹੋਇ ॥

ਮੋਖ ਕੀ ਤਰਫ ਪਇਆਣਾ ਕਹੀਏ ਚਲਣਾ ਹੋਵੇ ਹੈ ਅਬ ਇਹ ਦਿਖਲਾਵਤੇ ਹੈਂ ਈਸ਼ੂਰ ਨਾਮ ਤੇ ਬਿਨਾਂ ਪਸ਼ੂ ਹੀ ਚੰਗੇ ਹੈ।

ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥

ਜਿਸ ਕਿਸੀ ਕੋ ਪਸੂ ਮਿਲਤੇ ਹੈਂ ਓਹ ਪਸੂਆਂ ਕੀ ਚੰਗਿਆਈਆਂ ਨਾਮ ਵਡਿਆਈ ਕਰਦਾ ਹੈ ਵਾ ਪਸੂਆਂ ਕੋ ਚੰਗਿਆਈਆਂ ਹੀ ਮਿਲਤੀ ਹੈਂ। ਕਿਉਂ ਇਹ ਜਾਨਤੇ ਹੈਂ ਕਿ ਇਹ ਪਸੂ ਖੜ ਨਾਮ ਘਾਸ ਖਾਤੇ ਹੈਂ ਔਰ ਅੰਮ੍ਰਿਤ ਦੁਧ ਦੇਤੇ ਹੈਂ। ਨਾਮ ਰਹਿਤ ਕੀ ਅਗੇ ਸਪਸ਼ਟ ਪੰਗਤੀ ਹੈ।

ਗੂਜਰੀ ਮਹਲਾ ੧ ॥

ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ ॥

ਭਗਵਾਨ ਦੀ ਨਾਭੀ ਕਵਲ ਤੇ ਜੋ ਬ੍ਰਹਮਾਂ ਉਤਪੰਨ ਹੂਏ ਸੋ ਮੁਖ ਨਾਮ ਦੁਆਰਾ ਅਰਥਾਤ ਕੰਠ ਦੁਆਰਾ ਸਵਾਰ ਸਵਾਰ

(ਚਿੱਤਰ ਨੰ. 2)

ਅਧਿਆਇ ਗਿਆਰ੍ਹਵਾਂ

ਉਦਾਸੀ ਸੰਤਾਂ ਵੱਲੋਂ ਬਿਹਾਰ ਵਿਚ ਗੁਰਮਤਿ ਪ੍ਰਚਾਰ

ਅਸੀਂ ਪਿੱਛੇ ਲਿਖ ਆਏ ਹਾਂ ਕਿ ਉਦਾਸੀ ਸੰਪ੍ਰਦਾਇ ਨੇ ਨਾ ਕੇਵਲ ਪੰਜਾਬ ਵਿਚ, ਬਲਕਿ ਸਾਰੇ ਭਾਰਤ ਵਿਚ ਆਪਣੇ ਡੇਰੇ ਕਾਇਮ ਕੀਤੇ। ਖ਼ਾਸ ਤੌਰ 'ਤੇ ਬਿਹਾਰ ਵਿਚ ਉਦਾਸੀ ਸੰਪ੍ਰਦਾ ਦੇ 360 ਤੋਂ ਵੱਧ ਅਸਥਾਨ ਹਨ। ਉਦਾਸੀ ਸੰਤਾਂ ਗੁਰਮਤਿ ਪ੍ਰਚਾਰ ਖ਼ਾਸ ਕਰਕੇ ਉੱਤਰੀ ਬਿਹਾਰ ਅਤੇ ਦੱਖਣੀ ਬਿਹਾਰ ਦੇ ਕੁਝ ਜ਼ਿਲ੍ਹਿਆਂ ਵਿਚ ਕੀਤਾ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਆਪਣੇ ਦੌਰੇ ਸਮੇਂ ਉੱਤਰੀ ਬਿਹਾਰ ਲੰਘ ਕੇ ਬੰਗਾਲ, ਆਸਾਮ ਤੇ ਢਾਕੇ ਵੱਲ ਗਏ। ਇਹੀ ਕਾਰਨ ਹੈ ਕਿ ਗੁਰਮਤਿ ਦੇ ਕੇਂਦਰ ਵੀ ਉੱਤਰੀ ਬਿਹਾਰ ਵਿਚ ਦੇਖਣ ਨੂੰ ਜ਼ਿਆਦਾ ਮਿਲਦੇ ਹਨ। ਹੁਣ ਤਕ ਕੀਤੀ ਖੋਜ ਅਨੁਸਾਰ ਪਟਨਾ, ਆਰਾ, ਛਪਰਾ, ਦਰਭੰਗਾ, ਮੁਜ਼ੱਰਫ਼ਰਪੁਰ, ਗਯਾ, ਮੁੰਗੇਰ ਅਤੇ ਸਸਰਾਮ ਆਦਿ ਜ਼ਿਲ੍ਹਿਆਂ ਵਿਚ ਉਦਾਸੀ ਸਾਧੂਆਂ ਨੇ ਪ੍ਰਚਾਰ ਕੀਤਾ ਹੈ। ਅਸੀਂ ਜ਼ਿਲ੍ਹਾ ਪੱਧਰ 'ਤੇ ਪਹਿਲਾਂ ਚਾਰ ਧੂਣਿਆਂ, ਫਿਰ ਛੇ ਬਖ਼ਸ਼ਿਸ਼ਾਂ ਦੇ ਸਾਧੂਆਂ ਵੱਲੋਂ ਕੀਤੇ ਪ੍ਰਚਾਰ ਅਤੇ ਸਥਾਪਤ ਕੇਂਦਰਾਂ ਦੇ ਵਰਣਨ ਕਰਨ ਦਾ ਯਤਨ ਕੀਤਾ ਹੈ। ਚਾਰ ਧੂਣਿਆਂ ਦੇ ਕਾਇਮ ਹੋਣ ਨਾਲ ਉਦਾਸੀ ਸਾਧੂਆਂ ਵੱਲੋਂ ਗੁਰਮਤਿ ਦਾ ਪ੍ਰਚਾਰ ਇਕ ਨਿਯਮ ਤੇ ਬੱਝਵੇਂ ਢੰਗ ਨਾਲ ਹੋਣ ਲੱਗ ਪਿਆ।

ਪਟਨਾ ਬਿਹਾਰ ਦੀ ਰਾਜਧਾਨੀ ਹੋਣ ਕਰਕੇ ਬਿਹਾਰ ਦਾ ਮੁੱਖ ਸ਼ਹਿਰ ਹੈ। ਇਸ ਨੂੰ ਤਿੰਨ ਗੁਰੂ ਸਾਹਿਬਾਨ ਗੁਰੂ ਨਾਨਕ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੁਹ ਪ੍ਰਾਪਤ ਹੈ। ਚਾਰ ਧੂਣਿਆਂ ਅਤੇ ਛੇ ਬਖ਼ਸ਼ਿਸ਼ਾਂ ਦੇ ਲਗਪਗ ਸਾਰੇ ਹੀ ਸਾਧੂਆਂ ਨੇ, ਜੋ ਪੂਰਬ ਵੱਲ ਗੁਰਧਾਮ ਯਾਤਰਾ ਲਈ ਗਏ, ਇਸ ਪਵਿੱਤਰ ਅਸਥਾਨ ਦੀ ਧੂੜ ਮਸਤਕ ਨੂੰ ਲਾਈ ਅਤੇ ਜਿਹੜੇ ਗੁਰੂ ਅਸਥਾਨ ਖ਼ਾਲੀ ਪਏ ਸਨ, ਉਹਨਾਂ ਸੇਵਾ-ਸੰਭਾਲੀ ਅਤੇ ਗੁਰਮਤਿ ਪ੍ਰਚਾਰ ਕੀਤਾ।

ਬਾਬਾ ਅਲਮਸਤ ਜੀ ਚਾਰ ਪ੍ਰਚਾਰਕਾਂ ਵਿੱਚੋਂ ਮੁੱਖ ਪ੍ਰਚਾਰਕ ਸਨ। ਉਨ੍ਹਾਂ ਨੇ ਉਦਾਸੀ ਪ੍ਰਚਾਰਕਾਂ ਦੀ ਲੰਬੀ ਲੜੀ ਤਿਆਰ ਕੀਤੀ। ਸਭ ਤੋਂ ਮਹੱਤਵਪੂਰਣ ਕੰਮ ਜੋ ਬਾਬਾ ਅਲਮਸਤ ਜੀ ਨੇ ਕੀਤਾ, ਉਹ ਇਹ ਸੀ ਕਿ ਉਨ੍ਹਾਂ ਨੇ ਆਪਣੇ ਸਭ ਚੇਲਿਆਂ ਨੂੰ ਗੁਰਮੁਖੀ ਲਿਪੀ ਸਿਖਾਈ। ਉਸ ਸਮੇਂ ਨਵੇਂ ਬਣਨ ਵਾਲੇ ਚੇਲੇ ਲਈ ਗੁਰਮੁਖੀ ਪੜ੍ਹਨੀ ਤੇ ਲਿਖਣੀ ਲਾਜ਼ਮੀ ਹੁੰਦੀ ਸੀ।

ਬਾਬਾ ਗੰਗਾ ਦਾਸ, ਬਾਬਾ ਅਲਮਸਤ ਜੀ ਦਾ ਚੇਲਾ 1886 ਈ. ਵਿਚ ਪਟਨਾ

ਸਾਹਿਬ ਵਿਖੇ ਆਇਆ। ਗੁਰੂ ਨਾਨਕ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਸਥਾਨ, ਜਿਸ ਨੂੰ ਅੱਜ ਤਖ਼ਤ ਪਟਨਾ ਸਾਹਿਬ ਦੇ ਨਾਂ ਨਾਲ ਸਤਿਕਾਰਿਆ ਜਾਂਦਾ ਹੈ, ਦੇ ਦਰਸ਼ਨ ਕੀਤੇ ਤੇ ਹੋਰ ਖ਼ਾਲੀ ਪਏ ਸਥਾਨਾਂ ਦੀ ਸੇਵਾ-ਸੰਭਾਲ ਆਰੰਭ ਕੀਤੀ ਅਤੇ ਗੁਰਮਤਿ ਦਾ ਪ੍ਰਚਾਰ ਆਰੰਭਿਆ।

ਪਟਨਾ ਸਾਹਿਬ ਵਿਚ ਗੰਗਾ ਨਦੀ ਦੇ ਕਿਨਾਰੇ ਇਕ ਚਰਖੀ ਘਾਟ ਹੈ। ਇਸ ਪਵਿੱਤਰ 'ਚਰਖੀ ਘਾਟ' 'ਤੇ ਗੁਰੂ ਨਾਨਕ ਦੇਵ ਜੀ ਦੇ ਅਨਿੰਨ ਭਗਤ ਪ੍ਰਭੂ ਦਾਸ ਜੀ ਦਾ ਰਿਹਾਇਸ਼ੀ ਮਕਾਨ ਸੀ। ਬਾਬਾ ਅਲਮਸਤ ਜੀ ਦੇ ਸੱਤਵੇਂ ਚੇਲੇ ਸਾਧੂ ਅਜੀਤ ਮੱਲ ਜੀ ਇਥੇ ਪਹੁੰਚੇ। ਫਿਰ ਅੱਠਵੀਂ ਪੀੜ੍ਹੀ ਵਿੱਚੋਂ ਬਾਬਾ ਗੰਗਾ ਦਾਸ ਜੀ ਤੀਰਥ ਯਾਤਰਾ ਤੇ ਧਰਮ ਪ੍ਰਚਾਰ ਕਰਦੇ ਹੋਏ ਇਸ ਘਾਟ 'ਤੇ ਪਹੁੰਚੇ। ਕੁਝ ਸਮਾਂ ਇਸ ਘਾਟ 'ਤੇ ਆਸਣ ਜਮਾ ਕੇ ਸਿਮਰਨ ਭਜਨ ਦਾ ਅਨੰਦ ਮਾਣਦੇ ਰਹੇ। ਭਗਤ ਪ੍ਰਭੂ ਦਾਸ ਜੀ ਨੇ ਇਨ੍ਹਾਂ ਸਾਧੂਆਂ ਦੀ ਅਤੁੱਟ ਸੇਵਾ ਕੀਤੀ ਅਤੇ ਸੰਮਤ 1942 ਬਿ: (1885 ਈ:) ਨੂੰ ਆਪਣਾ ਰਿਹਾਇਸ਼ੀ ਮਕਾਨ ਇਨ੍ਹਾਂ ਸਾਧੂਆਂ ਨੂੰ ਦਾਨ ਕਰ ਕੇ ਹਮੇਸ਼ਾਂ ਲਈ ਸਤਿਸੰਗਤ ਦਾ ਅਸਥਾਨ ਬਣਾ ਦਿੱਤਾ, ਜਿਥੇ ਅੱਜ ਵੀ ਉਦਾਸੀ ਸੰਗਤ ਹੈ। ਬਾਬਾ ਅਲਮਸਤ ਜੀ ਦੀ ਸ਼ਾਖ਼ ਦੇ 22 ਧਾਰਮਿਕ ਕੇਂਦਰ ਬਿਹਾਰ ਵਿਖੇ ਮਿਲਦੇ ਹਨ। ਇਹ ਕੇਂਦਰ ਗੁਰਮਤਿ ਪ੍ਰਚਾਰ ਲਈ ਬੜੇ ਲਾਭਦਾਇਕ ਸਾਬਤ ਹੋਏ। ਚਾਰ ਧੂਣਿਆਂ ਵਿੱਚੋਂ ਦੂਸਰਾ ਪ੍ਰਚਾਰਕ ਫੂਲ ਸਾਹਿਬ ਸੀ, ਜਿਸ ਦੀ ਸ਼ਾਖ਼ ਦੇ ਪੰਜ ਕੇਂਦਰ ਬਿਹਾਰ ਵਿਖੇ ਇਸ ਸਮੇਂ ਵੀ ਮਿਲਦੇ ਹਨ। ਚੌਥਾ ਪ੍ਰਚਾਰਕ ਬਾਲੂ 'ਹੱਸਣਾ' ਸੀ, ਜਿਸ ਨੂੰ ਬਾਬਾ ਗੁਰਦਿੱਤਾ ਜੀ ਨੇ 1636 ਈ. ਵਿਚ ਆਪਣਾ ਚੇਲਾ ਥਾਪਿਆ ਸੀ। ਪਟਨਾ ਵਿਖੇ ਉਦਾਸੀਆਂ ਤੇ ਪੰਚਾਇਤੀ ਅਖਾੜੇ ਵੱਲੋਂ 36 ਧਰਮਸਾਲਾਵਾਂ ਬਣੀਆਂ ਹੋਈਆਂ ਹਨ। ਇਨ੍ਹਾਂ ਵਿੱਚੋਂ ਕੁਝ ਕੁ ਮਸ਼ਹੂਰ ਕੇਂਦਰ ਅੱਜ ਵੀ ਕਾਇਮ ਹਨ, ਜਿਨ੍ਹਾਂ ਵਿੱਚੋਂ ਅਸੀਂ ਕੁਝ ਕੁ ਦਾ ਵਰਣਨ ਕਰਦੇ ਹਾਂ:

1. **ਕਰਨਲ ਗੰਜ** : ਇਹ ਅਸਥਾਨ ਪਟਨਾ ਸਾਹਿਬ ਵਿਖੇ ਪੱਛਮੀ ਦਰਵਾਜ਼ੇ ਮੁਹੱਲੇ ਅੰਦਰ ਸਥਿਤ ਹੈ। ਇਹ ਗੁਰੂ ਨਾਨਕ ਦੇਵ ਜੀ ਦੀ ਚਰਨ ਛੂਹ ਨਾਲ ਪਵਿੱਤਰ ਹੋਈ ਧਰਤੀ ਹੈ। ਬਾਬਾ ਅਚਿੰਤ ਪ੍ਰਕਾਸ਼ ਨੇ 1720 ਬਿ: (1663 ਈ.) ਨੂੰ ਇਥੇ ਸਿੱਖ ਧਰਮ ਕੇਂਦਰ ਕਾਇਮ ਕੀਤਾ। ਅੱਜ ਵੀ ਇਹ ਅਸਥਾਨ ਪੱਛਮੀ ਦਰਵਾਜ਼ੇ ਦੀ ਸੰਗਤ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ, ਪ੍ਰਚਾਰ ਹੁਣ ਪਹਿਲਾਂ ਵਾਂਙ ਨਹੀਂ ਹੁੰਦਾ।
2. **ਸਿਮਲੀ** : ਇਹ ਅਸਥਾਨ ਵੀ ਪਟਨਾ ਵਿਖੇ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਪੂਰਬ ਦੀ ਯਾਤਰਾ ਸਮੇਂ ਸ਼ਹਿਰੋਂ ਬਾਹਰ ਡੇਰਾ ਲਾਇਆ ਸੀ। ਬਾਲੂ 'ਹੱਸਣਾ' ਦੀ ਸ਼ਾਖ਼ ਦੇ ਸਾਧੂ ਬਖ਼ਤ ਮੱਲ ਦੇ ਚੇਲੇ ਬਾਬਾ ਗੁਲਮੋਹਰ ਜੀ ਨੇ ਪਟਨਾ ਆ ਕੇ ਇਸ ਅਸਥਾਨ ਨੂੰ ਭਾਲਿਆ ਅਤੇ ਸੇਵਕ ਸ਼ਰਧਾਲੂਆਂ ਦੀ ਮਦਦ ਨਾਲ ਸੰਮਤ 1772 ਬਿ: (1715 ਈ.) ਨੂੰ ਇਥੇ ਧਰਮਸਾਲਾ ਬਣਵਾਈ। ਇਹ ਅੱਜ ਵੀ ਸਿਮਲੀ ਧਰਮਸਾਲਾ ਕਰਕੇ ਮਸ਼ਹੂਰ ਹੈ। ਬਾਬਾ

ਗੁਲਮੋਹਰ ਜੀ ਇਕ ਚੰਗੇ ਵੈਦ ਸਨ। ਉਹ ਲੋਕਾਂ ਦੀ ਮੁਫ਼ਤ ਸੇਵਾ ਕਰਦੇ ਸਨ। ਬਾਬਾ ਜੀ ਦੇ ਚੇਲਿਆਂ ਦੀ ਲੜੀ ਦਸ ਪੀੜ੍ਹੀਆਂ ਤਕ ਮਿਲਦੀ ਹੈ।

3. **ਬਾਬਾ ਮਲੀਆਂ ਮਹਾਂਦੇਵ :** ਇਹ ਅਸਥਾਨ ਵੀ ਪਟਨਾ ਵਿਖੇ ਹੈ। ਬਾਲੂ 'ਹੱਸਣਾ' ਦੇ ਸਾਧੂਆਂ ਨੇ ਸੰਮਤ 1904 ਬਿ: (1847 ਈ.) ਨੂੰ ਇਥੇ ਧਰਮਸਾਲਾ ਕਾਇਮ ਕੀਤੀ। ਜਿਸ ਦੀ ਬੁਨਿਆਦ ਜਾਦੋ ਰਾਇ ਦੀ ਸ਼ਾਖ਼ ਵਿੱਚੋਂ ਬਾਬਾ ਪਰਮਾਨੰਦ ਜੀ ਨੇ ਰੱਖੀ। ਬਾਬਾ ਜੀ ਨੇ ਆਪਣੇ ਸ਼ਰਧਾਲੂਆਂ ਨੂੰ ਪ੍ਰੇਰ ਕੇ ਇਸ ਧਰਮਸਾਲਾ ਦੀ ਸੇਵਾ ਕਰਵਾਈ। ਇਸ ਕੇਂਦਰ ਦੇ ਸਾਧੂਆਂ ਦੀ ਲੜੀ ਅੱਠ ਪੀੜ੍ਹੀਆਂ ਤਕ ਮਿਲਦੀ ਹੈ।

ਚੌਥੇ ਧੂਣੇ ਬਾਬਾ ਬਾਲੂ 'ਹੱਸਣਾ' ਦੀ ਸ਼ਾਖ਼ ਦੇ ਬਿਹਾਰ ਵਿਖੇ 45 ਸਿੱਖ ਧਾਰਮਿਕ ਕੇਂਦਰ ਹਨ। ਇਹ ਸਭ ਡੇਰੇ ਉੱਤਰੀ ਭਾਰਤ ਦੇ ਜ਼ਿਲ੍ਹਾ ਆਰਾ, ਗਯਾ, ਮੁੰਗੇਰ, ਛਪਰਾ, ਦਰਭੰਗਾ, ਪੂਰਨੀਆ ਅਤੇ ਪਟਨਾ ਵਿਖੇ ਮਿਲਦੇ ਹਨ। ਇਹਨਾਂ ਵਿੱਚੋਂ ਅੱਜ ਵੀ ਬਹੁਤ ਸਾਰੇ ਕੇਂਦਰ ਕਾਇਮ ਹਨ ਅਤੇ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ।

ਬਖ਼ਸ਼ਿਸ਼ਾਂ ਦਾ ਬਿਹਾਰ ਵਿਖੇ ਗੁਰਮਤਿ ਪ੍ਰਚਾਰ

ਉਦਾਸੀ ਭੇਖ ਦੀਆਂ ਛੇ ਬਖ਼ਸ਼ਿਸ਼ਾਂ ਵਿੱਚੋਂ ਮੁੱਖ ਰੂਪ ਵਿਚ ਬਾਬਾ ਭਗਤ ਭਗਵਾਨ, ਸੰਗਤ ਸਾਹਿਬ ਅਤੇ ਮੀਹਾਂ ਸਾਹਿਬ ਦੀ ਸੰਗਤ ਦੀਆਂ ਸ਼ਾਖ਼ਾ ਦੇ ਸਾਧੂਆਂ ਨੇ ਬਿਹਾਰ ਵਿਖੇ ਗੁਰਮਤਿ ਦਾ ਪ੍ਰਚਾਰ ਕੀਤਾ।

ਬਾਬਾ ਭਗਤ ਭਗਵਾਨ ਦੇ ਚੇਲੇ ਬਖ਼ਤ ਮੱਲ ਦੀ ਸ਼ਾਖ਼ ਵਿੱਚੋਂ ਬਾਬਾ ਫ਼ਤਹਿ ਚੰਦ ਨੇ ਸੰਮਤ 1762 ਬਿ: (1705 ਈ.) ਨੂੰ ਪਟਨਾ ਵਿਖੇ ਇਕ ਧਰਮਸਾਲਾ ਕਾਇਮ ਕੀਤੀ ਅਤੇ ਨਾਮ ਬਾਣੀ ਦਾ ਪ੍ਰਵਾਹ ਚਲਾਇਆ। ਇਸ ਧਰਮਸਾਲਾ ਦੇ ਸਾਧੂਆਂ ਦੀ ਦਸ ਪੁਸ਼ਤਾਂ ਤਕ ਗੱਦੀ ਨਸ਼ੀਨੀ ਮਿਲਦੀ ਹੈ।

ਬਾਬਾ ਫ਼ਤਹਿ ਚੰਦ ਤੋਂ ਬਾਅਦ ਬਾਬਾ ਗੋਬਿੰਦ ਦਾਸ ਨੇ ਇਸ ਅਸਥਾਨ ਦੀ ਸ਼ਾਨ ਚਮਕਾਈ। ਇਹ ਅਸਥਾਨ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਯਾਦਗਾਰੀ ਅਸਥਾਨ ਹੈ। ਇਥੇ ਗੁਰਬਾਣੀ ਪੜ੍ਹਨ, ਸੁਣਨ ਅਤੇ ਕਥਾ-ਕੀਰਤਨ ਦਾ ਰੰਗ ਬੱਝਾ ਰਹਿੰਦਾ ਸੀ। ਇਸ ਅਸਥਾਨ 'ਤੇ ਸਾਧੂਆਂ ਅਤੇ ਸ਼ਰਧਾਲੂਆਂ ਨੇ ਵਿਸ਼ਰਾਮ ਘਰ ਬਣਵਾਇਆ। ਇਥੇ ਰੋਜ਼ਾਨਾ ਸੰਗਤ ਜੁੜਦੀ, ਪੂਜਾ-ਪਾਠ ਕਥਾ-ਕੀਰਤਨ ਹੁੰਦਾ ਸੀ। ਇਥੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ, ਪੂਰਨਮਾਸ਼ੀ, ਮੱਸਿਆ, ਸੰਗਰਾਂਦ ਅਤੇ ਹੋਰ ਗੁਰਪੁਰਬ ਮਨਾਏ ਜਾਂਦੇ ਸਨ। ਅੱਜ ਗੁਰਮਤਿ ਦਾ ਪ੍ਰਚਾਰ ਇਤਨੇ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਕੀਤਾ ਜਾਂਦਾ, ਜਿਸ ਤਰ੍ਹਾਂ ਦਾ ਪਹਿਲਾਂ ਹੁੰਦਾ ਸੀ।

ਤੀਸਰੀ ਬਖ਼ਸ਼ਿਸ਼ ਸੰਗਤ ਸਾਹਿਬੀਏ ਦੀ ਸ਼ਾਖ਼ ਦੇ ਸਾਧੂ ਵਾਸੂਦੇਵ ਨੇ ਵੀ ਪਟਨਾ ਵਿਖੇ 'ਲੂਣ ਗੋਲਾ' ਮੁਹੱਲਾ ਵਿਖੇ ਇਕ ਧਰਮਸਾਲਾ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸੰਮਤ 1891 ਬਿ: (1834 ਈ.) ਵਿਚ ਕਾਇਮ ਕੀਤੀ। ਇਥੇ ਅਭਿਆਗਤਾ ਵਾਸਤੇ ਗੁਰੂ ਕਾ ਲੰਗਰ ਅਤੇ ਵਿਸ਼ਰਾਮ ਘਰ ਦਾ ਇੰਤਜ਼ਾਮ ਕੀਤਾ ਗਿਆ ਸੀ।

ਬਾਬਾ ਨਾਰਾਇਣ ਦਾਸ, ਗੰਗਾ ਲਾਲ, ਮੇਹਰ ਦਾਸ ਅਤੇ ਮੇਲਾ ਰਾਮ ਇਸ ਸ਼ਾਖ਼ ਦੇ ਮਹੰਤ ਹੋਏ ਹਨ। ਇਸ ਸ਼ਾਖ਼ ਦੇ ਪਟਨਾ ਵਿਖੇ ਨੌਂ ਧਰਮ ਕੇਂਦਰ ਹੋਰ ਵੀ ਮਿਲਦੇ ਹਨ :

(ੳ) ਬੇਗਮਪੁਰ ਮੁਹੱਲੇ ਵਿਚ ਬਾਬਾ ਪ੍ਰੇਮ ਦਾਸ ਵਾਲੀ ਧਰਮਸਾਲਾ।
(ਅ) ਸਤੀ ਚੋਰਾ ਵਿਚ ਮਹੰਤ ਕਿਸ਼ਨ ਦਾਸ ਵਾਲੀ ਧਰਮਸਾਲਾ।
(ੲ) ਮਾਰੂਗੰਜ ਮੁਹੱਲੇ ਵਿਚ ਮਹੰਤ ਗੋਪਾਲ ਦਾਸ ਦਾ ਡੇਰਾ।
(ਸ) ਲੂਣ ਗੋਲਾ ਮੁਹੱਲੇ ਵਿਚ ਮਹੰਤ ਆਇਆ ਰਾਮ ਦਾ ਡੇਰਾ।
(ਹ) ਸੀੜੀ ਘਾਟ ਮੁਹੱਲੇ ਵਿਚ ਬਾਬਾ ਪ੍ਰੇਮ ਦਾਸ ਵਾਲੀ ਧਰਮਸਾਲਾ।
(ਕ) ਨੌਸਰ ਘਾਟ ਵਿਖੇ ਮਹੰਤ ਬ੍ਰਹਮ ਦਿਆਲ ਵਾਲੀ ਧਰਮਸਾਲਾ।
(ਖ) ਮਹਾਂਵੀਰ ਘਾਟ ਵਿਖੇ ਮਹੰਤ ਭ੍ਰਿਗੂ ਦਾਸ ਵਾਲੀ ਧਰਮਸਾਲਾ।
(ਗ) ਖੁਸੇਰਪੁਰ ਨਿਵਾਦਾ ਵਿਖੇ ਮਹੰਤ ਰਾਮ ਪ੍ਰਕਾਸ਼ ਦਾ ਅਸਥਾਨ।
(ਘ) ਛਤੂਆ ਘਾਟ ਵਿਖੇ ਮਹੰਤ ਜਮਨਾ ਦਾਸ ਵਾਲੀ ਧਰਮਸਾਲਾ।

ਚੌਥੀ ਬਖ਼ਸ਼ਿਸ਼ ਮੀਹਾਂ ਸਾਹਿਬ ਦੇ ਸਾਧੂਆਂ ਦੀ ਇਸ ਬਖ਼ਸ਼ਿਸ਼ ਦੇ ਸਾਧੂਆਂ ਨੇ ਬਿਹਾਰ ਵਿਖੇ ਗੁਰਮਤਿ ਪ੍ਰਚਾਰ ਵਿਚ ਆਪਣਾ ਚੋਖਾ ਯੋਗਦਾਨ ਪਾਇਆ। ਅੰਮ੍ਰਿਤਸਰ ਸੰਗਲ ਵਾਲੇ ਦੇ ਮਹੰਤ ਨਿਤਯ ਨੰਦ ਚੇਲੇ ਬ੍ਰਹਮਾ ਨੰਦ ਜੀ ਨੇ ਸੰਮਤ 1915 ਬਿ: (1858 ਈ.) ਵਿਖੇ ਅੰਮ੍ਰਿਤਸਰ ਤੋਂ ਸਿੱਧੇ ਹੀ ਪਟਨਾ ਆ ਕੇ ਆਸਣ ਜਮਾਇਆ ਅਤੇ ਇਕ ਧਰਮਸਾਲਾ ਕਾਇਮ ਕੀਤੀ। ਇਸ ਧਰਮਸਾਲਾ ਲਈ ਗੁਰੂ ਘਰ ਦੇ ਪ੍ਰੇਮੀ ਲਗੜ ਬਾਬੂ ਕਥਕ ਨੇ ਜਗ੍ਹਾ ਦਿੱਤੀ। ਇਹ ਅਸਥਾਨ ਗੰਗਾ ਦੇ ਕਿਨਾਰੇ 'ਕੇਸ਼ੋ ਰਾਏ ਘਾਟ' ਸੰਗਤ ਬ੍ਰਹਮਾਨੰਦ ਜੀ ਕਰਕੇ ਮਸ਼ਹੂਰ ਹੈ। ਇਸ ਬਖ਼ਸ਼ਿਸ਼ ਦੇ 73 ਸਿੱਖ ਧਰਮ ਕੇਂਦਰ ਬਿਹਾਰ ਵਿਖੇ ਹਨ।

ਫ਼ਰਾਂਸ਼ਿਸ਼ ਬੁਕਾਨਿਨ ਨੇ 1811-1812 ਈ. ਪਟਨਾ ਅਤੇ ਗਯਾ ਜ਼ਿਲ੍ਹੇ ਦੀ ਸਰਵੇ ਰਿਪੋਰਟ ਵਿਚ ਜ਼ਿਕਰ ਕੀਤਾ ਕਿ ਪਟਨਾ ਸਾਹਿਬ ਦੇ ਆਸ-ਪਾਸ 500 ਐਸੇ ਪਰਿਵਾਰ ਹਨ, ਜੋ ਸਿੱਖ ਧਰਮ ਨੂੰ ਮੰਨਣ ਵਾਲੇ ਹਨ। ਹਿੰਦੂਆਂ ਵਿਚ ਚਾਰ ਆਨੇ ਭਾਵ ਚੌਥਾ ਹਿੱਸਾ ਸਿੱਖ ਮੱਤ ਨੂੰ ਮੰਨਣ ਵਾਲੇ ਹਨ। ਇਹ ਸਾਰੇ ਲੋਕ ਰਕਾਬ ਗੰਜ ਦੇ ਉਦਾਸੀ ਮਹੰਤ ਗੋਬਿੰਦ ਦਾਸ ਦੇ ਸ਼ਿਸ਼ ਹਨ। ਇਸ ਤੋਂ ਇਲਾਵਾ ਹੋਰ ਛੋਟੀਆਂ ਸੰਗਤਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਰਕਾਬ ਗੰਜ ਦੇ ਮਹੰਤ ਉਦਾਸੀਆਂ ਦੇ ਮੁਖੀ ਸਨ। ਇਸੀ ਰਿਪੋਰਟ ਦੀ ਉਥਾਨਕਾ ਵਿਚ ਵੀ.ਐਸ. ਜੈਕਸਨ ਨੇ ਪਟਨਾ ਵਿਖੇ ਸਿੱਖ ਧਰਮ ਦੇ ਅਨੁਯਾਈਆਂ ਦੀ ਗਿਣਤੀ ਪੰਜਾਹ ਹਜ਼ਾਰ ਲਿਖੀ ਹੈ। ਇਹ ਗਿਣਤੀ ਪਰਿਵਾਰਾਂ ਦੇ ਮੈਂਬਰਾਂ ਸਮੇਤ ਹੈ। ਇਹ ਰਿਪੋਰਟ 1873 ਈ. ਵਿਚ ਪ੍ਰਕਾਸ਼ਿਤ ਹੋਈ ਸੀ। ਛੇ ਬਖ਼ਸ਼ਿਸ਼ਾਂ ਵਿੱਚੋਂ ਬਾਬਾ ਭਗਤ ਭਗਵਾਨ ਜੀ ਦਾ ਨਾਮ ਪਹਿਲਾਂ ਆਉਂਦਾ ਹੈ। ਬਾਬਾ ਭਗਤ ਭਗਵਾਨ ਦਾ ਪਹਿਲਾ ਨਾਮ ਭਗਤ ਗਿਰੀ ਸੀ। ਇਹ ਇਕ ਸੰਨਿਆਸੀ ਸਾਧੂ ਸਨ। ਪੰਡਤ ਬ੍ਰਹਮਾਨੰਦ ਉਦਾਸੀ ਨੇ ਆਪ ਦਾ ਜਨਮ ਬੋਧ ਗਯਾ ਦੇ ਵਸਨੀਕ ਇਕ ਉਤਕਲ ਬ੍ਰਾਹਮਣ ਦੇ ਘਰ ਹੋਇਆ ਦੱਸਿਆ ਹੈ। ਵਿਦਵਾਨਾਂ

ਨੇ ਆਪ ਦਾ ਜਨਮ ਸੰਮਤ 1556 ਬਿ: (1499 ਈ.) ਮੰਨਿਆ ਹੈ। ਆਪ ਦਸ ਨਾਮ ਉਦਾਸੀਆਂ ਵਿੱਚੋਂ ਦੀਖਿਆ ਲੈ ਕੇ ਬੋਧ ਗਯਾ ਦੇ ਮਹੰਤ ਰਹੇ।

ਆਪ ਆਪਣੇ 360 ਚੇਲਿਆਂ ਸਮੇਤ ਹਿੰਗਲਾਜ ਦੇਵੀ ਦੇ ਦਰਸ਼ਨਾਂ ਲਈ ਮਕਰਾਨ (ਸਿੰਧ) ਜਾਣ ਸਮੇਂ ਪੰਜਾਬ ਵਿਚ ਰੁਕੇ। ਆਪ ਨੇ ਗੁਰੂ ਨਾਨਕ ਦੇਵ ਜੀ ਦਾ ਨਾਮ ਸੁਣਿਆ ਸੀ, ਪਰੰਤੂ ਗੁਰੂ ਨਾਨਕ ਧਰਮ ਬਾਰੇ ਪੂਰੀ ਜਾਣਕਾਰੀ ਨਹੀਂ ਸੀ। ਆਪ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਦੇਵ ਜੀ ਦੀ ਸੱਤਵੀਂ ਜੋਤਿ ਗੁਰੂ ਹਰਿਰਾਇ ਜੀ ਕੀਰਤਪੁਰ ਸਾਹਿਬ ਵਿਖੇ ਵਿਰਾਜ ਰਹੇ ਹਨ। ਦਰਸ਼ਨਾਂ ਦੀ ਅਭਿਲਾਸ਼ਾ ਲੈ ਕੇ ਆਪ ਕੀਰਤਪੁਰ ਗਏ। ਮਨ ਦੀ ਸ਼ੰਕਾ ਨਵਿਰਤ ਹੋਣ 'ਤੇ ਅਤਿ ਪ੍ਰਸੰਨ ਹੋਏ, ਹੱਥ ਜੋੜ ਬੇਨਤੀ ਕੀਤੀ : "ਹੇ ਸਤਿਗੁਰੋ! ਮੈਨੂੰ ਆਪਣਾ ਦਾਸ ਬਣਾ ਕੇ ਦਰਸ਼ਨ ਭੇਖ ਬਖ਼ਸ਼ੋ। ਆਪ ਦੇ ਦੀਦਾਰ ਸਦਾ ਹੁੰਦੇ ਰਹਿਣ ਅਤੇ ਨਾਮ ਰਸ ਵਿਚ ਮਗਨ ਰਹਿੰਦਿਆਂ ਸਮਾਂ ਬਿਤਾਵਾਂ।"

ਗੁਰੂ ਜੀ ਦੇ ਆਦੇਸ਼ ਅਨੁਸਾਰ 'ਬਾਬਾਣੇ ਦੇਹੁਰੇ' ਕਰਤਾਰਪੁਰ ਪਹੁੰਚੇ। ਮਿਹਰ ਚੰਦ, ਜੋ ਦੇਹੁਰੇ ਦੇ ਮਹੰਤ ਸੀ, ਨੇ ਬੜੀ ਸੇਵਾ ਕੀਤੀ। ਭਗਤ ਗਿਰੀ ਨੇ ਸਵੇਰੇ ਉੱਠ ਕੇ ਦੇਖਿਆ ਕਿ ਜਿਸ ਦੇਵੀ ਦੇ ਦਰਸ਼ਨਾਂ ਲਈ ਉਹ ਜਾ ਰਹੇ ਸਨ, ਉਹ ਤਾਂ ਦੇਹੁਰੇ ਵਿਚ ਝਾੜੂ ਦੇ ਰਹੀ ਸੀ। ਇਹ ਦੇਖ ਕੇ ਗੁਰੂ ਘਰ ਪ੍ਰਤੀ ਹੋਰ ਵੀ ਸ਼ਰਧਾ ਬਣ ਗਈ।

ਭਗਤ ਗਿਰੀ ਜੀ ਆਪਣਾ ਪਿਛਲਾ ਭੇਖ ਤਿਆਗ ਕੇ ਬਾਬਾ ਮਿਹਰ ਚੰਦ ਦੇ ਸੇਵਕ ਬਣ ਗਏ। ਬਾਬਾ ਜੀ ਨੇ ਗੁਰਬਾਣੀ ਦੀ ਪੋਥੀ ਤੇ ਮਾਲਾ ਬਖ਼ਸ਼ੀ। ਗੁਰ-ਮੰਤਰ ਦ੍ਰਿੜਾਇਆ ਅਤੇ ਚਰਨਾਮ੍ਰਿਤ ਪਿਲਾਇਆ। ਨਾਮ ਭਗਤ ਗਿਰੀ ਤੋਂ ਬਦਲ ਕੇ ਭਗਤ ਭਗਵਾਨ ਰੱਖਿਆ।

ਭਗਤ ਗਿਰੀ ਜੀ ਦੇ 300 ਚੇਲੇ ਵੀ ਨਾਨਕਸ਼ਾਹੀ (ਉਦਾਸੀ) ਭੇਖ ਵਿਚ ਦਾਖ਼ਲ ਹੋ ਗਏ।

ਭਗਤ ਭਗਵਾਨ ਜੀ ਨੇ ਉਦਾਸੀ ਭੇਖ ਧਾਰਨ ਕਰਨ ਉਪਰੰਤ ਪੰਜਾਬ ਵਿਚ ਗੁਰੂ ਨਾਨਕ ਮਿਸ਼ਨ ਦਾ ਪ੍ਰਚਾਰ ਸ਼ੁਰੂ ਕੀਤਾ, ਪਰੰਤੂ ਕਾਮਯਾਬੀ ਪ੍ਰਾਪਤ ਨਾ ਹੋਣ ਕਰਕੇ ਮੁੜ ਮਹੰਤ ਮਿਹਰ ਚੰਦ ਪਾਸ ਬੇਨਤੀ ਕੀਤੀ ਤਾਂ ਮਹੰਤ ਮਿਹਰ ਚੰਦ ਜੀ ਨੇ ਕਿਹਾ, "ਅਸੀਂ ਗੱਦੀ ਪਰ ਆਸੀਨ ਨਹੀਂ ਹਾਂ। ਇਹ ਵਡਿਆਈ ਤਾਂ ਗੁਰੂ ਜੋਤਿ ਦੇ ਸੱਤਵੇਂ ਪ੍ਰਕਾਸ਼ ਗੁਰੂ ਹਰਿਰਾਇ ਪਾਸ ਹੈ। ਉਹ ਤੁਹਾਡੀ ਮੁਰਾਦ ਪੂਰੀ ਕਰਨਗੇ ਤਾਂ ਹੀ ਇਹ ਉਦਾਸੀ ਭੇਖ ਵੀ ਸਫਲ ਹੋਵੇਗਾ।"

ਭਗਤ ਭਗਵਾਨ ਜੀ ਇਹ ਆਦੇਸ਼ ਲੈ ਕੇ ਕੀਰਤਪੁਰ ਪਹੁੰਚੇ ਅਤੇ ਬੇਨਤੀ ਕੀਤੀ। ਗੁਰੂ ਹਰਿਰਾਇ ਜੀ ਨੇ ਆਸ਼ੀਰਵਾਦ ਦਿੰਦਿਆਂ ਕਿਹਾ, "ਆਗੇ ਆਓ! ਭਗਤ ਭਗਵਾਨ ਅਬ ਹੂਏ ਦਰਗਹ ਪ੍ਰਵਾਨ।"

ਭਗਤ ਭਗਵਾਨ ਜੀ ਗਯਾ ਬਿਹਾਰ ਦੇ ਵਸਨੀਕ ਸਨ। ਪੂਰਬ ਦੇਸ਼ ਵਿਚ ਪ੍ਰਚਾਰ ਕਰਨ ਲਈ ਆਸ਼ੀਰਵਾਦ ਦਿੱਤਾ :

> ਅਬ ਤੂ ਪੂਰਬ ਦੇਸ ਮੇ ਜਾਏ ਕਰੇ ਉਪਦੇਸ।
> ਸੁਨਤ ਬਚਨ ਸਭ ਕੋ ਦ੍ਰਿੜੇ ਤੁਮ ਕੋ ਕਰ ਆਦੇਸ।

(ਉਦਾਸੀ ਸਿੱਖਾਂ ਦੀ ਵਿਥਿਆ, ਪੰਨਾ 190)

ਗੁਰੂ ਜੀ ਨੇ ਆਸ਼ੀਰਵਾਦ ਨਾਲ ਭਗਤ ਭਗਵਾਨ ਜੀ ਦੀ ਅੰਤਰ-ਆਤਮਾ ਪ੍ਰਕਾਸ਼ ਸਰੂਪ ਹੋ ਚੁੱਕੀ ਸੀ। ਹਰ ਆਦਮੀ ਜੋ ਉਨ੍ਹਾਂ ਦੇ ਸੰਪਰਕ ਵਿਚ ਆਉਂਦਾ, ਉਸ ਦੇ ਬਚਨਾਂ ਦਾ ਪ੍ਰੇਮੀ ਬਣ ਜਾਂਦਾ ਸੀ। ਭਗਤ ਭਗਵਾਨ ਜੀ ਜਿਥੇ ਬੈਠੇ, ਝੁੱਗੀ ਪਾ ਲਈ। ਅੱਠੇ ਪਹਿਰ ਸਤਿਗੁਰੂ ਦਾ ਧਿਆਨ ਧਰੇ। ਗੁਰੂ ਜੀ ਦੀ ਕਿਰਪਾ ਨਾਲ ਭਗਵਾਨ ਜੀ ਨੇ ਪੂਰਬ ਦੇਸ਼ ਨੂੰ ਗੁਰਮਤਿ ਪ੍ਰਚਾਰ ਨਾਲ ਨਿਹਾਲ ਕੀਤਾ :

ਭਗਤ ਭਗਵਾਨ ਗੁਰ ਭਏ ਦਿਆਲ।
ਪੂਰਬ ਦੇਸ਼ ਤਿਨ ਕੀਆ ਨਿਹਾਲ।

(ਉਦਾਸੀ ਸਿੱਖਾਂ ਦੀ ਵਿਥਿਆ, ਪੰਨਾ 190)

ਭਗਤ ਜੀ ਦੇ 360 ਚੇਲਿਆਂ ਨੇ ਪੂਰਬੀ ਭਾਰਤ ਵਿਚ ਪ੍ਰਚਾਰ ਕੀਤਾ। ਉੱਤਰੀ ਬਿਹਾਰ ਵਿਖੇ ਆਰਾ, ਛਪਰਾ, ਦਰਭੰਗਾ, ਮੁੰਗੇਰ, ਮੁਜ਼ੱਫ਼ਰਪੁਰ, ਗਯਾ ਅਤੇ ਕੁਝ ਦੱਖਣੀ ਬਿਹਾਰ ਵਿਖੇ ਵੀ ਕਿਤੇ ਕਿਤੇ ਇਹਨਾਂ ਦੇ ਸਥਾਪਤ ਕੀਤੇ ਕੇਂਦਰ ਮਿਲਦੇ ਹਨ। ਇਥੇ ਕੁਝ ਪ੍ਰਮੁੱਖ ਕੇਂਦਰਾਂ ਦਾ ਵਰਣਨ ਕੀਤਾ ਜਾਂਦਾ ਹੈ :

(ੳ) **ਚਤਰਾ** : ਚਤਰਾ ਜ਼ਿਲ੍ਹਾ ਹਜ਼ਾਰੀ ਬਾਗ਼ ਵਿਚ ਇਕ ਨਗਰ ਹੈ। ਇਸ ਨਗਰ ਵਿਚ ਭਗਤ ਭਗਵਾਨ ਦੇ ਗੁਰ-ਭਾਈ ਬਾਬਾ ਬਦਰੀ ਦਾਸ ਦੀ ਸ਼ਾਖ਼ ਦੇ ਸਾਧੂ ਬਾਬਾ ਸੋਭਾ ਰਾਮ ਨੇ ਪਹਿਲੇ ਪਹਿਲ ਸੰਮਤ 1695 ਬਿ: (1638 ਈ.) ਵਿਚ ਉਦਾਸੀ ਸੰਪ੍ਰਦਾਇ ਦੀ ਦੀਖਿਆ ਲੈਣ ਉਪਰੰਤ ਆਸਣ ਜਮਾਇਆ ਸੀ। ਨਾਨਕਸ਼ਾਹੀ ਸਾਧੂ ਬਣਨ ਤੋਂ ਬਾਅਦ ਆਪ ਨੇ ਇਸ ਧਰਮਸਾਲਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਨਾਮ ਬਾਣੀ ਦਾ ਪ੍ਰਵਾਹ ਚਲਾਇਆ। ਇਸ ਕੇਂਦਰ ਵਿਖੇ ਬਦਰੀ ਦਾਸ ਤੋਂ ਬਾਅਦ ਉਸ ਦੇ ਚੇਲਿਆਂ ਦੀ ਲੜੀ ਚੱਲੀ, ਜੋ ਸਿੱਖ ਮਰਯਾਦਾ ਨੂੰ ਕਾਇਮ ਰੱਖਦੇ ਆਏ। ਇਹ ਚੇਲਿਆਂ ਦੀ ਲੜੀ ਦਸ ਪੁਸ਼ਤਾਂ ਤਕ ਮਿਲਦੀ ਹੈ : (1) ਬਾਬਾ ਬਦਰੀ ਦਾਸ ਦੇ ਚੇਲੇ ਬਾਬਾ ਬਰਾਨਾ ਦਾਸ, (2) ਸੋਭਾ ਰਾਮ, (3) ਅਨੂਪ ਦਾਸ, (4) ਜੈਰਾਮ ਦਾਸ, (5) ਗੁਰਦਯਾਲ, (6) ਸ਼ਿਵ ਦਯਾਲ ਦਾਸ, (7) ਕੇਵਲ ਦਾਸ, (8) ਲਾਲ ਦਾਸ, (9) ਸ਼ਿਵ ਪ੍ਰਕਾਸ਼ ਤੇ (10) ਬ੍ਰਹਮ ਪ੍ਰਕਾਸ਼ ਤਕ ਚੱਲਦੀ ਆਈ ਹੈ।

(ਅ) **ਦਾਊਦ ਨਗਰ** : ਭਗਤ ਭਗਵਾਨ ਦੀ ਸ਼ਾਖ਼ ਦਾ ਦੂਸਰਾ ਮੁੱਖ ਕੇਂਦਰ ਜ਼ਿਲ੍ਹਾ ਗਯਾ ਵਿਚ ਦਾਊਦ ਨਗਰ ਹੈ। ਦਾਊਦ ਨਗਰ ਇਕ ਕਸਬਾ ਹੈ। ਇਥੇ ਹੀ ਬਦਰੀ ਦਾਸ ਦੇ ਪੋਤਰੇ ਚੇਲੇ ਬਾਬਾ ਧਰਮ ਮੂਰਤਿ ਜੀ ਨੇ ਸੰਮਤ 1694 ਬਿ: (1637 ਈ.) ਤੋਂ ਡੇਰਾ ਲਾਇਆ ਸੀ। ਨਾਨਕਸ਼ਾਹੀ ਸਾਧੂ ਬਣ ਜਾਣ ਤੋਂ ਬਾਅਦ ਬਾਬਾ ਜੀ ਨੇ ਆਪਣੇ ਮੱਠ ਨੂੰ ਧਰਮਸਾਲਾ ਦੇ ਰੂਪ ਵਿਚ ਢਾਲ ਲਿਆ। ਸਥਾਨਕ ਨਾਨਕ ਪੰਥੀਆਂ ਤੇ ਹੋਰ ਸੇਵਕ ਸ਼ਰਧਾਲੂਆਂ ਦੀ ਸਹਾਇਤਾ ਨਾਲ ਕੁਝ ਜਾਗੀਰ ਵੀ ਲੱਗ ਗਈ। ਧਰਮਸਾਲਾ ਬਣਾਉਣ ਵਿਚ ਮਹਾਰਾਜਾ ਟਿਕਰੀ ਨੇ ਚੋਖੀ ਮਦਦ ਕੀਤੀ। ਇਸ ਗੁਰ-ਅਸਥਾਨ ਦੇ ਮਹੰਤਾਂ ਦੀ ਲੜੀ ਚੱਲੀ : (1) ਬਾਬਾ ਬਦਰੀ ਦਾਸ ਤੋਂ ਬਾਅਦ, (2) ਬਾਬਾ ਬਰਾਣਾ, (3) ਧਰਮ ਮੂਰਤਿ, (4) ਅਲਖ ਰਾਮ, (5) ਬਾਲਕ ਰਾਮ, (6) ਦਾਨਾ ਦਾਸ, (7) ਹਰਸਰਨ ਦਾਸ,

(8) ਸੁਖਦਾਸ ਅਤੇ (9) ਹਰਨਾਮ ਦਾਸ, ਜੋ ਸੰਮਤ 1980 ਬਿ: (1923 ਈ.) ਤਕ ਮੌਜੂਦ ਸੀ।

ਇਸ ਗੁਰਦੁਆਰੇ ਵਿਚ ਨਿਤਾਪ੍ਰਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਪਾਠ ਤੇ ਕਥਾ ਦਾ ਪ੍ਰਵਾਹ ਚੱਲਦਾ ਹੁੰਦਾ ਸੀ। ਇਹ ਸਾਧੂ ਗੁਰੂ ਨਾਨਕ ਦਾ ਸਰਾਧ ਵੀ ਮਨਾਉਂਦੇ ਸਨ।

1. ਪਟਨਾ ਸ਼ਹਿਰ

ਇਸ ਸ਼ਹਿਰ ਵਿਚ ਭਗਤ ਭਗਵਾਨ ਜੀ ਦੇ ਚੇਲੇ ਬਖ਼ਤ ਮੱਲ ਜੀ ਸ਼ਾਖ਼ ਵਿੱਚੋਂ ਬਾਬਾ ਫ਼ਤਹਿ ਚੰਦ ਨੇ ਸੰਮਤ 1762 ਬਿ: (1705 ਈ.) ਨੂੰ ਧਰਮਸਾਲਾ ਬਣਾਈ ਤੇ ਨਾਮ ਬਾਣੀ ਦਾ ਪ੍ਰਵਾਹ ਜਾਰੀ ਕੀਤਾ। ਇਸ ਅਸਥਾਨ 'ਤੇ ਸਾਧੂਆਂ ਦੀ ਲੜੀ ਚੱਲੀ: (1) ਭਗਤ ਜੀ ਦੇ ਚੇਲੇ ਬਢੌਨਾ ਸਾਹਿਬ, (2) ਉਨ੍ਹਾਂ ਦੇ ਚੇਲੇ ਫ਼ਤਹਿ ਚੰਦ, (3) ਤਿੰਨਾ ਦੇ ਚੇਲੇ ਸੱਚਖੇਲ ਚੰਦ, ਫਿਰ (4) ਚਾਹੀ ਰਾਮ, (5) ਗੋਬਿੰਦ ਦਾਸ, (6) ਪੁਰੀ ਦਾਸ, (7) ਸ਼ਿਵਰਾਮ ਦਾਸ, (8) ਬ੍ਰਹਮ ਦਾਸ, (9) ਬ੍ਰਹਮ ਨਾਰਾਇਣ ਤੇ (10) ਰਘੂਨੰਦਨ ਚੇਲੇ ਤੋਂ ਬਾਅਦ ਲੜੀਵਾਰ ਇਸ ਧਰਮਸਾਲਾ ਦੇ ਪ੍ਰਬੰਧਕ ਬਣਦੇ ਆਏ।

ਉਪਰੋਕਤ ਕਥਨ ਅਨੁਸਾਰ ਬਾਬਾ ਫ਼ਤਹਿ ਚੰਦ ਤੋਂ ਬਾਬਾ ਗੋਬਿੰਦ ਦਾਸ ਨੇ ਇਸ ਧਰਮ ਅਸਥਾਨ ਦੀ ਪ੍ਰਸਿੱਧੀ ਲਈ ਆਪਣਾ ਯੋਗਦਾਨ ਪਾਇਆ। ਖ਼ੂਬ ਸ਼ਾਨ ਚਮਕਾਈ। ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਿੱਤ ਕੀਤਾ ਜਾਂਦਾ ਸੀ ਅਤੇ ਗੁਰਬਾਣੀ ਪੜ੍ਹਨ ਸੁਣਨ ਦਾ ਕਾਰਜ ਨਿਰੰਤਰ ਚੱਲਦਾ ਰਹਿੰਦਾ ਸੀ।

ਉਪਰ ਲਿਖਤ ਅਨੁਸਾਰ 'ਪਟਨਾ ਅਤੇ ਗਯਾ ਰਿਪੋਰਟ' ਦੀ ਉਥਾਨਕਾ ਵਿਚ ਵੀ.ਐਸ. ਜੈਕਸਨ ਨੇ ਪੰਨਾ xxiii ਪਟਨਾ ਵਿਖੇ ਸਿੱਖ ਧਰਮ ਦੇ ਅਨੁਯਾਈਆਂ ਦੀ ਗਿਣਤੀ 50,000 (ਪਰਿਵਾਰਕ ਮੈਂਬਰਾਂ ਸਮੇਤ) ਲਿਖੀ ਹੈ।

2. ਧਨੀਆ ਪਹਾੜੀ

ਇਹ ਜ਼ਿਲ੍ਹਾ ਗਯਾ ਵਿਚ ਨਰਟੀ ਗੰਜ ਨਗਰ ਲਾਗੇ ਹੈ। ਇਥੇ ਪੂਰਬੀ ਭਾਰਤ ਦੇ ਦੌਰੇ ਸਮੇਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਨੇ ਚਰਨ ਪਾਏ। ਸਿੱਖ ਸੇਵਕ ਸ਼ਰਧਾਲੂਆਂ ਅਤੇ ਸੰਗਲ ਵਾਲੇ ਅਖਾੜੇ ਦੇ ਸੰਤਾਂ-ਮਹੰਤਾਂ ਨੇ ਇਥੇ ਇਕ ਯਾਦਗਾਰੀ ਆਸ਼ਰਮ ਸਥਾਪਤ ਕਰਨ ਦਾ ਉੱਦਮ ਕੀਤਾ ਹੈ। ਇਸ ਅਖਾੜੇ ਦੇ ਮਹੰਤ ਚਰਨ ਦਾਸ ਜੀ ਦੇ ਸੇਵਕਾਂ ਵਿੱਚੋਂ ਬਾਬਾ ਈਸ਼ਰ ਦਾਸ ਜੀ ਦੇ ਚੇਲੇ ਠਾਕੁਰ ਦਾਸ ਜੀ ਸੰਮਤ 1950 ਬਿ: (1893 ਈ.) ਵਿਚ ਗੁਰਧਾਮਾਂ ਦੀ ਯਾਤਰਾ ਕਰਦੇ ਹੋਏ ਇਸ ਰਮਣੀਕ ਤੇ ਪੁਨੀਤ, ਅਸਥਾਨ ਪੁਰ ਆਏ ਅਤੇ ਇਥੇ ਹੀ ਆਸਣ ਲਾ ਕੇ ਧਰਮ ਪ੍ਰਚਾਰ ਦੇ ਪੂਰਨੇ ਪਾਏ। ਆਪ ਬੜੇ ਜਪੀ-ਤਪੀ ਸਿੱਖ ਸਾਧੂ ਸਨ। ਇਨ੍ਹਾਂ ਦੇ ਗਿਆਨ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਪਟਨਾ ਨਿਵਾਸੀ ਬੰਗਾਲੀ ਬਾਬੂ ਦਿਦਾਰ ਨਾਥ ਵਕੀਲ ਨੇ ਇਸ ਧਰਮ ਕਾਰਜ ਵਿਚ ਚੋਖੀ ਮਾਇਕ ਸਹਾਇਤਾ ਕੀਤੀ।

ਬਾਬਾ ਠਾਕੁਰ ਦਾਸ ਜੀ ਨੂੰ ਗੁਰਮਤਿ ਗਿਆਨ ਦੁਆਰਾ ਇਤਨੀ ਸਰਬਗਤਾ ਪ੍ਰਾਪਤ ਸੀ ਕਿ ਸਤਿਗੁਰੂ ਨਾਨਕ ਦੇਵ ਜੀ ਦੇ ਪਾਵਨ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਮਹੰਤ ਨਰਾਇਣ ਦਾਸ ਦੇ ਹੱਥੋਂ ਹੋਣ ਵਾਲੀ ਘੋਰ ਅਵੱਗਿਆ ਦਾ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ। ਸਿੱਖ ਸਾਧੂ ਦੇ ਹੱਥੋਂ ਗੁਰਸਿੱਖਾਂ ਦੇ ਕਤਲੇਆਮ ਦਾ ਭਿਆਨਕ ਦੁੱਖ ਨਾ ਸਹਾਰਦੇ ਹੋਏ ਆਪ ਉਸੇ ਦਿਨ ਸਰੀਰ ਤਿਆਗ ਗਏ। ਆਪ ਤੋਂ ਪਿੱਛੋਂ ਇਸ ਅਸਥਾਨ ਦੀ ਸੇਵਾ ਬਾਬਾ ਅਜੁਧਿਆ ਦਾਸ ਜੀ ਦੇ ਜ਼ਿੰਮੇ ਲੱਗੀ। ਅੱਜ ਵੀ ਇਹ ਧਰਮ ਧਾਮ ਉਹਨਾਂ ਦੇ ਸੇਵਕਾਂ ਦੇ ਪ੍ਰਬੰਧ ਹੇਠ ਹੈ।

3. ਮਧਸੂਦਨ

ਬੇਸੋ ਬਟ ਭਾਗਲਪੁਰ ਲਾਗੇ ਇਕ ਸਥਾਨ ਹੈ। ਇਥੇ ਇਸੇ ਬਖ਼ਸ਼ਿਸ਼ ਦੇ ਸਾਧੂਆਂ ਧਰਮ ਦਾਸ ਦੀ ਸਥਾਪਨਾ ਕਰ ਕੇ ਗੁਰਮਤਿ ਦਾ ਪ੍ਰਚਾਰ ਕੀਤਾ।

4. ਮੁਕਾਮਾ ਘਾਟ

ਮੁਕਾਮਾ ਘਾਟ ਵਿਖੇ ਵੀ ਇਸੇ ਪੱਧਤੀ ਦੇ ਸਾਧੂਆਂ-ਸੰਤਾਂ ਨੇ ਇਕ ਧਰਮਸਾਲਾ ਬਣਵਾਈ, ਜਿਸ ਦੇ ਮਹੰਤ ਨਿਹਾਲ ਦਾਸ ਜੀ ਸਨ।

5. ਘੁਗਵਾੜੀ ਗਿਰਾਂ

ਇਹ ਅਸਥਾਨ ਪਟਨਾ ਸ਼ਹਿਰ ਤੋਂ ਵੀਹ ਕੁ ਮੀਲ ਹਜ਼ਾਰੀ ਬਾਗ਼ ਰੋਡ ਪਰ ਸਥਿਤ ਹੈ। ਇਸ ਬਖ਼ਸ਼ਿਸ ਦੇ ਸਾਧੂ ਬਾਬਾ ਮਲ ਸਾਹਿਬ ਸਨ। ਇਸੇ ਸ਼ਾਖ਼ ਦੇ ਸੰਤ ਬਾਬਾ ਪੰਚਮ ਦਾਸ ਨੇ ਇਹ ਟਿਕਾਣਾ ਲੱਭ ਕੇ ਧਰਮਸਾਲ ਬਣਾਈ, ਜਿਥੇ ਅਗਲੇ ਮਹੰਤ ਨਰਾਇਣ ਦਾਸ ਜੀ ਸਨ।

6-7. ਫ਼ਤੂਹਾ ਅਤੇ ਨਿਵਾਦਾ

ਇਹ ਦੋਵੇਂ ਟਿਕਾਣੇ ਹਜ਼ਾਰੀ ਬਾਗ਼ ਰੋਡ ਉੱਤੇ ਹੀ ਹਨ। ਬਾਬਾ ਮਲ ਜੀ ਦੇ ਸ਼੍ਰੇਣੀ ਦੇ ਸੰਤਾਂ-ਮਹੰਤਾਂ ਨੇ ਹੀ ਇਹ ਅਸਥਾਨ ਪ੍ਰਗਟ ਰੂਪ ਵਿਚ ਸਥਾਪਤ ਕੀਤੇ ਹਨ। ਫ਼ਤੂਹਾ ਵਿਚ ਉਨ੍ਹੀਂ ਦਿਨੀਂ ਮਹੰਤ ਤ੍ਰਿਬੇਣੀ ਦਾਸ ਜੀ ਸਨ।

8. ਮੁਜ਼ੱਫ਼ਰਪੁਰ

ਇਹ ਸ਼ਾਹ ਜੀ ਦਾ ਪੋਖਰਾ ਹੈ।

9. ਸ਼ਾਹਪੁਰ ਕਟੋਰੀਆ

ਸ਼ਾਹਪੁਰ ਕਟੋਰੀਆ ਵਿਚ ਨਿਰਬਾਣਸਰ ਅੰਮ੍ਰਿਤਸਰ ਦੀ ਸ਼ਾਖ਼ ਦੇ ਸਾਧੂਆਂ

ਨੇ ਅਸਥਾਨ ਪ੍ਰਗਟ ਕੀਤਾ ਅਤੇ ਸਿੱਖ ਸ਼ਰਧਾਲੂਆਂ ਨੇ ਆਪਣੀ ਮਿਹਨਤ ਅਤੇ ਮਾਇਆ ਦੇ ਸਹਾਰੇ ਗੁਰਧਾਮ ਬਣਾਏ।

10. ਪੰਚਭਾ ਗਰੀਡੀ

ਇਹ ਜ਼ਿਲ੍ਹਾ ਹਜ਼ਾਰੀ ਬਾਗ਼ ਵਿਖੇ ਸਥਿਤ ਬਾਬਾ ਮੀਹਾਂ ਸਾਹਿਬ ਦੇ ਸਿੱਖ ਬਾਬਾ ਭੋਲਾ ਦਾਸ ਜੀ ਦੀ ਸ਼ਾਖ਼ ਬਾਬਾ ਨਿਹਾਲ ਦਾਸ ਨੇ ਗੁਰੂ ਚਰਨ ਪਰਸ ਨਾਲ ਪਾਵਨ ਹੋਈ ਧਰਤੀ ਲੱਭ ਕੇ ਧਰਮ ਅਸਥਾਨ ਬਣਵਾਇਆ। ਇਸ ਬਖ਼ਸ਼ਿਸ਼ ਦੇ ਮਹੰਤ ਬਾਬਾ ਸਰੂਪ ਦਾਸ ਜੀ ਸਨ।

ਅਧਿਆਇ ਬਾਰ੍ਹਵਾਂ

ਉਦਾਸੀ ਸੰਤਾਂ ਦੀ ਪੰਜਾਬੀ ਸਾਹਿਤ ਨੂੰ ਦੇਣ

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਉਦਾਸੀ ਸੰਤਾਂ ਦੀ ਦੇਣ ਬਾਰੇ ਜਦੋਂ ਅਸੀਂ ਵਿਚਾਰ ਚਰਚਾ ਕਰਦੇ ਹਾਂ ਤਾਂ ਸਾਡੇ ਸਾਹਮਣੇ ਪੰਜਾਬੀ ਸਾਹਿਤ ਨੂੰ ਉਦਾਸੀ ਸੰਤਾਂ ਦੀ ਦੇਣ ਬਹੁਤ ਘੱਟ ਨਜ਼ਰ ਆਉਂਦੀ ਹੈ। ਉਦਾਸੀ ਸੰਤਾਂ ਦੀਆਂ ਵਾਰਤਕ ਰਚਨਾਵਾਂ ਪੰਜਾਬੀ ਵਿਚ ਬਹੁਤ ਘੱਟ ਮਿਲਦੀਆਂ ਹਨ। ਜਿਵੇਂ ਨਿਰਮਲੇ ਸੰਤਾਂ ਨੇ ਸਾਹਿਤ ਰਚਨਾ ਕੀਤੀ ਹੈ, ਉਸ ਦੇ ਨਿਸਬਤ ਉਦਾਸੀ ਸੰਤਾਂ ਦਾ ਸਾਹਿਤ ਬਹੁਤ ਘੱਟ ਮਿਲਦਾ ਹੈ। ਹਾਂ, ਹੁਣ ਕੁਝ ਯਤਨ ਜ਼ਰੂਰ ਹੋਣ ਲੱਗ ਪਏ ਹਨ। ਪਰੰਤੂ ਹੁਣ ਵੀ ਜ਼ਿਆਦਾ ਸਾਹਿਤ ਹਿੰਦੀ ਵਿਚ ਹੀ ਲਿਖਿਆ ਜਾ ਰਿਹਾ ਹੈ।

ਪਹਿਲਾਂ ਉਦਾਸੀ ਸੰਤਾਂ ਦੇ ਡੇਰਿਆਂ ਵਿਚ ਸੰਸਕ੍ਰਿਤ ਭਾਸ਼ਾ ਦੀ ਸਿੱਖਿਆ, ਵੇਦਾਂਤ, ਵਿਆਕਰਣ ਅਤੇ ਵੈਦਿਕ ਵਿੱਦਿਆ ਸਿਖਾਉਣ-ਪੜ੍ਹਾਉਣ ਦਾ ਕੰਮ ਵੀ ਹੁੰਦਾ ਸੀ। ਇਕ ਤਰ੍ਹਾਂ ਇਹ ਡੇਰੇ ਪ੍ਰਾਚੀਨ ਕਾਲ ਤੋਂ ਪੰਜਾਬ ਵਿਚ ਵਿੱਦਿਆ ਦੇ ਕੇਂਦਰ ਦੇ ਰੂਪ ਵਿਚ ਪ੍ਰਸਿੱਧ ਸਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿੱਦਿਆ ਦੇ ਕੇਂਦਰ ਇਹੀ ਉਦਾਸੀ ਡੇਰੇ ਹੁੰਦੇ ਸਨ।

ਪਰ ਮੈਨੂੰ ਇਹ ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਇਹਨਾਂ ਡੇਰਿਆਂ 'ਤੇ ਜੋ ਸਾਹਿਤ ਲਿਖਿਆ ਗਿਆ ਸੀ, ਉਸ ਦੀ ਸੰਭਾਲ ਨਹੀਂ ਹੋ ਸਕੀ। ਇਕ ਗੱਲ ਹੋਰ ਵੀ ਸੀ ਕਿ ਉਦਾਸੀ ਸੰਤਾਂ ਨੇ ਆਪ ਵੀ ਗੁਰਮਤਿ ਸੰਬੰਧੀ ਸਾਹਿਤ ਨੂੰ ਨਸ਼ਟ ਕਰ ਦਿੱਤਾ ਸੀ। ਉਸ ਦਾ ਕਾਰਨ ਇਹ ਸੀ ਕਿ 1925 ਵਿਚ ਬਣੇ ਗੁਰਦੁਆਰਾ ਐਕਟ ਕਾਰਨ ਉਹ ਆਪਣੇ ਡੇਰੇ ਵੀ ਬਚਾਉਣੇ ਚਾਹੁੰਦੇ ਸਨ। ਡੇਰਿਆਂ ਦੇ ਮਹੰਤਾਂ ਨੂੰ ਡਰ ਸੀ ਕਿ ਗੁਰਮਤਿ ਨਾਲ ਸੰਬੰਧਿਤ ਸਾਹਿਤ ਉਹਨਾਂ ਲਈ ਖ਼ਤਰਾ ਬਣ ਸਕਦਾ ਸੀ, ਜਿਸ ਨਾਲ ਉਹਨਾਂ ਦੀ ਰਾਜਸੀ ਤੇ ਮਾਲੀ ਹੋਂਦ ਜਾਂਦੀ ਰਹਿਣੀ ਸੀ। ਸੋ ਗੁਰਮਤਿ ਨਾਲ ਸੰਬੰਧਿਤ ਸਾਹਿਤ ਉਹਨਾਂ ਸੰਤਾਂ ਲਈ ਇਕ ਬਹੁਤ ਵੱਡਾ ਖ਼ਤਰਾ ਸੀ। ਇਸ ਲਈ ਉਹਨਾਂ ਨੇ ਆਪਣੀਆਂ ਜਾਇਦਾਦਾਂ ਬਚਾਉਣ ਲਈ ਗੁਰਮਤਿ ਨਾਲ ਸੰਬੰਧਿਤ ਨਿਸ਼ਾਨਾਂ ਦਾ ਤੇ ਸਾਹਿਤ ਦਾ ਖ਼ਾਤਮਾ ਕਰ ਦਿੱਤਾ।

ਪੰਜਾਬੀ ਸਾਹਿਤ ਨੂੰ ਉਦਾਸੀ ਸੰਤਾਂ ਦੀ ਨਾਂ-ਮਾਤਰ ਦੇਣ ਵਿਚ ਵੀ ਵੱਡਾ ਯੋਗਦਾਨ ਸ੍ਰੀ ਅਨੰਦਘਣ ਜੀ ਦਾ ਹੈ, ਜਿਨ੍ਹਾਂ ਨੇ ਗੁਰਬਾਣੀ ਦੀ ਟੀਕਾਕਾਰੀ ਕਰ ਕੇ ਪਾਇਆ ਹੈ। ਸਵਾਮੀ ਅਨੰਦਘਣ ਜੀ ਉਦਾਸੀ ਸੰਪ੍ਰਦਾਇ ਦੇ ਉਘੇ ਵਿਦਵਾਨ ਸੰਤ ਸਨ, ਜਿਨ੍ਹਾਂ ਨੇ ਹੇਠ ਲਿਖੀਆਂ ਬਾਣੀਆਂ ਦੇ ਵਾਰਤਕ ਵਿਚ ਟੀਕੇ ਕੀਤੇ:

1. *ਜਪੁ ਟੀਕਾ*, 2. *ਆਰਤੀ ਟੀਕਾ*, 3. *ਓਅੰਕਾਰ ਟੀਕਾ*, 4. *ਸਿੱਧ ਗੋਸਟਿ ਟੀਕਾ*, 5. *ਅਨੰਦੁ ਸਾਹਿਬ ਟੀਕਾ*, 6. *ਆਸਾ ਦੀ ਵਾਰ ਟੀਕਾ*।

ਅਨੰਦਘਣ ਜੀ ਦੀਆਂ ਰਚਨਾਵਾਂ ਨੂੰ ਸੰਪਾਦਿਤ ਅਤੇ ਪ੍ਰਕਾਸ਼ਤ ਕਰਨ ਦਾ ਸ਼ਲਾਘਾਯੋਗ ਕਾਰਜ ਡਾ. ਰਤਨ ਸਿੰਘ ਜੱਗੀ ਜੀ ਨੇ ਕੀਤਾ ਹੈ। ਜੱਗੀ ਸਾਹਿਬ ਦਾ ਇਹ ਇਕ ਬਹੁਮੁੱਲਾ ਕਾਰਜ ਹੈ। ਇਹਨਾਂ ਟੀਕਿਆਂ ਦਾ ਅਧਿਐਨ ਕਰਨ ਤੋਂ ਪਤਾ ਚੱਲਦਾ ਹੈ ਕਿ ਸਵਾਮੀ ਅਨੰਦਘਣ ਜੀ ਨੇ ਜਿਥੇ ਭਾਰਤੀ ਦਰਸ਼ਨ, ਪੁਰਾਣ ਅਤੇ ਹੋਰ ਉੱਚ ਕੋਟੀ ਦੇ ਸਾਹਿਤ ਦੀ ਡੂੰਘੀ ਪੜਚੋਲ ਕੀਤੀ ਸੀ, ਉਥੇ ਟੀਕਾ (ਵਿਆਖਿਆ) ਸ਼ੈਲੀ ਦਾ ਇਕ ਖ਼ੂਬਸੂਰਤ ਰੂਪ ਉਹਨਾਂ ਨੇ ਪੰਜਾਬੀ ਸਾਹਿਤ ਨੂੰ ਭੇਂਟ ਕੀਤਾ। ਆਪਣੇ ਮਨ ਅਤੇ ਮਸਤਕ ਦੀਆਂ ਅਦੁੱਤੀ ਬਖ਼ਸ਼ਿਸ਼ਾਂ ਨੂੰ ਉਹਨਾਂ ਨੇ ਨਿਸ਼ਕਾਮ ਭਾਵ ਨਾਲ ਸਰਬੱਤ ਦੇ ਭਲੇ ਲਈ ਗੁਰਬਾਣੀ ਦੀ ਵਿਆਖਿਆ ਲਈ ਅਰਪਿਤ ਕੀਤਾ। ਇਹ ਉਹਨਾਂ ਦੇ ਜੀਵਨ ਦੀ ਸਭ ਤੋਂ ਵੱਡੀ ਉਪਲਬਧੀ ਕਹੀ ਜਾ ਸਕਦੀ ਹੈ, ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਐਸੇ ਮਹਾਨ ਵਿਦਵਾਨ ਨੂੰ ਅਸੀਂ ਪੰਜਾਬੀ ਸਾਹਿਤ ਵਿਚ ਕੋਈ ਵੀ ਯੋਗ ਸਥਾਨ ਨਹੀਂ ਦੇ ਸਕੇ। ਹੋ ਸਕਦਾ ਹੈ ਸਾਡੇ ਵਿਦਵਾਨਾਂ ਦੀ ਉਦਾਸੀ ਸੰਤਾਂ ਪ੍ਰਤੀ ਸੋਚ ਦਾ ਸਿੱਟਾ ਹੋਵੇ।

ਸਵਾਮੀ ਸੰਤਰੇਣ ਜੀ ਅਠਾਰ੍ਹਵੀਂ ਤੋਂ ਉੱਨ੍ਹੀਵੀਂ ਸਦੀ ਦੇ ਮਹਾਨ ਉਦਾਸੀ ਸੰਤ ਸਨ, ਜਿਨ੍ਹਾਂ ਨੇ ਸਿੱਖ ਰਾਜ ਦੇ ਸਮੇਂ ਦੌਰਾਨ ਧਰਮ ਪ੍ਰਚਾਰ ਦੀ ਸੇਵਾ ਤੋਂ ਇਲਾਵਾ ਸਾਹਿਤ ਰਚਨਾ ਦਾ ਮਹਾਨ ਕਾਰਜ ਕੀਤਾ। ਆਪ ਜੀ ਨੇ ਹਿੰਦੀ ਵਿਚ ਵੀ ਕਈ ਗ੍ਰੰਥ ਲਿਖੇ ਤੇ ਪੰਜਾਬੀ ਵਿਚ ਵੀ ਸਾਹਿਤ ਦੀ ਚੰਗੀ ਰਚਨਾ ਕੀਤੀ। ਆਪ ਜੀ ਰਮਤੇ ਸਾਧੂ ਸਨ। ਇਸ ਲਈ ਆਪ ਜੀ ਦੇ ਜੀਵਨ ਬਾਰੇ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਇਕ ਹੱਥ-ਲਿਖਤ ਵਿਚ ਆਪ ਜੀ ਦਾ ਪਿੰਡ ਸੰਗਤਪੁਰਾ, ਜ਼ਿਲ੍ਹਾ ਅੰਮ੍ਰਿਤਸਰ ਦੱਸਿਆ ਗਿਆ ਹੈ। ਦੂਜੇ ਹੋਰ ਸ੍ਰੋਤ ਵਿਚ ਆਪ ਜੀ ਦਾ ਜਨਮ ਸ਼੍ਰੀਨਗਰ ਕਸ਼ਮੀਰ ਵਿਚ ਪੰਡਿਤ ਹਰਿਵੱਲਭ ਤੇ ਮਾਤਾ ਸਵਿਤਰੀ ਦੇਵੀ ਦੀ ਕੁੱਖੋਂ 1798 ਬਿ: ਅਨੁਸਾਰ ਸੰਨ 1741 ਈ. ਵਿਚ ਹੋਇਆ। ਬਾਵਾ ਸਾਹਿਬ ਦਾਸ ਉਦਾਸੀ ਸਾਧੂ ਤੋਂ ਦੀਖਿਆ ਲਈ ਤੇ ਗੁਰਮੰਤ੍ਰ ਪ੍ਰਾਪਤ ਕੀਤਾ। ਜਿਵੇਂ ਕਿ ਆਪ ਜੀ ਲਿਖਦੇ ਹਨ:

ਦੋਹਰਾ॥
ਸਭ ਨਾਮਨ ਸਿਰਿ ਨਾਮੁ ਹੈ, ਸਤਿਨਾਮ ਕਰਤਾਰ
ਆਦਿ ਦਯੋ ਗੁਰ ਮੋਹਿ ਸੋ, ਪਰਮ ਸੁ ਕ੍ਰਿਪਾ ਧਾਰਿ॥੧॥
ਸ੍ਵੈਯਾ॥
ਗੁਰ ਨਾਨਕ ਕੋ ਹਰਿ ਆਪ ਦਯੋ, ਸਚਖੰਡ ਗੁਰੂ ਜਬ ਆਪ ਸਿਧਾਯੋ।
ਗੁਰ ਆਦਿ ਨਾਰਾਇਣ ਤੇ ਅਭਿਨੰਦਨ, ਲੇਕਰਿ ਸੋ ਜਲੁ ਬਾਹਰ ਆਯੋ।
ਸੁਤ ਕੋ ਪੁਨ ਅੰਗਦ ਕੋ ਗੁਰ ਨਾਨਕ, ਆਪ ਸੇ ਮੰਤ੍ਰ ਆਇ ਸੁਨਾਯੋ।
ਤਿਨ ਕੋ ਗੁਰ ਨਾਨਕ ਜੋਇ ਦਯੋ, ਗੁਰ ਸਾਹਿਬ ਦਾਸ ਸੁ ਮੋਹਿ ਬਤਾਯੋ॥੨॥

(ਮੰਗਲ ਖੰਡ, ਅੱਠਵਾਂ ਅਧਿਆਇ, ਪੱਤਰਾ 37)

ਇਸ ਤਰ੍ਹਾਂ ਉਦਾਸੀ ਸਾਧੂ ਬਣ ਕੇ ਤੇ ਸੰਤਰੇਣ ਨਾਮ ਰਖਾ ਕੇ ਆਪ ਜੀ ਦੂਰ ਦੂਰ ਜਾ ਕੇ ਪ੍ਰਚਾਰ ਕਰਦੇ ਰਹੇ। ਘੁੰਮਦੇ ਘੁੰਮਾਉਂਦੇ ਦੱਖਣ ਦੇਸ਼ ਵੱਲ ਚਲੇ ਗਏ ਤੇ ਕਾਫ਼ੀ ਸਮਾਂ ਉਧਰ ਗੁਜ਼ਾਰਿਆ। ਬਾਲਾਪੁਰ ਪੀਠ, ਜ਼ਿਲ੍ਹਾ ਅਕੋਲਾ ਵਿਚ ਇਹਨਾਂ ਦਾ ਡੇਰਾ ਅੱਜ ਤਕ ਕਾਇਮ ਹੈ। ਇਥੋਂ ਫਿਰ ਆਪ ਜੀ ਪੰਜਾਬ ਆ ਗਏ ਤੇ ਰਿਆਸਤ ਮਲੇਰਕੋਟਲਾ ਦੇ ਪਿੰਡ ਭੂਦਨ ਵਿਚ ਜੀਵਨ ਦਾ ਬਾਕੀ ਸਾਰਾ ਸਮਾਂ ਬਤੀਤ ਕੀਤਾ। ਇਥੇ ਹੀ ਆਪ ਜੀ 130 ਸਾਲ ਦੀ ਆਯੂ ਭੋਗ ਕੇ ਫਗਣ ਸੁਦੀ 12, 1928 ਬਿ: ਯਾਨਿ ਕਿ (1871 ਈ.) ਨੂੰ ਆਪ ਜੀ ਜੋਤੀ ਜੋਤਿ ਸਮਾ ਗਏ। ਇਥੇ ਆਪ ਜੀ ਦੀ ਸਮਾਧ ਹੈ, ਜੋ ਕਿ ਆਪ ਜੀ ਦੀ ਸ਼ਰਧਾਲੂ ਮਾਈ ਹੀਰਾਂ ਬਾਈ ਨੇ ਬਣਾਈ ਸੀ। ਇਸ ਮਾਈ ਦੇ ਉੱਚੇ ਗੁਣਾਂ ਦੀ ਚਰਚਾ ਸੰਤ ਜੀ ਨੇ *ਸ੍ਰੀ ਮਤ ਨਾਨਕ ਬਿਜੈ ਗ੍ਰੰਥ* ਦੇ ਪੱਤਰਾ 1849 ਵਿਚ ਕੀਤੀ ਹੈ।[1] ਸ਼ਾਇਦ ਇਹ ਮਾਈ ਮਹਾਂਰਾਸ਼ਟਰ ਦੀ ਰਹਿਣ ਵਾਲੀ ਸੀ।

ਹਰਿਦੁਆਰ ਵਾਲੀ ਵਹੀ 'ਤੇ ਆਪ ਜੀ ਦਾ ਨਾਮ 'ਸੰਤਰੇਣ ਅਲੂਣੀਆ' ਕਰਕੇ ਦਰਜ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਆਪ ਨੇ ਤਪ-ਸਾਧਨਾ ਵਜੋਂ ਲੂਣ ਦੀ ਵਰਤੋਂ ਨਾਂ-ਮਾਤਰ ਜਾਂ ਬਿਲਕੁਲ ਨਹੀਂ ਸੀ ਕੀਤੀ। ਇਸ ਤਰ੍ਹਾਂ ਹੋਰ ਕਠਿਨ ਤਪੱਸਿਆ ਕਰਨ ਦਾ ਉਲੇਖ ਉਹਨਾਂ ਨੇ ਖ਼ੁਦ ਵੀ ਕੀਤਾ ਹੈ। ਕਵੀ ਜੀ ਲਿਖਦੇ ਹਨ :

ਜਪ ਤਪ ਬਰਤ ਬਹੁਤ ਮੈਂ ਕੀਨੇ। ਨਿਜ ਤਨ ਕੋ ਬਹੁਤ ਦੁਖ ਦੀਨੇ।
ਸਾਖੀ ਸ਼ਬਦ ਬਹੁਤ ਮੈਂ ਕਰੇ। ਤਿਨ ਕੇ ਜੀਵ ਪੜ੍ਹੈ ਸੋ ਤਰੈ॥੧੧੫॥
ਮਨ ਮੇਰੇ ਉਰ ਸ਼ਾਂਤਿ ਨ ਆਈ। ਤ੍ਰਿਸ਼ਨਾ ਅਧਿਕ ਬੁਢੀ ਦੁਖਦਾਈ।
ਫਿਰਯੋ ਦੇਸ ਬਦੇਸ਼ ਮਝਾਰੋ। ਕੰਦ ਮੂਲ ਫਲ ਕਰੇ ਅਹਾਰੇ॥੧੧੬॥
ਬਾਲਮੀਕਿ ਮੁਨਿਵਰ ਸੁਖਦਾਈ। ਮਿਲਿਓ ਮੋਹ ਸੁ ਸਹਿਜ ਸੁਭਾਈ।
ਨਿਜ ਬ੍ਰਿਤਾਂਤ ਹੁਤੇ ਮਮ ਜੇਤੇ। ਕਰਯੋ ਮੋਹ ਨਿਵੇਦਨ ਤੇਤੇ॥੧੧੭॥
ਜਿਸ ਤੇ ਸ਼ਾਂਤਿ ਪ੍ਰਾਪਤਿ ਹੋਇ: ਮੁਨਿਵਰ ਕਰਤਬ ਭਾਖੋਂ ਸੋਇ।
ਜਿਸ ਕਾ ਭਾਖੋਂ ਮੋਹ ਉਪਾਇ। ਸੁਣਿ ਕਰਿ ਬੋਲੇ ਮੁਨਿਵਰ ਰਾਇ॥੧੧੮॥
ਮੁਨਿਵਰ ਮੋ ਪ੍ਰਤਿ ਬਚਨ ਉਚਾਰੇ। ਜੋ ਮੈਂ ਕਹੈਂ ਸੁ ਕਰੇ ਉਦਾਰੇ।
ਜਿਸ ਤੇ ਸ਼ਾਂਤਿ ਪ੍ਰਾਪਤਿ ਹੋਇ। ਭਾਖੋਂ ਪਰਮ ਉਮਾਵ ਸੁ ਤਾਇ॥੧੧੯॥
ਸ੍ਵੈਯਾ॥
ਹਰਿ ਕੇ ਗੁਰ ਕੇ ਗੁਨ ਸੰਤਨ ਕੇ, ਬਰਨੋਂ ਤਨ ਤੇ ਮਨ ਤੇ ਚਿਤ ਲਾਇ।
ਇਸ ਤੇ ਸੁਖ ਸਾਂਤਿ ਸੁ ਪ੍ਰਾਪਤਿ ਹੈ, ਤੁਮ ਔਰ ਉਪਾਵ ਕਰੋ ਨਹਿ ਕਾਇ।

---

1. ਦੱਖਣ ਦੇਸ ਵਿਖੇ ਇਕ ਗੰਗਾ ਸੋਰਨਾ। ਪਰਮ ਸੁ ਪਾਵਨ ਤੀਰਥ ਤਹਿ ਸਮ ਹੋਰ ਨਾ।
ਤਿਸਕੇ ਤੱਟ ਪੈ ਬਸਤੀ ਏਕ ਸੁ ਜਾਨਿਯੈ। ਹੈ ਇਕ ਬਾਈ ਤਹਿ ਰਹੈਂ ਸੁ ਜਾਨ ਮਹਾਨਿਯੈ॥
ਰਾਮ ਲਾਲ ਤਹਿ ਪਿਤਾ ਭਗਤਿ ਭਗਵਾਨ ਕੀ। ਸੀਲ ਧਰਮ ਮੈਂ ਮਨੋ ਸੁ ਦੂਜੀ ਜਨਕੀ।
ਹੀਰਾ ਤਿਸਕਾ ਨਾਮ, ਜਾਨ ਮਹਾਨੀਯੈ! ਹੇ ਕਰਮਾ ਬਾਈ ਕਾ ਅਵਤਾਰ ਸੁ ਜਾਨਿਯੈ॥
ਹੀਰਾਂ, ਹੀਰਾ ਭਾਈ ਸੁ ਭਗਤੀ ਭਾਇ ਤੇ। ਤਿਸ ਕੇ ਕਾਮ ਸਵਾਰੈ ਹਰਿ ਸਭ ਆਏ ਤੇ।
ਗੁਰ ਸੇਵਾ ਮੈਂ ਤਤਪਰ ਬਾਈ ਜਾਨਿਯੈ। ਹੈ ਤਨ ਮਨ ਲਾਇ ਸੁ ਸੇਵਾ ਕਰੈ ਮਹਾਨੀਯੈ॥
(ਪੱਤਰਾ 1849)

ਇਮ ਭਾਖ ਸਲੋਕ ਦਏ ਉਨੀ, ਪੁਨ ਲੋਪ ਯੋ ਸੁ ਮੁਨੀ ਸੁਖਦਾਈ।
ਹਰਿ ਕੇ ਗੁਰ ਕੇ ਗੁਨ ਸੰਤਨ ਕੇ, ਬਰਨੇ ਹਮ ਨੇ ਮਨ ਮੇਂ ਹਰਖਾਈ॥੧੨੦॥

(ਕਰਤਾਰਪੁਰ ਖੰਡ 15ਵਾਂ ਅਧਿਆਇ, ਪੱਤਰਾ 1851)

ਆਪ ਜੀ ਰਮਤੇ ਸਾਧੂ ਸਨ। ਇਸ ਲਈ ਆਪ ਜੀ ਨੇ ਇਕ ਡੇਰਾ ਗੁਜਰਾਂਵਾਲੇ ਵੀ ਬਣਾਇਆ ਸੀ, ਜਿਸ ਦੇ ਨਾਂ ਮਹਾਰਾਜਾ ਰਣਜੀਤ ਸਿੰਘ ਨੇ ਦੋ ਪਿੰਡ ਲਵਾਏ ਸਨ। ਇਕ ਬਾਲਾਪੁਰ ਵਿਚ ਆਪ ਦਾ ਡੇਰਾ ਹੈ ਤੇ ਪਿੰਡ ਭੂਦਨ ਦੇ ਡੇਰੇ ਨੂੰ 'ਸ਼੍ਰੀ ਸੰਤਰੇਣ ਆਸ਼ਰਮ' ਨਾਂ ਦੇ ਕੇ ਆਪ ਦੀ ਯਾਦਗਾਰ ਨੂੰ ਕਾਇਮ ਰੱਖਣ ਦਾ ਯਤਨ ਕੀਤਾ ਗਿਆ ਹੈ। ਭੂਦਨ ਡੇਰੇ ਵਿਚ ਆਪ ਦੀਆਂ ਰਚਨਾਵਾਂ ਦੇ ਹੱਥ-ਲਿਖਤ ਗ੍ਰੰਥ ਸਾਂਭ ਕੇ ਰੱਖੇ ਗਏ ਹਨ ਤੇ ਕੁਝ ਗ੍ਰੰਥ ਬਾਲਾਪੁਰ ਡੇਰੇ ਵਿਚ ਵੀ ਪਏ ਦੱਸੇ ਜਾਂਦੇ ਹਨ। ਆਪ ਜੀ ਨੇ ਆਪਣੀ ਕਿਸੇ ਹੱਥ ਲਿਖਤ ਵਿਚ ਸੰਨ ਸੰਮਤ ਨਹੀਂ ਦਿੱਤਾ। ਇਸ ਕਰਕੇ ਆਪ ਦੇ ਰਚਨਾ ਕਾਲ ਦਾ ਪੱਕਾ ਪਤਾ ਲਾਉਣਾ ਔਖਾ ਹੈ।

ਆਪ ਜੀ ਦੀ ਬਹੁਤੀਆਂ ਰਚਨਾਵਾਂ ਅਪ੍ਰਕਾਸ਼ਿਤ ਕੁਝ ਭੂਦਨ ਦੇ ਡੇਰੇ ਵਿਚ ਹਨ ਤੇ ਕੁਝ ਹੋਰ ਵੱਖੋ-ਵੱਖ ਹੱਥ-ਲਿਖਤ ਖਰੜਿਆਂ ਵਿਚ ਮਿਲਦੀਆਂ ਹਨ। ਇਹਨਾਂ ਸਾਰੀਆਂ ਦਾ ਵੇਰਵਾ ਇਸ ਪ੍ਰਕਾਰ ਹੈ:

1. *ਸ੍ਰੀ ਮਤਿ ਨਾਨਕ ਬਿਜੈ ਗ੍ਰੰਥ*
2. *ਮਨ ਪ੍ਰੰਬਧ* (ਇਸ ਦਾ ਜ਼ਿਕਰ ਨਾਨਕ ਬਿਜੈ ਗ੍ਰੰਥ ਵਿਚ ਹੈ)
3. *ਅਨਭੈ ਅੰਮ੍ਰਿਤ* (ਬਚਨ ਸੰਗ੍ਰਹਿ)
4. *ਸ੍ਰੀ ਗੁਰ ਨਾਨਕ ਬੋਧ*[2] (ਗੁਰ ਨਾਨਕ ਬੋਧ, ਨਾਨਕ ਬਿਜੈ ਗ੍ਰੰਥ ਦੇ ਵੱਡਾ ਹੋ ਜਾਣ ਕਾਰਨ ਵੱਖਰਾ ਲਿਖਿਆ ਗਿਆ ਸੀ)
5. *ਉਦਾਸੀ ਬੋਧ*
6. *ਗੁਰ ਮਹਿਮਾ*
7. *ਗੁਰ ਗਿਆਨ ਮਹਾਤਮ*
8. *ਬੈਰਾਗ ਛੰਦ*
9. *ਗਿਆਨ ਛੰਦ*
10. *ਗੁਰਸਿੱਖ ਸੰਥਾ ਫਲ ਰੂਪ ਭਜਨ*
11. *ਦੋਹਰੇ ਸਾਧ ਗੀਤਿ ਕੇ*
12. *ਰਾਜਨੀਤਿ*
13. *ਕਾਯਾ ਮਹਾਤਮ*
14. *ਦੋਹਰੇ ਸਿਧਾਂਤ ਕੇ*
15. *ਸ਼ਬਦ*
16. *ਕਬਿੱਤ ਮਗਨ ਰਸ ਭੇਦ ਦੇ*
17. *ਰੇਖਤੇ*

---

2. ਨਾਨਕ ਬੋਧ ਗ੍ਰੰਥ ਮਝਾਰੇ। ਬ੍ਰਹਮ ਗਯਾਨ ਹਮ ਕੀਓ ਉਚਾਰੇ।
ਅਬ ਇਹ ਗ੍ਰੰਥ ਬਹੁਤ ਬਢ ਗਯੋ। ਇਸ ਤੇ ਗ੍ਰੰਥ ਸੁ ਨਯਾਰਾ ਕਰਯੋ॥੧੧੦॥ *(ਪੱਤਰਾ 1850)*

18. *ਝੂਲਣੇ*
19. *ਮਾਝਾਂ*
20. *ਸਾਧਾਂ ਦੇ ਲੱਖਣਾ ਦੀਆਂ ਮਾਝਾਂ*
21. *ਸ਼ੀਹਰਫ਼ੀਆਂ*
22. *ਗੁਰਸਿੱਖ ਸੰਬਾਦ* (ਵਾਰਤਕ)

ਡਾ. ਤਾਰਨ ਸਿੰਘ ਜੀ ਲਿਖਦੇ ਹਨ ਕਿ ਪਹਿਲੀਆਂ ਪੰਜ ਪੁਸਤਕਾਂ ਤੋਂ ਇਲਾਵਾ ਬਾਕੀ ਬਹੁਤੀਆਂ ਨਿੱਕੀਆਂ ਨਿੱਕੀਆਂ ਫੁਟਕਲ ਰਚਨਾਵਾਂ ਹਨ ਤੇ ਹਿੰਦੀ ਵਿਚ ਹਨ। ਚਾਰ ਸ਼ੀਹਰਫ਼ੀਆਂ ਤੇ ਡੇਢ ਸੌ ਤੋਂ ਉੱਤੇ ਮਾਝਾਂ ਪੰਜਾਬੀ ਵਿਚ ਹਨ, ਜੋ ਇਸ ਰਹੱਸਵਾਦੀ ਕਵੀ ਦੀ ਮਹਾਨਤਾ ਨੂੰ ਪ੍ਰਗਟਾਉਂਦੀਆਂ ਹਨ।

ਪੰਜਾਬੀ ਰਚਨਾ ਦੇ ਪਾਠ ਤੋਂ ਇਹ ਗੱਲ ਭਲੀ-ਭਾਂਤ ਪ੍ਰਗਟ ਹੈ ਕਿ ਇਸ ਦਾ ਰਚਨਹਾਰ ਕੋਈ ਉੱਚੇ-ਸੁੱਚੇ ਤੇ ਹੰਢੇ-ਵਰਤੇ ਜੀਵਨ ਵਾਲਾ ਅਨੁਭਵੀ ਮਹਾਂਪੁਰਸ਼ ਹੈ ਸੀ। ਸੰਤਾਂ ਸਾਧਾਂ ਬਾਰੇ ਲਿਖੀਆਂ ਮਾਝਾਂ ਇਸ ਗੱਲ ਦੀ ਗਵਾਹੀ ਹਨ ਕਿ ਕਰਤਾ ਨੂੰ ਸੰਤਗਿਰੀ ਜੀਵਨ ਦਾ ਚੰਗਾ ਤਜਰਬਾ ਪ੍ਰਾਪਤ ਸੀ ਤੇ ਉਹਨਾਂ ਨੇ ਦੇਸ ਵਿਚ ਨਕਲੀ ਤੇ ਅਸਲੀ ਸੰਤ ਸਾਧੂਆਂ ਦੇ ਰੰਗ-ਢੰਗ ਖ਼ੁਦ ਅੱਖੀਂ ਵੇਖੇ ਸਨ। ਪਰੰਤੂ ਸੰਤਰੇਣ ਜੀ ਦੀ ਸ਼ਖ਼ਸੀਅਤ ਏਨੀ ਉੱਚੀ-ਸੁੱਚੀ ਸੀ, ਉਹਨਾਂ ਕਿਤੇ ਆਪਣਾ ਆਪ ਨਹੀਂ ਜਤਾਇਆ ਸੀ :

ਸਭ ਕਿਛੁ ਬਣਿਆ ਤੇ ਕੁਝ ਨ ਬਣਿਆ ਅਸਾਂ ਲੱਧੀ ਢੂੰਡ ਨਿਸ਼ਾਨੀ।
ਸਭ ਕਿਛ ਕਰਦੇ ਤੇ ਕੁੱਝ ਨ ਕਰਦੇ, ਇਥੇ ਚਾਲ ਇਹਾ ਇਨਸਾਨੀ।
ਅਤੇ ਜੋ ਬਣਿਆ ਸੋ ਆਪੇ ਬਣਿਆ, ਨਹੀਂ ਦੂਜਾ ਜ਼ਿਕਰ ਜ਼ਬਾਨੀ।
ਸੰਤਰੇਣ ਅਸਾਂ ਕੀ ਲੈ ਵਾਰਿਆ, ਜੋ ਜੀਉ ਕੀਤਾ ਕੁਰਬਾਨੀ।
ਲਾ ਮਕਾਨ ਵਿਚ ਸੈਰ ਅਸਾਡਾ ਉਥੇ ਹੋਰ ਨ ਪਹੁੰਚੇ ਕੋਈ।
ਲੱਖ ਸਿਆਣੇ ਅਤੇ ਇਲਮਾਂ ਵਾਲੇ, ਹਰਗਿਜ਼ ਲਹਨਿ ਨ ਢੋਈ।
ਪਹੁੰਚੇ ਸੋਈ ਜੋ ਖ਼ੁਦੀ ਥੀ ਗੁਜ਼ਰੇ, ਜਿਨ੍ਹਾਂ ਦਿਲ ਦੀ ਸਾਫ਼ੀ ਹੋਈ।
ਸੰਤਰੇਣ ਕੀ ਸਰਫ਼ਾ ਸਿਰ ਦਾ, ਉਥੇ ਬਿਨ ਸਿਰ ਲੱਖ ਖਲੋਈ।
ਦੇਹੁ ਦੀਦਾਰ ਸਿੱਕ ਲਾਹ ਅਸਾਡੀ, ਅਸੀਂ ਦਰਸ ਤਿਰੇ ਦੇ ਪਿਆਸੇ।
ਏਹੋ ਮੰਗਾਂ ਜੇ ਕੁਝ ਨ ਮੰਗਾਂ, ਇਹਾ ਖੈਰੁ ਪਵੈ ਵਿਚਿ ਕਾਸੇ।
ਢੂੰਢਾਂ ਤੈਨੂੰ ਅਤੇ ਲੱਭਾ ਮੈਨੂੰ, ਅਸੀਂ ਅਜਬ ਹੈਰਾਨ ਦੀਆ ਸੇ।
ਸੰਤਰੇਣ ਸੋਈ ਪਿਆਰਾ ਮਿਲਿਆ, ਜੋ ਅੱਗੇ ਮਿਲਿਆ ਹੋਇਆ ਸੇ।
ਜਿਨ੍ਹਾਂ ਨੂੰ ਲਗੇ ਸ਼ਉਕ ਮੇਲੇ ਦਾ, ਸਭ ਕਿਝ ਸਿਰ ਤੇ ਝੱਲਦੇ।
ਝੱਖੜ ਝਾਂਜੇ ਤੇ ਲੱਖ ਅਨ੍ਹੇਰੀਆਂ, ਉਹ ਵਾਂਙ ਸੁਮੇਰ ਨ ਹਲਦੇ।
ਭੁੱਖ ਵਿਚ ਰੱਜਣ, ਨੰਗ ਵਿਚ ਕੱਜਣ, ਉਹ ਭੁੱਖੇ ਨੀ ਇਕ ਗੱਲ ਦੇ।
ਸੰਤਰੇਣ ਜਿਨ੍ਹਾਂ ਅੱਖੀਂ ਡਿੱਠਾ, ਕੀ ਆਖਣ ਸੁਖ ਇਕ ਪਲ ਦੇ।

ਇਸ ਤਰ੍ਹਾਂ ਸੰਤਰੇਣ ਜੀ *ਨਾਨਕ ਬਿਜੈ ਗ੍ਰੰਥ* ਵਿਚ ਉਨ੍ਹਾਂ ਆਪਣੀ ਨਿਮਰਤਾ ਪ੍ਰਗਟਾਉਂਦਿਆਂ ਲਿਖਿਆ ਹੈ ਕਿ ਮੈਂ ਕੋਈ ਕਵੀ ਨਹੀਂ ਤੇ ਨਾ ਹੀ ਬਹੁਤਾ ਕਾਵਿ-ਗਿਆਨ ਰੱਖਦਾ ਹਾਂ।

ਗੁਰੂ ਨਾਨਕ ਬਿਜੈ ਗ੍ਰੰਥ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਬਹੁਤ ਹੀ ਵਿਆਪਕ, ਵਿਸਤ੍ਰਿਤ ਤੇ ਚਮਤਕਾਰਿਕ ਵਰਣਨ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੇ ਪਿਤਾ ਕਾਲੂ ਜੀ, ਵਿਆਹ, ਜਨਮ, ਬਚਪਨ ਤੇ ਕਿਸ਼ੋਰ ਅਵਸਥਾ ਦੇ ਕਾਰਜ, ਯਾਤਰਾਵਾਂ, ਧਰਮ ਪ੍ਰਚਾਰ ਤੇ ਭਾਈ ਲਹਿਣੇ (ਗੁਰੂ ਅੰਗਦ ਦੇਵ ਜੀ) ਨੂੰ ਗੁਰਗੱਦੀ ਦੇ ਕੇ ਜੋਤੀ ਜੋਤਿ ਸਮਾਉਣ ਦਾ ਸ਼ਰਧਾਪੂਰਵਕ ਉਲੇਖ ਕੀਤਾ ਗਿਆ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਗ੍ਰੰਥ ਦੀ ਰਚਨਾ ਬਾਲਮੀਕਿ ਰਿਸ਼ੀ ਨਾਲ ਮੁਲਾਕਾਤ ਤੋਂ ਬਾਅਦ ਉਨ੍ਹਾਂ ਦੀ ਪ੍ਰੇਰਨਾ ਤੇ ਅਕਾਸ਼ਬਾਣੀ ਤੋਂ ਉਤਸ਼ਾਹਿਤ ਹੋ ਕੇ ਕੀਤੀ ਗਈ ਹੈ। 'ਸੰਤਰੇਣ' ਜੀ ਅਨੁਸਾਰ ਇਹ ਕਥਾ ਸਾਰੇ ਫਲਾਂ ਨੂੰ ਦੇਣ ਵਾਲੀ ਤੇ ਅਤੀ ਪਵਿੱਤਰ ਹੈ।

ਅਸਲ ਵਿਚ ਇਹ ਗ੍ਰੰਥ ਗੁਰਮੁਖੀ ਵਿਚ ਪ੍ਰਾਪਤ ਨਹੀਂ ਹੈ। ਹਿੰਦੀ ਵਿਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਦੀ ਹੱਥ-ਲਿਖਤ (ਗੁਰਮੁਖੀ ਲਿਪੀ ਵਿਚ) ਸੰਤਰੇਣ ਆਸ਼ਰਮ ਭੂਦਨ, ਬਾਲਾ ਪੁਰਪੀਠ, ਅਕੋਲਾ ਤੇ ਸਾਧੂ ਬੇਲਾ ਆਸ਼ਰਮ, ਸੱਥਰ ਸਿੰਧ ਵਿਚ ਮਿਲਦੀਆਂ ਹਨ।

ਅਸੀਂ ਕਹਿ ਸਕਦੇ ਹਾਂ ਕਿ ਮੂਲ ਰੂਪ ਵਿਚ ਇਹ ਗ੍ਰੰਥ ਇਕ ਧਾਰਮਿਕ ਕਾਵਿ ਰੂਪ ਗ੍ਰੰਥ ਹੈ, ਜਿਸ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਪੌਰਾਣਿਕ ਰੂਪ ਦੇ ਕੇ ਪ੍ਰਸਤੁਤ ਕੀਤਾ ਗਿਆ ਹੈ। ਮੱਧਯੁਗ ਵਿਚ ਲਗਭਗ ਹਰੇਕ ਸੰਪ੍ਰਦਾਇ ਨੇ ਆਪਣੇ ਮਤ ਦੇ ਪ੍ਰਚਾਰ ਲਈ ਕਥਾ ਕਾਵਿ ਦਾ ਸਹਾਰਾ ਲਿਆ ਹੈ। ਉਹਨਾਂ ਆਪਣੇ ਸਿਧਾਂਤਾਂ ਦਾ ਨਿਰੂਪਣ ਵੀ ਕੀਤਾ ਹੈ ਤੇ ਧਰਮ ਸਥਾਪਕਾਂ ਦੀ ਵਡਿਆਈ ਵੀ ਕੀਤੀ ਹੈ। ਉਨ੍ਹਾਂ ਦੇ ਜੀਵਨ ਦੀਆਂ ਹਰ ਇਕ ਸਾਧਾਰਨ ਘਟਨਾਵਾਂ ਨੂੰ ਬਹੁਤ ਹੀ ਵਚਿੱਤਰ ਰੂਪ ਦਿੱਤਾ ਗਿਆ ਹੈ। *ਗੁਰੂ ਨਾਨਕ ਬਿਜੈ ਗ੍ਰੰਥ* ਵਿਚ ਯਥਾਰਥ ਘੱਟ ਤੇ ਕਲਪਿਤ ਘਟਨਾਵਾਂ ਬਹੁਤ ਮਿਲਦੀਆਂ ਹਨ। ਇਸੇ ਤਰ੍ਹਾਂ ਇਤਿਹਾਸ ਨੂੰ ਨਵਾਂ ਰੂਪ ਦਿੱਤਾ ਗਿਆ ਹੈ। ਇਸ ਗ੍ਰੰਥ ਵਿਚ ਅਲੌਕਿਕ ਦ੍ਰਿਸ਼ ਅਤਿ-ਮਾਨਵੀ ਕੰਮਾਂ ਤੇ ਚਮਤਕਾਰੀ ਘਟਨਾਵਾਂ ਦੀ ਅਧਿਕਤਾ ਹੈ।

ਗੁਰੂ ਨਾਨਕ ਬਿਜੈ ਗ੍ਰੰਥ ਵਿਚ ਪਹਿਲਾਂ ਪਹਿਲ ਧਾਰਮਿਕ ਪ੍ਰਵਿਰਤੀ ਦੀ ਝਲਕ ਦਿਖਾਈ ਦਿੰਦੀ ਹੈ। ਇਸ ਵਿਚ ਵਰ ਕਥਾਵਾਂ ਵਾਂਙ ਇਸ ਵਿਚ ਸ਼ਰਾਪ ਕਥਾਵਾਂ ਵੀ ਹਨ। ਜਿਵੇਂ ਕਿ ਨਾਰਦ ਭਗਵਾਨ ਦੇ ਸ਼ਰਾਪ ਕਾਰਨ ਹੀ ਮਿਰਾਸੀ ਮਰਦਾਨੇ ਦੇ ਰੂਪ ਵਿਚ ਆਏ ਸਨ। ਹਰ ਇਕ ਨੂੰ ਅਲੌਕਿਕ ਸ਼ਕਤੀ ਨਾਲ ਪ੍ਰਭਾਵਿਤ ਕਰਦੇ ਦਿਖਾਈ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਨੂੰ ਪੌਰਾਣਿਕ ਵਿਅਕਤੀ ਦੇ ਰੂਪ ਵਿਚ ਦਰਸਾਇਆ ਗਿਆ ਹੈ। ਉਹਨਾਂ ਦੇ ਜੀਵਨ ਨੂੰ ਕਰਾਮਾਤਾਂ ਨਾਲ ਭਰਿਆ ਪਿਆ ਹੈ। ਬਾਲ ਅਵਸਥਾ ਤੋਂ ਹੀ ਗੁਰੂ ਨਾਨਕ ਦੇਵ ਜੀ ਕਰਾਮਾਤੀ ਸ਼ਕਤੀਆਂ ਦਿਖਾਉਣ ਲੱਗ ਗਏ ਸਨ। ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਅੰਨ੍ਹਿਆਂ ਨੂੰ ਅੱਖਾਂ ਦਿੰਦੇ ਸਨ, ਕੋਹੜੀਆਂ ਨੂੰ ਰੋਗ ਮੁਕਤ ਕਰਦੇ ਹਨ ਤੇ ਮ੍ਰਿਤਕਾਂ ਨੂੰ ਜੀਉਂਦਾ ਕਰਦੇ ਹਨ। ਉਹਨਾਂ ਦੇ ਕਹਿਣ 'ਤੇ ਵਿਅਕਤੀ ਮਰ ਜਾਂਦੇ ਤੇ ਛੂਹਣ 'ਤੇ ਜੀਉਂਦੇ ਹੋ ਜਾਂਦੇ ਹਨ।

ਇਹ ਵੀ ਲਿਖਿਆ ਮਿਲਦਾ ਹੈ ਕਿ ਦੌਲਤ ਖ਼ਾਂ ਲੋਧੀ ਦਾ ਕੁੱਤਾ ਵੀ ਹੱਥ ਦੀ ਛੋਹ ਪ੍ਰਾਪਤ ਕਰਨ ਨਾਲ ਕੁਰਾਨ ਪੜ੍ਹਨ ਲੱਗ ਪੈਂਦਾ ਹੈ। ਯਥਾ :

ਨਾਨਕ ਕੋਪ ਕਰੈ ਜਿਸ ਉਪਰ ਜਾਨ ਸੁ ਹਵੈ ਭਸਮ ਛਿਨ ਮੈ ਸੋ।
ਕਾਲ ਕਰਾਲ ਡਰੈ ਇਸ ਤੇ ਮਨ ਔਰਕ ਕੀ ਗਣਤੀ ਕਿਨ ਮੈ ਸੋ।
ਨਾਨਕ ਬਾਲਕ ਦੇਖਨ ਕੋ ਪਰ ਤੇਜ ਪ੍ਰਤਾਪ ਮਹਾ ਇਨ ਮੈ ਸੋ।
ਤੀਨ ਜੁ ਦੇਵ ਅਹੇ ਜਗ ਮੈ ਮੁਖ ਇਹੁ ਮਹਾਂ ਬਿਸਨੂੰ ਤਿਨ ਮੈ ਸੋ॥੧੫॥

(ਨਾਨਕ ਬਿਜੈ ਗ੍ਰੰਥ (ਹਿੰਦੀ), ਪੰਨਾ 338)

ਸਵਾਮੀ ਸੰਤਰੇਣ ਜੀ ਨੇ ਉਦਾਸੀ ਸੰਪ੍ਰਦਾ ਦਾ ਸੰਬੰਧ ਵੈਸ਼ਨਵਾਂ, ਸਿੱਧਾਂ, ਨਾਥਾਂ ਤੇ ਸਿੱਖਾਂ ਨਾਲ ਮੇਲਣ ਦਾ ਭਰਪੂਰ ਯਤਨ ਕੀਤਾ। ਉਹਨਾਂ ਨੇ *ਗੁਰੂ ਨਾਨਕ ਬਿਜੈ ਗ੍ਰੰਥ* ਨੂੰ ਰੌਚਿਕਤਾ ਭਰਪੂਰ ਬਣਾਉਣ ਲਈ ਉਸ ਵਿਚ ਕਈ ਅਲੌਕਿਕ ਕਰਾਮਾਤੀ ਕਥਾਵਾਂ ਦਾ ਵਰਣਨ ਕੀਤਾ ਤਾਂ ਜੁ ਕਿ ਉਸ ਸਮੇਂ ਜਦੋਂ ਇਹ ਗ੍ਰੰਥ ਲਿਖਿਆ ਗਿਆ ਹੈ, ਲੋਕਾਂ ਦੀਆਂ ਪ੍ਰਵਿਰਤੀਆਂ ਵੀ ਕੁਝ ਇਸੇ ਤਰ੍ਹਾਂ ਦੀਆਂ ਹੀ ਸਨ। ਦੂਸਰੀ ਗੱਲ ਪਾਠਕ ਜਾਂ ਸ਼ਰਧਾਲੂ ਚਮਤਕਾਰੀ ਕਥਾ ਕਥਾਵਾਂ ਨੂੰ ਪੜ੍ਹਨ ਵਿਚ ਤੇ ਸੁਣਨ ਵਿੱਚ ਜ਼ਿਆਦਾ ਦਿਲਚਸਪੀ ਲੈਂਦੇ ਹਨ। ਸੰਤਰੇਣ ਜੀ ਨੇ ਇਹ ਰਚਨਾ ਅਠਾਰ੍ਹਵੀਂ ਸਦੀ ਦੇ ਅੰਤ ਵਿਚ ਸੰਪੂਰਨ ਕੀਤੀ ਹੈ। ਸੰਤਰੇਣ ਜੀ ਨੇ ਕਿਸ ਕਿਸ ਗ੍ਰੰਥ ਨੂੰ ਆਧਾਰ ਬਣਾਇਆ ਹੈ ਤੇ ਕਿਥੋਂ ਸਾਰਾ ਮਸਾਲਾ ਇਕੱਠਾ ਕੀਤਾ ਹੈ। ਇਸ ਬਾਰੇ ਡਾ. ਤਾਰਨ ਸਿੰਘ ਜੀ ਲਿਖਦੇ ਹਨ ਕਿ ਉਹਨਾਂ ਨੇ ਇਹ ਸਾਰਾ ਮਸਾਲਾ ਬਾਲੇ ਵਾਲੀ ਜਨਮਸਾਖੀ ਤੋਂ ਲਿਆ ਹੈ।

ਇਕ ਗੱਲ ਹੋਰ ਵੀ ਡਾਕਟਰ ਤਾਰਨ ਸਿੰਘ ਜੀ ਸਾਡੇ ਧਿਆਨ ਵਿਚ ਲਿਆਉਂਦੇ ਹਨ ਕਿ *ਸ੍ਰੀ ਮਤ ਨਾਨਕ ਬਿਜੈ ਗ੍ਰੰਥ* ਦੀ ਰਚਨਾ ਦੱਖਣ ਵੱਲ ਹੋਈ ਹੈ ਸੀ। ਇਸ ਕਰਕੇ ਇਸ ਦੇ ਉਤਾਰੇ ਪੰਜਾਬ ਵਿਚ ਬਹੁਤ ਘੱਟ ਮਿਲਦੇ ਹਨ। ਹੁਣ ਵੀ ਕਿਸੇ ਵੀ ਲਾਇਬ੍ਰੇਰੀ ਵਿਚ ਇਸ ਦਾ ਉਤਾਰਾ ਨਹੀਂ ਮਿਲਦਾ। ਬਾਬਾ ਸੰਤਰੇਣ ਜੀ ਦੇ ਕਿਸੇ ਉਦਾਸੀ ਸ਼ਰਧਾਲੂ ਨੇ ਕਰੜੀ ਘਾਲਣਾ ਘਾਲ ਕੇ ਇਹ ਉਤਾਰਾ ਕੀਤਾ ਤੇ ਉਹਨਾਂ ਨੇ ਖ਼ੁਦ ਆਪਣੀ ਦੇਖ-ਰੇਖ ਵਿਚ ਨਕਲ ਤਿਆਰ ਕਰਵਾਈ ਤੇ ਪੰਜਾਬ ਆਉਣ ਸਮੇਂ ਇਸ ਨੂੰ ਆਪਣੇ ਨਾਲ ਲਿਆਂਦਾ।

ਸ੍ਰੀ ਮਤਿ ਨਾਨਕ ਬਿਜੈ ਗ੍ਰੰਥ ਦੇ 16 ਖੰਡ, 342 ਅਧਿਆਇ ਤੇ 24382 ਛੰਦ ਹਨ। ਖਰੜੇ ਦੇ ਕੁੱਲ 1860 ਪੱਤਰੇ ਹਨ ਤੇ ਪੰਨੇ 3720। ਪੂਰਾ ਬਿਉਰਾ ਇਸ ਪ੍ਰਕਾਰ ਹੈ :

ਨੰ.	ਖੰਡ	ਅਧਿਆਇ	ਛੰਦ	ਪੱਤਰੇ
1.	ਮੰਗਲ ਖੰਡ	16	106	1
2.	ਬ੍ਰਹਮ ਖੰਡ	17	1152	98
3.	ਨਾਨਕ ਬਿਲਾਸ ਖੰਡ	24	1872	213
4.	ਧਰਮ ਉਦਯੋਗ ਖੰਡ	22	1513	378

ਨੰ.	ਖੰਡ	ਅਧਿਆਇ	ਛੰਦ	ਪੱਤਰੇ
5.	ਬਿਵਾਹ ਖੰਡ	20	1335	521
6.	ਉਦਾਸੀ ਖੰਡ	24	1360	621
7.	ਪ੍ਤਾਪ ਖੰਡ	13	813	721
8.	ਖਡੂਰ ਖੰਡ	20	1627	781
9.	ਮਕੇਸਰ ਖੰਡ	21	1436	881
10.	ਸੁਮੇਰ ਖੰਡ	20	1627	781
11.	ਰਾਮੇਸ਼ਰ ਖੰਡ	18	1233	1070
12.	ਗਿਆਨ ਖੰਡ	17	1078	1154
13.	ਨਾਨਕ ਮਤਾ ਖੰਡ	12	886	1221
14.	ਪਲਖਦੀਪ ਖੰਡ	14	948	1284
15.	ਸਿੰਗਲਾਦੀਪ ਖੰਡ	13	998	1348
16.	ਮੁਲਤਾਨ ਖੰਡ	13	771	1427
17.	ਬਰਨ ਖੰਡ	10	825	1498
18.	ਤਿਲਗੰਜੀ ਦੇਵ ਖੰਡ	10	618	1573
19.	ਕਸ਼ਮੀਰ ਖੰਡ	29	2036	1631
20.	ਕਰਤਾਰਪੁਰ ਖੰਡ	16	1065	1768
		342	24382	1860 (ਕੁੱਲ ਪੱਤਰੇ)

ਸੋ ਅਸੀਂ ਦੇਖਦੇ ਹਾਂ ਕਿ ਇਹ ਇਕ ਵੱਡ-ਆਕਾਰੀ ਗ੍ਰੰਥ ਹੈ, ਜੋ ਕਿ ਭਾਰਤੀ ਸਾਹਿਤ ਦਾ ਇਕ ਅਮੋਲਕ ਰਤਨ ਹੈ। ਸੰਤਰੇਣ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੀ ਜੀਵਨ ਕਥਾ ਨੂੰ ਬਹੁਤ ਹੀ ਵਿਸਤ੍ਰਿਤ ਰੂਪ ਵਿਚ ਵਿਦਮਾਨ ਕੀਤਾ ਹੈ। ਇਸ ਦੇ ਨਾਲ ਹੀ ਕਈ ਪੱਖਾਂ ਨੂੰ ਵੀ ਉਜਾਗਰ ਕੀਤਾ ਹੈ। ਅਧਿਆਤਮਕ ਜੀਵਨ ਦੇ ਕਈ ਪੱਖਾਂ ਨੂੰ ਸੰਵਾਦ ਦੇ ਰੂਪ ਵਿਚ ਸੁੰਦਰ ਵਿਆਖਿਆ ਕਰ ਕੇ ਕਾਵਿਕ ਚਮਤਕਾਰ ਵੀ ਦਿਖਾਏ ਹਨ। ਉਹਨਾਂ ਸਮਿਆਂ ਵਿਚ ਅਜਿਹੇ ਗ੍ਰੰਥ ਦੀ ਰਚਨਾ ਕਰਨਾ ਚਮਤਕਾਰੀ ਘਟਨਾ ਹੀ ਕਿਹਾ ਜਾ ਸਕਦਾ ਹੈ। ਅੱਜ ਸਾਡੇ ਕੋਲ ਹਰ ਪ੍ਰਕਾਰ ਦੀ

ਸੁੱਖ-ਸਹੂਲਤ ਹੈ। ਵਧੀਆ ਸੰਚਾਰ ਸਾਧਨ ਹਨ, ਤੇਜ਼ ਰਫ਼ਤਾਰ 'ਤੇ ਚੱਲਣ ਵਾਲੀਆਂ ਗੱਡੀਆਂ, ਹਵਾਈ ਜਹਾਜ਼, ਮੋਬਾਇਲ, ਲੈਪਟਾਪ ਤੇ ਵਾਈ-ਫ਼ਾਈ ਵਰਗੀਆਂ ਆਲੇ ਦਰਜੇ ਦੀਆਂ ਸੁਵਿਧਾਵਾਂ ਹੋਣ ਦੇ ਬਾਵਜੂਦ ਵੀ ਅਜਿਹੇ ਗ੍ਰੰਥਾਂ ਦੀ ਰਚਨਾ ਨਹੀਂ ਹੋ ਪਾ ਰਹੀ। ਸੋ ਇਹ ਇਕ ਚਮਤਕਾਰ ਨਾਲੋਂ ਘੱਟ ਨਹੀਂ ਹੈ। ਚੂੰਕਿ ਉਸ ਸਮੇਂ ਦੇ ਸਾਧੂਆਂ ਦੀ ਕਰੜੀ ਘਾਲ ਕਮਾਈ ਹੀ ਇਹੋ ਜਿਹੇ ਸੁੰਦਰ ਗ੍ਰੰਥ ਸਿਰਜਦੀ ਸੀ। ਸੋ ਸਮੁੱਚੇ ਰੂਪ ਵਿਚ ਇਸ ਗ੍ਰੰਥ ਦੀ ਸ਼ਲਾਘਾ ਕਰਨੀ ਬਣਦੀ ਹੈ।

ਟੀਕਾਕਾਰੀ ਵਿਚ ਵੀ ਅਨੰਦਘਣ ਜੀ ਨੇ ਭਾਰਤੀ ਦਰਸ਼ਨ, ਪੁਰਾਣ ਅਤੇ ਹੋਰ ਉੱਚ-ਕੋਟੀ ਦੇ ਸਾਹਿਤ ਦੀ ਡੂੰਘੀ ਪੜਚੋਲ ਕੀਤੀ ਹੈ। ਉਥੇ ਟੀਕਾ (ਵਿਆਖਿਆ) ਸ਼ੈਲੀ ਦਾ ਇਕ ਉੱਘਾ ਰੂਪ ਵੀ ਉਨ੍ਹਾਂ ਨੇ ਪੰਜਾਬੀ ਸਾਹਿਤ ਨੂੰ ਭੇਟ ਕੀਤਾ ਹੈ। ਆਪਣੇ ਮਨ ਅਤੇ ਮਸਤਕ ਦੀਆਂ ਅਦੁੱਤੀ ਬਖ਼ਸ਼ਿਸ਼ਾਂ ਨੂੰ ਉਹਨਾਂ ਨੇ ਨਿਸ਼ਕਾਮ ਭਾਵ ਨਾਲ ਸਰਬੱਤ ਦੇ ਭਲੇ ਲਈ ਗੁਰਬਾਣੀ ਦੀ ਵਿਆਖਿਆ ਲਈ ਅਰਪਿਤ ਕੀਤਾ। ਇਹ ਉਹਨਾਂ ਦੇ ਜੀਵਨ ਦੀ ਸਭ ਤੋਂ ਵੱਡੀ ਉਪਲਬਧੀ ਹੈ। ਸੋ ਅਸੀਂ ਕਹਿ ਸਕਦੇ ਹਾਂ ਕਿ ਸਵਾਮੀ ਅਨੰਦਘਣ ਜੀ ਨੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਮਹੱਤਵਪੂਰਨ ਯੋਗਦਾਨ ਪਾਇਆ।

ਉਹਨਾਂ ਨੇ ਪੰਜਾਬੀ ਵਿਚ ਵੀ ਵੱਖਰੀ ਰਚਨਾ ਕੀਤੀ, ਪਰ *ਗੁਰੂ ਨਾਨਕ ਬਿਜੈ ਗ੍ਰੰਥ* ਵਿਚ ਵੀ ਕਿਤੇ ਕਿਤੇ ਪੰਜਾਬੀ ਛੰਦ ਦਿਖਾਈ ਦੇ ਜਾਂਦੇ ਹਨ। ਜਿਵੇਂ ਕਿ:

> ਤਰਕਸ ਤੀਰ ਕਮਾਣਾਂ ਬਾਂਧੇ ਸੂਰਮੇ।
> ਸਾਂਗਾ ਤੇਗਾਂ ਧਰੇ, ਖੜੇ ਨਹਿ ਦੂਰ ਮੇਂ।
> ਧਜਾ ਪਤਾਕੇ ਵਾਜਾ ਗਾਜਾ ਜਾਨਿਯੈ।
> ਹੋ ਹਾਜ਼ਰ ਹੈਂ ਸਭ ਖੜੇ ਦੂਰ ਨਹਿੰ ਮਾਨਿਯੈ॥੮੧॥
> ਵਾਜੇ ਗਾਜੇ ਸਾਥ ਚਲੇ ਘਰ ਆਪਣੇ।
> ਪਤਿ ਸਿਉ ਪਰਗਟ ਚਲੇ ਅਰ ਆਪਣੇ।
> ਕਾਲੂ ਨੇ ਇਸ ਭਾਂਤਿ ਕਹਿਓਂ ਸਮਝਾਇਕੈ।
> ਹੋ ਸਤਿਗੁਰ ਤੀਜੀ ਪਉੜੀ, ਕਹੀ ਸੁਣਾਇਕੈ॥੮੨॥ *(ਪੱਤਰਾ 1173)*

ਸੰਸਕ੍ਰਿਤ ਭਾਸ਼ਾ ਦਾ ਸਾਡੇ ਦੇਸ਼ ਵਿਚ ਬਹੁਤ ਮਾਣ-ਸਨਮਾਨ ਰਿਹਾ ਹੈ। ਦੇਵ ਭਾਸ਼ਾ ਵੀ ਸੰਸਕ੍ਰਿਤ ਨੂੰ ਕਿਹਾ ਜਾਂਦਾ ਸੀ। ਸਵਾਮੀ ਸੰਤਰੇਣ ਜੀ ਵੀ ਇਸ ਦਾ ਸਨਮਾਨ ਕਰਦੇ ਸਨ। ਉਹ ਬ੍ਰਾਹਮਣ ਸਾਧੂ ਸਨ, ਇਸ ਲਈ ਸੰਸਕ੍ਰਿਤ ਨੂੰ ਬਹੁਤ ਸਤਿਕਾਰ ਦਿੰਦੇ ਸਨ। ਪਰੰਤੂ ਅੱਜ ਸੰਸਕ੍ਰਿਤ ਲੋਕ ਮਨਾਂ ਵਿਚ ਉਤਨਾ ਪ੍ਰਭਾਵ ਨਹੀਂ ਪਾ ਸਕੀ, ਜਿਤਨੀ ਕਿ ਲੋਕ-ਭਾਸ਼ਾ, ਲੋਕ-ਭਾਸ਼ਾ ਹੀ ਵਧੇਰੇ ਲਾਭਵੰਦ ਹੁੰਦੀ ਹੈ। ਸੰਤਰੇਣ ਜੀ ਨੇ ਇਸ ਲੋਕ-ਭਾਸ਼ਾ ਨੂੰ ਉਹਨਾਂ ਨੇ ਪ੍ਰਾਕ੍ਰਿਤ ਕਹਿ ਕੇ ਯਾਦ ਕੀਤਾ ਤੇ ਇਸ ਦੀ ਆਭਾ ਸੰਸਕ੍ਰਿਤ ਨਾਲੋਂ ਵੱਧ ਵਡਿਆਈ ਹੈ:

> ਸੰਸਕ੍ਰਿਤ ਬਾਨੀ ਸੋ ਤੋ ਆਂਬ ਕੇ ਬਿਰਛ ਸਮ,
> ਤਾਂ ਮੇਂ ਧਰਮ ਅਰਥ ਗੁਪਤ ਸੋ ਧਰਯੋ ਹੈ।

ਸੰਤਨ ਕੀ ਬਾਨੀ ਪ੍ਰਾਕ੍ਰਿਤ ਸੋ ਫਲ ਸਮ,
ਅਰਥ ਪ੍ਰਗਟ ਰਸੁ ਅੰਮ੍ਰਿਤ ਸੋ ਭਰਯੋ ਹੈ।
ਗਯਾਨ ਰਸ ਚਾਹੈ ਸੋ ਤੋ ਪੇਡ ਸੋ ਨ ਕਾਮ ਰਾਖੈ,
ਫਲਨ ਕੋ ਖਾਇ ਕਲਯਾਣ ਕਾਮ ਕਰਯੋ ਹੈ।
ਕਹੈ ਇਮ ਸੰਤਰੇਣ ਸੰਤਨ ਕੇ ਵਾਕ ਸੁਨੈ,
ਵਾਕ ਜਿਨਿ ਸੁਨੋ ਤਿਨਿ ਭਵ ਸਿੰਧੁ ਤਰਯੋ ਹੈ॥੩॥
ਸੰਸਕ੍ਰਿਤ ਬਾਨੀ ਜੋਊ ਕੂਪ ਕੇ ਸਮਾਨ ਸੋਊ,
ਤੇਲੀਆ ਮਨੀਖਾ ਗੁਨਿ ਬਿਨ ਨੀਰ ਨਲ ਹੈ।
ਪ੍ਰਾਕ੍ਰਿਤ ਬਾਨੀ ਜੋਊ ਨਦੀ ਕੇ ਸਮਾਨ ਸੋਊ,
ਜੇਵਰੀ ਕਾ ਕਾਮ ਨਹਿੰ ਹਾਥ ਮੁਖ ਸੋਂ ਗਹੈ।
ਕੂਪ ਨਦੀ ਤਾਲ ਕੋ ਤਿਸਾਯੋ ਕਛੁ ਗਨੈ ਨਾਹਿ,
ਨੀਰ ਕੋ ਸੋ ਪਾਨਿ ਕਰ ਤਿਸਾ ਸੁ ਨਿਵਾਰ ਹੈ।
ਕਹੈ ਸੰਤਰੇਣ ਸੁਧੀ ਦੋਊ ਕੇ ਬਿਚਾਰ ਗਹੈ,
ਆਪ ਸੋ ਮੁਕਤਿ ਭਯੋ ਔਰਨ ਕੋ ਤਾਰ ਹੈ॥੪॥ *(ਪੱਤਰਾ 1841)*

ਕਵੀ ਸੰਤਰੇਣ ਜੀ ਕਹਿੰਦੇ ਹਨ ਕਿ ਜੇ ਸੰਸਕ੍ਰਿਤ ਸੋਨਾ ਹੈ ਤਾਂ ਬਾਕੀ ਜ਼ਬਾਨਾਂ ਵੀ ਇਸੇ ਸੋਨੇ ਤੋਂ ਸਿਰਜੇ ਹੋਏ ਗਹਿਣੇ ਹਨ। ਸੋਨੇ ਦੀ ਡਲੀ ਨਾਲੋਂ ਸੋਨੇ ਦੇ ਬਣੇ ਭੂਸ਼ਣ ਦਾ ਸੱਚਮੁੱਚ ਮੁੱਲ ਪੈਂਦਾ ਹੈ। ਇਹੋ ਗੱਲ ਸਾਡੀਆਂ ਨਵੀਆਂ ਜ਼ਬਾਨਾਂ ਦਾ ਹੈ:

ਕਰੇ ਖੰਡ ਕੇ ਖੇਲਣੇ, ਛਾਪਾ ਕੜੇ ਉਦਾਰ।
ਨਹੀਂ ਖੰਡ ਤੇ ਭਿੰਨ ਸੋ, ਦੇਖੋ ਆਪ ਬਿਚਾਰ॥੪੭॥
ਜੋ ਗੋੜੀ ਹੈ ਖੰਡ ਮੇਂ ਵਹੀ ਖੇਲਣੇ ਮਾਹਿ।
ਦੇਖੋ ਆਪਿ ਬਿਚਾਰਕੈ ਬੁਧਿਵੰਤ ਤੁਮ ਤਾਹਿ॥੪੮॥
ਸੰਸਕ੍ਰਿਤ ਮੈਂ ਅਰਥ ਜੋ ਵਹੀ ਪ੍ਰਾਕ੍ਰਿਤ ਮਾਹਿ।
ਸੰਤਰੇਣ ਇਉਂ ਕਹਤ ਹੈ ਇਸ ਮੈ ਸੰਸੇ ਨਾਹਿ॥੪੯॥
ਵਾਲਿਯੇ ਕੀਨੇ ਕਨਕ ਕੇ, ਕਿਨਹੂ ਸੋ ਬੁਧਿਵਾਨ।
ਨਹੀਂ ਕਨਕ ਤੇ ਭਿੰਨ ਸੋ, ਦੁਹ ਕਾ ਮੋਲ ਸਮਾਨ॥੫੦॥
ਸੰਸਕ੍ਰਿਤ ਪ੍ਰਾਕ੍ਰਿਤ ਕਾ, ਤਿਉਂ ਸਮ ਪੁੰਨ ਸੁ ਜਾਨ।
ਕਨਕੋ ਵਾਲਿਯੇ ਕੀ ਅਹੇ, ਸੋਭਾ ਅਧਿਕ ਮਹਾਨ॥੫੧॥
ਮਹਿੰਗੇ ਵਿਕੈਂ ਸੁ ਖੇਲਣੇ, ਖੰਡ ਸੁ ਸਸਤੀ ਜਾਨ।
ਸੰਸਕ੍ਰਿਤ ਸਮਝਨ ਕਠਿਨ, ਪ੍ਰਾਕ੍ਰਿਤ ਸੁਗਮ ਮਹਾਨ॥੫੨॥ *(ਪੱਤਰਾ 1845)*

ਛੰਦ-ਪ੍ਰਬੰਧ

ਛੰਦਾਬੰਦੀ ਵੀ ਇਕ ਕਲਾ ਹੁੰਦੀ ਹੈ। ਇਸ ਲਈ ਜਿਥੇ ਸ਼ਬਦ-ਭੰਡਾਰ ਭਰਪੂਰ ਚਾਹੀਦਾ ਹੈ, ਉਥੇ ਨਾਲ ਨਾਲ ਛੰਦ ਚਾਲ ਨੂੰ ਬੰਨ੍ਹਣ ਲਈ ਕਾਵਿ ਨਿਪੁੰਨਤਾ ਬਹੁਤ ਜ਼ਰੂਰੀ ਹੈ। ਆਮ ਤੌਰ 'ਤੇ ਦੇਖਣ ਵਿਚ ਆਉਂਦਾ ਹੈ ਕਿ ਕਥਾਵਾਂ ਵਿਚ ਛੰਦਾਂ ਦੀ

ਵਰਤੋਂ ਨਹੀਂ ਹੁੰਦੀ ਜਿਵੇਂ ਕਿ ਰਾਮਾਇਣ ਵਿਚ ਤੁਲਸੀ ਦਾਸ ਜੀ ਨੇ ਵਧੇਰੇ ਦੋਹਰਾ ਚੌਪਈ ਆਦਿ ਪ੍ਰਯੋਗ ਕੀਤਾ ਹੈ, ਪਰੰਤੂ ਸੰਤਰੇਣ ਜੀ ਨੇ ਇਹਨਾਂ ਤੋਂ ਇਲਾਵਾ ਇਸ ਗ੍ਰੰਥ ਵਿਚ ਕਈ ਪ੍ਰਕਾਰ ਦੇ ਛੰਦ ਵਰਤੇ ਹਨ। ਜਿਵੇਂ ਕਬਿੱਤ, ਸਵੈਯਾ, ਅੜਿਲ, ਛਪੈ, ਗੀਆ, ਮਾਲਤੀ, ਲੀਲਾਵਤੀ, ਬਚਿਤ੍ਰ, ਮਨਹਰ, ਗਾਹ, ਲਘੁ, ਚਟਪਟ ਤੋਟਕ, ਮੋਤੀ ਦਾਮ, ਕੜਖਾ, ਪਵੰਗਮ, ਕਾਮਣੀ, ਮੋਹਣਿ, ਨਰਾਜ, ਅਮਲਾ ਕਰੀਟ, ਚਾਮਰ ਡੰਡਿਕਾ, ਸੁਤਰਲ ਨੈਨ, ਭੁਜੰਗ ਪ੍ਰਯਾਤ, ਮਤ ਗਯੰਦ ਲਾਉਣੀ ਬੈਂਤ ਆਦਿ। ਇਸ ਪ੍ਰਕਾਰ ਅਨੇਕ ਛੰਦ ਰਚਨਾ ਤੋਂ ਪਤਾ ਚੱਲਦਾ ਹੈ ਕਿ ਸੰਤਰੇਣ ਜੀ ਛੰਦ ਸ਼ਾਸਤਰ ਦੇ ਵੀ ਚੰਗੇ ਗਿਆਤਾ ਸਨ। ਵੰਨਗੀ ਲਈ ਦੇਖੋ :

ਛਪੈ ਛੰਦ

ਸਸੀ ਸੀਤਲ ਜਗ ਕਰੈ, ਹਰੈ ਸਭ ਪਾਪ ਸੁ ਗੰਗਾ।
ਕਲਪ ਬਿਰਛ ਧਨ ਦੇਇ ਹਰੇ ਦਾਰਿਦ ਇਕ ਅੰਗਾ।
ਮੁਕਤਿ ਨ ਏ ਕਰ ਸਕੈਂ, ਏਕ ਗੁਨ ਇਨ ਕੇ ਮਾਹੀਂ।
ਪਾਰਸ ਮੈਂ ਗੁਨ ਏਕ, ਲੋਹ ਸੋ ਹੇਮ ਕਰਾਹੀਂ।
ਫੇਰੇ ਨਾਹਿ ਸੁਭਾਉ ਪੁਨਿ, ਸਕੈਂ ਨ ਆਪ ਸਮਾਨਿ ਕਰਿ।
ਸੰਤ ਫੇਰਿ ਗੁਨ ਮੁਕਤਿ ਦੇ, ਕਰੈਂ ਸੁ ਆਪ ਸਮਾਨ ਵਰਿ॥੧੫॥ *(ਪੱਤਰਾ 38)*

ਅਲੰਕਾਰ

ਕਿਸੇ ਵੀ ਗ੍ਰੰਥ ਦਾ ਕਾਵਿਕ ਪੱਖ ਦੇਖਣ ਲਈ ਜ਼ਰੂਰੀ ਹੈ ਕਿ ਇਸ ਨੂੰ ਧਿਆਨ ਵਿਚ ਰੱਖਿਆ ਜਾਵੇ ਕਿ ਕਵੀ ਨੇ ਕਿਸ ਢੰਗ ਨਾਲ ਆਪਣੀ ਰਚਨਾ ਨੂੰ ਰੌਚਿਕ ਤੇ ਦਿਲਕਸ਼ (ਆਕਰਸ਼ਕ) ਬਣਾਇਆ ਹੈ। ਕੇਵਲ ਭਾਸ਼ਾ ਦਾ ਜੋੜ ਮੇਲ ਹੀ ਕਾਵਿ ਨਹੀਂ ਹੁੰਦਾ, ਅਲੰਕਾਰਕ ਰੰਗ ਵੀ ਇਸ ਨੂੰ ਖ਼ੂਬਸੂਰਤ ਤੇ ਰਸਦਾਇਕ ਬਣਾਉਂਦਾ ਹੈ। ਕਵਿਤਾ ਦਾ ਸ਼ਿੰਗਾਰ ਅਲੰਕਾਰ ਹੈ। ਭਾਵੇਂ ਕੋਈ ਸੰਸਾਰੀ ਜੀਵਨ ਦੀ ਕਵਿਤਾ ਦੀ ਰਚਨਾ ਕਰ ਰਿਹਾ ਹੈ, ਭਾਵੇਂ ਕੋਈ ਅਧਿਆਤਮਕ ਜੀਵਨ ਦੀ ਕਵਿਤਾ ਰਚ ਰਿਹਾ ਹੈ। ਅਲੰਕਾਰ ਰੂਪੀ ਗਹਿਣਿਆਂ ਤੋਂ ਬਿਨਾਂ ਇਹ ਪਾਠਕਾਂ ਦੇ ਮਨ ਨੂੰ ਲੁਭਾ ਨਹੀਂ ਸਕਦਾ। ਭਗਤੀ ਰਸ ਦੇ ਕਵੀਆਂ ਨੇ ਜਾਂ ਭਗਤਾਂ ਨੇ ਅਲੰਕਾਰਾਂ ਨੂੰ ਉਸੇ ਤਰ੍ਹਾਂ ਹੀ ਵਰਤੋਂ ਵਿਚ ਲਿਆਂਦਾ, ਜਿਵੇਂ ਕਿ ਦੂਸਰੇ ਕਵੀਆਂ ਨੇ।

ਸਵਾਮੀ ਸੰਤਰੇਣ ਜੀ ਅਨੁਭਵਸ਼ੀਲ ਸੰਤ ਸਨ। ਉਹਨਾਂ ਨੇ ਭਾਰਤੀ ਸੰਸਕ੍ਰਿਤੀ ਦੇ ਗ੍ਰੰਥਾਂ ਦਾ ਚੰਗਾ ਅਧਿਐਨ ਕੀਤਾ ਹੋਇਆ ਸੀ ਅਤੇ ਉਹਨਾਂ ਦੀ ਕਾਵਿਕ ਸ਼ੈਲੀ ਨੂੰ ਚੰਗੀ ਤਰ੍ਹਾਂ ਜਾਚਿਆ-ਪਰਖਿਆ ਸੀ। ਦੂਸਰਾ ਉਹ ਰਮਤੇ ਸਾਧੂ ਸਨ। ਘੁੰਮਣ-ਫਿਰਨ ਨਾਲ ਉਹਨਾਂ ਨੇ ਬਹੁਤ ਸਾਰੇ ਅਨੁਭਵ ਵੀ ਪ੍ਰਾਪਤ ਕੀਤੇ। ਕੁਦਰਤ ਦੇ ਅਨੇਕਾਂ ਰੰਗਾਂ ਨੇ ਉਹਨਾਂ ਦੇ ਮਨ 'ਤੇ ਡੂੰਘਾ ਪ੍ਰਭਾਵ ਪਾਇਆ। ਉਹਨਾਂ ਨੇ ਭਾਰਤ ਵਿਚ ਕੁਦਰਤ ਦੇ ਹਰ ਪ੍ਰਕਾਰ ਦੇ ਰੰਗ ਨੂੰ ਤੱਕਿਆ। ਇਸੇ ਲਈ ਉਹਨਾਂ ਨੇ ਆਪਣੀ ਕਾਵਿ ਸਾਮੱਗਰੀ ਵਿਚ ਇਹਨਾਂ ਰੰਗਾਂ ਦਾ ਬਹੁਤ ਸੁਯੋਗ ਢੰਗ ਨਾਲ ਪ੍ਰਯੋਗ ਕੀਤਾ। ਇਕ

ਥਾਂ 'ਤੇ ਉਹ ਆਪ ਹੀ ਲਿਖਦੇ ਹਨ ਕਿ ਜਿਵੇਂ ਭੌਰਾ ਥਾਂ ਥਾਂ ਤੋਂ ਸੁਗੰਧੀ ਲੈ ਕੇ ਆਨੰਦਿਤ ਹੁੰਦਾ ਹੈ, ਰਸਾਂ ਨਾਲ ਭਰਪੂਰ ਹੋ ਜਾਂਦਾ ਹੈ ਤੇ ਖ਼ੁਸ਼ੀ ਵਿਚ ਹੋਰ ਗੁੰਜਾਰ ਪਾਉਂਦਾ ਹੈ, ਠੀਕ ਉਸੇ ਤਰ੍ਹਾਂ ਸੰਤਰੇਣ ਜੀ ਵੀ ਪਦ ਪਦਾਰਥਾਂ ਦਾ ਸੁਮੇਲ ਕਰ ਕੇ ਕਾਵਿ ਰਚਨਾ ਦੀ ਸਿਰਜਣਾ ਕਰਦੇ ਹਨ:

ਪੁਸ਼ਪੀ ਪੁਸ਼ਪ ਜਿਸ ਭੌਰ ਫਿਰੈ, ਬਨਿ ਲੇਤ ਸੁਗੰਧ ਜਹਾਂ ਤਹਾਂ ਸਾਰੇ।
ਤਿਮ ਹੀ ਕਵਿ ਕੀ ਬੁਧਿ ਅੱਛਰ ਮੈਂ, ਵਿਸ਼੍ਰ ਗ੍ਰੰਥ ਬਨੇ ਦ੍ਰਿਸ਼ਟਾਂਤ ਨਿਹਾਰੇ।
ਲਘੁ ਦੀਰਘ ਅੱਛਰ ਸੋਧ ਕਲਾ, ਦ੍ਰਿਸ਼ਟਾਂਤ ਭਲੀ ਪ੍ਰਕਾਰ ਬਨਾ ਰੇ।
ਪਦ ਔਰ ਪਦਾਰਥ ਮੇਲ, ਭਲੇ, ਪੁਨਿ ਫੇਰਿ ਲਿਖੈਂ ਤਿਸ ਗ੍ਰੰਥ ਮਝਾਰੇ॥੫॥

(ਪੱਤਰਾ 721)

ਕਵੀ ਸੰਤਰੇਣ ਜੀ ਅਲੰਕਾਰਾਂ ਵਿਚ ਉਪਮਾ, ਰੂਪਕ ਤੇ ਦ੍ਰਿਸ਼ਟਾਂਤਾਂ ਦੀ ਵਰਤੋਂ ਸੰਤ ਕਵੀਆਂ ਨੇ ਵਧੇਰੇ ਕੀਤੀ ਹੈ। ਕਈ ਥਾਵਾਂ 'ਤੇ ਹੋਰ ਅਲੰਕਾਰ ਵੀ ਵਰਤੇ ਹਨ।

ਸਮੁੱਚੇ ਰੂਪ ਵਿਚ ਇਸ ਗ੍ਰੰਥ ਦਾ ਅਧਿਐਨ ਕਰਨ ਤੋਂ ਬਾਅਦ ਅਸੀਂ ਸੰਖੇਪ ਰੂਪ ਵਿਚ ਇਹ ਕਹਿ ਸਕਦੇ ਹਾਂ ਕਿ ਸੰਤਰੇਣ ਜੀ ਦਾ ਇਹ ਮਹਾਨ ਗ੍ਰੰਥ ਜਿਥੇ ਭਾਰਤੀ ਸਾਹਿਤ ਦਾ ਅਮੋਲਕ ਖ਼ਜ਼ਾਨਾ ਹੈ, ਉਥੇ ਪੰਜਾਬੀ ਸਾਹਿਤ ਦਾ ਵੀ ਅਮੋਲਕ ਰਤਨ ਹੈ। ਬਾਬਾ ਸੰਤਰੇਣ ਜੀ ਨੇ ਇਸ ਗ੍ਰੰਥ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਬਹੁਤ ਹੀ ਵਿਸਥਾਰ ਵਿਚ ਅੰਕਿਤ ਕੀਤਾ ਹੈ, ਨਾਲ ਹੀ ਅਧਿਆਤਮਕ ਰੂਪ ਵਿਚ ਸੁੰਦਰ ਵਿਆਖਿਆ ਵੀ ਕੀਤੀ ਹੈ।

ਸਵਾਮੀ ਸੰਤਰੇਣ ਜੀ ਤੋਂ ਬਾਬਾ ਮਹੰਤ ਕਲਿਆਣ ਦਾਸ ਜੀ ਨੇ 32 ਕਿਤਾਬਾਂ ਲਿਖੀਆਂ ਹੋਈਆਂ ਹਨ, ਜਿਨ੍ਹਾਂ ਵਿਚ ਉਹਨਾਂ ਨੇ ਆਪਣੇ ਵਿਚਾਰਾਂ ਨੂੰ ਪੂਰਨ ਵਿਸ਼ਰਾਮ ਦਿੱਤਾ ਹੋਇਆ ਹੈ। ਬਾਬਾ ਕਲਿਆਣ ਦਾਸ ਜੀ (1902-92) ਨੇ ਲਿਖਿਆ ਹੈ ਕਿ ਪੰਜਾਬੀ ਸਭ ਤੋਂ ਪੁਰਾਣੀ ਬੋਲੀ ਹੈ। ਇਸ ਦੀ ਪ੍ਰਮਾਣਿਕਤਾ ਲਈ ਉਹ ਹਰ ਥਾਂ 'ਤੇ ਪ੍ਰਚਾਰ ਵੀ ਕਰਦੇ ਰਹੇ। ਵੰਨਗੀ ਲਈ ਦੇਖੋ ਉਹਨਾਂ ਦੀ ਰਚਨਾ:

ਗੁਰੂ ਨਾਨਕ ਜੀ ਨੂੰ ਬੰਧਨਾ ਚਰਨਾਂ 'ਤੇ ਸੀਸ ਰਖਾਇ।
ਸ੍ਰੀਚੰਦ ਮਹਾਰਾਜ ਜੀ ਮੇਰੀ ਕਰੋ ਸਹਾਇ।
ਬ੍ਰਹਮਾ ਜੀ ਨੇ ਅੱਖਰ ਬਣਾ ਕੇ ਬ੍ਰਹਮੀ ਨਾਮ ਰਖਾਇਆ।
ਸਭ ਲਿਪੀਆਂ ਦੀ ਮਾਂ ਹੈ ਬ੍ਰਹਮੀ ਸਾਰਿਆਂ ਆਖ ਸੁਣਾਇਆ।
ਗੁਰੂ ਨਾਨਕ ਜੀ ਨੇ ਤਿਸ ਬ੍ਰਹਮੀ ਦਾ ਗੁਰਮੁਖੀ ਨਾਮ ਰਖਾਇਆ।
ਪਉੜੀ ਪੰਜਵੀਂ ਜਪੁਜੀ ਅੰਦਰ ਬ੍ਰਹਮਾ ਗੁਰ ਸੁਨਾਇਆ।
ਜਦ ਤੋਂ ਸੰਸਾਰ ਬਨਿਆ ਹੈ ਤਦ ਤੋਂ ਗੁਰਮੁਖੀ ਚਾਲੂ ਹੋਈ।
ਕਲਿਆਣ ਦਾਸ ਸਭ ਪੜੋ ਏਸ ਨੂੰ ਇਸ ਵਿਚ ਸ਼ੱਕ ਨਾ ਕੋਈ।

ਜੋ ਵੀ ਹੋਵੇ ਮਹੰਤ ਕਲਿਆਣ ਦਾਸ ਜੀ ਦੀ ਨਿਸ਼ਠਾ ਦੇਖੋ ਉਹ ਇਹ ਐਲਾਨ ਕਰਦੇ ਹਨ ਕਿ ਵੇਦਾਂ ਵੇਲੇ ਬ੍ਰਹਮੀ ਲਿਪੀ ਸੀ, ਜੋ ਕਿ ਪੰਜਾਬੀ ਵਿਚ ਹੀ ਲਿਖੇ ਗਏ ਅਤੇ ਉਸ ਦੀ ਲਿਪੀ ਵਿਚ ਸੁਧਾਰ ਹੁੰਦਾ ਗਿਆ, ਜੋ ਕਿ ਅੱਜ ਦੀ ਗੁਰਮੁਖੀ ਹੈ।

ਮਹੰਤ ਕਲਿਆਣ ਦਾਸ ਜੀ ਇਹ ਵੀ ਲਿਖਦੇ ਹਨ ਕਿ ਪੰਜਾਬੀ ਦੇ ਅੱਖਰ ਬਣੇ ਨੂੰ ਐਸ ਵੇਲੇ ਇਕ ਅਰਬ ਛਿਆਨਵੇਂ ਕਰੋੜ ਅਠਵੰਜਾ ਲੱਖ ਅਤੇ ਬਿਆਸੀ ਸਾਲ ਹੋਏ ਹਨ। ਇਹ ਸਾਰਾ ਕੁਝ ਸਤਿਜੁਗ, ਦੁਆਪਰ, ਤ੍ਰੇਤੇ ਅਤੇ ਕਲਿਜੁਗ ਦੀ ਉਮਰ ਦੀ ਉਮਰ ਕੱਢ ਕੇ ਲਗਾਇਆ ਗਿਆ ਹੈ। ਭਾਵੇਂ ਕੁੱਝ ਵੀ ਹੋਵੇ ਅਤਿਕਥਨੀ ਹੋਵੇ, ਪਰ ਉਦਾਸੀ ਸਾਧੂਆਂ ਦੀ ਪੰਜਾਬੀ ਬਾਰੇ ਪਹੁੰਚ ਨੂੰ ਸਚਮੁੱਚ ਸਲਾਹਿਆ ਜਾਣਾ ਚਾਹੀਦਾ ਹੈ। ਸਾਨੂੰ ਹੋਰ ਵੀ ਬਹੁਤ ਸਾਰਾ ਸਾਹਿਤ ਉਦਾਸੀ ਮਹਾਤਮਾਵਾਂ ਦਾ ਪ੍ਰਾਪਤ ਹੁੰਦਾ ਹੈ, ਜਿਸ ਤੋਂ ਉਹਨਾਂ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਪਰੰਤੂ ਉਦਾਸੀ ਸਾਹਿਤ ਨੂੰ ਅਜੇ ਤਕ ਉਹ ਮਾਣ-ਸਨਮਾਣ ਪੰਜਾਬੀ ਸਾਹਿਤ ਵਿਚ ਨਹੀਂ ਮਿਲਿਆ, ਜੋ ਕਿ ਮਿਲਣਾ ਚਾਹੀਦਾ ਸੀ।

ਅਧਿਆਇ ਤੇਰ੍ਹਵਾਂ

ਸ੍ਰੀ ਪੰਚਾਇਤੀ ਅਖਾੜਾ (ਬੜਾ) ਉਦਾਸੀਨ ਨਿਰਵਾਣ

ਉਦਾਸੀ ਸੰਪ੍ਰਦਾ ਦੇ ਮਹਾਨ ਸੰਤ ਬਾਬਾ ਪ੍ਰੀਤਮ ਦਾਸ ਜੀ ਦਾ ਇਹ ਸੁਪਨਾ ਸੀ ਅਤੇ ਦ੍ਰਿੜ੍ਹ ਸੰਕਲਪ ਵੀ ਸੀ। ਉਹਨਾਂ ਦੇ 108 ਚੇਲੇ ਸਨ, ਜੋ ਕਿ ਦੇਸ਼-ਵਿਦੇਸ਼ ਵਿਚ ਗੁਰੂ-ਘਰ ਦੇ ਚੰਗੇ ਪ੍ਰਚਾਰਕ ਹੋਏ। ਇਕ ਵਾਰ ਦੱਖਣ ਹੈਦਰਾਬਾਦ ਵਿਖੇ ਲਾਲਾ ਚੰਦੂ ਲਾਲ ਨੂੰ ਜਾ ਮਿਲੇ। ਚੰਦੂ ਲਾਲ ਦਾ ਇਕ ਚਾਚਾ ਸੀ, ਜਿਸ ਦਾ ਨਾਮ ਨਾਨਕ ਚੰਦ ਸੀ। ਇਹਦੇ ਸੰਤਾਨ ਵੱਲੋਂ ਘਰ ਸੁੰਨਾ ਸੀ। ਇਹਨਾਂ ਨੇ ਬਾਬਾ ਪ੍ਰੀਤਮ ਦਾਸ ਜੀ ਅੱਗੇ ਬਿਨਉ ਕੀਤੀ। ਬਾਬਾ ਪ੍ਰੀਤਮ ਦਾਸ ਜੀ ਨੇ ਇਹਨਾਂ 'ਤੇ ਕਿਰਪਾ ਕੀਤੀ। ਇਹਨਾਂ ਦੇ ਘਰ ਪੁੱਤਰ ਪੈਦਾ ਹੋਇਆ। ਇਹਨਾਂ ਨੇ ਖ਼ੁਸ਼ ਹੋ ਕੇ ਬਾਬਾ ਪ੍ਰੀਤਮ ਦਾਸ ਜੀ ਨੂੰ ਸੱਤ ਲੱਖ ਰੁਪਿਆ ਭੇਟ ਕੀਤਾ। ਇਸ ਦੇ ਨਾਲ ਹੀ ਉਹਨਾਂ ਨੇ ਇਹ ਬਿਨਤੀ ਵੀ ਕੀਤੀ ਕਿ ਇਸ ਪੈਸੇ ਨਾਲ ਤੀਰਥਾਂ ਅਤੇ ਕੁੰਭ ਦੇ ਮੇਲਿਆਂ 'ਤੇ ਸੰਤਾਂ ਤੇ ਆਮ ਲੋਕਾਂ ਨੂੰ ਲੰਗਰ ਛਕਾਇਆ ਜਾਇ ਕਰੇ।

ਇਹ ਰੁਪਇਆ ਨਿਰਬਾਣ ਪ੍ਰੀਤਮ ਜੀ ਪ੍ਰਯਾਗ ਆਨ ਜਮ੍ਹਾਂ ਕੀਤਾ। ਫਿਰ ਇਸੇ ਪੂੰਜੀ ਨਾਲ ਅਖਾੜਾ ਕਾਇਮ ਕੀਤਾ, ਜਿਸ ਨੂੰ ਪੰਚਾਇਤੀ ਅਖਾੜਾ ਬੜਾ ਕਿਹਾ ਜਾਂਦਾ ਹੈ। ਨਿਰਬਾਣ ਜੀ ਨੇ ਪਹਿਲਾਂ 1836 ਬਿਕ੍ਰਮੀ ਵਿਚ ਧ੍ਵਜਾ ਫਹਿਰਾਈ।

ਅਖਾੜੇ ਦੇ ਚਾਰ ਸਰਵ ਪ੍ਰਥਮ ਮਹੰਤ ਥਾਪੇ ਗਏ। ਪ੍ਰਤਿਨਿਧ ਰੂਪ ਵਿਚ ਚਾਰ ਧੂਣਿਆਂ ਵਿੱਚੋਂ ਦੋ ਮਹੰਤ ਅਤੇ ਛੇ ਬਖ਼ਸ਼ਿਸ਼ਾਂ ਵਿੱਚੋਂ ਵੀ ਦੋ ਮਹੰਤ ਨਿਯੁਕਤ ਕੀਤੇ ਗਏ। ਇਹਨਾਂ ਦੇ ਨਾਮ ਇਸ ਪ੍ਰਕਾਰ ਹਨ :

1. ਸ੍ਰੀਮਾਨ ਮਹੰਤ ਗੰਗਾ ਰਾਮ ਜੀ : ਬਖ਼ਸ਼ਿਸ਼ ਭਗਤ ਭਗਵਾਨ ਜੀ
2. ਸ੍ਰੀਮਾਨ ਬਾਬਾ ਬ੍ਰਹਮ ਅਰੂਪ ਜੀ : ਬਖ਼ਸ਼ਿਸ਼ ਮੀਹਾਂ ਸਾਹਿਬ ਜੀ
3. ਸ੍ਰੀਮਾਨ ਬਾਬਾ ਅਟਲ ਸਾਹਿਬ ਜੀ : ਧੂਣਾ ਅਲਮਸਤ ਸਾਹਿਬ ਜੀ
4. ਸ੍ਰੀਮਾਨ ਬਾਬਾ ਬ੍ਰਹਮਇਕ ਜੋਤ ਜੀ : ਧੂਣਾ ਬਾਲੂ 'ਹੱਸਣਾ' ਜੀ

ਅਖਾੜੇ ਦੀ ਸਥਾਪਨਾ ਤੋਂ ਬਾਅਦ ਬਾਬਾ ਪ੍ਰੀਤਮ ਦਾਸ ਜੀ ਨਿਰਵਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਰਬੋਤਮ ਰੱਖਿਆ, ਬਾਕੀ ਸਭ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਧੀਨ ਰੱਖਿਆ। ਨਿਰਵਾਣ ਬਾਬਾ ਪ੍ਰੀਤਮ ਦਾਸ ਜੀ ਅਖਾੜੇ ਦੀ ਸਥਾਪਨਾ ਤੋਂ ਬਾਅਦ ਬਾਬਾ ਜੀ ਗੰਗਾ ਦੇ ਪ੍ਰਵਾਹ ਵਿਚ ਖੜੇ ਹੋ ਗਏ ਤੇ ਪਰਮਾਤਮਾ ਨੂੰ ਆਪਣੇ ਹਿਰਦੇ ਅੰਦਰ ਧਿਆ ਕੇ ਇਹ ਘੋਸ਼ਣਾ ਕੀਤੀ, "ਅੱਜ ਤੋਂ ਮੈਂ ਮੇਰਾ ਸਭ ਕੁਝ ਤਨ, ਧਨ, ਵੈਭਵ ਸੰਸਥਾ ਅਖਾੜੇ ਨੂੰ ਸਮਰਪਿਤ ਕਰਦਾ ਹਾਂ।"

ਇਹਨਾਂ ਦੇ ਨਾਲ ਹੀ ਉਥੇ ਹਾਜ਼ਰ ਉਦਾਸੀ ਸੰਤਾਂ ਨੇ ਵੀ ਗੰਗਾ ਜੀ ਵਿਚ ਖੜੇ ਹੋ ਕੇ ਇਸੇ ਤਰ੍ਹਾਂ ਦਾ ਸੰਕਲਪ ਲਿਆ।

ਪ੍ਰਯਾਗ ਰਾਜ ਵਿਚ ਬਹੁਤ ਹੀ ਸੁੰਦਰ ਅਖਾੜੇ ਦੇ ਭਵਨ ਦਾ ਨਿਰਮਾਣ ਕੀਤਾ ਗਿਆ। ਉਸ ਨੂੰ ਪੰਚਾਇਤੀ ਅਖਾੜਾ ਬੜਾ ਦਾ ਪ੍ਰਮੁੱਖ ਕੇਂਦਰ ਬਣਾਇਆ। ਇਸ ਤੋਂ ਬਾਅਦ ਹਰਿਦੁਆਰ ਕਨਖਲ ਵਿਖੇ ਰਾਜ ਘਾਟ 'ਤੇ ਅਖਾੜੇ ਦਾ ਨਿਰਮਾਣ ਕੀਤਾ ਗਿਆ। ਇਕ ਵਾਰ ਹਰਿਦੁਆਰ ਕੁੰਭ ਦੇ ਮੇਲੇ 'ਤੇ ਬਾਬਾ ਪ੍ਰੀਤਮ ਦਾਸ ਜੀ ਦਾ ਅਤੇ ਗੁਸਾਈਆਂ ਦਾ ਭਾਰੀ ਫ਼ਸਾਦ ਹੋ ਗਿਆ। ਗੁਸਾਈਂ ਆਖਣ ਲੱਗੇ ਕਿ ਜ਼ੰਜੀਰ ਤੇ ਵਿਭੂਤ ਸਾਡੇ ਹਨ। ਬਾਬਾ ਪ੍ਰੀਤਮ ਦਾਸ ਜੀ ਆਪਣੇ ਲੱਕ ਦੁਆਲੇ ਜ਼ੰਜੀਰ ਬੰਨ੍ਹਦੇ ਸਨ ਤੇ ਪਿੰਡੇ 'ਤੇ ਵਿਭੂਤ ਵੀ ਲਗਾਉਂਦੇ ਸਨ। ਸੋ ਇਸੇ ਕਾਰਨ ਗੁਸਾਈਂ ਕਹਿਣ ਲੱਗੇ ਕਿ ਜ਼ੰਜੀਰ ਤੇ ਵਿਭੂਤ ਸਾਡੇ ਹਨ, ਤੁਸਾਂ ਕਿਉਂ ਧਾਰਨ ਕੀਤੇ ਹਨ ? ਬਾਬਾ ਜੀ ਨੇ ਜ਼ੰਜੀਰ ਲਾਹ ਕੇ ਉਤਾਂਹ ਨੂੰ ਸੁੱਟ ਦਿੱਤੀ ਤੇ ਉਹ ਅੱਗੋਂ ਉਤਾਂਹ ਨੂੰ ਸੱਪ ਵਾਂਙ ਫਣ ਚੁੱਕੇ ਤੇ ਉਥੋਂ ਗੁਸਾਈਂ ਸ਼ਿਵ ਸ਼ਿਵ ਕਰਕੇ ਭੱਜ ਉੱਠੇ ਅਤੇ ਬਾਬਾ ਪ੍ਰੀਤਮ ਦਾਸ ਜੀ ਨੇ ਜ਼ੰਜੀਰ ਚੁੱਕ ਕੇ ਫੇਰ ਲੱਕ ਨਾਲ ਲਪੇਟ ਲਈ।

ਇਸੇ ਤਰ੍ਹਾਂ ਬਾਬਾ ਪ੍ਰੀਤਮ ਦਾਸ ਜੀ ਨੇ ਆਪਣੇ ਪਿੰਡੇ 'ਤੇ ਵਿਭੂਤ ਮਲ ਕੇ ਗੁਸਾਈਆਂ ਨਾਲ ਗੰਗਾ ਵਿਚ ਕੁੱਦ ਪਏ ਤਾਂ ਗੁਸਾਈਆਂ ਦੀ ਵਿਭੂਤ ਗੰਗਾ ਵਿਚ ਧੋਤੀ ਗਈ, ਪਰ ਬਾਬਾ ਜੀ ਦੇ ਜਿਉਂ ਦੀ ਤਿਉਂ ਹੀ ਲੱਗੀ ਰਹੀ।

ਇਹ ਕਰਾਮਾਤਾਂ ਦੇਖ ਕੇ ਗੁਸਾਈਆਂ ਨੂੰ ਸ਼ਰਮ ਦਿਆਂ ਮਾਰਿਆਂ ਨੂੰ ਧਰਤੀ ਵੀ ਲੁੱਕਣ ਲਈ ਵੇਹਲ ਨਾ ਦੇਵੇ, ਪਰੰਤੂ ਗੁਸਾਈਆਂ ਨੇ ਸ਼ਸਤਰ ਫੜ ਕੇ ਲੜਾਈ ਕਰਨੀ ਸ਼ੁਰੂ ਕਰ ਦਿੱਤੀ। ਇਹੀ ਜ਼ੰਜੀਰ ਹੁਣ ਸ੍ਰੀ ਸੰਗਲ ਵਾਲਾ ਅਖਾੜਾ ਅੰਮ੍ਰਿਤਸਰ ਵਿਚ ਮੌਜੂਦ ਹੈ।

ਨਿਰਵਾਣ ਜੀ ਨੇ ਅਜਿਹੇ ਕੌੜੇ ਅਨੁਭਵਾਂ ਨੂੰ ਦੇਖ ਕੇ ਇਹ ਨਿਸ਼ਚਾ ਕਰ ਲਿਆ ਕਿ ਭਲੇ ਸ਼ਰੋਤ ਪਰੰਪਰਾ ਦੇ ਵਿਰੱਕਤ ਉਦਾਸੀਨ ਸਾਧੂ ਮਾਇਆ (ਲਛਮੀ) ਤੋਂ ਦੂਰ ਨਿਰਮੋਹੀ ਹੋ ਕੇ ਭਾਰਤ ਵਰਸ਼ ਵਿਖੇ ਪਰਮਾਤਮਾ ਦੇ ਭਰੋਸੇ ਵਿਚਰਦੇ ਹਨ, ਪਰੰਤੂ ਕੁੰਭ ਆਦਿ ਅਵਸਰਾਂ ਅਤੇ ਤੀਰਥ ਅਸਥਾਨਾਂ 'ਤੇ ਉਨ੍ਹਾਂ ਦੇ ਨਿਵਾਸ, ਲੰਗਰ ਆਦਿ ਦੀ ਵਿਵਸਥਾ ਜ਼ਰੂਰ ਹੋਣੀ ਚਾਹੀਦੀ ਹੈ।

ਨਿਰਵਾਣ ਜੀ ਦੇ ਮਨ ਵਿਚ ਇਹ ਸੰਕਲਪ ਤਾਂ ਹੈ ਹੀ ਸੀ, ਪਰੰਤੂ ਜੋ ਹਰਿਦੁਆਰ ਕੁੰਭ 'ਤੇ ਉਹਨਾਂ ਨਾਲ ਵਿਵਹਾਰ ਹੋਇਆ, ਉਹ ਵੀ ਉਹਨਾਂ ਦੇ ਮਨ 'ਤੇ ਡੂੰਘਾ ਪ੍ਰਭਾਵ ਪਾ ਗਿਆ। ਉਹਨਾਂ ਨੇ ਇਹ ਦ੍ਰਿੜ੍ਹ ਸੰਕਲਪ ਕਰ ਲਿਆ ਕਿ ਹੁਣ ਹਰਿਦੁਆਰ ਵੀ ਉਦਾਸੀਨ ਅਖਾੜਾ ਬਣਾਉਣਾ ਹੈ। ਬਾਬਾ ਬਨਖੰਡੀ ਜੀ ਦਾ ਆਸ਼ੀਰਵਾਦ ਉਹਨਾਂ ਦੇ ਨਾਲ ਸੀ। ਧੂਣਾ ਅਤੇ ਬਖ਼ਸ਼ਿਸ਼ ਦੀ ਪਰੰਪਰਾ ਵਿਚ ਬਾਬਾ ਸ੍ਰੀ ਚੰਦ ਜੀ ਅਤੇ ਉਹਨਾਂ ਦੇ ਸਮੇਂ ਹੀ ਉਦਾਸੀਨ ਸੰਤ ਚਾਰੋਂ ਦਿਸ਼ਾਵਾਂ ਵਿਚ ਧਰਮ ਅਤੇ ਸੰਸਕ੍ਰਿਤੀ ਦੇ ਪ੍ਰਚਾਰ ਲਈ ਵਿਚਰਦੇ ਰਹੇ ਸਨ। ਸਮਾਜ ਅਤੇ ਸੰਪ੍ਰਦਾ ਦੇ ਕਲਿਆਣ ਅਰਥ ਉਹਨਾਂ ਨੂੰ ਸੰਗਠਨਾਤਮਕ ਰੂਪ ਦੇਣਾ ਬਹੁਤ ਜ਼ਰੂਰੀ ਸੀ। ਆਪਣੇ ਸੁਪਨੇ ਅਤੇ ਸੰਕਲਪ ਨੂੰ ਸਾਕਾਰ ਕਰਨ ਲਈ ਨਿਰਵਾਣ ਸ੍ਰੀ ਪ੍ਰੀਤਮ ਦਾਸ ਜੀ ਨੇ

ਹਰਿਦੁਆਰ ਵਿਖੇ ਸੰਮਤ 1825 ਬਿ: ਨੂੰ ਕੁੰਭ ਪੁਰਬ 'ਤੇ ਭਾਰਤ ਦੇ ਨਾਮਵਰ ਉਦਾਸੀਨ ਸੰਤਾਂ ਨੂੰ ਇਕੱਤਰ ਕੀਤਾ। ਉਹਨਾਂ ਦੇ ਸਾਹਮਣੇ ਆਪਣੀ ਯੋਜਨਾ ਦਾ ਉਦੇਸ਼ ਦੱਸਿਆ ਤੇ ਅਖਾੜਾ ਬੰਨ੍ਹਣ ਦੀ ਰੂਪ-ਰੇਖਾ ਤਿਆਰ ਕੀਤੀ।

ਉਹਨਾਂ ਨੇ ਕਿਹਾ ਕਿ ਸਾਡੇ ਤੀਰਥ ਸਥਲ ਪਰਾਗਰਾਜ, ਹਰਿਦੁਆਰ ਅਤੇ ਨਾਸਕ ਵਿਖੇ ਹਨ। ਇਹਨਾਂ ਥਾਵਾਂ 'ਤੇ ਕੁੰਭ ਦਾ ਮੇਲਾ ਲੱਗਦਾ ਹੈ। ਇਸ ਮੌਕੇ 'ਤੇ ਉਦਾਸੀਨ ਸੰਤਾਂ ਨੂੰ ਲੰਗਰ ਤੇ ਰਿਹਾਇਸ਼ ਦੀ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰੀ ਦੂਸਰੇ ਮੱਤਾਂ ਦੇ ਸਾਧੂ ਗਾਲੀ ਗਲੋਚ ਵੀ ਕਰਦੇ ਹਨ। ਇਸ ਲਈ ਕਈ ਪ੍ਰਕਾਰ ਦੇ ਕਸ਼ਟ ਉਠਾਉਣੇ ਪੈਂਦੇ ਹਨ। ਜਦੋਂ ਕਿ ਦੂਸਰੀਆਂ ਸੰਪ੍ਰਦਾਵਾਂ ਵਿਚ ਇਹਨਾਂ ਸਹੂਲਤਾਂ ਲਈ ਉੱਚ-ਕੋਟੀ ਦੀ ਵਿਵਸਥਾ ਹੈ। ਇਸ ਲਈ ਉਦਾਸੀਨ ਸਾਧੂਆਂ ਲਈ ਵੀ ਇਕ ਉੱਚ-ਕੋਟੀ ਦੀ ਸੰਸਥਾ ਹੋਣੀ ਜ਼ਰੂਰੀ ਹੈ।

ਲਗਪਗ ਸਾਰੇ ਹੀ ਉਦਾਸੀਨ ਵਿਰੱਕਤ ਸਾਧੂਆਂ ਨੇ ਨਿਰਵਾਣ ਪ੍ਰੀਤਮ ਜੀ ਦੇ ਸੰਕਲਪ ਤੇ ਉਦੇਸ਼ ਨੂੰ ਸਮਰਥਣ ਦਿੱਤਾ। ਇਹ ਵੀ ਕਿਹਾ ਜਾਂਦਾ ਹੈ ਕਿ ਕਵੀ ਸੰਤਰੇਣ ਜੀ ਵੀ ਇਥੇ ਹਾਜ਼ਰ ਸਨ। ਸੰਤਰੇਣ ਜੀ ਤੇ ਪ੍ਰੀਤਮ ਦਾਸ ਜੀ ਨਾਸਿਕ ਦੇ ਕੁੰਭ ਮੇਲੇ 'ਤੇ ਵੀ ਮਿਲੇ ਸਨ। ਉਥੇ ਵੀ ਉਹਨਾਂ ਨੇ ਉਦਾਸੀ ਸਾਧੂਆਂ ਦੇ ਸੰਗਠਨ ਲਈ ਵਿਚਾਰ ਵਿਮਰਸ਼ ਕੀਤਾ ਸੀ।

ਸੰਮਤ 1825 ਬਿ: ਨੂੰ ਹਰਿਦੁਆਰ ਵਿਖੇ ਮਾਘ ਸ਼ੁਕਲ ਪੰਚਮੀ ਦੇ ਦਿਨ ਸ੍ਰੀ ਪੰਚਾਇਤੀ ਅਖਾੜਾ (ਬੜਾ) ਉਦਾਸੀਨ ਦੀ ਸਥਾਪਨਾ ਹੋਈ।

ਅਖਾੜੇ ਦੇ ਚਾਰ ਮਹੰਤ

ਸ੍ਰੀ ਉਦਾਸੀਨ ਪੰਚਾਇਤੀ ਅਖਾੜਾ ਵਿਚ ਚਾਰ ਮਹੰਤਾਂ ਦੀ ਚੋਣ ਜਾਂ ਨਿਯੁਕਤੀ ਦੀ ਪਰੰਪਰਾ ਧੂਣਿਆਂ ਅਤੇ ਬਖ਼ਸ਼ਿਸ਼ਾਂ ਦੇ ਆਧਾਰ 'ਤੇ ਕ੍ਰਮ ਅਨੁਸਾਰ ਚੱਲੀ ਆਉਂਦੀ ਹੈ।

ਇਹ ਚਾਰੋਂ ਮਹੰਤ ਸਨਕਾਦਿ ਦੇ ਪ੍ਰਤਿਨਿਧ ਮੰਨੇ ਜਾਂਦੇ ਹਨ। ਸ੍ਰੀ ਗੋਲਾ ਸਾਹਿਬ ਦੀ ਸਥਾਪਨਾ ਪਰਮੇਸ਼ਵਰ ਦੇ ਪ੍ਰਤਿਨਿਧ ਰੂਪ ਵਿਚ ਹੋਈ ਹੈ। ਮਹੰਤ ਪੰਚ ਪਰਮੇਸ਼ਰ ਕਹਿਲਾਉਂਦੇ ਹਨ।

ਉਦਾਸੀਨ ਸੰਤ ਕਵੀ ਸੰਤਰੇਣ ਜੀ ਨੇ ਕਵਿਤਾ ਸ੍ਰੀ ਪੰਚ ਪਰਮੇਸ਼ਰ ਦੀ ਉਸਤਤੀ ਇਸ ਪ੍ਰਕਾਰ ਕੀਤੀ ਹੈ:

ਕਹੈ ਕਵਿ ਸੰਤਰੇਣ ਦੋਨੋਂ ਹਾਥ ਜੋੜ,
ਸ੍ਰੀ ਪੰਚ ਪਰਮੇਸ਼ਵਰ ਨੂੰ ਵੰਦਨਾ ਹਮਾਰੀ ਹੈ।
ਚਾਰ ਜੋ ਮਹੰਤ ਮਾਨੇ ਚਾਰ ਸਨਕਾਦਿ ਆਦਿ,
ਵਿਸ਼ਨੂੰ ਸਵਰੂਪ ਗ੍ਰੰਥ ਉਰ ਆਨਿਯੇ।
ਗੁਰੂ ਗ੍ਰੰਥ ਮੇਂ ਜੋ ਬਾਣੀ ਚਾਰੋਂ ਵੇਦੋਂ ਮੇਂ ਵਖਾਣੀ,
ਔਰ ਤਿਨਕਾ ਪੂਜਾਰੀ ਸੋ ਵਿਰੰਚਿ ਸਮ ਜਾਣੀਯੇ।
ਤਿਨਕਾ ਜੋ ਕਾਰਵਾਰੀ ਨਾਰਦ ਸਮਾਨ ਜਾਨ,
ਤਿਨਕਾ ਜੋ ਭੰਡਾਰੀ ਸੋ ਕੁਬੇਰ ਸਮ ਮਾਨੀਯੇ।

ਕਹੈ ਕਵੀ ਸੰਤਰੇਣ ਦੋਨੋਂ ਹਾਥ ਜੋੜ,
ਸ੍ਰੀ ਪੰਚ ਪਰਮੇਸ਼ਵਰ ਕੋ ਵੰਦਨਾ ਹਮਾਰੀ ਹੈ।

ਚਾਰ ਪੰਗਤ

ਡਾ. ਕਿਸ਼ੋਰ ਦਾਸ ਸਵਾਮੀ ਜੀ ਨੇ ਚਾਰ ਪੰਗਤ ਦਾ ਉਦੇਸ਼ ਅਤੇ ਮਹੱਤਵ ਸਮਝਾਉਂਦੇ ਹੋਏ ਲਿਖਿਆ ਹੈ ਕਿ ਉਦਾਸੀਨ ਸੰਪ੍ਰਦਾਇ ਵਿਸ਼ੁੱਧ ਵੈਦਿਕ ਹੈ। ਵੇਦ ਵਿਚਾਰ ਚਾਰ ਚਾਰ ਦੀ ਮਰਯਾਦਾ ਹੈ। ਉਦਾਸੀਨ ਪਰਮ ਵੈਸ਼ਨਵ ਹੈ। ਵਿਸ਼ਨੂੰ ਭਗਵਾਨ ਦੀਆਂ ਚਾਰ ਭੁਜਾਵਾਂ ਹਨ। ਪੁਰਸ਼ਾਰਥ ਚਾਰ—ਧਰਮ, ਅਰਥ, ਕਾਮ ਅਤੇ ਮੋਖ। ਚਾਰ ਵਰਣ ਹਨ। ਵਿਸ਼ਨੂੰ ਜੀ ਦੇ ਬੇਟੇ ਬ੍ਰਹਮਾ ਜੀ ਦੇ ਚਾਰ ਮੁੱਖ ਹਨ। ਬ੍ਰਹਮਾ ਜੀ ਦੇ ਮਾਨਸਿਕ ਸੰਕਲਪ ਤੋਂ ਉਦਾਸੀਨੋਂ ਕੇ ਪੂਰਵਜ ਸਨਕਾਦਿ ਹੂਏ ਇਹ ਵੀ ਚਾਰ ਹਨ। ਯੁੱਗ ਵੀ ਚਾਰ ਹਨ। ਅੰਤ ਚਾਰ ਦੀ ਵੈਦਿਕ ਪਰੰਪਰਾ ਹੈ। ਇਹੀ ਕਾਰਨ ਹੈ ਕਿ ਨਿਰਵਾਣ ਪ੍ਰੀਤਮ ਦਾਸ ਜੀ ਨੇ ਪੰਗਤਾਂ ਵੀ ਚਾਰ ਹੀ ਸਥਾਪਤ ਕੀਤੀਆਂ।

ਇਹਨਾਂ ਪੰਗਤਾਂ ਦੀ ਇਹ ਮਰਯਾਦਾ ਹੈ ਕਿ ਯਾਤਰਾ ਦੇ ਸਮੇਂ ਅਖਾੜੇ ਦੇ ਸੰਤ ਜਦੋਂ ਕਿਸੀ ਮੱਠ ਜਾਂ ਮਕਾਨ 'ਤੇ ਪਹੁੰਚਣ ਤਾਂ ਆਪਣੀ ਆਪਣੀ ਦਿਸ਼ਾ ਦੇ ਅਨੁਸਾਰ ਆਸਨ ਲਗਾਉਂਦੇ ਹਨ। ਉੱਤਰ ਪੰਗਤ ਦੇ ਉੱਤਰ ਦਿਸ਼ਾ ਵੱਲ, ਪੱਛਮ ਦਿਸ਼ਾ ਦੇ ਪੱਛਮ ਦਿਸ਼ਾ ਵਿਚ, ਦੱਖਣ ਪੰਗਤ ਦੀ ਦੱਖਣ ਦਿਸ਼ਾ ਤੇ ਪੂਰਵ ਮਹੰਤ ਪੂਰਵ ਦਿਸ਼ਾ ਵਿਚ ਪੰਗਤ ਲਾਉਂਦੇ ਹਨ। ਚਾਰ ਪੰਗਤਾਂ ਦੇ ਚਾਰ ਮਹੰਤ ਇਹਨਾਂ ਦੇ ਨਾਲ ਰਹਿੰਦੇ ਹਨ। ਇਹਨਾਂ ਚਾਰਾਂ ਵਿੱਚੋਂ ਇਕ ਸ੍ਰੀ ਮਹੰਤ ਹੁੰਦੇ ਹਨ। ਚਾਰੋਂ ਦਿਸ਼ਾਵਾਂ ਦੇ ਇਹ ਚਾਰੋਂ ਦਿਗਜ਼ (ਮਹਾਨ) ਸੰਤ ਹੁੰਦੇ ਹਨ। ਇਹਨਾਂ ਨੇ ਆਪਣੀ ਆਪਣੀ ਦਿਸ਼ਾ ਵਿਚ ਧਰਮ ਨੂੰ ਪ੍ਰਕਾਸ਼ਤ ਕਰਨਾ ਹੁੰਦਾ ਹੈ। ਇਹ ਇਹਨਾਂ ਦਾ ਪਰਮ ਕਰਤੱਵ ਹੁੰਦਾ ਹੈ। ਇਹ ਚਾਰੋਂ ਛੱਤ ਦੇ ਥੱਲੇ ਨਹੀਂ ਰਹਿੰਦੇ। ਦਰੱਖਤਾਂ ਦੇ ਹੇਠਾਂ ਹੀ ਖੁੱਲ੍ਹੇ ਅਸਮਾਨ ਵਿਚ ਰਹਿੰਦੇ ਹਨ।

ਇਕ ਹੋਰ ਵਿਸ਼ੇਸ਼ ਗੱਲ ਹੈ ਕਿ ਸਾਧੂ ਦੀ ਪਹਿਚਾਣ ਕਿਸ ਪੰਗਤ ਤੋਂ ਹੈ? ਜਾਂ ਕਿਸ ਧੂਣੇ ਤੋਂ ਹੈ? ਇਹ ਪ੍ਰਸ਼ਨ ਪੁੱਛ ਕੇ ਹੁੰਦੀ ਹੈ। ਜਿਵੇਂ ਬ੍ਰਾਹਮਣ ਦੀ ਪਛਾਣ ਗੋਤਰ ਤੋਂ ਹੁੰਦੀ ਹੈ, ਠੀਕ ਉਸੇ ਤਰ੍ਹਾਂ ਉਦਾਸੀਨ ਸਾਧੂ ਦੀ ਪਹਿਚਾਣ ਧੂਣਾ ਜਾਂ ਬਖ਼ਸ਼ਿਸ਼ ਤੋਂ ਹੁੰਦੀ ਹੈ। ਜਿਵੇਂ ਕਿ:

ਧੂਣਾ/ਬਖ਼ਸ਼ਿਸ਼		ਪੰਗਤ
1. ਸ੍ਰੀ ਅਲਮਸਤ ਸਾਹਿਬ ਜੀ	—	ਧੂਣਾ ਉੱਤਰ ਪੰਗਤ
2. ਸ੍ਰੀ ਭਗਤ ਭਗਵਾਨ ਜੀ	—	ਬਖ਼ਸ਼ਿਸ਼ ਪੂਰਵ ਪੰਗਤ
3. ਸ੍ਰੀ ਗੋਇੰਦ ਸਾਹਿਬ ਜੀ	—	ਧੂਣਾ ਦੱਖਣ ਪੰਗਤ
4. ਸ੍ਰੀ ਬਾਲੂ 'ਹੱਸਣਾ' ਜੀ	—	ਧੂਣਾ ਪੱਛਮ ਪੰਗਤ

ਇਕ ਗੱਲ ਧਿਆਨ ਦੇਣ ਵਾਲੀ ਹੈ ਕਿ ਕੁੰਭ ਦੀ ਛਾਵਣੀ ਵਿਚ ਇਹਨਾਂ ਮਹੰਤਾਂ ਦੇ ਆਸਨ ਆਪਣੀ ਨਿਰਧਾਰਤ ਦਿਸ਼ਾ ਵਿਚ ਲੱਗਦੇ ਹਨ। ਜਿਵੇਂ ਕਿ ਉੱਤਰ ਪੰਗਤ ਦੇ ਸ੍ਰੀ ਮਹੰਤ ਦਾ ਆਸਨ ਉੱਤਰ ਦਿਸ਼ਾ ਵਿਚ ਹੀ ਲੱਗੇਗਾ।

ਸ੍ਰੀ ਪੰਚਾਇਤੀ ਅਖਾੜਾ ਬੜਾ ਉਦਾਸੀਨ ਦੇ ਉਦੇਸ਼ ਸੰਖੇਪ ਵਿਚ

1. ਸੰਪ੍ਰਦਾ ਦੇ ਧਾਰਮਿਕ ਅਤੇ ਦਾਰਸ਼ਨਿਕ ਸਿਧਾਂਤ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ, ਇਹ ਕੰਮ ਜਮਾਤ ਵੱਲੋਂ ਕੀਤਾ ਜਾਂਦਾ ਹੈ।
2. ਤੀਰਥ ਅਸਥਾਨਾਂ 'ਤੇ ਜਿਥੇ ਕੁੰਭ ਦਾ ਮੇਲਾ ਲੱਗਦਾ ਹੈ, ਉਥੇ ਸੰਪ੍ਰਦਾ ਦੇ ਸੰਤਾਂ-ਮਹੰਤਾਂ ਲਈ ਨਿਸ਼ਕਾਮ ਨਿਵਾਸ ਅਤੇ ਭੋਜਨ ਦੀ ਵਿਵਸਥਾ ਕਰਨਾ।
3. ਮਤ ਦੇ ਅਨੁਯਾਯੀਗਣ—ਸੇਵਕ ਭਗਤਾਂ ਅਤੇ ਐਸੇ ਤੀਰਥ ਯਾਤਰੀਆਂ ਲਈ ਨਿਵਾਸ ਤੇ ਖਾਣ-ਪੀਣ ਦਾ ਪ੍ਰਬੰਧ ਕਰਨਾ। ਇਸ ਕਾਰਜ ਲਈ ਕੁੰਭ ਪੁਰਬ ਤੋਂ ਪਹਿਲਾਂ ਵਿਸ਼ਾਲ ਮਾਤਰਾ ਵਿਚ ਤੰਬੂ ਤੇ ਸੈਂਕੜੇ ਡੇਰੇ ਲਗਾ ਦਿੱਤੇ ਜਾਂਦੇ ਹਨ।
4. ਸ਼ਾਖ਼ਾਵਾਂ ਦੇ ਸਥਾਨਾਂ ਦੀ ਦੇਖਭਾਲ ਕਰਨਾ। ਮਹੰਤ ਪ੍ਰਤਿਨਿਧ ਦੀ ਨਿਯੁਕਤੀ ਦੁਆਰਾ ਪ੍ਰਬੰਧ ਕਰਨਾ।
5. ਸਨਾਤਨ ਧਰਮ ਦੇ ਪ੍ਰਚਾਰ ਲਈ ਵੈਦਿਕ ਤਥਾ ਸੰਸਕ੍ਰਿਤ ਅਧਿਅਨ ਤੇ ਅਧਿਆਪਨ ਦੀ ਵਿਵਸਥਾ ਕਰਨੀ।
6. ਲੋਕ ਉਪਕਾਰੀ ਕਾਰਜਾਂ ਲਈ ਸੰਸਥਾਵਾਂ ਨੂੰ ਸਹਾਇਤਾ ਪ੍ਰਦਾਨ ਕਰਨੀ।
7. ਰਾਸ਼ਟਰ ਅਤੇ ਕੁਦਰਤੀ ਕਰੋਪੀਆਂ ਦੇ ਸਮੇਂ ਸਮਾਜ ਅਤੇ ਸਰਕਾਰ ਦੀ ਆਰਥਿਕ ਸਹਾਇਤਾ ਕਰਨੀ।
8. ਉਦਾਸੀਨ ਸੰਪ੍ਰਦਾਇ ਵੱਲੋਂ ਪ੍ਰਨੀਤ ਭਕਤੀ ਗਿਆਨ ਅਤੇ ਸਮੁੱਚੇ ਸਿਧਾਂਤਾਂ ਅਤੇ ਪੰਚ ਦੇਵੋ ਉਪਾਸ਼ਨਾ ਦਾ ਪ੍ਰਚਾਰ ਕਰਨਾ।
9. ਹਿੰਦੂ ਧਰਮ ਸੰਸਕ੍ਰਿਤ ਦਾ ਪ੍ਰਚਾਰ ਪ੍ਰਸਾਰ ਅਤੇ ਰਾਸ਼ਟਰ ਵਿਚ ਨੈਤਿਕ ਭਾਵਨਾਵਾਂ ਦਾ ਪ੍ਰਚਾਰ ਕਰਨਾ।

ਪਦ (ਅਹੁਦਾ)

ਸ੍ਰੀ ਮਹੰਤ ਚਾਰ ਮੁੱਖ ਮਹੰਤ ਹੁੰਦੇ ਹਨ।

ਦੂਸਰੇ ਪਦ

ਕੋਠਾਰੀ, ਪੁਜਾਰੀ, ਕਾਰਭਾਰੀ, ਕੋਤਵਾਲ ਆਦਿ ਹੁੰਦੇ ਹਨ। ਇਹਨਾਂ ਮਹੱਤਵਪੂਰਨ ਅਹੁਦਿਆਂ 'ਤੇ ਯੋਗ ਵਿਅਕਤੀ ਹੀ ਨਿਯੁਕਤ ਕੀਤੇ ਜਾਂਦੇ ਹਨ। ਮੁੱਖ ਮਹੰਤ ਅਤੇ ਸ੍ਰੀ ਮਹੰਤ ਇਨ੍ਹਾਂ ਪਦਾਧਿਕਾਰੀਆਂ ਦੀ ਚੋਣ ਕਰਦੇ ਹਨ।

ਸਥਾਨੀਆਂ ਮਹੰਤ

ਸ਼ਾਖ਼ਾਵਾਂ ਵਿਚ ਲੋੜ ਅਨੁਸਾਰ ਉਪਯੁਕਤ ਸੰਖਿਆ ਵਿੱਚੋਂ ਮਹੰਤਾਂ ਦੀਆਂ ਨਿਯੁਕਤੀਆਂ ਕੀਤੀਆਂ ਜਾਂਦੀਆਂ ਹਨ। ਸਥਾਨਕ ਮਹੰਤਾਂ ਦੀ ਨਿਯੁਕਤੀ ਅਖਾੜੇ ਦੇ ਮੁੱਖ ਮਹੰਤ ਅਤੇ ਸ੍ਰੀ ਮਹੰਤ ਕਰਦੇ ਹਨ।

ਕੋਠਾਰੀ

ਮਹੰਤਾਂ ਦੁਆਰਾ ਕੋਠਾਰੀ ਦੀ ਨਿਯੁਕਤੀ ਕੀਤੀ ਜਾਂਦੀ ਹੈ। ਅਖਾੜੇ ਵਿਚ ਜਾਂ ਸ਼ਾਖ਼ਾ ਵਿਚ ਕੋਠਾਰੀ ਦਾ ਸਥਾਨ ਮਹੱਤਵਪੂਰਣ ਹੁੰਦਾ ਹੈ, ਕਿਉਂਕਿ ਚੱਲ ਅਤੇ ਅਚੱਲ ਸੰਪਤੀ ਦਾ ਕਾਰੋਬਾਰ ਕੋਠਾਰੀ ਹੀ ਸੰਭਾਲਦੇ ਹਨ। ਕੋਠਾਰੀ ਦੀ ਸਹਾਇਤਾ ਲਈ ਸਥਾਨੀਆ ਸੁਤਰ ਤੋਂ ਸੁਵੇਤਨ ਮੁਨੀਮ ਵੀ ਰੱਖ ਸਕਦੇ ਹਨ। ਸੰਸਥਾ ਦੇ ਕਾਨੂੰਨੀ ਮਸਲੇ ਵੀ ਕੋਠਾਰੀ ਹੀ ਦੇਖਦੇ ਹਨ।

ਲੋਕਤਾਂਤਰਿਕ ਢਾਂਚਾ

ਮੁੱਖ ਮਹੰਤ, ਮਹੰਤਾਂ ਦੀ ਚੋਣ, ਚੋਣ ਨਿਰਵਾਚਣ ਨਾਲ ਹੁੰਦਾ ਹੈ। ਬਹੁਤਮ ਨੂੰ ਮਹੱਤਵ ਦਿੱਤਾ ਜਾਂਦਾ ਹੈ, ਜੋ ਕਿ ਲੋਕਤੰਤਰ ਦਾ ਪਰਿਚਾਯਕ ਹੈ। ਪ੍ਰਬੰਧਨ ਦੀਆਂ ਅਨੇਕਾਂ ਸੰਮਤੀਆਂ ਬਣਾਈਆਂ ਜਾਂਦੀਆਂ ਹਨ। ਪ੍ਰਬੰਧਕ ਸੰਮਤੀ, ਸਥਾਨੀਯ ਸੰਮਤੀ, ਸ਼ਾਖ਼ਾਵਾਂ ਦੇ ਸਥਾਪਨ ਆਦਿ ਲਈ ਰਹਿੰਦੀ ਹੈ। ਮੰਤਰੀ ਕਾਰਜ ਕਰਾਉਂਦੇ ਤੇ ਅਧਿਕਾਰਾਂ ਨੂੰ ਸਹੀ ਤਰੀਕੇ ਨਾਲ ਲਾਗੂ ਕੀਤਾ ਜਾਂਦਾ ਹੈ।

ਸ੍ਰੀ ਪੰਚਾਇਤੀ ਅਖਾੜਾ ਬੜਾ ਉਦਾਸੀਨ ਦੀ ਪ੍ਰਬੰਧਕ ਵਿਵਸਥਾ ਦਾ ਪੂਰਾ ਅਸਤਿਤਵ ਕੁੰਭ ਪੁਰਬ ਦੇ ਆਯੋਜਨ 'ਤੇ ਪੂਰਨ ਰੂਪ ਵਿਚ ਨਿਖਰ ਕੇ ਸਾਹਮਣੇ ਆਉਂਦਾ ਹੈ। ਕਿਸੇ ਦੇ ਵੀ ਆਵਾਗਮਨ ਨਾਲ ਇਸ ਸੰਸਥਾ ਦਾ ਕਾਰਜ ਪ੍ਰਬੰਧ ਰੁੱਕਦਾ ਨਹੀਂ, ਬਲਕਿ ਨਿਰੰਤਰ ਚੱਲਦਾ ਰਹਿੰਦਾ ਹੈ। ਅਖਾੜਾ ਅਟੱਲ ਰੂਪ ਵਿਚ ਹਮੇਸ਼ਾਂ ਕਾਇਮ ਰਹਿੰਦਾ ਹੈ। ਇਹੀ ਇਸ ਦੀ ਅਦਭੁੱਤ ਵਿਸ਼ੇਸ਼ਤਾ ਹੈ। ਅਖਾੜੇ ਦੇ ਮਹੰਤ ਅਤੇ ਮਹੰਤਾਂ ਨੂੰ ਸ਼ਿਸ਼ਯ (ਚੇਲਾ) ਬਣਾਉਣ ਦਾ ਅਧਿਕਾਰ ਨਹੀਂ ਹੈ।

ਸ੍ਰੀ ਪੰਚਾਇਤੀ ਅਖਾੜਾ (ਬੜਾ) ਨਿਰਮਾਣ ਦੀਆਂ ਦੋ ਖ਼ਾਸ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :

1. ਕੁੰਭ ਪੁਰਬ
2. ਭ੍ਰਮਣਸ਼ੀਲ ਜਮਾਤ

1. ਕੁੰਭ ਪੁਰਬ

1. **ਕੁੰਭ ਪੁਰਬ** : ਕੁੰਭ ਪੁਰਬ ਆਉਣ ਤੋਂ ਪਹਿਲਾਂ ਕਈ ਮਹੀਨਿਆਂ ਤੋਂ ਪਹਿਲਾਂ ਹੀ ਕੁੰਭ ਸਥਲ 'ਤੇ ਅਖਾੜੇ ਵੱਲੋਂ ਤਿਆਰੀਆਂ ਦਾ ਆਰੰਭ ਹੋ ਜਾਂਦਾ ਹੈ। ਕਈ ਹਜ਼ਾਰ ਚੌਰਸ ਕਿਲੋਮੀਟਰ ਭੂਮੀ 'ਤੇ ਡੇਰੇ ਤੰਬੂ ਵੀ ਲਗਾ ਦਿੱਤੇ ਜਾਂਦੇ ਹਨ।
2. **ਧ੍ਰੁਜ ਆਰੋਪਣ** : ਕੁੰਭ ਪੁਰਬ ਦੇ ਅਵਸਰ 'ਤੇ ਸਭ ਤੋਂ ਪਹਿਲਾ ਕਾਰਜ ਝੰਡਾ ਆਰੋਪਣ ਦਾ ਹੁੰਦਾ ਹੈ। ਹਜ਼ਾਰਾਂ ਹੀ ਸਾਧੂ ਸੰਤਾਂ ਦੀ ਸੇਵਕਾਂ ਅਤੇ ਭਗਤਾਂ ਦੀ ਹਾਜ਼ਰੀ ਵਿਚ ਇਹ ਪ੍ਰਸੰਗ ਸੰਪੂਰਨ ਹੁੰਦਾ ਹੈ।
3. **ਪੇਸ਼ਵਾਈ** : ਪੇਸ਼ਵਾਈ ਅਖਾੜੇ ਦਾ ਖਿੱਚ ਦਾ ਖ਼ਾਸ ਕੇਂਦਰ ਹੁੰਦੀ ਹੈ। ਉਦਾਸੀਨ ਸਾਧੂ ਮਹਾਤਮਾ ਅਨੁਸ਼ਾਸਨਪੂਰਵਕ ਅਖਾੜਾ ਛਾਵਨੀ ਵਿਚ ਪ੍ਰਵੇਸ਼ ਕਰਦੇ

ਹਨ। ਇਹ ਸੋਭਾ ਯਾਤਰਾ ਬਹੁਤ ਹੀ ਪ੍ਰਭਾਵਸ਼ਾਲੀ ਤੇ ਦੇਖਣ ਯੋਗ ਹੁੰਦੀ ਹੈ। ਇਸ ਨੂੰ ਸ਼ਾਹੀ ਵੀ ਕਿਹਾ ਜਾਂਦਾ ਹੈ। ਸਾਧਾਰਨ ਸ਼ਬਦਾਂ ਵਿਚ ਇਹ ਇਕ ਪ੍ਰਕਾਰ ਦਾ ਨਗਰ ਕੀਰਤਨ ਹੀ ਹੁੰਦਾ ਹੈ।

4. **ਨਿਵਾਸ ਭੰਡਾਰ ਦਾ ਆਰੰਭ** : ਸਾਰੇ ਹੀ ਸਾਧੂ ਸੰਤਾਂ ਲਈ ਲੰਗਰ ਦਾ ਖਾਣ-ਪੀਣ ਦਾ ਪ੍ਰਬੰਧ ਕੀਤਾ ਜਾਂਦਾ ਹੈ।
5. **ਸ਼ਾਹੀ ਇਸ਼ਨਾਨ** : ਕੁੰਭ ਦੇ ਪਰਵ 'ਤੇ ਉਦਾਸੀਨ ਅਖਾੜੇ ਦਾ ਸ਼ਾਹੀ ਇਸ਼ਨਾਨ ਬਹੁਤ ਆਕਰਸ਼ਣ ਦਾ ਕੇਂਦਰ ਹੁੰਦਾ ਹੈ। ਅੱਗੇ ਅੱਗੇ ਧ੍ਵਜ, ਝੰਡਾ, ਨਿਸ਼ਾਨ ਸਾਹਿਬ ਅਤੇ ਉਪਾਸਯ ਦੇਵ ਦੇ ਨਾਲ ਸ਼ਾਹੀ ਗਾਜੇ ਵਾਜੇ ਨਾਲ ਨਿਕਲਦੀ ਹੈ। ਪਰੰਪਰਾਗਤ ਰਣ ਸਿੰਘ ਵਜਾਏ ਜਾਂਦੇ ਹਨ। ਸ੍ਰੀ ਪੰਚਾਇਤੀ ਅਖਾੜਾ ਉਦਾਸੀਨ ਦੇ ਚਾਰ ਮਹੰਤ ਅਤੇ ਮਹਾਂ ਮੰਡਲੇਸ਼ਵਰਾਂ ਦੀ ਵਿਸ਼ੇਸ਼ ਹਾਜ਼ਰੀ ਨਾਲ ਸ਼ਾਹੀ ਇਸ਼ਨਾਨ ਦੀ ਸ਼ੋਭਾ ਯਾਤਰਾ ਅਤਿਅੰਤ ਗਰਿਮਾ ਪੂਰਣ ਰਹਿੰਦੀ ਹੈ। ਨਿਸ਼ਚਿਤ ਸਮੇਂ ਦੇ ਅਨੁਸਾਰ ਨਿਕਲੀ ਸ਼ਾਹੀ ਯਾਤਰਾ ਸ਼ਾਹੀ ਇਸ਼ਨਾਨ ਕਰਕੇ ਸੰਪੰਨ ਹੁੰਦੀ ਹੈ।
6. **ਧ੍ਵਜਾ ਢਿੱਲੀ ਕਰਨੀ** : ਕੁੰਭ ਪਰਵ ਸੰਪੰਨ ਹੋਣ ਦੇ ਪ੍ਰਤੀਕ ਦੇ ਰੂਪ ਵਿਚ ਵਿਧੀਪੂਰਵਕ ਧ੍ਵਜਾ ਢਿੱਲੀ ਕਰ ਦਿੱਤੀ ਜਾਂਦੀ ਹੈ। ਧ੍ਵਜਾ ਢਿੱਲੀ ਕਰਨ ਦੇ ਪਿੱਛੋਂ ਵੀ ਤਿੰਨ ਭੰਡਾਰੇ ਕੀਤੇ ਜਾਂਦੇ ਹਨ। ਅੰਤਮ ਭੰਡਾਰੇ ਵਿਚ ਕੜੀ ਪਕੌੜੇ ਦਾ ਲੰਗਰ ਤਿਆਰ ਕੀਤਾ ਜਾਂਦਾ ਹੈ। ਵਿਦਾਇਗੀ ਦੀ ਇਹ ਵਿਸ਼ੇਸ਼ ਪਛਾਣ ਹੈ।
7. ਕੁੰਭ ਪੁਰਬ 'ਤੇ ਉਦਾਸੀਨ ਭੇਖ ਦੀ ਦੀਕਸ਼ਾ ਦਿੱਤੀ ਜਾਂਦੀ ਹੈ। ਤੰਗ ਤੋੜਾ ਦੀਕਸ਼ਾ ਕੁੰਭ 'ਤੇ ਹੀ ਦਿੱਤੀ ਜਾਂਦੀ ਹੈ। ਇਸੀ ਤਰ੍ਹਾਂ ਸੰਪ੍ਰਦਾਇ ਦੇ ਵਿਦਵਾਨਾਂ ਨੂੰ ਕੁੰਭ ਪਰਵ 'ਤੇ ਮੰਡਲੇਸ਼ਵਰ/ਮਹਾਂ-ਮੰਡਲੇਸ਼ਵਰ ਦੇ ਪਦਾਂ ਨਾਲ ਵਿਭੂਸ਼ਿਤ ਕੀਤਾ ਜਾਂਦਾ ਹੈ।

2. ਭ੍ਰਮਣਸ਼ੀਲ ਜਮਾਤ

ਭ੍ਰਮਣਸ਼ੀਲ ਜਮਾਤ ਯਾਨਿ ਕਿ ਸਨਾਤਨ ਧਰਮ ਪ੍ਰਚਾਰ ਦੀ ਜੰਗਮ ਵਿਦਿਆਪੀਠ ਦੂਸਰੀ ਵਿਸ਼ੇਸ਼ਤਾ ਭ੍ਰਮਣਸ਼ੀਲ ਜਮਾਤ ਦੀ ਹੈ। ਵਰਖਾ ਰਿਤੂ (ਚਾਤੁਰ ਮਾਸ) ਨੂੰ ਛੱਡ ਕੇ ਸ੍ਰੀ ਪੰਚਾਇਤੀ ਅਖਾੜਾ ਬੜਾ ਉਦਾਸੀਨ ਦੀ ਭਰਮਣਸ਼ੀਲ ਜਮਾਤ ਦੇਸ਼ ਵਿਚ ਭਰਮਣ ਕਰਦੀ ਰਹਿੰਦੀ ਹੈ। ਸੰਪ੍ਰਦਾਇ ਅਤੇ ਅਖਾੜਾ ਦਾ ਮੂਲ ਉਦੇਸ਼ ਸੰਤ ਮਹਾਤਾਵਾਂ ਦੀ ਮੰਡਲੀ ਦੇ ਨਾਲ ਸਨਾਤਨ ਧਰਮ ਦਾ ਪ੍ਰਚਾਰ ਪ੍ਰਸਾਰ ਕਰਨਾ ਹੈ। ਭ੍ਰਮਣਸ਼ੀਲ ਜਮਾਤ ਇਸ ਉਦੇਸ਼ ਨੂੰ ਪਰੀਪੂਰਣ ਕਰਦੀ ਹੈ। ਇਹ ਭ੍ਰਮਣ ਬੜੇ ਹੀ ਆਯੋਜਨਪੂਰਵਕ ਸਮੇਂ ਭਾਰਤ ਵਿਚ ਹੁੰਦਾ ਹੈ। ਨਿਰਮਲੇ ਸੰਤ ਇਸ ਨੂੰ ਰਮਤ ਕਹਿੰਦੇ ਹਨ।

ਭ੍ਰਮਣ ਕਰਮ ਇਹ ਪ੍ਰਕਾਰ ਨਾਲ ਆਯੋਜਿਤ ਕੀਤਾ ਜਾਂਦਾ ਹੈ ਕਿ ਹਰੇਕ ਪ੍ਰਦੇਸ਼ ਦੇ ਡੇਰੇ, ਆਸ਼ਰਮ, ਸਥਾਨ ਵਿਚ ਬਾਰ੍ਹਾਂ ਸਾਲ ਵਿਚ ਇਕ ਵਾਰ ਜ਼ਰੂਰ ਜਾਵੇ। ਹਰੇਕ

ਸਥਾਨ ਦਾ ਆਯੋਜਨ ਕੀਤਾ ਜਾਂਦਾ ਹੈ। ਆਸ਼ਰਮ ਡੇਰੇ ਦੇ ਸਥਾਨਕ ਮਹੰਤ ਨੂੰ ਅਖਾੜੇ ਦਾ ਕੋਤਵਾਲ ਦੁਆਰਾ ਪ੍ਰਸਤਾਵ ਭੇਜਿਆ ਜਾਂਦਾ ਹੈ। ਇਸ ਦੇ ਉਪਰੰਤ ਪੂਰੇ ਮਾਨ ਸਨਮਾਣ ਦੇ ਨਾਲ ਜਮਾਤ ਦਾ ਨਿਸ਼ਚਿਤ ਸਥਾਨ ਜਾਂ ਪਿੰਡ ਵਿਚ ਪ੍ਰਵੇਸ਼ ਹੁੰਦਾ ਹੈ। ਨਿਸ਼ਚਿਤ ਕੀਤੇ ਗਏ ਦਿਨਾਂ ਤਕ ਜਮਾਤ ਡੇਰੇ ਵਿਚ ਨਿਵਾਸ ਰੱਖਦੀ ਹੈ। ਇਸ ਸਾਰੀ ਪ੍ਰਕਿਰਿਆ ਵਿਚ ਅਨੁਸ਼ਾਸ਼ਨ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਹੈ। ਅਖਾੜੇ ਦਾ ਧ੍ਵਜ ਲਹਿਰਾਇਆ ਜਾਂਦਾ ਹੈ। ਸਵੇਰੇ-ਸ਼ਾਮ ਮਰਯਾਦਾ ਅਨੁਸਾਰ ਪੰਚਦੇਵ ਦੀ ਉਪਾਸ਼ਨਾ ਹੁੰਦੀ ਹੈ। ਸ੍ਰੀ ਗੋਲਾ ਸਾਹਿਬ ਦੀ ਪੂਜਾ ਹੁੰਦੀ ਹੈ। ਨਿਸ਼ਾਨ ਝੁਲਾਏ ਜਾਂਦੇ ਹਨ। ਸੁਥਰੀ, ਸੰਖ, ਰਣ ਸਿੰਘੇ, ਤੁਹਰੀਯਾ ਵਜਾਈਆਂ ਜਾਂਦੀਆਂ ਹਨ। ਅਖਾੜੇ ਦੇ ਮਹੰਤ ਜਾਂ ਹੋਰ ਵਿਦਵਾਨ ਸਾਧੂਆਂ ਦੁਆਰਾ ਕਥਾ ਵਾਰਤਾ, ਗੀਤਾ ਪ੍ਰਵਚਨ ਆਦਿ ਹੁੰਦੇ ਹਨ। ਵਿਦਾਈ ਦੇ ਸਮੇਂ ਪ੍ਰਸਾਦਿ ਵੰਡਿਆ ਜਾਂਦਾ ਹੈ। ਆਸ਼ਰਮ, ਜ਼ਜਮਾਨ ਵੱਲੋਂ ਪਦਾਨੁਕੂਲ ਵਰਤਾਰਾ ਦਿੱਤਾ ਜਾਂਦਾ ਹੈ। ਜਿਸ ਵੀ ਨਗਰ ਜਾਂ ਪਿੰਡ ਠਹਿਰਦੀ ਹੈ, ਉਹ ਪਿੰਡ ਜਾਂ ਨਗਰ ਧਰਮ ਅਤੇ ਸੰਸਕ੍ਰਿਤਕ ਵਾਤਾਵਰਣ ਨਾਲ ਨੂਰਮਈ ਹੋ ਜਾਂਦਾ ਹੈ।

ਪਹਿਲਾਂ ਭ੍ਰਮਣਸ਼ੀਲ ਜਮਾਤ ਵਿਚ ਘੋੜੇ, ਹਾਥੀ, ਊਠਾਂ ਦਾ ਪਰਿਵਹਨ ਲਈ ਇਸਤੇਮਾਲ ਕੀਤਾ ਜਾਂਦਾ ਸੀ। ਹੁਣ ਸਮੇਂ ਦੇ ਅਨੁਸਾਰ ਇਹ ਗੱਲਾਂ ਅਲੋਪ ਹੋ ਗਈਆਂ ਹਨ, ਹੁਣ ਮੋਟਰ ਗੱਡੀਆਂ ਨੇ ਸਥਾਨ ਲੈ ਲਏ ਹਨ।

ਅੱਜ ਤੋਂ ਤਿੰਨ ਸੌ ਸਾਲ ਪਹਿਲਾਂ ਮੁਸਲਿਮ ਸ਼ਾਸਤ ਨਗਰ ਜਾਂ ਪਿੰਡ ਵਿਚ ਪ੍ਰਚਾਰ ਕਰਨਾ ਕਿੰਨਾ ਔਖਾ ਤੇ ਜੋਖਮ ਭਰਿਆ ਹੁੰਦਾ ਸੀ। ਜਿਸ ਦੀ ਅਸੀਂ ਅੱਜ ਕਲਪਨਾ ਵੀ ਨਹੀਂ ਕਰ ਸਕਦੇ, ਪਰ ਉਦਾਸੀ ਸੰਤ ਸਾਹਸ ਤੇ ਉੱਦਮ ਨਾਲ ਇਹ ਕਾਰਜ ਕਰਿਆ ਕਰਦੇ ਸਨ।

ਨਿਰਵਾਣ ਸ੍ਰੀ ਪ੍ਰੀਤਮ ਦਾਸ ਜੀ ਉਦਾਸੀਨ ਵਿਰੱਕਤ ਮਹਾਤਮਾਵਾਂ ਦਾ ਸੰਗਠਨ ਕਾਇਮ ਕਰਕੇ ਧਰਮ ਦੀ ਸੰਕਟਪੂਰਨ ਸਮੇਂ ਵਿਚ ਸੰਗਠਿਤ ਸਾਧੂਆਂ ਦੁਆਰਾ ਭਾਰਤ ਦੇ ਕੋਨੇ ਕੋਨੇ ਵਿਚ ਨਗਾਰੇ ਦੀ ਚੋਟ 'ਤੇ ਧਰਮ ਪ੍ਰਚਾਰ ਦੇ ਕਾਰਜ ਦੀ ਵਿਵਸਥਾ ਕੀਤੀ ਅਤੇ ਨਾਲ ਹੀ ਉਦਾਸੀਨ ਮਹਾਤਮਾਵਾਂ ਦੇ ਖੇਤਰ ਦੀ ਵੀ ਵਿਵਸਥਾ ਕੀਤੀ। ਇਸ ਤਰ੍ਹਾਂ ਉਦਾਸੀ ਸੰਪ੍ਰਦਾ ਦੀ ਧਰਮ ਪ੍ਰਚਾਰ ਦੀ ਧਾਰਾ ਨੂੰ ਜੀਵਤ ਰੱਖਣ ਦਾ ਅਨੁਪਮ ਕਾਰਜ ਕੀਤਾ।

ਸ੍ਰੀ ਪੰਚਾਇਤੀ ਅਖਾੜਾ ਬੜਾ ਉਦਾਸੀਨ ਭ੍ਰਮਣਸ਼ੀਲ ਜਮਾਤ ਸਨਾਤਨ ਧਰਮ ਪ੍ਰਚਾਰ ਦੀ ਜੰਗਮ ਵਿਦਾਪੀਠ ਹੈ।

1. ਨਿਰਵਾਣ ਦੇ ਰੂਪ ਵਿਚ
2. ਵਸਤਰਧਾਰੀ ਦੇ ਰੂਪ ਵਿਚ
3. ਪਰਮਹੰਸ ਦੇ ਰੂਪ ਵਿਚ

ਉਦਾਸੀਨ ਸੰਪ੍ਰਦਾਇ ਵਿਚ ਦਿਕਸ਼ਾ ਦੀ ਵਿਧੀ ਜਾਂ ਸ਼ਿਸ਼ਯ (ਚੇਲਾ) ਬਣਾਉਣ ਦੀ ਵਿਧੀ

ਦ੍ਵੈਤ ਭੇਦ ਉਤਾਰੀਯੇ ਯਹ ਸਿਧਿ ਧੂਨੀ ਲਾਈਏ।

ਚੇਲਾ ਬਣਨ ਦੀ ਯੋਗਤਾ

ਪਹਿਲੀ ਗੱਲ ਤਾਂ ਇਹ ਹੈ ਕਿ ਚੇਲਾ ਬਣਨ ਦੇ ਲਈ ਜਾਂ ਅਖਾੜੇ ਵਿਚ ਪ੍ਰਵੇਸ਼ ਲਈ ਕਿਸੇ ਕਿਸਮ ਦਾ ਕੋਈ ਜਾਤੀ ਭੇਦ ਨਹੀਂ। ਇਹ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਹਰ ਇਕ ਜਾਤ ਦਾ ਵਿਅਕਤੀ ਉਦਾਸੀਨ ਸੰਪ੍ਰਦਾ ਦਾ ਸ਼ਿਸ਼ਯ ਬਣ ਸਕਦਾ ਹੈ। ਨਿਰਵਾਣ ਸ੍ਰੀ ਪ੍ਰੀਤਮ ਦਾਸ ਜੀ ਕਹਿੰਦੇ ਹਨ ਕਿ ਪਾਂਚ ਤੱਤਾਂ ਦੀ ਦੇਹ ਪਾ ਕੇ ਕੋਈ ਸੰਤ ਬਣ ਜਾਵੇ, ਉਹ ਹੋਰ ਵੀ ਪਵਿੱਤਰ ਹੋ ਜਾਂਦਾ ਹੈ। ਫਿਰ ਜੱਤ ਸੱਤ ਦੀਆਂ ਸਾਧਨਾ ਸਾਧਨੀਆਂ ਹਨ। ਫਿਰ ਪਰਮਾਤਮਾ ਦਾ ਨਾਮ ਜਪਣਾ ਹੈ। ਫਿਰ ਭਜਨ ਪ੍ਰਤਾਪ ਨਾਲ ਬੁੱਧ ਦੀ ਮਲੀਨਤਾ ਦੂਰ ਹੋ ਗਈ ਹੈ।

ਦੇਹ ਭਾਵ

ਦੇਹ ਨੂੰ ਆਤਮਾ ਸਮਝਣ ਦਾ ਭਾਵ ਦੂਰ ਹੋ ਗਿਆ। ਜਿਨ੍ਹਾਂ ਦੀ ਚਰਮ ਦ੍ਰਿਸ਼ਟੀ ਹੈ, ਉਹ ਦੂਰ ਹੋ ਗਈ। ਉਹਨਾਂ ਦੀ ਬ੍ਰਹਮ ਦ੍ਰਿਸ਼ਟੀ ਪ੍ਰਕਾਸ਼ਿਤ ਹੋ ਗਈ ਹੈ। ਇਹ ਸਭ ਜਾਤਾਂ ਵਿਰਾਟ ਬ੍ਰਹਮ ਤੋਂ ਉਤਪੰਨ ਹੁੰਦੀਆਂ ਹਨ। ਇਹਨਾਂ ਨਾਲ ਘਿਰਣਾ ਨਹੀਂ ਕਰਨੀ ਚਾਹੀਦੀ ਹੈ। ਅੱਜ ਇਹਨਾਂ ਜਾਤੀਆਂ ਵਿਚ ਜੋ ਤਿਆਗਣ ਯੋਗਯ ਵਸਤੂਆਂ ਨੂੰ ਤਿਆਗਣਾ ਹੈ, ਉਸੇ ਦਾ ਨਾਮ ਤਿਆਗ ਹੈ ਅਰਥਾਤ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਨੂੰ ਤਿਆਗਣਾ ਹੀ ਸੱਚਾ ਤਿਆਗ ਹੈ। ਮੁੱਖ ਤਾਤਪਰਯ ਜਾਤੀ ਦਾ ਸੰਬੰਧ ਵਰਣ ਤੋਂ ਨਾ ਹੋ ਕੇ ਆਚਰਣ ਨਾਲ ਹੈ।

ਨਿਰਵਾਣ ਪ੍ਰੀਤਮ ਜੀ ਨੇ ਸਪੱਸ਼ਟ ਰੂਪ ਵਿਚ ਕਿਹਾ ਸੀ ਕਿ ਜੋ ਪਤਿਤ ਹੈ, ਅੰਤਜਯ ਹੈ, ਉਹਨਾਂ ਨੂੰ ਅਪਨਾਉਣਾ ਪਰਮ ਧਰਮ ਹੈ। ਕੇਵਲ ਉਹਨਾਂ ਨੂੰ ਹੀ ਸੰਸਕ੍ਰਿਤ ਕਰਨਾ ਜ਼ਰੂਰੀ ਹੈ। ਬਰਤਨ ਧਾਤੂ ਦਾ ਹੁੰਦਾ ਹੈ, ਉਹਨੂੰ ਮਿੱਟੀ ਨਾਲ ਮਾਂਜ ਕੇ ਸ਼ੁੱਧ ਕੀਤਾ ਜਾਂਦਾ ਹੈ। ਫਿਰ ਵਿਵਹਾਰ ਵਿਚ ਲਿਆਇਆ ਜਾਂਦਾ ਹੈ। ਬਸਤਰ ਮਲੀਨ ਹੋ ਜਾਵੇ ਤਾਂ ਪਾਣੀ ਨਾਲ ਧੋ ਕੇ ਸਾਫ਼ ਕਰ ਲਿਆ ਜਾਂਦਾ ਹੈ ਅਤੇ ਦੇਹ ਸ਼ੁੱਧ ਨਾਮ ਨਾਲ ਪਵਿੱਤਰ ਹੋ ਸਕਦੀ ਹੈ। ਭੇਦ ਸਮਾਜ ਦੀ ਵਿਵਸਥਾ ਕਾਰਨ ਹੈ। ਪੈਦਾਇਸ਼ ਸਾਰਿਆਂ ਦੀ ਇਕ-ਸਮਾਨ ਹੈ। ਸੰਸਾਰ 'ਤੇ ਆਉਣ ਅਤੇ ਜਾਣ ਦਾ ਰਸਤਾ ਵੀ ਇਕ ਹੀ ਹੈ।

ਝਾੜਾ ਅਖਾੜਾ

ਨਵਾਂ ਬਣਿਆ ਸਾਧੂ ਜਦੋਂ ਅਖਾੜੇ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਸ ਨੂੰ ਝਾੜਾ ਅਖਾੜਾ ਆਖਦੇ ਹਨ। ਅਖਾੜੇ ਵਿਚ ਪ੍ਰਵੇਸ਼ ਕਰਦੇ ਸਮੇਂ ਉਸ ਨੂੰ ਹੇਠ-ਲਿਖੀਆਂ ਪੰਕਤੀਆਂ ਦਾ ਉਚਾਰਣ ਕਰਨਾ ਪੈਂਦਾ ਹੈ ਤੇ ਇਹ ਪ੍ਰਤੀਛਾ ਲੈਣੀ ਹੁੰਦੀ ਹੈ :

(ੳ) ਧਰੀ ਧਰਾਈ ਰਖੀ ਰਖਾਈ ਮੇਰੀ ਤੇਰੀ ਪਕਸ਼ਾ ਪਕਸੀ ਜੋ ਕਰੇ।
ਸਤਿਗੁਰ ਨਿਰਵਾਣ ਅਦ੍ਵੈਤ ਦੇਵ ਸੇ ਤਫਾਓਤ ਪੜੇ।

(ਅ) ਧਰੀ ਧਰਾਈ ਰੱਖੀ ਰਖਾਈ ਮੇਰੀ ਤੇਰੀ ਪਕਸ਼ਾ ਪਕਸ਼ ਜੋ ਨ ਕਰੇ।
ਸਤਿਗੁਰ ਨਿਰਵਾਣ ਅਦ੍ਵੈਤ ਦੇਵ ਮੇਂ ਹੋਇ ਰਹੇ।

ਇਹ ਦੋਨੋਂ ਵਿਧਾਨ ਨਿਰਵਾਣ ਪ੍ਰੀਤਮ ਦਾਸ ਜੀ ਦੁਆਰਾ ਨਿਰਧਾਰਤ ਕੀਤੇ ਗਏ ਹਨ।

ਸੰਪੂਰਨ ਸਮਰਪਣ

ਆਗਤੁੰਕ (ਅਭਿਆਗਤ) ਨਵੇਂ ਸਾਧੂ ਨੂੰ ਅਖਾੜੇ ਵਿਚ ਪ੍ਰਵੇਸ਼ ਕਰਨ ਸਮੇਂ ਆਪਣੇ ਕੋਲ ਚੱਲ-ਅਚੱਲ ਸੰਪਤੀ ਅਖਾੜੇ ਨੂੰ ਅਰਪਣ ਕਰਨੀ ਹੁੰਦੀ ਹੈ, ਕਿਉਂਕਿ ਮਹਾਤਮਾ ਹੁਣ ਅਖਾੜੇ ਦਾ ਹੋ ਜਾਂਦਾ ਹੈ।

ਭੇਦਭਾਵ ਨਹੀਂ

ਅਖਾੜੇ ਵਿਚ ਮਹਾਤਮਾਵਾਂ ਦੇ ਵਿਚ ਪੰਗਤ ਤੇ ਸੰਗਤ ਦਾ ਕੋਈ ਭੇਦਭਾਵ ਨਹੀਂ ਕੀਤਾ ਜਾਂਦਾ।

ਵਸਤਰਧਾਰੀ

ਜੋ 18 ਵਰਸ਼ ਦੀ ਘੱਟ ਉਮਰ ਦੇ ਬਾਲਕ ਸੰਪ੍ਰਦਾ ਵਿਚ ਦਿਖਿਅਤ ਹੋ ਕੇ ਅਖਾੜੇ ਵਿਚ ਪ੍ਰਵੇਸ਼ ਕਰਦੇ ਹਨ, ਉਹਨਾਂ ਨੂੰ ਵਸਤਰਧਾਰੀ ਸਾਧੂ ਕਹਿੰਦੇ ਹਨ। ਸਮਾਨ ਰੂਪ ਵਿਚ ਇਹਨਾਂ ਨੂੰ ਗੁਰੂ, ਮਹੰਤਾਂ ਦੀ ਸੇਵਾ, ਲੰਗਰ, ਭੰਡਾਰੇ ਦੀ ਸੇਵਾ ਸੌਂਪੀ ਜਾਂਦੀ ਹੈ ਅਤੇ ਸ਼ਾਸਤਰਾਂ ਦਾ ਅਧਿਐਨ ਕਰਨਾ ਪੈਂਦਾ ਹੈ। ਇਹਨਾਂ ਨੂੰ ਸੰਸਕਾਰਾਂ ਦੁਆਰਾ ਤਿਆਰ ਕੀਤਾ ਜਾਂਦਾ ਹੈ।

ਤੰਗਤੋੜਾ

ਵਸਤਰਧਾਰੀਆਂ ਦੇ ਬਿਮਸ਼ਕ ਹੋਣ 'ਤੇ ਇਹਨਾਂ ਨੂੰ ਤੰਗਤੋੜਾ ਬਣਾਇਆ ਜਾਂਦਾ ਹੈ। ਕੁੰਭ ਜਾਂ ਅਰਧ-ਕੁੰਭ ਵਿਚ ਇਹ ਉਪਾਧੀ ਦਿੱਤੀ ਜਾਂਦੀ ਹੈ। ਹੋਰ ਸੰਪ੍ਰਦਾਵਾਂ ਦੇ ਅਖਾੜੇ ਵਿਚ ਜਿਨ੍ਹਾਂ ਨੂੰ ਨਾਂਗਾ ਸਾਧੂ ਕਿਹਾ ਜਾਂਦਾ ਹੈ, ਉਦਾਸੀਨ ਸੰਪ੍ਰਦਾ ਵਿਚ 'ਤੰਗਤੋੜਾ' ਕਿਹਾ ਜਾਂਦਾ ਹੈ। ਇਹਨਾਂ ਨੂੰ ਗੰਗਾ ਕਿਨਾਰੇ ਦੇਰ ਰਾਤ ਨੂੰ ਇਹ ਦੀਕਸ਼ਾ ਦਿੱਤੀ ਜਾਂਦੀ ਹੈ। ਇਹਨਾਂ ਦੀ ਤਪੱਸਿਆ ਬਹੁਤ ਕਠਿਨ ਹੁੰਦੀ ਹੈ।

ਤੰਗਤੋੜਾ ਸਾਧੂ ਨੂੰ ਪੰਜ ਮੀਟਰ ਦਾ ਇਕ ਵਸਤਰ ਧਾਰਨ ਕਰ ਕੇ ਬਾਰ੍ਹਾਂ ਸਾਲ ਤਕ ਤਪੱਸਿਆ ਕਰਨੀ ਪੈਂਦੀ ਹੈ। ਇਹਨਾਂ ਨੂੰ ਚੇਲਾ ਬਣਾਉਣ ਦਾ ਅਧਿਕਾਰ ਨਹੀਂ ਹੁੰਦਾ। ਇਹ ਲੰਗੋਟ ਪਹਿਨਦੇ ਹਨ ਤੇ ਪਿੰਡੇ 'ਤੇ ਭਸਮ ਰਮਾਉਂਦੇ ਹਨ। ਧਰਤੀ ਤੇ ਖੁੱਲ੍ਹੇ ਅਸਮਾਨ ਹੇਠ ਇਹਨਾਂ ਨੂੰ ਤਪੱਸਿਆ ਕਰਨੀ ਪੈਂਦੀ ਹੈ। ਤੰਗਤੋੜਾ ਪੰਚ ਦੇ ਕੱਤਕ ਪੁੱਤਰ ਮੰਨੇ ਜਾਂਦੇ ਹਨ। ਗੋਲਾ ਸਾਹਿਬ ਦੀ ਪੂਜਾ ਕਰਨ ਦਾ ਅਧਿਕਾਰ ਸਿਰਫ਼ ਇਹਨਾਂ ਨੂੰ ਹੀ ਹੁੰਦਾ ਹੈ।

ਅਵਸਥਾ

ਕਿਸੀ ਵੀ ਅਵਸਥਾ ਵਿਚ ਅਰਥਾਤ ਬ੍ਰਹਮਚਾਰਯ ਜਾਂ ਗ੍ਰਿਹਸਥ ਆਸ਼ਰਮ

ਤੋਂ ਵਿਅਕਤੀ ਨੂੰ ਸੰਪ੍ਰਦਾ ਵਿਚ ਦਿਕਸ਼ਤ ਕੀਤਾ ਜਾ ਸਕਦਾ ਹੈ। ਇਸੀ ਤਰ੍ਹਾਂ ਅਖਾੜੇ ਵਿਚ ਕਿਸੇ ਵੀ ਅਵਸਥਾ ਵਿਚ ਵਿਅਕਤੀ ਪ੍ਰਵੇਸ਼ ਕਰ ਸਕਦਾ ਹੈ। ਪ੍ਰਵੇਸ਼ ਕਰਨ ਤੋਂ ਬਾਅਦ ਬ੍ਰਹਮਚਾਰਯ ਧਾਰਨ ਕਰਨਾ ਬਹੁਤ ਜ਼ਰੂਰੀ ਹੈ।

ਚੇਲਾ ਬਣਾਉਣ ਦੀ ਵਿਧੀ

ਸਭ ਤੋਂ ਪਹਿਲਾਂ ਮੁੰਡਨ ਸੰਸਕਾਰ ਹੁੰਦਾ ਹੈ। ਇਕ ਮਾਤਰ ਸ਼ਿਖਾ ਚੋਟੀ ਰਖਵਾਈ ਜਾਂਦੀ ਹੈ। ਦਾੜ੍ਹੀ ਮੁਛ ਮੁੰਡਵਾ ਦਿੱਤੀਆਂ ਜਾਂਦੀਆਂ ਹਨ।

ਉਪਾਸ਼ ਦੇਵ ਦੇ ਕੋਲ ਪੂਰਵ ਦਿਸ਼ਾ ਵਿਚ ਮੁੱਖ ਰੱਖ ਕੇ ਸ਼ਿਸ਼ਯ ਨੂੰ ਬਿਠਾਇਆ ਜਾਂਦਾ ਹੈ। ਗੁਰੂ ਵੀ ਆਸਨ 'ਤੇ ਬੈਠ ਜਾਂਦੇ ਹਨ।

ਕੜਾਹ ਪ੍ਰਸਾਦ, ਰੋਟ, ਦੇਵਤਾ ਦੇ ਸਾਹਮਣੇ ਭੋਗ ਲਈ ਰੱਖਿਆ ਜਾਂਦਾ ਹੈ। ਤਿੰਨ ਤਿੰਨ ਗਜ਼ ਦੇ ਦੋ ਲੰਗੋਟ, ਦੋ ਚਾਦਰਾਂ, ਦੋ ਟੋਪੀਆਂ, ਇਕ ਸੇਲੀ, ਦੋ ਦੁਪੱਟੇ (ਅੰਚਲੇ), ਮੰਜੀਠ (ਹਲਕੇ ਗੁਲਾਬੀ) ਰੰਗ ਵਿਚ ਰੰਗ ਕੇ ਕੋਲ ਰੱਖੇ ਜਾਂਦੇ ਹਨ।

ਲੰਗੋਟ ਨੂੰ ਵੀ ਗੇਰੂਏ ਰੰਗ ਵਿਚ ਰੰਗਿਆ ਜਾਂਦਾ ਹੈ।

ਇਕ ਕਟੋਰੇ ਵਿਚ ਜਲ ਪਾ ਕੇ ਗੁਰੂ ਆਪਣੇ ਸੱਜੇ ਅੰਗੂਠੇ ਨੂੰ ਧੋਂਦਾ ਹੈ ਤੇ ਪੰਜ ਬਾਰ ਉਪਾਸ਼ਯ ਦੇਵਤਾ ਦਾ ਮੰਤਰ ਪੜ੍ਹਦੇ ਹਨ।

ਇਸ ਤੋਂ ਬਾਅਦ ਪੰਜ ਸੰਤ ਆਪਣੇ ਸੱਜੇ ਪੈਰ ਦੇ ਅੰਗੂਠੇ ਨੂੰ ਧੋਂਦੇ ਹਨ, ਨਾਲ ਹੀ ਉਪਾਸ਼ਯ ਦੇਵਤਾ ਦਾ ਮੰਤਰ ਵੀ ਉਚਾਰਨ ਕਰਦੇ ਹਨ।

ਸਤਿਗੁਰੂ ਮਿੱਠਾ ਸ਼ਿਸ਼ਯ ਦੇ ਮੂੰਹ ਵਿਚ ਪਾਉਂਦਾ ਹੈ।

ਚਰਣਾਮ੍ਰਿਤ ਪਿਲਾਉਣਾ : ਗੁਰੂ ਜੀ ਕਟੋਰੇ ਵਿਚ ਆਪਣਾ ਚਰਣਾਮ੍ਰਿਤ ਅਤੇ ਪੰਜ ਸੰਤਾਂ ਦੇ ਚਰਣਾਂ ਦਾ ਚਰਣਾਮ੍ਰਿਤ ਸ਼ਿਸ਼ਯ ਨੂੰ ਪੰਜ ਵਾਰ ਪਿਲਾਉਂਦੇ ਹਨ। ਮੰਤਰ ਉਚਾਰਣ ਤੋਂ ਬਾਅਦ ਸ਼ਿਸ਼ਯ ਦੇ ਨੇਤਰਾਂ ਵਿਚ ਜਲ ਛਿੜਕਿਆ ਜਾਂਦਾ ਹੈ। ਬਾਕੀ ਬਚਿਆ ਹੋਇਆ ਚਰਣਾਮ੍ਰਿਤ ਮੁੜ ਸ਼ਿਸ਼ਯ ਨੂੰ ਹੀ ਪਿਲਾਇਆ ਜਾਂਦਾ ਹੈ।

ਸ਼ਿਖਾ : ਗੁਰੂ ਹੀ ਸ਼ਿਸ਼ਯ ਦੀ ਸ਼ਿਖਾ ਨੂੰ ਕੈਂਚੀ ਨਾਲ ਕੱਟਦਾ ਹੈ। ਇਸ ਲਈ ਸ਼ਿਖਾ ਮੰਤਰ ਵੀ ਹੈ।

ਲੰਗੋਟ : ਸ਼ਿਸ਼ਯ ਨੂੰ ਲੰਗੋਟ ਪਹਿਨਾਇਆ ਜਾਂਦਾ ਹੈ। ਲੰਗੋਟ ਮੰਤਰ ਵੀ ਹੈ। ਸਿਰ 'ਤੇ ਟੋਪੀ ਪਹਿਨਾਈ ਜਾਂਦੀ ਹੈ।

ਸੇਲੀ : ਕਾਲੇ ਰੰਗ ਦੇ ਉੱਨ ਦੇ ਧਾਗੇ ਤੋਂ ਬਣੀ ਗਲੇ ਵਿਚ ਪਾਈ ਜਾਂਦੀ ਹੈ। ਸ਼ਿਸ਼ਯ ਨੂੰ ਚਾਦਰ ਵੀ ਬਖ਼ਸ਼ੀ ਜਾਂਦੀ ਹੈ। ਇਹ ਸ਼ਿਸ਼ਯ ਦਾ ਸਨਮਾਨ ਹੁੰਦਾ ਹੈ।

ਕਫ਼ਨੀ : ਕਫ਼ਨ ਜਿੰਨਾ ਲੰਬਾ ਵਸਤਰ ਲੈ ਕੇ ਗਲੇ ਵਿਚ ਪਾਉਣ ਦੇ ਲਈ ਇਸ ਨੂੰ ਵਿੱਚੋਂ ਫਾੜ ਦਿੱਤਾ ਜਾਂਦਾ ਹੈ ਅਤੇ ਸ਼ਿਸ਼ਯ ਨੂੰ ਪਹਿਨਾ ਦਿੱਤਾ ਜਾਂਦਾ ਹੈ। ਇਸ ਨੂੰ ਕਫ਼ਨੀ ਕਹਿੰਦੇ ਹਨ। ਇਸ ਦਾ ਮਤਲਬ ਇਹ ਹੁੰਦਾ ਹੈ ਕਿ ਉਹ ਸੰਸਾਰਕ ਕੰਮਾਂ ਲਈ ਮਰ ਚੁੱਕਾ ਹੈ। ਸਦਾ ਮਿਰਤੂ ਨੂੰ ਸਾਹਮਣੇ ਰੱਖ ਕੇ ਵੈਰਾਗਮਈ ਜੀਵਨ ਬਤੀਤ ਕਰਕੇ ਪ੍ਰਭੂ ਭਗਤੀ ਵਿਚ ਲੀਨ ਰਹਿਣ ਲਈ ਕਫ਼ਨੀ ਹੈ। ਕਫ਼ਨੀ ਵਿਚ ਜੇਬ ਨਹੀਂ ਹੁੰਦੀ। ਅੰਤ ਅਪਰਗ੍ਰਹਿ ਦਾ ਪ੍ਰਤੀਕ ਹੈ।

ਅੰਚਲਾ : ਦੁਪੱਟਾ ਕਮਰ 'ਤੇ ਬੰਨ੍ਹਿਆ ਜਾਂਦਾ ਹੈ।

ਨਾਮਕਰਣ : ਧਰਮ ਗ੍ਰੰਥਾਂ ਦੇ ਕਿਸੇ ਪੰਨੇ ਨੂੰ ਖੋਲ੍ਹ ਕੇ ਪੰਨੇ ਦੇ ਪ੍ਰਥਮ ਵਾਕ ਵਿਚ ਜੋ ਸ਼ਬਦ ਦਿਖਾਈ ਦਿੰਦਾ ਹੈ ਅਤੇ ਅੰਤ ਦੇ ਅੱਖਰ ਲੈ ਕੇ ਸ਼ਿਸ਼ਯ ਦਾ ਨਾਮਕਰਣ ਕੀਤਾ ਜਾਂਦਾ ਹੈ। ਕਈ ਵਾਰ ਗੁਰੂ ਆਪਣੇ ਸ਼ਿਸ਼ਯ ਦੇ ਵਿਸ਼ੇਸ਼ ਗੁਣ ਨੂੰ ਧਿਆਨ ਵਿਚ ਰੱਖ ਕੇ ਵੀ ਨਾਮਕਰਣ ਕਰਦੇ ਹਨ।

ਦਿਕਿਸ਼ਤ ਹੋਣ ਤੋਂ ਬਾਅਦ ਸ਼ਿਸ਼ਯ ਸਾਰੇ ਸੰਤਾਂ-ਮਹੰਤਾਂ ਨੂੰ ਪ੍ਰਣਾਮ ਕਰਦਾ ਹੈ। ਸਭ ਤੋਂ ਪਹਿਲਾਂ ਬਾਬਾ ਸ੍ਰੀ ਚੰਦ ਜੀ ਨੂੰ ਦੰਡਵਤ ਪ੍ਰਣਾਮ ਕਰਦਾ ਹੈ।

ਪ੍ਰਸ਼ਾਦ : ਗੁਰੂ ਜੀ ਸਨੇਹਪੂਰਵਕ ਆਪਣੇ ਹੱਥਾਂ ਨਾਲ ਸ਼ਿਸ਼ਯ ਦੇ ਮੂੰਹ ਵਿਚ ਪ੍ਰਸ਼ਾਦ ਪਾਉਂਦੇ ਹਨ।

ਉਪਦੇਸ਼ : ਸੱਤਯ ਦਾ ਉਪਦੇਸ਼ ਦਿੱਤਾ ਜਾਂਦਾ ਹੈ। ਸੰਸਥਾ ਦੇ ਨਿਯਮ ਸਮਝਾਏ ਜਾਂਦੇ ਹਨ।

ਗੁਰ-ਮੰਤਰ : ਸ਼ਿਸ਼ਯ ਦੇ ਕੰਨ ਵਿਚ ਗੁਰ-ਮੰਤਰ ਕਿਹਾ ਜਾਂਦਾ ਹੈ, ਜੋ ਕਿ ਗੁਪਤ ਹੁੰਦਾ ਹੈ। ਕਈ ਵਾਰ ਸ਼ਿਸ਼ਯ ਤਵ ਪ੍ਰਦਾਨ ਕਰਨ ਲਈ ਪੰਜ ਵਿਧਿ ਪੰਜ ਸੰਤ-ਮਹੰਤ ਦੁਆਰਾ ਹੁੰਦੀ ਹੈ। ਮੂਲ ਗੁਰੂ 'ਗੁਰ-ਮੰਤਰ' ਹੀ ਹੁੰਦਾ ਹੈ। ਅੰਨਯ ਲੰਗੋਟ ਗੁਰੂ, ਚੋਟੀ ਗੁਰੂ, ਭਸਮ ਗੁਰੂ ਆਦਿ ਹੁੰਦੇ ਹਨ।

ਚੋਟੀ ਮੰਤਰ :

ਚੋਟੀ ਕਾਟੀ ਕਬਨ ਸਾਖੀ।
ਬ੍ਰਹਮਾ ਵਿਸ਼ਨੂ ਮਹਾਂਦੇਵ ਸ਼ਾਖਸੀ।
ਸ਼ਾਖਸੀ ਧਰਤੀ ਧਵਲ ਅਕਾਸ਼।
ਸ਼ਾਖਸੀ ਚੰਦ੍ਰ ਸੂਰਜ ਪ੍ਰਕਾਸ਼।
ਸਚਾ ਸ਼ਬਦ ਸਚੀ ਟਕਸਾਲ।
ਚੋਟੀ ਕਾਟੀ ਸ਼ੀਸ਼ ਕੇ ਢਾਈ ਬਾਲ।

ਇਸੀ ਤਰ੍ਹਾਂ ਦੇਹ ਪਰ ਭਸਮ ਰਮਾਨੇ ਲਈ ਸ੍ਰੀ ਚੰਦਜੀ ਦੀ ਭਸਮ ਗਾਇਤ੍ਰੀ ਮਾਤ੍ਰਾ ਹੈ। ਇਸ ਦਾ ਅਧਿਆਤਮਕ ਮਹੱਤਵ ਵੀ ਹੈ :

ਚੜੀ ਖਾਕ ਦਿਲ ਹੂਆ ਪਾਕ।
ਔਲਖ ਨਿਰੰਜਨ ਆਪੇ ਆਪ।

ਨਿਰਵਾਣ

ਨਿਰਵਾਣ ਮ੍ਰਿਤੂ ਉਪਰੰਤ ਸਥਿਤੀ ਦਾ ਨਾਮ ਨਹੀਂ ਹੈ। ਕਾਮ ਵਾਸ਼ਨਾ ਮਾਇਆ ਤੋਂ ਨਿਰਲਿਪਤ ਹੋ ਕਰ ਪਰਮਾਤਮਾ ਵਿਚ ਲੀਨ ਰਹਿਣ ਦੀ ਸਥਿਤੀ ਦਾ ਨਾਂ ਨਿਰਵਾਣ ਹੈ।

ਨਿਰਵਾਣ ਬਣਨ ਦੀ ਵਿਧੀ

ਵਸਤਰਧਾਰੀ ਸਾਧੂ ਆਪਣੇ ਗੁਰੂ ਦੀ ਆਗਿਆ ਪਾ ਕੇ ਨਿਰਵਾਣ ਬਣ ਸਕਦਾ

ਹੈ। ਗੁਰੂ ਜੀ ਆਪਣੇ ਸ਼ਿਸ਼ਯ ਨੂੰ ਕਿਸੀ ਨਿਰਵਾਣ ਮਹਾਤਮਾ ਦੇ ਕੋਲ ਭੇਜ ਕੇ 'ਸਾਦਿਕ' ਸ਼ਿਸ਼ਯ ਬਣਨ ਲਈ ਭੇਜਦਾ ਹੈ। ਉਹ ਨਿਰਵਾਣ ਮਹਾਤਮਾ ਵਿਧੀਪੂਰਵਕ ਨਿਰਵਾਣ ਦੀ ਦੀਖਸ਼ਾ ਦਿੰਦੇ ਹਨ। ਸ਼ਿਸ਼ਯ ਉਸ ਮਹਾਤਮਾ ਨੂੰ ਕੁਝ ਅਰਪਣ ਕਰਦਾ ਹੈ। ਰੋਟ ਦਾ ਪ੍ਰਸ਼ਾਦ ਬਣਦਾ ਹੈ। ਦੋ ਅੰਚਲੇ ਔਰ ਦੋ ਦੁਪੱਟੇ ਦਾ ਕੱਪੜਾ ਲਿਆਉਂਦੇ ਹਨ। ਵਿਸ਼ੇਸ਼ਤਾ ਇਹ ਹੈ ਕਿ ਸਿਰ ਪਰ ਕੇਸਾਂ ਦੀਆਂ ਜਟਾਵਾਂ ਬਣਾਈਆਂ ਜਾਂਦੀਆਂ ਹਨ। ਵਾਲਾਂ ਵਿਚ ਸੂਤ ਦੇ ਚੰਵਰ ਲਗਾਏ ਜਾਂਦੇ ਹਨ ਅਰਥਾਤ ਸਥਾਨ ਸਥਾਨ 'ਤੇ ਸੂਤ ਦੇ ਧਾਗੇ ਨਾਲ ਵਾਲਾਂ ਨੂੰ ਬੰਨ੍ਹ ਦਿੱਤਾ ਜਾਂਦਾ ਹੈ। ਇਸ ਤੋਂ ਉਪਰੰਤ ਧਾਗਿਆਂ ਦਾ ਡੋਰ ਬਣਾ ਕੇ ਜਟਾਵਾਂ ਦਾ ਮੁਕਟ ਬਣਾ ਦਿੱਤਾ ਜਾਂਦਾ ਹੈ। ਉਪਰ ਸੇਲੀ, ਅੰਗ (ਸਰੀਰ) 'ਤੇ ਵਿਭੂਤ ਲਗਾਉਣੀ ਜ਼ਰੂਰੀ ਹੁੰਦੀ ਹੈ। ਮਾਤ੍ਰਾ ਸ਼ਾਸਤਰ ਦਾ ਪਾਠ ਕਰ ਕੇ ਰੋਟ ਪ੍ਰਸ਼ਾਦ ਵੰਡਿਆ ਜਾਂਦਾ ਹੈ। ਆਪਣੀ ਸਮਰੱਥਾ ਅਨੁਸਾਰ ਗੁਰੂ ਦੇ ਅੱਗੇ ਕੁਝ ਭੇਂਟ ਜ਼ਰੂਰ ਦੇ ਕੇ ਅਸ਼ੀਰਵਾਦ ਲਿਆ ਜਾਂਦਾ ਹੈ।

ਨਿਰਵਾਣ ਮਹਾਤਮਾ ਜਪ ਤਪ ਵਿਚ ਲੀਨ ਰਹਿੰਦੇ ਹਨ। ਨਿਜਾਨੰਦੀ ਹੁੰਦੇ ਹਨ। ਤੀਰਥਾਂ 'ਤੇ ਭ੍ਰਮਣ ਕਰਦੇ ਹਨ। ਇਸਤਰੀ ਦਰਵ ਅਤੇ ਸ਼ਿਸ਼ ਦਾ ਸਪਰਸ਼ ਨਹੀਂ ਕਰਦੇ। ਸੰਪ੍ਰਦਾ ਵਿਚ ਇਹਨਾਂ ਮਹਾਤਮਾਵਾਂ ਨੂੰ ਨਿਰਵਾਣ ਜੀ ਨਾਲ ਸੰਬੋਧਨ ਕੀਤਾ ਜਾਂਦਾ ਹੈ:

ਜਟਾ ਜੂਟ ਮੁਕਟ ਸਰ ਹੋਏ
ਮੁਕਤਾ ਫਿਰੈ ਬੰਸ ਨਹੀਂ ਕੋਏ।

ਸਿਖਿਆਤਮਕ ਕਾਰਵਾਈ

ਉਦਾਸੀਨ ਸਾਧੂਆਂ ਦਾ ਅਖਾੜਾ ਸੰਵਯ ਅਨੁਸ਼ਾਸਨ ਦਾ ਪ੍ਰਤੀਕ ਹੈ। ਸਥਾਨ ਹੋਵੇ ਜਾਂ ਜਮਾਤ ਵਿਚ ਪਰਿਭ੍ਰਮਣ ਸਾਰੇ ਸਾਧੂਆਂ ਨੂੰ ਕਠੋਰ ਅਨੁਸ਼ਾਸਨ ਵਿਚ ਰਹਿਣਾ ਪੈਂਦਾ ਹੈ। ਕਦੇ ਕਿਸੇ ਕੋਲੋਂ ਨਿਯਮ ਭੰਗ ਹੋ ਜਾਵੇ ਜਾਂ ਅਪਰਾਧ ਹੋ ਜਾਵੇ ਤਾਂ ਨਿਸ਼ਚਿਤ ਦਿਵਸ ਸਮੇਂ 'ਤੇ ਸੁਣਵਾਈ ਹੁੰਦੀ ਹੈ। ਇਕ ਕੰਬਲ ਵਿਛਾਇਆ ਜਾਂਦਾ ਹੈ। ਮਹੰਤ ਸਹਿਤ ਮਹਾਤਮਾ ਉਥੇ ਹਾਜ਼ਰ ਹੁੰਦੇ ਹਨ। ਅਪਰਾਧ ਸਿੱਧ ਹੋ ਜਾਵੇ ਤਾਂ ਛੋਟੀ-ਮੋਟੀ ਸਿੱਖਿਆ ਸੁਣਾਈ ਜਾਂਦੀ ਹੈ। ਜਿਵੇਂ ਕਿ ਰਸੋਈ ਘਰ ਦੇ ਭਾਂਡੇ ਮਾਂਜਣੇ, ਝਾੜੂ ਲਾਉਣਾ, ਰਾਤ ਨੂੰ ਆਸ਼ਰਮ ਜਾਂ ਤੰਬੂ ਦੇ ਬਾਹਰ ਪਹਿਰਾ ਦੇਣਾ ਆਦਿ।

ਅਖਾੜੇ ਦੇ ਮੂਲ ਸਿਧਾਂਤਾਂ ਦੇ ਭੰਗ ਹੋਣ 'ਤੇ ਗੰਭੀਰ ਅਪਰਾਧ ਸਿੱਧ ਹੋਣ 'ਤੇ ਉਸ ਸਾਧੂ ਨੂੰ ਅਖਾੜੇ ਵਿੱਚੋਂ ਕੱਢਿਆ ਵੀ ਜਾ ਸਕਦਾ ਹੈ।

ਰਾਤ ਨੂੰ ਸਾਧੂ ਨੂੰ ਅਖਾੜੇ ਵਿਚ ਹੀ ਰਹਿਣਾ ਪੈਂਦਾ ਹੈ। ਉਹ ਅਖਾੜੇ ਤੋਂ ਬਾਹਰ ਭੋਜਨ ਨਹੀਂ ਕਰ ਸਕਦਾ। ਮਾਦਕ ਪਦਾਰਥਾਂ ਦਾ ਯਾਨਿ ਕਿ ਨਸ਼ੀਲੇ ਪਦਾਰਥਾਂ ਦਾ ਸੇਵਨ ਨਹੀਂ ਕਰ ਸਕਦਾ, ਇਹ ਵਰਜਿਤ ਹਨ। ਸਾਥੀ ਸਾਧੂਆਂ ਨਾਲ ਸਦਭਾਵਨਾ-ਪੂਰਵਕ ਰਹਿਣਾ ਪੈਂਦਾ ਹੈ। ਇਸਤਰੀ ਸੰਗ ਮਨਾਹੀ ਹੈ। ਇਸ ਤਰ੍ਹਾਂ ਕਈ ਨੈਤਿਕ ਨਿਯਮ ਹਨ। ਸੰਖੇਪ ਵਿਚ ਅਖਾੜੇ ਦੇ ਸਾਧੂ ਅਧਿਆਤਮਕ ਦੇ ਨਾਲ ਸਾਧਕ ਤੇ ਧਰਮ ਰਖਕਸ਼ ਵੀ ਹਨ। ਅਸੀਂ ਇਹਨਾਂ ਨੂੰ ਅਖਾੜੇ ਦੇ ਅਧਿਆਤਮਕ ਸੈਨਿਕ ਵੀ ਕਹਿ ਸਕਦੇ ਹਾਂ।

ਮੰਡਲੇਸ਼ਵਰ/ਮਹਾਂ-ਮੰਡਲੇਸ਼ਵਰ (ਉਦਾਸੀਨ ਸੰਪ੍ਰਦਾ ਦੇ ਸਾਰਸਤਵ)

ਉਦਾਸੀਨ ਸੰਪ੍ਰਦਾ ਵਿਚ ਮਹਾਂ-ਮੰਡਲੇਸ਼ਵਰ ਦਾ ਅਹੁਦਾ ਗਰਿਮਾਪੂਰਵ ਸਨਮਾਨਯੋਗ ਅਤੇ ਸਰਵ-ਉੱਚ ਹੈ। ਸੰਪ੍ਰਦਾ ਦੇ ਵਿਦਵਾਨ ਜਿਨ੍ਹਾਂ ਦਾ ਸਮਾਜ, ਸੰਪ੍ਰਦਾ, ਸਿੱਖਿਆ ਅਤੇ ਗਿਆਨ ਦੇ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਰਿਹਾ ਹੁੰਦਾ ਹੈ, ਉਹਨਾਂ ਨੂੰ ਕੁੰਭ ਪੁਰਬ 'ਤੇ ਹੀ ਵਿਧੀਪੂਰਵਕ ਮੰਡਲੇਸ਼ਵਰ/ਮਹਾਂ-ਮੰਡਲੇਸ਼ਵਰ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਜਾਂਦਾ ਹੈ।

ਮੰਡਲੇਸ਼ਵਰ/ਮਹਾਂ-ਮੰਡਲੇਸ਼ਵਰ ਅਖਾੜੇ ਵਿਚ ਨਹੀਂ ਰਹਿੰਦੇ। ਜ਼ਿਆਦਾਤਰ ਇਹ ਆਪਣੇ ਆਪਣੇ ਆਸ਼ਰਮਾਂ ਜਾਂ ਸਥਾਨਾਂ ਵਿਚ ਹੀ ਰਹਿੰਦੇ ਹਨ। ਮੰਡਲੇਸ਼ਵਰ ਅਤੇ ਮਹਾਂ-ਮੰਡਲੇਸ਼ਵਰ ਦੀ ਵਿਦਵਤਾ ਅਤੇ ਗਿਆਨ ਨਾਲ ਸੰਪ੍ਰਦਾਇ ਦੀ ਸ਼ੋਭਾ ਵੱਧਦੀ ਹੈ। ਧਰਮ ਪ੍ਰਚਾਰ ਵਿਚ ਇਹਨਾਂ ਦੇ ਲੇਖਣ, ਸਰਣ, ਪ੍ਰਵਚਨ, ਚਿੰਤਨ, ਸੰਪ੍ਰਦਾਇ ਦਾ ਗੌਰਵ ਵੱਧਦਾ ਹੈ। ਸਮਾਜ ਦੇ ਉੱਚ ਮਹਾਤਮਾਵਾਂ ਵਿਦਵਾਨਾਂ ਨਾਲ ਇਹਨਾਂ ਦਾ ਸੰਬੰਧ ਬਣਿਆ ਰਹਿੰਦਾ ਹੈ। ਇਹ ਸੰਪ੍ਰਦਾ ਦੀਆਂ ਸਰਵ-ਉੱਚ ਸ਼ਖ਼ਸੀਅਤਾਂ ਹੁੰਦੇ ਹਨ।

ਉਦਾਸੀਨ ਸੰਪ੍ਰਦਾਇ ਵਿਚ ਜਾਂ ਸ੍ਰੀ ਪੰਚਾਇਤੀ ਅਖਾੜਾ ਬੜਾ ਉਦਾਸੀਨ ਵਿਚ ਆਚਾਰਯ ਦੀ ਉਪਾਧੀ ਨਹੀਂ ਹੁੰਦੀ। ਸੰਪ੍ਰਦਾਇ ਦੀ ਰੀਤ ਅਨੁਸਾਰ ਜਗਤ ਗੁਰੂ ਆਚਾਰਯ ਸ੍ਰੀ ਚੰਦ ਜੀ ਹੀ ਇੱਕੋ ਇਕ ਆਚਾਰਯ ਹਨ। ਸੰਪ੍ਰਦਾਇ ਦੇ ਇੱਕੋ ਇਕ ਜਗਤ ਗੁਰੂ ਹਨ। ਇਸ ਲਈ ਸੰਪ੍ਰਦਾਇ ਦੇ ਅੰਨਯ ਕਿਸੀ ਮਹਾਂਨੁਭਵੀ ਮਹਾਤਮਾ ਨੂੰ ਜਗਤ ਗੁਰੂ ਦੀ ਪਦਵੀ ਨਹੀਂ ਦਿੱਤੀ ਜਾਂਦੀ। ਸ੍ਰੀ ਜਗਤ ਗੁਰੂ ਸ੍ਰੀ ਚੰਦ ਜੀ ਹੀ ਸੰਪ੍ਰਦਾਇ ਦੇ ਸਰਵ-ਉੱਚ ਪਦ 'ਤੇ ਆਸੀਨ ਹਨ। ਤਥਾ ਸਾਰੇ ਉਹਨਾਂ ਦੇ ਆਗਿਆਕ੍ਰਿਤ ਸੈਨਿਕ ਹਨ।

ਉਦਾਸੀਨ ਸੰਪ੍ਰਦਾਇ ਦੀ ਇਸ ਵਿਸ਼ੇਸ਼ਤਾ ਦਾ ਸੁੰਦਰ ਪਰਿਣਾਮ ਇਹ ਹੈ ਕਿ ਇਸ ਸੰਪ੍ਰਦਾਇ ਵਿਚ ਜਗਤ ਗੁਰੂ ਲਈ ਕਦੇ ਕੋਈ ਸੰਵਾਦ ਨਹੀਂ ਹੋਇਆ।

ਅਖਾੜੇ ਵਿਚ ਨਾਰੀ ਦੀਖਸ਼ਾ

ਸੰਪ੍ਰਦਾਇ ਵਿਚ ਜਾਂ ਅਖਾੜੇ ਵਿਚ ਨਾਰੀ ਨੂੰ ਦੀਖਸ਼ਾ ਨਹੀਂ ਦਿੱਤੀ ਜਾਂਦੀ। ਹਾਂ ਕੋਈ ਗੁਰੂ ਨਾਰੀ ਨੂੰ ਵਿਅਕਤੀਗਤ ਤੌਰ 'ਤੇ ਨਾਰੀ ਨੂੰ ਮੰਤਰ-ਦੀਕਸ਼ਾ ਦੇ ਸਕਦਾ ਹੈ। ਵਿਵਹਾਰਕ ਸਤਰ 'ਤੇ ਕੋਈ ਗੁਰੂ ਨਾਰੀ ਨੂੰ ਸ਼ਿਸ਼ਯ ਵੀ ਬਣਾ ਸਕਦਾ ਹੈ। ਡਾ. ਕਿਸ਼ੋਰ ਦਾਸ ਸਵਾਮੀ ਜੀ ਦਾ ਨਾਰੀ ਨਿਸ਼ੇਧ ਮਤ ਹੈ ਕਿ ਇਥੇ ਪਰਮਾਤਮਾ ਨੂੰ ਜਨਮ ਦੇਣ ਵਾਲੀ ਨਾਰੀ ਦਾ ਵਿਰੋਧ ਨਹੀਂ ਹੈ। ਵਿਰੋਧ ਉਹਨਾਂ ਲੋਕਾਂ ਦਾ ਹੈ, ਜੋ ਨਾਰੀ ਦੀ ਆੜ ਵਿਚ ਆਪਣੀ ਅਤ੍ਰਿਪਤ ਵਾਸ਼ਨਾਵਾਂ ਦੀ ਪੂਰਤੀ ਕਰਦੇ ਹਨ ਤੇ ਅੰਦਰੋਂ ਭ੍ਰਸ਼ਟ ਅਤੇ ਉਪਰ ਤੋਂ ਧਰਮ ਦਾ ਝੰਡਾ ਲੈ ਕੇ ਚੱਲਦੇ ਹਨ।

ਉਦਾਸੀਨ ਸੰਤਾਂ ਦੇ ਪ੍ਰਤੀਕ ਭੇਖ ਦਾ ਰੰਗ (ਵਸਤਰਾਂ ਦਾ ਰੰਗ)

ਸਿਆਹ ਸਫੇਦ ਜਰਦ ਸੁਰਖਾਈ
ਜੋ ਲੈ ਪਹਿਰੇ ਸੋ ਗੁਰ ਭਾਈ।

ਕੇਵਲ ਦੀਕਸ਼ਾ (ਭੇਖ) ਦੇ ਸਮੇਂ ਗੇਰੂਏ ਰੰਗ ਦੇ ਵਸਤਰ ਸ਼ਿਸ਼ਯ ਨੂੰ ਹੀ ਪਹਿਨਾਏ ਜਾਂਦੇ ਹਨ। ਇਸ ਤੋਂ ਉਪਰੰਤ ਆਪਣੀ ਮਰਜ਼ੀ ਨਾਲ ਕਿਸੀ ਵੀ ਰੰਗ ਦਾ (ਸਫ਼ੇਦ, ਭਗਵਾ ਜਾਂ ਕਾਲਾ) ਵਸਤਰ ਧਾਰਨ ਕਰ ਸਕਦਾ ਹੈ।

ਉਦਾਸੀਨ ਸੰਪ੍ਰਦਾ ਦੀ ਮਾਨਤਾ ਹੈ ਕਿ ਭੇਖ ਦੀ ਪਹਿਚਾਣ ਵਸਤਰਾਂ ਦੇ ਰੰਗਾਂ ਤੋਂ ਨਹੀਂ; ਕਰਮ, ਤਿਆਗ, ਤਪੱਸਿਆ ਅਤੇ ਗਿਆਨ ਨਾਲ ਹੁੰਦੀ ਹੈ। ਸਾਧੂ ਦਾ ਇਹੀ ਮਾਪਦੰਡ ਹੈ।

ਧ੍ਵਜ (ਝੰਡਾ)

ਉਦਾਸੀਨ ਸੰਪ੍ਰਦਾਇ ਦੇ ਧ੍ਵਜ (ਝੰਡਾ) ਦਾ ਰੰਗ ਮੈਰੂਨੀ ਹੈ। ਇਕ ਪਾਸੇ ਪੰਜੇ ਦਾ ਨਿਸ਼ਾਨ ਹੈ, ਦੂਸਰੇ ਪਾਸੇ ਸ੍ਰੀ ਹਨੂਮਾਨ ਜੀ ਦਾ ਚਿੱਤਰ ਹੁੰਦਾ ਹੈ। ਮੈਰੂਨੀ ਰੰਗ ਸਵੇਤ, ਕਾਲਾ ਅਤੇ ਲਾਲ ਰੰਗ ਦਾ ਮਿਸ਼ਰਣ ਹੁੰਦਾ ਹੈ। ਉਦਾਸੀਨ ਸੰਤਾਂ ਦੇ ਵਸਤਰਾਂ ਦੇ ਰੰਗਾਂ ਦਾ ਇਸ ਵਿਚ ਸਮਾਧਾਨ ਹੈ। ਪੰਜਾ ਪੰਚ ਪਰਮੇਸ਼ਵਰ ਦਾ ਪ੍ਰਤੀਕ ਹੈ।

ਕੁੰਭ ਅਤੇ ਧਾਰਮਿਕ ਆਯੋਜਨਾਂ 'ਤੇ ਧ੍ਵਜ ਆਰੋਪਣ ਹੁੰਦਾ ਹੈ। ਭ੍ਰਮਣਸ਼ੀਲ ਜਮਾਤ ਸ੍ਰੀ ਪੰਚ ਪਰਮੇਸ਼ਵਰ ਇਸੀ ਧ੍ਵਜ ਨੂੰ ਲੈ ਕੇ ਅੱਗੇ ਚੱਲਦੇ ਹਨ। ਝੰਡੇ ਦੀ ਵੀ ਵਿਧੀਵਤ ਢੰਗ ਨਾਲ ਪੂਜਾ ਹੁੰਦੀ ਹੈ।

ਅਭਿਵਾਦਨ

ਜਦੋਂ ਉਦਾਸੀ ਸਾਧੂ ਮਿਲਦੇ ਹਨ ਤਾਂ ਇਕ ਦੂਸਰੇ ਨੂੰ 'ਮੱਥਾ ਟੇਕਦੇ ਹਾਂ' ਕਹਿ ਕੇ ਅਭਿਵਾਦਨ ਕਰਦੇ ਹਨ। ਗ੍ਰਿਹਸਥੀ ਉਦਾਸੀਆਂ ਵਿਚ ਵੀ ਇਹੀ ਮਰਯਾਦਾ ਹੈ। ਕੇਵਲ ਗੁਜਰਾਤ ਵਿਚ 'ਪੈਰੀਂ ਪੈਰ' ਸ਼ਬਦ ਨਾਲ ਅਭਿਵਾਦਨ ਕੀਤਾ ਜਾਂਦਾ ਹੈ। ਪੰਜਾਬ ਦਾ 'ਪੈਰੀਂ ਪਾਵਨਾ' ਸ਼ਬਦ ਗੁਜਰਾਤ ਵਿਚ ਆ ਕੇ ਅਪਭ੍ਰੰਸ ਹੋਇਆ ਹੈ।

ਮੱਥਾ ਟੇਕਣ ਤੋਂ ਭਾਵ ਹੈ ਕਿ ਆਪਣੇ ਅਹੰ ਦਾ ਸਮਰਪਣ ਕਰਨਾ। ਮਨੁੱਖ ਦਾ ਸਰਵੁੱਚ ਮਸਤਕ ਹੰਕਾਰ ਦਾ ਪ੍ਰਤੀਕ ਹੈ। ਸ਼ਿਵਾਲਾ ਵਿਚ ਇਸੇ ਲਈ ਗਰਭਦੁਆਰ ਛੋਟਾ ਹੁੰਦਾ ਹੈ, ਜਿਸ ਰਾਹੀਂ ਸਾਡੇ ਜੈਸਾ ਅਹੰਕਾਰ ਪ੍ਰਵੇਸ਼ ਨਾ ਕਰ ਪਾਏ।

ਮੱਥਾ ਟੇਕਣ ਦਾ ਦੂਸਰਾ ਅਰਥ ਅੰਦਰ ਵਿਰਾਜਮਾਨ ਪਰਮਾਤਮਾ ਨੂੰ ਮੇਰਾ ਸਮਰਪਣ ਹੈ। ਜਦੋਂ 'ਮੈਂ ਹੂੰ ਤਬ ਵਹ ਨਹੀਂ ਜਬ ਵਹ ਹੈ ਤਬ ਮੈਂ ਨਾਹੀ' ਦੀ ਭਾਵਨਾ ਹੈ। ਇਹ ਜੀਵ ਦਾ ਸ਼ਿਵ ਨੂੰ ਸਮਰਪਣ ਹੈ।

ਪਰੰਤੂ ਕਈ ਮਹਾਤਮਾ ਇਸ ਸਤਿਕਾਰ ਨੂੰ ਉਮਰ ਦੇ ਲਿਹਾਜ਼ ਨਾਲ ਤੋਲਦੇ ਹਨ। ਗ੍ਰਿਹਸਥੀ ਹੈ ਜਾਂ ਵਿਰੱਕਤ ਹੈ, ਇਸ ਤਰਾਜੂ ਨਾਲ ਤੋਲਦੇ ਹਨ। ਕਿੰਤੂ 'ਮੱਥਾ ਟੇਕਣਾ' ਕਿਸੀ ਦੇ ਸਰੀਰ ਨੂੰ ਨਹੀਂ ਹੈ, ਬਲਕਿ ਉਸ ਦੀ ਅੰਤਰ ਵਿਰਾਜਮਾਨ ਪਰਮਾਤਮਾ ਨੂੰ ਹੋ ਰਿਹਾ ਹੈ। ਇਹ ਅਰਥ ਬਹੁਤ ਢੁੱਕਵੇਂ ਹਨ। ਨਹੀਂ ਤਾਂ 'ਹਰਿ ਓਮ' ਹੀ ਸਰਬਤ੍ਰ ਹੈ। ਪਰਮਹੰਸ ਕੋਟਿ ਦੇ ਸੰਤ 'ਓਮ ਨਮੋ ਬ੍ਰਹਮਣੇ' ਕਹਿ ਕੇ ਅਭਿਵਾਦਨ ਕਰਦੇ ਹਨ।

ਚਿਹਨ

ਭਸਮ ਉਦਾਸੀਨ ਸਾਧੂਆਂ ਦਾ ਸ਼ਿੰਗਾਰ ਹੈ। ਕਟਿ ਕੁਪੀਨ, ਸੱਜੇ ਕੰਨ ਵਿਚ ਮੁੰਦ੍ਰਾ ਕਮਰ ਤੇ ਜ਼ੰਜੀਰ, ਸੇਲੀ, ਮੇਖੁਲਾ, ਤੋੜਾ, ਚੂੜਾ ਇਤਿਆਦਕ ਸਾਧੂ ਦੇ ਅਲੰਕਾਰ ਹਨ।

ਉਪਾਸਯ ਦੇਵਤਾ

ਉਦਾਸੀਨ ਵਿਸ਼ਨੂੰ ਉਪਾਸ਼ਕ ਹੈ। ਆਸ਼ਰਮਾਂ ਅਤੇ ਸਥਾਨਾਂ 'ਤੇ ਭਗਵਾਨ ਸ੍ਰੀ ਚੰਦ ਜੀ ਦੀ ਮੂਰਤੀ ਸਥਾਪਤ ਹੁੰਦੀ ਹੈ। ਸੈਵਯ ਸ੍ਰੀ ਚੰਦ ਜੀ ਸ਼ਿਵ ਜੀ ਦੇ ਅਵਤਾਰ ਹਨ। ਉਦਾਸੀਨ ਦੀ ਅਧਿਆਤਮਕ ਆਸਥਾ ਵਿਚ ਸ਼ੈਵ ਵੈਸ਼ਨਵ ਦਾ ਸਹਿਜ ਰੂਪ ਨਾਲ ਅਦਭੁੱਤ ਸਮਵਨਯ ਮਿਲਦਾ ਹੈ। ਪੰਜਾਬ ਤੋਂ ਬਾਹਰਲੇ ਉਦਾਸੀ ਸਥਾਨਾਂ ਲਗਪਗ ਹਿੰਦੂ ਧਰਮ ਦੇ ਮਿਥਿਹਾਸਕ ਦੇਵਤਿਆਂ ਨੂੰ ਸਰਵ-ਉੱਚ ਮੰਨਣ ਲੱਗ ਪਏ ਹਨ। ਜਦੋਂ ਕਿ ਬਾਬਾ ਸ੍ਰੀ ਚੰਦ ਜੀ ਕਿਸੇ ਵੀ ਦੇਵਤੇ ਦੇ ਉਪਾਸ਼ਕ ਨਹੀਂ ਸਨ। ਉਹ ਪਰਮਾਤਮਾ ਨੂੰ ਹੀ ਸਰਵ-ਉੱਚ ਮੰਨਦੇ ਸਨ। ਉਹਨਾਂ ਦੇ ਮਾਤਰਿਆਂ ਵਿਚ ਅਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਉਹ ਸ਼ਿਵ ਦੇ ਉਪਾਸ਼ਕ ਸਨ। ਉਦਾਸੀਨ ਸੰਪ੍ਰਦਾ ਹੁਣ ਲਗਪਗ ਸਾਰੀ ਹੀ ਹਿੰਦੂ ਮੱਤ ਦੇ ਅਜਗਰ ਨੇ ਨਿਗਲ ਲਈ ਹੈ।

ਪੰਚ ਦੇਵ ਉਪਾਸ਼ਨਾ

ਪੰਚ ਦੇਵੋਪਾਸ਼ਨਾ ਦੇ ਸਿਧਾਂਤਕ ਰੂਪ ਵਿਚ ਉਦਾਸੀਨ ਸੰਤਾਂ ਨੇ ਸਵੀਕਾਰ ਕੀਤਾ ਹੈ ਕਿ ਦੇਵਤਿਆਂ ਦੇ ਨਾਮ 'ਤੇ ਕਦੇ ਝਗੜਾ ਵਿਖੇੜਾ ਨਹੀਂ ਕਰਨਾ। ਇਸੇ ਕਰਕੇ ਉਦਾਸੀਨਾਂ ਵਿਚ ਦੇਵਤਿਆਂ ਨੂੰ ਲੈ ਕੇ ਕਦੇ ਕੋਈ ਝਗੜਾ ਵਿਖੇੜਾ ਨਹੀਂ ਮਿਲਦਾ।

ਕਈ ਥਾਵਾਂ 'ਤੇ ਦੇਖਿਆ ਗਿਆ ਹੈ ਕਿ ਉਦਾਸੀਨ ਮਹਾਂਪੁਰਸ਼ਾਂ ਨੇ ਜਿਥੇ ਸਥਾਨ ਬਣਾਏ ਹਨ, ਉਸ ਪ੍ਰਦੇਸ਼ ਦੇ ਲੋਕਾਂ ਦੀ ਸ਼ਰਧਾ ਅਨੁਕੂਲ ਜੋ ਵੀ ਹਿੰਦੂ ਦੇਵਤਾ ਹੁੰਦਾ ਹੈ, ਮਹਾਤਮਾ ਉਸ ਹਿੰਦੂ ਦੇਵਤਾ ਦੀ ਅਰਚਨਾ ਪੂਜਾ ਕਰਦਾ ਹੈ।

ਮਾਲਾ

ਉਦਾਸੀਨ ਸੰਤਾਂ ਵਿਚ ਮਾਲਾ ਦਾ ਕੋਈ ਨਿਸ਼ਚਿਤ ਰੂਪ ਦੇਖਣ ਨੂੰ ਨਹੀਂ ਮਿਲਦਾ। ਸ਼ਰਧਾ ਅਨੁਸਾਰ ਰੁਦ੍ਰਾਖਸ਼, ਤੁਲਸੀ, ਕੋਈ ਵੀ ਮਾਲਾ ਮਹਾਤਮਾ ਧਾਰਨ ਕਰ ਲੈਂਦਾ ਹੈ। ਕਈ ਸੰਤ ਫੁੱਲ ਮਾਲਾ ਵੀ ਪਾ ਲੈਂਦੇ ਹਨ।

ਅਧਿਆਤਮਕ ਪਹਿਚਾਣ

ਉਦਾਸੀਨ ਸੰਤ ਦੀ ਪਹਿਚਾਣ ਗਹਿਰੇ ਅਧਿਆਤਮਕ ਅਰਥਾਂ ਨਾਲ ਜੁੜੀ ਹੁੰਦੀ ਹੈ। ਆਦਿ ਉਦਾਸੀ ਓਂਕਾਰ ਵੇਦ ਵਿਸ਼ਨੂੰ ਉਪਾਸ਼ਕ ਸਤਿਨਾਮ ਮੰਤ੍ਰ, ਨਿਰਭਉ,

ਆਤਮ ਤੀਰਥ, ਗਿਆਨ ਸ਼ੇਤਰ ਮਨਸ਼ਾ ਦੇਵੀ ਅਨਹਦ ਡੰਕਾ, ਅਚਲ ਪੂਜਾ ਅਮਰਾਪੁਰ ਬਸਤੀ, ਬਿਹੰਗਮ ਜਾਤ ਸੂਖਸ਼ਮ ਵੇਦ ਅਚੁਤ ਗੋਤਰ (ਜੋ ਵਿਚਲਿਤ ਨਹੀਂ ਹੁੰਦਾ, ਉਹ ਪਰਮਾਤਮਾ) ਸ਼ੁਕਲ ਵਰਣੀ।

ਅੰਤਿਮ ਸਸਕਾਰ

ਬ੍ਰਹਮਲੀਨ ਮਹਾਤਮਾ ਦੇ ਪਾਰਥਿਕ ਦੇਹ ਦਾ ਅਗਨ ਸਸਕਾਰ ਹੁੰਦਾ ਹੈ ਜਾਂ ਫੇਰ ਜਲ ਸਮਾਧਿ ਦਿੱਤੀ ਜਾਂਦੀ ਹੈ। ਪਰੰਤੂ ਇਹ ਮਹਾਤਮਾ ਦੀ ਅੰਤਮ ਇੱਛਾ 'ਤੇ ਨਿਰਭਰ ਹੁੰਦਾ ਹੈ ਜਾਂ ਉਸ ਮਹਾਤਮਾ ਦੀ ਪਰੰਪਰਾ 'ਤੇ ਨਿਰਭਰ ਕਰਦਾ ਹੈ।

ਵਿਧੀਪੂਰਵਕ ਅਗਨ ਸਸਕਾਰ ਦੇ ਤੀਸਰੇ ਦਿਨ ਅਸਥੀਆਂ ਫੁੱਲ ਚੁਗੇ ਜਾਂਦੇ ਹਨ, ਜਿਨ੍ਹਾਂ ਨੂੰ ਗੰਗਾ ਵਿਚ ਜਲ ਪ੍ਰਵਾਹ ਕੀਤਾ ਜਾਂਦਾ ਹੈ। ਕੁਝ ਫੁੱਲਾਂ ਨੂੰ ਸੰਭਾਲ ਕੇ ਰੱਖਿਆ ਜਾਂਦਾ ਹੈ, ਜਿਨ੍ਹਾਂ ਨੂੰ ਆਸ਼ਰਮ ਵਿਚ ਉਸੇ ਸਥਾਨ 'ਤੇ ਡੂੰਘੇ ਜ਼ਮੀਨ ਵਿਚ ਦੱਬ ਕੇ ਸਮਾਧ ਬਣਾਈ ਜਾਂਦੀ ਹੈ।

ਚੇਲਿਆਂ ਲਈ ਅਤੇ ਸੇਵਕਾਂ ਭਗਤਾਂ ਲਈ ਇਹ ਸਮਾਧੀ ਮਹਾਤਮਾ ਦੀ ਸਮਰਿਤੀ ਤਥਾ ਸ਼ਰਧਾ ਦਾ ਕੇਂਦਰ ਬਣ ਜਾਂਦੀ ਹੈ।

ਭੰਡਾਰਾ

ਉਦਾਸੀਨ ਸੰਤਾਂ ਦੇ ਬ੍ਰਹਮਲੀਨ ਹੋਣ ਦੇ ਸਤਾਰ੍ਹਵੇਂ ਦਿਨ ਭੰਡਾਰਾ ਹੁੰਦਾ ਹੈ, ਜਿਸ ਨੂੰ ਸਤਾਰ੍ਹਵੀਂ ਵੀ ਕਹਿੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਪਾਏ ਜਾਂਦੇ ਹਨ। ਇਹ ਪੰਜਾਬ ਵਿਚ ਹੁੰਦਾ ਹੈ। ਬਾਹਰਲੇ ਪ੍ਰਾਂਤਾਂ ਵਿਚ ਕੀ ਕਰਦੇ ਹਨ, ਇਸ ਬਾਰੇ ਗਿਆਨ ਨਹੀਂ। ਭੋਗ ਵਾਲੇ ਦਿਨ ਅੰਤਮ ਅਰਦਾਸ ਹੁੰਦੀ ਹੈ। ਭੰਡਾਰਾ ਹੁੰਦਾ ਹੈ, ਜਿਸ ਵਿਚ ਛੇ ਦਰਸ਼ਨ ਸਾਧੂ ਸਮਾਜ ਦੇ ਸਾਰੇ ਮਹਾਤਮਾਵਾਂ ਨੂੰ ਸੱਦਿਆ ਜਾਂਦਾ ਹੈ।

ਉਤਰਾਧਿਕਾਰੀ ਦੀ ਚੋਣ

ਬ੍ਰਹਮਲੀਨ ਹੋਣ ਵਾਲੇ ਮਹਾਤਮਾ ਨੇ ਜਾਂ ਮਹੰਤ ਨੇ ਆਪਣੇ ਜੀਵਨ ਕਾਲ ਵਿਚ ਜੇਕਰ ਉਤਰਾਧਿਕਾਰੀ ਸ਼ਿਸ਼ਯ ਦੀ ਚੋਣ ਕੀਤੀ ਹੈ ਤਾਂ ਉਸ ਸ਼ਿਸ਼ਯ ਨੂੰ ਚਾਦਰ ਬਖ਼ਸ਼ ਕੇ ਬ੍ਰਹਮਲੀਨ ਸੰਤ ਦੀ ਗੱਦੀ ਸੌਂਪ ਦਿੱਤੀ ਜਾਂਦੀ ਹੈ। ਜੇਕਰ ਕੋਈ ਕਾਰਨ ਵੱਸ ਉਤਰਾਧਿਕਾਰੀ ਦੀ ਨਿਯੁਕਤੀ ਨਹੀਂ ਹੋ ਪਾਉਂਦੀ ਤਾਂ ਪੰਥ ਦੇ ਸਾਧੂ ਮਹਾਤਮਾ ਤੇ ਅਖਾੜੇ ਦੇ ਮਹੰਤਗਣ ਬ੍ਰਹਮਲੀਨ ਮਹੰਤ ਦੀ ਪੱਧਤੀ ਨੂੰ ਯੋਗ ਸ਼ਿਸ਼ਯ ਜਾਂ ਸਾਧੂ ਨੂੰ ਉਤਰਾਧਿਕਾਰੀ ਨਿਯੁਕਤ ਕਰਦੇ ਹਨ। ਇਹ ਸਾਰਾ ਪ੍ਰਸੰਗ ਵਿਧੀਪੂਰਵਕ ਸੰਪੰਨ ਹੁੰਦਾ ਹੈ। ਹਾਜ਼ਰ ਮਹਾਤਮਾ/ਮਹੰਤਾਂ ਨੂੰ ਪਦਾਨੁਸਾਰ ਵਰਤਾਰਾ/ਛਾਂਦਾ ਵੰਡਿਆ ਜਾਂਦਾ ਹੈ। ਇਸ ਦਾ ਵਿਸਤਾਰਪੂਰਵਕ ਵਿਵਰਣ ਨਿਰਵਾਣ ਪ੍ਰੀਤਮ ਦਾਸ ਜੀ ਨੇ 'ਦਸਤੂਰੇ ਅਮਲ ਭੇਖ ਉਦਾਸੀਨ' ਵਿਚ ਕੀਤਾ ਹੈ।

ਸ੍ਰੀ ਪੰਚਾਇਤੀ ਅਖਾੜਾ ਬੜਾ ਉਦਾਸੀਨ ਨਿਰਵਾਣ ਦੇ ਵਰਤਮਾਨ ਮਹੰਤ

ਸ੍ਰੀ ਪੰਚਾਇਤੀ ਅਖਾੜਾ ਬੜਾ ਉਦਾਸੀਨ ਨਿਰਵਾਣ ਦੇ ਵਰਤਮਾਨ ਮਹੰਤ

ਉੱਤਰ ਸੰਗਤ	ਪੱਛਮ ਸੰਗਤ	ਦੱਖਣ ਸੰਗਤ	ਪੂਰਬ ਸੰਗਤ
ਧੂਣਾ ਅਲਮਸਤ ਜੀ ਸ੍ਰੀਮਾਨ ਸ੍ਰੀ ਮਹੰਤ ਮਹੇਸ਼ਵਰ ਦਾਸ ਜੀ ਮਹਾਰਾਜ	ਧੂਣਾ ਬਾਲੂ 'ਹੱਸਣਾ ਜੀ' ਸ੍ਰੀਮਾਨ ਮਹੰਤ ਰਘੂਮਨਿ ਜੀ ਮਹਾਰਾਜ	ਧੂਣਾ ਗੋਇੰਦ ਸਾਹਿਬ ਜੀ (ਮੀਹਾਂ ਸਾਹਿਬ ਪੱਧਤਿ) ਸ੍ਰੀਮਾਨ ਮਹੰਤ ਦੁਰਗਾ ਦਾਸ ਜੀ ਮਹਾਰਾਜ	ਭਗਤ ਭਗਵਾਨ ਜੀ ਸ੍ਰੀਮਾਨ ਮਹੰਤ ਸੰਤੋਸ਼ ਮੁਨਿ ਜੀ

1. ਸ੍ਰੀਮਾਨ ਮਹੰਤ ਮਹੇਸ਼ਵਰ ਦਾਸ ਜੀ ਦਾ ਗੁਰ-ਅਸਥਾਨ ਤਿਨਹਰ ਉਦਾਸੀਨ ਆਸ਼ਰਮ ਸ਼ਾਹਜਹਾਂਪੁਰ, ਉੱਤਰ ਪ੍ਰਦੇਸ਼ ਵਿਚ ਹੈ।
2. ਸ੍ਰੀਮਾਨ ਮਹੰਤ ਰਘੂਮੁਨਿ ਜੀ ਦਾ ਗੁਰ-ਅਸਥਾਨ ਵਿਸ਼ਣੂਪੁਰ ਵਾਂਕੁੜਾ ਆਸ਼ਰਮ, ਪੱਛਮੀ ਬੰਗਾਲ ਹੈ।
3. ਸ੍ਰੀ ਮਹੰਤ ਦੁਰਗਾ ਦਾਸ ਜੀ ਦਾ ਗੁਰ-ਅਸਥਾਨ ਜਮਾਲਪੁਰ ਯੱਗ ਮਾਯਾ ਬੜੀ ਦੁਰਗਾ ਉਦਾਸੀਨ ਆਸ਼ਰਮ, ਬਿਹਾਰ ਹੈ।
4. ਸ੍ਰੀਮਾਨ ਮਹੰਤ ਸੰਤੋਖ ਮੁਨਿ ਜੀ ਦਾ ਗੁਰ-ਅਸਥਾਨ ਉਦਾਸੀਨ ਲਾਲ ਬਾਗ਼ ਟੇਹੀਆਂ, ਪੰਜਾਬ ਹੈ।

ਕੋਠਾਰੀ

ਮਹੰਤ ਸ੍ਰੀ ਮੋਹਨ ਦਾਸ ਜੀ ਮਹਾਰਾਜ ਵਰਤਮਾਨ ਵਿਚ ਸ੍ਰੀ ਪੰਚਾਇਤੀ ਅਖਾੜਾ ਬੜਾ ਉਦਾਸੀਨ ਨਿਰਵਾਣ ਕਨਖਲ ਹਰਿਦੁਆਰ ਦੇ ਕੋਠਾਰੀ ਹਨ। ਸ੍ਰੀ ਪੰਚਾਇਤੀ ਅਖਾੜਾ ਬੜਾ ਉਦਾਸੀਨ ਮੁਖਯਾਲਯ/ਪ੍ਰਮੁੱਖ ਕੇਂਦਰ ਕਿਸ਼ਨ ਨਗਰ, ਕੀਟ ਗੰਜ, ਇਲਾਹਾਬਾਦ ਪ੍ਰਯਾਗ ਵਿਚ ਹੈ, ਜਿਸ ਦੀਆਂ ਹੇਠ-ਲਿਖੀਆਂ ਬਰਾਂਚਾਂ ਹਨ:

1. ਰਾਜ ਘਾਟ ਕਨਖਲ, ਹਰਿਦੁਆਰ, ਉਤਰਾਖੰਡ
2. ਰਵੀਂਦਰਪੁਰੀ (ਵਾਰਾਨਸੀ)
3. ਗੋਪੀਗੰਜ (ਵਾਰਾਨਸੀ)
4. ਵ੍ਰਿੰਦਾਵਣ (ਮਥੁਰਾ, ਉੱਤਰ ਪ੍ਰਦੇਸ਼)
5. ਸੰਗਤ (ਗਯਾ, ਬਿਹਾਰ)
6. ਹਿਲਸਾ (ਨਾਲੰਦਾ, ਬਿਹਾਰ)
7. ਅਸਰਗੰਜ (ਮੁੰਗੇਰ, ਬਿਹਾਰ)

8. ਸੁਲਤਾਨਗੰਜ (ਭਾਗਲਪੁਰ, ਬਿਹਾਰ)
9. ਦਯਾਲਪੁਰ (ਫ਼ਰੀਦਾਬਾਦ, ਹਰਿਆਣਾ)
10. ਥਾਨੇਸਰ (ਕੁਰੂਕਸ਼ੇਤਰ, ਹਰਿਆਣਾ)
11. ਮੋਤੀ ਬਾਗ਼ (ਪਟਿਆਲਾ, ਪੰਜਾਬ)
12. ਕਹਾਰਪੁਰ (ਹੁਸ਼ਿਆਰਪੁਰ, ਪੰਜਾਬ)
13. ਨਦੀ ਦਰਵਾਜ਼ਾ (ਉਜੈਨ, ਮੱਧ ਪ੍ਰਦੇਸ਼)
14. ਬੜ ਨਗਰ (ਉਜੈਨ, ਮੱਧ ਪ੍ਰਦੇਸ਼)
15. ਅਨੰਤ ਗੰਟੂਰ (ਆਂਧਰਾ ਪ੍ਰਦੇਸ਼)
16. ਨਿਰਵਾਣ ਬੜਾ ਅਖਾੜਾ (ਆਂਧਰਾ ਪ੍ਰਦੇਸ਼)
17. ਭੂਤਨਾਥ (ਭਾਵ ਨਗਰ, ਗੁਜਰਾਤ)
18. ਸਮ ਢਿਯਾਲਾ (ਭਾਵ ਨਗਰ, ਗੁਜਰਾਤ)

ਉਦਾਸੀਨ ਸੰਪ੍ਰਦਾਇ ਦੇ ਡੇਰੇ/ਆਸ਼ਰਮਾਂ ਦੇ ਪ੍ਰਮੁੱਖ ਸਥਾਨ

ਲੜੀ ਨੰ.	ਰਾਜ	ਗਿਣਤੀ
1.	ਪੰਜਾਬ	261
2.	ਹਰਿਆਣਾ	32
3.	ਉੱਤਰ ਪ੍ਰਦੇਸ਼	173
4.	ਗੁਜਰਾਤ	106
5.	ਮਹਾਂਰਾਸ਼ਟਰ	25
6.	ਦਿੱਲੀ	5
7.	ਪੱਛਮ ਬੰਗਾਲ	6
8.	ਹਿਮਾਚਲ ਪ੍ਰਦੇਸ਼/ਕਸ਼ਮੀਰ	10
9.	ਰਾਜਸਥਾਨ	27
10.	ਮੱਧ ਪ੍ਰਦੇਸ਼/ਛਤੀਸਗੜ੍ਹ	20
11.	ਨੇਪਾਲ	2
12.	ਬਿਹਾਰ/ਝਾਰਖੰਡ	12
	ਕੁੱਲ	671

ਸਮੁੱਚੇ ਭਾਰਤ ਵਿਚ 3500 ਆਸ਼ਰਮ/ਡੇਰੇ ਫੈਲੇ ਹੋਏ ਹਨ। ਉਦਾਸੀਨ ਸੰਪ੍ਰਦਾ ਦੇ ਕੇਵਲ ਬਿਹਾਰ ਵਿਚ ਹੀ 360 ਸਥਾਨ ਹਨ, ਜਿਨ੍ਹਾਂ ਵਿਚ ਰਜੌਲੀ, ਰਾਜਗੀਰ, ਹਿਲਸਾ, ਮਨਿਆਰੀ, ਪਟਨਾ ਆਦਿ ਪ੍ਰਮੁੱਖ ਸਥਾਨ ਹਨ। 50,000 ਵਿਰੱਕਤ ਸੰਤਾਂ ਦੁਆਰਾ ਧਰਮ ਅਤੇ ਸੰਸਕ੍ਰਿਤੀ ਦਾ ਪ੍ਰਚਾਰ ਹੋ ਰਿਹਾ ਹੈ।

ਉਦਾਸੀਨ ਆਸ਼ਰਮ ਪ੍ਰੀਤਮ ਭਵਨ, ਜਲੰਧਰ
(ਇਕ ਸੰਖੇਪ ਪਰਿਚਯ)

ਸਤਿਲੁਜ ਦਰਿਆ ਤੇ ਬਿਆਸ ਦਰਿਆ ਦੇ ਵਿਚਕਾਰਲੇ ਭਾਗ ਨੂੰ ਦੁਆਬਾ ਕਹਿੰਦੇ ਹਨ। ਇਸ ਦੁਆਬੇ ਦੀ ਧਰਤੀ ਨੂੰ ਮਾਣ ਹੈ ਕਿ ਇਸ ਧਰਤੀ ਨੂੰ ਅਨੇਕਾਂ ਸੰਤਾਂ-ਮਹਾਂਪੁਰਸ਼ਾਂ, ਰਿਸ਼ੀਆ-ਮੁਨੀਆਂ, ਗੁਰੂਆਂ ਨੇ ਆਪਣੇ ਪਦ-ਪਕੰਜਾਂ ਨਾਲ ਪਵਿੱਤਰ ਕੀਤਾ ਹੈ। ਦੁਆਬੇ ਦੀ ਧਰਤੀ 'ਤੇ ਸਭ ਤੋਂ ਵੱਡਾ ਸ਼ਹਿਰ ਜਲੰਧਰ ਵੱਸਿਆ ਹੈ। *ਮਹਾਨ ਕੋਸ਼* ਅਨੁਸਾਰ ਦੁਆਬੇ ਵਿਚ ਇਕ ਸ਼ਹਿਰ, ਜੋ ਜ਼ਿਲ੍ਹੇ ਦਾ ਪ੍ਰਧਾਨ ਨਗਰ ਹੈ। ਪਦਮ ਪੁਰਾਣ ਵਿਚ ਕਥਾ ਹੈ ਕਿ ਜਲੰਧਰ ਨੂੰ ਸਮੁੰਦਰ ਨੇ ਆਪਣਾ ਪੁੱਤਰ ਜਾਣ ਕੇ ਰਹਿਣ ਲਈ ਇਹ ਦੇਸ਼ (ਤ੍ਰਿਗਤੰ) ਦਿੱਤਾ, ਜਿਸ ਤੋਂ ਜਲੰਧਰ ਸੰਗਿਆ ਹੋਈ। ਪਹਿਲਾਂ ਇਹ ਸਮੁੰਦਰ ਦੇ ਤਲ ਨਾਲ ਢੱਕਿਆ ਹੋਇਆ ਸੀ।

ਦੁਆਬੇ ਦੇ ਪ੍ਰਸਿੱਧ ਸ਼ਹਿਰ ਜਲੰਧਰ ਵਿਚ ਬਹੁਤ ਸਾਰੇ ਪਵਿੱਤਰ ਧਾਰਮਿਕ ਸਥਾਨ ਹਨ। 'ਕਰਤਾਰਪੁਰ' ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨ ਪਏ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਰਤਾਰਪੁਰ ਵਿਖੇ ਯੁੱਧ ਵੀ ਲੜਿਆ, ਜਿਥੇ ਪੈਂਦੇ ਖ਼ਾਨ ਮਾਰਿਆ ਗਿਆ ਸੀ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਵਿਆਹ ਇਸੇ ਹੀ ਨਗਰ ਵਿਖੇ ਮਾਤਾ ਗੁਜਰੀ ਜੀ ਨਾਲ ਹੋਇਆ। ਕਰਤਾਰਪੁਰ ਦੀ ਧਰਤੀ 'ਤੇ ਬਾਬਾ ਸ੍ਰੀ ਚੰਦ ਜੀ ਵੀ ਆਏ ਸਨ। ਇਸ ਲਈ ਦੁਆਬੇ ਦੀ ਧਰਤੀ 'ਤੇ ਹੋਰ ਵੀ ਉਦਾਸੀ ਸੰਤਾਂ ਦੇ ਡੇਰੇ ਸਥਾਨ ਹਨ। ਇਹਨਾਂ ਸਥਾਨਾਂ ਵਿੱਚੋਂ ਜਲੰਧਰ ਦੀ ਧਰਤੀ 'ਤੇ ਸ੍ਰੀ ਉਦਾਸੀਨ ਆਸ਼ਰਮ ਵੀ ਆਪਣੀ ਲੋਅ ਰਾਹੀਂ ਗਿਆਨ ਦੀਆਂ ਰਿਸ਼ਮਾਂ ਵੰਡ ਰਿਹਾ ਹੈ।

ਇਹ ਪਵਿੱਤਰ ਅਸਥਾਨ ਬਾਬਾ ਸ੍ਰੀ ਸੰਗਤ ਸਾਹਿਬ ਜੀ ਦੀ ਬਖ਼ਸ਼ਿਸ਼ ਵਿੱਚੋਂ ਵਰੋਸਾਏ ਹੋਏ ਨਿਰਵਾਣ ਮਹਾਂਪੁਰਸ਼ ਹਰਿਦਾਸ ਜੀ ਤਪੱਸਵੀ ਬ੍ਰਹਮ ਨੇਸ਼ਟੀ, ਮਹਾਂ-ਮੰਡਲੇਸ਼ਵਰ ਹੋਏ। ਉਹਨਾਂ ਨੇ ਹੁਣ ਪਾਕਿਸਤਾਨ ਵਿਖੇ ਜ਼ਿਲ੍ਹਾ ਝੰਗ ਦੇ ਪਿੰਡ ਵਾਸੂ ਮਸਤਾਨਾ ਵਿਚ ਸੰਨ 1823 ਈ. ਵਿਚ ਧੂਣਾ ਸਥਾਪਤ ਕੀਤਾ। ਇਹਨਾਂ ਦੇ ਭਾਈ ਦੀ ਪੁੱਤਰੀ ਸੁੱਖਾਂਦਾਸੀ ਜੀ ਵਿਚ ਬਚਪਨ ਤੋਂ ਹੀ ਵੈਰਾਗਮਈ ਅਵਸਥਾ ਦੇ ਸੰਸਕਾਰ ਸਨ। ਸੁੱਖਾਂਦਾਸੀ ਜੀ ਨਿਰਵਾਣ ਬਾਬਾ ਹਰਿਦਾਸ ਜੀ ਦੇ ਧੂਣੇ ਦੀ ਸੇਵਾ ਤੇ ਭਗਤੀ ਵਿਚ ਲੀਨ ਰਹਿੰਦੇ ਸਨ। ਸੰਨ 1883 ਈ. ਵਿਚ ਨਿਰਵਾਣ ਹਰੀਦਾਸ ਜੀ ਬ੍ਰਹਮਲੀਨ ਹੋ ਗਏ। ਉਹਨਾਂ ਤੋਂ ਬਾਅਦ ਪਿੰਡ ਵਾਸੀਆਂ ਨੇ ਮਾਤਾ ਸੁੱਖਾਂਦਾਸੀ ਜੀ ਨੂੰ ਧੂਣੇ ਦੀ ਸੇਵਾ ਸੌਂਪ ਦਿੱਤੀ। ਮਾਤਾ ਜੀ ਨੇ ਨਿਸ਼ਠਾਪੂਰਵਕ ਬਹੁਤ ਹੀ ਭਗਤੀ ਭਾਵਨਾ ਤੇ ਸ਼ਰਧਾ ਪ੍ਰੇਮ ਨਾਲ 1903 ਈ. ਤਕ ਡੇਰੇ ਦੀ ਆਜੀਵਨ ਸੇਵਾ ਸੰਭਾਲ ਕੀਤੀ।

ਕਹਿੰਦੇ ਹਨ ਕਿ ਇਕ ਦਿਨ ਭੋਲਾ ਨਾਮ ਦਾ ਬਾਲਕ ਕੋਠੇ ਤੋਂ ਹੇਠਾਂ ਡਿੱਗ ਪਿਆ। ਮੂਰਛਿਤ ਅਵਸਥਾ ਵਿਚ ਮਾਤਾ-ਪਿਤਾ ਉਸ ਨੂੰ ਆਸ਼ਰਮ ਵਿਚ ਮਾਤਾ ਸੁੱਖਾਂਦਾਸੀ ਕੋਲ ਲੈ ਆਏ। ਉਦੋਂ ਕੋਈ ਵੱਡੇ ਦਵਾਖ਼ਾਨੇ ਜਾਂ ਹਸਪਤਾਲ ਨਹੀਂ ਸਨ ਹੁੰਦੇ। ਕੇਵਲ ਉਦਾਸੀ ਸੰਤਾਂ ਦੇ ਡੇਰੇ ਹੀ ਹੁੰਦੇ ਸਨ, ਜਿਥੇ ਬਿਮਾਰਾਂ ਨੂੰ ਤੇ ਦੁਖੀਆਂ ਨੂੰ ਆਸਰਾ ਮਿਲਦਾ ਸੀ। ਕਹਿੰਦੇ ਹਨ ਕਿ ਮਾਤਾ ਜੀ ਦੇ ਆਸ਼ੀਰਵਾਦ ਨਾਲ ਉਹ ਬੱਚਾ ਮੌਤ ਦੇ ਮੂੰਹ ਵਿੱਚੋਂ ਬਚ ਗਿਆ। ਮਾਤਾ ਸੁੱਖਾਂਦਾਸੀ ਜੀ ਨੇ ਇਸ ਬਾਲਕ ਦੇ ਭਾਗ ਦੇਖ ਕੇ ਧੂਣੇ ਦੀ ਸੇਵਾ ਲਈ ਮਾਪਿਆਂ ਤੋਂ ਮੰਗ ਲਿਆ।

ਮਾਤਾ-ਪਿਤਾ ਨੇ ਬਹੁਤ ਪਿਆਰ ਤੇ ਸਤਿਕਾਰ ਤੇ ਸ਼ਰਧਾ ਭਾਵਨਾ ਨਾਲ ਭੋਲਾ ਨਾਮੀ ਬਾਲਕ ਨੂੰ ਮਾਤਾ ਜੀ ਦੇ ਚਰਨਾਂ ਵਿਚ ਸੇਵਾ ਲਈ ਅਰਪਣ ਕਰ ਦਿੱਤਾ। ਇਹੀ ਭੋਲਾ ਨਾਮਕ ਬਾਲਕ ਪ੍ਰੀਤਮ ਦਾਸ ਜੀ ਦੇ ਨਾਮ ਨਾਲ ਦੀਖਸ਼ਤ ਹੋਇਆ। ਧੂਣੇ ਦੀ ਸੇਵਾ ਕਰਦਿਆਂ ਭਜਨ ਬੰਦਗੀ ਕਰਦਿਆਂ ਪ੍ਰੀਤਮ ਦਾਸ ਜੀ, ਇਕ ਮਹਾਨ ਤਪੱਸਵੀ ਸਾਧੂ ਪ੍ਰੀਤਮ ਦਾਸ ਜੀ ਬਣ ਗਏ। ਆਪ ਜੀ ਬਹੁਤ ਤਪੱਸਵੀ ਤੇ ਨਾਮ-ਸਿਮਰਨ, ਭਜਨ-ਬੰਦਗੀ ਵਾਲੀ ਸ਼ਖ਼ਸੀਅਤ ਸਨ।

ਬਾਲ ਅਵਸਥਾ ਵਿਚ ਸਵਾਮੀ ਸੰਤ ਦਾਸ ਜੀ ਨੂੰ ਉਹਨਾਂ ਦੇ ਮਾਤਾ-ਪਿਤਾ ਜੀ ਸ੍ਰੀ ਪ੍ਰੀਤਮ ਦਾਸ ਜੀ ਦੇ ਚਰਨਾਂ ਵਿਚ ਅਰਪਣ ਕਰ ਗਏ ਸਨ। ਜਦੋਂ ਜਵਾਨ ਅਵਸਥਾ ਵਿਚ ਆਏ ਤਾਂ ਸਵਾਮੀ ਸੰਤ ਦਾਸ ਜੀ ਨੇ ਵੇਦਾਂਤ ਤੇ ਖਟ ਦਰਸ਼ਨ ਦਾ ਗਿਆਨ ਪ੍ਰਾਪਤ ਕਰ ਲਿਆ।

ਬਾਅਦ ਵਿਚ ਸ੍ਰੀਮਾਨ ਸੰਤ ਪ੍ਰੀਤਮ ਦਾਸ ਜੀ ਨੇ ਆਪਣੇ ਪ੍ਰਮੁੱਖ ਸੱਤ ਚੇਲਿਆਂ ਵਿੱਚੋਂ ਸਭ ਤੋਂ ਵੱਧ ਪ੍ਰਿਅਤਮ ਸ਼ਿਸ਼ ਸੰਤ ਦਾਸ ਜੀ ਨੂੰ ਆਪਣਾ ਉਤਰਾਧਿਕਾਰੀ ਬਣਾਇਆ। ਸੰਨ 1943 ਈ. ਵਿਚ ਸ੍ਰੀ ਪ੍ਰੀਤਮ ਦਾਸ ਜੀ ਬ੍ਰਹਮਲੀਨ ਹੋ ਗਏ।

ਸਵਾਮੀ ਸੰਤ ਦਾਸ ਜੀ ਭਜਨ-ਬੰਦਗੀ, ਅਤਿਥੀ ਸੇਵਾ ਤੇ ਦਾਨ-ਪੁੰਨ ਕਰਨ ਵਾਲੀ ਮਹਾਨ ਸ਼ਖ਼ਸੀਅਤ ਸਨ। ਸੰਨ 1947 ਈ. ਵਿਚ ਦੇਸ਼ ਵੰਡ ਹੋਈ ਤਾਂ ਉਸ ਸਮੇਂ ਨਫ਼ਰਤ ਦੀ ਅੱਗ ਫੈਲੀ ਹੋਈ ਸੀ। ਉਸ ਸਮੇਂ ਸਵਾਮੀ ਸੰਤ ਦਾਸ ਜੀ ਨੇ ਹਜ਼ਾਰਾਂ ਪ੍ਰਾਣੀਆਂ ਨੂੰ ਆਪਣੇ ਸਥਾਨ 'ਤੇ ਸ਼ਰਨ ਦੇਣ ਦੀ ਵਿਵਸਥਾ ਕੀਤੀ ਤੇ ਉਹਨਾਂ ਦੇ ਲੰਗਰ-ਪਾਣੀ ਰਹਿਣ-ਸਹਿਣ ਦਾ ਸਾਰਾ ਪ੍ਰਬੰਧ ਬਹੁਤ ਹੀ ਸੁਯੋਗ ਢੰਗ ਨਾਲ ਕੀਤਾ। ਸਵਾਮੀ ਸੰਤ ਦਾਸ ਜੀ ਆਯੁਰਵੈਦਿਕ ਦੇ ਗਿਆਤਾ ਵੀ ਸਨ, ਉਹਨਾਂ ਨੇ ਵੈਦਗਿਰੀ ਰਾਹੀਂ ਵੀ ਰੋਗੀਆਂ ਨੂੰ ਦਵਾ-ਦਾਰੂ ਦੇ ਕੇ ਤੰਦਰੁਸਤੀ ਬਖ਼ਸ਼ੀ। ਵੰਡ ਵੇਲੇ ਜਦੋਂ ਆਪਾ-ਧਾਪੀ ਪਈ ਹੋਈ ਸੀ ਤਾਂ ਉਸ ਸਮੇਂ ਔਰਤਾਂ ਨੂੰ ਆਪਣੀ ਇੱਜ਼ਤ ਬਚਾਉਣੀ ਔਖੀ ਹੋਈ ਪਈ ਸੀ। ਉਸ ਸਮੇਂ ਸੰਤ ਜੀ ਨੇ ਬਹੁਤ ਭਾਰੀ ਗਿਣਤੀ ਵਿਚ ਔਰਤਾਂ ਨੂੰ ਆਸ਼ਰਮ ਵਿਚ ਸ਼ਰਨ ਦੇ ਕੇ ਉਹਨਾਂ ਦੀ ਇੱਜ਼ਤ ਆਬਰੂ ਨੂੰ ਬਚਾਇਆ।

ਉਦਾਸੀਨ ਆਸ਼ਰਮ ਪ੍ਰੀਤਮ ਭਵਨ

ਦੇਸ਼ ਵੰਡ ਵੇਲੇ 1947 ਈ. ਵਿਚ ਪਾਕਿਸਤਾਨ ਵਿਚ ਆਪਣਾ ਧੂਣਾ ਛੱਡ ਕੇ ਸ਼ਰਨਾਰਥੀਆਂ ਨਾਲ ਸੰਤ ਬਾਬਾ ਸੰਤ ਦਾਸ ਜੀ ਵੀ ਪਾਕਿਸਤਾਨ ਤੋਂ ਭਾਰਤ

ਆਏ। ਪਹਿਲਾਂ ਆਪ ਜੀ ਨੇ ਅੰਮ੍ਰਿਤਸਰ ਡੇਰਾ ਕੀਤਾ, ਫੇਰ ਉਥੋਂ ਚੱਲ ਕੇ ਜਲੰਧਰ ਆਸਨ ਲਗਾ ਲਿਆ। ਜਲੰਧਰ ਵਿਚ 'ਪ੍ਰੀਤਮ ਭਵਨ' ਉਹਨਾਂ ਦੇ ਗੁਰੂ ਦੇ ਨਾਮ 'ਤੇ ਜਨ-ਕਲਿਆਣ ਦੀਆਂ ਅਨੇਕਾਂ ਪ੍ਰਵਿਰਤੀਆਂ ਦਾ ਕੇਂਦਰ ਬਣਿਆ ਹੋਇਆ ਹੈ।

ਕਹਿੰਦੇ ਹਨ ਕਿ ਇਕ ਦਿਨ ਇਕ ਦੰਪਤੀ ਨੇ ਆਪਣੇ ਬਾਰ੍ਹਾਂ ਸਾਲ ਦੀ ਆਯੂ ਦੇ ਬੇਟੇ ਇੰਦਰਜੀਤ (ਜਨਮ 16 ਜੂਨ, 1946) ਨੂੰ ਸਵਾਮੀ ਸ੍ਰੀ ਸੰਤ ਦਾਸ ਜੀ ਦੀ ਸੇਵਾ ਵਿਚ ਸਮਰਪਿਤ ਕਰ ਦਿੱਤਾ। ਬਾਲਕ ਦਾ ਦੀਖਿਆ ਨਾਮ ਈਸ਼ਵਰ ਦਾਸ ਰੱਖਿਆ ਗਿਆ। ਕਹਿੰਦੇ ਹਨ ਕਿ ਬਹੁਤ ਹੀ ਕਠੋਰ ਅਨੁਸ਼ਾਸਨ ਵਿਚ ਇਸ ਬਾਲਕ ਦੀ ਪਾਲਣਾ-ਪੋਸ਼ਣਾ ਹੋਈ। ਈਸ਼ਵਰ ਦਾਸ ਜੀ ਨੇ ਸ੍ਰੀ ਪੰਚਾਇਤੀ ਅਖਾੜਾ ਉਦਾਸੀਨ ਵਿਚ ਰਹਿ ਕੇ ਭਾਰਤੀ ਸੰਸਕ੍ਰਿਤੀ, ਵੇਦਾਂਤ ਤੇ ਖਟ ਦਰਸ਼ਨ ਦਾ ਅਧਿਐਨ ਪ੍ਰਾਪਤ ਕੀਤਾ। ਉਸ ਤੋਂ ਉਪਰੰਤ ਵਾਰਾਨਸੀ ਸੰਸਕ੍ਰਿਤ ਵਿਸ਼ਵ ਵਿਦਿਆਲਯ ਤੋਂ ਸਾਹਿਤਯ ਅਤੇ ਦਰਸ਼ਨ ਵਿਚ ਸ਼ਾਸਤਰੀ ਦੀ ਉਪਾਧੀ ਪ੍ਰਾਪਤ ਕੀਤੀ। ਮਹਾਂ-ਮੰਡਲੇਸ਼ਵਰ ਸਵਾਮੀ ਸ੍ਰੀ ਈਸ਼ਵਰ ਦਾਸ ਜੀ ਬਹੁਤ ਵਿਦਵਾਨ, ਕਥਾਕਾਰ, ਸਾਹਿਤਕਾਰ ਅਤੇ ਆਯੁਰਵੈਦਿਕ ਦੇ ਗਿਆਤਾ ਸਨ। ਸਵਾਮੀ ਈਸ਼ਵਰ ਦਾਸ ਜੀ ਦੇ ਸਮੇਂ 'ਸ੍ਰੀ ਪ੍ਰੀਤਮ ਭਵਨ' ਨੇ ਬਹੁਤ ਨਾਮਨਾ ਖੱਟਿਆ। ਸਵਾਮੀ ਸ੍ਰੀ ਸੰਤ ਦਾਸ ਜੀ 30 ਮਾਰਚ, 1983 ਈ. ਨੂੰ ਜਲੰਧਰ ਵਿਚ ਬ੍ਰਹਮਲੀਨ ਹੋਏ। ਉਹ ਬਹੁਤ ਹੀ ਦਿਬਯ ਦ੍ਰਿਸ਼ਟੀ ਦੇ ਮਾਲਕ ਸਨ। ਦੂਰ-ਅੰਦੇਸ਼ੀ ਤੋਂ ਕੰਮ ਲੈਂਦਿਆਂ ਉਹਨਾਂ ਨੇ ਸੰਨ 1974 ਵਿਚ ਹੀ ਸਵਾਮੀ ਈਸ਼ਵਰ ਦਾਸ ਸ਼ਾਸਤਰੀ ਜੀ ਨੂੰ ਆਪਣਾ ਉਤਰਾਧਿਕਾਰੀ ਨਿਯੁਕਤ ਕਰ ਦਿੱਤਾ। ਇਹਨਾਂ ਦੀ ਦੂਰ-ਦਰਸ਼ਤਾ ਦਾ ਪਤਾ ਇਸ ਗੱਲ ਤੋਂ ਚੱਲਦਾ ਹੈ ਕਿ ਸਵਾਮੀ ਸ੍ਰੀ ਪ੍ਰੀਤਮ ਦਾਸ ਜੀ ਦੇ ਸ਼ਿਸ਼ਾਂ ਵਿੱਚੋਂ ਇਕ ਜੁਨੇਜਾ ਪਰਿਵਾਰ ਵਿਭਾਜਨ ਤੋਂ ਬਾਅਦ ਭਾਰਤ ਦੇ ਗੁਜਰਾਤ ਵਿਚ ਅਨੰਦ ਵਿਖੇ ਆਣ ਵੱਸੇ ਸਨ। ਸਵਾਮੀ ਸ੍ਰੀ ਸੰਤ ਦਾਸ ਜੀ ਨੇ ਸੰਨ 1965 ਵਿਚ ਜੁਨੇਜਾ ਪਰਿਵਾਰ ਦੇ ਇਸ ਬਾਲਕ ਨੂੰ ਆਸ਼ਰਮ ਵਿਚ ਲਿਆਉਣ ਲਈ ਸਵਾਮੀ ਈਸ਼ਵਰ ਦਾਸ ਜੀ ਨੂੰ ਅਨੰਦ ਭੇਜਿਆ। ਚਾਰ ਵਰਸ਼ ਦੇ ਇਸ ਬਾਲਕ ਦਾ ਨਾਮ ਸ਼ਾਂਤਾ ਨੰਦ ਰੱਖਿਆ ਗਿਆ।

ਮਹਾਂ-ਮੰਡਲੇਸ਼ਵਰ ਸਵਾਮੀ ਸ੍ਰੀ ਸ਼ਾਂਤਾਨੰਦ ਜੀ

ਮਹਾਂ-ਮੰਡਲੇਸ਼ਵਰ ਸਵਾਮੀ ਸ੍ਰੀ ਈਸ਼ਵਰ ਦਾਸ ਜੀ ਸ਼ਾਸਤਰੀ 16 ਅਗਸਤ, 2003 ਨੂੰ ਬ੍ਰਹਮਲੀਨ ਹੋਏ। ਵਰਤਮਾਨ ਵਿਚ ਮਹਾਂ-ਮੰਡਲੇਸ਼ਵਰ ਸਵਾਮੀ ਸ੍ਰੀ ਸ਼ਾਂਤਾਨੰਦ ਜੀ ਉਦਾਸੀਨ ਜੀ ਦੀ ਦੇਖਰੇਖ ਹੇਠ ਆਸ਼ਰਮ ਤਰੱਕੀਆਂ ਦੀਆਂ ਬੁਲੰਦੀਆਂ ਨੂੰ ਛੋਹ ਰਿਹਾ ਹੈ। ਸਵਾਮੀ ਸ਼ਾਂਤਾਨੰਦ ਜੀ ਐਮ-ਏ., ਐਲ.ਐਲ.ਬੀ. ਹਨ। ਹਿੰਦੀ, ਸੰਸਕ੍ਰਿਤ ਤੇ ਅੰਗਰੇਜ਼ੀ ਦੇ ਗਿਆਤਾ ਹਨ। ਵਿਦਵਾਨਾਂ ਦੇ ਕਦਰਦਾਨ/ਸਾਹਿਤਕਾਰਾਂ ਦਾ ਵਿਦਵਾਨਾਂ ਦਾ ਮਾਣ-ਸਨਮਾਨ ਕਰਦੇ ਹਨ। ਉਦਾਸੀ ਸੰਪ੍ਰਦਾ ਨਾਲ ਸੰਬੰਧਿਤ ਹਰ ਪ੍ਰਕਾਰ ਦੇ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਸਦਾ ਯਤਨਸ਼ੀਲ ਰਹਿੰਦੇ ਹਨ। ਉਦਾਸੀ ਸੰਪ੍ਰਦਾ ਦੇ ਅਸਤਿਤਵ ਨੂੰ ਦੇਸ਼-ਵਿਦੇਸ਼ ਵਿਚ ਪਹੁੰਚਾਉਣ ਲਈ ਹਮੇਸ਼ਾਂ

ਤਤਪਰ ਰਹਿੰਦੇ ਹਨ। ਆਪ ਜੀ ਗੁਰਬਾਣੀ ਦੇ ਗਿਆਤਾ ਹਨ। ਗੁਰਬਾਣੀ ਦੀ ਕਥਾ ਬਹੁਤ ਹੀ ਸੌਖੇ ਢੰਗ ਰਾਹੀਂ ਕਰ ਕੇ ਸਾਧਾਰਨ ਜਗਿਆਸੂ ਨੂੰ ਵੀ ਆਪਣੇ ਮਿੱਠੇ ਬੋਲਾਂ ਨਾਲ ਕੀਲ ਲੈਂਦੇ ਹਨ। ਆਪ ਜੀ ਬਹੁਤ ਹੀ ਨਿਮਰ ਸੁਭਾਅ ਦੇ ਧਾਰਨੀ ਹਨ। ਆਏ-ਗਏ ਅਤਿਥੀਆਂ ਦੀ ਸੇਵਾ-ਸੰਭਾਲ ਕਰ ਕੇ ਬਹੁਤ ਅਨੰਦ ਪ੍ਰਾਪਤ ਕਰਦੇ ਹਨ। ਸਵਾਮੀ ਜੀ ਦੀ ਦੇਖ-ਰੇਖ ਵਿਚ ਰੋਜ਼ਾਨਾ ਗੁਰਬਾਣੀ ਕੀਰਤਨ, ਕਥਾ ਤੇ ਗੁਰੂ ਕੇ ਲੰਗਰ ਦਾ ਪ੍ਰਵਾਹ ਚੱਲਦਾ ਹੈ। ਆਪ ਜੀ ਦੇ ਸਥਾਨ ਨਾਲ ਸਹਿਜਧਾਰੀ ਸਿੱਖ ਤੇ ਅੰਮ੍ਰਿਤਧਾਰੀ ਸਿੱਖ ਭਾਰੀ ਗਿਣਤੀ ਵਿਚ ਜੁੜੇ ਹੋਏ ਹਨ। ਨਾਮ ਬਾਣੀ ਨਾਲ ਜੁੜ ਕੇ ਹਜ਼ਾਰਾਂ ਸੰਗਤਾਂ ਆਪਣਾ ਜੀਵਨ ਸਫਲ ਕਰ ਰਹੀਆਂ ਹਨ। ਇਥੇ ਰੋਜ਼ਾਨਾ ਪੰਥ ਪ੍ਰਸਿੱਧ ਕਥਾ ਵਾਚਕ ਗਿਆਨੀ ਅਜੀਤ ਸਿੰਘ ਜੀ ਰਤਨ ਪਿਛਲੇ ਸੋਲ੍ਹਾਂ ਸਾਲਾਂ ਤੋਂ ਕਥਾ ਕਰ ਕੇ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ।

ਸਵਾਮੀ ਈਸ਼ਵਰ ਦਾਸ ਜੀ ਨੇ ਸੰਨ 2002 ਵਿਚ ਇਕ ਤ੍ਰੈ-ਮਾਸਿਕ *ਗੁਰੂ ਅਬਿਨਾਸੀ* ਦਾ ਆਗ਼ਾਜ਼ ਕੀਤਾ ਸੀ। ਇਹਨਾਂ ਦੀਆਂ ਰਚਨਾਵਾਂ *ਗੁਰਮਾਲਾ ਦਰਸ਼ਨ, ਕਥਾ ਦਰਸ਼ਨ, ਨੀਲ ਕੰਠ, ਨਦੀ ਪਾਰ ਸਤਯੁਗ ਦਾ ਡੇਰਾ, ਸਾਧੂ ਤੋਂ ਰਮਤਾ ਭਲਾ, ਈਸ਼ਵਰ ਚਿੰਤਨ* ਅਤੇ *ਐਸੀ ਮਾਤਰਾ ਪਹਿਰੇ ਕੋਇ* ਉਲੇਖਨੀਯ ਕਾਰਜ ਹਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਇਕ ਵਿਦਿਆਰਥੀ ਨੇ 'ਹਿੰਦੀ ਸਾਹਿਤਯ ਵਿਚ ਸਵਾਮੀ ਸ੍ਰੀ ਈਸ਼ਵਰ ਦਾਸ ਜੀ ਦਾ ਯੋਗਦਾਨ' ਵਿਸ਼ੇ 'ਤੇ ਪੀਐੱਚ.ਡੀ. ਦੀ ਡਿਗਰੀ ਵੀ ਪ੍ਰਾਪਤ ਕੀਤੀ ਹੈ।

ਮਹਾਂ-ਮੰਡਲੇਸ਼ਵਰ ਸਵਾਮੀ ਸ਼ਾਂਤਾਨੰਦ ਜੀ ਤੋਂ ਵੀ ਸਾਨੂੰ 'ਸੰਤ ਚਿੰਤਨ' ਦੇ ਰੂਪ ਵਿਚ ਚਿੰਤਨ ਲੇਖ ਤਥਾ ਕਥਾਵਾਂ ਪ੍ਰਾਪਤ ਹੁੰਦੀਆਂ ਹਨ। ਇਹਨਾਂ ਦੇ ਲੇਖਾਂ ਵਿਚ ਸਮਾਜਿਕ ਪ੍ਰਸ਼ਨਾਂ ਦੇ ਪ੍ਰਤਿ ਗਹਿਰੀ ਸੰਵੇਦਨਾ ਪ੍ਰਗਟ ਹੁੰਦੀ ਹੈ। ਸਵਾਮੀ ਜੀ ਨੇ ਕੰਨਿਆ ਭਰੂਣ ਹੱਤਿਆ ਨਸ਼ਿਆਂ ਵਿਚ ਗ਼ਰਕ ਰਿਹਾ ਪੰਜਾਬ ਬਾਰੇ ਕਈ ਮੁੱਦੇ ਵੀ ਉਠਾਏ ਹਨ। ਆਪ ਜੀ ਨੇ *ਸ੍ਰੀ ਚੰਦ ਤਤ੍ਵਦਰਸ਼ਨ* ਗ੍ਰੰਥ ਦਾ ਸੰਪਾਦਨ ਵੀ ਕੀਤਾ ਹੈ।

ਆਪ ਜੀ ਨੇ ਕਈ ਵਾਰ 'ਸ੍ਰੀ ਪ੍ਰੀਤਮ ਭਵਨ' ਵਿਖੇ 'ਉਦਾਸੀ ਸੰਪ੍ਰਦਾਇ ਦੀ ਮਾਨਵ ਸਮਾਜ ਨੂੰ ਦੇਣ' ਵਿਸ਼ੇ ਉੱਤੇ ਸੈਮੀਨਾਰ ਵੀ ਕਰਵਾਏ ਹਨ। ਇਕ ਵਾਰ ਸਵਾਮੀ ਸ੍ਰੀ ਈਸ਼ਵਰ ਦਾਸ ਨੇ ਪੰਜਾਬੀ ਯੂਨੀਵਰਸਿਟੀ ਵਿਖੇ 'ਉਦਾਸੀ ਸੰਪ੍ਰਦਾਇ ਦਾ ਅਕਾਦਮਿਕ ਪਰਿਪੇਖ' ਵਿਸ਼ੇ 'ਤੇ ਦੋ-ਰੋਜ਼ਾ ਸੈਮੀਨਾਰ ਵੀ ਕਰਵਾਇਆ ਸੀ।

ਸਵਾਮੀ ਸ੍ਰੀ ਸ਼ਾਂਤਾਨੰਦ ਜੀ ਵੀ ਉਦਾਸੀ ਸੰਪ੍ਰਦਾ ਨੂੰ ਅਕਾਦਮਿਕ ਪੱਧਰ 'ਤੇ ਪਹੁੰਚਾਉਣ ਲਈ ਯਤਨ ਕਰਦੇ ਰਹਿੰਦੇ ਹਨ। ਡਾ. ਐਲ.ਪੀ. ਉਪਾਧਿਆਇ (ਸਾਬਕਾ ਸੰਸਕ੍ਰਿਤ ਵਿਭਾਗ ਅਤੇ ਵਾਇਸ ਪ੍ਰਿੰਸੀਪਲ ਡੀ.ਏ.ਵੀ. ਕਾਲਜ, ਜਲੰਧਰ) ਜਿਹੇ ਮਹਾਨ ਵਿਦਵਾਨ ਇਸ ਆਸ਼ਰਮ ਦੀਆਂ ਸਾਹਿਤਕ ਪ੍ਰਵਿਰਤੀਆਂ ਨਾਲ ਸੰਬੰਧਿਤ ਰਹੇ ਹਨ। ਇਸੇ ਤਰ੍ਹਾਂ ਪ੍ਰਸਿੱਧ ਲੇਖਕ ਡਾਕਟਰ ਮਨਮੋਹਨ ਸਹਿਗਲ ਜੀ ਨੇ *ਸ਼ਿਵ ਸਵਰੂਪ ਸ੍ਰੀ ਚੰਦ* ਹਿੰਦੀ ਵਿਚ ਇਕ ਮਹੱਤਵਪੂਰਨ ਪੁਸਤਕ ਲਿਖ ਕੇ ਉਦਾਸੀ ਸੰਪ੍ਰਦਾਇ ਅਤੇ ਆਸ਼ਰਮ ਪਰੰਪਰਾ ਦੀ ਉਲੇਖਨੀਯ ਸੇਵਾ ਕੀਤੀ ਹੈ।

ਸ੍ਰੀ ਪ੍ਰੀਤਮ ਭਵਨ ਦੀਆਂ ਸਮਾਜਿਕ ਸੇਵਾਵਾਂ

1. ਗੁਰ ਸੰਗਤ ਲਾਇਬ੍ਰੇਰੀ (1970 ਵਿਚ ਸਥਾਪਤ) ਕੀਤੀ ਗਈ, ਜਿਸ ਵਿਚ ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਵਿਚ ਲਿਖੇ ਦੋ ਹਜ਼ਾਰ ਗ੍ਰੰਥ ਉਪਲਬਧ ਹਨ।
2. ਸਵਾਮੀ ਸੰਤ ਦਾਸ ਪ੍ਰਕਾਸ਼ ਆਸ਼ਰਮ ਦਾ ਪ੍ਰਕਾਸ਼ਨ ਹੈ।
3. ਸਵਾਮੀ ਸੰਤ ਦਾਸ ਪਬਲਿਕ ਸਕੂਲ, ਜਲੰਧਰ (ਅੰਗਰੇਜ਼ੀ ਮਾਧਿਅਮ)।
4. ਸਵਾਮੀ ਸੰਤ ਦਾਸ ਪਬਲਿਕ ਸਕੂਲ, ਫਗਵਾੜਾ।
5. ਗੁਰ ਸੰਗਤ ਹੈਲਥ ਕੇਅਰ ਸੈਂਟਰ (ਗੁਰ ਸੰਗਤ ਮਿਸ਼ਨ ਹਸਪਤਾਲ, ਜਲੰਧਰ) ਦੀ ਸਥਾਪਨਾ 1974 ਵਿਚ ਕੀਤੀ ਗਈ।

ਇਸ ਆਸ਼ਰਮ ਦੀਆਂ ਅਨੇਕਾਂ ਸ਼ਾਖ਼ਾਵਾਂ ਹਨ। ਨਵੀਂ ਦਿੱਲੀ, ਕੁਰੂਕਸ਼ੇਤਰ, ਧਰਮਪੁਰ, ਸੋਲਨ (ਹਿਮਾਚਲ ਪ੍ਰਦੇਸ਼), ਉਜੈਨ, ਹਰਿਦੁਆਰ, ਫਗਵਾੜਾ ਆਦਿ ਸ਼ਾਖ਼ਾਵਾਂ ਧਾਰਮਿਕ, ਸਿਖਿਆਤਮਕ ਅਤੇ ਸਮਾਜਿਕ ਸੇਵਾਵਾਂ ਦੁਆਰਾ ਧਰਮ ਸਮਾਜ ਤੇ ਰਾਸ਼ਟਰ ਦੀ ਸੇਵਾ ਕਰ ਰਹੀਆਂ ਹਨ।

ISBN: 81-7205-657-5
9 788172 056575